ਡਾ. ਆਤਮਜੀਤ ਸਿੰਘ ਰਚਨਾਵਲੀ

ਤਾਸ਼ਕੀ

ਸੰਪਾਦਕ

ਪਰਮਜੀਤ ਸਿੰਘ ਢੀਂਗਰਾ (ਡਾ.)

ਭਾਸ਼ਕੀ

ਡਾ. ਆਤਮਜੀਤ ਸਿੰਘ

ਸੰਪਾਦਕ

ਡਾ. ਪਰਮਜੀਤ ਸਿੰਘ ਢੀਂਗਰਾ

ਰਵੀ ਸਾਹਿਤ ਪ੍ਰਕਾਸ਼ਨ

ਅੰਮ੍ਰਿਤਸਰ - 143 002

BHASHKI

by

DR. ATAMJIT SINGH

Edited by

DR. P.S. DHINGRA
Director,
P.U. Regional Centre, MUKTSAR (Punjab)
(M) 094173-58120

Published By :
Ravi Sahit Parkashan
Shop No. 11, G.N.D.U. Shopping Complex,
P.O. Khalsa College, G.T. Road, AMRITSAR - 143 002
Phone : 0183 - 2258633
E-mail : ravisahitparkashan@yahoo.co.in

ISBN 978 - 81 - 7143 - 599 - 9

ਪਹਿਲੀ ਵਾਰ 2013

ਪ੍ਰਕਾਸ਼ਕ :
ਰਵੀ ਸਾਹਿਤ ਪ੍ਰਕਾਸ਼ਨ
ਸ਼ਾਪ ਨੰ: 11, ਗੁ. ਨਾ. ਦੇ. ਯੂ. ਸ਼ਾਪਿੰਗ ਕੰਪਲੈਕਸ,
ਪੋਸਟ ਆਫ਼ਿਸ : ਖ਼ਾਲਸਾ ਕਾਲਜ,
ਜੀ. ਟੀ. ਰੋਡ, ਅੰਮ੍ਰਿਤਸਰ - 143 002
ਫ਼ੋਨ : 0183-2258633

ਛਾਪਕ :
ਪ੍ਰਿੰਟਵੈੱਲ, 146 ਫ਼ੋਕਲ ਪੁਆਇੰਟ, ਅੰਮ੍ਰਿਤਸਰ

ਸਮਰਪਣ

ਦੋ ਪੰਜਾਬਾਂ ਦੀ ਪੰਜਾਬੀ ਤੇ ਪੰਜਾਬੀਅਤ ਦੀ
ਚੜ੍ਹਦੀ ਕਲਾ ਲਈ

o

ਅੱਖਰਾਂ ਵਿਚ ਸਮੁੰਦਰ ਰੱਖਾਂ ਮੈਂ ਇਕਬਾਲ ਪੰਜਾਬੀ ਦਾ
ਝੱਖੜਾਂ ਦੇ ਵਿਚ ਰੱਖ ਦਿੱਤਾ ਏ, ਦੀਵਾ ਬਾਲ ਪੰਜਾਬੀ ਦਾ।

(ਬਾਬਾ ਨਜ਼ਮੀ)

o

ਤਤਕਰਾ

ਭਾਸ਼ਾ ਚਿੰਤਕ : ਡਾ. ਆਤਮਜੀਤ ਸਿੰਘ

ਪੰਜਾਬੀ ਭਾਸ਼ਾ ਦਾ ਪਿਛੋਕੜ ਵੇਦਿਕ ਨਾਲ ਜੁੜਦਾ ਹੈ। ਭੂਗੋਲਿਕ ਤੌਰ 'ਤੇ ਪੰਜਾਬ ਦਾ ਖਿੱਤਾ ਬੜਾ ਪ੍ਰਾਚੀਨ ਹੈ। ਜਦੋਂ ਇਸ ਖਿੱਤੇ ਦਾ ਨਾਂ ਪੰਜਾਬ ਨਹੀਂ ਸੀ ਅਤੇ ਨਾ ਹੀ ਇਥੋਂ ਦੀ ਭਾਸ਼ਾ ਦਾ ਨਾਂ ਪੰਜਾਬੀ ਸੀ, ਉਦੋਂ ਵੀ ਇਸ ਖਿੱਤੇ ਵਿਚ ਕੋਈ ਨਾ ਕੋਈ ਭਾਸ਼ਾ ਜਾਂ ਬੋਲੀ ਵਰਤੀ ਜਾਂਦੀ ਸੀ, ਇਸ ਨੂੰ ਪੰਜਾਬੀ ਦੀ ਵਡਿੱਕੀ ਕਿਹਾ ਜਾ ਸਕਦਾ ਹੈ। ਸਾਡੀ ਭਾਸ਼ਾ ਦਾ ਪੰਜਾਬੀ ਨਾਮਕਰਨ ਸੋਲ੍ਹਵੀਂ, ਸਤਾਰ੍ਹਵੀਂ ਸਦੀ ਵਿਚ ਹੋਇਆ, ਜਦ ਕਿ ਮੁੱਢਲੇ ਰੂਪ ਵਿਚ ਇਹ ਮੁਲਤਾਨੀ, ਲਹਿੰਦੀ, ਲਾਹੌਰੀ ਨਾਂਵਾਂ ਹੇਠ ਗਿਆਰ੍ਹਵੀਂ ਸਦੀ ਵਿਚ ਬੋਲੀ ਜਾਂਦੀ ਸੀ। ਇਸ ਲਿਹਾਜ਼ ਨਾਲ ਇਹ ਅੱਠ ਸਦੀਆਂ ਪਾਰ ਕਰ ਚੁੱਕੀ ਹੈ। ਮੱਧਕਾਲ ਵਿਚ ਇਹਦੇ ਵਿਚ ਰਚਿਆ ਗਿਆ ਸਾਹਿਤ ਬੜਾ ਉੱਚ-ਕੋਟੀ ਦਾ ਅਤੇ ਕਲਾਸਕੀ ਮਹੱਤਾ ਵਾਲਾ ਹੈ। ਪਰ ਇਸ ਭਾਸ਼ਾ ਦਾ ਵੱਡਾ ਦੁਖਾਂਤ ਇਹ ਰਿਹਾ ਹੈ ਕਿ ਇਸ ਨੂੰ ਕਦੇ ਵੀ ਰਾਜਸੀ ਛਾਂ ਜਾਂ ਸ਼ਰਨ ਨਹੀਂ ਮਿਲੀ। ਇਸੇ ਕਰਕੇ ਇਹਦਾ ਵਿਕਾਸ ਅਵਾਮ ਦੇ ਗਲੀਆਂ, ਮੁਹੱਲਿਆਂ, ਕੂਚਿਆਂ, ਪਿੰਡਾਂ ਅਤੇ ਨਗਰ ਖੇੜਿਆਂ ਵਿਚ ਕੁਦਰਤੀ ਵਹਾ ਦੀ ਤਰਜ਼ 'ਤੇ ਹੋਇਆ ਹੈ। ਸਾਡੇ ਵੱਡਿਕਿਆਂ ਨੇ ਇਸ ਬੋਲੀ ਨੂੰ ਜਿੰਨਾ ਮਾਣ, ਸਤਿਕਾਰ ਅਤੇ ਰੁੱਤਬਾ ਦਿੱਤਾ ਹੈ, ਇਸ ਦੇ ਉਲਟ ਰਾਜਿਆਂ, ਰਾਣਿਆਂ ਅਤੇ ਮਹਾਰਾਜਿਆਂ ਨੇ ਇਸ ਕੋਲੋਂ ਓਨਾ ਹੀ ਫ਼ਾਸਲਾ ਰਖਿਆ ਹੈ। ਇਸੇ ਚਲਣ 'ਤੇ ਚਲਦਿਆਂ ਗ਼ਰੀਬ ਪੰਜਾਬੀਆਂ ਨੇ ਜਿਥੇ ਇਸ ਨੂੰ ਗਲ ਨਾਲ ਲਾਈ ਰੱਖਿਆ, ਉਥੇ ਧਨਾਢਾਂ ਨੇ ਇਸ ਨੂੰ ਆਪਣੇ ਘਰੀਂ ਛੇਕੀ ਰੱਖਿਆ। ਇਹੀ ਕਾਰਨ ਹੈ ਕਿ ਲੰਬਾ ਸਮਾਂ ਇਹ ਵਿਹੜਿਆਂ 'ਚ ਵਿਚਰਦੀ ਰਾਜਸੀ ਠਾਠ-ਬਾਠ ਤੋਂ ਪਰਾਹੀ ਰਹੀ ਹੈ।

ਭਾਸ਼ਾ ਦਾ ਮਨੁੱਖੀ ਜ਼ਿੰਦਗੀ ਵਿਚ ਬੜਾ ਵੱਡਾ ਯੋਗਦਾਨ ਹੁੰਦਾ ਹੈ। ਇਸ ਤੋਂ ਬਿਨਾਂ ਕਿਸੇ ਮਨੁੱਖ ਜਾਂ ਸਮਾਜ ਦੀ ਹੋਂਦ ਚਿਤਵੀ ਹੀ ਨਹੀਂ ਜਾ ਸਕਦੀ। ਭਾਸ਼ਾ ਨੇ ਆਲੇ-ਦੁਆਲੇ ਦੇ ਸੰਸਾਰ ਦਾ ਨਾਮਕਰਨ ਕਰਕੇ ਉਹਦੀ ਹੋਂਦ ਨੂੰ ਸਥਾਪਤ ਕਰਨਾ ਹੁੰਦਾ ਹੈ। ਇਸ ਲਈ ਇਹ ਕੇਵਲ ਸੰਚਾਰ ਦਾ ਹੀ ਸਾਧਨ ਨਹੀਂ, ਸਗੋਂ ਸਮਾਜ ਦੀ ਸਜੀਵਤਾ ਨਾਲ ਜੁੜਿਆ ਇਕ ਪਹਿਲੂ ਵੀ ਹੈ। ਇਹਦੀ ਮਹੱਤਾ ਨੂੰ ਉਜਾਗਰ ਕਰਦਿਆਂ ਡਾ. ਸਾਹਿਬ ਲਿਖਦੇ ਹਨ :

> "ਇਕ ਸਮਾਜਿਕ ਜੀਵ ਹੋਣ ਦੇ ਨਾਤੇ ਮਨੁੱਖ ਨੇ ਭਾਸ਼ਾ ਵਿਚ ਜਿਊਣਾ ਹੁੰਦਾ ਹੈ। ਉਹ ਆਪ ਭਾਵੇਂ ਭਾਸ਼ਾ ਦੀ ਹੀ ਰਚਨਾ ਹੈ, ਪਰ ਉਹ ਭਾਸ਼ਾ ਨੂੰ ਆਪਣੇ ਸੰਚਾਰ ਦਾ ਸਾਧਨ ਬਣਾ ਕੇ ਆਪਣੇ ਤੋਂ ਬਾਹਰਲੀ

ਪੇਸ਼ੀਨਗੋਈਆਂ ਨੇ ਇਕ ਵਾਰ ਫੇਰ ਇਸ ਨੂੰ ਬੋਲਚਾਲ ਦੀ ਪੱਧਰ ਵੱਲ ਧੱਕਣ ਦਾ ਜਤਨ ਕੀਤਾ ਹੈ। ਭਾਸ਼ਾ ਨੂੰ ਤਕਨਾਲੋਜੀ ਦੇ ਖੇਤਰ ਵਿਚ ਜਿਸ ਪ੍ਰਕਾਰ ਦੇ ਉਤਸ਼ਾਹ, ਚੜ੍ਹਤ ਅਤੇ ਸਰਕਾਰੀ ਰੁਤਬੇ ਦੀ ਲੋੜ ਹੁੰਦੀ ਹੈ, ਉਸ ਤੋਂ ਸਾਡੀ ਭਾਸ਼ਾ ਅਜੇ ਤਕ ਵਿਰਵੀ ਹੀ ਰਹੀ ਹੈ।

-2-

ਸ਼ੈਲੀ ਵਿਗਿਆਨ ਸਾਹਿਤਕ ਕਿਰਤਾਂ ਦੇ ਮਰਮ ਨੂੰ ਸਮਝਣ ਅਤੇ ਅਰਥਾਂ ਦੀਆਂ ਦਿਸ਼ਾਵਾਂ ਨੂੰ ਨਿਰਧਾਰਤ ਕਰਨ ਦੀ ਬੜੀ ਵਿਹਾਰਕ ਵਿਧੀ ਹੈ। ਸਾਹਿਤ-ਰਚਨਾ ਭਾਸ਼ਾ 'ਤੇ ਨਿਰਭਰ ਹੁੰਦੀ ਹੈ। ਇਹ ਰਚੇ ਜਾਣ ਤੋਂ ਪਿੱਛੋਂ ਪਾਰਗਾਮੀ ਪ੍ਰਵਿਰਤੀ ਵਾਲੀ ਹੋ ਜਾਂਦੀ ਹੈ ਜਾਂ ਫਿਰ ਕਿਹਾ ਜਾ ਸਕਦਾ ਹੈ ਕਿ ਰਚਨਾਕਾਰ ਤੋਂ ਵਿਛੁੰਨੀ ਜਾਂਦੀ ਹੈ। ਆਧੁਨਿਕ ਭਾਸ਼ਾ ਵਿਗਿਆਨ ਨੇ ਕਿਰਤਾਂ ਦੇ ਅਰਥ-ਮੂਲਕ ਪਾਸਾਰਾਂ ਅਤੇ ਇਹਦੀ ਰੂਪ ਰਚਨਾ ਨੂੰ ਸਮਝਣ/ਪਛਾਣਨ ਲਈ ਕਈ ਵਿਧੀਆਂ ਅਤੇ ਮਾਡਲ ਮੁਹੱਈਆ ਕਰਵਾਏ ਹਨ। ਪ੍ਰਾਥਮਿਕ ਤੌਰ 'ਤੇ ਭਾਵੇਂ ਇਹ ਮੰਨਦੇ ਹੋਏ ਕਿ ਕੋਈ ਵੀ ਕਿਰਤ ਭਾਸ਼ਾ ਵਿਚ ਰਚੀ ਜਾਂਦੀ ਹੈ, ਪਰ ਇਹ ਨਿਰੋਲ ਭਾਸ਼ਾ ਨਾ ਹੋ ਕੇ ਹੋਰ ਵੀ ਬਹੁਤ ਕੁਝ ਹੁੰਦੀ ਹੈ। ਇਸ ਹੋਰ ਨੂੰ ਸਮਝਣ ਲਈ ਸ਼ੈਲੀ ਵਿਗਿਆਨ ਨੇ ਕਈ ਸੰਕਲਪਾਂ ਅਤੇ ਸਿਧਾਂਤਾਂ ਦੀ ਸਿਰਜਨਾ ਕੀਤੀ ਹੈ। ਇਨ੍ਹਾਂ ਰਾਹੀਂ ਅਸੀਂ ਪਾਠਾਂ ਦੇ ਗਹਿਨ ਵਿਚ ਗਤੀਸ਼ੀਲ ਪਾਠਕੀ ਸੂਚਨਾਵਾਂ ਦੇ ਨਾਲ-ਨਾਲ ਭਾਸ਼ਾਈ ਅਚੇਤਨ ਨੂੰ ਵੀ ਅਗਰ-ਭੂਮਿਤ ਕਰ ਸਕਦੇ ਹਾਂ।

ਪੰਜਾਬੀ ਜਗਤ ਵਿਚ ਡਾ. ਆਤਮਜੀਤ ਸਿੰਘ ਹੋਰੀਂ ਸ਼ੈਲੀ ਵਿਗਿਆਨ ਦੀਆਂ ਮੁੱਢਲੀਆਂ ਸਿਧਾਂਤਕ ਅਤੇ ਵਿਹਾਰਕ ਪੈੜਾਂ ਵਾਹੁਣ ਵਾਲੇ ਚਿੰਤਕਾਂ ਵਿਚ ਗਿਣੇ ਜਾਂਦੇ ਹਨ। ਉਨ੍ਹਾਂ ਨੇ ਸ਼ੈਲੀ ਵਿਗਿਆਨ ਨਾਲ ਸੰਬੰਧਿਤ ਵਿਭਿੰਨ ਸਕੂਲਾਂ ਅਤੇ ਸਿਧਾਂਤਾਂ ਨੂੰ ਨਜਿਠਦਿਆਂ, ਇਸ ਨੂੰ ਸਾਹਿਤਕ ਪਾਠਾਂ ਅਤੇ ਆਲੋਚਨਾ ਨਾਲ ਜੋੜ ਕੇ ਕਿਰਤਾਂ ਦੇ ਨਵੇਂ ਅਰਥ ਪੈਰਾਡਾਇਮ ਰਚਨ ਦਾ ਜਤਨ ਕੀਤਾ ਹੈ। ਮਸਲਨ ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਦੇ ਆਪਸੀ ਸੰਬੰਧਾਂ ਨੂੰ ਘੋਖਦਿਆਂ, ਉਨ੍ਹਾਂ ਨੇ ਜਿਹੜੇ ਮੁਖ ਮਸਲੇ ਛੋਹੇ ਹਨ, ਉਹ ਇਸ ਪ੍ਰਕਾਰ ਹਨ :

1. ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਦੇ ਪਰਸਪਰ ਸੰਬੰਧ
2. ਕਿਸੇ ਲੇਖਕ ਦੀ ਸ਼ਖ਼ਸ਼ੀਅਤ ਦੀ ਉਸ ਦੇ ਭਾਸ਼ਾ ਪ੍ਰਯੋਗ ਰਾਹੀਂ ਪਛਾਣ
3. ਸ਼ੈਲੀ ਪ੍ਰਤੀ ਦੋ ਪਹੁੰਚਾਂ
   (ੳ) ਭਾਸ਼ਾਈ ਜੁਗਤਾਂ ਉਪਰ ਪਹੁੰਚ
   (ਅ) ਭਾਸ਼ਾਈ ਜੁਗਤਾਂ ਦੁਆਰਾ ਉਤਪੰਨ ਕੀਤੇ ਜਾਣ ਵਾਲੇ ਪ੍ਰਭਾਵਾਂ ਉਪਰ ਆਧਾਰਿਤ ਪਹੁੰਚ

ਇੰਜ ਦੋਹਾਂ ਅਨੁਸ਼ਾਸਨਾਂ ਦੀਆਂ ਮੂਲ ਵਿਧੀਆਂ ਦੀ ਵਿਆਖਿਆ ਕਰਦੇ ਹੋਏ ਉਹ ਰੂਪੀਮੀ ਪ੍ਰੇਰਣਾ, ਅਰਥ-ਮੂਲਕ ਪ੍ਰੇਰਣਾ ਅਤੇ ਅਰਥ ਪੱਧਰ ਦੀਆਂ ਇਕਾਈਆਂ

ਵਾਸਤਵਿਕਤਾ ਉਪਰ ਆਪਣਾ ਅਧਿਕਾਰ ਕਾਇਮ ਕਰਦਾ ਹੈ। ਭਾਸ਼ਾ ਨਿਰੋਲ ਮਨੁੱਖੀ ਮਨ ਦਾ ਬਾਇਓਲਾਜੀਕਲ ਲੱਛਣ ਨਹੀਂ। ਭਾਸ਼ਾ ਬਾਰੇ ਪ੍ਰਕਾਰਜੀ ਦ੍ਰਿਸ਼ਟੀ ਭਾਸ਼ਾ ਨੂੰ ਇਕ ਸਮਾਜਿਕ ਸੱਚ ਦੇ ਤੌਰ 'ਤੇ ਗ੍ਰਹਿਣ ਕਰਦੀ ਹੈ ਅਤੇ ਮਨੁੱਖ ਨੂੰ ਉਸ ਦੇ ਸਮੁੱਚ (totality) ਵਿਚ ਵੇਖਣ ਦੀ ਕੋਸ਼ਿਸ਼ ਕਰਦੀ ਹੈ।"

ਇਸੇ ਸੰਦਰਭ ਵਿਚ ਪੰਜਾਬੀ ਭਾਸ਼ਾ ਬਾਰੇ ਉਠਦੇ ਵਿਵਾਦਾਂ ਨੂੰ ਉਨ੍ਹਾਂ ਦੇ ਪਿੱਛੇ ਕੰਮ ਕਰਦੀ ਰਾਜਨੀਤੀ, ਬਸਤੀਵਾਦੀ ਸੋਚ ਅਤੇ ਫ਼ਿਰਕੂ ਰਾਸ਼ਟਰਵਾਦ ਦੇ ਸਰੋਕਾਰਾਂ ਦੀ ਪੈੜ ਨਪਦਿਆਂ ਉਹ ਇਸ ਨੂੰ ਇਸੇ ਦ੍ਰਿਸ਼ਟੀਕੋਣ ਤੋਂ ਘੋਖਦੇ ਹਨ। ਪੰਜਾਬੀ ਜ਼ਬਾਨ ਇਕ ਪਾਸੇ ਅਲਪ-ਸੰਖਿਅਕ ਸਿੱਖਾਂ ਨਾਲ ਜੁੜੀ ਰਹੀ, ਦੂਜੇ ਪਾਸੇ ਬਰਤਾਨਵੀ ਰਾਜ ਨੇ ਉਸ ਜ਼ਮਾਨੇ ਦੀ ਰਾਜ ਭਾਸ਼ਾ ਉਰਦੂ ਨੂੰ ਬਣਾ ਕੇ ਇਸ ਨੂੰ ਬਤੌਰ ਵਰਨੈਕੂਲਰ ਸਕੂਲਾਂ ਵਿਚ ਪੜ੍ਹਾਈ ਲਈ ਲਾਗੂ ਕਰ ਦਿੱਤਾ। ਨਾਲ ਹੀ ਤਿੰਨਾਂ ਫ਼ਿਰਕਿਆਂ ਨੂੰ ਭਾਸ਼ਾਬੰਦੀ ਵਿਚ ਜਕੜ ਕੇ ਫ਼ਿਰਕੂ ਰਾਸ਼ਟਰਵਾਦ ਦੀ ਨੀਂਹ ਰੱਖੀ, ਜਿਸ ਦਾ ਨਤੀਜਾ ਦੇਸ਼ ਵੰਡ ਦੇ ਰੂਪ ਵਿਚ ਸਾਹਮਣੇ ਆਇਆ। ਆਜ਼ਾਦੀ ਤੋਂ ਬਾਅਦ ਭਾਸ਼ਾਵਾਂ ਦੀ ਇਸ ਕਤਾਰਬੰਦੀ ਵਿਚ ਹਿੰਦੂ-ਸਿੱਖ ਭਾਸ਼ਾਵਾਂ ਦੇ ਜੋੜ ਵਜੋਂ ਪੰਜਾਬੀ-ਹਿੰਦੀ ਰਾਹੀਂ ਪੰਜਾਬ ਦੀ ਭੂਗੋਲਿਕ ਵੰਡ ਕਰ ਦਿੱਤੀ ਗਈ। ਇਸ ਤਰ੍ਹਾਂ ਪੰਜਾਬੀ ਜਿਹੜੀ ਪਹਿਲਾਂ ਬੋਲਚਾਲ ਦੇ ਪੱਧਰ 'ਤੇ ਹਿਮਾਲਿਆ ਤੋਂ ਰਾਜਸਥਾਨ ਤਕ ਅਤੇ ਸਿੰਧ ਤੋਂ ਲੈ ਕੇ ਪੂਰਬ ਵਿਚ ਜਮਨਾ ਤਕ ਬੋਲੀ ਜਾਂਦੀ ਸੀ, ਹੌਲੀ-ਹੌਲੀ ਆਪਣਾ ਆਪ ਗੁਆ ਕੇ ਸੁੰਗੜਦੀ-ਸੁੰਗੜਦੀ ਢਾਈ ਆਬਾਂ ਤਕ ਪਹੁੰਚ ਗਈ। ਇਸ ਸਾਰੀ ਸਥਿਤੀ ਵਿੱਚੋਂ ਡਾ. ਸਾਹਿਬ ਸਿੱਟਾ ਕੱਢਦੇ ਹੋਏ ਲਿਖਦੇ ਹਨ :

> "ਇਸ ਤਰ੍ਹਾਂ ਪੰਜਾਬ ਵਿਚ ਭਾਸ਼ਾ ਵਿਵਾਦ ਨੇ ਲੰਮੇ ਅਰਸੇ ਲਈ ਪੰਜਾਬ ਦੀਆਂ ਸਾਂਸਕ੍ਰਿਤਕ ਪ੍ਰਕਿਰਿਆਵਾਂ ਨੂੰ ਰਾਸ਼ਟਰੀ ਜੀਵਨ ਦੀ ਵਿਸ਼ਾਲਧਾਰਾ ਦਾ ਅਨਿੱਖੜ ਅੰਗ ਬਣ ਕੇ ਪ੍ਰਫੁਲਤ ਹੋਣ ਦੇ ਅਵਸਰ ਤੋਂ ਵਾਂਝਿਆ ਰੱਖਿਆ। ਪੰਜਾਬੀ ਭਾਸ਼ਾ ਅਤੇ ਸਾਹਿਤ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਅਲਪ-ਸੰਖਿਅਕ ਸਮੂਹ ਨਾਲ ਜੁੜੇ ਰਹੇ, ਜਿਸ ਕਾਰਨ ਪੰਜਾਬੀ ਸਾਹਿਤ ਮੁੜ ਘਿੜ ਕੇ ਸਿੱਖ ਪੁਨਰ-ਸਥਾਪਤੀ ਨਾਲ ਹੀ ਜੁੜਿਆ ਰਿਹਾ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀ ਸੰਸਕ੍ਰਿਤੀ ਦਾ ਪ੍ਰਸਾਰ ਉਹਨਾਂ ਦਿਸ਼ਾਵਾਂ ਵੱਲ ਨਹੀਂ ਹੋ ਸਕਿਆ, ਜੋ ਇਸ ਦਾ ਸਮੁੱਚੀ ਭਾਰਤੀ ਸੰਸਕ੍ਰਿਤੀ ਦੇ ਬਹੁ-ਏਕਾਧ ਵਿਚ ਮਹੱਤਵਪੂਰਨ ਸਥਾਨ ਨਿਸਚਿਤ ਕਰ ਸਕਦੀਆਂ। ਪੰਜਾਬੀ ਸਾਹਿਤ ਵਿਆਪਕ ਭਾਰਤੀ ਪ੍ਰਭਾਵਾਂ ਤੋਂ ਅਭਿਜ ਹੀ ਰਿਹਾ ਹੈ।"

ਇੰਜ ਪੰਜਾਬੀ ਭਾਸ਼ਾ ਅਤੇ ਸਾਹਿਤ ਵਿਚ ਵਿਵਾਦਾਂ ਅਤੇ ਮਨਸ਼ਿਆਂ ਨੇ ਇਸ ਨੂੰ ਯੋਗ ਦਿਸ਼ਾ ਵੱਲ ਉੱਨਤ ਹੋਣ ਅਤੇ ਵਿਕਾਸ ਕਰਨ ਤੋਂ ਰੋਕੀ ਰੱਖਿਆ ਹੈ। ਇਸ ਪ੍ਰਸੰਗ ਵਿਚ ਅਜੋਕੀ ਸਥਿਤੀ ਵਿਚ ਪੰਜਾਬੀ ਭਾਸ਼ਾ ਬਾਰੇ ਕੀਤੀਆਂ ਜਾ ਰਹੀਆਂ

ਸੰਚਾਰ ਲਈ ਉਤਸ਼ਾਹਿਤ ਕਰਦੀਆਂ ਹਨ। ਪਰ ਦੂਜੀ ਦ੍ਰਿਸ਼ਟੀ ਇਹ ਵੀ ਹੈ ਕਿ ਸਮਾਜ ਨੂੰ ਉਸ ਦੇ ਇਕ ਮੈਂਬਰ ਦੀ ਦ੍ਰਿਸ਼ਟੀ ਨਾਲ ਵੇਖੀਏ। ਪਹਿਲੀ ਦ੍ਰਿਸ਼ਟੀ ਬਿਹੰਗਮ ਦ੍ਰਿਸ਼ਟੀ (bird's eye view) ਅਤੇ ਦੂਜੀ ਕੀਟ ਦ੍ਰਿਸ਼ਟੀ (worm's eye view) ਹੈ। ਇਸ ਤਰ੍ਹਾਂ ਸਮਾਜਿਕ ਸ਼ੈਲੀਆਂ ਕਿਸੇ ਸਮਾਜ ਵਿਚ ਗਤੀਸ਼ੀਲ ਅਤੇ ਕਾਰਜਸ਼ੀਲ ਭਾਸ਼ਾ ਦੇ ਲੱਛਣਾਂ ਨੂੰ ਪ੍ਰਗਟ ਕਰਦੀਆਂ ਹਨ, ਜਿਸ ਨਾਲ 'ਸਮਾਜ ਭਾਸ਼ਾ ਵਿਗਿਆਨ' (Sociolinguistics) ਨਾਂ ਦਾ ਨਵਾਂ ਅਨੁਸ਼ਾਸਨ ਸਾਹਮਣੇ ਆਇਆ। ਇਸ ਨੇ ਭਾਸ਼ਾ ਦੇ ਸਮਾਜ ਨਾਲ ਜੁੜਾਵ, ਕਾਰਜਸ਼ੀਲਤਾ ਅਤੇ ਤੌਰ-ਤਰੀਕਿਆਂ ਨੂੰ ਘੋਖਿਆ ਹੈ, ਜਿਨ੍ਹਾਂ ਕਰਕੇ ਭਾਸ਼ਾ ਦੇ ਵਿਕਾਸ ਅਤੇ ਆਧੁਨਿਕ ਲੋੜਾਂ ਪ੍ਰਤੀ ਨਵੀਂ ਚੇਤਨਾ ਪੈਦਾ ਹੋਈ ਹੈ।

-4-

ਸ਼ੈਲੀ ਵਿਗਿਆਨ ਦੇ ਸਿਧਾਂਤਕ ਅਤੇ ਵਿਹਾਰਕ ਪਹਿਲੂਆਂ ਦਾ ਅਧਿਐਨ ਵੀ ਬੜਾ ਦਿਲਚਸਪੀ ਵਾਲਾ ਹੈ। ਸ਼ੈਲੀ ਵਿਗਿਆਨ ਦੇ ਸਿਧਾਂਤਕ ਸੰਕਲਪਾਂ ਵਿਚ ਅਗਰਭੂਮਨ, ਪ੍ਰਤਿਮਾਨ ਅਤੇ ਪਰਾਹਨ ਦਾ ਵਿਸ਼ੇਸ਼ ਸਥਾਨ ਹੈ। ਡਾ. ਸਾਹਿਬ ਨੇ ਇਨ੍ਹਾਂ ਸੰਕਲਪਾਂ ਨੂੰ ਸਮਝਣ/ਵਿਚਾਰਨ ਅਤੇ ਇਨ੍ਹਾਂ ਨਾਲ ਜੁੜੀ ਤਕਨੀਕੀ ਸ਼ਬਦਾਵਲੀ ਨੂੰ ਘੜਨ ਤੇ ਪ੍ਰਸਾਰਨ ਵਿਚ ਮੋਢੀ ਵਾਲਾ ਰੋਲ ਅਦਾ ਕੀਤਾ ਹੈ। ਮਸਲਨ ਅਗਰਭੂਮਨ ਨੂੰ ਪਰਿਭਾਸ਼ਤ ਕਰਦਿਆਂ ਉਹ ਲਿਖਦੇ ਹਨ:

> "ਅਗਰਭੂਮਨ ਜਾਂ ਪੇਸ਼ਬੰਦੀ (Foregrounding) ਕਲਾ ਅਤੇ ਹੋਰ ਖੇਤਰਾਂ ਵਿਚ ਕਲਾਤਮਕ ਸੰਚਾਰ ਦਾ ਇਕ ਅਤਿਅੰਤ ਸਮਾਨਯ ਸਿਧਾਂਤ ਹੈ। ਅਸੀਂ ਜਾਣਦੇ ਹਾਂ ਕਿ ਕੋਈ ਕਲਾ ਕਿਰਤ ਕਿਸੇ ਨਾ ਕਿਸੇ ਰੂਪ ਵਿਚ ਪ੍ਰਤਿਮਾਨ ਤੋਂ ਵਿਚੱਲਣ ਕਰਦੀ ਹੈ। ਇਸ ਗੱਲ ਬਾਰੇ ਸਾਨੂੰ ਇਕ ਪਾਠਕ ਜਾਂ ਕਲਾ ਨੂੰ ਮਾਣਨ ਵਾਲੇ ਦੇ ਰੂਪ ਵਿਚ ਗਿਆਨ ਹੁੰਦਾ ਹੈ ਕਿ ਕੋਈ ਕਲਾ-ਕਿਰਤ ਆਪਣੇ ਵਰਤੇ ਜਾ ਰਹੇ ਮਾਧਿਅਮ ਰਾਹੀਂ ਪ੍ਰਤੀਮਾਨ ਤੋਂ ਕਿਸੇ ਨਾ ਕਿਸੇ ਤਰ੍ਹਾਂ ਅਲੱਗ ਰਾਹ ਅਖ਼ਤਿਆਰ ਕਰਦੀ ਹੈ। ਆਪਣੇ ਇਸੇ ਗੁਣ ਕਰਕੇ ਉਹ ਦੂਜੀਆਂ ਕਲਾ-ਕਿਰਤਾਂ ਨਾਲੋਂ ਵੱਖਰਤਾ ਸਥਾਪਤ ਕਰਦੀ ਹੈ।"

ਸਾਹਿਤਕ ਰਚਨਾਵਾਂ ਦੀ ਵੱਖਰਤਾ ਲੱਭਣੀ ਤੇ ਫਿਰ ਉਸ ਨੂੰ ਸਥਾਪਤ ਕਰਨਾ ਸ਼ੈਲੀ ਵਿਗਿਆਨ ਦਾ ਮੂਲ ਮੁੱਦਾ ਹੈ। ਪ੍ਰਤਿਮਾਨ ਅਤੇ ਪਰਾਹਨ ਵੀ ਸ਼ੈਲੀ ਵਿਗਿਆਨ ਦੇ ਬੁਨਿਆਦੀ ਸੰਕਲਪਾਂ ਵਿਚ ਸ਼ਾਮਲ ਹਨ। ਡਰਬੀਸ਼ਾਇਰ ਲਿਖਦਾ ਹੈ—ਸ਼ੈਲੀ ਸਦਾ ਕਿਸੇ ਪ੍ਰਤੀਮਾਨ ਦਾ ਪਰਾਹਨ ਹੁੰਦੀ ਹੈ ਅਤੇ ਇਹ ਪ੍ਰਤੀਮਾਨ ਆਮ ਕਰ੍ਕੇ ਅਮੂਰਤ ਹੁੰਦਾ ਹੈ, ਜੋ ਕਿਸੇ ਭਾਸ਼ਾ ਦੀ ਵਰਤੋਂ ਵਿਚ ਨਹੀਂ ਮਿਲਦਾ। ਇਸ ਤਰ੍ਹਾਂ ਸਾਹਿਤਕ ਰਚਨਾਵਾਂ ਦੀ ਉਸਾਰੀ ਵਿਚ ਪ੍ਰਤੀਮਾਨ ਤੋਂ ਪਰਾਹਨ ਦੀ ਦਿਸ਼ਾ ਬੜੀ ਮਹੱਤਵਪੂਰਨ ਹੁੰਦੀ ਹੈ। ਪਰਾਹਨ ਦਾ ਇਕ ਮਹੱਤਵਪੂਰਨ ਨਮੂਨਾ ਸਹਿਜ ਅਤੇ ਪ੍ਰਵਾਨਯੋਗ

ਨੂੰ ਵਿਭਿੰਨ ਧਰਾਤਲਾਂ 'ਤੇ ਵਿਚਾਰਦੇ ਹਨ। ਸ਼ੈਲੀ ਵਿਗਿਆਨ ਅਤੇ ਅਰਥ ਵਿਗਿਆਨ ਦੇ ਇਸ ਟਾਕਰਵੇਂ ਅਧਿਐਨ ਤੋਂ ਸਾਨੂੰ ਇਕ ਅਜਿਹੀ ਸੇਧ ਮਿਲਦੀ ਹੈ ਕਿ ਹਰ ਰਚਨਾ ਜਿਥੇ ਸ਼ੈਲੀ ਦੇ ਪੱਧਰ 'ਤੇ ਵਿਸ਼ੇਸ਼ ਪ੍ਰਭਾਵ ਸਿਰਜ ਰਹੀ ਹੁੰਦੀ ਹੈ, ਉਥੇ ਅਰਥ ਦੀ ਪੱਧਰ 'ਤੇ ਉਹ ਖ਼ਾਸ ਤਰ੍ਹਾਂ ਦਾ ਸੰਦੇਸ਼ ਸੰਚਾਰਤ ਕਰਨ ਦੇ ਆਹਰ ਵਿਚ ਵੀ ਹੁੰਦੀ ਹੈ। ਇੰਜ ਇਹ ਇਕ ਅਜਿਹਾ ਮਾਡਲ ਮੁਹੱਈਆ ਕਰਾਉਣ ਵਾਲਾ ਖੇਤਰ ਹੈ, ਜਿਥੇ ਪਾਠਾਂ ਦੀ ਸੁਤੰਤਰ ਹੋਂਦ ਨਿਰਧਾਰਤ ਕਰਦਿਆਂ ਅਸੀਂ ਸ਼ੈਲੀ ਅਤੇ ਅਰਥ ਦੀ ਪੱਧਰ 'ਤੇ ਉਹਦਾ ਵਿਗਿਆਨਕ ਪੈਰਾਡਾਇਮ ਸਿਰਜ ਸਕਦੇ ਹਾਂ।

ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ ਭਾਰਤ ਵਿਚ ਸਥਾਪਤ ਕਰਨ ਦਾ ਸਿਹਰਾ ਡਾ. ਰਵੀਂਦਰਨਾਥ ਸ਼੍ਰੀਵਾਸਤਵ ਨੂੰ ਜਾਂਦਾ ਹੈ। ਡਾ. ਸਾਹਿਬ ਨੇ ਵੀ ਇਹਦੀ ਦੀਖਿਆ ਸ਼੍ਰੀਵਾਸਤਵ ਤੋਂ ਲੈ ਕੇ ਪੰਜਾਬੀ ਵਿਚ ਇਸ ਨੂੰ ਸਥਾਪਤ ਕਰਨ ਦਾ ਜਤਨ ਕੀਤਾ। ਪੱਛਮ ਵਿਚਲੀ ਆਲੋਚਨਾ ਬਿਰਤੀ ਦੀ ਗੱਲ ਕਰਦਿਆਂ ਉਹ ਲਿਖਦੇ ਹਨ:

> "ਪੱਛਮ ਵਿਚ ਆਧੁਨਿਕ ਆਲੋਚਨਾ ਦੀ ਪ੍ਰਮੁੱਖ ਬਿਰਤੀ ਸਾਹਿਤਕ ਕਲਾ ਨੂੰ ਸ਼ਾਬਦਿਕ ਘਾੜਤ ਮੰਨਣ ਦੀ ਹੈ। ਇਸ ਸ਼ਾਬਦਿਕ ਘਾੜਤ ਨੂੰ ਪ੍ਰਵਾਨ ਕਰਕੇ ਸ਼ੈਲੀ ਵਿਗਿਆਨਕ ਆਲੋਚਨਾ ਆਪਣੀਆਂ ਵਿਧੀਆਂ ਸੰਕਿਰਿਆਵਾਂ ਅਤੇ ਸੰਦਾਂ ਦੀ ਵਰਤੋਂ ਕਰਦੀ ਹੈ। ਜੇਕਰ ਸਾਹਿਤਕ ਰਚਨਾ ਇਕ ਸ਼ਾਬਦਿਕ ਘਾੜਤ ਹੈ ਤਾਂ ਇਸ ਵਿਚ ਵਰਤੇ ਸ਼ਬਦ ਆਮ ਬੋਲਚਾਲ ਦੀ ਭਾਸ਼ਾ ਵਾਲੇ ਹੀ ਹੁੰਦੇ ਹਨ ਜਾਂ ਉਸ ਤੋਂ ਭਿੰਨ ? ਇਹ ਇਕ ਬੁਨਿਆਦੀ ਪ੍ਰਸ਼ਨ ਹੈ, ਜੋ ਸ਼ੈਲੀ ਵਿਗਿਆਨਕ ਆਲੋਚਨਾ ਨੇ ਉਠਾਇਆ ਹੈ।"

-3-

ਭਾਸ਼ਾ ਦੇ ਭਿੰਨ-ਭਿੰਨ ਪ੍ਰਯੋਗ ਅਤੇ ਉਨ੍ਹਾਂ ਦੇ ਵਿਭਿੰਨ ਰੂਪਾਂ ਦਾ ਵੀ ਆਪਸ ਵਿਚ ਡੂੰਘਾ ਸੰਬੰਧ ਹੈ। ਸ਼ੈਲੀ ਵਿਗਿਆਨ ਇਨ੍ਹਾਂ ਨੂੰ ਸਮਾਜਿਕ ਸ਼ੈਲੀਆਂ ਦੇ ਰੂਪ ਵਿਚ ਪਰਿਭਾਸ਼ਤ ਕਰਦਾ ਹੈ। ਕਿਸੇ ਵੀ ਸਮਾਜ ਵਿਚ ਬੋਲਣਹਾਰੇ ਜਦੋਂ ਇਕ ਭਾਸ਼ਾ ਸਮੁਦਾਏ ਦੇ ਰੂਪ ਵਿਚ ਭਾਸ਼ਾ ਦਾ ਪ੍ਰਯੋਗ ਕਰਦੇ ਹਨ ਤਾਂ ਵਿਭਿੰਨ ਪੱਧਰਾਂ 'ਤੇ ਸਮਾਜਿਕ ਸ਼ੈਲੀਆਂ ਦਾ ਪ੍ਰਗਟ ਹੋਣਾ ਅਨਿਵਾਰੀ ਹੈ। ਕਿਸੇ ਸਮਾਜ ਵਿਚ ਭਾਸ਼ਾ ਦੀ ਵਰਤੋਂ ਬਾਰੇ ਦੋ ਦ੍ਰਿਸ਼ਟੀਆਂ ਦੀ ਗੱਲ ਕੀਤੀ ਜਾਂਦੀ ਹੈ। ਪਹਿਲੀ ਦ੍ਰਿਸ਼ਟੀ ਅਨੁਸਾਰ ਸਮਾਜ ਅਤੇ ਉਸ ਦੀਆਂ ਵਿਭਿੰਨ ਸੰਸਥਾਵਾਂ ਨੂੰ ਘੋਖਿਆ ਜਾ ਸਕਦਾ ਹੈ ਕਿ ਉਹ ਕਿਹੋ ਜਿਹੀਆਂ ਭਾਸ਼ਾ ਵੰਨਗੀਆਂ ਜਾਂ ਭਾਸ਼ਾਈ ਸਰੋਕਾਰਾਂ ਨੂੰ ਆਪਣੇ ਅੰਗ-ਸੰਗ ਰਖਦੀਆਂ ਹਨ। ਦੂਜੇ ਸ਼ਬਦਾਂ ਵਿਚ ਇਨ੍ਹਾਂ ਰਾਹੀਂ ਕਿਸੇ ਸਮਾਜ ਵਿਚ ਭਾਸ਼ਾ ਦੇ ਕਾਰਜ ਦਾ ਪਤਾ ਲੱਗਦਾ ਹੈ। ਮਸਲਨ ਪਰਿਵਾਰ, ਧਰਮ, ਰਾਜਨੀਤੀ, ਸੰਸਕ੍ਰਿਤੀ ਦੇ ਪੱਧਰ 'ਤੇ ਭਾਸ਼ਾ ਕਿਵੇਂ ਕਾਰਜ ਕਰਦੀ ਹੈ। ਵਿਭਿੰਨ ਸੰਸਥਾਵਾਂ ਭਾਸ਼ਾ ਦੇ ਕਿਹੜੇ ਰੂਪ ਨੂੰ

ਸ਼ੈਲੀ ਵਿਗਿਆਨ ਦਾ ਵਿਹਾਰਕ ਪੱਖ ਸਾਹਿਤਕ ਪਾਠਾਂ ਨੂੰ ਸਮਝਣ ਅਤੇ ਵਿਸ਼ਲੇਸ਼ਤ ਕਰਨ ਵਿਚ ਬੜਾ ਮਦਦਗਾਰ ਸਾਬਤ ਹੁੰਦਾ ਹੈ। ਸ਼ੈਲੀ ਵਿਗਿਆਨ ਦੀ ਵਿਧੀ ਰਾਹੀਂ ਅਸੀਂ ਕਿਸੇ ਵੀ ਸਾਹਿਤਕ ਪਾਠ ਦੀ ਬਣਤਰ ਤੋਂ ਲੈ ਕੇ ਉਹਦੇ ਧੁਰ ਅੰਦਰ ਪ੍ਰਵੇਸ਼ ਕਰ ਸਕਦੇ ਹਾਂ। ਡਾ. ਸਾਹਿਬ ਨੇ ਪੰਜਾਬੀ ਵਿਚ ਸ਼ੈਲੀ ਵਿਗਿਆਨ ਦੇ ਕੁਝ ਵਿਹਾਰਕ ਪੱਖਾਂ ਤੋਂ ਪ੍ਰਵਚਨ ਵੀ ਸਿਰਜੇ ਹਨ। ਇਹ ਵਾਰਤਕ ਅਤੇ ਕਵਿਤਾ ਦੋਹਾਂ ਖੇਤਰਾਂ ਵਿਚ ਮਿਲਦੇ ਹਨ।

ਗੁਰਬਖ਼ਸ਼ ਸਿੰਘ ਪ੍ਰੀਤਲੜੀ ਪੰਜਾਬੀ ਦਾ ਉੱਤਮ ਵਾਰਤਕਕਾਰ ਹੈ। ਉਹਦੀਆਂ ਕੁਝ ਰਚਨਾਵਾਂ ਨੂੰ ਆਧਾਰ ਬਣਾ ਕੇ ਇਸ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਗੁਰਬਖ਼ਸ਼ ਸਿੰਘ ਦੀ ਵਾਰਤਕ ਦੇ ਸ਼ੈਲੀ ਵਿਗਿਆਨ ਮੂਲਕ ਪ੍ਰਸੰਗ ਨੂੰ ਉਜਾਗਰ ਕਰਦਿਆਂ ਉਹ ਲਿਖਦੇ ਹਨ:

> "ਗੁਰਬਖ਼ਸ਼ ਸਿੰਘ ਦੀ ਗੱਦ ਸਾਡੇ ਸਾਹਮਣੇ ਭਾਸ਼ਨ ਸੰਵਾਦ ਦੀ ਰਚਨਾ ਕਰਦੀ ਹੈ। ਇਹ ਭਾਸ਼ਨ ਸੰਵਾਦ ਲੇਖਕ ਦੀ ਭਾਸ਼ਾ ਚੋਣ ਅਤੇ ਉਸ ਨੂੰ ਵੱਖਰੀਆਂ ਰੂਪ ਵਿਧੀਆਂ ਵਿਚ ਪੇਸ਼ ਕਰਨ ਵਿਚ ਪਛਾਣਿਆ ਜਾ ਸਕਦਾ ਹੈ। ਉਸ ਨੇ ਆਪਣੇ ਨਿਬੰਧਾਂ ਵਿਚ ਜਿਸ ਭਾਸ਼ਾ ਦੀ ਘਾੜਤ ਕੀਤੀ ਹੈ, ਉਹ ਸੰਵਾਦ ਦੀ ਪੱਧਰ ਉੱਤੇ ਭਿੰਨ-ਭਿੰਨ ਸੰਦਰਭਾਂ ਵਿਚ ਬਹੁ-ਰੰਗੇ ਅਰਥ ਸਿਰਜਦੀ ਹੈ। ਆਮ ਨਜ਼ਰੇ ਦੇਖਿਆਂ ਉਹਦੀ ਗੱਦ ਵਿਚ ਵਰਤੀ ਗਈ ਭਾਸ਼ਾ ਲਿਖਤ ਮਿਆਰੀ ਭਾਸ਼ਾ ਵਾਲਾ ਮੁਹਾਂਦਰਾ ਰਖਦੀ ਹੈ। ਪਰ ਉਸ ਦੇ ਨਿਬੰਧਾਂ ਦੇ ਆਪਣੇ ਰਚਨਾ ਨੇਮ ਦੇ ਸੰਦਰਭ ਵਿਚ ਜਦੋਂ ਅਸੀਂ ਉਸਦੀ ਸ਼ਬਦ ਚੋਣ ਵੇਖਦੇ ਹਾਂ ਤਾਂ ਇਹ ਅਰਥਾਂ ਦੇ ਵਿਸ਼ੇਸ਼ ਪਾਸਾਰ ਗ੍ਰਹਿਣ ਕਰਦੀ ਹੈ। ਗੁਰਬਖ਼ਸ਼ ਸਿੰਘ ਆਪਣੇ ਗੱਦ ਸੰਵਾਦ ਵਿਚ ਜਦੋਂ ਭਾਸ਼ਾ ਦੀ ਘਾੜਤ ਕਰਦਾ ਹੈ ਤਾਂ ਆਮ ਬੋਲਚਾਲ ਦੇ ਮੁਹਾਵਰੇ ਤੋਂ ਰਤਾ ਭਿੰਨ ਹੋਣ ਲਈ ਕੁਝ ਧੁਨੀ ਮੂਲਕ, ਵਾਕ ਬਣਤਰੀ ਅਤੇ ਅਰਥ-ਵਤ ਪੱਧਰਾਂ ਉਪਰ ਕੁਝ ਜੁਗਤਾਂ ਦੀ ਵਰਤੋਂ ਕਰਦਾ ਹੈ।"

'ਕੰਜਕਾ' ਅਤੇ ਗੁਰਬਾਣੀ ਦੇ ਪਾਠਾਂ ਦਾ ਸ਼ੈਲੀ ਵਿਗਿਆਨਕ ਅਧਿਐਨ ਕਰਦਿਆਂ ਉਨ੍ਹਾਂ ਨੇ ਕਾਵਿ ਸੂਤਰਾਂ ਨੂੰ ਪੇਸ਼ ਕੀਤਾ ਹੈ, ਜੋ ਪਾਠ ਦੀ ਸਮਝ ਵਧਾਂਦੇ ਹਨ। ਵਿਹਾਰਕ ਆਲੋਚਨਾ ਨੂੰ ਦਿੱਲੀ ਸਕੂਲ ਦੀ ਦੇਣ ਮੰਨਿਆ ਜਾਂਦਾ ਹੈ। ਦਿੱਲੀ ਸਕੂਲ ਦੇ ਮੋਢੀ ਚਿੰਤਕਾਂ ਵਿਚ ਡਾ. ਸਾਹਿਬ ਨੂੰ ਵੀ ਸ਼ੁਮਾਰ ਕੀਤਾ ਜਾਂਦਾ ਹੈ। ਉਨ੍ਹਾਂ ਨੇ ਇਸ ਵਿਹਾਰਕ ਪੱਖ ਨੂੰ ਭਾਸ਼ਾ ਵਿਗਿਆਨਕ ਅਤੇ ਸ਼ੈਲੀ ਵਿਗਿਆਨਕ ਪੱਖਾਂ ਨਾਲ ਜੋੜ ਕੇ ਰਚਨਾ-ਪਾਠ ਦੇ ਮਾਈਕਰੋ ਅਰਥਾਂ ਨੂੰ ਘੋਖਣ ਦੀ ਕੋਸ਼ਿਸ਼ ਕੀਤੀ ਹੈ। ਇਵੇਂ ਹੀ ਗੁਰਬਾਣੀ-ਪਾਠਾਂ ਨੂੰ ਇਸ ਦ੍ਰਿਸ਼ਟੀ ਤੋਂ ਵਿਚਾਰ ਕੇ ਮੱਧਕਾਲੀ ਪਾਠਾਂ ਦੇ ਵਰਤਮਾਨ ਅਰਥਾਂ ਨੂੰ ਅਗਰਭੂਮਿਤ ਕੀਤਾ ਹੈ। ਸਤਹ ਸੰਰਚਨਾ ਅਤੇ ਗਹਿਨ ਸੰਰਚਨਾ ਵਿਚ

ਅਵਿਆਕਰਣਿਕਤਾ ਹੈ, ਜੋ ਸਾਨੂੰ ਸਹਿਜ ਸੁਭਾ ਬੋਲੇ ਜਾਣ ਵਾਲੇ ਅਲਿਖਤ ਉਚਾਰ ਵਿਚ ਮਿਲਦਾ ਹੈ। ਪਰਾਹਨ ਦੇ ਕਾਰਨ ਹੀ ਭਾਸ਼ਾ ਵਿਗਿਆਨ ਵਿਚ ਉਚਾਰ (parole) ਅਤੇ ਪੇਸ਼ਕਾਰੀ (performance) ਵਰਗੇ ਸੰਕਲਪਾਂ ਦੀ ਘਾੜਤ ਕੀਤੀ ਗਈ ਹੈ। ਇਸੇ ਤਰ੍ਹਾਂ ਪਾਠ ਦੀ ਸੰਜੋਗਸ਼ੀਲਤਾ (textual cohesion) ਵੀ ਮਹੱਤਵਪੂਰਨ ਸੰਕਲਪ ਹੈ। ਇਸ ਬਾਰੇ ਡਾ. ਸਾਹਿਬ ਲਿਖਦੇ ਹਨ:

> "ਪ੍ਰਵਚਨ ਵਿਚ ਵਾਕਾਂ ਦੀ ਲੜੀ (string of sentences) ਕਿਸੇ ਨਾ ਕਿਸੇ ਰੂਪ ਵਿਚ ਸੰਜੋਗਸ਼ੀਲ ਘਾੜਤ ਵਿਚ ਬੱਝੀ ਹੁੰਦੀ ਹੈ। ਵਾਕਾਂ ਦਾ ਵਿਸਥਾਰ ਬਿਨਾਂ ਕਿਸੇ ਨੇਮ ਦੇ ਨਹੀਂ ਹੁੰਦਾ। ਕਿਸੇ ਪਾਠ ਵਿਚ ਵਾਕ ਐਵੇਂ ਖਿਲਾਰੇ ਨਹੀਂ ਜਾਂਦੇ, ਸਗੋਂ ਹਰ ਵਾਕ ਆਪਣੇ ਤੋਂ ਪਹਿਲੇ ਵਾਕ ਤੋਂ ਕੁਝ ਗ੍ਰਹਿਣ ਕਰਦਾ ਹੈ ਅਤੇ ਆਪਣੇ ਤੋਂ ਅਗਲੇ ਵਾਕ ਦੀ ਰਚਨਾ ਵਿਚ ਹਿੱਸਾ ਪਾਂਦਾ ਹੈ। ਇਸ ਤਰ੍ਹਾਂ ਪਾਠ ਦੇ ਸਮੁੱਚ ਵਿਚ ਹਰ ਵਾਕ ਕਿਸੇ ਨਾ ਕਿਸੇ ਸ਼ਕਲ ਵਿਚ ਆਪਣੀ ਦੇਣ ਦੇਂਦਾ ਹੈ।"

ਇਸੇ ਤਰ੍ਹਾਂ ਸੰਜੋਗਸ਼ੀਲਤਾ ਵੀ ਕਈ ਪੱਧਰਾਂ 'ਤੇ ਕਾਰਜਸ਼ੀਲ ਹੁੰਦੀ ਹੈ, ਜਿਵੇਂ ਸੰਦਰਭਮੂਲਕ ਸੰਜੋਗਸ਼ੀਲਤਾ, ਪ੍ਰਤੀਕਾਤਮਕ ਸੰਜੋਗਸ਼ੀਲਤਾ, ਸੰਰਚਨਾਤਮਕ ਸੰਜੋਗਸ਼ੀਲਤਾ, ਸੰਕੇਤਾਰਥੀ ਸੰਜੋਗਸ਼ੀਲਤਾ, ਸ਼ਾਬਦਿਕ ਸੰਜੋਗਸ਼ੀਲਤਾ। ਇਨ੍ਹਾਂ ਤੋਂ ਇਲਾਵਾ ਸ਼ਾਬਦਿਕ ਪਰਾਹਨ ਨੂੰ ਵੀ ਮਹੱਤਵਪੂਰਨ ਇਕਾਈ ਮੰਨਿਆ ਜਾਂਦਾ ਹੈ। ਸ਼ਾਬਦਿਕ ਪਰਾਹਨ ਦੀ ਗੱਲ ਕਰਦਿਆਂ ਡਾ. ਸਾਹਿਬ ਲਿਖਦੇ ਹਨ:

> "ਸ਼ਾਬਦਿਕ ਪਰਾਹਨ ਦੇ ਸਭ ਤੋਂ ਪ੍ਰਤਿਨਿਧ ਨਮੂਨੇ ਨਵ-ਸ਼ਬਦ ਨਿਰਮਾਣ (Neologism) ਜਾਂ ਨਵੇਂ ਸ਼ਬਦਾਂ ਦੀ ਘਾੜਤ ਵਿਚ ਮਿਲਦੇ ਹਨ। ਕਵੀ ਨਵੇਂ ਨਵੇਂ ਸ਼ਬਦਾਂ ਦੀ ਰਚਨਾ ਕਰਕੇ ਭਾਸ਼ਾ ਦੀਆਂ ਮਿਲਦੀਆਂ ਯੋਗਤਾਵਾਂ ਤੋਂ ਪਾਰ ਜਾਂਦਾ ਹੈ। ਕਵੀ ਤੋਂ ਬਿਨਾਂ ਪੱਤਰਕਾਰ, ਵਿਗਿਆਪਨਕਾਰ ਅਤੇ ਵਿਗਿਆਨੀ ਵੀ ਆਪਣੇ ਭਾਸ਼ਕ ਪ੍ਰਯੋਗਾਂ ਵਿਚ ਭਾਸ਼ਕ ਕਾਢਾਂ ਲਈ ਜਾਣੇ ਜਾਂਦੇ ਹਨ। ਰਚੇ ਗਏ ਸ਼ਬਦਾਂ ਨੂੰ ਤਕਨੀਕੀ ਸ਼ਬਦਾਵਲੀ ਵਿਚ (nonceformations) ਦਾ ਨਾਂ ਦਿੱਤਾ ਜਾਂਦਾ ਹੈ, ਕਿਉਂਕਿ ਆਮ ਤੌਰ 'ਤੇ ਇਹ ਨਵ-ਸ਼ਬਦ ਨਿਰਮਾਣ ਕੇਵਲ ਕਿਸੇ ਇਕ ਖ਼ਾਸ ਮੌਕੇ ਲਈ ਹੀ ਕੀਤਾ ਜਾਂਦਾ ਹੈ।"

ਇਸ ਤੋਂ ਇਲਾਵਾ ਵਿਆਕਰਣਕ ਪਰਾਹਨ, ਧੁਨੀ ਮੂਲਕ ਪਰਾਹਨ, ਲੇਖਣ ਵਿਗਿਆਨ ਦੀ ਪੱਧਰ 'ਤੇ ਪਰਾਹਨ, ਅਰਥ ਮੂਲਕ ਪਰਾਹਨ, ਬੋਲੀ ਦੀ ਪੱਧਰ 'ਤੇ ਪਰਾਹਨ, ਰਜਿਸਟਰ ਦੀ ਪੱਧਰ 'ਤੇ ਪਰਾਹਨ, ਇਤਿਹਾਸਕ ਕਾਲ ਦਾ ਪਰਾਹਨ ਆਦਿ ਕੁਝ ਹੋਰ ਸ਼੍ਰੇਣੀਆਂ ਹਨ, ਜਿਨ੍ਹਾਂ ਦਾ ਵਿਸਥਾਰ ਸਹਿਤ ਵਰਣਨ ਡਾ. ਆਤਮਜੀਤ ਸਿੰਘ ਰਚਿਤ ਪਾਠਾਂ ਵਿਚ ਮਿਲਦਾ ਹੈ।

ਹੈ, ਕਿਉਂਕਿ ਉਨ੍ਹਾਂ ਨੇ ਭਾਸ਼ਾ ਰਾਹੀਂ ਸਿਧਾਂਤਕ ਅਤੇ ਵਿਹਾਰਕ ਚਿੰਤਨ ਦੀ ਨੀਂਹ ਰੱਖੀ, ਜਿਸ ਨਾਲ ਟੈਕਸਟ ਦੀ ਪਛਾਣ ਅਤੇ ਸਮਝ ਵਿਚ ਵਾਧਾ ਹੋਇਆ। ਇਸ ਰਾਹੀਂ ਡਾ. ਸਾਹਿਬ ਨੇ ਗੁਰਬਾਣੀ ਦੀ ਟੈਕਸਟ ਨੂੰ ਪੜਚੋਲਣ ਦਾ ਜਤਨ ਵੀ ਕੀਤਾ ਹੈ। ਉਨ੍ਹਾਂ ਦੇ ਇਨ੍ਹਾਂ ਕਾਰਜਾਂ ਨੂੰ ਪੁਸਤਕ ਰੂਪ ਵਿਚ ਪੇਸ਼ ਕਰਨ ਵਿਚ ਅਥਾਹ ਖ਼ੁਸ਼ੀ ਹੋ ਰਹੀ ਹੈ। ਆਸ ਹੈ ਪਾਠਕ-ਜਨ ਇਸ ਤੋਂ ਲਾਭਵੰਦ ਹੋਣਗੇ। ਪੁਸਤਕ ਨੂੰ ਸੁੰਦਰ ਤੇ ਮਿਆਰੀ ਰੂਪ ਦੇਣ ਲਈ ਸ. ਮੋਹਨ ਸਿੰਘ ਰਾਹੀ (ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ) ਹੋਰਾਂ ਦਾ ਕੋਟਿ ਕੋਟਿ ਧੰਨਵਾਦ!

—ਪਰਮਜੀਤ ਸਿੰਘ ਢੀਂਗਰਾ (ਡਾ.)
ਪ੍ਰੋਫ਼ੈਸਰ

ਪਏ ਅਰਥਾਂ ਨੂੰ ਟਾਕਰਵੇਂ ਸੁਮੇਲ ਰਾਹੀਂ ਨਵੀਨ ਦਿਸ਼ਾਵਾਂ ਦੇਣ ਦਾ ਵੀ ਉਪਰਾਲਾ ਕੀਤਾ ਹੈ। ਪਰ ਇਹ ਅਫ਼ਸੋਸ ਵਾਲੀ ਗੱਲ ਹੈ ਕਿ ਡਾ. ਸਾਹਿਬ ਦੇ ਇਸ ਵਿਹਾਰ ਭਾਸ਼ਾ ਵਿਗਿਆਨਕ ਚਿੰਤਨ ਨੂੰ ਅੱਗੇ ਤੋਰਨ ਵਿਚ ਪੰਜਾਬੀ ਦੇ ਵਿਦਵਾਨਾਂ ਨੇ ਦਿਲਚਸਪੀ ਨਹੀਂ ਦਿਖਾਈ। ਹਾਲਾਂਕਿ ਕਾਵਿ-ਪਾਠਾਂ ਨੂੰ ਸਮਝਣ ਅਤੇ ਵਿਸ਼ਲੇਸ਼ਤ ਕਰਨ ਲਈ ਇਸ ਨੂੰ ਵਿਗਿਆਨਕ ਵਿਧੀ ਵਜੋਂ ਮਾਨਤਾ ਪ੍ਰਾਪਤ ਹੈ।

ਸਾਕੇਚਾਰੀ ਸ਼ਬਦਾਵਲੀ ਕਿਸੇ ਵੀ ਸਮਾਜ ਦੀ ਅਹਿਮ ਇਕਾਈ ਹੁੰਦੀ ਹੈ। ਇਹ ਸਾਕੇਚਾਰੀ ਸਮਾਜ ਵਿਚ ਪਰਿਵਾਰ ਅਥਵਾ ਟੱਬਰਾਂ ਨੂੰ ਇਕ ਲੜੀ ਵਿਚ ਪਰੋ ਕੇ ਰੱਖਦੀ ਹੈ। ਇਹ ਸਾਕੇਚਾਰੀ ਸ਼ਬਦਾਵਲੀ ਭਾਸ਼ਾ ਨੂੰ ਵੀ ਇਕ ਅਯਾਮ ਦੇਂਦੀ ਹੈ। ਜਦੋਂ ਇਸ ਨੂੰ ਸਿਰਜਿਆ ਗਿਆ ਸੀ ਤਾਂ ਉਦੋਂ ਤੋਂ ਲੈ ਕੇ ਹੁਣ ਤਕ ਇਹਦੇ ਕਈ ਵੱਖਰੇ-ਵੱਖਰੇ ਪੈਟਰਨ ਮਿਲਦੇ ਹਨ। ਇਸੇ ਕਰਕੇ ਅੱਜ ਇਸ ਨੂੰ ਇਕ ਪਾਠ ਜਾਂ ਟੈਕਸਟ ਮੰਨ ਕੇ ਇਸ ਦਾ ਅਧਿਐਨ/ਵਿਸ਼ਲੇਸ਼ਣ ਕੀਤਾ ਜਾ ਰਿਹਾ ਹੈ। ਪੰਜਾਬੀ ਭਾਈਚਾਰੇ ਵਿਚ ਸਾਕੇਚਾਰੀ ਸ਼ਬਦਾਵਲੀ ਦਾ ਗ਼ੈਰ-ਰਿਸ਼ਤੇਦਾਰੀ ਦੇ ਖੇਤਰ ਵਿਚ ਵਿਸਥਾਰ ਇਕ ਪਾਸੇ ਰਿਸ਼ਤੇਨਾਤੇ ਦੀ ਸ਼ਬਦਾਵਲੀ ਅਤੇ ਦੂਜੇ ਪਾਸੇ ਸੰਬੋਧਨ ਵਿਧੀਆਂ ਵਿਚਕਾਰ ਪਰਸਪਰ ਤਨਾਉ ਦਾ ਵੀ ਵਿਘਟਨ ਕਰਦਾ ਹੈ। ਪੰਜਾਬੀ ਵਿਚ ਬਹੁਤ ਸਾਰੇ ਰਿਸ਼ਤੇਨਾਤੇ ਦੇ ਸ਼ਬਦ ਅਜਿਹੇ ਹਨ, ਜਿਨ੍ਹਾਂ ਦੀ ਸੰਬੋਧਨ-ਰੂਪਾਂ ਵਿਚ ਵਰਤੋਂ ਗਾਲ੍ਹ ਜਾਂ ਮਖ਼ੌਲ ਵਰਗੀ ਗਿਣੀ ਜਾਂਦੀ ਹੈ। ਜਿਵੇਂ: ਸਹੁਰਾ, ਜਵਾਈ, ਸੱਸ, ਸਾਲਾ, ਸਾਂਢੂ, ਰੰਨ, ਖਸਮ, ਸੌਂਕਣ ਆਦਿ ਅਜਿਹੀ ਸ਼ਬਦਾਵਲੀ ਹੈ। ਇਸ ਸ਼ਬਦਾਵਲੀ ਦਾ ਵਿਸਥਾਰ ਸਾਹਿਤ ਅਧਿਐਨ ਕਰਨ ਤੋਂ ਬਾਅਦ ਡਾ. ਸਾਹਿਬ ਸਿੱਟੇ ਵਜੋਂ ਲਿਖਦੇ ਹਨ:

> "ਸਾਰੇ ਵਿਚਾਰ-ਵਟਾਂਦਰੇ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚੇ ਹਾਂ ਕਿ ਪੰਜਾਬੀ ਰਿਸ਼ਤੇਨਾਤੇ ਦੀ ਸ਼ਬਦਾਵਲੀ ਆਪਣੇ ਆਪ ਵਿਚ ਇਕ ਸੰਪੂਰਨ ਸਿਸਟਮ ਹੈ, ਜਿਸ ਨੂੰ ਅਸੀਂ ਇਕ ਟੈਕਸਟ ਜਾਂ ਪਾਠ ਦੇ ਰੂਪ ਵਿਚ ਗ੍ਰਹਿਣ ਕਰ ਸਕਦੇ ਹਾਂ। ਇਸ ਵਿਚ ਮੈਟਾਨਮਿਕ ਅਤੇ ਮੈਟਾਫ਼ਾਰਿਕ ਦੋਹਾਂ ਪ੍ਰਕਾਰ ਦੀਆਂ ਪ੍ਰਕਿਰਿਆਵਾਂ ਕੰਮ ਕਰਦੀਆਂ ਹਨ, ਜਿਨ੍ਹਾਂ ਨਾਲ ਇਹ ਸਾਕੇਚਾਰੀ ਪ੍ਰਬੰਧ ਨਿਰੋਲ ਬਾਇਓਲੋਜੀਕਲ ਜਾਂ ਪ੍ਰਕਿਰਤਕ ਪ੍ਰਬੰਧ ਨੂੰ ਭੰਗ ਕਰ ਕੇ ਆਪਣੇ ਆਪ ਨੂੰ ਇਕ ਨਵੇਂ ਸਾਂਸਕ੍ਰਿਤਕ ਪ੍ਰਬੰਧ ਵਿਚ ਪੁਨਰ-ਗਠਿਤ ਕਰਦਾ ਹੈ। ਕੁਲ ਮਿਲਾ ਕੇ ਸੰਸਕ੍ਰਿਤੀ ਆਪ ਵੀ ਪ੍ਰਕਿਰਤਕ ਪ੍ਰਬੰਧ ਦੇ ਉਲਟ ਮੈਟਾਨਿਮੀ ਅਤੇ ਮੈਟਾਫ਼ਰ ਦੇ ਪ੍ਰਕਾਰਜਾਂ ਦਾ ਹੀ ਪ੍ਰਕਾਰਜ ਨਿਬਾਹੁੰਦੀ ਹੈ।"

ਇਸ ਸੰਖੇਪ ਜਿਹੀ ਚਰਚਾ ਵਿਚ ਅਸਾਂ ਡਾ. ਆਤਮਜੀਤ ਸਿੰਘ ਹੋਰਾਂ ਦੇ ਭਾਸ਼ਾ ਅਧਿਐਨ ਦੇ ਕੁਝ ਸੂਤਰਾਂ ਦੀ ਨਿਸ਼ਾਨਦੇਹੀ ਕਰਨ ਦਾ ਜਤਨ ਕੀਤਾ ਹੈ। ਇਕ ਭਾਸ਼ਾ ਚਿੰਤਕ ਦੇ ਤੌਰ 'ਤੇ ਡਾ. ਸਾਹਿਬ ਦੀ ਪਛਾਣ ਬੜੀ ਨਿਵੇਕਲੀ ਅਤੇ ਮਾਅਨੇਖੇਜ਼

ਗ਼ਲਤੀਆਂ ਦੀ ਰਿਪੋਰਟ ਕਰ ਦੇਵੇ, ਯੂਨੀਵਰਸਿਟੀ ਆਪਣੇ ਨੇਮਾਂ ਮੁਤਾਬਕ ਮੇਰੇ ਮੁਆਵਜ਼ੇ ਵਿੱਚੋਂ ਬਣਦੀ ਕਟੌਤੀ ਕਰ ਲਵੇਗੀ।" ਜਵਾਬ ਵਿਚ ਜੋ ਉਸ ਨੇ ਕਿਹਾ ਉਹ ਕੋਈ ਵੱਡਾ ਬੰਦਾ ਹੀ ਕਹਿ ਸਕਦਾ ਸੀ, "ਫਿਰ ਮੈਂ ਨਾਟਕਕਾਰ ਨੂੰ ਕਿਵੇਂ ਮਿਲਾਂਗਾ ?" ਮੇਰਾ ਸਾਰਾ ਗ਼ੁੱਸਾ ਕਾਫ਼ੂਰ ਹੋ ਗਿਆ।

ਜਦੋਂ ਮੈਂ ਡਾਕਟਰ ਆਤਮਜੀਤ ਸਿੰਘ ਨੂੰ ਯੂਨੀਵਰਸਿਟੀ ਵਿਚ ਉਸ ਦੇ ਦਫ਼ਤਰ ਵਿਚ ਮਿਲਣ ਗਿਆ ਤਾਂ ਇਹਸਾਸ ਹੋਇਆ ਕਿ ਉਹ ਬਹੁਤ ਨੇਕ, ਈਮਾਨਦਾਰ ਅਤੇ ਪੜ੍ਹਨ-ਲਿਖਣ ਵਾਲਾ ਬੰਦਾ ਹੈ। ਆਪਣੀ ਮਿਲਣੀ ਸਮੇਂ ਲੇਖਕ ਹੋਣ ਦੇ ਨਾਤੇ ਉਸ ਪਾਸੋਂ ਜਿਹੜੀ ਇੱਜ਼ਤ ਅਤੇ ਮਾਣ ਮਿਲਿਆ, ਉਹ ਮੇਰੇ ਵਾਸਤੇ ਇਕ ਸਨਮਾਨ ਦੇ ਸਮਾਨ ਸੀ। ਉਦੋਂ ਮੈਂ ਉਮਰ ਵਿਚ ਬਹੁਤ ਛੋਟਾ ਸਾਂ ਅਤੇ ਨਾਟਕਕਾਰ ਦੇ ਤੌਰ 'ਤੇ ਮੇਰਾ ਚਰਚਾ ਅਜੇ ਸ਼ੁਰੂ ਹੀ ਹੋਇਆ ਸੀ, ਪਰ ਜਿਸ ਤਰ੍ਹਾਂ ਦਾ ਸਲੂਕ ਇਸ ਸ਼ਖ਼ਸ ਨੇ ਮੇਰੇ ਨਾਲ ਕੀਤਾ, ਉਹ ਕਿਸੇ ਵੀ ਤਰ੍ਹਾਂ ਸੁਪਨੇ ਤੋਂ ਘੱਟ ਨਹੀਂ ਸੀ। ਉਸ ਨੇ ਨਾ ਕੇਵਲ ਮੇਰੀ ਚਾਹ-ਪਾਣੀ ਦੀ ਸੇਵਾ ਕੀਤੀ, ਬਲਕਿ ਇਹ ਇਹਸਾਸ ਵੀ ਕਰਵਾਇਆ ਕਿ ਮੈਂ ਇਕ ਕੀਮਤੀ ਬੰਦਾ ਹਾਂ। ਵੱਡੇ ਡਾਕਟਰ ਆਤਮਜੀਤ ਸਿੰਘ ਨੇ ਕੁਝ ਸਮੇਂ ਬਾਅਦ ਕਿਹਾ ਕਿ ਮੇਰੇ ਵਿਚ ਉਹ ਸਾਰੀਆਂ ਸੰਭਾਵਨਾਵਾਂ ਮੌਜੂਦ ਹਨ, ਜਿਨ੍ਹਾਂ ਸਦਕਾ ਮੈਂ ਇਕ ਚੰਗਾ ਥੀਸਿਸ ਲਿਖ ਸਕਦਾ ਹਾਂ। ਮੈਂ ਉਸ ਨੂੰ ਸਪੱਸ਼ਟ ਤੌਰ 'ਤੇ ਦੱਸਿਆ ਕਿ ਮੇਰਾ ਯੂਨੀਵਰਸਿਟੀ ਦੇ ਪੰਜਾਬੀ ਵਿਭਾਗ ਦੇ ਪ੍ਰੋਫ਼ੈਸਰਾਂ ਵਿਚ ਬਹੁਤਾ ਵਿਸ਼ਵਾਸ ਨਹੀਂ, ਕਿਉਂਕਿ ਉਹ ਲਗਪਗ ਸਾਰੇ ਮੈਨੂੰ ਆਪਣਾ ਦੁਸ਼ਮਣ ਸਮਝਦੇ ਹਨ, ਇਸੇ ਕਾਰਨ ਮੈਂ ਪਹਿਲਾਂ ਉਸ ਪ੍ਰਤੀ ਵੀ ਕੋਰਾ ਸਾਂ। ਪਰ ਉਸ ਨੇ ਇਸ ਗੱਲ ਦਾ ਬੁਰਾ ਨਹੀਂ ਮਨਾਇਆ। ਇਸ ਦੇ ਉਲਟ ਮੇਰੇ ਪਾਸੋਂ ਇਹ ਜਾਨਣਾ ਚਾਹਿਆ ਕਿ ਮੈਨੂੰ ਤਕਲੀਫ਼ ਕੀ ਹੈ ?

"ਕਾਲਜ ਦੀ ਵਿੱਦਿਆ ਦੇ ਮੇਰੇ ਬੜੇ ਕੁਸੈਲੇ ਤਜਰਬੇ ਰਹੇ ਹਨ। ਪ੍ਰੋਫ਼ੈਸਰ ਪਿਆਰਾ ਸਿੰਘ ਸ਼ੇਰਗਿੱਲ ਅਤੇ ਮੇਰੇ ਪਿਤਾ ਐੱਸ.ਐੱਸ. ਅਮੋਲ, ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ ਵਿਚ ਪੰਜਾਬੀ ਦੇ ਪ੍ਰਾਧਿਆਪਕ ਸਨ। ਜਦੋਂ ਅਮੋਲ ਜੀ ਉਸ ਕਾਲਜ ਨੂੰ ਛੱਡ ਕੇ ਤਰਨ ਤਾਰਨ ਦੇ ਗੁਰੂ ਅਰਜਨ ਦੇਵ ਕਾਲਜ ਵਿਚ ਪ੍ਰਿੰਸੀਪਲ ਬਣ ਕੇ ਚਲੇ ਗਏ ਤਾਂ ਮੈਂ ਉਹਨਾਂ ਦੋਹਾਂ ਦੀ ਆਪਸੀ ਰਾਜਨੀਤੀ ਦਾ ਬੜਾ ਭੋਲਾ ਸ਼ਿਕਾਰ ਬਣਿਆ। ਪ੍ਰੋਫ਼ੈਸਰ ਸ਼ੇਰਗਿੱਲ ਨੇ ਮੈਨੂੰ ਕਾਲਜ ਛੱਡਣ ਲਈ ਮਜਬੂਰ ਕਰ ਦਿੱਤਾ। ਨਤੀਜੇ ਵਜੋਂ ਮੈਂ ਖ਼ਾਲਸਾ ਕਾਲਜ, ਅੰਮ੍ਰਿਤਸਰ ਵਿਚ ਦਾਖ਼ਲਾ ਲੈ ਲਿਆ, ਕਿਉਂਕਿ ਕੁਝ ਨਿੱਜੀ ਕਾਰਨਾਂ ਕਰਕੇ ਮੇਰੇ ਲਈ ਬੀ.ਏ. ਆਨਰਜ਼ ਪੰਜਾਬੀ ਦਾ ਇਮਤਿਹਾਨ ਪਾਸ ਕਰਨਾ ਬਹੁਤ ਜ਼ਰੂਰੀ ਸੀ। ਜਲੰਧਰ ਤੋਂ ਬਾਅਦ ਇਹ ਕੋਰਸ ਸਿਰਫ਼ ਅੰਮ੍ਰਿਤਸਰ ਵਿਚ ਹੀ ਉਪਲਬਧ ਸੀ। ਖ਼ਾਲਸਾ ਕਾਲਜ ਅੰਮ੍ਰਿਤਸਰ ਵਿਚ ਮੈਨੂੰ ਗੁਰਦਿਆਲ ਸਿੰਘ ਫੁੱਲ ਹੋਰਾਂ ਨੇ ਪਿਤਾ ਵਾਲਾ ਪਿਆਰ ਦਿੱਤਾ। ਪਰ ਬਾਅਦ ਵਿਚ ਇਹਸਾਸ ਹੋਇਆ ਕਿ ਜਿਸ ਬੱਚੇ 'ਤੇ ਕੋਈ ਟੀਚਰ ਬਾਪ ਵਾਲਾ ਹੱਥ ਰੱਖਦਾ ਹੈ, ਉਸ ਅਧਿਆਪਕ ਦੇ ਸਾਰੇ ਦੁਸ਼ਮਣ ਬੱਚੇ ਦੀ ਜਾਨ ਦੇ ਵੀ ਦੁਸ਼ਮਣ ਬਣ ਜਾਂਦੇ ਹਨ।

ਮੇਰਾ ਦੋਸਤ, ਮੇਰਾ ਗੁਰੂ—ਡਾ. ਆਤਮਜੀਤ ਸਿੰਘ

ਡਾਕਟਰ ਆਤਮਜੀਤ ਸਿੰਘ ਇੱਕੋ ਸਮੇਂ ਮੇਰਾ ਦੋਸਤ ਤੇ ਗੁਰੂ ਸੀ, ਜਿਸ ਨੇ ਵਿਦਿਆਰਥੀ-ਅਧਿਆਪਕ ਦੇ ਰਿਸ਼ਤੇ ਦੇ ਅਰਥਾਂ ਨੂੰ ਇਕ ਅਜਿਹਾ ਗੂੜ੍ਹਾ ਰੰਗ ਦਿੱਤਾ, ਜਿਹੜਾ ਰੰਗ ਅੱਜ-ਕੱਲ੍ਹ ਬਹੁਤ ਵਿਰਲੇ ਜਾਂ ਪੇਤਲੇ ਰੂਪ ਵਿਚ ਹੀ ਦੇਖਣ ਨੂੰ ਮਿਲਦਾ ਹੈ। ਸਾਡੇ ਦੋਹਾਂ ਦੇ ਨਾਂ ਇਕ ਹਨ; ਵੱਖਰੇਵੇਂ ਲਈ ਮੈਂ ਹਮੇਸ਼ਾ ਆਪਣੇ ਆਪ ਨੂੰ ਛੋਟਾ ਆਤਮਜੀਤ ਕਹਿੰਦਾ ਸਾਂ, ਪਰ ਸਾਡਾ ਆਪਸੀ ਦੋਸਤੀ ਦਾ ਸੰਸਾਰ ਬੜਾ ਵਿਆਪਕ ਸੀ। ਮੈਂ ਉਸ ਦਾ ਪੀਐੱਚ.ਡੀ. ਦਾ ਵਿਦਿਆਰਥੀ ਸਾਂ। ਮੈਨੂੰ ਇਸ ਗੱਲ ਨੂੰ ਮੰਨਣ ਵਿਚ ਭੋਰਾ ਇਤਰਾਜ਼ ਨਹੀਂ ਕਿ ਵੱਡੇ ਡਾਕਟਰ ਆਤਮਜੀਤ ਸਿੰਘ ਤੋਂ ਇਲਾਵਾ ਸ਼ਾਇਦ ਹੋਰ ਕੋਈ ਵੀ ਸੱਜਣ ਮੈਨੂੰ ਪੀਐੱਚ.ਡੀ. ਕਰਵਾਉਣ ਦਾ ਹੌਸਲਾ ਹੀ ਨਾ ਕਰਦਾ। ਇਹ ਓਸੇ ਦੀ ਹਿੰਮਤ ਸੀ, ਕਿਉਂਕਿ ਇਸ ਪਿੱਛੇ ਮੇਰੀ ਹੋਣੀ ਦੀ ਕਹਾਣੀ ਹੈ।

ਮੈਨੂੰ ਯਾਦ ਹੈ ਡਾਕਟਰ ਆਤਮਜੀਤ ਸਿੰਘ ਦੇ ਨਾਲ ਮੇਰੀ ਪਹਿਲੀ ਮਿਲਣੀ : ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਕਿਸੇ ਇਮਤਿਹਾਨ ਦਾ ਮੈਂ ਪੇਪਰ ਪਰੀਖਿਅਕ ਸਾਂ ਅਤੇ ਉਹ ਮੁੱਖ ਪਰੀਖਿਅਕ। ਜਦੋਂ ਮੈਂ ਆਪਣੇ ਪੇਪਰਾਂ ਦਾ ਮੁਲਾਂਕਣ ਕਰਕੇ ਡਾਕਟਰ ਆਤਮਜੀਤ ਸਿੰਘ ਨੂੰ ਪੈਕੇਟ ਭੇਜ ਦਿੱਤਾ ਤਾਂ ਉਸ ਦਾ ਮੈਨੂੰ ਫ਼ੋਨ ਆਇਆ। ਸੁਨੇਹਾ ਇਹ ਸੀ ਕਿ ਮੈਂ ਅੰਕਾਂ ਵਿਚ ਬਹੁਤ ਕੱਟ-ਵੱਢ ਕਰਦਾ ਹਾਂ। ਕਦੇ ਛੇ ਨੰਬਰ ਦੇ ਕੇ ਉਸ ਨੂੰ ਕੱਟ ਦੇਂਦਾ ਹਾਂ ਅਤੇ ਉਸ ਦੇ ਪੰਜ ਜਾਂ ਸਾਢੇ ਪੰਜ ਨੰਬਰ ਬਣਾ ਦੇਂਦਾ ਹਾਂ। ਇਸੇ ਤਰ੍ਹਾਂ ਉਸ ਨੇ ਕਿਹਾ ਕਿ ਕਦੇ ਮੈਂ ਅੱਠ ਨੂੰ ਕੱਟ ਕੇ ਉਸ ਦੇ ਨੌਂ ਬਣਾਉਂਦਾ ਹਾਂ। ਮੈਂ ਡਾਕਟਰ ਆਤਮਜੀਤ ਸਿੰਘ ਦੀ ਫ਼ੋਨ ਕਰਨ ਦੀ ਭਾਵਨਾ ਨੂੰ ਬਿਲਕੁਲ ਨਾ ਸਮਝਿਆ ਅਤੇ ਉਸ ਨੂੰ ਜ਼ਰਾ ਕੁ ਰੁੱਖੇ ਜਿਹੇ ਲਹਿਜੇ ਵਿਚ ਪੁੱਛਿਆ ਕਿ ਕੀ ਇਸ ਦਾ ਮਤਲਬ ਹੈ ਕਿ ਮੈਂ ਕਿਸੇ ਦੀ ਸਿਫ਼ਾਰਸ਼ ਜਾਂ ਦਬਾਅ ਹੇਠ ਇਸ ਤਰ੍ਹਾਂ ਕਰਦਾ ਹਾਂ ? ਜਾਂ ਫਿਰ ਆਪਣੀ ਈਮਾਨਦਾਰੀ ਦੀ ਖ਼ਾਤਰ ਮੁਲਾਂਕਣ ਨੂੰ ਸਹੀ ਤੇ ਸਮਸਾਰ ਰੱਖਣ ਦੀ ਕੋਸ਼ਿਸ਼ ਕਰ ਰਿਹਾ ਹਾਂ ? ਡਾਕਟਰ ਆਤਮਜੀਤ ਨੇ ਹੱਸ ਕੇ ਜਵਾਬ ਦਿੱਤਾ ਕਿ ਉਂਜ ਭਾਵੇਂ ਅਸੀਂ ਕਦੇ ਨਹੀਂ ਮਿਲੇ, ਪਰ ਉਹ ਮੈਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਮੇਰੇ ਨਾਟਕਾਂ ਤੋਂ ਭਲੀ-ਭਾਂਤ ਵਾਕਿਫ਼ ਹੈ। ਉਸ ਨੇ ਕਿਹਾ ਕਿ 'ਅੰਨ੍ਹੇ ਕਾਣੇ' ਅਤੇ 'ਮੁਰਗ਼ੀਖ਼ਾਨਾ' ਵਰਗੇ ਨਾਟਕ ਲਿਖਣ ਵਾਲਾ ਲੇਖਕ ਬੇਈਮਾਨ ਨਹੀਂ ਹੋ ਸਕਦਾ। ਪਰ ਉਹ ਚਾਹੁੰਦਾ ਸੀ ਕਿ ਮੈਂ ਕਟਿੰਗ ਉੱਤੇ ਆਪਣੇ ਦਸਤਖ਼ਤ ਕਰਾਂ ਤਾਂ ਕਿ ਉੱਤਰ-ਪੱਤਰੀਆਂ ਸਹੀ ਹਾਲਤ ਵਿਚ ਆ ਜਾਣ। ਮੈਂ ਵੀ ਜ਼ਰਾ ਕੁ ਮਜ਼ਾਕ ਵਿਚ ਆਖਿਆ ਕਿ "ਉਹ ਮੇਰੀਆਂ

ਗੋਲਡਮਾਨ ਦੀ ਵਿਸ਼ਵ-ਦ੍ਰਿਸ਼ਟੀ ਦੀਆਂ ਸੰਭਾਵਨਾਵਾਂ ਅਤੇ ਸੀਮਾਵਾਂ ਦਾ ਜ਼ਿਕਰ ਕਰ ਰਿਹਾ ਸੀ। ਉਹ ਹਰਜੀਤ ਸਿੰਘ ਗਿੱਲ ਅਤੇ ਡਾਕਟਰ ਹਰਿਭਜਨ ਸਿੰਘ ਵੱਲੋਂ ਛੋਹੇ ਚਿਹਨ-ਵਿਗਿਆਨ ਦੇ ਵਿਸ਼ੇ ਦੀ ਸਮਝ ਨੂੰ ਅੱਗੇ ਫੈਲਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਦੱਸ ਰਿਹਾ ਸੀ ਕਿ ਚਿਹਨ-ਵਿਗਿਆਨ ਸਾਹਿਤਕ ਕਿਰਤ ਨੂੰ ਸਮਝਣ-ਸਮਝਾਉਣ ਅਤੇ ਨਿਰਖਣ-ਪਰਖਣ ਵਾਸਤੇ ਇਕ ਸਫਲ ਜੁਗਤ ਹੈ। ਉਸ ਦੀ ਵਡਿਆਈ ਇਹ ਹੈ ਕਿ ਉਹ ਕਿਸੇ ਵੀ ਸਮੱਗਰੀ ਨੂੰ ਆਪਣੀ ਬਣਾ ਕੇ ਪੇਸ਼ ਨਹੀਂ ਸੀ ਕਰ ਰਿਹਾ। ਉਹ ਡਾਕਟਰ ਹਰਿਭਜਨ ਸਿੰਘ ਦੀਆਂ ਕਹੀਆਂ ਗੱਲਾਂ ਨੂੰ ਉਸ ਦੇ ਨਾਂ ਹੇਠ ਵਿਸਤਾਰ ਰਿਹਾ ਸੀ। ਉਹ ਚਿਹਨ-ਵਿਗਿਆਨ ਨੂੰ ਭਾਸ਼ਾ, ਸਾਹਿਤ, ਸੰਸਕ੍ਰਿਤੀ ਅਤੇ ਸਮਾਜ ਨਾਲ ਜੋੜਨ ਦਾ ਰਾਹ ਸਮਝਾ ਰਿਹਾ ਸੀ। ਉਸ ਦੇ ਆਪਣੇ ਸ਼ਬਦਾਂ ਵਿਚ, "ਇਸ ਦ੍ਰਿਸ਼ਟੀ ਤੋਂ ਭਾਸ਼ਾ-ਵਿਗਿਆਨ-ਮੂਲਕ ਸੰਰਚਨਾਵਾਦ ਕੇਵਲ ਸੰਰਚਨਾਵਾਂ ਦਾ ਅਧਿਐਨ ਹੀ ਨਹੀਂ ਕਰਦਾ, ਬਲਕਿ ਚਿਹਨ-ਪ੍ਰਣਾਲੀਆਂ ਦੇ ਵਿਸ਼ਲੇਸ਼ਣ ਦੁਆਰਾ ਉਭਰਨ ਵਾਲੀਆਂ ਸੰਰਚਨਾਵਾਂ ਦਾ ਅਧਿਐਨ ਕਰਦਾ ਹੈ। ਸਾਹਿਤ ਨੂੰ ਸੰਸਕ੍ਰਿਤੀ ਦੇ ਬਾਕੀ ਪ੍ਰਪੰਚਾਂ ਨਾਲ ਜੋੜ ਕੇ ਇਹ ਵਡੇਰੇ ਚਿਹਨ-ਪ੍ਰਣਾਲੀ- ਪ੍ਰਬੰਧ ਵਿਚ ਰੱਖ ਕੇ ਵੀ ਵੇਖਿਆ ਜਾ ਸਕਦਾ ਹੈ। ...ਸੰਸਕ੍ਰਿਤੀ ਵਿਚ ਕੋਈ ਵੀ ਹੋਂਦ ਚਿਹਨ-ਵਿਗਿਆਨਕ ਪ੍ਰਪੰਚ ਬਣ ਜਾਂਦੀ ਹੈ। ਚਿਹਨ-ਵਿਗਿਆਨ ਸਾਰੇ ਸਮਾਜਿਕ ਜੀਵਨ ਨੂੰ ਇਸ ਦ੍ਰਿਸ਼ਟੀ ਤੋਂ ਪਛਾਣ ਸਕਦਾ ਹੈ ਅਤੇ ਉਸ ਦੇ ਸਾਮਾਨਯ ਨਿਯਮ ਘੜ ਸਕਦਾ ਹੈ।" ਧਿਆਨ ਨਾਲ ਦੇਖੋ ਪ੍ਰਾਧਿਆਪਕ ਆਤਮਜੀਤ ਸਿੰਘ ਨਾ ਕੇਵਲ ਚਿਹਨ-ਵਿਗਿਆਨ ਨੂੰ ਸਮਝਾ ਰਿਹਾ ਹੈ, ਬਲਕਿ ਉਸ ਦੇ ਵਿਰੋਧੀਆਂ ਵੱਲੋਂ ਹੋ ਰਹੀ ਇਸ ਆਲੋਚਨਾ ਨੂੰ ਵੀ ਸੰਬੋਧਿਤ ਹੋ ਰਿਹਾ ਹੈ ਕਿ ਗ਼ੈਰ-ਮਾਰਕਸੀ ਸਮੀਖਿਆ-ਵਿਧੀਆਂ ਸਾਹਿਤ ਨੂੰ ਉਸ ਦੇ ਦੁਆਲੇ ਨਾਲੋਂ ਤੋੜ ਕੇ ਦੇਖਦੀਆਂ ਹਨ। ਪੁਸਤਕ 'ਸਾਹਿਤਕੀ' ਵਿਚ ਡਾਕਟਰ ਆਤਮਜੀਤ ਸਿੰਘ ਨੇ ਕਿਸੇ ਇਕ ਵਾਦ ਨੂੰ ਸਾਹਿਤ ਪਰਖਣ ਦੀ ਅੰਤਿਮ ਕੋਟੀ ਸਵੀਕਾਰ ਕੀਤੇ ਬਿਨਾਂ ਰਚਨਾ ਦੀ ਸੁਤੰਤਰਤਾ ਨੂੰ ਵੀ ਸਵੀਕਾਰ ਕੀਤਾ ਅਤੇ ਉਸ ਦੇ ਸਮਾਜਿਕ-ਸਾਂਸਕ੍ਰਿਤਕ ਸੰਦਰਭਾਂ ਨੂੰ ਵੀ ਸਨਮਾਨ ਦਿੱਤਾ। ਇਹ ਕਹਿਣਾ ਸ਼ਾਇਦ ਅਤਿਕਥਨੀ ਨਾ ਹੋਵੇ ਕਿ ਉਸ ਦੀ ਇਹ ਪੁਸਤਕ ਸਾਡੇ ਸਮੇਂ ਦੇ ਸੁਪ੍ਰਸਿੱਧ ਸਮੀਖਿਅਕ ਡਾਕਟਰ ਹਰਿਭਜਨ ਸਿੰਘ ਭਾਟੀਆ (ਡਾਕਟਰ ਆਤਮਜੀਤ ਸਿੰਘ ਦੇ ਹੀ ਵਿਦਿਆਰਥੀ) ਦੇ ਸਮੁੱਚੇ ਕਾਰਜ ਦੀ ਸਮੁੱਚੀ ਸਾਰਥਿਕਤਾ ਦੀ ਭੂਮਿਕਾ ਹੈ। ਡਾਕਟਰ ਆਤਮਜੀਤ ਸਿੰਘ ਸਾਨੂੰ ਰੂਸੀ ਰੂਪਵਾਦ ਦੇ ਪ੍ਰਸੰਗ ਵਿਚ ਰੋਮਨ ਜੈਕਬਸਨ ਅਤੇ ਸ਼ਕਲੋਵਸਕੀ ਦੀ ਸੋਚ ਬਾਰੇ ਸਮਝਾਉਂਦਾ ਹੈ। ਉਹ ਕਿਧਰੇ ਵੀ ਮੌਲਿਕ ਹੋਣ ਦਾ ਦੰਭ ਨਹੀਂ ਕਰਦਾ, ਸਾਰਾ ਸਿਹਰਾ ਡਾਕਟਰ ਹਰਿਭਜਨ ਸਿੰਘ ਦੇ ਸਿਰ ਬੰਨ੍ਹਦਾ ਹੈ। ਜੇ ਕੋਈ ਮੈਨੂੰ ਪੁੱਛੇ ਕਿ ਫਿਰ ਡਾਕਟਰ ਆਤਮਜੀਤ ਸਿੰਘ ਨੇ ਕੀ ਕੀਤਾ, ਤਾਂ ਮੈਂ ਕਹਾਂਗਾ ਕਿ ਇਕ ਸੱਚੇ ਅਧਿਆਪਕ ਜਾਂ ਗੁਰੂ ਦਾ ਕੰਮ ਈਮਾਨਦਾਰੀ ਨਾਲ ਕੀਤਾ। ਉਸ ਨੇ ਗਿਆਨ ਨੂੰ ਪ੍ਰਾਪਤ ਕਰਕੇ ਹੰਗਾਲਿਆ ਅਤੇ ਆਪਣੀ ਵਿੱਤ ਮੁਤਾਬਿਕ ਉਸ ਨੂੰ ਹੋਰ ਪ੍ਰਸੰਗਿਕ ਅਤੇ ਸਾਦਾ ਬਣਾ ਕੇ ਸੁਹਿਰਦਤਾ ਨਾਲ ਅਗਾਂਹ ਤੋਰ ਦਿੱਤਾ।

ਖ਼ਾਲਸਾ ਕਾਲਜ, ਅੰਮ੍ਰਿਤਸਰ ਦੇ ਇਕ 'ਦਰਸ਼ਨੀ ਪ੍ਰੋਫ਼ੈਸਰ' ਨੇ ਵਿਭਾਗ ਦੇ ਮੁਖੀ ਡਾਕਟਰ ਦੀਵਾਨ ਸਿੰਘ ਨੂੰ ਮੇਰੇ ਵਿਰੁੱਧ ਭੜਕਾਉਣ ਵਿਚ ਵੱਡੀ ਸਫਲਤਾ ਹਾਸਲ ਕੀਤੀ। ਫੁੱਲ ਸਾਹਿਬ ਨੇ ਆਪਣੀ ਕਲਾਸ ਵਿਚ ਕਦੇ ਪ੍ਰੋਫ਼ੈਸਰ ਦੀਵਾਨ ਸਿੰਘ ਬਾਰੇ ਕਿਸੇ ਕਿਸਮ ਦਾ ਕੋਈ ਅਪਸ਼ਬਦ ਨਹੀਂ ਸੀ ਵਰਤਿਆ। ਪਰ ਦਰਸ਼ਨੀ ਵਿਦਵਾਨ ਨੇ ਆਪਣਾ ਅਕਾਦਮਿਕ ਭਵਿੱਖ ਬਣਾਉਣਾ ਸੀ। ਉਸ ਨੂੰ ਮੇਰੇ ਖ਼ਿਲਾਫ਼ ਇਹ ਰੰਜ ਵੀ ਸੀ ਕਿ ਮੈਂ ਉਸ ਨੂੰ ਪਰੇਸ਼ਾਨ ਕਰਨ ਲਈ ਕਲਾਸ ਵਿਚ ਭਾਰਤੀ ਕਾਵਿ-ਸ਼ਾਸਤਰ ਬਾਰੇ ਜਾਣ-ਬੁਝ ਕੇ ਪ੍ਰਸ਼ਨ ਪੁੱਛਦਾ ਹਾਂ। ਉਹਨਾਂ ਦਿਨਾਂ ਵਿਚ ਦਰਸ਼ਨੀ ਵਿਦਵਾਨ ਡਾਕਟਰ ਦੀਵਾਨ ਸਿੰਘ ਦੇ ਬਹੁਤ ਨੇੜੇ ਸੀ। ਦਰਸ਼ਨੀ ਵਿਦਵਾਨ ਨੇ ਮੇਰੇ ਐਮ.ਏ. ਪੰਜਾਬੀ ਦੇ ਨਤੀਜੇ ਨੂੰ ਪ੍ਰਭਾਵਿਤ ਕਰਨ ਵਿਚ ਵੀ ਕਾਮਯਾਬੀ ਹਾਸਲ ਕੀਤੀ ਸੀ। ਜਦੋਂ ਡਾਕਟਰ ਆਤਮਜੀਤ ਸਿੰਘ ਮੇਰਾ ਮੁੱਖ ਪਰੀਖਿਅਕ ਸੀ, ਉਦੋਂ ਦਰਸ਼ਨੀ ਪ੍ਰੋਫ਼ੈਸਰ ਵੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿਚ ਹੀ ਪੜ੍ਹਾ ਰਿਹਾ ਸੀ ਅਤੇ ਡਾਕਟਰ ਦੀਵਾਨ ਸਿੰਘ ਉਥੇ ਹੀ ਮੁਖੀ ਸਨ। ਖ਼ਾਲਸਾ ਕਾਲਜ ਤੋਂ ਹੀ ਡਾਕਟਰ ਕਰਨੈਲ ਸਿੰਘ ਥਿੰਦ ਵੀ ਉਥੇ ਜਾ ਚੁੱਕੇ ਸਨ। ਉਸ ਤੋਂ ਪਹਿਲਾਂ ਮੈਂ ਆਪਣੇ ਕਾਲਜਾਂ ਅਤੇ ਯੂਨੀਵਰਸਿਟੀ ਦੇ ਇਹਨਾਂ ਸਾਰੇ ਅਧਿਆਪਕਾਂ ਦੇ ਸੰਬੰਧ ਵਿਚ ਨਾਟਕ 'ਕਬਰਸਤਾਨ' ਵੀ ਲਿਖ ਚੁੱਕਾ ਸਾਂ। ਦਰਸ਼ਨੀ ਵਿਦਵਾਨ, ਡਾਕਟਰ ਦੀਵਾਨ ਸਿੰਘ ਨੂੰ ਇਸ ਗੱਲ ਦਾ ਵਿਸ਼ਵਾਸ ਦੁਆ ਚੁੱਕਾ ਸੀ ਕਿ ਨਾਟਕ ਉਹਨਾਂ ਦੇ ਵਿਰੁੱਧ ਲਿਖਿਆ ਗਿਆ ਹੈ, ਇਹ ਅਧੂਰਾ ਸੱਚ ਸੀ।

ਡਾਕਟਰ ਆਤਮਜੀਤ ਸਿੰਘ ਨੂੰ ਇਹ ਸਾਰੀ ਕਥਾ ਸੁਣਾ ਕੇ ਮੈਂ ਇਹ ਸਾਬਤ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਯੂਨੀਵਰਸਿਟੀ ਵਿਚ ਮੇਰਾ ਨਾਮ ਬਹੁਤੇ ਚੰਗੇ ਅਰਥਾਂ ਨਾਲ ਨਹੀਂ ਜੁੜਿਆ ਹੋਇਆ; ਇਸ ਲਈ ਉਹ ਮੈਨੂੰ ਅਪਣਾ ਕੇ ਆਪਣੇ ਵਾਸਤੇ ਨਵੇਂ ਮਸਲੇ ਨਾ ਖੜੇ ਕਰੇ। ਪਰ ਡਾਕਟਰ ਆਤਮਜੀਤ ਸਿੰਘ ਮੇਰੀ ਪੀਐੱਚ.ਡੀ. ਲਈ ਬਜ਼ਿੱਦ ਸੀ। ਉਹ ਮੈਨੂੰ ਸਮਝਾ ਰਿਹਾ ਸੀ ਕਿ ਮੇਰੇ ਕੋਲ ਨਾਟਕ ਨੂੰ ਲਿਖਣ ਅਤੇ ਖੇਡਣ ਦਾ ਜੋ ਤਜਰਬਾ ਹੈ, ਉਸ ਨਾਲ ਮੇਰੀ ਖੋਜ ਕਾਫ਼ੀ ਮਿਆਰੀ ਹੋ ਸਕਦੀ ਹੈ। ਉਸ ਨੂੰ ਇਹ ਵੀ ਭੁਲੇਖਾ ਲੱਗਾ ਕਿ ਮੈਂ ਅੰਗਰੇਜ਼ੀ ਚੰਗੀ ਤਰ੍ਹਾਂ ਸਮਝ ਸਕਦਾ ਹਾਂ, ਇਸ ਲਈ ਨਵੀਆਂ ਲਿਖਤਾਂ ਨਾਲ ਜੁੜਨਾ ਮੇਰੇ ਲਈ ਮੁਸ਼ਕਿਲ ਨਹੀਂ ਹੋਵੇਗਾ। ਉਹਨਾਂ ਹੀ ਦਿਨਾਂ ਵਿਚ ਡਾਕਟਰ ਆਤਮਜੀਤ ਸਿੰਘ ਦੀ ਪੁਸਤਕ 'ਸਾਹਿਤਕੀ' ਵੀ ਪ੍ਰਕਾਸ਼ਿਤ ਹੋ ਚੁੱਕੀ ਸੀ। ਇਕ ਪ੍ਰਾਧਿਆਪਕ ਦੇ ਤੌਰ 'ਤੇ ਉਸ ਦੀ ਸਭ ਤੋਂ ਵੱਡੀ ਸਫਲਤਾ ਇਹ ਸੀ ਕਿ ਉਸ ਦੀਆਂ ਸਾਰੀਆਂ ਲਿਖਤਾਂ ਆਪਣੇ ਵਿਦਿਆਰਥੀਆਂ ਲਈ ਲਿਖੇ ਹੋਏ ਆਲੇਖ ਸਨ। ਉਹ ਚਾਹ ਰਿਹਾ ਸੀ ਕਿ 'ਸਾਹਿਤਕੀ' ਵਿਚ ਜਿਨ੍ਹਾਂ ਵਿਸ਼ਿਆਂ ਨੂੰ ਉਸ ਨੇ ਛੁਹਿਆ ਹੈ, ਆਪਣੇ ਵਿਦਿਆਰਥੀਆਂ ਦੇ ਕਾਰਜ ਰਾਹੀਂ ਉਹ ਉਹਨਾਂ ਦੇ ਵਿਸਤਾਰ ਵੱਲ ਵਧੇ। 'ਸਾਹਿਤਕੀ' ਵਿਚ ਉਹ ਸਾਡਾ ਨਵੇਂ-ਨਵੇਂ ਸਾਹਿਤਕ ਵਿਚਾਰਾਂ ਨਾਲ ਪਰਿਚੈ ਕਰਵਾ ਰਿਹਾ ਸੀ ਅਤੇ ਜਿਨ੍ਹਾਂ ਵਿਚਾਰਾਂ ਨੂੰ ਅਸੀਂ ਥੋੜ੍ਹਾ ਬਹੁਤ ਜਾਣਦੇ ਸਾਂ, ਉਹਨਾਂ ਨੂੰ ਉਹ ਵਿਸਥਾਰ ਵਿਚ ਸਮਝਾਉਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਹ ਸੰਰਚਨਾਵਾਦ ਅਤੇ

ਉਸ ਨੇ ਨਾਟਕ 'ਕਬਰਸਤਾਨ' ਪੜ੍ਹਿਆ ਅਤੇ ਮੈਨੂੰ ਡਾਕਟਰ ਦੀਵਾਨ ਸਿੰਘ ਕੋਲ ਲੈ ਜਾਣ ਦਾ ਫ਼ੈਸਲਾ ਕੀਤਾ। ਮੈਂ ਡਾਕਟਰ ਦੀਵਾਨ ਸਿੰਘ ਹੋਰਾਂ ਨੂੰ ਦੱਸਿਆ ਕਿ ਨਾਟਕ ਵਿਚ ਜਿਹੜੇ ਜ਼ਾਤੀ ਪ੍ਰਸੰਗਾਂ ਦਾ ਜ਼ਿਕਰ ਆਇਆ ਹੈ, ਉਹਨਾਂ ਦਾ ਕਿਸੇ ਵੀ ਵਿਅਕਤੀ ਦੇ ਘਰੇਲੂ ਜੀਵਨ ਨਾਲ ਕੋਈ ਸੰਬੰਧ ਨਹੀਂ ਹੈ। ਜੇ ਕੋਈ ਗੱਲ ਕਿਸੇ ਵਿਅਕਤੀ ਦੇ ਜੀਵਨ ਨਾਲ ਮਿਲਦੀ ਹੈ ਤਾਂ ਇਹ ਸਿਰਫ਼ ਮੌਕਾ ਮੇਲ ਹੈ। ਮੈਂ ਡਾਕਟਰ ਦੀਵਾਨ ਸਿੰਘ ਹੋਰਾਂ ਨੂੰ ਦੱਸਿਆ ਕਿ ਜਦੋਂ ਤੋਂ ਮੈਨੂੰ ਇਹਸਾਸ ਹੋਇਆ ਕਿ ਮੇਰੇ ਇਸ ਨਾਟਕ ਨੂੰ ਉਹਨਾਂ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਗਈ ਹੈ, ਮੈਂ ਇਸ ਰਚਨਾ ਦੇ ਪ੍ਰਚਾਰ-ਪ੍ਰਸਾਰ ਲਈ ਸੱਚਮੁੱਚ ਕੁਝ ਨਹੀਂ ਕੀਤਾ। ਉਦੋਂ ਤਕ ਮੇਰੇ ਬਾਕੀ ਨਾਟਕਾਂ ਦੇ ਇਕ ਤੋਂ ਵਧੇਰੇ ਸੰਸਕਰਣ ਛਪਣੇ ਸ਼ੁਰੂ ਹੋ ਚੁੱਕੇ ਸਨ, ਪਰ 'ਕਬਰਸਤਾਨ' ਦੁਬਾਰਾ ਨਹੀਂ ਛਾਪਿਆ ਗਿਆ। ਮੈਂ ਆਪਣੇ ਲਿਖੇ ਸਾਰੇ ਨਾਟਕਾਂ ਨੂੰ ਵਾਰ-ਵਾਰ ਖੇਡ ਚੁੱਕਾ ਸਾਂ, ਪਰ 'ਕਬਰਸਤਾਨ' ਨੂੰ ਕਦੇ ਵੀ ਨਹੀਂ ਖੇਡਿਆ। ਇਸ ਨਾਟਕ ਦੀ ਇਕ ਵੀ ਕਾਪੀ ਕਿਸੇ ਪੁਸਤਕ ਵਿਕਰੇਤਾ ਨੂੰ ਬਾਅਦ ਵਿਚ ਨਹੀਂ ਦਿੱਤੀ ਗਈ। ਸ਼ਾਇਦ ਡਾਕਟਰ ਦੀਵਾਨ ਸਿੰਘ ਮੇਰੇ ਸੱਚ ਤੋਂ ਪਹਿਲਾਂ ਹੀ ਜਾਣੂੰ ਹੋ ਚੁੱਕੇ ਸਨ। ਉਹਨਾਂ ਨੇ ਸਿਰਫ਼ ਏਨਾ ਕਿਹਾ ਕਿ ਚੰਗਾ ਹੋਇਆ ਤੂੰ ਆ ਗਿਐਂ, ਮੈਨੂੰ ਅਫ਼ਸੋਸ ਸੀ ਕਿ ਮੈਂ ਕਿਸੇ ਦੇ ਗੁਮਰਾਹ ਕਰਨ ਕਾਰਨ ਇਕ ਪ੍ਰਤਿਭਾਵਾਨ ਵਿਦਿਆਰਥੀ ਦੇ ਰਾਹ ਵਿਚ ਆ ਰਿਹਾ ਸੀ। ਡਾਕਟਰ ਦੀਵਾਨ ਸਿੰਘ ਅਤੇ ਮੇਰੀਆਂ ਅੱਖਾਂ ਨਮ ਸਨ, ਪਰ ਡਾਕਟਰ ਆਤਮਜੀਤ ਸਿੰਘ ਦੀਆਂ ਅੱਖਾਂ ਵਿਚ ਅਨੋਖੀ ਚਮਕ ਸੀ। ਇਹ ਲਮਹੇ ਅਖੌਤੀ ਅਧਿਆਪਕ ਦੀ ਹਾਰ ਦੇ ਅਤੇ ਸੱਚੇ ਅਧਿਆਪਕ ਦੀ ਜਿੱਤ ਦੇ ਸਨ।

ਡਾਕਟਰ ਆਤਮਜੀਤ ਸਿੰਘ ਮੇਰੇ ਦੁਆਲੇ ਪੀਐੱਚ.ਡੀ. ਦਾ ਸਾਰਾ ਤਾਣਾ-ਬਾਣਾ ਬੁਣ ਚੁੱਕਾ ਸੀ। ਮੈਂ ਵੀ ਇਸ ਵਿਚ ਫਸਣ ਲਈ ਤਿਆਰ ਸਾਂ। ਉਸ ਨੇ ਮੈਨੂੰ ਆਪਣੇ ਅਧਿਐਨ ਦੇ ਵੱਖ ਵੱਖ ਪਾਸਾਰਾਂ ਦੀ ਜਾਣਕਾਰੀ ਦੇਣੀ ਸ਼ੁਰੂ ਕੀਤੀ। ਪੁਸਤਕ 'ਸਾਹਿਤਕੀ' ਦਾ ਦੋ ਵਰ੍ਹੇ ਪਹਿਲਾਂ ਪ੍ਰਕਾਸ਼ਨ ਹੋ ਚੁੱਕਾ ਸੀ। ਮੈਨੂੰ ਇਹ ਗੱਲ ਸਭ ਤੋਂ ਵੱਧ ਆਕਰਸ਼ਿਤ ਕਰ ਰਹੀ ਸੀ ਕਿ ਆਤਮਜੀਤ ਸਿੰਘ ਨਵੀਨ ਆਲੋਚਨਾ ਪ੍ਰਣਾਲੀਆਂ ਨਾਲ ਜੁੜਿਆ ਹੋਇਆ ਵੀ ਸਾਹਿਤ ਦੀ ਸਮਾਜਿਕਤਾ ਨੂੰ ਅੱਖੋਂ-ਪਰੋਖੇ ਨਹੀਂ ਸੀ ਕਰ ਰਿਹਾ। ਉਸ ਸਮੇਂ ਸੰਰਚਨਾਵਾਦ, ਰੂਸੀ ਰੂਪਵਾਦ, ਅਮਰੀਕੀ ਨਵ-ਆਲੋਚਨਾ, ਸ਼ੈਲੀ-ਵਿਗਿਆਨ ਵਰਗੇ ਚਿੰਤਨ ਪੂਰੀ ਤਰ੍ਹਾਂ ਮੇਰੇ ਪੱਲੇ ਨਹੀਂ ਸਨ ਪੈ ਰਹੇ। ਪਰ ਇਹ ਜ਼ਰੂਰ ਪਤਾ ਲੱਗ ਰਿਹਾ ਸੀ ਕਿ ਡਾਕਟਰ ਆਤਮਜੀਤ ਸਿੰਘ ਸਾਹਿਤ ਅਤੇ ਸਮੀਖਿਆ ਵਿਚ ਕੋਈ ਜਿਊਂਦਾ ਜਾਗਦਾ ਰਿਸ਼ਤਾ ਦੇਖ ਰਿਹਾ ਹੈ। ਉਹ ਸਾਹਿਤ ਦੀ ਪ੍ਰਭੂ ਸੰਪੰਨਤਾ ਨੂੰ ਵੀ ਸਵੀਕਾਰ ਰਿਹਾ ਸੀ ਅਤੇ ਆਲੋਚਨਾ ਦੀ ਸੁਤੰਤਰ ਪ੍ਰਕਿਰਤੀ ਅਤੇ ਪ੍ਰਯੋਜਨ ਨੂੰ ਵੀ; ਪਰ ਇਹਨਾਂ ਦੋਹਾਂ ਨੂੰ ਜੋੜਨ ਸਮੇਂ ਉਹ ਜਿਸ ਪ੍ਰਕਾਰ ਦੀ ਵਿਗਿਆਨਤਾ, ਵਿਸ਼ਲੇਸ਼ਨ ਅਤੇ ਨਿਆਇਕਤਾ ਦੀ ਲੋੜ ਮਹਿਸੂਸ ਕਰਦਾ ਸੀ, ਉਸ ਦੀ ਪੰਜਾਬੀ ਅਦਬ ਵਿਚ ਗ਼ੈਰ-ਹਾਜ਼ਰੀ ਉਸ ਨੂੰ ਸਤਾ ਰਹੀ ਸੀ। ਆਪਣੇ ਬਹੁਮੁੱਲੇ ਲੇਖ 'ਸਮੀਖਿਆ ਲੋਕ' ਵਿਚ ਉਹ ਸਟੀਕ ਨਿਰਣਾ ਦੇਂਦਾ ਹੈ: "ਪੰਜਾਬੀ ਸਮੀਖਿਆ ਅਜੇ ਤਕ ਯੋਗ

ਜਦੋਂ ਉਹ ਮੈਨੂੰ ਵਾਰ-ਵਾਰ ਪੀਐੱਚ.ਡੀ. ਲਈ ਉਕਸਾ ਰਿਹਾ ਸੀ ਤਾਂ ਮਹਿਸੂਸ ਹੋਇਆ ਕਿ ਉਸ ਦੇ ਅੰਦਰ ਆਪਣੇ ਗਿਆਨ ਨੂੰ ਅਗਾਂਹ ਤੋਰਨ ਦੀ ਲਾਲਸਾ ਹੀ ਪ੍ਰਬਲਤਾ ਨਾਲ ਕੰਮ ਕਰ ਰਹੀ ਸੀ, ਕਿਉਂਕਿ ਉਸ ਨੇ ਸਾਰੀ ਜ਼ਿੰਦਗੀ ਮੈਨੂੰ ਆਪਣੇ ਕਿਸੇ ਅਕਾਦਮਿਕ ਰੌਸੇ ਵਿਚ ਗੋਟ ਵਾਂਗ ਵਰਤਣ ਦੀ ਕਦੇ ਕੋਈ ਕੋਸ਼ਿਸ਼ ਨਹੀਂ ਕੀਤੀ। ਸੁਣਿਆ ਜਾਂਦਾ ਸੀ ਕਿ ਪੀਐੱਚ.ਡੀ. ਕਰਨ ਵਾਲੇ ਜ਼ਿੰਦਗੀ ਭਰ ਆਪਣੇ ਸੁਪਰਵਾਈਜ਼ਰਾਂ ਦਾ ਪਾਣੀ ਭਰਦੇ ਹਨ, ਨਹੀਂ ਤਾਂ ਗਾਈਡ ਨਾਰਾਜ਼ ਹੋ ਜਾਂਦੇ ਹਨ ਅਤੇ ਉਹ ਮਿਸ-ਗਾਈਡ ਕਰਨ ਤਕ ਦੀ ਹਾਲਤ ਵਿਚ ਪਹੁੰਚ ਜਾਂਦੇ ਹਨ, ਪਰ ਮੇਰੇ ਸੰਬੰਧ ਵਿਚ ਡਾਕਟਰ ਆਤਮਜੀਤ ਸਿੰਘ ਪੂਰਨ ਤੌਰ 'ਤੇ ਨਿਰਲੇਪ ਮਨੁੱਖ ਸੀ ਅਤੇ ਅਕਾਦਮਿਕਤਾ ਹੀ ਉਸ ਦੀ ਪ੍ਰੇਰਨਾ ਦਾ ਮੂਲ-ਬਿੰਦੂ ਸੀ। ਇਸ ਪਿੱਛੇ ਮੇਰੇ ਹਿਤ ਤਾਂ ਹੋ ਸਕਦੇ ਹਨ, ਪਰ ਉਸ ਦੇ ਨਿੱਜੀ ਹਿਤ ਉੱਕਾ ਹੀ ਨਹੀਂ ਸਨ।

ਪੰਜਾਬੀ ਭਾਸ਼ਾ ਅਤੇ ਅਕਾਦਮਿਕਤਾ ਨਾਲ ਪਿਆਰ ਉਸ ਦੇ ਸਾਰੇ ਜੀਵਨ ਦਾ ਅਟੁੱਟ ਅੰਗ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ; ਓਸਾਕਾ ਯੂਨੀਵਰਸਿਟੀ, ਜਾਪਾਨ; ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ; ਯੂਨੀਵਰਸਿਟੀ ਆਫ਼ ਕੈਲੇਫ਼ੋਰਨੀਆ (ਬਰਕਸੀ ਕੈਂਪਸ) ਅਤੇ ਯੂਨੀਵਰਸਿਟੀ ਆਫ਼ ਸੈਨ ਹੋਜ਼ੇ; ਉਹ ਜਿਥੇ ਵੀ ਰਿਹਾ ਪੰਜਾਬੀ ਭਾਸ਼ਾ ਅਤੇ ਅਕਾਦਮਿਕਤਾ ਦੇ ਪਿਆਰ ਵਿਚ ਭਿੱਜਾ ਰਿਹਾ। ਮਿਸ਼ੀਗਨ ਯੂਨੀਵਰਸਿਟੀ ਦਾ ਵਿਸ਼ਵ ਪ੍ਰਸਿੱਧ ਭਾਸ਼ਾ ਵਿਗਿਆਨੀ ਪ੍ਰੋਫ਼ੈਸਰ ਪੀਟਰ ਹੁੱਕ ਉਹਨਾਂ ਵਿਦਵਾਨਾਂ ਨੂੰ ਅਕਸਰ ਡਾਕਟਰ ਆਤਮਜੀਤ ਸਿੰਘ ਦੀ ਸਲਾਹ ਲੈਣ ਲਈ ਕਹਿੰਦਾ ਹੁੰਦਾ ਸੀ, ਜਿਹੜੇ ਉੱਤਰੀ ਅਮਰੀਕਾ ਦੀਆਂ ਯੂਨੀਵਰਸਿਟੀਆਂ ਵਿਚ ਪੰਜਾਬੀ ਪੜ੍ਹਾਉਣ ਦੇ ਕੋਰਸ ਤਿਆਰ ਕਰਵਾਉਣ ਲਈ ਉਸ ਦੀ ਅਗਵਾਈ ਲਈ ਜਾਂਦੇ ਸਨ। ਇਸ ਗੱਲ ਦਾ ਸੁਨੇਹਾ ਡਾਕਟਰ ਪਿਸ਼ੌਰਾ ਸਿੰਘ (ਯੂਨੀਵਰਸਿਟੀ ਆਫ਼ ਕੈਲੇਫ਼ੋਰਨੀਆ, ਰਿਵਰ-ਸਾਈਡ ਕੈਂਪਸ) ਦੀ ਇਕ ਲਿਖਤ ਵਿੱਚੋਂ ਮਿਲਦਾ ਹੈ। ਇਥੇ ਇਹ ਲਿਖਣਾ ਵੀ ਉਚਿਤ ਹੋਵੇਗਾ ਕਿ ਪ੍ਰੋਫ਼ੈਸਰ ਹੁੱਕ ਖ਼ੁਦ ਇੰਡੋ-ਏਰੀਅਨ ਭਾਸ਼ਾਵਾਂ ਦਾ ਵਿਸ਼ੇਸ਼ੱਗ ਹੈ। ਰਿਵਰ-ਸਾਈਡ ਕੈਂਪਸ ਦੇ ਡਾਕਟਰ ਪਿਸ਼ੌਰਾ ਸਿੰਘ ਨੇ ਡਾਕਟਰ ਆਤਮਜੀਤ ਸਿੰਘ ਬਾਰੇ ਇਹ ਵੀ ਲਿਖਿਆ ਹੈ : "ਉਹ ਪਰਵਾਸੀ ਪੰਜਾਬੀਆਂ ਦੇ ਬੱਚਿਆਂ ਵਿਚ ਪੰਜਾਬੀ ਨੂੰ ਪ੍ਰੋਤਸਾਹਨ ਦੇਣ ਵਾਲਿਆਂ ਦਾ ਮੋਢੀ ਹੈ। ਮੇਰੀ ਉਸ ਨਾਲ ਟੈਲੀਫ਼ੋਨ 'ਤੇ ਕਈ ਵਾਰ ਲੰਮੀ ਚੌੜੀ ਗੱਲਬਾਤ ਹੋਈ; ਉਹ ਪੰਜਾਬੀ ਦੇ ਵਿਕਾਸ ਵਾਸਤੇ ਕੁਝ ਵੀ ਕਰਨ ਨੂੰ ਤਿਆਰ ਸੀ।" ਇਸੇ ਤਰ੍ਹਾਂ ਡਾਕਟਰ ਆਤਮਜੀਤ ਸਿੰਘ ਦਾ ਵਿਦਿਆਰਥੀ ਰਵਿੰਦਰ ਸਿੰਘ ਭੱਲਾ, ਜੋ ਨਿਊ ਜਰਸੀ ਦੇ ਇਕ ਸ਼ਹਿਰ ਵਿਚ ਵਕਾਲਤ ਦੇ ਕਿੱਤੇ ਵਿਚ ਹੈ, ਲਿਖਦਾ ਹੈ, "ਉਹ ਮਹਾਨ ਅਧਿਆਪਕ ਹੋਣ ਦੇ ਨਾਲ-ਨਾਲ ਇਕ ਬਿਹਤਰੀਨ ਇਨਸਾਨ ਵੀ ਸੀ। ਉਹ ਕੋਮਲ ਭਾਵੀ ਅਤੇ ਦਿਆਲੂ ਸੀ ਅਤੇ ਪੰਜਾਬੀ ਦਾ ਸੱਚਾ ਮੁਹੱਬਤੀ ਸੀ।" ਮੈਨੂੰ ਇਸ ਗੱਲ ਦਾ ਮਾਣ ਹੈ ਕਿ ਮੇਰੇ ਗੁਰੂ ਵਿਚ ਜਿਹੜੇ ਗੁਣ 1983 ਵਿਚ ਮੌਜੂਦ ਸਨ, ਉਹ 2010 ਵਿਚ ਉਸ ਦੇ ਅੰਤਲੇ ਦਮ ਤਕ ਕਾਇਮ ਸਨ।

ਸਵੀਕਾਰਨ ਜਾਂ ਸੰਵਾਰਨ ਦਾ ਕੰਮ ਕਰੇਗਾ; ਇਕ ਦਿਨ ਦਾ ਗੈਪ ਵੀ ਨਹੀਂ ਬਣੇਗਾ। ਉਹ ਮਹਾਨ ਵਿਅਕਤੀ ਸੀ। ਨਾ ਕੇਵਲ ਉਸ ਨੇ ਇਸ ਨੂੰ ਮੰਨਿਆ, ਬਲਕਿ ਪੂਰਾ ਵੀ ਕਰਕੇ ਦਿਖਾਇਆ। ਜਿਸ ਡਾਕਟਰ ਆਤਮਜੀਤ ਸਿੰਘ ਦੇ ਘਰ ਵਿਚ ਲੋਕਾਂ ਨੂੰ ਜਾਣਾ ਮੁਸ਼ਕਿਲ ਲੱਗਦਾ ਸੀ, ਮੈਂ ਉਥੇ ਰੋਜ਼ ਜਾਂਦਾ ਸਾਂ ਅਤੇ ਰੋਜ਼ ਮੇਰੀ ਪੀਐੱਚ.ਡੀ. ਕੁਝ ਕਦਮ ਅੱਗੇ ਤੁਰ ਰਹੀ ਸੀ। ਮੇਰਾ ਰੋਮ-ਰੋਮ ਉਸ ਸ਼ਖ਼ਸ ਦਾ ਕਰਜ਼ਾਈ ਹੈ, ਕਿਉਂਕਿ ਮੇਰਾ ਥੀਸਿਸ ਦਸ ਮਹੀਨੇ ਵਿਚ ਤਿਆਰ ਹੋ ਗਿਆ ਸੀ।

ਡਾਕਟਰ ਆਤਮਜੀਤ ਸਿੰਘ ਦਾ ਕੰਮ ਕਰਨ-ਕਰਵਾਉਣ ਦਾ ਵਿਲੱਖਣ ਢੰਗ ਸੀ। ਮੈਂ ਕਿਸੇ ਵੀ ਮਸਲੇ ਬਾਰੇ ਜੋ ਪਹੁੰਚ ਰੱਖਦਾ ਸੀ, ਉਸ ਨੂੰ ਸੁਣ ਕੇ ਉਹ ਜਾਂ ਤਾਂ ਮੇਰਾ ਉਤਸ਼ਾਹ ਵਧਾ ਦੇਂਦਾ ਸੀ ਜਾਂ ਇਹ ਆਖਦਾ ਸੀ ਕਿ ਇਸ ਬਾਰੇ ਵੱਖਰੇ ਢੰਗ ਨਾਲ ਵੀ ਸੋਚਿਆ ਜਾ ਸਕਦਾ ਹੈ। ਮੈਨੂੰ ਪਤਾ ਲੱਗ ਜਾਂਦਾ ਸੀ ਕਿ ਉਹ ਮੈਨੂੰ ਆਪਣੇ ਲਿਖੇ ਨੂੰ ਤਬਦੀਲ ਕਰਨ ਦਾ ਇਸ਼ਾਰਾ ਕਰ ਰਿਹਾ ਹੈ ਜਾਂ ਉਸ 'ਤੇ ਦੋਬਾਰਾ ਵਿਚਾਰ ਕਰਨ ਲਈ ਪ੍ਰੇਰ ਰਿਹਾ ਹੈ। ਅੱਜ ਤਕ ਇਹ ਯਾਦ ਨਹੀਂ ਕਿ ਡਾਕਟਰ ਆਤਮਜੀਤ ਸਿੰਘ ਨੇ ਮੈਨੂੰ ਕਦੇ ਵੀ ਇਹ ਕਿਹਾ ਹੋਵੇ ਕਿ ਮੇਰੀ ਧਾਰਨਾ ਗ਼ਲਤ ਹੈ ਅਤੇ ਇਸ ਨੂੰ ਬਦਲਣਾ ਲਾਜ਼ਮੀ ਹੈ। ਉਹ ਪ੍ਰਸੰਸਕ ਸੀ, ਰਾਹ ਦਿਖਾਉਂਦਾ ਸੀ; ਉਤਸ਼ਾਹ ਦੇਂਦਾ ਸੀ ਅਤੇ ਸ਼ਾਬਾਸ਼ ਬਖ਼ਸ਼ਦਾ ਸੀ। ਉਹ ਆਪਣੇ ਵਿਚਾਰਾਂ ਨੂੰ ਕਦੇ ਵੀ ਮੜ੍ਹਨ ਦੀ ਕੋਸ਼ਿਸ਼ ਨਹੀਂ ਸੀ ਕਰਦਾ। ਉਹ ਤੁਹਾਡੀ ਹੋਂਦ ਸਵੀਕਾਰ ਕੇ ਤੁਹਾਡਾ ਵਿਸਤਾਰ ਕਰਨ ਦਾ ਇੱਛੁਕ ਸੀ, ਨਾ ਕਿ ਤੁਹਾਨੂੰ ਨਕਾਰ ਕੇ। ਉਸ ਨੇ ਕਦੇ ਵੀ ਮੇਰੇ ਉੱਤੇ ਪੀਐੱਚ.ਡੀ. ਕਰਵਾਉਣ ਦਾ ਇਹਸਾਨ ਨਹੀਂ ਕੀਤਾ; ਇਸ ਦੇ ਉਲਟ ਉਹ ਏਨਾ ਵਡਿਆਉਂਦਾ ਸੀ ਕਿ ਕਈ ਵਾਰ ਮੈਨੂੰ ਖ਼ੁਦ ਨੂੰ ਸ਼ਰਮ ਆਉਣ ਲੱਗ ਪੈਂਦੀ ਸੀ। ਰੀਸਰਚ ਡਿਗਰੀ ਕਮੇਟੀ ਵਿੱਚੋਂ ਉਸ ਨੇ ਮੈਨੂੰ ਜਿਸ ਤਰ੍ਹਾਂ ਪਾਸ ਕਰਵਾਇਆ, ਉਹ ਇਕ ਅਜਿਹੀ ਮਿਸਾਲ ਹੈ, ਜਿਸ ਦੀ ਮੇਰੀ ਜ਼ਿੰਦਗੀ ਵਿਚ ਹੋਰ ਕੋਈ ਤੁਲਨਾ ਨਹੀਂ ਹੈ। ਦਰਸ਼ਨੀ ਵਿਦਵਾਨ ਇਸ ਕਮੇਟੀ ਦਾ ਮੈਂਬਰ ਸੀ। ਉਹ ਪੂਰੀ ਤਿਆਰੀ ਵਿਚ ਆਇਆ ਸੀ। ਪਰ ਇਸ ਤੋਂ ਪਹਿਲਾਂ ਕਿ ਉਹ ਮੈਨੂੰ ਜੜ੍ਹੋਂ ਉਖਾੜਨ ਵਾਲਾ ਕੋਈ ਤੀਰ ਛੱਡਦਾ, ਕਨਵੀਨਰ ਡਾਕਟਰ ਰਮੇਸ਼ ਕੁੰਤਲ ਮੇਘ ਨੇ ਕਿਹਾ ਕਿ "ਮੈਂ ਆਤਮਜੀਤ ਕੀ ਨਾਟਯ-ਕਲਾ ਔਰ ਉਸ ਕੀ ਸ਼ੋਧ ਕਰਨੇ ਦੀ ਸ਼ਮਤਾ ਸੇ ਭਲੀ ਭਾਂਤ ਸੇ ਪਰਿਚਿਤ ਹੂੰ। ਇਸ ਵਿਸ਼ਯ ਪਰ ਉਨ ਸੇ ਬਿਹਤਰ ਕੈਂਡੀਡੇਟ ਹੋ ਹੀ ਨਹੀਂ ਸਕਤਾ। ਕੋਈ ਮੇਰੀ ਬਾਤ ਸੇ ਸਹਿਮਤ ਨਾ ਹੋ ਤੋ ਉਨ ਸੇ ਪ੍ਰਸ਼ਨ ਕਰੇ।" ਦਰਸ਼ਨੀ ਵਿਦਵਾਨ ਦਾ ਆਖ਼ਰੀ ਵਾਰ ਡਾਕਟਰ ਮੇਘ ਨੇ ਖੁੰਢਾ ਕਰ ਦਿੱਤਾ। ਮੈਂ ਕਿਵੇਂ ਭੁੱਲ ਸਕਦਾ ਹਾਂ ਕਿ ਇਹ ਸਭ ਕੁਝ ਦੇ ਪਿੱਛੇ ਉਹ ਸ਼ਖ਼ਸ ਸੀ, ਜਿਸ ਦੇ ਸਰੋਕਾਰ ਸਿਰਫ਼ ਤੇ ਸਿਰਫ਼ ਅਕਾਦਮਿਕ ਅਤੇ ਇਨਸਾਨੀ ਸਨ। ਉਸ ਨੇ ਇਸ ਸਭ ਕੁਝ ਦਾ ਮੁੱਲ ਮੰਗਣਾ ਤਾਂ ਕੀ, ਮੈਨੂੰ ਕਦੇ ਯਾਦ ਵੀ ਨਹੀਂ ਕਰਵਾਇਆ।

ਮੇਰੇ ਵਿਅਕਤੀਗਤ ਸੰਬੰਧਾਂ ਅਤੇ ਵਿਚਾਰਾਂ ਨੂੰ ਪ੍ਰਭਾਵਿਤ ਕਰਨ ਦੀ ਗੱਲ ਤਾਂ ਇਕ ਪਾਸੇ ਰਹੀ, ਉਹ ਵੱਡੇ ਤੋਂ ਵੱਡੇ ਦਬਾਉ ਸਮੇਂ ਵੀ ਆਪਣੇ ਮਾਨਸਿਕ ਸੰਤੁਲਨ

ਢੰਗ ਨਾਲ ਇਕ ਗਿਆਨ-ਸੰਜਮ ਦੇ ਰੂਪ ਵਿਚ ਉਸ ਆਲੋਚਨਾ ਸੰਸਕ੍ਰਿਤੀ ਨੂੰ ਧਾਰਨ ਨਹੀਂ ਕਰ ਸਕਦੀ, ਜੋ ਇਸ ਨੂੰ ਸਾਹਿਤ ਦੀ ਆਪਣੀ ਵਿਲੱਖਣ ਪਛਾਣ ਵੱਲ ਰੁਚਿਤ ਕਰ ਸਕੇ। ਇਸ ਦਾ ਆਧਾਰ ਡਾਕਟਰ ਹਰਿਭਜਨ ਸਿੰਘ ਦੇ ਕਥਨ ਅਨੁਸਾਰ ਸਮੂਹਿਕ ਮਨੋਭਾਵਨਾ ਰਿਹਾ ਹੈ। ਇਹ ਮਨੋਭਾਵਨਾ ਏਨੀ ਵਿਆਪਕ ਰਹੀ ਹੈ ਕਿ ਸਾਹਿਤ ਅਤੇ ਸਾਹਿਤ-ਆਲੋਚਨਾ ਦੋਵੇਂ ਹੀ ਸਮੂਹਾਂ ਨਾਲ ਬੱਝ ਕੇ ਰਚੀਂਦੇ ਅਤੇ ਨਿਰਖੇ-ਪਰਖੇ ਜਾਂਦੇ ਰਹੇ ਹਨ। ਜੇਕਰ ਸੰਤ ਸਿੰਘ ਸੇਖੋਂ ਵਰਗੇ ਸਮੀਖਿਅਕਾਂ ਨੇ ਸਾਹਿਤ-ਸਿੱਧਾਂਤ ਦਾ ਚਿੰਤਨ ਦਾਰਸ਼ਨਿਕ ਆਧਾਰ ਉੱਤੇ ਕਰਨ ਦਾ ਜਤਨ ਵੀ ਕੀਤਾ ਹੈ ਤਾਂ ਵੀ ਵਿਹਾਰਕ ਆਲੋਚਨਾ ਸਮੂਹਿਕ ਗੁੱਟਬੰਦੀ ਵਿੱਚੋਂ ਉਤਪੰਨ ਹੋਣ ਵਾਲੇ ਇਕ ਪ੍ਰਕਾਰ ਦੇ ਕਬੀਲਾਮੁਖੀ ਤਣਾਉ ਹੀ ਪੈਦਾ ਕਰਦੀ ਰਹੀ ਹੈ।" ਮੇਰੇ ਲਈ ਡਾਕਟਰ ਆਮਤਜੀਤ ਸਿੰਘ ਦਾ ਇਹ ਕਥਨ ਅਤੇ ਇਹ ਲੇਖ ਬਹੁਤ ਉਤਸ਼ਾਹਵਰਧਕ ਸੀ, ਹਾਲਾਂਕਿ ਪੀਐੱਚ.ਡੀ. ਕਰਨ ਤੋਂ ਡਰ ਵੀ ਲੱਗ ਰਿਹਾ ਸੀ।

ਇਸ ਡਰ ਦੇ ਦੋ ਵੱਡੇ ਕਾਰਨ ਸਨ, ਜਿਨ੍ਹਾਂ ਦਾ ਜ਼ਿਕਰ ਕਰਨਾ ਸਾਰਥਿਕ ਹੋਵੇਗਾ। ਮੈਨੂੰ ਇਹ ਗੱਲ ਬਹੁਤ ਚੰਗੀ ਤਰ੍ਹਾਂ ਜਚਾਈ ਗਈ ਕਿ ਡਾਕਟਰ ਆਤਮਜੀਤ ਸਿੰਘ ਬਹੁਤ ਗੁਸੈਲ ਅਤੇ ਸਨਕੀ ਕਿਸਮ ਦਾ ਇਨਸਾਨ ਹੈ; ਉਹ ਮਰਜ਼ੀ ਨਾਲ ਹੀ ਆਪਣੇ ਵਿਦਿਆਰਥੀ ਨਾਲ ਗੱਲ ਕਰਦਾ ਹੈ; ਉਹ ਆਪਣੇ ਘਰ ਵਿਚ ਕਿਸੇ ਵਿਦਿਆਰਥੀ ਨੂੰ ਨਹੀਂ ਵੜਨ ਦੇਂਦਾ ਅਤੇ ਉਸ ਦੇ ਅਧੀਨ ਖੋਜ ਕਰਨ ਵਾਲੇ ਵਿਦਿਆਰਥੀ ਉਸ ਤੋਂ ਭੱਜਦੇ ਹਨ। ਮੈਨੂੰ ਇਹ ਸੋਚ ਕੇ ਦੁੱਖ ਹੋ ਰਿਹਾ ਸੀ ਕਿ ਏਨੀ ਜੱਦੋ-ਜਹਿਦ ਕਰਕੇ ਕਮਾਈ ਦੋਸਤੀ ਕਿਤੇ ਅਜਾਈਂ ਨਾ ਚਲੀ ਜਾਵੇ। ਮੈਂ ਹਿੰਮਤ ਕਰਕੇ ਡਾਕਟਰ ਆਤਮਜੀਤ ਸਿੰਘ ਨਾਲ ਆਪਣੀਆਂ ਸ਼ਰਤਾਂ ਤੈਅ ਕੀਤੀਆਂ। ਮੈਨੂੰ ਲੱਗਦਾ ਸੀ ਕਿ ਜੇ ਉਹ ਮੰਨ ਗਿਆ ਤਾਂ ਕੰਮ ਸੌਖਾ ਹੋ ਜਾਵੇਗਾ, ਜੇ ਨਾ ਮੰਨਿਆ ਤਾਂ ਜ਼ਿਆਦਾ ਸੌਖਾ ਹੋ ਜਾਵੇਗਾ, ਕਿਉਂਕਿ ਪੀਐੱਚ.ਡੀ. ਤੋਂ ਖਹਿੜਾ ਛੁੱਟੇਗਾ। ਮੇਰੀ ਪਹਿਲੀ ਸ਼ਰਤ ਸੀ ਕਿ ਮੈਂ ਆਪਣੀ ਨੌਕਰੀ ਅਤੇ ਪਰਿਵਾਰ ਤੋਂ ਛੁੱਟੀ ਲੈ ਕੇ ਯੂਨੀਵਰਸਿਟੀ ਦੇ ਹੋਸਟਲ 'ਚ ਰਹਾਂਗਾ ਅਤੇ ਆਪਣਾ ਕੰਮ ਕਰਾਂਗਾ। ਡਾਕਟਰ ਆਤਮਜੀਤ ਖ਼ੁਦ ਇਕ ਹੋਸਟਲ ਦਾ ਵਾਰਡਨ ਸੀ, ਇਸ ਲਈ ਇਹ ਸ਼ਰਤ ਮੰਨਣ ਵਿਚ ਉਸ ਨੂੰ ਕੋਈ ਦਿੱਕਤ ਨਹੀਂ ਆਈ। ਦੂਜੀ ਸ਼ਰਤ ਇਹ ਸੀ ਕਿ ਮੈਂ ਚਿਹਨ-ਵਿਗਿਆਨ ਦੀ ਸੂਝ ਨੂੰ ਪਿਛੋਕੜ ਵਿਚ ਜ਼ਰੂਰ ਰੱਖਾਂਗਾ, ਪਰ ਇਸ ਨੂੰ ਆਪਣੇ ਸ਼ੋਧ-ਕਾਰਜ ਦੀ ਵਿਧੀ ਦੇ ਰੂਪ ਵਿਚ ਸਾਹਮਣੇ ਨਹੀਂ ਲਿਆਵਾਂਗਾ। ਮੈਨੂੰ ਨਹੀਂ ਪਤਾ ਕਿ ਡਾਕਟਰ ਆਤਮਜੀਤ ਸਿੰਘ ਨੇ ਮੇਰੀ ਇਸ ਸ਼ਰਤ ਨੂੰ ਕਿਵੇਂ ਮਨਜ਼ੂਰ ਕਰ ਲਿਆ। ਜਿਹੜੀ ਤੀਸਰੀ ਸ਼ਰਤ ਮੈਂ ਉਸ ਸਾਹਮਣੇ ਰੱਖੀ, ਮੇਰਾ ਪੱਕਾ ਵਿਸ਼ਵਾਸ ਸੀ ਕਿ ਇਹ ਸਵੀਕਾਰ ਨਹੀਂ ਹੋਵੇਗੀ। ਮੈਨੂੰ ਅੱਜ ਵੀ ਇਸ ਸ਼ਰਤ ਦੇ ਰੱਖੇ ਜਾਣ ਕਾਰਨ ਆਪਣੇ ਆਪ ਉੱਤੇ ਅਤੇ ਇਸ ਸ਼ਰਤ ਦੇ ਮੰਨੇ ਜਾਣ ਕਾਰਨ ਵੱਡੇ ਡਾਕਟਰ ਆਤਮਜੀਤ ਸਿੰਘ ਉੱਤੇ ਗ਼ੁੱਸਾ ਆਉਂਦਾ ਹੈ। ਸ਼ਰਤ ਇਹ ਸੀ ਕਿ ਮੈਂ ਦੋ ਮਹੀਨੇ ਬਾਅਦ ਆਪਣਾ ਥੀਸਿਸ ਲਿਖਣਾ ਸ਼ੁਰੂ ਕਰ ਦਿਆਂਗਾ ਅਤੇ ਉਹ ਰੋਜ਼ ਦੇ ਰੋਜ਼ ਮੇਰੇ ਲਿਖੇ ਨੂੰ ਸੋਧਣ,

ਵਿਚ ਇਸ ਵਿਗਿਆਨ ਦੀਆਂ ਬਾਰੀਕੀਆਂ ਦੀ ਸਮਝ ਦਾ ਸੰਚਾਰ ਕਰਨ ਤੋਂ ਬਾਅਦ ਇਸ ਨਿਸ਼ਕਰਸ਼ 'ਤੇ ਪਹੁੰਚਦਾ ਹੈ ਕਿ "ਅਰਥ ਵਿਗਿਆਨ ਅਤੇ ਸ਼ੈਲੀ ਵਿਗਿਆਨ ਦੋਹਾਂ ਦਾ ਖੇਤਰ ਸਾਂਝਾ ਹੈ। ਕੇਵਲ ਅਰਥ ਵਿਗਿਆਨ ਦੇ ਪੱਧਰ ਉਪਰ ਭਾਸ਼ਾ ਵਿਗਿਆਨ ਅਤੇ ਸ਼ੈਲੀ ਵਿਗਿਆਨ ਦੋਹਾਂ ਦੀਆਂ ਅਧਿਐਨ ਰੁਚੀਆਂ ਵਿਚ ਏਨੀ ਨਿਕਟ ਸਾਂਝ ਇਹ ਸੰਕੇਤ ਕਰਦੀ ਹੈ ਕਿ ਭਾਸ਼ਾ ਵਿਗਿਆਨ ਦੇ ਹੋਰ ਉੱਪ-ਖੇਤਰ ਵੀ ਸ਼ੈਲੀ ਵਿਗਿਆਨ ਨਾਲ ਬੜੀ ਡੂੰਘੀ ਅਤੇ ਸਾਰਥਿਕ ਸਾਂਝ ਰੱਖਦੇ ਹਨ।" ਸ਼ੈਲੀ ਵਿਗਿਆਨ ਦਾ ਬੁਲਾਰਾ ਹੋਣ ਦੇ ਬਾਵਜੂਦ ਉਹ ਇਸ ਦੀਆਂ ਸੀਮਾਵਾਂ ਤੋਂ ਜਾਣੂੰ ਹੈ, ਇਸੇ ਲਈ 'ਸ਼ੈਲੀ ਵਿਗਿਆਨਕ ਅਧਿਐਨ ਅਤੇ ਭਾਸ਼ਾ ਵਿਗਿਆਨ' ਨਾਂ ਦੇ ਲੇਖ ਵਿਚ ਉਹ ਇਸ ਦੀਆਂ ਸੀਮਾਵਾਂ ਨੂੰ ਸਪੱਸ਼ਟ ਤੌਰ 'ਤੇ ਸਵੀਕਾਰ ਕਰਦਿਆਂ ਕਹਿੰਦਾ ਹੈ ਕਿ ਸ਼ੈਲੀ ਵਿਗਿਆਨ ਭਾਸ਼ਾ ਵਿਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਲੈ ਕੇ ਸਾਹਿਤ-ਆਲੋਚਨਾ ਦੇ ਕਾਰਜ ਨੂੰ ਵਿਗਿਆਨਕਤਾ ਦੇ ਮਾਰਗ ਉੱਤੇ ਪਾਉਂਦਾ ਹੈ। 'ਭਾਸ਼ਕੀ' ਵਿਚ ਹੀ ਦਰਜ ਇਕ ਹੋਰ ਲੇਖ 'ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ' ਵਿਚ ਉਹ ਬੋਲ-ਚਾਲ ਦੀ ਭਾਸ਼ਾ ਅਤੇ ਸਾਹਿਤਕ-ਭਾਸ਼ਾ ਦੇ ਅੰਤਰਾਂ ਅਤੇ ਅੰਤਰ-ਸੰਬੰਧਾਂ ਨੂੰ ਉਭਾਰਦਿਆਂ ਨਵ-ਆਲੋਚਨਾ ਦੀ ਇਸ ਧਾਰਨਾ ਨੂੰ ਸ਼ਕਤੀਸ਼ਾਲੀ ਢੰਗ ਨਾਲ ਰੱਦ ਕਰਦਾ ਹੈ ਕਿ ਸਾਹਿਤਕ ਕਿਰਤ ਨਿਰੰਕੁਸ਼ ਰੂਪ ਵਿਚ ਖ਼ੁਦ-ਮੁਖ਼ਤਿਆਰ ਹੁੰਦੀ ਹੈ। ਉਹ ਇਹ ਨਤੀਜਾ ਵੀ ਦੇਂਦਾ ਹੈ ਕਿ "ਸਾਹਿਤ ਸੰਸਾਰ ਵਾਕ ਬਣਤਰ ਅਤੇ ਧੁਨੀ ਰੂਪਾਂ ਨਾਲ ਬਹੁ-ਬਿਧ ਰਿਸ਼ਤਿਆਂ ਵਿਚ ਬੱਝਾ ਹੁੰਦਾ ਹੈ। ਸੰਖੇਪ ਵਿਚ ਅਸੀਂ ਇਹ ਕਹਿ ਸਕਦੇ ਹਾਂ ਕਿ ਇਹ ਕਿਸੇ ਸਮਾਜ ਵਿਚਲੇ ਅਨੁਭਵਾਂ ਦੇ ਭਾਸ਼ਾਈ ਸੰਕਲਪੀਕਰਣ ਹਨ।"

ਉਹ ਆਪਣੇ ਇਕ ਆਈ.ਏ.ਐਸ. ਮਿੱਤਰ ਦੀ ਬਦੌਲਤ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦਾ ਡਾਇਰੈਕਟਰ ਤਾਂ ਬਣ ਗਿਆ, ਪਰ ਰਾਜਸੀ ਗਲਿਆਰਿਆਂ ਦੀ ਚਾਲ ਸਮਝਣ ਤੋਂ ਫੇਰ ਵੀ ਅਸਮਰਥ ਰਿਹਾ। ਅੰਮ੍ਰਿਤਸਰ ਦੇ 'ਦਰਸ਼ਨੀ ਵਿਦਵਾਨ' ਦੀ ਤਰ੍ਹਾਂ ਇਥੇ ਵੀ ਇਕ 'ਦਰਸ਼ਨੀ ਪ੍ਰਤਿਭਾਵਾਨ' ਬੈਠਾ ਹੋਇਆ ਸੀ। ਉਹ ਅਨੇਕਾਂ ਡਾਇਰੈਕਟਰਾਂ ਦੀਆਂ ਲੱਤਾਂ ਖਿੱਚ ਚੁੱਕਾ ਸੀ। ਪਰ ਉਹਨਾਂ ਦੇ ਡਿੱਗ ਜਾਣ ਤੋਂ ਬਾਅਦ ਵੀ ਉਸ ਦੀ ਡਾਇਰੈਕਟਰ ਬਣਨ ਦੀ ਵਾਰੀ ਨਹੀਂ ਸੀ ਆ ਰਹੀ। ਲੱਤਾਂ ਖਿੱਚਣ ਦੀ ਮੁਹਾਰਤ ਨੇ ਉਸ ਨੂੰ ਇਸ ਮੁਕਾਮ 'ਤੇ ਪਹੁੰਚਾ ਦਿੱਤਾ ਸੀ ਕਿ ਉਹ ਆਪਣੀ ਆਦਤ ਤੋਂ ਬਾਜ਼ ਨਹੀਂ ਸੀ ਆ ਸਕਦਾ। ਆਤਮਜੀਤ ਸਿੰਘ ਦੇ ਦੂਸਰੇ ਵਿਰੋਧੀਆਂ ਦਾ ਵੀ ਉਸ ਨੂੰ ਭਰਪੂਰ ਥਾਪੜਾ ਸੀ। ਜਦੋਂ ਮਿੱਤਰ ਸਕੱਤਰ ਨਾ ਰਿਹਾ ਤਾਂ ਲੱਤਾਂ ਖਿਚਾਉਣ ਦੀ ਵਾਰੀ ਡਾਕਟਰ ਆਤਮਜੀਤ ਸਿੰਘ ਦੀ ਸੀ। ਇਸ ਵਾਰ ਦਰਸ਼ਨੀ 'ਪ੍ਰਤਿਭਾਵਾਨ' ਲੱਤਾਂ ਦੇ ਨਾਲ-ਨਾਲ ਪੈਂਟ ਖਿੱਚਣ ਦੀ ਵੀ ਸਕੀਮ ਬਣਾਈ ਬੈਠਾ ਸੀ। ਜੇ ਉਹ ਕਾਮਯਾਬ ਹੋ ਜਾਂਦਾ ਤਾਂ ਸਾਡਾ ਬੰਦਾ ਸੀਖਾਂ ਪਿੱਛੇ ਵੀ ਜਾ ਸਕਦਾ ਸੀ। ਪੰਜਾਬੀ ਭਾਸ਼ਾ ਦੇ ਪ੍ਰਸਾਰ ਦੇ ਮੋਹ ਨੇ ਡਾਕਟਰ ਆਤਮਜੀਤ ਸਿੰਘ ਪਾਸੋਂ ਉਹ ਗ਼ਲਤੀਆਂ ਕਰਵਾਈਆਂ, ਜਿਹੜੀਆਂ ਆਤਮਾ ਅਤੇ ਪਰਮਾਤਮਾ ਦੀ ਕਚਹਿਰੀ ਵਿਚ ਤਾਂ ਪੁੰਨ ਹਨ, ਪਰ ਦਫ਼ਤਰੀ ਰੁਟੀਨ ਵਿਚ ਪਾਪ। ਸਾਡੇ ਗੁਰੂ ਦੇ ਪਿੱਛੇ ਵਿਜੀਲੈਂਸ ਲਾ ਦਿੱਤੀ ਗਈ। ਉਸ ਦਾ ਦੋਸ਼ ਸੀ ਕਿ ਉਸ ਨੇ ਦਹਾਕਿਆਂ ਤੋਂ ਗੋਦਾਮਾਂ ਵਿਚ ਰੁਲ

ਤੋਂ ਡੋਲਦਾ ਨਹੀਂ ਸੀ। ਉਸ ਦੀ ਬੀਮਾਰ ਬੀਵੀ ਨੇ ਕਈ ਵਾਰ ਉਹਨੂੰ ਬੜੀਆਂ ਕਸੂਤੀਆਂ ਸਥਿਤੀਆਂ ਵਿਚ ਫਸਾਇਆ, ਪਰ ਉਹ ਸਹਿ ਜਾਂਦਾ ਰਿਹਾ। ਇਵੇਂ ਹੀ ਮੈਨੂੰ ਪਤਾ ਸੀ ਕਿ ਉਸ ਦੇ ਡਾਕਟਰ ਹਰਿਭਜਨ ਸਿੰਘ ਨਾਲ ਜ਼ਾਤੀ ਸੰਬੰਧ ਖੱਟੇ ਹੋ ਚੁੱਕੇ ਸਨ ਅਤੇ ਉਹ ਉਹਨਾਂ ਦਿਨਾਂ ਵਿਚ ਡਾਕਟਰ ਅਤਰ ਸਿੰਘ ਦੇ ਵਧੇਰੇ ਨੇੜੇ ਸੀ। ਡਾਕਟਰ ਅਤਰ ਸਿੰਘ ਮੇਰੇ ਸ਼ੋਧ-ਕਾਰਜ ਦਾ ਪਰੀਖਿਅਕ ਵੀ ਸੀ। ਪਰ ਜੋ ਕੁਝ ਮੇਰੇ ਵਾਈਵਾ ਦੌਰਾਨ ਅਤੇ ਮਗਰੋਂ ਸ਼ਾਮ ਨੂੰ ਵਾਪਰਿਆ, ਮੈਂ ਡਾਕਟਰ ਅਤਰ ਸਿੰਘ ਨੂੰ ਖ਼ਾਸਾ ਨਾਰਾਜ਼ ਕਰ ਚੁੱਕਾ ਸਾਂ। ਇਸ ਦਾ ਵੱਡਾ ਕਾਰਨ ਮੇਰੇ ਥੀਸਿਸ ਵਿਚ ਹਰਿਭਜਨ ਸਿੰਘ ਭਾਟੀਆ ਦੇ ਐਮ.ਫ਼ਿਲ. ਦੇ ਕੰਮ ਦੀ ਭਰਪੂਰ ਸਿਫ਼ਤ ਸੀ, ਜੋ ਕਿ ਉਸ ਨੇ ਹਰਸਰਨ ਸਿੰਘ ਦੇ ਨਾਟਕਾਂ ਉੱਤੇ ਕੀਤਾ ਸੀ। ਡਾਕਟਰ ਅਤਰ ਸਿੰਘ ਇਸ ਨੂੰ ਜ਼ਾਤੀ ਕਾਰਨਾਂ ਕਰਕੇ ਸਵੀਕਾਰਨ ਤੋਂ ਅਸਮਰੱਥ ਸੀ ਅਤੇ ਮੈਂ ਉਸ ਕਾਰਜ ਦੇ ਮੈਰਿਟ ਸਦਕਾ ਉਸ ਨੂੰ ਕਿਸੇ ਵੀ ਤਰ੍ਹਾਂ ਰੱਦ ਕਰਨ ਤੋਂ ਸਾਫ਼ ਇਨਕਾਰੀ ਸਾਂ। ਮੇਰੀ ਡਿਗਰੀ ਤਾਂ ਕਿੱਲੇ ਵਾਂਗ ਗੱਡੀ ਗਈ, ਪਰ ਡਾਕਟਰ ਅਤਰ ਸਿੰਘ ਨਾਲ ਮੇਰੇ ਸੰਬੰਧਾਂ ਦੀ ਗਰਾਮਰ ਉੱਖੜ ਗਈ। ਇਹ ਤਾਂ ਹੋ ਹੀ ਨਹੀਂ ਸੀ ਸਕਦਾ ਕਿ ਡਾਕਟਰ ਅਤਰ ਸਿੰਘ ਨੇ ਡਾਕਟਰ ਆਤਮਜੀਤ ਸਿੰਘ ਨਾਲ ਇਸ ਗੱਲ ਦਾ ਗਿਲਾ ਨਾ ਕੀਤਾ ਹੋਵੇ; ਸਾਰਾ ਵਾਈਵਾ ਤਾਂ ਉਸ ਦੇ ਸਾਹਮਣੇ ਹੋਇਆ ਸੀ! ਪਰ ਡਾਕਟਰ ਆਤਮਜੀਤ ਸਿੰਘ ਦਾ ਹਿਰਦਾ ਰੱਬਾ ਜੇਹਾ ਵਿਸ਼ਾਲ ਹੋਵੇਗਾ, ਜਿਸ ਨੇ ਕਦੇ ਵੀ ਮੇਰੇ ਨਾਲ ਇਸ ਵਿਸ਼ੇ ਨੂੰ ਛੁਹਿਆ ਤੱਕ ਨਹੀਂ; ਹੋ ਸਕਦਾ ਹੈ ਮੇਰੇ ਨਾਲ-ਨਾਲ ਉਸ ਨੇ ਵੀ ਇਸ ਦੀ ਕੋਈ ਕੀਮਤ ਤਾਰੀ ਹੋਵੇ।

ਕਈ ਵਾਰ ਇਹ ਵੀ ਲੱਗਦਾ ਹੈ ਕਿ ਮੈਨੂੰ ਕੰਮ ਕਰਵਾ ਕੇ ਡਾਕਟਰ ਆਤਮਜੀਤ ਸਿੰਘ ਨਾਟਕ ਬਾਰੇ ਆਪਣੀ ਸਮਝ ਨੂੰ ਵੀ ਅਗਾਂਹ ਤੋਰਨਾ ਚਾਹੁੰਦਾ ਸੀ, ਉਸ ਨੇ ਨਾਟਕਾਂ ਬਾਰੇ ਇਕ-ਦੋ ਲੇਖ ਵੀ ਲਿਖੇ। ਅਸਲ ਵਿਚ ਡਾਕਟਰ ਆਤਮਜੀਤ ਸਿੰਘ ਦੇ ਸੁਭਾਅ ਦੀ ਵੱਡੀ ਸਿਫ਼ਤ ਨਵਾਂ ਗ੍ਰਹਿਣ ਕਰਨ ਦੀ ਸੀ। ਉਹ ਅਕਾਦਮਿਕਤਾ ਦੇ ਨਵੇਂ ਪਾਸਾਰਾਂ ਵੱਲ ਵਧਣ ਲਈ ਕੁਝ ਵੀ ਦਾਅ 'ਤੇ ਲਾ ਦੇਂਦਾ ਸੀ। ਇਸੇ ਲਈ ਟੈਕਸਟ ਬੁੱਕ ਬੋਰਡ, ਜਾਪਾਨ, ਅਮਰੀਕਾ ਆਦਿਕ ਉਸ ਲਈ ਜਗਿਆਸਾ ਦੇ ਨਵੇਂ ਕਾਂਡ ਸਨ, ਜਿਨ੍ਹਾਂ ਨੂੰ ਪੜ੍ਹਨ ਲਈ ਉਹ ਉਤਾਵਲਾ ਸੀ। ਪਰ ਖ਼ੂਬੀ ਇਹ ਵੀ ਸੀ ਕਿ ਉਹ ਆਪਣੇ ਪੜ੍ਹੇ ਨੂੰ ਕਿਸੇ 'ਤੇ ਠੋਸਦਾ ਨਹੀਂ ਸੀ; ਸਿਰਫ਼ ਸਾਂਝਾ ਕਰਦਾ ਸੀ। ਉਹ ਸਾਰੀ ਉਮਰ ਇਕ ਸਿਖਿਆਰਥੀ ਦੀ ਭਾਵਨਾ ਨਾਲ ਜੀਵਿਆ ਅਤੇ ਨਵੀਆਂ ਗੱਲਾਂ ਨੂੰ ਗ੍ਰਹਿਣ ਕਰਨਾ ਉਸ ਦਾ ਮੁੱਖ ਪ੍ਰਯੋਜਨ ਬਣਿਆ ਰਿਹਾ। ਇਸ ਦੇ ਨਾਲ-ਨਾਲ ਵਿਚਾਰਾਂ ਦੇ ਨਿਖੇੜੇ ਉੱਤੇ ਬਲ ਦੇਂਦਿਆਂ ਵੀ ਉਹ ਉਹਨਾਂ ਦੀ ਸੰਯੁਕਤੀ ਜਾਂ ਸੰਸਲੇਸ਼ਨ ਨੂੰ ਆਪਣੀ ਦਿਸ਼ਾ ਵਾਸਤੇ ਵਰਤਦਾ ਸੀ। ਇਸੇ ਲਈ ਉਸ ਦੀਆਂ ਲਿਖਤਾਂ ਵਿਚਾਰਾਂ ਦੇ ਪਾੜੇ ਨੂੰ ਵਧਾਉਣ ਦੀ ਬਜਾਇ ਉਹਨਾਂ ਦੀਆਂ ਵਿੱਥਾਂ ਨੂੰ ਪੂਰਨ ਵੱਲ ਤੁਰਦੀਆਂ ਪ੍ਰਤੀਤ ਹੁੰਦੀਆਂ ਸਨ। ਉਸ ਨੇ ਪਹਿਲੀ ਵਾਰ ਪੰਜਾਬੀ ਵਿਚ ਸ਼ੈਲੀ ਵਿਗਿਆਨ ਉੱਤੇ ਦੋ-ਤਿੰਨ ਲੇਖ ਲਿਖੇ, ਜੋ 'ਭਾਸ਼ਕੀ' ਵਿਚ ਸ਼ਾਮਿਲ ਹਨ। ਪੰਜਾਬੀਆਂ ਨੂੰ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਵਿਗਸੇ 'ਸ਼ੈਲੀ-ਵਿਗਿਆਨ ਅਤੇ ਅਰਥ-ਵਿਗਿਆਨ' ਨਾਮ ਦੇ ਇਕ ਲੰਮੇ ਮਜ਼ਮੂਨ

ਆਤਮਜੀਤ ਸਿੰਘ ਇਕੱਲਾ ਰਹਿ ਗਿਆ ਸੀ, ਉਸ ਨੂੰ ਕੋਈ ਸਾਥ ਚਾਹੀਦਾ ਸੀ। ਉਥੇ ਆਪਣੀ ਅਕਾਦਮਿਕਤਾ ਨੂੰ ਬਚਾਉਣ ਲਈ ਉਸ ਨੂੰ ਧਰਮ ਦੀ ਓਟ ਵੀ ਲੈਣੀ ਪੈ ਰਹੀ ਸੀ। ਬਹੁਤੀਆਂ ਅਮਰੀਕਨ ਯੂਨੀਵਰਸਿਟੀਆਂ ਵਿਚ ਧਰਮ ਦੇ ਆਸਰੇ ਸਾਡੀ ਭਾਸ਼ਾ ਦੇ ਵਿਭਾਗ ਚੱਲਦੇ ਹਨ। ਉਹ ਅਧਾਰਮਿਕ ਕਦੇ ਵੀ ਨਹੀਂ ਸੀ, ਪਰ ਉਸ ਤਰ੍ਹਾਂ ਦਾ ਧਾਰਮਿਕ ਵੀ ਨਹੀਂ ਸੀ, ਜਿਸ ਤਰ੍ਹਾਂ ਦਾ ਉਸ ਨੂੰ ਉਥੇ ਬਣਨਾ ਪੈ ਰਿਹਾ ਸੀ। ਉਸ ਨੇ ਮੇਰੇ ਪਾਸੋਂ ਕਦੇ ਕੁਝ ਨਹੀਂ ਮੰਗਿਆ; ਇਸ ਲਈ ਅਮਰੀਕਾ ਜਾਣ ਵਾਲੀ ਗੱਲ ਇਕ ਸੁਝਾਅ ਤਕ ਹੀ ਸੀਮਿਤ ਰਹੀ। ਹੁਣ ਪਿਛਾਂਹ ਝਾਤ ਮਾਰਦਾ ਹਾਂ ਤਾਂ ਮਹਿਸੂਸ ਹੁੰਦਾ ਹੈ ਕਿ ਅਸਲ ਵਿਚ ਇਹ ਉਸ ਦੀ ਮੰਗ ਹੀ ਸੀ, ਜਿਸ ਨੂੰ ਮੈਂ ਸਮਝ ਨਾ ਸਕਿਆ। ਸਮਝ ਜਾਂਦਾ ਤਾਂ ਸ਼ਾਇਦ ਸਵੀਕਾਰ ਕਰਨ ਦੀ ਕੋਸ਼ਿਸ਼ ਜ਼ਰੂਰ ਕਰਦਾ ਜਾਂ ਕਿਸੇ ਹੋਰ ਰੂਪ ਵਿਚ ਨਾਂਹ ਕਰਦਾ; ਦੋ ਟੁੱਕ ਨਾ ਕਰਦਾ। ਮੈਨੂੰ ਲੰਮਾ ਸਮਾਂ ਇਸ ਗੱਲ ਦਾ ਅਫ਼ਸੋਸ ਵੀ ਰਿਹਾ।

ਡਾਕਟਰ ਆਤਮਜੀਤ ਸਿੰਘ ਨੂੰ ਸ਼ਾਇਦ ਮੈਂ ਕੁਝ ਵੀ ਨਹੀਂ ਸੀ ਦੇ ਸਕਦਾ; ਪਰ ਉਹ ਮੇਰੇ 'ਤੇ ਬਹੁਤ ਮਾਣ ਕਰਦਾ ਸੀ। ਉਹ ਹੁੱਬ ਕੇ ਲੋਕਾਂ ਸਾਹਮਣੇ ਮੇਰੀਆਂ ਸਿਫ਼ਤਾਂ ਦੇ ਪੁਲ ਬੰਨ੍ਹਦਾ ਸੀ। ਮੈਂ ਵੀ ਉਸ ਨੂੰ ਰੱਜ ਕੇ ਪਿਆਰ ਕਰਦਾ ਸਾਂ। ਉਸ ਵਾਸਤੇ ਮੇਰੇ ਦਿਲ ਵਿਚ ਅਥਾਹ ਸਤਿਕਾਰ ਹੈ। ਮੈਨੂੰ ਨਹੀਂ ਯਾਦ ਕਿ ਉਸ ਨੇ ਮੈਨੂੰ ਕੋਈ ਵੀ ਕੰਮ ਕਿਹਾ ਹੋਵੇ ਤੇ ਉਹ ਮੈਂ ਨਾ ਕੀਤਾ ਹੋਵੇ। ਪਰ ਉਹ ਸਮਰੱਥ ਹੁੰਦਿਆਂ ਵੀ ਨੰਗਾਂ ਵਾਂਗ ਘੱਟ ਤੋਂ ਘੱਟ ਲੋੜਾਂ ਵਿਚ ਜਿਊਂਦਾ ਸੀ, ਮਲੰਗਾਂ ਵਾਂਗ ਤੁਰਦਾ ਸੀ ਤੇ ਨਿਹੰਗਾਂ ਵਾਂਗ ਲੋਕਾਂ ਨਾਲ ਪੰਗੇ ਲੈ ਕੇ ਬਹਿ ਜਾਂਦਾ ਸੀ, ਪਰ ਪੰਜਾਬੀ ਦੀ ਸੇਵਾ ਤੋਂ ਕਦੇ ਨਹੀਂ ਸੀ ਉੱਖੜਦਾ। ਉਹ ਲੋਕਾਂ ਦੀਆਂ ਨਕਲਾਂ ਲਾਹੁੰਦਾ ਸੀ, ਪਰ ਰੱਜ ਕੇ ਸ਼ਰੀਫ਼ ਬੰਦਾ ਸੀ; ਮੂੰਹ-ਜ਼ਬਾਨੀ ਜਿੰਨੇ ਮਰਜ਼ੀ ਲੇਖੇ ਕਰਦਾ ਫਿਰੇ, ਕਿਸੇ ਦਾ ਨੁਕਸਾਨ ਕਰਨਾ ਉਹਦੀ ਫ਼ਿਤਰਤ ਦਾ ਹਿੱਸਾ ਨਹੀਂ ਸੀ।

ਉਸ ਨੇ ਪੂਰੀ ਈਮਾਨਦਾਰੀ ਨਾਲ ਆਪਣੀ ਬੀਮਾਰ ਪਤਨੀ ਦੀ ਸੇਵਾ ਕੀਤੀ। ਉਹ ਲਗਪਗ ਅੰਤਲੇ ਦਮ ਤਕ ਦੋ ਬੱਸਾਂ ਬਦਲ ਕੇ ਹਸਪਤਾਲ ਵਿਚ ਪਈ ਬੇਸੁੱਧ ਪਤਨੀ ਨਾਲ 'ਗੱਲਾਂ' ਕਰਨ ਜਾਂਦਾ ਹੁੰਦਾ ਸੀ। ਉਸ ਦੇ ਅੰਤਲੇ ਦਿਨਾਂ ਵਿਚ ਮੈਨੂੰ ਭੈਣ ਜੀ ਦੀ ਬੀਮਾਰੀ ਦਾ ਪਤਾ ਲੱਗ ਗਿਆ ਸੀ। ਮੈਂ ਅਕਸਰ ਉਸ ਨੂੰ ਫ਼ੋਨ ਕਰ ਲੈਂਦਾ ਸਾਂ। ਉਹ ਡੋਲਿਆ ਜ਼ਰੂਰ ਹੋਇਆ ਸੀ, ਪਰ ਡਿੱਗਿਆ ਨਹੀਂ ਸੀ। ਉਸ ਨਾਲ ਮੇਰੀ ਆਖ਼ਰੀ ਮਿਲਣੀ ਫ਼ਰੀਮਾਂਟ ਦੇ ਕਿਸੇ ਸਾਹਿਤਕ ਸਮਾਗਮ ਦੌਰਾਨ 2009 ਵਿਚ ਹੋਈ ਸੀ। ਮੈਂ ਉਸ ਨੂੰ ਪੈਰੀਂ ਹੱਥ ਲਾ ਕੇ ਮਿਲਿਆ। ਉਹ ਆਪਣੇ ਸਾਥੀਆਂ ਵਿਚਕਾਰ ਮੇਰੇ 'ਤੇ ਬਹੁਤ ਮਾਣ ਕਰ ਰਿਹਾ ਸੀ; ਪਰ ਉਹਦੇ ਚਿਹਰੇ ਉੱਤੇ ਹਲਕੇ ਜਿਹੇ ਪਛਤਾਵੇ ਦੇ ਕੁਝ ਚਿੰਨ੍ਹ ਜ਼ਰੂਰ ਸਨ। ਉਸ ਨੇ ਮੈਨੂੰ ਇਹੋ ਆਖਿਆ, "ਤੂੰ ਚੰਗਾ ਕੀਤਾ ਅਮਰੀਕਾ ਨਹੀਂ ਆਇਆ; ਮੈਨੂੰ ਹੁਣ ਮਹਿਸੂਸ ਹੁੰਦਾ ਹੈ ਕਿ ਉਦੋਂ ਮੇਰੀ ਸਲਾਹ ਗ਼ਲਤ ਸੀ।" ਮੇਰੇ ਗੁਰੂ ਨੇ ਮੈਨੂੰ ਉਸ ਇੱਕੋ-ਇਕ ਪਛਤਾਵੇ ਵਿੱਚੋਂ ਵੀ ਬਾਹਰ ਕੱਢ ਲਿਆ, ਜਿਸ ਵਿਚ ਮੈਂ ਇਕ ਅਵੱਗਿਆ ਦੇ ਰੂਪ ਵਿਚ ਆਪਣੇ-ਆਪ ਨੂੰ ਸੁੱਟਿਆ ਹੋਇਆ ਸੀ।

ਰਹੀ ਪੰਜਾਬੀ ਵਿਆਕਰਣ ਦੀ ਕਿਤਾਬ ਦੇ ਕਈ ਸੰਸਕਰਣ ਛਾਪੇ ਅਤੇ ਵਿਦਿਆਰਥੀਆਂ ਨੂੰ ਉਸੇ ਰੇਟ 'ਤੇ ਵੇਚ ਦਿੱਤੀ, ਜਿਸ 'ਤੇ ਦੁਕਾਨਦਾਰਾਂ ਨੂੰ ਵੇਚੀ ਜਾਣੀ ਚਾਹੀਦੀ ਸੀ। ਜਿਹੜਾ ਬੋਰਡ ਉਸ ਦੇ ਆਉਣ ਤੋਂ ਪਹਿਲਾਂ ਲੰਗੜਾ ਸੀ ਅਤੇ ਜਾਣ ਤੋਂ ਕੁਝ ਹੀ ਸਾਲਾਂ ਬਾਅਦ ਪੂਰੀ ਤਰ੍ਹਾਂ ਅਪਾਹਜ ਹੋ ਕੇ ਬਹਿ ਗਿਆ ਸੀ। ਡਾਕਟਰ ਆਤਮਜੀਤ ਸਿੰਘ ਨੇ ਉਸ ਨੂੰ ਨਵੀਆਂ ਪੁਸਤਕਾਂ ਲਿਖਣ, ਵਰਕਸ਼ਾਪਾਂ ਲਾਉਣ, ਸੈਮੀਨਾਰ ਕਰਵਾਉਣ, ਲੈਕਚਰ ਸੁਣਨ-ਸੁਣਾਉਣ ਅਤੇ ਸ਼ਬਦਾਂ ਦੀ ਟਕਸਾਲ ਲਾਉਣ ਦਾ ਅੱਡਾ ਬਣਾ ਦਿੱਤਾ ਸੀ। ਇਹ ਬੋਰਡ ਪੰਜਾਬ ਅਤੇ ਪੰਜਾਬੀ ਦੇ ਕਹਿੰਦੇ-ਕਹਾਉਂਦੇ ਅਦਾਰਿਆਂ ਵਿਚ ਸ਼ਾਮਿਲ ਹੋ ਚੁੱਕਾ ਸੀ ਤੇ ਇਹ ਵੀ ਸੱਚ ਹੈ ਕਿ ਇਸ ਬੇਸਿਰ ਪੈਰ ਕੇਸ ਕਾਰਨ ਹੀ ਡਾਕਟਰ ਆਤਮਜੀਤ ਸਿੰਘ ਕੈਲੇਫ਼ੋਰਨੀਆ ਗਿਆ ਸੀ। ਸਿੱਖਿਆ ਦਾ ਗੂੰਗਾ-ਬੋਲਾ ਸਿਸਟਮ ਅੱਖਾਂ ਘੂਰ ਕੇ ਉਸ ਨੂੰ ਕਹਿ ਰਿਹਾ ਸੀ, "ਤੂੰ ਕੌਣ ਹੁੰਦੈਂ ਆਪਣੀ ਮਰਜ਼ੀ ਨਾਲ ਪੰਜਾਬੀ ਦਾ ਵਿਕਾਸ ਕਰਨ ਵਾਲਾ ? ਏਸ ਦੇਸ਼ ਵਿਚ ਵਿਕਾਸ ਏਸ ਤਰ੍ਹਾਂ ਨਹੀਂ ਹੁੰਦੇ; ਈਮਾਨਦਾਰੀ ਨਾਲ ਕੰਮ ਕਰਨੈਂ ਤਾਂ ਅਮਰੀਕਾ ਜਾਹ !"

ਜਦੋਂ ਮੈਂ ਪਹਿਲੀ ਵਾਰ ਟਰਾਂਟੋ ਵਿਚ ਨਾਟਕ ਖੇਡਣ ਗਿਆ ਤਾਂ ਉਸ ਦੀ ਇੱਛਾ ਸੀ ਕਿ ਮੈਂ ਯੂਨੀਵਰਸਿਟੀ ਆਫ਼ ਕੈਲੇਫ਼ੋਰਨੀਆ ਵਿਚ ਉਸ ਦੇ ਵਿਦਿਆਰਥੀਆਂ ਨਾਲ ਗੱਲਬਾਤ ਕਰਾਂ। ਉਸ ਨੇਂ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੇ ਕੋਰਸ ਵਿਚ ਮੇਰਾ ਨਾਟਕ 'ਰਿਸ਼ਤਿਆਂ ਦਾ ਕੀ ਰੱਖੀਏ ਨਾਂ' ਵੀ ਪਾਠਕ੍ਰਮ ਵਿਚ ਨਿਰਧਾਰਤ ਕੀਤਾ ਹੋਇਆ ਸੀ। ਮੈਂ ਉਸ ਦੇ ਵਿਦਿਆਰਥੀਆਂ ਨੂੰ ਮਿਲ ਕੇ ਮਹਿਸੂਸ ਕੀਤਾ ਕਿ ਡਾਕਟਰ ਆਤਮਜੀਤ ਸਿੰਘ ਦੇ ਸੁਭਾਅ ਜਿਹਾ ਪ੍ਰਾਧਿਆਪਕ ਹੀ ਉਹਨਾਂ ਨੂੰ ਮਨਜ਼ੂਰ ਹੋ ਸਕਦਾ ਸੀ। ਹੋਰ ਕੋਈ ਵੀ ਹੁੰਦਾ ਤਾਂ ਆਪਣੀ ਹਉਮੈ ਜਾਂ ਭਾਸ਼ਾਈ ਸੰਚਾਰ-ਹੀਣਤਾ ਦੇ ਦਬਾਅ ਹੇਠ ਪੜ੍ਹਾਉਣਾ ਛੱਡ ਕੇ ਸਕਿਉਰਿਟੀ ਦੀ ਜਾਬ ਲੱਭਣ ਤੁਰ ਗਿਆ ਹੁੰਦਾ। ਬਰਕਲੀ ਵਿਚ ਹਾਲਤ ਇਹ ਸੀ ਕਿ ਇਕ ਚੀਨਣ ਵੀ ਉਸ ਦੀ ਪੰਜਾਬੀ ਕਲਾਸ ਦੀ ਵਿਦਿਆਰਥਣ ਸੀ, ਪਰ ਮੈਂ ਹੈਰਾਨ ਸਾਂ ਕਿ ਮੇਰੀ ਪੀਐੱਚ.ਡੀ. ਦੀ ਤਰ੍ਹਾਂ ਇਕ ਵਾਰ ਫੇਰ ਉਹ ਮੇਰੇ 'ਤੇ ਬਹੁਤ ਜ਼ਿਆਦਾ ਦਬਾਅ ਪਾ ਰਿਹਾ ਸੀ ਕਿ ਮੈਂ ਵੀ ਉਹਦੀ ਯੂਨੀਵਰਸਿਟੀ ਵਿਚ ਇਕ ਪਾਰਟ ਟਾਈਮ ਪੁਜ਼ੀਸ਼ਨ ਉੱਤੇ ਆ ਜਾਵਾਂ; ਉਸ ਨੂੰ ਉਮੀਦ ਸੀ ਕਿ ਉਹ ਪਾਰਟ ਟਾਈਮ ਆਸਾਮੀ ਹੌਲੀ-ਹੌਲੀ ਪੂਰੀ ਪੁਜ਼ੀਸ਼ਨ ਵਿਚ ਬਦਲ ਜਾਵੇਗੀ। ਮੈਂ ਸਪੱਸ਼ਟ ਰੂਪ ਵਿਚ ਨਾਂਹ ਕਰ ਦਿੱਤੀ, ਕਿਉਂਕਿ ਭਾਸ਼ਾ ਪੜ੍ਹਾਉਣਾ ਮੇਰਾ ਵਿਸ਼ਾ ਨਹੀਂ ਸੀ। ਪਰ ਮੈਂ ਹੈਰਾਨ ਸਾਂ ਕਿ ਮੇਰੇ 'ਤੇ ਏਨਾ ਜ਼ੋਰ ਕਿਉਂ ਪਾਇਆ ਜਾ ਰਿਹਾ ਹੈ ! ਮੈਂ ਸੋਚਦਾ ਸਾਂ ਜਿਸ ਆਤਮਜੀਤ ਸਿੰਘ ਨੇ ਪੰਜਾਬੀ ਵਾਸਤੇ ਇੰਨਾ ਕੁਝ ਕੀਤਾ, ਉਸਨੂੰ ਪੰਜਾਬ ਨਹੀਂ ਸੀ ਛੱਡਣਾ ਚਾਹੀਦਾ। ਉਸ ਦੇ ਖ਼ਿਲਾਫ਼ ਕੇਸ ਵਿਚ ਕੋਈ ਦਮ ਨਹੀਂ ਸੀ; ਉਸ ਨੇ ਤਾਂ ਆਪਣੀ ਮੌਤੇ ਮਰਨਾ ਹੀ ਸੀ, ਸਾਡਾ ਡਾਕਟਰ ਕਿਉਂ ਅਮਰੀਕਾ ਤੁਰ ਗਿਆ। ਉਸ ਕੇਸ ਦਾ ਇਕ ਭਰਾ ਅਤੇ ਭੈਣ ਜ਼ਰੂਰ ਅਮਰੀਕਾ ਵਿਚ ਸੀ, ਪਰ ਡਾਕਟਰ ਆਤਮਜੀਤ ਸਿੰਘ ਆਪਣੇ ਬੱਲ-ਬੂਤੇ 'ਤੇ ਹਿੰਦੁਸਤਾਨ ਵਿਚ ਜੀ ਸਕਦਾ ਸੀ। ਇਥੇ ਉਸ ਕੋਲ ਸਾਧਨਾਂ ਦੀ ਘਾਟ ਨਹੀਂ ਸੀ, ਬਲਕਿ ਅਮਰੀਕਾ ਵਿਚ ਉਹ ਗ਼ਰੀਬ ਪ੍ਰਾਧਿਆਪਕ ਸੀ। ਮੈਨੂੰ ਹੁਣ ਮਹਿਸੂਸ ਹੁੰਦਾ ਹੈ ਕਿ ਉਦੋਂ ਡਾਕਟਰ

ਸ਼ੈਲੀ ਵਿਗਿਆਨਕ ਅਧਿਐਨ ਅਤੇ ਭਾਸ਼ਾ-ਵਿਗਿਆਨ

ਸਾਹਿਤ ਰਚਨਾ ਭਾਸ਼ਾ ਉਪਰ ਨਿਰਭਰ ਹੁੰਦੀ ਹੈ। ਇਹ ਭਾਸ਼ਾ ਦੁਆਰਾ ਰਚੀ ਜਾਂਦੀ ਹੈ ਅਤੇ ਰਚੇ ਜਾਣ ਤੋਂ ਪਿੱਛੋਂ ਆਪਣੇ ਮਾਧਿਅਮ ਤੋਂ ਪਾਰ ਚਲੀ ਜਾਂਦੀ ਹੈ। ਇਸੇ ਕਰਕੇ ਸਾਹਿਤ ਰਚਨਾ ਦੀ ਕਿਰਿਆ ਨੂੰ ਪਾਰਗਾਮੀ ਕਿਰਿਆ ਕਿਹਾ ਗਿਆ ਹੈ। ਅਸਲ ਵਿਚ ਭਾਸ਼ਾ ਵੱਖੋ-ਵੱਖਰੇ ਪੱਧਰਾਂ ਉੱਤੇ ਵੱਖੋ-ਵੱਖਰੇ ਪ੍ਰਕਾਰਜ ਨਿਬਾਹੁੰਦੀ ਹੈ। ਸਾਹਿਤ ਰਚਨਾ ਵਿਚ ਭਾਸ਼ਾ ਦੇ ਪ੍ਰਕਾਰਜ ਆਮ ਵਿਹਾਰਕ ਭਾਸ਼ਾ ਨਾਲੋਂ ਭਿੰਨ ਹੋ ਜਾਂਦੇ ਹਨ, ਜਿਨ੍ਹਾਂ ਨੂੰ ਸਮਝਣ ਲਈ ਭਾਸ਼ਾ-ਵਿਗਿਆਨ ਦੇ ਸਿਧਾਂਤ ਅਤੇ ਸੰਕ੍ਰਿਆਵਾਂ ਸਾਡੀ ਸਹਾਇਤਾ ਕਰ ਸਕਦੇ ਹਨ। ਆਧੁਨਿਕ ਭਾਸ਼ਾ-ਵਿਗਿਆਨ ਨੇ ਸਾਨੂੰ ਕਈ ਮਾਡਲ ਮੁਹੱਈਆ ਕੀਤੇ ਹਨ, ਜਿਨ੍ਹਾਂ ਦੀ ਮਦਦ ਨਾਲ ਰਚਨਾ ਪ੍ਰਕਿਰਿਆ, ਸਾਹਿੱਤ ਸੰਚਾਰ ਅਤੇ ਸਾਹਿਤ ਦੇ ਵਿਲੱਖਣ ਵਜੂਦ ਨੂੰ ਸਮਝਣ ਲਈ ਸਾਡੀ ਯੋਗਤਾ ਵਿਚ ਵਾਧਾ ਹੋਇਆ ਹੈ। ਹੁਣ ਤਕ ਸਾਹਿਤ ਵਿਚ ਸ਼ੈਲੀ ਬਾਰੇ ਸਾਡੀ ਚਲੀ ਆ ਰਹੀ ਚਰਚਾ ਵੀ ਅਰਥਹੀਣ ਹੋ ਗਈ ਹੈ, ਕਿਉਂਕਿ ਭਾਸ਼ਾ-ਵਿਗਿਆਨ ਦੁਆਰਾ ਪ੍ਰਾਪਤ ਗਿਆਨ ਦੀ ਮਦਦ ਨਾਲ ਜਦੋਂ ਅਸੀਂ ਸ਼ੈਲੀ ਨੂੰ ਸਮਝਣਾ-ਸਮਝਾਉਣਾ ਸ਼ੁਰੂ ਕੀਤਾ ਹੈ ਤਾਂ ਸਾਡੀ ਇਸ ਮਸਲੇ ਬਾਰੇ ਧਾਰਨਾ ਹੀ ਬਦਲ ਗਈ ਹੈ। ਅੱਗੇ ਸ਼ੈਲੀ ਕਿਸੇ ਵਿਅਕਤੀ ਦੀ ਸ਼ਖ਼ਸ਼ੀਅਤ ਨਾਲ ਸੰਬੰਧਿਤ ਕੀਤੀ ਜਾਂਦੀ ਸੀ ਅਤੇ ਰਚਨਾ ਵਿਚ ਇਸ ਨੂੰ ਲੇਖਕ ਦੀ ਸ਼ਖ਼ਸੀਅਤ ਬਾਰੇ ਪਹਿਲਾਂ ਤੋਂ ਨਿਸਚਿਤ ਕੀਤੇ ਕੁਝ ਲੱਛਣਾਂ ਦੀ ਰੌਸ਼ਨੀ ਵਿਚ ਘਟਾਇਆ ਜਾਂਦਾ ਸੀ। ਦੂਜੇ ਸ਼ੈਲੀ ਨੂੰ ਰਚਨਾ ਦੇ ਵਸਤੂ ਨਾਲੋਂ ਵੱਖਰੀ ਹੋਂਦ ਸਮਝਿਆ ਜਾਂਦਾ ਸੀ ਅਤੇ ਰਚਨਾ ਨੂੰ ਉਸ ਦੀ ਸ਼ੈਲੀ ਅਤੇ ਉਸ ਵਿਚਲੇ ਸੁਨੇਹੇ ਦੇ ਦ੍ਵੈਤ ਰਾਹੀਂ ਪੇਸ਼ ਕੀਤਾ ਜਾਂਦਾ ਸੀ। ਪਰ ਭਾਸ਼ਾ-ਵਿਗਿਆਨ ਦੁਆਰਾ ਪ੍ਰਾਪਤ ਅੰਤਰ-ਦ੍ਰਿਸ਼ਟੀ ਨੇ ਕਿਸੇ ਕਿਰਤ ਨੂੰ ਇਕ ਅਖੰਡ ਅਟੁੱਟ ਭਾਸ਼ਕ ਇਕਾਈ ਦੇ ਰੂਪ ਵਿਚ ਗ੍ਰਹਿਣ ਕਰਨ ਲਈ ਪਹਿਲੀ ਵਾਰੀ ਆਧਾਰ ਕਾਇਮ ਕੀਤੇ।

ਭਾਸ਼ਾ-ਵਿਗਿਆਨਕ ਵਿਧੀ ਨੇ ਸ਼ੈਲੀ ਨੂੰ ਕਿਸੇ ਰਚਨਾ ਦੇ ਦੂਜੀਆਂ ਰਚਨਾਵਾਂ ਨਾਲ ਰਲਦੇ ਗੁਣਾਂ ਦੇ ਪਿਛੋਕੜ ਵਿਚ ਵਿਲੱਖਣ ਗੁਣਾਂ ਦੀ ਪਛਾਣ ਦੇ ਰੂਪ ਵਿਚ ਵੇਖਣ ਦਾ ਰਾਹ ਖੋਲ੍ਹਿਆ। ਇਸ ਦ੍ਰਿਸ਼ਟੀ ਤੋਂ ਸ਼ੈਲੀ ਇਕ ਪ੍ਰਕਾਰ ਦੀ ਭਾਸ਼ਾ ਦੀ ਆਮ ਵਰਤੋਂ ਦੇ ਤਨਾਉ ਵਿਚ ਭਾਸ਼ਾ ਦਾ ਵਿਲੱਖਣ ਪ੍ਰਯੋਗ ਮੰਨੀ ਜਾ ਸਕਦੀ ਹੈ।

ਸਾਹਿਤ ਰਚਨਾ ਇਕ ਭਾਸ਼ਕ ਘਾੜਤ ਹੁੰਦਿਆਂ ਹੋਇਆਂ ਵੀ ਇਹ ਭਾਸ਼ਾ ਤੋਂ ਵੱਧ ਕੁਝ ਹੋਰ ਹੈ। ਭਾਸ਼ਾ ਰਾਹੀਂ ਹੀ ਇਹ ਭਾਸ਼ਾ ਤੋਂ ਪਾਰ ਜਾਣ ਦਾ ਜਤਨ ਕਰਦੀ ਹੈ। ਸਾਹਿਤ ਰਚਨਾ ਸ਼ਬਦਾਂ ਦੁਆਰਾ ਘੜੀ ਜਾਣ ਦੇ ਬਾਵਜੂਦ ਇਸ ਵਿਚ ਬਹੁਤ ਕੁਝ ਅਜਿਹਾ ਹੁੰਦਾ ਹੈ, ਜੋ ਭਾਸ਼ਕ ਨਹੀਂ ਹੁੰਦਾ। ਅਸੀਂ ਨਾਵਲ ਦੀ ਉਦਾਹਰਣ ਲੈ

ਮੈਂ ਉਸ ਪਾਸੋਂ ਇਸ ਵਾਕ ਦੀ ਵਿਆਖਿਆ ਨਹੀਂ ਮੰਗੀ। ਮੈਂ ਉਸ ਦੇ ਦੁੱਖ ਨੂੰ ਵਧਾਉਣਾ ਨਹੀਂ ਸੀ ਚਾਹੁੰਦਾ। ਉਸ ਦੇ ਚਿਹਰੇ ਦੀ 'ਭਾਸ਼ਾ', ਉਸ ਦੇ ਬੋਲਾਂ ਦੀ ਸ਼ੈਲੀ, ਉਸ ਦਾ 'ਪੈਰੋਲ', ਉਸ ਦਾ 'ਅਦਾਕਾਰ', ਪਛਤਾਵੇ ਦਾ 'ਅਗਰਭੂਮਨ', ਸਾਰੀ ਟੈਕਸਟ ਦਾ 'ਪ੍ਰਵਚਨ' ਤੇ 'ਚਿਹਨਾਰਥ' ਬਹੁਤ ਸਪੱਸ਼ਟ ਸੀ।

ਮੈਨੂੰ ਮਾਣ ਹੈ ਕਿ ਮੈਂ ਡਾਕਟਰ ਆਤਮਜੀਤ ਸਿੰਘ ਦਾ ਵਿਦਿਆਰਥੀ ਹਾਂ, ਜਿਸ ਨੂੰ ਉਸ ਨੇ ਇਕ ਇੱਜ਼ਤ ਭਰੀ ਦੋਸਤੀ ਦਾ ਦਰਜਾ ਦਿੱਤਾ। ਉਹ ਅੱਜ ਜੀਵਿਤ ਨਹੀਂ ਹੈ; ਪਰ ਉਸ ਦੀ ਈਮਾਨਦਾਰੀ, ਸੁਹਿਰਦਤਾ, ਜ਼ਿੰਦਾਦਿਲੀ ਅਤੇ ਮਿਸ਼ਨ ਨੂੰ ਜ਼ਿੰਦਾ ਰੱਖਣਾ ਸਾਡੀ ਆਪਣੀ ਲੋੜ ਹੈ।

—ਆਤਮਜੀਤ (ਨਾਟਕਕਾਰ)

ਹੈ ਅਤੇ ਇਕ ਭਾਸ਼ਾ ਸਿਸਟਮ ਦੇ ਰੂਪ ਵਿਚ ਆਮ ਵਿਹਾਰਕ ਭਾਸ਼ਾ ਨਾਲੋਂ ਭਿੰਨ ਹੋ ਜਾਂਦਾ ਹੈ।

ਸਾਹਿਤ ਨੂੰ ਅਸੀਂ ਇਕ ਵਿਲੱਖਣ ਪ੍ਰਕਾਰ ਦੀ ਭਾਸ਼ਾ ਮੰਨ ਸਕਦੇ ਹਾਂ। ਇਸ ਭਾਸ਼ਾ ਨੂੰ ਆਮ ਵਿਹਾਰਕ ਭਾਸ਼ਾ ਰਾਹੀਂ ਹੀ ਰਚਿਆ ਜਾਂਦਾ ਹੈ। ਆਮ ਭਾਸ਼ਾ ਸਾਹਿਤ ਦਾ ਮਾਨੋ ਜਨਨੀ ਤੱਤ (mother element) ਹੈ, ਪਰ ਇਹ ਭਾਸ਼ਾ ਘਾੜਤ ਹੋਣ ਦੇ ਬਾਵਜੂਦ ਇਕ ਅਭਾਸ਼ਕ ਸਿਰਜਣਾ ਹੈ। ਅਸੀਂ ਇਹ ਕਹਿ ਸਕਦੇ ਹਾਂ ਕਿ ਕੋਈ ਸਾਹਿਤ ਰਚਨਾ ਇਕ ਪਾਠ ਵੀ ਹੈ ਅਤੇ ਨਾਲ ਹੀ ਪ੍ਰਵਚਨ ਵੀ। ਜਦੋਂ ਅਸੀਂ ਰਚਨਾ ਦੀ ਕੇਵਲ ਭਾਸ਼ਾ ਦਾ ਵਿਸ਼ਲੇਸ਼ਣ ਕਰਦੇ ਹਾਂ ਤਾਂ ਅਸੀਂ ਇਕ ਤਰ੍ਹਾਂ ਨਾਲ ਉਸ ਦੇ ਪਾਠ ਉਪਰ ਧਿਆਨ ਕੇਂਦ੍ਰਿਤ ਕਰ ਰਹੇ ਹੁੰਦੇ ਹਾਂ, ਪਰ ਜਦੋਂ ਅਸੀਂ ਇਸ ਦੇ ਅਭਾਸ਼ਕ ਜਾਂ ਭਾਸ਼ਾ ਪਾਰਲੇ ਪੱਖਾਂ ਉਪਰ ਵਿਚਾਰ ਕਰ ਰਹੇ ਹੋਈਏ ਤਾਂ ਅਸੀਂ ਇਸ ਦੇ ਪ੍ਰਵਚਨ ਪੱਖ ਨੂੰ ਵੇਖ ਰਹੇ ਹੋਵਾਂਗੇ। ਪਾਠ ਅਤੇ ਪ੍ਰਵਚਨ ਦਾ ਆਪਸੀ ਸੰਬੰਧ ਸਮਾਨ ਧਰਮੀ ਹੈ। ਸਾਹਿਤ ਸਮੀਖਿਆ ਦੇ ਖੇਤਰ ਵਿਚ ਕੁਝ ਚਿੰਤਕ ਅਜਿਹੇ ਹਨ, ਜੋ ਇਹ ਮੰਨਦੇ ਹਨ ਕਿ ਸਾਹਿਤ ਰਚਨਾ ਦਾ ਅਧਿਐਨ ਕੇਵਲ ਭਾਸ਼ਾ ਵਿਸ਼ਲੇਸ਼ਣ ਦੇ ਪੱਧਰ ਉੱਤੇ ਕੀਤਾ ਜਾ ਸਕਦਾ ਹੈ। ਕੁਝ ਅਜਿਹੇ ਵੀ ਹਨ, ਜੋ ਇਹ ਕਹਿੰਦੇ ਹਨ ਕਿ ਸਾਹਿਤ ਦਾ ਅਧਿਐਨ ਨਿਰੋਲ ਭਾਸ਼ਾ-ਵਿਗਿਆਨ ਵਿਸ਼ਲੇਸ਼ਣ ਦੇ ਪੱਧਰ ਉੱਤੇ ਨਹੀਂ ਕੀਤਾ ਜਾ ਸਕਦਾ। ਇਸ ਲਈ ਭਾਸ਼ਾ ਵਿਗਿਆਨੀ ਨਹੀਂ, ਸਗੋਂ ਇਕ ਸਾਹਿਤ ਸਮੀਖਿਆਕਾਰ ਹੀ ਸਾਹਿਤ ਰਚਨਾ ਦਾ ਯੋਗ ਅਧਿਐਨ ਕਰ ਸਕਦਾ ਹੈ। ਇਹਨਾਂ ਦੋਹਾਂ ਪ੍ਰਕਾਰ ਦੇ ਚਿੰਤਕਾਂ ਤੋਂ ਬਿਨਾਂ ਇਕ ਤੀਜੀ ਪ੍ਰਕਾਰ ਦੇ ਵਿਚਾਰਵਾਨਾਂ ਅਨੁਸਾਰ ਸਾਹਿਤਕ ਅਧਿਐਨ ਕੇਵਲ ਭਾਸ਼ਾ ਵਿਸ਼ਲੇਸ਼ਣ ਦੇ ਪੱਧਰ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ, ਪਰ ਭਾਸ਼ਾ-ਵਿਗਿਆਨ ਦੇ ਸੰਦਾਂ, ਅੰਤਰ-ਸੋਝੀਆਂ ਅਤੇ ਵਿਧੀਆਂ ਦੀ ਸਹਾਇਤਾ ਨਾਲ ਸਾਹਿਤ ਰਚਨਾ ਦੇ ਬਹੁ-ਪਰਤਾਂ ਵਾਲੇ ਚਰਿੱਤਰ ਨੂੰ ਉਘਾੜਿਆ ਜਾ ਸਕਦਾ ਹੈ। ਇਸ ਪ੍ਰਕਾਰ ਦੇ ਚਿੰਤਕ ਭਾਸ਼ਾ ਅਤੇ ਸਾਹਿਤ ਜਾਂ ਪਾਠ ਅਤੇ ਪ੍ਰਵਚਨ ਦੇ ਵਿਚ ਸਮਾਨ ਧਰਮ ਦਾ ਸੰਬੰਧ ਸਥਾਪਤ ਕਰਦੇ ਹਨ।

ਸਾਹਿਤ ਰਚਨਾ ਇਕ ਪਾਠ ਦੇ ਰੂਪ ਵਿਚ ਗ੍ਰਹਿਣ ਕੀਤੀ ਜਾਣ ਦੀ ਸੂਰਤ ਵਿਚ ਸਾਡੇ ਸਾਹਮਣੇ ਇਕ ਭਾਸ਼ਾ-ਘਾੜਤ ਪੇਸ਼ ਕਰਦੀ ਹੈ। ਇਹ ਭਾਸ਼ਾ-ਘਾੜਤ ਆਮ ਬੋਲਚਾਲ ਦੀ ਭਾਸ਼ਾ ਤੋਂ ਕਿਵੇਂ ਨਿੱਖੜਵੀ ਹੈ ? ਇਸ ਦੇ ਉੱਤਰ ਵਿਚ ਇਹ ਕਿਹਾ ਜਾਂਦਾ ਹੈ ਕਿ ਅਜਿਹੀ ਭਾਸ਼ਾ ਘਾੜਤ ਆਮ ਭਾਸ਼ਾ ਦੇ ਪ੍ਰਤਿਮਾਨ ਤੋਂ ਵਿਚਲਨ (deviation) ਪ੍ਰਾਪਤ ਕਰਦੀ ਹੈ। ਪਰ ਇਸ ਵਿਚਲਨ ਨੂੰ ਕਿਸੇ ਸਾਹਿਤ ਰਚਨਾ ਵਿਚ ਪਛਾਨਣਾ ਖ਼ਾਸਾ ਮੁਸ਼ਕਿਲ ਹੁੰਦਾ ਹੈ। ਆਮ ਤੌਰ 'ਤੇ ਸਾਹਿਤ ਰਚਨਾ ਵਿਚ ਆਮ ਵਿਹਾਰਕ ਭਾਸ਼ਾ ਦਾ ਮੁਹਾਵਰਾ ਹੀ ਵਰਤਿਆ ਗਿਆ ਹੁੰਦਾ ਹੈ। ਜਿਵੇਂ :

ਵੈਰੀ ਨਾਗ ਤੇਰਾ ਪਹਿਲਾ ਝਲਕਾ
ਜਦ ਅੱਖੀਆਂ ਵਿਚ ਵਜਦਾ
ਕੁਦਰਤ ਦੇ ਕਾਦਰ ਦਾ ਜਲਵਾ
ਲੈ ਲੈਂਦਾ ਇਕ ਸਜਦਾ

ਸਕਦੇ ਹਾਂ। ਇਹ ਸ਼ਬਦਾਂ ਰਾਹੀਂ ਰਚਿਆ ਬ੍ਰਿਤਾਂਤ ਹੋਣ ਦੇ ਬਾਵਜੂਦ ਕਥਾਨਕ ਦੁਆਰਾ ਨਿਯੰਤ੍ਰਿਤ ਹੁੰਦਾ ਹੈ। ਇਸੇ ਤਰ੍ਹਾਂ ਨਾਵਲ ਵਿਚ ਘੜੇ ਗਏ ਵਿਅਕਤੀ ਜਾਂ ਪਾਤਰ ਆਪਣੇ ਚਰਿੱਤਰ ਵਿਚ ਗ਼ੈਰ-ਭਾਸ਼ਕ ਹੁੰਦੇ ਹਨ। ਹਰ ਨਜ਼ਮ, ਨਾਵਲ, ਕਹਾਣੀ ਅਤੇ ਨਾਟਕ ਵਿਚ ਕੋਈ ਨਾ ਕੋਈ ਦ੍ਰਿਸ਼ਟੀਕੋਣ ਮਿਲਦਾ ਹੈ, ਜਿਸ ਨੂੰ ਕਿਸੇ ਤਰ੍ਹਾਂ ਭਾਸ਼ਾ ਵਿਚ ਬੱਝਾ ਹੋਇਆ ਨਹੀਂ ਮੰਨਿਆ ਜਾ ਸਕਦਾ। ਇਸ ਤਰ੍ਹਾਂ ਕੋਈ ਸਾਹਿਤ ਰਚਨਾ ਭਾਸ਼ਾ ਦੇ ਮਾਧਿਅਮ ਨਾਲ ਰਚੀ ਗਈ ਹੋਣ ਦੇ ਬਾਵਜੂਦ ਇਸ ਵਿਚ ਬਹੁਤ ਸਾਰੇ ਤੱਤ ਅਜਿਹੇ ਹਨ, ਜੋ ਭਾਸ਼ਾ ਤੋਂ ਪਾਰਲੇ ਮੰਨੇ ਜਾ ਸਕਦੇ ਹਨ। ਇਸੇ ਕਰਕੇ ਹੀ ਰਚਨਾ ਦੇ ਕਿਸੇ ਪਰਿਭਾਸ਼ਕ ਲੱਛਣ ਉਪਰ ਇਕਦਮ ਉਂਗਲ ਟਿਕਾਉਣੀ ਸੌਖੀ ਨਹੀਂ ਹੁੰਦੀ। ਸਾਹਿਤ ਦੇ ਮਰਮ ਨੂੰ ਜਾਣਨ ਵਾਲੇ ਬੜੀ ਵਾਰੀ ਇਹੋ ਹੀ ਕਹਿੰਦੇ ਹਨ ਕਿ ਕਿਸੇ ਰਚਨਾ ਦੀ ਸ਼ੈਲੀ ਨੂੰ ਸਿੱਧੇ ਤੌਰ 'ਤੇ ਪਛਾਨਣਾ ਬੜਾ ਮੁਸ਼ਕਿਲ ਹੈ। ਬਹੁਤ ਸਾਰੇ ਸ਼ੈਲੀ-ਵਿਗਿਆਨੀ ਇਹ ਮੰਨਦੇ ਹਨ ਕਿ ਸਾਹਿਤ ਵਿਚ ਸ਼ੈਲੀ ਵਰਗਾ ਕੋਈ ਤੱਤ ਹੁੰਦਾ ਹੀ ਨਹੀਂ। ਉਹਨਾਂ ਦਾ ਕਹਿਣਾ ਹੈ ਕਿ ਸ਼ੈਲੀ ਈਥਰ ਵਰਗਾ ਤੱਤ ਹੈ, ਜਿਸ ਨੂੰ ਦੇਖਿਆ ਹੀ ਨਹੀਂ ਜਾ ਸਕਦਾ। ਇਸ ਦਾ ਵੱਡਾ ਕਾਰਨ ਇਹੋ ਹੀ ਹੈ ਕਿ ਸਾਹਿਤ ਰਚਨਾ ਭਾਸ਼ਾ ਰਾਹੀਂ ਘੜੀ ਗਈ ਹੋਣ ਦੇ ਬਾਵਜੂਦ ਭਾਸ਼ਾ ਤੋਂ ਪਾਰ ਚਲੀ ਜਾਂਦੀ ਹੈ।

ਹੁਣ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਆਧੁਨਿਕ ਭਾਸ਼ਾ-ਵਿਗਿਆਨ ਸਾਹਿਤ ਰਚਨਾ ਵੱਲ ਯੋਗ ਪਹੁੰਚ ਕਾਇਮ ਕਰਨ ਵਿਚ ਸਾਡੀ ਕਿਵੇਂ ਸਹਾਇਤਾ ਕਰਦਾ ਹੈ ? ਇਹ ਸਾਡੀ ਭਾਸ਼ਾ ਬਾਰੇ ਧਾਰਨਾ ਨੂੰ ਵਧੇਰੇ ਵਿਆਪਕ ਬਣਾ ਕੇ ਰਚਨਾ ਨੂੰ ਸਮਝਣ ਵਿਚ ਸਹਾਇਕ ਹੁੰਦਾ ਹੈ। ਇਹ ਵਿਆਪਕ ਧਾਰਨਾ ਸਾਹਿਤ ਨੂੰ ਇਕ ਚਿਹਨ-ਘਾੜਤ ਦੇ ਰੂਪ ਵਿਚ ਵੇਖਣ ਦਾ ਮਸ਼ਵਰਾ ਦੇਂਦੀ ਹੈ। ਇਸ ਦ੍ਰਿਸ਼ਟੀ ਬਿੰਦੂ ਤੋਂ ਸਾਹਿਤ ਰਚਨਾ ਕਿਸੇ ਸੰਸਕ੍ਰਿਤੀ ਦੀਆਂ ਭਿੰਨ-ਭਿੰਨ ਘਾੜਤਾਂ ਵਿੱਚੋਂ ਇਕ ਹੈ, ਜੋ ਸਭ ਆਪੋ-ਆਪਣੀ ਪ੍ਰਕਾਰ ਦੀਆਂ ਭਾਸ਼ਾਵਾਂ ਮੰਨੀਆਂ ਜਾ ਸਕਦੀਆਂ ਹਨ। ਇਉਂ ਸਾਹਿਤ ਵੀ ਇਕ ਪ੍ਰਕਾਰ ਦਾ ਭਾਸ਼ਾ ਸਿਸਟਮ ਹੈ, ਜਿਸ ਨੂੰ ਅਸੀਂ ਇਸ ਦੇ ਆਪਣੇ ਨੇਮਾਂ ਅਤੇ ਵਿਧਾਨ ਅਨੁਸਾਰ ਗ੍ਰਹਿਣ ਕਰ ਸਕਦੇ ਹਾਂ। ਭਾਸ਼ਾ ਆਪਣੇ ਸਾਧਾਰਨ ਰੂਪ ਵਿਚ ਸੰਚਾਰ ਦਾ ਕੰਮ ਕਰਦੀ ਹੈ। ਭਾਸ਼ਾ ਰਾਹੀਂ ਰਚਿਆ ਗਿਆ ਸਾਹਿਤ ਜੋ ਇਕ ਪ੍ਰਕਾਰ ਦੀ ਦੂਜੈਲੀ ਭਾਸ਼ਾ ਰਚਨਾ ਹੈ, ਵੀ ਸੰਚਾਰ ਕਰਦੀ ਹੈ, ਪਰ ਸੰਚਾਰ ਕਰਨਾ ਇਸ ਦਾ ਪਰਿਭਾਸ਼ਕ ਲੱਛਣ ਨਹੀਂ। ਇਕ ਹੋਰ ਗੱਲ ਜੋ ਸਾਹਿਤ ਨੂੰ ਆਮ ਭਾਸ਼ਾ ਤੋਂ ਨਿਖੇੜਦੀ ਹੈ, ਉਹ ਹੈ, ਸਾਹਿਤ ਦੇ ਵਸਤੂ ਅਤੇ ਰੂਪ ਦਾ ਅਦ੍ਵੈਤ। ਜਿਥੇ ਆਮ ਭਾਸ਼ਾ ਵਿਚ ਸੰਚਾਰ ਰੂਪ ਅਤੇ ਵਸਤੂ ਦੇ ਦ੍ਵੈਤ ਉੱਤੇ ਆਧਾਰਤ ਹੁੰਦਾ ਹੈ, ਸਾਹਿਤ ਰਚਨਾ ਵਿਚ ਇਹ ਦ੍ਵੈਤ ਸੰਭਵ ਨਹੀਂ ਹੁੰਦਾ। ਆਮ ਬੋਲਚਾਲ ਵਿਚ ਅਸੀਂ ਗੱਲਬਾਤ ਕਰਦੇ ਹਾਂ। ਆਪਣਾ ਸੁਨੇਹਾ ਦੇ ਲੈਣ ਤੋਂ ਪਿੱਛੇ ਵਰਤੇ ਗਏ ਸਾਡੇ ਉਚਾਰ ਜਾਂ ਲਿਖਤ ਸ਼ਬਦ ਇਕ ਤਰ੍ਹਾਂ ਨਾਲ ਬੇਅਰਥ ਹੋ ਜਾਂਦੇ ਹਨ। ਜਦੋਂ ਇਕ ਵਾਰੀ ਵਾਕਾਂ ਦੁਆਰਾ ਦਿੱਤਾ ਗਿਆ ਸੰਦੇਸ਼ ਵਕਤੇ ਦੁਆਰਾ ਸਰੋਤੇ ਕੋਲ ਪਹੁੰਚ ਗਿਆ ਤਾਂ ਉਹ ਵਾਕ ਤਿਆਗੇ ਜਾ ਸਕਦੇ ਹਨ। ਪਰ ਸਾਹਿਤ ਵਿਚ ਸੰਚਾਰਿਤ ਸੰਦੇਸ਼ ਉਸ ਦੇ ਭਾਸ਼ਕ ਰੂਪ ਤੋਂ ਅਲੱਗ-ਅਲੱਗ ਹੋਂਦਾਂ ਦੇ ਰੂਪ ਵਿਚ ਵੰਡਿਆ ਨਹੀਂ ਜਾ ਸਕਦਾ। ਸਾਹਿਤ ਇਕ ਅਖੰਡ ਅਤੇ ਅਵੰਡ ਰੂਪ

ਇਹਨਾਂ ਪੰਗਤੀਆਂ ਵਿਚ ਵਰਤੀ ਗਈ ਭਾਸ਼ਾ ਪੰਜਾਬੀ ਭਾਸ਼ਾ ਦੇ ਆਮ ਵਿਹਾਰਕ ਮੁਹਾਵਰੇ ਨਾਲੋਂ ਵੱਖਰੀ ਪ੍ਰਤੀਤ ਨਹੀਂ ਹੁੰਦੀ। ਇਉਂ ਹੀ ਲਗਦਾ ਹੈ, ਜਿਵੇਂ ਇਸ ਵਿਚ ਕੋਈ ਪ੍ਰਤਿਮਾਨ ਦਾ ਵਿਚਲਨ ਨਾ ਹੋਇਆ ਹੋਵੇ। ਇਸ ਪ੍ਰਕਾਰ ਦੀਆਂ ਅਣਗਿਣਤ ਉਦਾਹਰਣਾਂ ਮਿਲ ਸਕਦੀਆਂ ਹਨ, ਜਿਨ੍ਹਾਂ ਵਿਚ ਭਾਸ਼ਾ ਦਾ ਆਮ ਮੁਹਾਵਰਾ ਹੀ ਕਾਇਮ ਰਹਿੰਦਾ ਹੈ।

ਕਈ ਵਾਰੀ ਕਿਸੇ ਸਾਹਿਤਕ ਰਚਨਾ ਵਿਚ ਕੇਵਲ ਭਾਸ਼ਾ ਦਾ ਕਿਸੇ ਪ੍ਰਤਿਮਾਨ ਤੋਂ ਵਿਚਲਨ ਹੀ ਨਹੀਂ ਮਿਲਦਾ, ਸਗੋਂ ਅਜਿਹੇ ਵਾਕ ਵਰਤੇ ਗਏ ਮਿਲਦੇ ਹਨ, ਜੋ ਭਾਸ਼ਾ ਦਾ ਸਾਧਾਰਨ ਵਿਆਕਰਣ ਉਤਪੰਨ ਕਰ ਹੀ ਨਹੀਂ ਸਕਦਾ। ਸਾਡੇ ਟ੍ਰਾਂਸਫ਼ਾਰਮੇਸ਼ਨਲ-ਜੈਨਰੇਟਿਵ ਸਕੂਲ ਦੇ ਭਾਸ਼ਾ ਵਿਗਿਆਨੀਆਂ ਦਾ ਇਹ ਕਹਿਣਾ ਹੈ ਕਿ ਹਰ ਭਾਸ਼ਾ ਦਾ ਆਦਰਸ਼ ਵਕਤਾ ਆਪਣੀ ਭਾਸ਼ਾ ਵਿਚ ਉਸ ਭਾਸ਼ਾ ਦੀ ਵਿਆਕਰਣ ਦੇ ਮੁਤਾਬਿਕ ਸ਼ੁੱਧ ਵਾਕ ਉਚਾਰ ਅਤੇ ਸਮਝ ਸਕਦਾ ਹੈ। ਪਰ ਸਾਹਿਤਕ ਰਚਨਾਵਾਂ ਵਿਚ ਸਾਨੂੰ ਬੜੀ ਵਾਰੀ ਅਜਿਹੀਆਂ ਉਦਾਹਰਣਾਂ ਮਿਲਦੀਆਂ ਹਨ, ਜਿਨ੍ਹਾਂ ਵਿਚ ਲੇਖਕ ਉਸ ਭਾਸ਼ਾ ਦੇ ਵਿਆਕਰਣ ਦੁਆਰਾ ਰਚੇ ਜਾ ਸਕਣ ਵਾਲੇ ਠੀਕ ਵਾਕ ਨਾ ਵਰਤ ਕੇ ਉਸ ਭਾਸ਼ਾ ਵਿਚ ਨਾ ਪ੍ਰਵਾਨ ਹੋਣ ਵਾਲੇ ਜਾਂ ਮਾਤਰਾ ਵਿਚ ਘੱਟ ਪਰਵਾਨ ਹੋਣ ਵਾਲੇ ਵਾਕਾਂ ਨੂੰ ਰਚਦਾ ਹੈ। ਅੰਗਰੇਜ਼ੀ ਕਾਵਿ ਵਿਚ ਸਾਨੂੰ ਅਜਿਹੇ ਨਮੂਨੇ ਮਿਲਦੇ ਹਨ, ਜੋ ਉਸ ਭਾਸ਼ਾ ਦੇ ਵਿਆਕਰਣ ਦਾ ਕਿਸੇ ਨਾ ਕਿਸੇ ਰੂਪ ਵਿਚ ਅਤਿਕ੍ਰਮਣ ਕਰਦੇ ਹਨ। ਉਦਾਹਰਣ ਲਈ ਹੇਠ ਲਿਖੀਆਂ ਕਾਵਿ-ਪੰਗਤੀਆਂ ਹੀ ਵੇਖੀਏ :

(1) **Any one who lived in a pretty how town,**
(with up so floating many bells down)
spring summer autumn winter
he sang his did'nt he dauced his did.

(2) **Women and men (both little and small)**
cared for any not to all
they sowed their is'nt they reaped their same
sun moon stars rain.

ਉਪਰੋਕਤ ਅੰਗਰੇਜ਼ੀ ਕਾਵਿ-ਪੰਗਤੀਆਂ ਵਿਚ ਸਾਨੂੰ ਅਜਿਹੇ ਵਾਕ ਮਿਲਦੇ ਹਨ, ਜਿਨ੍ਹਾਂ ਨੂੰ ਅਸੀਂ ਉਸ ਭਾਸ਼ਾ ਦੇ ਵਿਆਕਰਣ ਦੇ ਮੁਤਾਬਿਕ ਸ਼ੁੱਧ ਨਹੀਂ ਮੰਨ ਸਕਦੇ। ਵਾਕ ਅਤੇ ਵਾਕੰਸ਼ ਦੀ ਪੱਧਰ ਉੱਤੇ ਇਹਨਾਂ ਵਿਚ ਦੋਸ਼ ਨਜ਼ਰ ਆਉਂਦਾ ਹੈ।

ਪਰ ਇਹਨਾਂ ਸਾਰੇ ਵਾਕਾਂ ਦੀ ਵਿਆਖਿਆ ਕੀਤੀ ਜਾ ਸਕਦੀ ਹੈ। ਪੰਜਾਬੀ ਕਵਿਤਾ ਵਿਚ ਵੀ ਸਾਨੂੰ ਕਈ ਅਜਿਹੇ ਵਾਕ ਮਿਲ ਸਕਦੇ ਹਨ, ਜੋ ਭਾਸ਼ਾ ਦੇ ਸਹਿਜ ਵਿਆਕਰਣ ਦੁਆਰਾ ਨਹੀਂ ਰਚੇ ਜਾ ਸਕਦੇ। ਉਦਾਹਰਣ ਲਈ ਡਾਕਟਰ ਹਰਿਭਜਨ ਸਿੰਘ ਨੇ ਹੇਠਾਂ ਦਿੱਤੇ ਲੋਕ-ਕਾਵਿ ਦੇ ਨਮੂਨਿਆਂ ਦਾ ਜ਼ਿਕਰ ਕੀਤਾ ਹੈ, ਜਿਨ੍ਹਾਂ ਵਿਚ ਕਿਸੇ ਨਾ ਕਿਸੇ ਰੂਪ ਵਿਚ ਵਿਆਕਰਣ ਭੰਗ ਹੋਈ ਪ੍ਰਤੀਤ ਹੁੰਦੀ ਹੈ :

(1) ਬੋਡਿੰਗ ਬੋਡਿੰਗ
ਮਿੱਠਿਆਂ ਚੌਲਾਂ ਉੱਤੇ ਖੰਡ
ਲਾਚੀ ਦਾਣਾ ਤੇ ਗੁਲਕੰਦ
ਬੁੱਢੀ ਮੋਈ ਤੇ ਬੁੱਢਾ ਤੰਗ

(2) ਉਹ ਮੁੰਨੀ ਮੁੰਡੇ ਵਾਲ ਬੋਲ ਮੁੰਡਾਏ
ਸਭ ਸੰਗ ਸਹੇਲੀ ਮੁੰਡੇ ਨੇ ਯਾਰਾਏ।

ਪਹਿਲੇ ਨਮੂਨੇ ਵਿਚ ਵਾਕ ਦੀ ਪੱਧਰ ਉੱਤੇ ਕੋਈ ਅਸ਼ੁੱਧੀ ਨਹੀਂ, ਪਰ ਸੀਮਾਂਟਿਕ ਪੱਧਰ ਉੱਤੇ ਸਾਨੂੰ ਕੁਝ ਦੋਸ਼ ਨਜ਼ਰ ਆਉਂਦਾ ਹੈ। ਦੂਜੇ ਨਮੂਨੇ ਵਿਚ ਵਾਕ ਦੀ ਪੱਧਰ ਉੱਤੇ ਗੜਬੜ ਨਜ਼ਰ ਆਉਂਦੀ ਹੈ। ਪਰ ਪੰਜਾਬੀ ਭਾਸ਼ਾ ਵਿਚ ਇਸ ਪ੍ਰਕਾਰ ਦੇ ਵਾਕਾਂ ਦੇ ਰਚੇ ਜਾਣ ਦੀ ਸੰਭਾਵਨਾ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਇਹਨਾਂ ਨਮੂਨਿਆਂ ਨੂੰ ਪੰਜਾਬੀ ਭਾਸ਼ਾ ਦੇ ਆਮ ਉਚਾਰਾਂ ਦੇ ਤੁਲ ਵੀ ਨਹੀਂ ਮੰਨਿਆ ਜਾ ਸਕਦਾ।

ਵਿਆਕਰਣਕ ਨੇਮਾਂ ਨੂੰ ਤੋੜਨ ਤੋਂ ਇਲਾਵਾ ਕਾਵਿ-ਰਚਨਾ ਵਿਚ ਸੀਮਾਂਟਿਕ ਨੇਮਾਂ ਨੂੰ ਆਮ ਭੰਗ ਕੀਤਾ ਜਾਂਦਾ ਹੈ।

ਜਿਥੇ ਆਮ ਵਿਹਾਰਕ ਭਾਸ਼ਾ ਵਿਚ ਜੜ੍ਹ-ਨਾਂਵ (inanimate nouns) ਬੋਲਦੇ ਸੁਣਦੇ ਨਹੀਂ, ਪਰ ਕਾਵਿ ਦੀ ਪੱਧਰ ਉੱਤੇ ਜੜ੍ਹ ਵਿਆਕਰਣਕ ਅਨੁਸੂਚੀਆਂ ਨੂੰ ਜੀਵ ਰੂਪ ਦਿੱਤਾ ਜਾਂਦਾ ਹੈ, ਕਾਵਿ ਵਿਚ ਜੜ੍ਹ ਪਦਾਰਥਾਂ ਨੂੰ ਜੀਵ ਰੂਪ ਪ੍ਰਦਾਨ ਕਰਨਾ ਜਾਂ ਉਹਨਾਂ ਦਾ ਮਾਨਵੀਕਰਨ ਕਰਨਾ ਇਕ ਯੋਗ ਸਾਹਿਤਕ ਵਿਧੀ ਦੇ ਤੌਰ 'ਤੇ ਪ੍ਰਵਾਨ ਹੈ। ਇਉਂ ਹਰ ਕਿਰਤ ਆਪਣੇ ਆਪ ਵਿਚ ਇਕ ਖ਼ੁਦਮੁਖ਼ਤਾਰ ਰਚਨਾ ਹੈ ਅਤੇ ਇਸ ਦਾ ਆਪਣਾ ਵਿਆਕਰਣ ਹੁੰਦਾ ਹੈ।

ਅਸੀਂ ਉਪਰ ਰਚਨਾ ਵਿਚ 'ਪਾਠ' ਅਤੇ 'ਪ੍ਰਵਚਨ' ਬਾਰੇ ਗੱਲ ਕੀਤੀ ਹੈ। ਪਾਠ ਭਾਸ਼ਾ ਦੁਆਰਾ ਰਚਿਆ ਗਿਆ ਹੁੰਦਾ ਹੈ, ਪਰ ਜਦੋਂ ਇਸ ਨੂੰ ਪ੍ਰਵਚਨ ਦੀ ਪੱਧਰ ਉੱਤੇ ਗ੍ਰਹਿਣ ਕੀਤਾ ਜਾਂਦਾ ਹੈ ਤਾਂ ਇਸ ਵਿਚ ਆਮ ਵਿਹਾਰਕ ਭਾਸ਼ਾ ਦੇ ਨੇਮ ਕਿਸੇ ਨਾ ਕਿਸੇ ਰੂਪ ਵਿਚ ਭੰਗ ਹੁੰਦੇ ਹਨ। ਅਸਲ ਵਿਚ ਕਿਸੇ ਕਾਵਿ-ਰਚਨਾ ਦੇ ਅਰਥ ਕੇਵਲ ਵਿਆਕਰਣ ਦੀ ਪੱਧਰ ਉੱਤੇ ਸਮਝੇ ਵੀ ਨਹੀਂ ਜਾ ਸਕਦੇ। ਉਦਾਹਰਣ ਲਈ ਪੰਜਾਬੀ ਭਾਸ਼ਾ ਦਾ ਆਮ ਬੋਲਣਹਾਰਾ, ਜੋ ਇਸ ਦੇ ਵਿਆਕਰਣ ਨੂੰ ਸਹਿਜ ਰੂਪ ਵਿਚ ਆਪਣੀ ਬੋਲ-ਚਾਲ ਵਿਚ ਨਿਭਾਉਂਦਾ ਹੈ, ਉਹ ਪੰਜਾਬੀ ਵਿਚ ਰਚੀਆਂ ਨਜ਼ਮਾਂ ਦੇ ਅਰਥਾਂ ਨੂੰ ਸਮਝ ਲੈਣ ਦੀ ਯੋਗਤਾ ਸ਼ਾਇਦ ਨਾ ਰਖਦਾ ਹੋਵੇ, ਕਿਉਂਕਿ ਨਜ਼ਮ ਇਕ ਪ੍ਰਵਚਨ ਦੇ ਤੌਰ 'ਤੇ ਕੁਝ ਅਜਿਹੀਆਂ ਰੂੜ੍ਹੀਆਂ ਅਤੇ ਨੇਮਾਂ ਦਾ ਪਾਲਣ ਕਰਦੀ ਏ, ਜਿਸ ਤੋਂ ਸ਼ਾਇਦ ਉਹ ਵਾਕਿਫ਼ ਨਹੀਂ। ਇਸ ਕਰਕੇ ਕਿਸੇ ਭਾਸ਼ਾ ਦੇ ਵਿਆਕਰਣ ਨਾਲ ਉਸ ਭਾਸ਼ਾ ਵਿਚ ਰਚੇ ਸਾਹਿਤ ਨੂੰ ਸਮਝਣਾ-ਸਮਝਾਉਣਾ ਸੰਭਵ ਨਹੀਂ।

ਕਵੀ ਆਪਣੀ ਰਚਨਾ ਵਿਚ ਆਮ ਵਿਹਾਰਕ ਭਾਸ਼ਾ ਨਾਲੋਂ ਲਾਂਭੇ ਜਾਣ ਦਾ ਜਤਨ ਕਰਦਾ ਹੈ ਅਤੇ ਅਜਿਹਾ ਕਰਕੇ ਆਪਣੀ ਸੰਚਾਰ ਦੀ ਪ੍ਰਕਿਰਿਆ ਨੂੰ ਤਿਖਿਆਂ

ਕਰਦਾ ਹੈ। ਪਰ ਉਸ ਦਾ ਆਮ ਵਿਹਾਰਕ ਭਾਸ਼ਾ ਤੋਂ ਲਾਂਭੇ ਜਾਣਾ ਵੀ ਕਿਸੇ ਸੀਮਾਂ ਤਕ ਹੀ ਸੰਭਵ ਹੈ। ਉਹ ਆਪਣੀ ਭਾਸ਼ਾ ਦੇ ਵਿਆਕਰਣਕ ਨੇਮਾਂ ਨੂੰ ਇਸ ਹੱਦ ਤਕ ਨਹੀਂ ਤੋੜ ਸਕਦਾ ਕਿ ਸੰਚਾਰ ਸੰਭਵ ਹੀ ਨਾ ਰਹੇ। ਉਹ ਥੋੜ੍ਹਾ ਜੇਹਾ ਸੰਚਾਰ ਵਿਚ ਰੋਕ ਪੈਦਾ ਕਰਦਾ ਹੈ, ਤਾਂ ਕਿ ਪਾਠਕ ਉਸ ਦੀ ਰਚਨਾ ਨੂੰ ਸਮਝਣ ਲੱਗਿਆਂ ਥੋੜ੍ਹਾ ਜਿਹਾ ਜਤਨ ਕਰੇ, ਪਰ ਉਹ ਅਜਿਹੀ ਭਾਸ਼ਾ ਰਚਨਾ ਵੀ ਨਹੀਂ ਕਰਦਾ, ਜਿਸ ਨਾਲ ਉਸ ਦਾ ਸੰਚਾਰ ਮੁਕੰਮਲ ਤੌਰ 'ਤੇ ਭੰਗ ਹੋ ਜਾਏ। ਇਸ ਤਰ੍ਹਾਂ ਕਿਸੇ ਕਿਰਤ ਦੀ ਸ਼ੈਲੀ ਨਿਰੋਲ ਪਰਾਹਨ ਜਾਂ ਵਿਚੱਲਨ (deviation) ਗੁਣ ਵਿਚ ਹੀ ਨਹੀਂ ਸਮਝੀ ਜਾ ਸਕਦੀ। ਕਿਸੇ ਰਚਨਾ ਵਿਚ ਪਰਾਹਨ ਜਾਂ ਵਿਚੱਲਨ ਕੇਵਲ ਉਸ ਹੱਦ ਤਕ ਹੀ ਸ਼ੈਲੀ ਦਾ ਗੁਣ ਸਮਝਿਆ ਜਾ ਸਕਦਾ ਹੈ, ਜਿਸ ਹੱਦ ਤਕ ਉਹ ਉਸ ਰਚਨਾ ਦੇ ਸੰਚਾਰ ਨੂੰ ਸੁਯੋਗ ਬਣਾਉਂਦਾ ਹੈ। ਅਸੀਂ ਡਾਕਟਰ ਹਰਿਭਜਨ ਸਿੰਘ ਦਾ ਇਕ ਗੀਤ ਲੈ ਕੇ ਆਪਣੀ ਦਲੀਲ ਨੂੰ ਸਪੱਸ਼ਟ ਕਰ ਸਕਦੇ ਹਾਂ। ਹੇਠ ਲਿਖੀਆਂ ਪੰਗਤੀਆਂ ਉਸ ਦੇ ਗੀਤ 'ਚਾਨਣੀ ਰਾਤ' ਵਿੱਚੋਂ ਪੇਸ਼ ਹਨ :

ਰਾਹ ਵਿਚ ਆਈ ਰਾਤ ਚਾਨਣੀ
ਪੈਰ ਨਾ ਪੁੱਟਿਆ ਜਾਏ
ਕਿਸੇ ਵੈਰੀ ਨੇ ਪੋਟਾ ਪੋਟਾ
ਭੌਂ ਤੇ ਸਿਹਰ ਵਿਛਾਏ ?

ਰਾਹਾਂ ਦੇ ਵਿਚ ਚਾਨਣ ਸੁੱਤਾ
ਧਰਤ ਸੁਹਾਗਣ ਹੋਈ
ਵਸਲਾਂ ਵਰਗੀ ਮਿੱਟੀ 'ਤੇ ਅੱਜ
ਕਿਹੜਾ ਪੈਰ ਟਿਕਾਏ

ਘੜੀ ਪਲਾਂ ਲਈ ਬਿਰਛਾਂ ਤਾਈਂ
ਬੂਰ ਰਿਸ਼ਮਾਂ ਦਾ ਲੱਗਾ
ਮੈਂ ਨਾ ਤੁਰਾਂ ਮਤੇ 'ਵਾ ਡੋਲੇ
ਬੂਰ ਹੁਣੇ ਝੜ ਜਾਏ

ਪਾਣੀ ਦੇ ਬੁੱਲ੍ਹਾਂ 'ਤੇ ਚਾਨਣ
ਚੁੰਮਣ ਹੁਣੇ ਸੁਆਏ
ਪਾਣੀ ਪੈਰ ਨਾ ਪਾ, ਚੁੰਮਣ ਦੀ
ਅੱਖ ਮਤ ਹੁੰਗਲਾਏ

ਸਭੇ ਰਾਹ ਚਾਨਣ ਨੇ ਮੱਲੇ
ਦੱਸ ਕਿਹੜੇ ਰਾਹ ਆਵਾਂ
ਚਾਨਣ ਦੀ ਬਰਸਾਤ 'ਚ ਤੇਰੇ
ਮੇਰੇ ਅੰਗ ਤਿਹਾਏ।

ਪ੍ਰਗੀਤ ਦੀਆਂ ਇਹਨਾਂ ਪੰਗਤੀਆਂ ਵਿਚਲੇ ਅਰਥਾਂ ਨੂੰ ਗ੍ਰਹਿਣ ਕਰਨ ਲਈ

ਇਸ ਦੇ ਪ੍ਰਵਚਨ ਦਾ ਪ੍ਰਭਾਵਸ਼ਾਲੀ ਵਰਨਣ ਕਰਨ ਦੀ ਲੋੜ ਹੈ। ਅਜਿਹਾ ਕਰਨ ਲਈ ਸਾਨੂੰ ਅਰਥ ਨੂੰ ਹੇਠਾਂ ਦਿੱਤੇ ਦੋ ਪੱਧਰਾਂ ਉੱਤੇ ਗ੍ਰਹਿਣ ਕਰਨਾ ਲਾਜ਼ਮੀ ਹੈ:

(1) ਭਾਸ਼ਕ ਮਦਾਂ ਦਾ ਭਾਸ਼ਾ ਕੋਡ ਵਿਚ ਅਰਥ, ਜਿਸ ਨੂੰ ਚਿਹਨਕਾਰੀ ਦਾ ਪੱਧਰ ਕਿਹਾ ਜਾ ਸਕਦਾ ਹੈ।

(2) ਭਾਸ਼ਕ ਮਦਾਂ ਦੇ ਅਰਥ, ਜੋ ਉਹ ਸੰਦਰਭ ਵਿਚ ਗ੍ਰਹਿਣ ਕਰਦੀਆਂ ਹਨ। ਇਸ ਨੂੰ ਭਾਸ਼ਕ ਮੁੱਲ ਦਾ ਪੱਧਰ ਮੰਨਿਆ ਜਾ ਸਕਦਾ ਹੈ।

ਭਾਸ਼ਾ ਵਿਚ ਵਰਤੇ ਜਾਂਦੇ ਸ਼ਬਦਾਂ ਦਾ ਇਕ ਸਾਧਾਰਨ ਵਿਹਾਰਕ ਅਰਥ ਹੁੰਦਾ ਹੈ, ਪਰ ਕਿਸੇ ਸਾਹਿਤਕ ਰਚਨਾ ਵਿਚ ਇਹ ਸ਼ਬਦ ਇਕ ਵਿਸ਼ੇਸ਼ ਸੰਦਰਭ ਵਾਲੇ ਅਰਥ ਗ੍ਰਹਿਣ ਕਰ ਜਾਂਦੇ ਹਨ। ਅਸੀਂ ਕਿਸੇ ਭਾਸ਼ਾ ਵਿਚ ਸ਼ਬਦ ਦੇ ਆਮ ਵਿਹਾਰਕ ਅਰਥਾਂ ਦੀ ਮਦਦ ਨਾਲ ਹੀ ਉਸ ਦੇ ਸੰਦਰਭਾਰਥ ਨੂੰ ਸਮਝ ਸਕਦੇ ਹਾਂ। ਕਿਸੇ ਸ਼ਬਦ ਦੇ ਕਈ ਅਰਥ ਹੋ ਸਕਦੇ ਹਨ, ਪਰ ਉਹਨਾਂ ਵਿੱਚੋਂ ਕਿਸੇ ਵਿਸ਼ੇਸ਼ ਅਰਥ ਨੂੰ ਜਿਸ ਵਿਚ ਕਿ ਉਹ ਸ਼ਬਦ ਕਿਸੇ ਸਾਹਿਤਕ ਕਿਰਤ ਵਿਚ ਵਰਤਿਆ ਗਿਆ ਹੈ, ਉਸ ਦੇ ਮੁੱਲ ਨੂੰ ਪਛਾਨਣ ਨਾਲ ਹੀ ਸਮਝ ਸਕਦੇ ਹਾਂ। ਉਪਰ ਦਿੱਤੇ ਪ੍ਰਗੀਤ ਵਿਚ ਕੋਈ ਵੀ ਸ਼ਬਦ ਅਜਿਹਾ ਨਹੀਂ, ਜੋ ਪੰਜਾਬੀ ਬੋਲਣ ਸੁਨਣ ਵਾਲੇ ਨੂੰ ਨਾ ਆਉਂਦਾ ਹੋਵੇ। ਪਰ ਕਵੀ ਇਹਨਾਂ ਸ਼ਬਦਾਂ ਨੂੰ ਇਕ ਸੁਹਜਾਤਮਕ ਘਾੜਤ ਦੀ ਪ੍ਰਕਿਰਿਆ ਵਿਚ ਬੰਨ੍ਹ ਕੇ ਪੇਸ਼ ਕਰ ਰਿਹਾ ਹੈ। ਉਹ ਇਕ ਪਾਸੇ ਸੁਹਜ-ਬਾਹਰਾ ਪ੍ਰਸੰਗ ਘੜਦਾ ਹੈ ਅਤੇ ਦੂਜੇ ਪਾਸੇ ਸੁਹਜ ਮੁੱਖ ਪ੍ਰਸੰਗ ਅਤੇ ਇਹਨਾਂ ਦੋਹਾਂ ਦੇ ਤਨਾਉ ਵਿਚ ਨਜ਼ਮ ਦੇ ਸ਼ਬਦਾਂ ਨੂੰ ਨਵੀਂ ਹੋਂਦ ਪ੍ਰਦਾਨ ਕਰ ਰਿਹਾ ਹੈ। ਭਾਸ਼ਾ ਦੇ ਆਮ ਵਿਹਾਰਕ ਪਾਸਾਰ ਵਿਚ ਇਹ ਸਾਰੇ ਸ਼ਬਦ ਸ੍ਵੈਚਾਲਿਤ ਅਰਥਾਂ (automated meanings) ਨੂੰ ਪੇਸ਼ ਕਰਦੇ ਹਨ, ਪਰ ਜਦੋਂ ਕਵੀ ਇਹਨਾਂ ਨੂੰ ਇਸ ਗੀਤ ਦੇ ਸੰਦਰਭ ਵਿਚ ਵਰਤਦਾ ਹੈ ਤਾਂ ਇਹਨਾਂ ਦੇ ਅਰਥ ਘੇਰਿਆਂ ਵਿਚ ਵਿਸਥਾਰ ਹੋ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਇਹ ਸਾਰੇ ਭਾਸ਼ਕ ਮੱਦ ਅਰਥਾਂ ਦੇ ਨਵੇਂ ਘੇਰੇ ਪ੍ਰਾਪਤ ਕਰ ਜਾਂਦੇ ਹਨ। ਚਿਹਨਕਾਰੀ ਦੀ ਪ੍ਰਕਿਰਿਆ ਵਿਚ ਪੈ ਕੇ ਇਹਨਾਂ ਸ਼ਬਦਾਂ ਦੀ ਹੋਂਦ ਵੱਖਰਾ ਰੂਪ ਧਾਰਨ ਕਰ ਜਾਂਦੀ ਹੈ। ਇਥੇ ਅਜੀਵ ਨਾਂਵ ਸਜੀਵ ਹਸਤੀ ਧਾਰਨ ਕਰ ਜਾਂਦੇ ਹਨ, ਜਿਨ੍ਹਾਂ ਨਾਲ ਨਜ਼ਮ ਦਾ ਪਾਠ ਇਕ ਪ੍ਰਵਚਨ ਦੇ ਰੂਪ ਵਿਚ ਗਤੀਮਾਨ ਹੁੰਦਾ ਹੈ। 'ਰਾਹਾਂ ਦੇ ਵਿਚ ਚਾਨਣ ਸੁੱਤਾ' ਵਿਚ ਚਾਨਣ ਇਕ ਜੜ੍ਹ (inanimate) ਨਾਂਵ ਹੈ, ਪਰ ਇਸ ਗੀਤ ਦੇ ਸੰਦਰਭ ਵਿਚ ਇਹ + ਜੀਵ ਗੁਣ ਧਾਰਨ ਕਰ ਜਾਂਦਾ ਹੈ। ਇਸੇ ਤਰ੍ਹਾਂ 'ਧਰਤ ਸੁਹਾਗਣ ਹੋਈ' ਵਿਚ ਵੀ ਜੜ੍ਹ ਨਾਂਵ ਧਰਤੀ ਸਜੀਵ ਨਾਂਵ ਵਿਚ ਵਟ ਜਾਂਦੀ ਹੈ। ਇਸ ਪ੍ਰਕਿਰਿਆ ਵਿਚ ਇਸ ਨਜ਼ਮ ਵਿਚ ਆਏ ਸਾਰੇ ਭਾਸ਼ਕ ਮੱਦ ਚਿਹਨਕਾਰੀ (signification) ਦੀ ਨਵੀਂ ਹੋਂਦ ਧਾਰਨ ਕਰ ਜਾਂਦੇ ਹਨ, ਜਿਸ ਕਾਰਨ ਗੀਤ ਦੇ ਅਰਥ ਪ੍ਰਵਚਨ ਦੀ ਪੱਧਰ ਉੱਤੇ ਉਘੜਦੇ ਹਨ। ਪ੍ਰਵਚਨ ਦੀ ਪੱਧਰ ਉੱਤੇ ਪਾਠ ਦੀ ਕਾਇਆ-ਕਲਪ ਹੋਣੀ ਅਸੀਂ ਇਸੇ ਕਵੀ ਦੀ ਇਕ ਹੋਰ ਉਦਾਹਰਣ ਵਿਚ ਵੇਖ ਸਕਦੇ ਹਾਂ:

ਉਦੋਂ ਹਾਜ਼ਰ ਸਾਂ ਮੈਂ
ਤੇਰੀ ਤਕਣੀ ਜਦੋਂ ਛਿਲਤੀ ਕਿਰਨ ਵਾਂਗੂ
ਮੇਰੇ ਵਿਰਲਾਂ 'ਚੋਂ ਅੰਦਰ ਝਾਕਦੀ ਸੀ
ਕਦੀ ਬਚਪਨ 'ਚ ਆਪਣੇ ਘਰ
ਮੈਂ ਇਕ ਤਸਵੀਰ ਵੇਖੀ ਸੀ
ਤੇ ਜਦੋਂ ਨਾਨਕ ਉਦੈ ਹੋਇਆ
ਉਦੋਂ ਸੁਲਤਾਨਪੁਰ ਦੇ ਚੌਂਕ ਵਿਚ ਮੈਂ ਵੀ ਖਲੋਤਾ ਸਾਂ

ਇਹਨਾਂ ਪੰਗਤੀਆਂ ਵਿਚ ਪ੍ਰਵਚਨ ਦੀ ਪੱਧਰ ਉੱਤੇ ਆਮ ਵਿਹਾਰਕ ਭਾਸ਼ਾ ਨਾਲੋਂ ਵੱਖਰੇਵਾਂ ਕਈ ਤਰ੍ਹਾਂ ਵੇਖਿਆ ਜਾ ਸਕਦਾ ਹੈ। ਕਵੀ ਹੁਣ ਦੇ ਜ਼ਮਾਨੇ ਵਿਚ ਰਹਿੰਦਿਆਂ ਪੰਜ ਸੌ ਵਰ੍ਹੇ ਪੁਰਾਣੇ ਸਮੇਂ ਵਿਚ ਆਪਣੇ ਆਪ ਨੂੰ ਹਾਜ਼ਰ ਦੱਸਦਾ ਹੈ, ਜਦੋਂ ਗੁਰੂ ਨਾਨਕ ਵੇਈਂ ਪ੍ਰਵੇਸ਼ ਦੇ ਪਿੱਛੋਂ ਸੁਲਤਾਨਪੁਰ ਲੋਧੀ ਵਾਪਸ ਆਏ ਸਨ। ਕਾਵਿ-ਪ੍ਰਵਚਨ ਵਿਚ ਹੀ ਇਹ ਸੰਭਵ ਹੈ ਕਿ ਸਦੀਆਂ ਪਹਿਲਾਂ ਹੋ ਚੁੱਕੇ ਪੈਗ਼ੰਬਰਾਂ ਨਾਲ ਇਸ ਪ੍ਰਕਾਰ ਦਾ ਵਾਰਤਾਲਾਪ ਕੀਤਾ ਜਾ ਸਕੇ। 'ਤਕਣੀ' ਦਾ 'ਛਿਲਤੀ ਕਿਰਨ' ਦੇ ਰੂਪ ਵਿਚ 'ਵਿਰਲਾਂ ਵਿੱਚੋਂ ਅੰਦਰ ਝਾਕਣਾ' ਵੀ ਕਾਵਿ-ਪ੍ਰਵਚਨ ਦੀ ਪੱਧਰ ਉੱਤੇ ਹੀ ਅਰਥ ਪੂਰਨ ਮੰਨਿਆ ਜਾ ਸਕਦਾ ਹੈ। ਇਸ ਤਰ੍ਹਾਂ ਕਾਵਿ-ਪ੍ਰਵਚਨ ਵਿਚ ਕਵੀ ਦਾ ਇਕ 'ਕਾਵਿ ਮੈਂ' ਸਿਰਜ ਕੇ ਉਸ ਦੇ ਦੁਆਰਾ ਸੰਬਾਦ ਕਰਾਉਣਾ ਕਾਵਿ-ਪਾਠ ਦਾ ਕਾਵਿ-ਪ੍ਰਵਚਨ ਦੀ ਪੱਧਰ ਉੱਤੇ ਰੂਪਾਂਤ੍ਰਿਤ ਕਰਨਾ ਹੈ। ਕਵੀ ਆਪਣੀਆਂ ਰਚਨਾਵਾਂ ਵਿਚ ਜਿਨ੍ਹਾਂ ਭਾਸ਼ਕ ਮੱਦਾਂ ਦੀ ਵਰਤੋਂ ਕਰਦਾ ਹੈ, ਉਹਨਾਂ ਨੂੰ ਧੁਨੀ ਅਤੇ ਅਰਥ ਦੇ ਪੱਖੋਂ ਇਕ ਵਿਲੱਖਣ ਰੂਪ-ਵਿਧੀ ਵਿਚ ਢਾਲਦਾ ਹੈ ਅਤੇ ਅਰਥਾਂ ਦੇ ਇਕ ਨਵੇਂ ਇਕਾਗਰ ਸੰਸਾਰ ਦੀ ਰਚਨਾ ਕਰਦਾ ਹੈ। ਭਿੰਨ-ਭਿੰਨ ਭਾਸ਼ਕ ਮਦਾਂ ਜੋ ਸਾਧਾਰਨ ਭਾਸ਼ਾ ਵਿਚ ਸਹਿਜ ਅਰਥ ਰੱਖਦੀਆਂ ਹਨ, ਕਵੀ ਦੇ ਰਚਨਾ-ਸੰਸਾਰ ਵਿਚ ਵਿਸ਼ੇਸ਼ ਅਤੇ ਬਹੁਤਾ ਕਰਕੇ ਉਸ ਦੀ ਆਪਣੀ ਨਿੱਜੀ ਦ੍ਰਿਸ਼ਟੀ ਨੂੰ ਪੇਸ਼ ਕਰਨ ਦਾ ਸਾਧਨ ਬਣ ਜਾਂਦੀਆਂ ਹਨ। ਇਸ ਤਰ੍ਹਾਂ ਭਾਸ਼ਕ ਮੱਦਾਂ ਕਾਵਿ-ਜੁਗਤਾਂ ਅਤੇ ਕਾਵਿ-ਰੂੜ੍ਹੀਆਂ ਦੁਆਰਾ ਰਚੇ ਸੰਸਾਰ ਵਿਚ ਨਵੇਂ ਮੁੱਲ ਧਾਰਨ ਕਰ ਜਾਂਦੀਆਂ ਹਨ, ਜਿਨ੍ਹਾਂ ਦੇ ਅਰਥ ਕਾਵਿ-ਰਚਨਾ ਦੇ ਸੰਦਰਭ ਵਿਚ ਹੀ ਰੂਪਮਾਨ ਹੁੰਦੇ ਹਨ।

ਉਪਰ ਅਸੀਂ ਵੇਖਿਆ ਹੈ ਕਿ ਭਾਸ਼ਾ-ਵਿਗਿਆਨ ਦੁਆਰਾ ਦਿੱਤੇ ਮਾਡਲ ਦੀ ਸਹਾਇਤਾ ਨਾਲ ਅਸੀਂ ਕਿਸੇ ਕਾਵਿ-ਕਿਰਤ ਨੂੰ 'ਪਾਠ' ਅਤੇ 'ਪ੍ਰਵਚਨ' ਦੇ ਰੂਪ ਵਿਚ ਗ੍ਰਹਿਣ ਕਰਨ ਵੱਲ ਰੁਚਿਤ ਹੁੰਦੇ ਹਾਂ। ਜਦੋਂ ਅਸੀਂ ਰਚਨਾ ਦਾ ਪਾਠ ਦੀ ਪੱਧਰ ਉਪਰ ਵਿਸ਼ਲੇਸ਼ਣ ਕਰਦੇ ਹਾਂ ਤਾਂ ਅਸੀਂ ਕੇਵਲ ਉਸ ਦੇ ਭਾਸ਼ਕ ਰੂਪ ਦਾ ਹੀ ਵਿਸ਼ਲੇਸ਼ਣ ਕਰਦੇ ਹਾਂ, ਪਰ ਜਦੋਂ ਅਸੀਂ ਉਸ ਨੂੰ ਪ੍ਰਵਚਨ ਦੇ ਰੂਪ ਵਿਚ ਵਿਆਖਿਆਉਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਸਾਡਾ ਧਿਆਨ ਉਹਨਾਂ ਗੁਣਾਂ-ਲੱਛਣਾਂ ਵੱਲ ਜਾਂਦਾ ਹੈ, ਜੋ ਉਸ ਰਚਨਾ ਦੇ ਭਾਸ਼ਾ ਪਾਰਲੇ ਗੁਣ ਮੰਨੇ ਜਾ ਸਕਦੇ ਹਨ। ਇਥੇ ਅਸੀਂ ਪ੍ਰਵਚਨ ਦੀ ਗੱਲ ਨੂੰ ਰਤਾ ਹੋਰ ਸਮਝਣ ਲਈ ਵਿਹਾਰਕ ਭਾਸ਼ਾ ਅਤੇ ਕਾਵਿ-ਭਾਸ਼ਾ ਦੀ ਪ੍ਰਕਿਰਤੀ ਨੂੰ ਨਿਖੇੜ ਸਕਦੇ ਹਾਂ। ਸਾਧਾਰਨ ਵਿਹਾਰਕ ਸਥਿਤੀਆਂ ਵਿਚ ਸੰਬੋਧਨ

ਕਰਤੇ ਅਤੇ ਸ੍ਰੋਤੇ ਦਾ ਆਪਸੀ ਸੰਬੰਧ ਸਿੱਧਾ ਹੁੰਦਾ ਹੈ। ਬੋਲਣ ਅਤੇ ਸੁਣਨ ਵਾਲੇ ਵਿਚਕਾਰ ਸੰਦੇਸ਼ ਕਿਸੇ ਉਚਾਰ ਜਾਂ ਲਿਖਤ ਰਾਹੀਂ ਸਿੱਧਾ ਪਹੁੰਚਾਇਆ ਜਾ ਰਿਹਾ ਹੁੰਦਾ ਹੈ। ਵਕਤਾ ਆਪ ਹੀ ਸੰਦੇਸ਼ ਭੇਜਣ ਵਾਲਾ ਹੁੰਦਾ ਹੈ ਅਤੇ ਸ੍ਰੋਤਾ ਆਪ ਹੀ ਸੰਦੇਸ਼ ਗ੍ਰਹਿਣ ਕਰਨ ਵਾਲਾ। ਪਰ ਕਾਵਿ ਪ੍ਰਵਚਨ ਵਿਚ ਸੰਦੇਸ਼ ਭੇਜਣ ਵਾਲੇ ਕਵੀ ਅਤੇ ਸੰਬੋਧਨ ਕਰਤੇ ਵਿਚ ਅੰਤਰ ਹੁੰਦਾ ਹੈ। ਇਸੇ ਤਰ੍ਹਾਂ ਕਿਸੇ ਨਾਵਲ ਜਾਂ ਕਹਾਣੀ ਵਿਚ ਸੰਦੇਸ਼ ਭੇਜਣ ਵਾਲੇ ਕਵੀ ਅਤੇ ਸੰਬੋਧਨ ਕਰਤੇ ਵਿਚ ਅੰਤਰ ਹੁੰਦਾ ਹੈ। ਇਸੇ ਤਰ੍ਹਾਂ ਕਿਸੇ ਨਾਵਲ ਜਾਂ ਕਹਾਣੀ ਵਿਚ ਸੰਦੇਸ਼ ਲੇਖਕ ਦੇ ਰਿਹਾ ਹੁੰਦਾ ਹੈ, ਪਰ ਇਸ ਦਾ ਵਸੀਲਾ ਰਚਨਾ ਵਿਚਲਾ ਪ੍ਰਾਟੋਗਾਨਿਸਟ ਬਣ ਜਾਂਦਾ ਹੈ। ਇਉਂ ਸਾਹਿਤ ਰਚਨਾ ਦਾ ਸੰਦੇਸ਼ ਆਮ ਵਿਹਾਰਕ ਸੰਚਾਰ ਦੇ ਸੰਦੇਸ਼ ਦੇ ਮੁਕਾਬਲੇ ਵਿਚ ਜਟਿਲ ਹੁੰਦਾ ਹੈ, ਕਿਉਂਕਿ ਇਹ ਸੰਦੇਸ਼ ਖ਼ਾਸ ਤਰ੍ਹਾਂ ਦੀਆਂ ਭਾਸ਼ਕ ਰੂਪ-ਵਿਧੀਆਂ ਵਿਚ ਢਲ ਕੇ ਇਕ ਸਚੇਤ ਘਾੜਤ ਦਾ ਰੂਪ ਧਾਰਨ ਕਰਦਾ ਹੈ। ਆਮ ਵਿਹਾਰਕ ਸੰਚਾਰ ਵਿਚ ਜਿਥੇ ਦੋਵੇਂ ਵਾਰਤਾਲਾਪੀ ਧਿਰਾਂ ਆਹਮੋ-ਸਾਹਮਣੇ ਹੋਣ ਤਾਂ ਦੋਹਾਂ ਦਾ ਸੰਬੰਧ ਉੱਤਮ ਅਤੇ ਮੱਧਮ ਪੁਰਖ ਵਾਲਾ ਹੋਵੇਗਾ, ਪਰ ਕਾਵਿ-ਸੰਬਾਦ ਵਿਚ ਸੰਦੇਸ਼ ਦਾਤਾ ਅਤੇ ਸੰਦੇਸ਼ ਗ੍ਰਹਿਣਕਰਤਾ ਦੇ ਆਪਸੀ ਸੰਬੰਧ ਏਨੇ ਸਰਲ ਨਹੀਂ ਹੁੰਦੇ। ਇਹਨਾਂ ਦੀ ਪਛਾਣ ਸੰਦਰਭ ਨੂੰ ਧਿਆਨ ਵਿਚ ਰੱਖ ਕੇ ਕੀਤੀ ਜਾ ਸਕਦੀ ਹੈ। ਕਵਿਤਾ ਵਿਚ ਬੋਲਣ ਵਾਲਾ ਪਾਤਰ ਕਈ ਵਾਰੀ ਜੜ੍ਹ ਅਤੇ ਗ਼ੈਰ-ਮਾਨਵ ਹੁੰਦਾ ਹੈ, ਪਰ ਕਵੀ ਉਸ ਨੂੰ ਮਨੁੱਖ ਵਰਗਾ ਸਜੀਵ ਗੁਣ ਪ੍ਰਦਾਨ ਕਰਕੇ ਵਾਰਤਾਲਾਪ ਕਰਾਉਂਦਾ ਹੈ। ਹੇਠ ਲਿਖੀਆਂ ਪੰਗਤੀਆਂ ਵਿਚ ਕਵੀ ਗੋਦਾਵਰੀ ਨਦੀ ਤੋਂ ਇਕ ਇਸਤਰੀ ਵਾਂਗੂੰ ਬੁਲਾਉਂਦਾ ਹੈ:

ਨੀ ਮੈਂ ਚਰਣ ਪਰਸ ਬਉਰਾਨੀ

ਮਨੁੱਖੀ ਬਾਲਾਂ ਵਾਂਗੂੰ ਲਹਿਰਾਂ ਸਾਰਾ ਦਿਨ ਨਚਦੀਆਂ ਰਹੀਆਂ ਅਤੇ ਰਾਤੀਂ ਪਾਣੀ ਦੇ ਗਲ ਲੱਗ ਕੇ ਸੌਂ ਗਈਆਂ। ਇਸ ਨੂੰ ਹੇਠ ਲਿਖੀਆਂ ਪੰਗਤੀਆਂ ਵਿਚ ਕਵੀ ਚਿੱਤਰ-ਬੱਧ ਕਰਦਾ ਹੈ:

ਪਾਣੀ ਸੀਨੇ ਲਗ, ਲਹਿਰਾਂ ਸੌਂ ਗਈਆਂ
ਸਾਰਾ ਦਿਨ ਸਨ ਨਚਦੀਆਂ ਰਹੀਆਂ
ਨਚ ਨਚ ਕੇ ਹੁਣ ਥਕ ਗਈਆਂ।

ਇਸੇ ਤਰ੍ਹਾਂ ਕੁਤਬ ਦੀ ਲਾਠ ਜੜ੍ਹ (inanimate) ਵਸਤੂ ਹੈ, ਪਰ ਕਵੀ ਉਸ ਜੜ੍ਹ ਵਸਤੂ ਨੂੰ ਜੀਵ (animate) ਗੁਣ ਪ੍ਰਦਾਨ ਕਰਕੇ ਆਪਣੀ ਗੱਲ ਸੁਣਾਉਂਦਾ ਹੈ। ਵਿਹਾਰਕ ਭਾਸ਼ਾ ਵਰਤੋਂ ਵਿਚ ਕਿਸੇ ਦਾ ਜੜ੍ਹ ਵਸਤੂ ਨਾਲ ਗੱਲਾਂ ਕਰਨਾ ਮਾਨਸਿਕ ਰੋਗ ਦਾ ਚਿੰਨ੍ਹ ਮੰਨਿਆ ਜਾਏਗਾ।

ਕੀ ਤੂੰ ਕੁਤਬ! ਕੁਤਬ ਦਾ ਜਾਇਆ ਸੈਮਟਿਕ ਹੈਂ ਤੂੰ ਅਸਲੋਂ ?

ਇਸ ਤਰ੍ਹਾਂ ਕਾਵਿ-ਪ੍ਰਵਚਨ ਵਿਚ ਕਵੀ ਇਕ ਵੱਖਰੀ 'ਮੈਂ' ਦਾ ਸਿਰਜਣ ਕਰਦਾ ਹੈ, ਜਿਸ ਦੇ ਵਿਆਕਰਣ ਦੀ ਪੱਧਰ ਉੱਤੇ ਕਈ ਰੂਪ ਹੋ ਸਕਦੇ ਹਨ। ਕਵੀ ਆਪਣੇ ਸੰਬੋਧਨ ਦੀਆਂ ਦਿਸ਼ਾਵਾਂ ਵਿਚ ਵਰਤੇ ਗਏ ਉੱਤਮ ਪੁਰਖ, ਮੱਧਮ ਪੁਰਖ ਅਤੇ ਅਨਯ

ਪੁਰਖ ਨੂੰ ਅਜਿਹੇ ਜਟਿਲ ਰੂਪਾਂ ਵਿਚ ਇਕ ਦੂਜੇ ਨਾਲ ਸੰਬੰਧਿਤ ਕਰਦਾ ਹੈ ਕਿ ਇਕ ਵਿਲੱਖਣ ਸ਼ਾਬਦਿਕ ਘਾੜਤ ਦੀ ਰਚਨਾ ਹੁੰਦੀ ਹੈ, ਜੋ ਸੰਚਾਰ ਨੂੰ ਜਟਿਲ ਪ੍ਰਬੰਧ ਵਿਚ ਬੰਨ੍ਹ ਦੇਂਦੀ ਹੈ।

ਭਾਸ਼ਾ-ਵਿਗਿਆਨ ਦੇ ਸੰਦ ਅਤੇ ਵਿਧੀਆਂ ਸ਼ੈਲੀ ਵਿਗਿਆਨਕ ਅਧਿਐਨ ਵਿਚ ਸੰਚਾਰ ਦੇ ਇਸ ਜਟਿਲ ਪ੍ਰਬੰਧ ਨੂੰ ਸਮਝਣ ਵਿਚ ਸਹਾਇਕ ਸਿੱਧ ਹੁੰਦੇ ਹਨ।

ਭਾਸ਼ਾ-ਵਿਗਿਆਨ ਦੁਆਰਾ ਪ੍ਰਾਪਤ ਅੰਤਰ-ਦ੍ਰਿਸ਼ਟੀ ਨੇ ਸਾਹਿਤ ਅਧਿਐਨ ਨੂੰ ਵਧੇਰੇ ਸਿਸਟਮਬੱਧ ਬਨਾਉਣ ਵਿਚ ਵੀ ਯੋਗਦਾਨ ਦਿੱਤਾ ਹੈ। ਭਾਸ਼ਾ-ਵਿਗਿਆਨ ਨੇ ਕੁਝ ਬੁਨਿਆਦੀ ਸੰਕਲਪ ਪੇਸ਼ ਕੀਤੇ ਹਨ, ਜਿਨ੍ਹਾਂ ਦੀ ਸਹਾਇਤਾ ਨਾਲ ਨਾ ਕੇਵਲ ਸਮਾਜ-ਵਿਗਿਆਨੀਆਂ ਨੇ ਆਪਣੀਆਂ ਅਧਿਐਨ ਵਿਧੀਆਂ ਨਿਸਚਿਤ ਕੀਤੀਆਂ ਹਨ, ਬਲਕਿ ਕੁਝ ਸਾਹਿਤ-ਵਿਗਿਆਨੀਆਂ ਨੇ ਵੀ ਬੁਨਿਆਦੀ ਨਿਖੇੜੇ ਕਰਕੇ ਆਪਣੇ ਮੁੱਢਲੇ ਸੰਕਲਪਾਂ ਨੂੰ ਸਪੱਸ਼ਟ ਕੀਤਾ ਹੈ। ਸਮਾਜ-ਵਿਗਿਆਨਾਂ ਦੇ ਖੇਤਰਾਂ ਵਿਚ ਕਲਾਡ ਲੈਵੀਸਤ੍ਰਾਸ ਦੀ ਮਾਨਵ ਵਿਗਿਆਨ ਅਧਿਐਨ ਲਈ ਘੜੀ ਵਿਧੀ ਦੀ ਬੁਨਿਆਦ ਭਾਸ਼ਾ ਵਿਗਿਆਨਕ ਅੰਤਰ-ਦ੍ਰਿਸ਼ਟੀ ਹੈ। ਲੈਵੀਸਤ੍ਰਾਸ ਨੇ ਧੁਨੀ ਮੂਲਕ ਇਨਕਲਾਬ (phonological revolution) ਦੀ ਗੱਲ ਕੀਤੀ ਹੈ। ਉਸ ਨੇ ਧੁਨੀਗ੍ਰਾਮ ਵਿਗਿਆਨ ਦੇ ਆਧਾਰ ਉੱਤੇ ਪ੍ਰਾਚੀਨ ਮਿੱਥਾਂ ਦਾ ਵਸਤੂਮੂਲਕ ਅਧਿਐਨ ਕਰਨ ਲਈ ਧੁਨੀਗ੍ਰਾਮ ਵਿਗਿਆਨ ਦੀਆਂ ਮੂਲ ਧਾਰਨਾਵਾਂ ਨੂੰ ਅਪਨਾਇਆ ਹੈ। ਜਿਵੇਂ ਧੁਨੀਗ੍ਰਾਮ ਵਿਗਿਆਨ ਕਿਸੇ ਭਾਸ਼ਾ ਦੀ ਸਭ ਤੋਂ ਛੋਟੀ ਧੁਨੀ-ਇਕਾਈ ਧੁਨੀਮ ਨਿਸਚਿਤ ਕਰਦਾ ਹੈ, ਉਸੇ ਤਰ੍ਹਾਂ ਉਸ ਨੇ ਮਿੱਥ ਦੀ ਸਭ ਤੋਂ ਛੋਟੀ ਇਕਾਈ ਮਿੱਥ ਕੇ ਇਹਨਾ ਇਕਾਈਆਂ ਨੂੰ ਵਿਰੋਧੀ ਜੋੜਿਆਂ ਵਿਚ ਵੰਡ ਕੇ ਮਿੱਥ-ਸੰਰਚਨਾ ਦਾ ਵਿਸ਼ਲੇਸ਼ਣ ਕੀਤਾ ਹੈ। ਸਾਸਿਊਰ ਨੇ ਵੀ ਭਾਸ਼ਾ ਨੂੰ ਸਮਝਣ ਲਈ ਲੈਂਗ ਅਤੇ ਪੈਰੋਲ ਦਾ ਨਿਖੇੜਾ ਕੀਤਾ। ਇਸ ਨੂੰ ਆਧਾਰ ਮੰਨ ਕੇ ਰੈਨੇ ਵੈਲਿਕ ਕਾਵਿ ਅਤੇ ਨਜ਼ਮ ਦਾ ਨਿਖੇੜਾ ਕਰਦਾ ਹੈ। ਜਿਵੇਂ ਲੈਂਗ ਭਾਸ਼ਾ ਦਾ ਅਮੂਰਤ ਸਿਸਟਮ ਹੈ, ਇਸੇ ਤਰ੍ਹਾਂ ਕਾਵਿ ਵੀ ਇਕ ਪ੍ਰਕਾਰ ਦਾ ਰਚਨਾ ਦਾ ਅਮੂਰਤ ਸਿਸਟਮ ਹੈ ਅਤੇ ਨਜ਼ਮ ਪੈਰੋਲ ਵਾਂਗ ਇਸ ਸਿਸਟਮ ਦਾ ਠਿੱਗਰ ਨਮੂਨਾ। ਇਸੇ ਤਰ੍ਹਾਂ ਸ਼ੈਲੀ ਵਿਗਿਆਨ ਵੀ ਸਾਹਿਤ ਦਾ ਅਧਿਐਨ ਭਾਸ਼ਾ- ਵਿਗਿਆਨ ਦੀ ਦ੍ਰਿਸ਼ਟੀ ਤੋਂ ਕਰਦਾ ਹੈ। ਸ਼ੈਲੀ ਵਿਗਿਆਨ ਇਕ ਪਾਸੇ ਸਾਹਿਤ ਆਲੋਚਨਾ ਨਾਲ ਆਪਣਾ ਰਿਸ਼ਤਾ ਜੋੜਦਾ ਹੈ ਅਤੇ ਦੂਜੇ ਪਾਸੇ ਭਾਸ਼ਾ-ਵਿਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਗ੍ਰਹਿਣ ਕਰਦਾ ਹੈ। ਜਿਥੇ ਭਾਸ਼ਾ-ਵਿਗਿਆਨ ਅਤੇ ਸਾਹਿਤ ਆਲੋਚਨਾ ਦਾ ਆਪੋ ਆਪਣਾ ਵਿਸ਼ਾ (subject) ਹੈ, ਸ਼ੈਲੀ ਵਿਗਿਆਨ ਦਾ ਕੋਈ ਆਪਣਾ ਖ਼ੁਦਮੁਖ਼ਤਾਰ ਵਿਸ਼ਾ ਨਹੀਂ। ਇਉਂ ਵਿਡੌਸਨ ਦੇ ਵਿਚਾਰ ਅਨੁਸਾਰ ਸ਼ੈਲੀ ਵਿਗਿਆਨ ਇਕ ਤਰ੍ਹਾਂ ਭਾਸ਼ਾ-ਵਿਗਿਆਨ ਅਤੇ ਸਾਹਿਤ ਆਲੋਚਨਾ ਦੇ ਵਿਚਕਾਰ ਵਿਚੋਲਗੀ ਦਾ ਕੰਮ ਕਰਦਾ ਹੈ। ਸ਼ੈਲੀ ਵਿਗਿਆਨ ਦੀ ਭਾਸ਼ਾ-ਵਿਗਿਆਨ ਅਤੇ ਸਾਹਿਤ ਆਲੋਚਨਾ ਦੇ ਵਿਚਕਾਰ ਇਸ ਪੋਜੀਸ਼ਨ ਨੂੰ ਅੱਗੇ ਦਿੱਤੇ ਚਿੱਤਰ ਰਾਹੀਂ ਦਰਸਾਇਆ ਜਾ ਸਕਦਾ ਹੈ :

ਅਨੁਸ਼ਾਸਨ	ਭਾਸ਼ਾ-ਵਿਗਿਆਨ	ਸਾਹਿਤ ਆਲੋਚਨਾ
	↑	↑
	ਸ਼ੈਲੀ ਵਿਗਿਆਨ	
	↓	↓
ਵਿਸ਼ੇ	ਭਾਸ਼ਾ	ਸਾਹਿਤ

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸ਼ੈਲੀ ਵਿਗਿਆਨ ਭਾਸ਼ਾ-ਵਿਗਿਆਨ ਦੀਆਂ ਅੰਤਰ-ਦ੍ਰਿਸ਼ਟੀਆਂ ਲੈ ਕੇ ਸਾਹਿਤ ਆਲੋਚਨਾ ਦੇ ਕੰਮ ਨੂੰ ਵਧੇਰੇ ਸਿਸਟਮੀ ਬਣਾਉਂਦਾ ਹੈ। ਭਾਸ਼ਾ-ਵਿਗਿਆਨ ਦੀ ਪਰਿਭਾਸ਼ਕ ਸ਼ਬਦਾਵਲੀ ਵਿੱਚੋਂ ਅਜਿਹੇ ਪਦ ਮਿਲ ਸਕਦੇ ਹਨ, ਜੋ ਸਾਹਿਤ ਆਲੋਚਨਾ ਦੇ ਬੁਨਿਆਦੀ ਸੰਕਲਪਾਂ ਅਤੇ ਧਾਰਨਾਵਾਂ ਨੂੰ ਨਿਖਾਰਨ ਵਿਚ ਸਹਾਇਤਾ ਕਰ ਸਕਣ। ਇਸ ਤਰ੍ਹਾਂ ਭਾਸ਼ਾ-ਵਿਗਿਆਨ ਤੋਂ ਲੋੜੀਂਦੇ ਸੰਦ ਅਤੇ ਵਿਧੀਆਂ ਲੈ ਕੇ ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਨੂੰ ਵਸਤੂ-ਮੂਲਕਤਾ ਅਤੇ ਵਿਗਿਆਨਕਤਾ ਦੇ ਮਾਰਗ ਪਾਂਦਾ ਹੈ।

•

ਸ਼ੈਲੀ ਵਿਗਿਆਨ ਅਤੇ ਅਰਥ-ਵਿਗਿਆਨ

-1-

ਆਧੁਨਿਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਅਰਥ-ਵਿਗਿਆਨ ਦੀਆਂ ਕੁਝ ਸਜਰੀਆਂ ਪ੍ਰਾਪਤੀਆਂ ਨੇ ਸਾਹਿਤ ਦੇ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਤੇ ਵਿਵੇਚਨ ਦੀਆਂ ਨਵੀਆਂ ਸੰਭਾਵਨਾਵਾਂ ਜਗਾਈਆਂ ਹਨ। ਪਿਛਲੇ ਕੁਝ ਵਰ੍ਹਿਆਂ ਤੋਂ ਅਰਥ-ਅਧਿਐਨ ਅਤੇ ਸ਼ੈਲੀ-ਅਧਿਐਨ ਇਕ ਦੂਜੇ ਦੇ ਨੇੜੇ ਹੁੰਦੇ ਜਾ ਰਹੇ ਹਨ ਅਤੇ ਇਸ ਨੇੜਤਾ ਦੇ ਕਾਰਨ ਦੋਹਾਂ ਖੇਤਰਾਂ ਵਿਚ ਅਧਿਐਨ ਦੇ ਕੁਝ ਨਵੇਂ ਪਰਿਪੇਖ ਪੈਦਾ ਹੋਏ ਹਨ। ਆਧੁਨਿਕ ਅਰਥ-ਵਿਗਿਆਨੀਆਂ ਨੇ ਸ਼ਬਦ ਦੀ ਪਰਿਭਾਸ਼ਾ, ਅਰਥ ਦੇ ਭਿੰਨ-ਭਿੰਨ ਸੰਕਲਪ, ਸ਼ਬਦ-ਰੂਪ ਤੇ ਅਰਥਾਂ ਦੇ ਆਪਸ ਵਿਚ ਸੰਬੰਧ, ਦੁ-ਅਰਥਕਤਾ (ambiguity) ਅਤੇ ਸ਼ਬਦ ਭੰਡਾਰ (lexicon) ਦੀ ਸੰਰਚਨਾ ਆਦਿ ਵਿਸ਼ਿਆਂ ਉਪਰ ਚਲ ਰਹੇ ਵਿਚਾਰ-ਵਿਮਰਸ਼ ਨੂੰ ਨਵੀਂ ਦਿਸ਼ਾ ਪ੍ਰਦਾਨ ਕੀਤੀ ਹੈ। ਦੂਜੇ ਪਾਸੇ ਸ਼ੈਲੀ-ਵਿਗਿਆਨੀਆਂ ਨੇ ਵੀ ਅਰਥ-ਵਿਗਿਆਨ ਦੁਆਰਾ ਤਿਆਰ ਕੀਤੇ ਸਾਹਿਤਕ ਪਾਠਾਂ ਦੇ ਵਿਸ਼ਲੇਸ਼ਣ ਲਈ ਨਵੇਂ ਪਰਿਪੇਖ ਦੀ ਰੌਸ਼ਨੀ ਵਿਚ ਕੁਝ ਬੁਨਿਆਦੀ ਸਮੱਸਿਆਵਾਂ ਨੂੰ ਇਕ ਵੱਖਰੇ ਦ੍ਰਿਸ਼ਟੀ-ਬਿੰਦੂ 'ਤੇ ਖਲੋ ਕੇ ਵੇਖਣ ਦੇ ਜਤਨ ਕੀਤੇ ਹਨ। ਆਧੁਨਿਕ ਭਾਸ਼ਾ-ਵਿਗਿਆਨ ਦੇ ਸੰਦਾਂ ਅਤੇ ਸਾਧਨਾਂ ਦੀ ਵਰਤੋਂ ਕਰਕੇ ਕੀਤੇ ਜਾ ਰਹੇ ਸਾਹਿਤਕ ਵਿਸ਼ਲੇਸ਼ਣ ਦਾ ਪ੍ਰਧਾਨ ਬਲ ਅਰਥ-ਵਿਗਿਆਨ ਦੇ ਖੇਤਰ ਵਿਚ ਪੈਦਾ ਹੋਈਆਂ ਨਵੀਆਂ ਪ੍ਰਵਿਰਤੀਆਂ ਦੀ ਦ੍ਰਿਸ਼ਟੀ ਤੋਂ ਹੇਠ-ਲਿਖਿਆਂ ਕੁਝ ਕੁ ਵਿਸ਼ਿਆਂ ਉਪਰ ਸੋਚ ਵਿਚਾਰ ਉਭਾਰਨਾ ਰਿਹਾ ਹੈ :

(1) ਸ਼ੈਲੀ ਵਿਗਿਆਨ ਅਤੇ ਅਰਥ-ਵਿਗਿਆਨ ਦੇ ਪਰਸਪਰ ਸੰਬੰਧ
(2) ਕਿਸੇ ਲੇਖਕ ਦੀ ਸ਼ਖ਼ਸੀਅਤ ਦੀ ਉਸ ਦੇ ਭਾਸ਼ਾ-ਪ੍ਰਯੋਗ ਰਾਹੀਂ ਪਛਾਣ
(3) ਸ਼ੈਲੀ ਪ੍ਰਤਿ ਦੋ ਪਹੁੰਚਾਂ :
    (ੳ) ਭਾਸ਼ਾਈ ਜੁਗਤਾਂ ਉਪਰ ਕੇਂਦ੍ਰਿਤ ਪਹੁੰਚ
    (ਅ) ਭਾਸ਼ਾਈ ਜੁਗਤਾਂ ਦੁਆਰਾ ਉਤਪੰਨ ਕੀਤੇ ਜਾਣ ਵਾਲੇ ਪ੍ਰਭਾਵਾਂ ਉਪਰ ਆਧਾਰਿਤ ਪਹੁੰਚ।

ਅਸੀਂ ਇਸ ਨਿਬੰਧ ਵਿਚ ਅਰਥ-ਵਿਗਿਆਨ ਦੇ ਖੇਤਰ ਵਿਚ ਪੈਦਾ ਹੋਈ ਨਵੀਂ ਸੋਚ ਦੀ ਰੌਸ਼ਨੀ ਵਿਚ ਸਟੀਫ਼ਨ ਉਲਮਾਨ ਦੀ ਪੁਸਤਕ *Meaning and Style* ਨੂੰ ਆਧਾਰ ਬਣਾ ਕੇ, ਸ਼ੈਲੀ ਦੇ ਵਿਗਿਆਨਕ ਵਿਸ਼ਲੇਸ਼ਣ ਦੀਆਂ ਕੁਝ ਨਵੀਆਂ ਰੁਚੀਆਂ ਉਪਰ ਵਿਚਾਰ ਕਰਾਂਗੇ। ਅਸੀਂ ਇਹ ਅਧਿਐਨ ਦੋ ਭਾਗਾਂ ਵਿਚ ਵੰਡਾਂਗੇ।

ਪਹਿਲੇ ਭਾਗ ਵਿਚ ਅਰਥ-ਵਿਗਿਆਨ ਦੀਆਂ ਅਜੋਕੀਆਂ ਵਿਚਾਰਧਾਰਾਵਾਂ ਦੀ ਰੌਸ਼ਨੀ ਵਿਚ ਉਹਨਾਂ ਵਿਸ਼ੇਸ਼ ਗੱਲਾਂ ਉਪਰ ਧਿਆਨ ਕੇਂਦ੍ਰਿਤ ਕੀਤਾ ਜਾਏਗਾ, ਜਿਨ੍ਹਾਂ ਨੇ ਸ਼ੈਲੀ ਵਿਗਿਆਨਕ ਅਧਿਐਨ ਨੂੰ ਵਧੇਰੇ ਸਾਰਥਿਕ ਬਨਾਉਣ ਵਿਚ ਹਿੱਸਾ ਪਾਇਆ। ਦੂਜੇ ਭਾਗ ਵਿਚ ਅਰਥ-ਵਿਗਿਆਨ ਅਤੇ ਸ਼ੈਲੀ ਵਿਗਿਆਨ ਦੇ ਪਰਸਪਰ ਸੰਬੰਧ ਅਤੇ ਉਸ ਦੇ ਘੇਰੇ ਵਿਚ ਆਉਣ ਵਾਲੀਆਂ ਕੁਝ ਸਮੱਸਿਆਵਾਂ ਉਪਰ ਸੰਖੇਪ ਰੂਪ ਵਿਚ ਚਰਚਾ ਛੇੜੀ ਜਾਏਗੀ।

-2-

ਆਧੁਨਿਕ ਅਰਥ-ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਸ਼ਬਦ ਅਤੇ ਇਸ ਦੇ ਅਰਥ ਜਾਂ ਸੰਦਰਭੀ-ਅਰਥਾਂ ਨੂੰ ਵਿਚਾਰਨ ਵਿਚ ਹੈ। ਆਧੁਨਿਕ ਭਾਸ਼ਾ-ਵਿਗਿਆਨੀਆਂ ਦਾ ਇਸ ਅਧਿਐਨ ਲਈ ਚੁਣਿਆ ਵਿਦਾ-ਬਿੰਦੂ ਸ਼ਬਦ ਨੂੰ ਇਕ ਭਾਸ਼ਾਈ ਇਕਾਈ ਦੇ ਰੂਪ ਵਿਚ ਪਰਿਭਾਸ਼ਤ ਕਰਨਾ ਬਣਦਾ ਹੈ। ਸ਼ਬਦ ਨੂੰ ਇਕ ਭਾਸ਼ਾਈ ਇਕਾਈ ਦੇ ਰੂਪ ਵਿਚ ਪਰਿਭਾਸ਼ਤ ਕਰਨ ਲਈ ਭਾਸ਼ਾ-ਵਿਗਿਆਨੀਆਂ ਨੇ ਧੁਨੀ-ਮੂਲਕ, ਵਿਆਕਰਣਕ ਜਾਂ ਅਰਥ-ਵਿਗਿਆਨਕ ਆਧਾਰਾਂ ਦੀ ਵਰਤੋਂ ਕੀਤੀ ਹੈ। ਇਸ ਸੰਬੰਧ ਵਿਚ ਆਧੁਨਿਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਤਿੰਨ ਪ੍ਰਕਾਰ ਦੀਆਂ ਪਹੁੰਚਾਂ ਪ੍ਰਧਾਨ ਰਹੀਆਂ ਹਨ :

(1) ਸ਼ਬਦ ਨੂੰ ਇਕ ਇਕਾਈ ਦੇ ਰੂਪ ਵਿਚ ਗ੍ਰਹਿਣ ਕਰਨਾ
(2) ਸ਼ਬਦ ਦੀ ਅੰਦਰਲੀ ਸੰਜੋਗਸ਼ੀਲਤਾ (cohesion) ਨੂੰ ਮੰਨਣਾ
(3) ਸ਼ਬਦਾਂ ਦੀ ਸਥਿਤੀ ਦੇ ਲਿਹਾਜ਼ ਨਾਲ ਅਦਲਾ-ਬਦਲੀ (positional mobility)

ਪਹਿਲੀ ਪ੍ਰਕਾਰ ਦੀ ਪਹੁੰਚ ਦਾ ਆਧਾਰ ਲਿਉਨਾਰਡ ਬਲੂਮਫ਼ੀਲਡ (Leonard Bloomfield) ਦੀ ਸ਼ਬਦ ਦੀ ਪਰਿਭਾਸ਼ਾ ਹੈ। ਉਹ ਸ਼ਬਦ ਨੂੰ ਲਘੂਤਮ ਸੁਤੰਤਰ ਇਕਾਈ (minimum free form) ਮੰਨਦਾ ਹੈ। ਉਸ ਦੇ ਆਪਣੇ ਸ਼ਬਦਾਂ ਵਿਚ "ਸੁਤੰਤਰ ਇਕਾਈਆਂ ਉਹ ਭਾਸ਼ਾ ਤੱਤ ਹੁੰਦੇ ਹਨ, ਜੋ ਵਾਕਾਂ ਦੇ ਰੂਪ ਵਿਚ ਮਿਲਦੇ ਹਨ। ਇਸ ਦੇ ਉਲਟ ਬੱਧ ਰੂਪ (bound forms) ਹੁੰਦੇ ਹਨ।" ਇਹ ਅਜਿਹੇ ਭਾਸ਼ਾ ਤੱਤ ਹੁੰਦੇ ਹਨ, ਜਿਨ੍ਹਾਂ ਦੀ ਵਰਤੋਂ ਪਹਿਲਾਂ ਦੱਸੇ ਰੋਲ ਵਿਚ ਨਹੀਂ ਹੁੰਦੀ। ਬਲੂਮਫ਼ੀਲਡ ਦੇ ਵਿਚਾਰ ਅਨੁਸਾਰ ਅਸੀਂ ਸ਼ਬਦ ਭਾਸ਼ਾ ਦੀ ਉਸ ਛੋਟੀ ਤੋਂ ਛੋਟੀ ਇਕਾਈ ਨੂੰ ਮੰਨਾਂਗੇ, ਜੋ ਸੁਤੰਤਰ ਰੂਪ ਵਿਚ ਇਕ ਪੂਰੇ ਉਚਾਰ ਦਾ ਕੰਮ ਕਰਦੀ ਹੈ। ਉਹ ਅੰਗਰੇਜ਼ੀ ਭਾਸ਼ਾ ਵਿੱਚੋਂ ਵਿਸਮੈ-ਮੂਲਕ ਇਕ-ਸ਼ਬਦੀ ਉਕਤੀਆਂ ਦੀਆਂ ਉਦਾਹਰਣਾਂ ਦੇਂਦਾ ਹੈ, ਜੋ ਸੁਤੰਤਰ ਰੂਪ ਮੰਨੀਆਂ ਜਾ ਸਕਦੀਆਂ ਹਨ। ਪੰਜਾਬੀ ਬੋਲਚਾਲ ਵਿਚ ਜਦੋਂ ਅਸੀਂ ਫ਼ਾਇਰ ਬਰੀਗੇਡ ਦੇ ਲੰਘਣ ਉਪਰ ਇਕਦਮ 'ਅੱਗ' ਸ਼ਬਦ ਬੋਲਦੇ ਹਾਂ ਤਾਂ ਇਹ ਮੁਕੰਮਲ ਵਾਕ 'ਕਿਤੇ ਅੱਗ ਲੱਗ ਗਈ ਹੈ' ਦਾ ਸੂਚਕ ਹੈ। ਇਸੇ ਤਰ੍ਹਾਂ ਵਾਰਤਾਲਾਪ ਵਿਚ 'ਹਾਂ', 'ਨਹੀਂ', 'ਚੰਗਾ', 'ਵੇਖਾਂਗੇ', 'ਠੀਕ' ਆਦਿ ਆਪਣੇ ਆਪ ਵਿਚ ਵਾਕ

ਦਾ ਕਾਰਜ ਕਰਦੇ ਹਨ। ਇਸੇ ਤਰ੍ਹਾਂ 'ਕਦੋਂ', 'ਕਿਥੇ', 'ਕਿਵੇਂ' ਆਦਿ ਪ੍ਰਸ਼ਨ-ਵਾਚਕ ਸ਼ਬਦ ਵੀ ਇਸੇ ਸੱਚ ਦੇ ਲਖਾਇਕ ਹਨ। ਇਹਨਾਂ ਸਾਰੀਆਂ ਉਕਤੀਆਂ ਵਿਚ ਪੂਰੇ ਉਚਾਰ ਦੀ ਥਾਂ 'ਤੇ ਇਕ-ਅੱਧ ਸ਼ਬਦ ਦੀ ਵਰਤੋਂ ਕਰਕੇ ਕੰਮ ਸਾਰ ਲਿਆ ਜਾਂਦਾ ਹੈ। ਅਜਿਹੇ ਸ਼ਬਦਾਂ ਦੇ ਆਲੇ-ਦੁਆਲੇ ਆਉਣ ਵਾਲੇ ਵਾਕ ਦੇ ਹੋਰ ਸ਼ਬਦ ਹਾਜ਼ਰ ਨਹੀਂ ਹੁੰਦੇ। ਇਸੇ ਕਰਕੇ ਇਹਨਾਂ ਨੂੰ ਸ਼ਬਦ-ਲੋਪੀ ਉਕਤੀਆਂ (elliptical utterances) ਦਾ ਨਾਮ ਦਿੱਤਾ ਜਾਂਦਾ ਹੈ ਅਤੇ ਇਹਨਾਂ ਦਾ ਅਰਥ ਗ੍ਰਹਿਣ ਕਰਨ ਲਈ ਸਾਨੂੰ ਕਿਸੇ ਸ਼ਾਬਦਿਕ ਸੰਦਰਭ ਜਾਂ ਫੇਰ ਸਥਿਤੀ ਸੰਦਰਭ ਦੀ ਸਹਾਇਤਾ ਲੈਣੀ ਪੈਂਦੀ ਹੈ। ਅੱਜ-ਕੱਲ੍ਹ ਦੇ ਟੈਕਸਟ-ਭਾਸ਼ਾ-ਵਿਗਿਆਨਕ ਵਿਸ਼ਲੇਸ਼ਣ ਵਿਚ ਤਾਂ ਸ਼ੰਬਦ ਦੇ ਕੋਈ ਅਰਥ ਹੀ ਨਹੀਂ ਰਹੇ। ਅਰਥ ਦੀ ਥਾਂ 'ਤੇ ਵਿਟਜਿਨਸਟਾਈਨ ਵਰਗੇ ਅਰਥ-ਵਿਗਿਆਨ ਮਾਹਿਰਾਂ ਨੇ ਸੈਕਵਰਹਾਲਤ (sachverhalt) ਵਰਗਾ ਸੰਕਲਪ ਦਿੱਤਾ ਹੈ। ਜਿਸ ਤੋਂ ਭਾਵ ਹੈ, ਉਹ ਤੱਤ ਜੋ ਵਸਤਾਂ ਦੇ ਪਰਸਪਰ ਸੰਬੰਧ ਸਥਾਪਤ ਕਰਦਾ ਹੈ। ਇਸ ਦ੍ਰਿਸ਼ਟੀ ਤੋਂ ਕਿਸੇ ਭਾਸ਼ਾ ਵਿਚ ਅਰਥ ਦੀ ਥਾਂ 'ਤੇ ਵਿਟਜਿਨਸਟਾਈਨ ਵਿਹਾਰ (usage) ਸ਼ਬਦ ਦੀ ਵਰਤੋਂ ਕਰਦਾ ਹੈ। ਵਿਹਾਰ ਤੋਂ ਉਸ ਦਾ ਭਾਵ ਇਹ ਹੈ ਕਿ ਅਰਥ ਦਾ ਹੋਣਾ ਜਾਂ ਨਾ ਹੋਣਾ ਤੱਤਾਂ ਦੇ ਆਪਸ ਵਿਚ ਸੰਬੰਧਾਂ ਦੇ ਹੋਣ ਜਾਂ ਨਾ ਹੋਣ ਉਪਰ ਨਿਰਭਰ ਹੈ। ਦੂਜੇ ਸ਼ਬਦਾਂ ਵਿਚ ਟੈਕਸਟ-ਭਾਸ਼ਾ-ਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਸੇ ਸ਼ਬਦ, ਵਾਕ ਜਾਂ ਅਰਥ ਦੀ ਅਲਗਾਵ ਵਿਚ ਗੱਲ ਕਰਨਾ ਬੇਮਾਹਿਨੀ ਹੈ। ਬਲੂਮਫ਼ੀਲਡ ਦੀ ਸ਼ਬਦ ਬਾਰੇ ਪਰਿਭਾਸ਼ਾ ਦੇ ਦੋ ਵੱਡੇ ਦੋਸ਼ ਹਨ। ਪਹਿਲਾ ਇਹ ਕਿ ਸਮਾਸ ਸ਼ਬਦ, ਸ਼ਬਦਾਂ ਅਤੇ ਵਾਕੰਸ਼ਾਂ ਦੇ ਵਿਚਕਾਰ ਅੰਤਰ ਪੈਦਾ ਕਰਨ ਲਈ ਰੇਖਾ ਦੇ ਆਰ-ਪਾਰ ਰਹਿ ਜਾਂਦੇ ਹਨ। ਅੰਗਰੇਜ਼ੀ ਵਿਚ ਸ਼ਬਦ (wash basin) ਇਕ ਸ਼ਬਦ ਤਾਂ ਹੈ, ਪਰ ਲਘੂਤਮ ਸੁਤੰਤਰ ਰੂਪ ਨਹੀਂ, ਕਿਉਂਕਿ ਸਮਾਸ ਦੇ ਦੋਵੇਂ ਰਚਨਾ ਤੱਤ ਆਪਣੇ ਆਪ ਵਿਚ ਸ਼ਬਦ ਹਨ ਅਤੇ ਦੋਹਾਂ ਦਾ ਦਰਜਾ ਸੁਤੰਤਰ ਰੂਪ ਵਾਲਾ ਹੈ। ਪੰਜਾਬੀ ਵਿਚ ਗੁਲਦਸਤਾ, ਕਿਤਾਬ ਘਰ, ਬਸ ਅੱਡਾ, ਘੜੀ ਸਾਜ਼, ਰੰਗ ਰੂਪ ਆਦਿ ਸ਼ਬਦ ਇਸ ਪ੍ਰਕਾਰ ਦੇ ਉਦਾਹਰਣ ਲਏ ਜਾ ਸਕਦੇ ਹਨ। ਇਕ ਹੋਰ ਮੁਸ਼ਕਿਲ ਓਦੋਂ ਆਉਂਦੀ ਹੈ, ਜਦੋਂ ਅਸੀਂ ਸੰਬੰਧਕਾਂ ਜਾਂ ਆਰਟੀਕਲਜ਼ ਵਰਗੇ ਸ਼ਬਦਾਂ ਉਪਰ ਵਿਚਾਰ ਕਰਦੇ ਹਾਂ, ਕਿਉਂਕਿ ਆਮ ਵਿਹਾਰਕ ਗੱਲਬਾਤ ਵਿਚ ਉਹਨਾਂ ਦਾ ਆਪਣਾ ਕੋਈ ਸੁਤੰਤਰ ਅਰਥ ਨਹੀਂ। ਅਰਥ ਧਾਰਨ ਕਰਨ ਲਈ ਉਹ ਵਾਕ ਵਿਚ ਆਲੇ-ਦੁਆਲੇ ਦੇ ਸ਼ਬਦਾਂ ਉਪਰ ਨਿਰਭਰ ਹੁੰਦੇ ਹਨ। ਪੰਜਾਬੀ ਵਿਚ 'ਅਤੇ', 'ਤਾਂ', 'ਸੋ', 'ਤੇ', 'ਵੀ', 'ਹੀ' ਆਦਿ ਸ਼ਬਦ ਲਏ ਜਾ ਸਕਦੇ ਹਨ। ਅੰਗਰੇਜ਼ੀ ਵਿਚ ਆਰਟੀਕਲਜ਼ a, an, the ਬਾਰੇ ਵੀ ਇਹੋ ਕੁਝ ਕਿਹਾ ਜਾ ਸਕਦਾ ਹੈ।

ਸ਼ਬਦ ਨੂੰ ਪਰਿਭਾਸ਼ਾ ਵਿਚ ਬੰਨ੍ਹਣ ਦੇ ਦੂਜੀ ਪ੍ਰਕਾਰ ਦੇ ਜਤਨ ਸ਼ਬਦਾਂ ਦੀ ਅੰਦਰਲੀ ਸੰਜੋਗਸ਼ੀਲਤਾ (internal cohesion) ਨੂੰ ਆਧਾਰ ਬਣਾਉਂਦੇ ਹਨ। ਜਾਨ ਲਾਇਨਜ਼ ਇਸ ਨੂੰ ਨਿਰਵਿਘਨਤਾ (uninterruptibility) ਦਾ ਨਾਂ ਦੇਂਦਾ ਹੈ। ਜਦੋਂ ਅਸੀਂ ਸੰਜੋਗਾਤਮਕ (synthetic) ਅਤੇ ਵਿਜੋਗਾਤਮਕ (analytical) ਭਾਸ਼ਾਵਾਂ ਦਾ ਨਿਖੇੜਾ ਕਰਦੇ ਹਾਂ ਤਾਂ ਇਹ ਵੇਖਿਆ ਜਾਂਦਾ ਹੈ ਕਿ ਸੰਜੋਗਾਤਮਕ ਭਾਸ਼ਾਵਾਂ ਦਾ

ਝੁਕਾਅ ਵਧੇਰੇ ਵਿਭਕਤੀ-ਮੂਲਕ ਬਣਤਰਾਂ ਵੱਲ ਹੁੰਦਾ ਹੈ। ਜਿਥੇ ਵਿਜੋਗਾਤਮਕ ਭਾਸ਼ਾ ਵਿਚ ਕਿਰਿਆ ਦੇ ਲਿੰਗ ਅਤੇ ਵਚਨ ਨੂੰ ਦਰਸਾਉਣ ਲਈ ਅਗੇਤਰਾਂ ਦੀ ਵਰਤੋਂ ਕੀਤੀ ਜਾਂਦੀ ਹੈ, ਉਥੇ ਸੰਜੋਗਾਤਮਕ ਭਾਸ਼ਾ ਵਿਚ ਕਿਰਿਆ ਨਾਲ ਪਿਛੇਤਰ ਲਗਾ ਕੇ ਵਾਕ ਵਿਚ ਵਰਤੇ ਗਏ ਪੜਨਾਂਵ ਨੂੰ ਦਰਸਾਇਆ ਜਾਂਦਾ ਹੈ। ਅਸੀਂ ਕੁਝ ਉਦਾਹਰਣਾਂ ਲੈ ਕੇ ਇਸ ਗੱਲ ਨੂੰ ਸਮਝ ਸਕਦੇ ਹਾਂ। ਪੰਜਾਬੀ ਵਿਚ ਵਾਕ 'ਮੈਂ ਸਵਾਗਤ ਕਰਦਾ ਹਾਂ'। ਸੰਸਕ੍ਰਿਤ ਵਿਚ 'ਸਵਾਗਤਮ ਕਰੋਮਿ' ਬਣ ਜਾਂਦਾ ਹੈ। ਮੱਧਯੁਗੀਨ ਪੰਜਾਬੀ ਵਿਚ ਸੰਸਕ੍ਰਿਤ ਵਰਗੀ ਸੰਜੋਗਸ਼ੀਲਤਾ, ਜੋ ਵਿਭਕਤੀ-ਮੂਲਕ ਬਣਤਰ ਧਾਰਨ ਕਰਦੀ ਹੈ, ਦੇ ਨਮੂਨੇ ਵੇਖੇ ਜਾ ਸਕਦੇ ਹਨ। ਬਾਬਾ ਫ਼ਰੀਦ ਦੇ ਸਲੋਕ "ਇਨੀ ਨਿਕੀ ਜੰਘੀਐ ਥਲ ਡੂਗਰ ਭਵਿਓਮ" ਵਿਚ 'ਮੈਂ ਭੰਵਿਆ ਹਾਂ' ਨੂੰ ਕਹਿਣ ਲਈ 'ਭਵਿਓਮ' ਦੀ ਵਰਤੋਂ ਕੀਤੀ ਗਈ ਹੈ। ਇਸੇ ਤਰ੍ਹਾਂ ਗੁਰੂ ਨਾਨਕ ਦੇਵ ਦੇ ਸ਼ਬਦ ਵਿਚ "ਯਕ ਅਰਜ਼ ਗੁਫਤਮ"—'ਮੈਂ ਇਕ ਅਰਜ਼ ਕਰਦਾ ਹਾਂ'—ਫ਼ਾਰਸੀ ਦੇ ਕਿਰਿਆ ਧਾਤੂ 'ਗੁਫ਼ਤ' ਨਾਲ 'ਮ' ਲਗਾ ਕੇ ਬਣਾਇਆ ਗਿਆ ਹੈ। ਜਿਥੇ ਪੰਜਾਬੀ ਵਿਚ 'ਮੈਂ' ਇਕ ਸੁਤੰਤਰ ਰੂਪ ਵਿਚ ਦਰਜਾ ਰੱਖਦਾ ਹੈ, ਉਥੇ ਸੰਸਕ੍ਰਿਤ ਕੇ 'ਕਰੋਮਿ' ਵਿਚ 'ਮਿ' (ਮੈਂ) ਬੱਧ ਰੂਪ ਮੰਨਿਆ ਜਾਏਗਾ। ਇਸੇ ਤਰ੍ਹਾਂ ਅੰਗਰੇਜ਼ੀ ਅਤੇ ਲਾਤੀਨੀ ਭਾਸ਼ਾ ਦੀਆਂ ਉਦਾਹਰਣਾਂ ਦੇ ਕੇ ਵੀ ਇਸ ਗੱਲ ਨੂੰ ਹੋਰ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਅੰਗਰੇਜ਼ੀ ਵਾਕੰਸ਼ 'You do' ਵਿਚ ਨਿੱਜੀ ਪੜਨਾਂਵ 'You' ਉਹੋ ਹੀ ਰੋਲ ਅਦਾ ਕਰਦਾ ਹੈ, ਜੋ ਲਾਤੀਨੀ ਸ਼ਬਦ 'Facitis' ਵਿਚ 'tis' ਦੁਆਰਾ ਕੀਤਾ ਜਾਂਦਾ ਹੈ। ਪਰ ਸੰਜੋਗਸ਼ੀਲਤਾ ਦੀ ਕਸਵੱਟੀ ਇਹ ਦੱਸਦੀ ਹੈ ਕਿ 'You' ਅਤੇ 'tis' ਦਾ ਦਰਜਾ ਇੱਕੋ ਨਹੀਂ। ਜਿਥੇ ਅੰਗਰੇਜ਼ੀ ਵਿਚ 'You' ਸੁਤੰਤਰ ਰੂਪ ਹੈ, ਉਥੇ ਲਾਤੀਨੀ ਵਿਚ 'tis' ਦਾ ਦਰਜਾ ਬੱਧ ਰੂਪ ਵਾਲਾ ਹੈ।

ਸ਼ਬਦ ਦੀ ਪਰਿਭਾਸ਼ਾ ਕਰਨ ਦਾ ਇਕ ਹੋਰ ਤੀਜਾ ਆਧਾਰ, ਜੋ ਆਧੁਨਿਕ ਭਾਸ਼ਾ-ਵਿਗਿਆਨੀਆਂ ਨੇ ਬਣਾਇਆ ਹੈ, ਉਸ ਨੂੰ ਸ਼ਬਦ ਦੀ ਥਾਂ ਬਦਲੀ (positional mobility) ਕਿਹਾ ਜਾਂਦਾ ਹੈ। ਲਗਪਗ ਸਾਰੀਆਂ ਮਨੁੱਖੀ ਭਾਸ਼ਾਵਾਂ ਵਿਚ ਜਦੋਂ ਸ਼ਬਦ ਨੂੰ ਕਿਸੇ ਵਾਕ ਵਿਚ ਇਕ ਥਾਂ ਤੋਂ ਦੂਜੀ ਥਾਂ ਉਪਰ ਬਦਲ ਦੇਈਏ ਤਾਂ ਅਰਥ ਬਦਲ ਜਾਂਦੇ ਹਨ ਜਾਂ ਫੇਰ ਉਹਨਾਂ ਦੁਆਰਾ ਪੇਸ਼ ਕੀਤੇ ਜਾ ਰਹੇ ਅਰਥ-ਬਲ ਵਿਚ ਪਰਿਵਰਤਨ ਹੋ ਜਾਂਦਾ ਹੈ। ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਸ਼ਬਦਾਂ ਦੀ ਅਦਲਾ-ਬਦਲੀ ਨਾਲ ਲਿਆਂਦੇ ਜਾਂਦੇ ਅਰਥਾਂ ਦੇ ਪਰਿਵਰਤਨ ਵਿਸ਼ੇਸ਼ ਦਿਲਚਸਪੀ ਦਾ ਨੁਕਤਾ ਬਣਦੇ ਹਨ, ਕਿਉਂਕਿ ਸਾਹਿਤਕ ਸੰਬਾਦ ਦੀ ਪ੍ਰਮੁੱਖ ਵਿਸ਼ੇਸ਼ਤਾ ਇਸ ਗੱਲ ਵਿਚ ਹੁੰਦੀ ਹੈ ਕਿ ਇਸ ਵਿਚ ਭਾਸ਼ਾਈ ਉਚਾਰ ਉਸ ਸੰਦਰਭ ਨੂੰ ਵੀ ਸੰਚਾਰਿਤ ਕਰਦਾ ਹੈ, ਜੋ ਉਸ ਦੇ ਸ਼ਬਦਾਂ ਦੀ ਪਕੜ ਵਿਚ ਨਹੀਂ ਹੁੰਦਾ। ਸਾਹਿਤਕ ਰਚਨਾ ਦਾ ਅਰਥ ਨਿਰੋਲ ਸ਼ਬਦਾਰਥ ਰਾਹੀਂ ਨਹੀਂ ਸਮਝਿਆ ਜਾ ਸਕਦਾ। ਇਸ ਲਈ ਕਿਰਤ ਦੇ ਸ਼ਬਦਾਰਥ ਨਾਲ ਜੁੜੇ ਹੋਏ ਸੰਦਰਭਾਰਥ ਉਪਰ ਧਿਆਨ ਟਿਕਾਉਣਾ ਵੀ ਲਾਜ਼ਮੀ ਹੁੰਦਾ ਹੈ। ਇਹ ਸੰਦਰਭਾਰਥ ਸ਼ਬਦਾਂ ਦੀਆਂ ਭਿੰਨ-ਭਿੰਨ ਥਾਂ-ਬਦਲੀਆਂ ਨਾਲ ਹੋਂਦ ਵਿਚ ਆਉਂਦੇ ਹਨ। ਭਾਸ਼ਾਈ ਸੰਬਾਦ ਵਿਚ ਸ਼ਬਦ ਦੀ

ਥਾਂ-ਬਦਲੀ ਨਾਲ ਰਚੇ ਜਾਂਦੇ ਅਰਥਾਂ ਨੂੰ ਸਮਝਣ ਲਈ ਅਸੀਂ ਆਪਣੀ ਬੋਲੀ ਵਿੱਚੋਂ ਕੁਝ ਉਦਾਹਰਣਾਂ ਲੈ ਸਕਦੇ ਹਾਂ। ਸਭ ਤੋਂ ਪਹਿਲਾਂ ਅਸੀਂ ਸਮਾਸ ਦੀ ਪੱਧਰ ਉਪਰ ਜੋੜੇ ਹੋਏ ਦੋ ਭਿੰਨ-ਭਿੰਨ ਸ਼ਬਦਾਂ ਦੀ ਥਾਂ-ਬਦਲੀ ਨਾਲ ਵੇਖ ਸਕਦੇ ਹਾਂ ਕਿ ਅਰਥ ਬਿਲਕੁਲ ਹੀ ਉਲਟ ਜਾਂਦਾ ਹੈ। ਜਿਵੇਂ 'ਰਾਜ-ਕਵੀ' ਦਾ ਜਦੋਂ 'ਕਵੀਰਾਜ' ਬਣਾ ਲਿਆ ਜਾਏ ਤਾਂ ਅਰਥ ਹੋਰ ਹੋ ਜਾਏਗਾ। ਇਸੇ ਤਰ੍ਹਾਂ ਅਸੀਂ 'ਧਨਪਤਿ' ਦਾ 'ਪਤਿਧਨ' ਬਣਿਆ ਵੇਖਦੇ ਹਾਂ। 'ਖੇਤਰ ਫਲ' ਅਤੇ 'ਫਲਖੇਤਰ' ਦੋ ਭਿੰਨ-ਭਿੰਨ ਅਰਥ ਪੇਸ਼ ਕਰਦੇ ਹਨ। ਪੰਜਾਬੀ ਵਾਕ ਰਚਨਾ ਵਿਚ ਨਾਂਵਾਂ, ਵਿਸ਼ੇਸ਼ਣਾਂ, ਕਿਰਿਆ ਵਿਸ਼ੇਸ਼ਣਾਂ, ਕਿਰਿਆਵਾਂ ਦੀ ਥਾਂ-ਬਦਲੀ ਨਾਲ ਅਰਥਾਂ ਵਿਚ, ਅਰਥ-ਛਵੀਆਂ ਵਿਚ ਜਾਂ ਅਰਥ-ਬਲਾਂ ਵਿਚ ਤਬਦੀਲੀਆਂ ਪੈਦਾ ਹੋ ਜਾਂਦੀਆਂ ਹਨ। ਵਾਕ-ਬਣਤਰ ਦੀ ਪੱਧਰ ਉਪਰ ਸ਼ਬਦ ਦੀ ਥਾਂ-ਬਦਲੀ ਅਰਥਾਂ ਨੂੰ ਕਿਵੇਂ ਬਦਲਦੀ ਹੈ, ਇਸ ਵਿਚ ਸ਼ੈਲੀ ਵਿਗਿਆਨੀਆਂ ਦੀ ਡੂੰਘੀ ਦਿਲਚਸਪੀ ਹੈ। ਸਭ ਤੋਂ ਸਰਲ ਪੱਧਰ ਉਪਰ ਅਸੀਂ ਕਿਸੇ ਵਾਕ ਵਿਚ 'ਸਬਜੈਕਟ-ਔਬਜੈਕਟ' ਦੀ ਥਾਂ-ਬਦਲੀ ਨਾਲ ਅਰਥ ਬਦਲਿਆ ਵੇਖ ਸਕਦੇ ਹਾਂ। ਜਿਵੇਂ 'ਮੋਹਨ ਨੇ ਰਾਮ ਨੂੰ ਮਾਰਿਆ' ਦੀ ਥਾਂ 'ਤੇ ਜੇ ਕਹੀਏ ਕਿ 'ਰਾਮ ਨੇ ਮੋਹਨ ਨੂੰ ਮਾਰਿਆ' ਤਾਂ ਅਰਥ ਉਲਟ ਹੋ ਗਏ। ਇਸ ਤਰ੍ਹਾਂ ਪ੍ਰੋ. ਮੋਹਨ ਸਿੰਘ ਦੀ ਕਵਿਤਾ 'ਜਜ਼ਬਿਆਂ ਦੀ ਭੱਠੀ' ਦੀਆਂ ਪਹਿਲੀਆਂ ਦੋ ਪੰਗਤੀਆਂ ਲਈਏ:

ਜੀਵਨ ਦੇ ਜੰਗਲਾਂ ਦੇ
ਪੈਂਡੇ ਅਗਮ ਅਗੋਚਰ

ਜੇਕਰ ਅਸੀਂ ਇਸੇ 'ਅਗਮ ਅਗੋਚਰ' ਪਹਿਲਾਂ ਲਿਆ ਕੇ ਇਹ ਕਹੀਏ ਕਿ 'ਅਗਮ ਅਗੋਚਰ ਜੀਵਨ ਦੇ ਜੰਗਲਾਂ ਦੇ ਪੈਂਡੇ' ਤਾਂ ਅਰਥ ਭਿੰਨ ਹੋ ਜਾਣਗੇ।

ਇਸੇ ਤਰ੍ਹਾਂ ਕਿਸੇ ਵਾਕ ਵਿਚ 'ਦੂਰ ਪਿੰਡ ਤੋਂ ਕੋਈ ਆਇਆ' ਦੀ ਥਾਂ 'ਪਿੰਡ ਤੋਂ ਦੂਰ ਕੋਈ ਆਇਆ' ਬਣਾ ਦੇਈਏ ਤਾਂ ਅਰਥ ਬਦਲ ਜਾਣਗੇ। ਪਹਿਲੇ ਵਾਕ ਵਿਚ ਕਿਸੇ ਦੂਰ ਸਥਿਤ ਪਿੰਡ ਵੱਲ ਸੰਕੇਤ ਹੈ, ਪਰ ਦੂਜੇ ਵਿਚ ਪਿੰਡ ਤੋਂ ਦੂਰ ਜਾਣ ਦੀ ਗੱਲ ਹੈ। ਇਸੇ ਤਰ੍ਹਾਂ ਹੇਠ-ਲਿਖੇ ਦੋ ਵਾਕਾਂ ਨੂੰ ਲਿਆ ਜਾ ਸਕਦਾ ਹੈ, ਜਿਨ੍ਹਾਂ ਵਿਚ ਸ਼ਬਦ ਦੀ ਥਾਂ-ਬਦਲੀ ਨਾਲ ਅਰਥ-ਪਰਿਵਰਤਨ ਹੋ ਗਿਆ ਹੈ:


(ੳ) ਉਹ **ਹੌਲੀ-ਹੌਲੀ** ਕਿਤਾਬ ਚੁੱਕ ਕੇ ਚੱਲ ਪਿਆ।
(ਅ) ਉਹ ਕਿਤਾਬ ਚੁੱਕ ਕੇ **ਹੌਲੀ-ਹੌਲੀ** ਚੱਲ ਪਿਆ।

ਕਿਰਿਆ-ਵਿਸ਼ੇਸ਼ਣ 'ਹੌਲੀ-ਹੌਲੀ' ਦੀ ਥਾਂ-ਬਦਲੀ ਇਥੇ ਅਰਥਾਂ ਨੂੰ ਬਦਲ ਦੇਂਦੀ ਹੈ। ਇਸੇ ਪ੍ਰਕਾਰ ਹੀ **'ਖਾ-ਪੀ ਕੇ ਜਾ'** ਅਤੇ **'ਜਾ ਕੇ ਖਾ-ਪੀ'** ਵਿਚ 'ਖਾ-ਪੀ' ਦੇ ਥਾਂ ਬਦਲਣ ਨਾਲ ਅਰਥ ਹੋਰ ਗਏ ਹਨ। ਅਸੀਂ ਇਸ ਸੰਬੰਧ ਵਿਚ ਅਣਗਿਣਤ ਉਦਾਹਰਣਾਂ ਲੱਭ ਸਕਦੇ ਹਾਂ, ਜੋ ਸ਼ਬਦ ਦੀ ਥਾਂ-ਬਦਲੀ ਨਾਲ ਅਰਥ ਪਰਿਵਰਤਨ ਦੀ ਗੱਲ ਪੇਸ਼ ਕਰਦੀਆਂ ਹਨ। ਕਵਿਤਾ ਵਿਚ ਸਾਨੂੰ ਅਜਿਹੀਆਂ ਮਿਸਾਲਾਂ ਸਹਿਜ ਸੁਭਾਅ ਹੀ ਮਿਲਦੀਆਂ ਹਨ। ਪ੍ਰੋ. ਹਰਿਭਜਨ ਸਿੰਘ ਦੀ ਨਜ਼ਮ ਵਿਚ 'ਬਹੁਤ ਚਿਰ ਜੀਏ ਅਸੀਂ **ਬੇਬਾਤ** ਬੋਲ' ਅਤੇ 'ਕੁਝ ਚਿਰ ਜੀਆਂਗੇ ਹੁਣ **ਬੇਬੋਲ ਬਾਤ**' ਇਸੇ ਸੱਚ

ਨੂੰ ਪੇਸ਼ ਕਰਦੇ ਹਨ। **ਕਦੀ-ਕਦੀ** ਲਗਦਾ ਸੀ ਹੁਣ **ਕਦੀ** ਲਗਦਾ ਹੈ ਵਿਚ ਸਾਨੂੰ ਦੋ ਵਾਕੰਸ਼ ਮਿਲਦੇ ਹਨ। ਇਹਨਾਂ ਦੋਹਾਂ ਵਾਕੰਸ਼ਾਂ ਵਿਚ 'ਕਦੀ' ਦੀ ਥਾਂ ਬਦਲੀ ਨਾਲ ਦੂਜੇ ਵਾਕੰਸ਼ ਦੇ ਅਰਥ ਪਹਿਲੇ ਨਾਲੋਂ ਵੱਖਰੇ ਹੋ ਗਏ ਹਨ।

ਸ਼ਬਦ ਦੇ ਅਰਥ ਨੂੰ ਪਛਾਨਣ ਲਈ ਹੁਣ ਤਕ ਮਿਲਦੀਆਂ ਪਹੁੰਚਾਂ ਨੂੰ ਅਸੀਂ ਦੋ ਪ੍ਰਕਾਰਾਂ ਵਿਚ ਵੰਡ ਸਕਦੇ ਹਾਂ। ਪਹਿਲੀ ਪ੍ਰਕਾਰ ਦੀ ਪਹੁੰਚ ਨੂੰ ਵਿਸ਼ਲੇਸ਼ਣਾਤਮਕ (analytical) ਪਹੁੰਚ ਦਾ ਨਾਂ ਦਿੱਤਾ ਜਾ ਸਕਦਾ ਹੈ ਅਤੇ ਦੂਜੀ ਪ੍ਰਕਾਰ ਨੂੰ ਵਿਹਾਰ-ਮੂਲਕ (operational)। ਜਿਥੇ ਪਹਿਲੀ ਪ੍ਰਕਾਰ ਦੀ ਪਹੁੰਚ ਸ਼ਬਦ ਦੇ ਅਰਥ ਨੂੰ ਉਸ ਦੇ ਅੰਗਾਂ ਵਿਚ ਵੰਡ ਲੈਂਦੀ ਹੈ, ਉਥੇ ਦੂਜੀ ਦਾ ਬਲ ਅਰਥ ਨਾਲੋਂ ਵਧੇਰੇ ਅਰਥ ਕਿਵੇਂ ਕਿਰਿਆ-ਵੰਡ ਵਿਚ ਹੁੰਦਾ ਹੈ, ਨੂੰ ਪੇਸ਼ ਕਰਨ ਉਪਰ ਰਹਿੰਦਾ ਹੈ।

ਪਹਿਲੀ ਪ੍ਰਕਾਰ ਦੀ ਵਿਸ਼ਲੇਸ਼ਣਾਤਮਕ ਪਹੁੰਚ ਦੁਆਰਾ ਘੜੀਆਂ ਅਰਥ ਦੀਆਂ ਪਰਿਭਾਸ਼ਾਵਾਂ ਨੂੰ ਸੰਕੇਤਾਰਥਕ (referential) ਅਤੇ ਸੰਬੋਧਾਰਥਕ (denotational) ਦਾ ਨਾਂ ਵੀ ਦਿੱਤਾ ਗਿਆ ਹੈ। ਇਸ ਪਹੁੰਚ ਦੇ ਸਭ ਤੋਂ ਪੁਰਾਣੇ ਮਾਡਲਾਂ ਵਿੱਚੋਂ ਇਕ ਰਿਚਰਡਜ਼ ਤੇ ਆਗਡਨ ਨੇ ਤਿਆਰ ਕੀਤਾ ਸੀ। ਉਹਨਾਂ ਨੇ ਅਰਥ ਨੂੰ ਪਰਿਭਾਸ਼ਾ ਵਿਚ ਬੰਨ੍ਹਣ ਲਈ ਇਕ ਮੂਲ ਤਿਕੋਨ ਘੜੀ। ਇਸੇ ਤਿਕੋਨ ਦੇ ਮਾਡਲ ਨੂੰ ਵਧੇਰੇ ਸੌਖਿਆਂ ਅਤੇ ਸੁਬੋਧ ਬਣਾ ਕੇ ਸਟੀਫ਼ਨ ਉਲਮਾਨ ਨੇ ਇਉਂ ਪੇਸ਼ ਕੀਤਾ :



ਉਲਮਾਨ ਇਸ ਰੇਖਾ ਚਿੱਤਰ ਰਾਹੀਂ ਤਿੰਨ ਸ਼ਬਦਾਂ ਨਾਮ (name), ਭਾਵ (sense) ਅਤੇ ਵਸਤੂ (thing) ਦੀ ਵਰਤੋਂ ਕਰਦਾ ਹੈ। ਨਾਮ ਤੋਂ ਉਸ ਦਾ ਭਾਵ ਸ਼ਬਦ ਦੇ ਧੁਨੀ ਅਤੇ ਲੇਖਣ ਰੂਪ ਤੋਂ ਹੈ। ਭਾਵ (sense) ਉਹ ਸੂਚਨਾ ਹੈ, ਜੋ ਨਾਮ ਦੁਆਰਾ ਦਿੱਤੀ ਜਾਂਦੀ ਹੈ ਅਤੇ ਵਸਤੂ (thing) ਗੈਰ-ਭਾਸ਼ਾਈ (non-linguistic) ਸੱਚ ਹੈ, ਜਿਸ ਵੱਲ ਸ਼ਬਦ ਸੰਕੇਤ ਕਰਦਾ ਹੈ। ਵਸਤੂ ਕਿਉਂਕਿ ਗੈਰ-ਭਾਸ਼ਾਈ ਸੱਚ ਹੈ, ਇਸ ਲਈ ਇਸ ਦਾ ਸ਼ੁੱਧ ਭਾਸ਼ਾਈ ਵਿਸ਼ਲੇਸ਼ਣ ਵਿਚ ਕੋਈ ਸਥਾਨ ਨਹੀਂ। ਭਾਸ਼ਾ-ਵਿਗਿਆਨੀ ਇਥੇ ਤਿਕੋਨ ਦੀ ਕੇਵਲ ਇਕ ਰੇਖਾ ਉਪਰ ਧਿਆਨ ਟਿਕਾ ਸਕਦਾ ਹੈ। ਇਹ ਉਹ ਰੇਖਾ ਹੈ, ਜੋ ਨਾਮ ਅਤੇ ਭਾਵ ਨੂੰ ਇਕ ਦੂਜੇ ਨਾਲ ਜੋੜਦੀ ਹੈ। ਇਹਨਾਂ ਦੋਹਾਂ ਸ਼ਬਦਾਂ ਦੇ ਵਿਚਕਾਰ ਦੋ-ਤਰਫ਼ਾ ਅਤੇ ਪਲਟਵਾਂ ਸੰਬੰਧ ਹੈ। ਨਾਮ ਭਾਵ ਨੂੰ

ਜਗਾਉਂਦਾ ਹੈ ਅਤੇ ਭਾਵ ਨਾਮ ਵੱਲ ਸਾਡਾ ਧਿਆਨ ਮੋੜਦਾ ਹੈ। ਨਾਮ ਅਤੇ ਭਾਵ ਦੇ ਵਿਚਕਾਰ ਅਤੇ ਜਾਂ ਫੇਰ ਸਾਸਿਊਰ ਦੀ ਸ਼ਬਦਾਵਲੀ ਵਿਚ ਸਿਗਨੀਫ਼ੀਐਂਟ (signifiant) ਅਤੇ ਸਿਗਨੀਫ਼ਾਈ (signifie) ਦੇ ਵਿਚਕਾਰ ਇਹ ਦੋ-ਤਰਫ਼ੇ ਅਤੇ ਪਲਟਵੇਂ ਸੰਬੰਧ ਨੂੰ ਹੀ ਉਲਮਾਨ ਅਰਥ ਕਹਿੰਦਾ ਹੈ। ਇਸ ਦ੍ਰਿਸ਼ਟੀ ਤੋਂ ਅਰਥ ਦਾ ਵਿਸ਼ਲੇਸ਼ਣ ਸਾਨੂੰ ਭਾਵ (sense) ਅਤੇ ਸੰਕੇਤਿਤ (referent) ਦੇ ਅੰਤਰ ਨੂੰ ਨਿਖੇੜਨ ਦੀ ਲੋੜ ਪੈਦਾ ਕਰਦਾ ਹੈ। ਜਿਥੇ ਭਾਵ (sense) ਭਾਸ਼ਾ ਦੇ ਘੇਰੇ ਵਿਚ ਰਹਿੰਦਾ ਹੈ, ਉਥੇ ਸੰਕੇਤਿਤ (referent) ਉਸ ਗ਼ੈਰ-ਭਾਸ਼ਾਈ (nonlinguistic) ਖੇਤਰ ਨਾਲ ਜਾ ਜੁੜਦਾ ਹੈ, ਜਿਸ ਵੱਲ ਸ਼ਬਦ ਸੰਕੇਤ ਕਰਦਾ ਹੈ। ਕਿਸੇ ਵੀ ਭਾਸ਼ਾ ਦੇ ਸ਼ਬਦ ਨਿੱਜੀ ਨਾਂਵਾਂ ਨੂੰ ਛੱਡ ਕੇ ਇਕੱਲੇ-ਇਕੱਲੇ ਮਦਾਂ ਦੇ ਵਰਗਾਂ ਦੀ ਪ੍ਰਤੀਨਿਧਤਾ ਕਰਦੇ ਹਨ। ਇਸੇ ਕਰਕੇ ਬਲੂਮਫ਼ੀਲਡ ਸਥਿਤੀ ਦੇ ਗ਼ੈਰ-ਨਿਖੜਵੇਂ ਲੱਛਣ (non-distinctive featurers) ਅਤੇ ਨਿਖੜਵੇਂ ਲੱਛਣ (distinctive featurers) ਜਾਂ ਭਾਸ਼ਾਈ ਅਰਥ (ਅਰਥ ਮੂਲਕ ਜਾਂ ਸੀਮਾਂਟਿਕ ਲੱਛਣ) ਇਕ ਦੂਜੇ ਨਾਲੋਂ ਅਲੱਗ ਕਰਨੇ ਜ਼ਰੂਰੀ ਦੱਸਦਾ ਹੈ। ਉਦਾਹਰਣ ਲਈ ਅਸੀਂ ਇਹ ਕਹਿ ਸਕਦੇ ਹਾਂ ਕਿ ਕਿਸੇ ਇਕ ਸੇਬ ਦਾ ਆਕਾਰ, ਸ਼ਕਲ, ਰੰਗ ਆਦਿ ਗੁਣ ਉਸ ਦੇ ਗ਼ੈਰ-ਨਿਖੜਵੇਂ ਲੱਛਣ ਹੋਣਗੇ ਅਤੇ ਨਿਖੜਵੇਂ ਗੁਣ ਸੇਬ ਦੇ ਭਾਸ਼ਾਈ ਰੂਪ ਦੇ ਉਚਾਰਣ ਕਰਨ ਨਾਲ ਸਾਰੀਆਂ ਸਥਿਤੀਆਂ ਵਿਚ ਸਾਂਝੇ ਰਹਿਣਗੇ। ਵਸਤੂ ਦੇ ਭਾਸ਼ਾਈ ਰੂਪ ਨਾਲ ਸੰਬੰਧਿਤ ਲੱਛਣ ਹੀ ਨਿਖੜਵੇਂ ਲੱਛਣ ਗਿਣੇ ਜਾਣਗੇ ਅਤੇ ਇਹੋ ਭਾਵ (sense) ਬਣਦੇ ਹਨ। ਦੂਜੇ ਸ਼ਬਦਾਂ ਵਿਚ ਨਾਮ ਦੁਆਰਾ ਸੰਚਾਰਿਤ ਸੂਚਨਾ ਇਹੋ ਗੁਣ ਹੀ ਬਣਦੀ ਹੈ। ਇਸ ਦ੍ਰਿਸ਼ਟੀ ਤੋਂ ਗ੍ਰਹਿਣ ਕੀਤਾ ਭਾਵ (sense) ਅਮੂਰਤ ਰੂਪ ਰੱਖਦਾ ਹੈ, ਜਿਸ ਨੂੰ ਕੇਵਲ ਅੰਦਰੂਨੀ ਪੱਧਰ ਉੱਤੇ ਅਨੁਭਵ ਦੁਆਰਾ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ। ਪਰ ਅੱਜ ਦਾ ਵਿਗਿਆਨ ਕੇਵਲ ਅੰਦਰਲੇ ਅਨੁਭਵ ਉਪਰ ਹੀ ਨਿਰਭਰ ਰਹਿ ਕੇ ਭਾਵ ਦੇ ਗ੍ਰਹਿਣ ਕਰਨ ਨੂੰ ਯੋਗ ਨਹੀਂ ਸਮਝਦਾ। ਕੇਵਲ ਆਪੋ ਆਪਣੇ ਮਨਾਂ ਵਿਚ ਝਾਤ ਮਾਰ ਕੇ ਜੇਕਰ ਹਰ ਵਿਅਕਤੀ ਭਾਵ ਨੂੰ ਗ੍ਰਹਿਣ ਕਰੇ ਤਾਂ ਉਸ ਨਾਲ ਵਿਗਿਆਨਕ ਪੱਧਰ ਉਪਰ ਕੋਈ ਇਕਸਾਰਤਾ ਨਹੀਂ ਲਿਆਂਦੀ ਜਾ ਸਕਦੀ। ਇਸ ਕਰਕੇ ਵਿਸ਼ਲੇਸ਼ਣਾਤਮਕ ਪਹੁੰਚ ਦੀ ਵਿਦਵਾਨਾਂ ਨੇ ਆਲੋਚਨਾ ਕੀਤੀ ਹੈ। ਕਈ ਵਿਦਵਾਨਾਂ ਨੇ ਇਸ ਪਹੁੰਚ ਦੀ ਉਪਰ ਕਥਿਤ ਸੀਮਾਂ ਦਾ ਹੱਲ ਲੱਭਣ ਦੀ ਵੀ ਕੋਸ਼ਿਸ਼ ਕੀਤੀ ਹੈ। ਪਿਛਲੇ ਕੁਝ ਵਰ੍ਹਿਆਂ ਵਿਚ ਅਜਿਹੇ ਤਜਰਬੇ ਵੀ ਕੀਤੇ ਗਏ ਹਨ, ਜਿਨ੍ਹਾਂ ਨਾਲ ਅਰਥ ਦੀ ਮਿਣਤੀ ਕੀਤੀ ਜਾ ਸਕੇ। ਦੂਜੇ ਸ਼ਬਦਾਂ ਵਿਚ ਕੁਝ ਸੰਕਲਪਾਂ ਦੇ ਭਾਵੁਕ ਅਧਿਸੁਰਾਂ (emotive overtones) ਪ੍ਰਤਿ ਲੋਕਾਂ ਦੀਆਂ ਪ੍ਰਤਿਕਿਰਿਆਵਾਂ ਨੂੰ ਅੰਕੜਿਆਂ ਵਿਚ ਉਤਾਰਿਆ ਜਾਏ। ਪਰ ਇਹਨਾਂ ਜਤਨਾਂ ਨਾਲ ਸਮੱਸਿਆ ਦਾ ਪੂਰਾ ਸੁਲਝਾਉ ਨਹੀਂ ਹੋ ਜਾਂਦਾ। ਬਲੂਮਫ਼ੀਲਡ ਇਸ ਮੁਸ਼ਕਿਲ ਦਾ ਇਕ ਹੋਰ ਹੱਲ ਸੁਝਾਉਂਦਾ ਹੈ। ਉਹ ਕਹਿੰਦਾ ਹੈ ਕਿ ਇਕ ਭਾਸ਼ਾ-ਰੂਪ (linguistic form) ਵਿਚ ਉਹ ਸਥਿਤੀ ਜਿਸ ਵਿਚ ਕੋਈ ਬੋਲਣਹਾਰਾ ਉਚਾਰ ਕਰਦਾ ਹੈ ਅਤੇ ਸੁਣਨ ਵਾਲੇ ਦੁਆਰਾ ਦਿੱਤੀ ਜਾਣ ਵਾਲੀ ਅਨੁਕਿਰਿਆ ਦੋਵੇਂ ਸ਼ਾਮਿਲ ਹੁੰਦੀਆਂ ਹਨ।

ਵਿਸ਼ਲੇਸ਼ਣਾਤਮਕ ਪਹੁੰਚ ਪ੍ਰਤਿ ਇਕ ਹੋਰ ਇਤਰਾਜ਼ ਇਹ ਕੀਤਾ ਗਿਆ ਹੈ ਕਿ ਨਾਮ ਅਤੇ ਭਾਵ ਜਾਂ ਸਿਗਨੀਫ਼ੀਐਂਟ (signifiant) ਅਤੇ ਸਿਗਨੀਫ਼ਾਈ (signifie) ਦੇ ਵਿਚਕਾਰ ਦ੍ਵੈਤ ਭਾਸ਼ਾ-ਵਿਗਿਆਨ ਵਿਚ ਇਕ ਪ੍ਰਕਾਰ ਦਾ ਮਨੋ-ਵਿਗਿਆਨਕ ਅਤੇ ਭੌਤਿਕ ਸਮਾਨਾਂਤਰ ਵਾਦ (psycho-physical parallelism) ਲਿਆਉਂਦਾ ਹੈ। ਦੂਜੇ ਸ਼ਬਦਾਂ ਵਿਚ ਨਾਮ ਅਤੇ ਭਾਵ ਦੀ ਵੰਡ ਸਰੀਰ ਅਤੇ ਰੂਹ ਦੇ ਦ੍ਵੈਤ ਵਾਲੀ ਹੋ ਨਿਬੜਦੀ ਹੈ। ਪਰ ਜਦੋਂ ਅਸੀਂ ਗਹੁ ਨਾਲ ਵੇਖੀਏ ਤਾਂ ਗੱਲ ਇਸ ਤਰ੍ਹਾਂ ਨਹੀਂ। ਜੇਕਰ ਅਸੀਂ ਨਾਮ ਨੂੰ ਸ਼ਬਦ ਦਾ ਸਰੀਰ ਅਤੇ ਭਾਵ ਨੂੰ ਰੂਹ ਮੰਨੀਏ ਤਾਂ ਅਸੀਂ ਕੇਵਲ ਇਕ ਰੂਪਕ ਦੀ ਵਰਤੋਂ ਹੀ ਕਰ ਰਹੇ ਹੋਵਾਂਗੇ। ਇਹ ਰੂਪਕ, ਜਿਵੇਂ ਕਿ ਸਾਸਿਊਰ ਨੇ ਕਿਹਾ ਹੈ, ਪੂਰੀ ਤਰ੍ਹਾਂ ਢੁੱਕਵਾਂ ਨਹੀਂ। ਇਸ ਤਰ੍ਹਾਂ ਨਾਮ ਅਤੇ ਭਾਵ ਦੀ ਦ੍ਵੈਤ ਸਰੀਰ ਅਤੇ ਰੂਹ ਵਾਲੀ ਦ੍ਵੈਤ ਨਹੀਂ ਬਣਦੀ। ਇਸ ਦਾ ਸੁਭਾਅ ਬਿਲਕੁਲ ਵੱਖਰਾ ਹੈ। ਇਸ ਦ੍ਵੈਤ ਦਾ ਆਧਾਰ ਚਿਹਨ ਅਤੇ ਉਹ ਵਸਤੂ ਜਿਸ ਵੱਲ ਚਿਹਨ ਸੰਕੇਤ ਕਰਦਾ ਹੈ, ਦਾ ਅੰਤਰ ਬਣਦਾ ਹੈ। ਇਹ ਹੀ ਸਿਗਨੀਫ਼ੀਐਂਟ (ਚਿਹਨਿਕ) ਅਤੇ ਸਿਗਨੀਫ਼ਾਈ (ਚਿਹਨਿਤ) ਦੇ ਨਿਖੇੜੇ ਵੱਲ ਸਾਡਾ ਧਿਆਨ ਲਿਜਾਂਦੀ ਹੈ। ਇਹ ਨਿਖੇੜਾ ਕੇਵਲ ਭਾਸ਼ਾ ਅਧਿਐਨ ਵਿਚ ਹੀ ਲਾਹੇਵੰਦ ਸਾਬਤ ਨਹੀਂ ਹੋਇਆ, ਸਗੋਂ ਚਿਹਨ-ਵਿਗਿਆਨ (semiotics) ਦੇ ਖੇਤਰ ਵਿਚ ਵੀ ਅਤਿਅੰਤ ਮਹੱਤਵਪੂਰਨ ਸਿੱਧ ਹੋਇਆ ਹੈ। ਚਿਹਨ-ਵਿਗਿਆਨ ਦਾ ਖੇਤਰ ਕੇਵਲ ਭਾਸ਼ਾ ਤਕ ਸੀਮਿਤ ਨਹੀਂ, ਬਲਕਿ ਭਾਸ਼ਾ ਬਾਹਰੇ ਸਿਸਟਮਾਂ ਤਕ ਵੀ ਫੈਲਿਆ ਹੋਇਆ ਹੈ, ਜਿਸ ਨੇ ਪਰੰਪਰਾ-ਮੂਲਕ ਅਰਥ-ਵਿਗਿਆਨ ਵਾਲੇ ਸ਼ਬਦ-ਅਰਥ ਦੀ ਦ੍ਵੈਤ ਨੂੰ ਤਿਆਗ ਕੇ ਚਿਹਨਿਕ ਤੇ ਚਿਹਨਿਤ ਦੇ ਦ੍ਵੈਤ ਦੇ ਆਧਾਰ ਉਪਰ ਸੰਚਾਰ ਦੀਆਂ ਭਿੰਨ-ਭਿੰਨ ਪ੍ਰਣਾਲੀਆਂ ਦੇ ਅਧਿਐਨ ਵਿਚ ਨਵੀਂ ਸਾਰਥਿਕਤਾ ਪੈਦਾ ਕੀਤੀ ਹੈ।

ਅਰਥ ਪ੍ਰਤਿ ਵਿਸ਼ਲੇਸ਼ਣਾਤਮਕ ਪਹੁੰਚ ਦੀਆਂ ਕੁਝ ਸੀਮਾਵਾਂ, ਜਿਨ੍ਹਾਂ ਵੱਲ ਉਪਰ ਸੰਕੇਤ ਕੀਤਾ ਗਿਆ ਹੈ, ਨੂੰ ਧਿਆਨ ਵਿਚ ਰਖਦਿਆਂ ਕੁਝ ਭਾਸ਼ਾ-ਵਿਗਿਆਨੀ ਚਿੰਤਕਾਂ ਨੇ ਉਸ ਦੀ ਥਾਂ 'ਤੇ ਇਕ ਹੋਰ ਪਹੁੰਚ ਨੂੰ ਪ੍ਰਚਲਿਤ ਕੀਤਾ, ਜਿਸ ਨੂੰ ਅਸੀਂ ਵਿਹਾਰਕ (operational) ਸਿਧਾਂਤ ਦਾ ਨਾਂ ਦੇਂਦੇ ਹਾਂ। ਵਿਟਜਿਨਸਟਾਈਨ ਨੇ ਆਪਣੀ ਪੁਸਤਕ 'Philosophical Investigation' (1953) ਵਿਚ ਵਿਹਾਰਕ ਅਰਥ-ਵਿਗਿਆਨ ਦਾ ਮੁੱਢ ਬੰਨ੍ਹਿਆ। ਉਸ ਨੇ ਇਹ ਦਲੀਲ ਦਿੱਤੀ ਕਿ ਸ਼ਬਦ ਦਾ ਆਪਣਾ ਕੋਈ ਅਰਥ ਨਹੀਂ ਹੁੰਦਾ। ਉਸ ਦਾ ਅਰਥ ਤਾਂ ਕੇਵਲ ਉਸ ਦੀ ਭਾਸ਼ਾ ਵਿਚ ਵਰਤੋਂ ਹੀ ਮੰਨਿਆ ਜਾਣਾ ਚਾਹੀਦਾ ਹੈ।

ਅਰਥ ਪ੍ਰਤਿ ਇਹ ਪਹੁੰਚ ਅਜੋਕੇ ਅਰਥ-ਵਿਗਿਆਨੀਆਂ ਵਿਚ ਕਾਫ਼ੀ ਪ੍ਰਚਲਿਤ ਹੋਈ ਹੈ, ਕਿਉਂਕਿ ਇਹ ਅਰਥ ਨੂੰ ਨਿਰੀਖਣਵਤ ਅਤੇ ਵਸਤੂਮੂਲਕ ਵਿਸ਼ਲੇਸ਼ਣ ਦੀ ਯੋਗਤਾ ਪ੍ਰਦਾਨ ਕਰਦੀ ਹੈ। ਪਰ ਸ਼ਬਦ ਦੇ ਅਰਥ ਨੂੰ ਕੇਵਲ ਸ਼ਬਦ ਦੀ ਵਿਹਾਰਕ ਵਰਤੋਂ ਦੇ ਸਮ ਬਨਾਉਣ ਨਾਲ ਕੁਝ ਦਿੱਕਤਾਂ ਵੀ ਪੈਦਾ ਹੁੰਦੀਆਂ ਹਨ। ਇਸ ਸੰਬੰਧ ਵਿਚ ਇਕ ਦਲੀਲ ਇਹ ਦਿੱਤੀ ਜਾਂਦੀ ਹੈ ਕਿ ਕਿਸੇ ਸ਼ਬਦ ਦੀ ਵਿਹਾਰਕ ਵਰਤੋਂ ਅਜਿਹੀਆਂ ਗੱਲਾਂ ਉਪਰ ਨਿਰਭਰ ਹੁੰਦੀ ਹੈ, ਜਿਨ੍ਹਾਂ ਦਾ ਅਰਥ

ਦੇ ਮਸਲਿਆਂ ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਇਹ ਵੀ ਗੱਲ ਕਹੀ ਜਾਂਦੀ ਹੈ ਕਿ ਅਰਥ ਪ੍ਰਤਿ ਵਿਸ਼ਲੇਸ਼ਣਾਤਮਕ ਅਤੇ ਵਿਹਾਰਕ ਪਹੁੰਚਾਂ ਇਕ ਦੂਜੇ ਦੀਆਂ ਵਿਰੋਧੀ ਨਹੀਂ, ਬਲਕਿ ਇਕ ਦੂਜੇ ਦਾ ਪੱਖ ਪੂਰਦੀਆਂ ਹਨ। ਇਹ ਤਾਂ ਇੱਕੋ ਤਰ੍ਹਾਂ ਦੀ ਪੜਤਾਲ ਦੇ ਦੋ ਵੱਖੋ-ਵੱਖਰੇ ਪੜਾਅ ਬਣਦੇ ਹਨ। ਉਦਾਹਰਣ ਲਈ ਇਕ ਕੋਸ਼ਕਾਰ ਜਦੋਂ ਕੋਈ ਕੋਸ਼ ਤਿਆਰ ਕਰਦਾ ਹੈ ਤਾਂ ਪਹਿਲਾਂ ਉਹ ਕਿਸੇ ਸ਼ਬਦ ਦੀ ਵਰਤੋਂ ਦੇ ਉਹਨਾਂ ਸਾਰੇ ਸੰਦਰਭਾਂ ਨੂੰ ਦ੍ਰਿਸ਼ਟੀਗੋਚਰ ਕਰਦਾ ਹੈ, ਜਿਨ੍ਹਾਂ ਵਿਚ ਉਸ ਦੀ ਵਰਤੋਂ ਕੀਤੀ ਜਾਂਦੀ ਹੈ। ਸ਼ਬਦ ਦੀ ਵੱਖੋ-ਵੱਖਰੀਆਂ ਸਥਿਤੀਆਂ ਵਿਚ ਕੀਤੀ ਜਾਂਦੀ ਵਰਤੋਂ ਦੀਆਂ ਉਦਾਹਰਣਾਂ ਲੱਭਣ ਦੀ ਇਹ ਪ੍ਰਕਿਰਿਆ ਉਹ ਓਦੋਂ ਤਕ ਜਾਰੀ ਰਖਦਾ ਹੈ, ਜਦੋਂ ਤਕ ਕਿ ਉਸ ਨੂੰ ਨਵੀਂ ਸੂਚਨਾ ਮਿਲਣੀ ਬੰਦ ਨਹੀਂ ਹੋ ਜਾਂਦੀ। ਇਸ ਬਿੰਦੂ ਤਕ ਉਹ ਵਿਹਾਰਕ ਪਹੁੰਚ ਦੀ ਖੇਡ ਵਿਚ ਰਹਿੰਦਾ ਹੈ ਅਤੇ ਫੇਰ ਜਦੋਂ ਇਕੱਤਰ ਕੀਤੀ ਸਾਮਗਰੀ ਦੇ ਆਧਾਰ ਉਪਰ ਭਿੰਨ-ਭਿੰਨ ਸੰਦਰਭਾਂ ਰਾਹੀਂ ਮਿਲਦੇ ਅਰਥਾਂ ਨੂੰ ਉਹ ਦਰਜ ਕਰਦਾ ਹੈ ਤਾਂ ਇਸ ਨੁਕਤੇ ਤੋਂ ਉਸ ਦਾ ਵਿਸ਼ਲੇਸ਼ਣਾਤਮਕ ਪੜਾਅ ਆਰੰਭ ਹੋ ਜਾਂਦਾ ਹੈ। ਸ਼ਬਦ ਦੀ ਵਰਤੋਂ ਜਾਂ ਵਿਹਾਰ ਵਿਚ ਪਹਿਲਾਂ ਆਉਣਾ ਅਤੇ ਫੇਰ ਉਸ ਵਿੱਚੋਂ ਅਰਥ ਕੱਢਣ ਦਾ ਦ੍ਵੈਤ ਲੈਂਗ (langue) ਅਤੇ ਪੈਰੋਲ (parole) ਜਾਂ ਫੇਰ ਯੋਗਤਾ (competence) ਅਤੇ ਨਿਸ਼ਪਾਦਨ (performance) ਵਿਚਕਾਰ ਮੂਲ ਤਨਾਉ ਦਾ ਇਕ ਵਿਸ਼ੇਸ਼ ਪੱਖ ਹੀ ਬਣਦਾ ਹੈ।

ਅਰਥ ਦੇ ਵਿਹਾਰਕ (operational) ਸੰਕਲਪ ਦਾ ਇਕ ਹੋਰ ਦਿਲਚਸਪ ਪੱਖ ਸਹਿ-ਸ਼ੰਬੰਧਾਂ (collocation) ਦਾ ਅਧਿਐਨ ਹੈ। ਸਹਿ-ਸੰਬੰਧ ਤੋਂ ਭਾਵ ਹੈ ਕਿਸੇ ਭਾਸ਼ਾ ਵਿਚ ਵਰਤੀਂਦੇ ਕਿਸੇ ਇਕ ਸ਼ਬਦ ਦਾ ਵਾਕਾਂ ਵਿਚ ਮਿਲਦੇ ਹੋਰ ਸ਼ਬਦਾਂ ਨਾਲ ਸੁਭਾਵਿਕ ਸਹਿਚਾਰ ਸਥਾਪਤ ਕਰਨਾ। ਪ੍ਰਸਿੱਧ ਬਰਤਾਨਵੀਂ ਭਾਸ਼ਾ-ਵਿਗਿਆਨੀ ਜੇ.ਆਰ. ਫਰਥ (J.R. Firth) ਨੇ ਇਸ ਪ੍ਰਕਾਰ ਦੇ ਅਧਿਐਨ ਉਪਰ ਵਿਸ਼ੇਸ਼ ਬਲ ਦਿੱਤਾ ਹੈ। ਉਸ ਨੇ ਸਹਿ-ਸੰਬੰਧਾਂ ਦੇ ਬੜੇ ਹੀ ਸਰਲ ਉਦਾਹਰਣ ਦਿੱਤੇ ਹਨ। ਉਸ ਦਾ ਕਹਿਣਾ ਹੈ ਕਿ 'ਹਨੇਰਾ' ਦਾ ਇਕ ਅਰਥ ਰਾਤ ਦਾ ਆਉਣਾ ਅਤੇ 'ਰਾਤ' ਹਨੇਰੇ ਦੇ ਅਰਥ ਦੀ ਸੂਚਕ ਹੈ। ਇਸ ਤਰ੍ਹਾਂ 'ਹਨੇਰੇ' ਅਤੇ 'ਰਾਤ' ਦਾ ਆਪਸ ਵਿਚ ਸਹਿਚਾਰ ਦਾ ਸੰਬੰਧ ਸਥਾਪਤ ਹੁੰਦਾ ਹੈ। ਇਸ ਤੋਂ ਪਿੱਛੋਂ ਭਾਸ਼ਾ-ਵਿਗਿਆਨੀਆਂ ਨੇ ਸਹਿ-ਹੋਂਦੀ ਪ੍ਰਸੰਗ ਵਿਚ ਅਰਥ ਦਾ ਵਿਸ਼ਲੇਸ਼ਣ ਜ਼ਰਾ ਵੱਖਰੇ ਢੰਗ ਨਾਲ ਕੀਤਾ ਹੈ। ਉਦਾਹਰਣ ਲਈ ਅਸੀਂ ਹੇਠ ਲਿਖੇ ਵਾਕ ਲੈਂਦੇ ਹਾਂ:

(ੳ) ਕੁੱਤੇ ਨੇ ਬਿੱਲੀ ਨੂੰ ਮਾਰ ਦਿੱਤਾ।

(ਅ) ਸੋਹਣ ਨੇ ਕੁੱਤੇ ਦੇ ਗਲ ਵਿਚ ਪਾਣ ਲਈ ਪੱਟਾ ਲਿਆਂਦਾ।

(ੲ) ਸਾਹਮਣੇ ਭਾਲੂ ਵਰਗਾ ਕਿਹੜਾ ਜਾਨਵਰ ਹੈ, ਸ਼ਾਇਦ ਕਾਲਾ ਕੁੱਤਾ ਹੈ।

ਇਥੇ 'ਕੁੱਤਾ' ਸ਼ਬਦ ਤਿੰਨ ਵੱਖੋ-ਵੱਖਰੇ ਵਾਕ-ਬਣਤਰੀ ਸੰਦਰਭਾਂ ਵਿਚ ਆਇਆ ਹੈ। ਇਨ੍ਹਾਂ ਵਿਚ 'ਕੁੱਤਾ' ਸ਼ਬਦ ਦੀ ਵਰਤੋਂ ਦੀ ਫ਼ਰੀਕੁਐਂਸੀ ਦੀ ਵਿਸ਼ੇਸ਼

ਪ੍ਰਕਾਰ ਦੀ ਵੰਡ (distribution) 'ਕੁੱਤੇ' ਦਾ ਭਾਸ਼ਾਈ ਅਰਥ ਹੈ। ਸਹਿ-ਸੰਬੰਧੀ ਅਰਥ ਅਧਿਐਨ ਕਿਸੇ ਭਾਸ਼ਾ ਦੇ ਸ਼ਬਦ ਭੰਡਾਰ ਦਾ ਅਧਿਐਨ ਸਪੱਸ਼ਟ, ਸੰਜਮਈ, ਵਸਤੂਮੁਖ ਆਧਾਰਾਂ ਉਪਰ ਕਰਨ ਵਿਚ ਕਾਫ਼ੀ ਹਿੱਸਾ ਪਾ ਸਕਦੇ ਹਨ। ਕਵਿਤਾ ਵਿਚ ਸ਼ਬਦਾਂ ਦੇ ਸਹਿ-ਸੰਬੰਧੀ ਰੂਪਾਂ ਵਿਚ ਜੋੜਨ ਦੀ ਪ੍ਰਬਲ ਰੁਚੀ ਹੁੰਦੀ ਹੈ। ਉਦਾਹਰਣ ਲਈ ਮੋਹਨ ਸਿੰਘ ਦੀ ਕਵਿਤਾ 'ਬਿਰਛ' ਵਿਚ ਹੇਠ-ਲਿਖੀਆਂ ਪੰਗਤੀਆਂ ਵਿਚ ਇਕ ਪਾਸੇ ਬਿਰਛ ਦੇ ਭਿੰਨ-ਭਿੰਨ ਅੰਗਾਂ ਦੇ ਸੂਚਕ ਸ਼ਬਦਾਂ ਅਤੇ ਦੂਜੇ ਪਾਸੇ ਮਨੁੱਖੀ ਸਰੀਰ ਦੇ ਅੰਗਾਂ ਦੇ ਸੂਚਕ ਸ਼ਬਦਾਂ ਦਾ ਸਹਿਚਾਰ ਸਥਾਪਤ ਕਰਕੇ ਕਾਵਿ ਅਰਥ ਸਿਰਜੇ ਗਏ ਹਨ:

ਇਕ ਇਕ ਕਰਕੇ
ਸਾਰੇ ਪੱਤਰ ਝੜ ਗਏ
ਫਿਰ ਟਹਿਣੀਆਂ ਨੂੰ ਸੁਕਾ ਕੇ
ਹੱਡ ਕੜਕਾ ਹਵਾ ਲੈ ਗਈ
ਹੁਣ ਨਿਰਾ ਟੁੰਡ ਹੀ ਖੜਾ ਹੈ
ਇਕ ਕੱਲ-ਮੁਕੱਲੇ ਘੁਣਾਧੇ ਦੰਦ ਦੀ ਤਰ੍ਹਾਂ।

ਉਪਰਲੀਆਂ ਪੰਗਤੀਆਂ ਵਿਚ 'ਪੱਤਰ', 'ਟਹਿਣੀਆਂ', 'ਨਿਰਾ-ਟੁੰਡ' ਰੁੱਖ ਦੇ ਅੰਗਾਂ ਦੇ ਨਾਂ ਹਨ ਅਤੇ ਇਹ ਸਾਰੇ ਇਥੇ ਸਹਿ-ਸੰਬੰਧਾਂ ਵਿਚ ਜੁੜੇ ਹੋਏ ਸ਼ਬਦ ਹਨ। 'ਹੱਡ' ਅਤੇ 'ਘੁਣਾਧਾ ਦੰਦ' ਦੋਵੇਂ ਮਨੁੱਖੀ ਸਰੀਰ ਦੇ ਅੰਗਾਂ ਦੇ ਨਾਂ ਵੀ ਇਥੇ ਇਸੇ ਸੰਬੰਧ ਵਿਚ ਬੱਝੇ ਹੋਏ ਹਨ। 'ਝੜਨਾ', 'ਸੁੱਕਣਾ', 'ਕੜਕਣਾ' ਵੀ ਆਪਸ ਵਿਚ ਇਸੇ ਤਰ੍ਹਾਂ ਸਹਿਚਾਰੀ ਸੰਬੰਧ ਸਥਾਪਤ ਕਰਦੇ ਹਨ, ਕਿਉਂਕਿ ਇਹ ਵਿਨਾਸ਼ ਦੀ ਪ੍ਰਕਿਰਿਆ ਦੇ ਸਾਂਝੇ ਅਰਥਾਂ ਨੂੰ ਪ੍ਰਗਟਾਉਂਦੇ ਹਨ। 'ਹਵਾ' ਅਤੇ 'ਘੁਣ' ਦੋਵੇਂ ਇਸ ਤਰ੍ਹਾਂ ਸੰਬੰਧ ਵਿਚ ਬਝਦੇ ਹਨ, ਕਿਉਂਕਿ ਇਹ ਇਕ ਪ੍ਰਕਾਰ ਦੇ ਰੁੱਖ ਅਤੇ ਬੁੱਢੇ ਮਨੁੱਖੀ ਦੰਦ ਵਿਚ ਵਿਨਾਸ਼ ਲਿਆਉਣ ਦਾ ਇਕ ਸਾਧਨ ਬਣਦੇ ਹਨ। ਸਹਿ-ਸੰਬੰਧਾਂ ਨੂੰ ਧਿਆਨ ਵਿਚ ਰੱਖ ਕੇ ਅੰਗਰੇਜ਼ੀ ਭਾਸ਼ਾ ਦੇ ਸ਼ਬਦ-ਭੰਡਾਰ ਦਾ ਅਧਿਐਨ ਸਿਸਟਮ ਬੱਝਵੇਂ ਰੂਪ ਵਿਚ ਹੋ ਚੁੱਕਾ ਹੈ ਅਤੇ ਇਸ ਨਾਲ ਸੰਬੰਧਿਤ ਨਵੀਂ ਪਰਿਭਾਸ਼ਕ ਸ਼ਬਦਾਵਲੀ ਅਤੇ ਵਿਧੀ ਵਿਗਿਆਨ ਵੀ ਤਿਆਰ ਕੀਤੇ ਜਾ ਚੁੱਕੇ ਹਨ, ਪਰ ਸਾਡੀਆਂ ਭਾਰਤੀ ਭਾਸ਼ਾਵਾਂ ਵਿਚ ਇਸ ਖੇਤਰ ਵਿਚ ਅਜੇ ਮੁੱਢਲੇ ਯਤਨ ਵੀ ਨਹੀਂ ਕੀਤੇ ਗਏ। ਸਹਿ-ਸੰਬੰਧੀ ਅਰਥ-ਅਧਿਐਨ ਬਾਰੇ ਇਕ ਗੱਲ ਦਾ ਧਿਆਨ ਰਖਣਾ ਬੜਾ ਜ਼ਰੂਰੀ ਹੈ ਕਿ ਕਿਸੇ ਸ਼ਬਦ ਦੀ ਵਰਤੋਂ ਅਤੇ ਜਿਨ੍ਹਾਂ-ਜਿਨ੍ਹਾਂ ਸਹਿ-ਸੰਬੰਧਾਂ ਵਿਚ ਅਜਿਹਾ ਸ਼ਬਦ ਆਉਂਦਾ ਹੈ, ਇਸ ਦੇ ਅਰਥ ਦੇ ਪਰਿਣਾਮ ਅਤੇ ਪ੍ਰਗਟਾਵੇ ਹੁੰਦੇ ਹਨ। ਇਸ ਲਈ ਸ਼ਬਦਾਂ ਦੇ ਸਹਿ-ਸੰਬੰਧਾਂ ਨੂੰ ਉਹਨਾਂ ਦੇ ਅਰਥਾਂ ਦੇ ਸਮ ਨਹੀਂ ਮੰਨਣਾ ਚਾਹੀਦਾ।

ਲਗਪਗ ਪਿਛਲੇ ਇਕ ਦਹਾਕੇ ਤੋਂ ਅਰਥ-ਵਿਗਿਆਨ ਦੇ ਖੇਤਰ ਵਿਚ ਇਕ ਹੋਰ ਇਨਕਲਾਬ ਆਇਆ ਹੈ। ਇਸ ਇਨਕਲਾਬ ਦੀ ਇਕ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਵਿਦਵਾਨਾਂ ਦਾ ਝੁਕਾਅ ਫੇਰ ਅਰਥ ਦੇ ਵਿਹਾਰਕ ਸੰਕਲਪ ਤੋਂ

ਮੁੜ ਕੇ ਵਿਸ਼ਲੇਸ਼ਣਾਤਮਕ ਸੰਕਲਪ ਵੱਲ ਹੋ ਗਿਆ ਹੈ। ਅਮਰੀਕਾ ਵਿਚ ਇਹ ਪ੍ਰਵਿਰਤੀ ਟ੍ਰਾਂਸਫ਼ਰਾਮੇਸ਼ਨਲ ਅਤੇ ਜੈਨਰੇਟਿਵ ਵਿਆਕਰਣ ਦੇ ਵਧਦੇ ਖੇਤਰ-ਵਿਸਥਾਰ ਦੇ ਕਾਰਨ ਜ਼ੋਰ ਫੜ ਰਹੀ ਹੈ। ਯੋਰਪ ਵਿਚ ਅਰਥ-ਵਿਗਿਆਨ ਦੇ ਖੇਤਰ ਵਿਚ ਵੀ ਸਾਨੂੰ ਵਿਸ਼ਲੇਸ਼ਣਾਤਮਕ ਦ੍ਰਿਸ਼ਟੀ ਤੋਂ ਅਰਥ ਦਾ ਅਧਿਐਨ ਕਰਨ ਵੱਲ ਝੁਕਾਅ ਵਧਦਾ ਨਜ਼ਰ ਆਉਂਦਾ ਹੈ, ਪਰ ਉਥੇ ਇਸ ਦਾ ਕਾਰਨ ਅਮਰੀਕਾ ਵਾਲਾ ਨਹੀਂ, ਕਿਉਂਕਿ ਉਥੇ ਟ੍ਰਾਂਸਫ਼ਾਰਮੇਸ਼ਨਲ ਜੈਨਰੇਟਿਵ ਵਿਆਕਰਣ ਦੀ ਲਹਿਰ ਦਾ ਕੋਈ ਬਹੁਤਾ ਜ਼ੋਰ ਨਹੀਂ।

ਅਰਥ ਦੀਆਂ ਵਿਸ਼ਲੇਸ਼ਣਾਤਮਕ ਪਹੁੰਚਾਂ ਵਿਚ ਅਰਥ ਨੂੰ ਉਸ ਦੀ ਛੋਟੀ ਤੋਂ ਛੋਟੀ ਇਕਾਈ ਤਕ ਘਟਾਇਆ ਜਾਂਦਾ ਹੈ। ਇਸੇ ਕਰਕੇ ਇਹਨਾਂ ਸਾਰੀਆਂ ਪਹੁੰਚਾਂ ਨੂੰ ਕਈ ਵਾਰੀ ਅੰਗ-ਮੂਲਕ ਵਿਸ਼ਲੇਸ਼ਣ (componential analysis) ਦਾ ਨਾਂ ਵੀ ਦਿੱਤਾ ਗਿਆ ਹੈ। ਨਵੀਆਂ ਅੰਗ-ਮੂਲਕ ਵਿਸ਼ਲੇਸ਼ਣ ਦੀਆਂ ਵਿਧੀਆਂ ਪਰੰਪਰਾਗਤ ਵਿਧੀਆਂ ਨਾਲੋਂ ਵਧੇਰੇ ਵਿਸਥਾਰ ਨਾਲ ਗੱਲ ਨੂੰ ਪੇਸ਼ ਕਰਦੀਆਂ ਹਨ। ਅਜਿਹਾ ਵਿਸ਼ਲੇਸ਼ਣ ਕਿਸੇ ਭਾਸ਼ਾ ਦੇ ਸ਼ਬਦ-ਭੰਡਾਰ ਦੀ ਸੰਰਚਨਾ ਨੂੰ ਖੋਲ੍ਹ ਕੇ ਪੇਸ਼ ਕਰਨ ਵਿਚ ਅਤਿਅੰਤ ਉਪਯੋਗੀ ਸਿੱਧ ਹੋਇਆ ਹੈ। ਇਸ ਅਰਥ ਦੀ ਵਿਸ਼ਲੇਸ਼ਣ ਵਿਧੀ ਬਾਰੇ ਅੱਗੇ ਜਾ ਕੇ ਕੁਝ ਵਿਸਥਾਰ ਨਾਲ ਗੱਲ ਕੀਤੀ ਜਾਏਗੀ।

ਅਰਥ-ਵਿਗਿਆਨ ਵਿਚ ਜਿਥੇ ਇਕੱਲੇ-ਇਕੱਲੇ ਸ਼ਬਦ ਦੀ ਅਰਥ-ਮੂਲਕ ਸੰਰਚਨਾ ਦਾ ਵਿਸ਼ਲੇਸ਼ਣ ਕਰਨ ਉਪਰ ਖੋਜ ਕੀਤੀ ਜਾ ਚੁੱਕੀ ਹੈ, ਉਥੇ ਸਮੁੱਚੇ ਸ਼ਬਦ ਭੰਡਾਰ ਦੇ ਵਿਸ਼ਲੇਸ਼ਣ ਦੇ ਕੰਮ ਵਿਚ ਕਾਫ਼ੀ ਵਾਧਾ ਹੋਇਆ ਹੈ। ਇਥੇ ਇਕੱਲੇ-ਇਕੱਲੇ ਸ਼ਬਦਾਂ ਦਾ, ਵਿਸ਼ੇਸ਼ ਕਰਕੇ ਉਹਨਾਂ ਦੇ ਰੂਪ ਅਤੇ ਅਰਥ ਦੇ ਸੰਬੰਧਾਂ ਨੂੰ ਧਿਆਨ ਵਿਚ ਰੱਖ ਕੇ ਸੰਰਚਨਾਤਮਕ ਵਰਣਨ ਕੁਥਾਂ ਨਹੀਂ ਹੋਵੇਗਾ।

ਇਕੱਲੇ-ਇਕੱਲੇ ਸ਼ਬਦਾਂ ਦੀ ਅਰਥਵਤ ਸੰਰਚਨਾ ਦਾ ਵਿਸ਼ਲੇਸ਼ਣ ਦੋ ਸਮੱਸਿਆਵਾਂ ਸਾਹਮਣੇ ਲਿਆਉਂਦਾ ਹੈ। ਪਹਿਲੀ ਸਮੱਸਿਆ ਓਦੋਂ ਪੇਸ਼ ਆਉਂਦੀ ਹੈ, ਜਦੋਂ ਸਰਲ ਅਰਥ ਮੂਲਕ ਸਥਿਤੀ ਵਿਚ ਇਕ ਚਿਹਨਕ ਦਾ ਇੱਕੋ ਹੀ ਚਿਹਨਿਤ ਮਿਲਦਾ ਹੋਵੇ। ਦੂਜੀ ਸਮੱਸਿਆ ਓਦੋਂ ਪੈਦਾ ਹੁੰਦੀ ਹੈ, ਜਦੋਂ ਅਸੀਂ ਮੁਕਾਬਲਤਨ ਵਧੇਰੇ ਜਟਿਲ ਸੰਰਚਨਾਵਾਂ ਦਾ ਵਿਸ਼ਲੇਸ਼ਣ ਕਰਨਾ ਹੁੰਦਾ ਹੈ। ਅਜਿਹੀ ਹਾਲਤ ਵਿਚ ਇਕ ਚਿਹਨਕ ਕਈ ਚਿਹਨਿਤਾਂ ਵੱਲ ਸੰਕੇਤ ਕਰ ਰਿਹਾ ਹੁੰਦਾ ਹੈ।

ਜਦੋਂ ਇਕ ਚਿਹਨਕ ਅਤੇ ਇੱਕੋ ਚਿਹਨਿਤ ਵਾਲੀ ਸਰਲ ਸਥਿਤੀ ਹੁੰਦੀ ਹੈ ਤਾਂ ਸ਼ਬਦ ਦੀ ਸਰਲ ਅਰਥ-ਮੂਲਕ ਸਥਿਤੀ ਮੰਨੀ ਜਾਏਗੀ। ਇਸ ਦ੍ਰਿਸ਼ਟੀ ਤੋਂ ਕਿਸੇ ਭਾਸ਼ਾ ਦੇ ਸ਼ਬਦ ਭੰਡਾਰ ਨੂੰ ਦੋ ਪ੍ਰਕਾਰ ਦੇ ਸ਼ਬਦਾਂ ਵਿਚ ਵੰਡਿਆ ਜਾ ਸਕਦਾ ਹੈ :

(1) ਪ੍ਰੇਰਿਤ (motivated) ਜਾਂ ਪਾਰਦਰਸ਼ੀ (transparent)।

(2) ਅਣਪ੍ਰੇਰਿਤ (unmotivated words) ਜਾਂ ਅਪਾਰਦਰਸ਼ੀ (opaque) ਸ਼ਬਦ।

ਦੂਜੀ ਪ੍ਰਕਾਰ ਦੇ ਸ਼ਬਦ ਇਕ ਲੜੀ ਦੇ ਹੋ ਸਕਦੇ ਹਨ, ਜਿਵੇਂ 'ਪਾਣੀ' (ਪੰਜਾਬੀ), 'ਆਬ' (ਫ਼ਾਰਸੀ), 'ਜਲ' (ਸੰਸਕ੍ਰਿਤ), 'ਵਾਟਰ' (ਅੰਗਰੇਜ਼ੀ)। ਇਥੇ ਇੱਕੋ ਵਸਤੂ ਨੂੰ

ਦਰਸਾਉਣ ਲਈ ਚਾਰ ਭਿੰਨ-ਭਿੰਨ ਰੂਪ ਵਰਤੇ ਗਏ ਹਨ। ਪਾਰਦਰਸ਼ੀ ਸ਼ਬਦ ਤਿੰਨ ਪ੍ਰਕਾਰ ਪ੍ਰੇਰਿਤ ਹੋ ਸਕਦੇ ਹਨ:

(ੳ) ਧੁਨੀ-ਮੂਲਕਤਾ ਦੀ ਦ੍ਰਿਸ਼ਟੀ ਤੋਂ
(ਅ) ਰੂਪੀਮੀ ਦ੍ਰਿਸ਼ਟੀ ਤੋਂ
(ੲ) ਅਰਥ ਮੂਲਕਤਾ ਦੀ ਦ੍ਰਿਸ਼ਟੀ ਤੋਂ

ਧੁਨੀ-ਮੂਲਕ ਪ੍ਰੇਰਣਾ ਨੂੰ 'ਅੱਨਾਮਟੋਪੀਆ' ਜਾਂ ਅਨੁਕਰਣ-ਮੂਲਕ ਸ਼ਬਦ ਦਾ ਨਾਂ ਵੀ ਦਿੱਤਾ ਗਿਆ ਹੈ। ਇਸ਼ ਦੀਆਂ ਦੋ ਵੰਨਗੀਆਂ ਹਨ। ਪਹਿਲੀ ਵੰਨਗੀ ਓਦੋਂ ਪੈਦਾ ਹੁੰਦੀ ਹੈ, ਜਦੋਂ ਨਾਮ ਦੀ ਧੁਨੀ-ਮੂਲਕ ਸੰਰਚਨਾ ਨੂੰ ਬਿਆਨ ਕਰਨ ਵਾਲੀਆਂ ਧੁਨੀਆਂ ਦਾ ਉਚਾਰਣ ਹੋਵੇ। ਇਸ ਨੂੰ ਮੁੱਢਲਾ ਅੱਨਾਮਟੋਪੀਆ ਕਿਹਾ ਜਾਂਦਾ ਹੈ। ਉਦਾਹਰਣ ਵਜੋਂ 'ਰਿਮ ਝਿਮ-ਰਿਮ ਝਿਮ' ਸ਼ਬਦ ਰਾਹੀਂ ਮੀਂਹ ਪੈਣ ਦੀ ਆਵਾਜ਼ ਪੈਦਾ ਹੁੰਦੀ ਹੈ। ਇਸੇ ਤਰ੍ਹਾਂ 'ਥਰਨ ਥਰਨ ਥਰਾਈ' ਕੰਬਣ ਦੀ ਧੁਨੀ ਮੂਲਕ ਵਰਤਾਰਾ ਪੇਸ਼ ਕਰਦੀ ਹੈ। 'ਸਰ, ਸਰ, ਸਰ' ਤੇਜ਼ ਹਵਾ ਦੇ ਚਲਣ ਨੂੰ ਧੁਨੀ ਵਿਚ ਬੰਨ੍ਹਦਾ ਹੈ।

ਧੁਨੀ-ਮੂਲਕ ਪ੍ਰੇਰਣਾ ਵਾਲੇ ਸ਼ਬਦਾਂ ਦੀ ਦੂਜੀ ਵੰਨਗੀ ਉਹਨਾਂ ਸ਼ਬਦਾਂ ਦੀ ਹੈ, ਜੋ ਛੂਹ ਜਾਂ ਦ੍ਰਿਸ਼ ਦੇ ਤਜਰਬੇ ਨੂੰ ਪੇਸ਼ ਕਰਦੇ ਹੋਣ। ਇਹ ਕੋਈ ਅਮੂਰਤ ਕਾਰਜ ਜਾਂ ਗੁਣ ਵੀ ਹੋ ਸਕਦਾ ਹੈ। ਉਦਾਹਰਣ ਲਈ ਜਦੋਂ ਅਸੀਂ 'ਨਿੱਕੀ ਜੇਹੀ' ਜਾਂ 'ਵੱਡਾ ਸਾਰਾ' ਕਹਿੰਦੇ ਹਾਂ ਤਾਂ ਇਥੇ ਸੂਰ (vowels) ਆਕਾਰ ਵੱਲ ਸੰਕੇਤ ਕਰਦੇ ਹਨ। ਫ਼ਰੀਦ ਬਾਣੀ ਵਿਚ 'ਖੰਨਿਉਂ ਨਿੱਕੀ' ਦਾ ਉਚਾਰਣ ਇਸ ਪ੍ਰਕਾਰ ਦਾ ਹੈ। ਇਸ ਨੂੰ ਅਸੀਂ ਗੌਣ ਅਨੁਕਰਣ-ਮੂਲਕਤਾ ਜਾਂ ਸੈਕੰਡਰੀ ਅੱਨਾਮਟੋਪੀਆ ਦਾ ਨਾਂ ਦੇ ਸਕਦੇ ਹਾਂ। ਬਹੁਤ ਸਾਰੀਆਂ ਭਾਸ਼ਾਵਾਂ ਵਿਚ ਸੂਰ ਅਤੇ ਉਹਨਾਂ ਦੇ ਦ੍ਰਿਸ਼-ਮੂਲਕ ਪ੍ਰਭਾਵਾਂ ਦਾ ਆਪਸੀ ਸਹਿ-ਸੰਬੰਧ ਹੁੰਦਾ ਹੈ। ਉਲਮਾਨ ਲਿਖਦਾ ਹੈ ਕਿ ਦਸ ਫ਼ਰਾਂਸੀਸੀ ਮੁੰਡੇ, ਜਿਨ੍ਹਾਂ ਨੂੰ ਅੰਗਰੇਜ਼ੀ ਸ਼ਬਦ 'gleam' ਅਤੇ 'gloom' ਬੋਲੇ ਗਏ। ਉਹਨਾਂ ਨੂੰ ਦੱਸਿਆ ਗਿਆ ਕਿ ਇਹਨਾਂ ਵਿੱਚੋਂ ਇਕ ਸ਼ਬਦ ਰੌਸ਼ਨੀ ਵੱਲ ਸੰਕੇਤ ਕਰਦਾ ਹੈ ਅਤੇ ਦੂਜਾ ਹਨੇਰੇ ਵੱਲ। ਫੇਰ ਉਹਨਾਂ ਨੂੰ ਪੁੱਛਿਆ ਗਿਆ ਕਿ ਦੋਹਾਂ ਵਿੱਚੋਂ ਕਿਹੜਾ ਸ਼ਬਦ ਰੌਸ਼ਨੀ ਵੱਲ ਸੰਕੇਤ ਕਰਦਾ ਹੈ ਤਾਂ ਸਾਰਿਆਂ ਨੇ ਠੀਕ ਉੱਤਰ ਦਿੱਤਾ। ਇਸ ਦਾ ਕਾਰਨ ਸ਼ਾਇਦ ਸ਼ਬਦਾਂ ਦਾ ਪ੍ਰੇਰਣਾ-ਮੂਲਕ ਹੋਣਾ ਸੀ, ਜੋ ਇਹਨਾਂ ਵਿਚਲੇ ਸੂਰਾਂ ਦੀ ਵਰਤੋਂ ਤੋਂ ਪਛਾਣੀ ਗਈ।

ਪ੍ਰੇਰਣਾ-ਮੂਲਕਤਾ ਚਾਹੇ ਧੁਨੀ ਮੂਲਕ ਹੈ ਜਾਂ ਕਈ ਹੋਰ, ਸ਼ੁੱਧ ਰੂਪ ਵਿਚ ਇਕ-ਕਾਲਿਕ ਗੁਣ (synchronic quality) ਰੱਖਦੀ ਹੈ। ਕੋਈ ਸ਼ਬਦ ਆਪਣੇ ਇਤਿਹਾਸ ਵਿਚ ਇਹ ਗੁਣ ਧਾਰਨ ਕਰ ਸਕਦਾ ਹੈ ਜਾਂ ਗੁਆ ਸਕਦਾ ਹੈ, ਇਸੇ ਤਰ੍ਹਾਂ ਕੁਝ ਅਨੁਕਰਣ-ਮੂਲਕ ਸ਼ਬਦ ਵੱਡੇ ਪੈਮਾਨੇ ਉਪਰ ਪ੍ਰਵਾਨ ਹੋਏ ਹਨ, ਪਰ ਕੁਝ ਸ਼ਬਦਾਂ ਬਾਰੇ ਲੋਕਾਂ ਦੀ ਪ੍ਰਤਿਕਿਰਿਆ ਸ਼ੁੱਧ ਰੂਪ ਵਿਚ ਆਤਮ-ਪਰਕ ਰਹਿੰਦੀ ਹੈ। ਇਕ ਹੋਰ ਗੱਲ ਜੋ ਅਨੁਕਰਣ-ਮੂਲਕ ਸ਼ਬਦਾਂ ਬਾਰੇ ਸੱਚ ਹੈ ਕਿ ਅਜਿਹੇ ਸ਼ਬਦਾਂ ਵਿਚ ਕਿਸੇ ਨਾ ਕਿਸੇ ਪ੍ਰਕਾਰ ਦੀ ਇਕਸੁਰਤਾ ਜਾਂ ਸੰਗਤੀ ਮਿਲਦੀ ਹੈ। ਇਹ ਗੱਲ ਖ਼ਾਸ ਤੌਰ

'ਤੇ ਸਮਨਾਮੀ (homonymous) ਸ਼ਬਦਾਂ ਦੀ ਤੁਲਨਾ ਕਰਨ ਸਮੇਂ ਵੇਖੀ ਜਾ ਸਕਦੀ ਹੈ। ਸ਼ਬਦ 'ਧੱਕ-ਧੱਕ' ਵਿਚ ਧੜਕਣ ਦਾ ਅਨੁਕਰਣ ਮਿਲਦਾ ਹੈ, ਪਰ 'ਧੱਕ' (to push) ਵਿਚ ਸਾਨੂੰ ਇਹ ਵਿਸ਼ੇਸ਼ਤਾ ਨਹੀਂ ਮਿਲਦੀ। ਅੰਗਰੇਜ਼ੀ ਵਿਚ 'peal' ਘੰਟੀ ਦੀ ਟੁਣਕਾਰ ਦਾ ਰੂਪ ਅਨੁਕਰਣ-ਮੂਲਕ ਹੈ। Peal (ਛਿਲਣਾ) ਵਿਚ ਅਜਿਹਾ ਕੋਈ ਗੁਣ ਨਹੀਂ। ਇਸੇ ਤਰ੍ਹਾਂ ਕਿਸੇ ਸ਼ਬਦ ਦੀ ਧੁਨੀ ਰੂਪ-ਵਿਧੀ ਵਿਚ ਥੋੜ੍ਹਾ ਜਿਹਾ ਪਰਿਵਰਤਨ ਵੀ ਉਸ ਦੇ ਅਨੁਕਰਣ-ਮੂਲਕ ਗੁਣਾਂ ਨੂੰ ਨਸ਼ਟ ਕਰ ਸਕਦਾ ਹੈ।

ਰੂਪੀਮੀ ਪ੍ਰੇਰਣਾ (Morphemic Motivation)

ਸ਼ਬਦਾਂ ਦੀ ਰੂਪੀਮੀ ਸੰਰਚਨਾ ਵੀ ਪ੍ਰੇਰਿਤ ਸ਼ਬਦਾਂ (motivated words) ਨੂੰ ਜਨਮ ਦੇਂਦੀ ਹੈ। ਇਹ ਗੱਲ ਵਿਸ਼ੇਸ਼ ਤੌਰ 'ਤੇ ਕੁਝ ਸਮਾਸੀ ਸ਼ਬਦਾਂ ਵਿਚ ਵੇਖੀ ਜਾ ਸਕਦੀ ਹੈ। ਉਦਾਹਰਣ ਲਈ ਪੰਜਾਬੀ ਸ਼ਬਦ 'ਮੁੱਠੀ-ਭਰ, ਮਕੜ-ਜਾਲ, ਚੁਲ੍ਹਾ-ਚੌਂਕਾ, ਗਲੀ-ਗੁਆਂਢ, ਗਰਮ-ਸਰਦ' ਆਦਿ ਸਮਾਸ ਆਪਣੀ ਰੂਪੀਮੀ ਸੰਰਚਨਾ ਕਾਰਨ ਪ੍ਰੇਰਿਤ ਹਨ। ਇਹਨਾਂ ਨੂੰ ਰਚਨ ਵਾਲੇ ਦੋ ਵੱਖੋ-ਵੱਖਰੇ ਸ਼ਬਦਾਂ ਤੋਂ ਹੀ ਉਹਨਾਂ ਦੇ ਪ੍ਰੇਰਣਾ ਗੁਣ ਦੀ ਸੂਚਨਾ ਮਿਲ ਜਾਂਦੀ ਹੈ। ਸਮਾਸ ਰਚਨਾ ਕਰਨ ਵਾਲੇ ਇਕੱਲੇ ਸ਼ਬਦ ਚਾਹੇ ਅਪਾਰਦਰਸ਼ੀ ਹੀ ਹੋਣ ਪਰ ਮਿਲ ਕੇ ਉਹ ਪਾਰਦਰਸ਼ੀ ਰੂਪ ਧਾਰ ਜਾਂਦੇ ਹਨ।

ਰੂਪੀਮੀ ਪ੍ਰੇਰਣਾ ਕਿਸੇ ਭਾਸ਼ਾ ਵਿਚ ਰਚਨਾਤਮਕ ਜੁਗਤਾਂ ਵਿੱਚੋਂ ਮਹੱਤਵਪੂਰਨ ਹੈ। ਉਤਪਤੀ (derivation) ਸਮਾਸ ਰਚਨਾ ਅਤੇ ਸ਼ਬਦ ਰਚਨਾ ਦੇ ਹੋਰ ਕਈ ਰੂਪ ਸ਼ਬਦ-ਸਮੂਹ ਦੇ ਖੇਤਰ ਵਿਚ ਕਈ ਪ੍ਰਕਾਰ ਦੀ ਰਚਨਾਤਮਕ ਗਤੀਵਿਧੀ ਨੂੰ ਪ੍ਰਫੁਲਿਤ ਕਰਦੇ ਹਨ। ਪੰਜਾਬੀ ਭਾਸ਼ਾ ਦੇ ਖੇਤਰ ਵਿਚ ਇਸ ਦ੍ਰਿਸ਼ਟੀ ਤੋਂ ਅਜੇ ਕੋਈ ਕੰਮ ਨਹੀਂ ਹੋਇਆ। ਇਹ ਅਧਿਐਨ ਭਾਸ਼ਾ ਦੀਆਂ ਰਚਨਾਤਮਕ ਜੁਗਤਾਂ ਅਤੇ ਸਾਹਿਤਕ ਭਾਸ਼ਾ ਦੇ ਵਰਤਾਰੇ ਨੂੰ ਸਮਝਣ ਵਿਚ ਸਹਾਇਕ ਹੋ ਸਕਦਾ ਹੈ।

ਅਰਥ-ਮੂਲਕ ਪ੍ਰੇਰਣਾ (Semantic Motivation)

ਕੁਝ ਸ਼ਬਦ ਅਰਥਾਂ ਦੀ ਦ੍ਰਿਸ਼ਟੀ ਤੋਂ ਪ੍ਰੇਰਿਤ ਹੁੰਦੇ ਹਨ। ਇਹਨਾਂ ਦਾ ਆਧਾਰ ਕੋਈ ਰੂਪਕ ਜਾਂ ਹੋਰ ਪਾਰਦਰਸ਼ੀ ਅਲੰਕਾਰ ਹੁੰਦਾ ਹੈ। ਕਿਸੇ ਸਾਹਿਤਕ ਸ਼ੈਲੀ ਵਿਚ ਇਕ ਜੁਗਤ ਦੇ ਤੌਰ 'ਤੇ ਇਸ ਦਾ ਵਿਸ਼ੇਸ਼ ਮਹੱਤਵ ਹੈ। ਅੰਗਰੇਜ਼ੀ ਭਾਸ਼ਾ 'spark off, chain-reaction, trigger off, wave length' ਆਦਿ ਇਸੇ ਪ੍ਰਕਾਰ ਦੇ ਅਰਥ-ਮੂਲਕ ਪ੍ਰੇਰਣਾ ਨੂੰ ਪੇਸ਼ ਕਰਨ ਵਾਲੇ ਸ਼ਬਦ ਹਨ। ਪੰਜਾਬੀ ਵਿਚ 'ਜੋਸ਼-ਉਬਾਲ, ਜਵਾਰ-ਭਾਟਾ, ਲੋਹਾ-ਲਾਖਾ, ਪੀਲਾ-ਭੂਕ, ਠੰਢਾ-ਸੀਤ, ਕੌੜਾ-ਜ਼ਹਿਰ, ਚਿੱਟਾ-ਦੁੱਧ, ਕਚ-ਕੋਲ, ਲਹੂ-ਭਰੀ ਅੱਖ' ਆਦਿ ਸ਼ਬਦ ਇਸੇ ਗੱਲ ਦਾ ਦ੍ਰਿਸ਼ਟਾਂਤ ਪੇਸ਼ ਕਰਦੇ ਹਨ।

ਉਪਰ ਅਸੀਂ ਸਰਲ ਅਰਥ-ਮੂਲਕ ਸਥਿਤੀ ਦੇ ਪ੍ਰਸੰਗ ਵਿਚ ਵੇਖਿਆ ਹੈ ਕਿ ਸ਼ਬਦ ਦੀ ਅਰਥ-ਸੰਰਚਨਾ ਦੇ ਭਿੰਨ-ਭਿੰਨ ਪ੍ਰੇਰਕ ਕਿਹੜੇ-ਕਿਹੜੇ ਹੋ ਸਕਦੇ ਹਨ।

ਅਸੀਂ ਇਹਨਾਂ ਦੇ ਵਿਸਥਾਰ ਵਿਚ ਪੈਣ ਦੀ ਬਜਾਏ ਕੇਵਲ ਉਹਨਾਂ ਦੀਆਂ ਬਾਹਰ-ਲਕੀਰਾਂ ਹੀ ਉਲੀਕ ਸਕੇ ਹਾਂ। ਅਸੀਂ ਇਹ ਵੀ ਵੇਖਿਆ ਸੀ ਕਿ ਜਟਿਲ ਅਰਥ-ਮੂਲਕ ਸਥਿਤੀਆਂ ਵਿਚ ਜਦੋਂ ਇਕ ਨਾਮ, ਇੱਕੋ ਭਾਵ ਜਾਂ ਇਕ ਚਿਹਨਕ ਇੱਕੋ ਚਿਹਨਿਤ ਨੂੰ ਦਰਸਾਉਣ ਦੀ ਬਜਾਏ ਇਕ ਤੋਂ ਵੱਧ ਭਾਵਾਂ ਜਾਂ ਚਿਹਨਿਤਾਂ ਨੂੰ ਪੇਸ਼ ਕਰਦਾ ਹੈ ਤਾਂ ਸਮੱਸਿਆ ਭਿੰਨ ਹੋ ਜਾਂਦੀ ਹੈ। ਅਸੀਂ ਇਥੇ ਸੰਖੇਪ ਵਿਚ ਇਸ ਜਟਿਲ ਸਥਿਤੀਆਂ ਦੇ ਨਾਲ ਸੰਬੰਧਿਤ ਕੁਝ ਗੱਲਾਂ ਦਾ ਜ਼ਿਕਰ ਹੀ ਕਰਾਂਗੇ। ਇੱਕੋ ਨਾਮ ਨਾਲ ਦੋ ਜਾਂ ਦੋ ਤੋਂ ਵੱਧ ਭਾਵ ਜਦੋਂ ਸੰਬੰਧਿਤ ਹੋਣ ਤਾਂ ਅਜਿਹੀ ਹਾਲਤ ਵਿਚ ਸਾਨੂੰ ਸ਼ਬਦਾਂ ਦੇ ਦੋ ਪ੍ਰਮੁੱਖ ਪ੍ਰਕਾਰ ਮਿਲਦੇ ਹਨ :

(ੳ) ਇਕ ਸ਼ਬਦ—ਬਹੁਤ ਸਾਰੇ ਭਾਵ

(ਅ) ਬਹੁਤ ਸਾਰੇ ਸ਼ਬਦ—ਇਕ ਰੂਪ

ਜਿਥੇ ਇੱਕੋ ਸ਼ਬਦ ਦੇ ਦੋ ਜਾਂ ਦੋ ਤੋਂ ਵੱਧ ਭਾਵ ਹੁੰਦੇ ਹਨ ਤਾਂ ਭਾਸ਼ਾ-ਵਿਗਿਆਨ ਵਿਚ ਅਜਿਹੀ ਸਥਿਤੀ ਨੂੰ ਅਨੇਕਾਰਥਕਤਾ (polysemy) ਦਾ ਨਾਂ ਦਿੱਤਾ ਜਾਂਦਾ ਹੈ। ਉਦਾਹਰਣ ਦੇ ਤੌਰ 'ਤੇ ਪੰਜਾਬੀ ਸ਼ਬਦ 'ਕਲ' ਦੇ ਕਈ ਅਰਥ ਹੋ ਸਕਦੇ ਹਨ, ਜਿਵੇਂ 'ਬੀਤ ਚੁੱਕਾ ਦਿਨ' ਜਾਂ 'ਆਉਣ ਵਾਲਾ ਦਿਨ', 'ਕਲਾ', 'ਮਸ਼ੀਨ', 'ਸ਼ੋਰ' ਆਦਿ। ਇਹ ਸ਼ਬਦ ਅਨੇਕਾਰਥਕ ਹੈ।

ਬਹੁਤ ਸਾਰੇ ਸ਼ਬਦ ਅਤੇ ਇਕ ਰੂਪ ਵਾਲੀ ਸਥਿਤੀ ਵਧੇਰੇ ਜਟਿਲ ਹੈ, ਕਿਉਂਕਿ ਉਸ ਦੀਆਂ ਤਿੰਨ ਸੰਭਾਵਨਾਵਾਂ ਹੋ ਸਕਦੀਆਂ ਹਨ :

(ੳ) ਸ਼ਬਦਾਂ ਦਾ ਉਚਾਰਣ ਇੱਕੋ ਜਿਹਾ ਹੋਵੇ, ਪਰ ਅੱਖਰੀ ਰੂਪ ਵਿਚ ਉਹਨਾਂ ਦੇ ਸ਼ਬਦ ਜੋੜ ਭਿੰਨ ਹੋਣ। ਇਸ ਗੱਲ ਨੂੰ ਪੇਸ਼ ਕਰਨ ਵਾਲੇ ਕਈ ਦ੍ਰਿਸ਼ਟਾਂਤ ਅੰਗਰੇਜ਼ੀ ਭਾਸ਼ਾ ਵਿਚ ਮਿਲਦੇ ਹਨ : Night-Nite, Pear-Peer, Cattle-Kettle ਆਦਿ। ਪੰਜਾਬੀ ਵਿਚ : ਇਹਨਾਂ-ਇਨ੍ਹਾਂ। ਅਜਿਹੇ ਸ਼ਬਦਾਂ ਨੂੰ ਸਮਧੁਨੀ ਸ਼ਬਦ (homophones) ਕਿਹਾ ਜਾਂਦਾ ਹੈ।

(ਅ) ਕੁਝ ਸ਼ਬਦ ਜਿਨ੍ਹਾਂ ਦੇ ਸ਼ਬਦ ਜੋੜ ਇੱਕੋ ਜਿਹੇ ਹੋਣ ਪਰ ਉਚਾਰਣ ਵੱਖੋ-ਵੱਖਰੇ ਹੋਣ ਜਿਵੇਂ 'Real-ਰੀਲ, Real-ਰੀਅਲ, Read-Reed' ਅਜਿਹੇ ਸ਼ਬਦਾਂ ਨੂੰ ਸਮਅੱਖਰ ਸ਼ਬਦ (homographs) ਕਿਹਾ ਜਾਂਦਾ ਹੈ।

(ੲ) ਕਿਸੇ ਭਾਸ਼ਾ ਵਿਚ ਸ਼ਬਦ ਅਜਿਹੇ ਵੀ ਹੋ ਸਕਦੇ ਹਨ, ਜੋ ਉਚਾਰ ਅਤੇ ਲਿਖਤ ਦੋਹਾਂ ਰੂਪਾਂ ਵਿਚ ਸਮਾਨ ਹੋਣ, ਜਿਵੇਂ ਸ਼ਬਦ Peer (ਸੌੜ ਦ੍ਰਿਸ਼ਟੀ), Peer (ਰਈਸ); Rail (ਲੋਹੇ ਦੀ ਲੀਹ, ਜਿਸ ਉਪਰ ਗੱਡੀ ਤੁਰਦੀ ਹੈ), Rail (ਭੈੜੇ ਵਚਨ, ਗਾਲ੍ਹ ਮੰਦਾ)। ਅਜਿਹੇ ਸ਼ਬਦਾਂ ਨੂੰ ਸਮਨਾਮ ਸ਼ਬਦ (homonyms) ਕਿਹਾ ਜਾਂਦਾ ਹੈ। ਅਸਲ ਵਿਚ ਵਿਹਾਰਕ ਪੱਧਰ ਉਪਰ ਨੰਬਰ (ੳ) ਅਤੇ ਨੰਬਰ (ੲ) ਥੱਲੇ ਆਉਣ

ਵਾਲੇ ਸ਼ਬਦ ਸਮਨਾਮ ਸ਼ਬਦ ਹੀ ਮੰਨੇ ਜਾਂਦੇ ਹਨ। ਪੰਜਾਬੀ ਵਿਚ : ਸੰਗ (ਸਾਥ), ਸੰਗ (ਸ਼ਰਮ); ਸਿੱਧੀ (straight), ਸਿੱਧੀ (achievement); ਚਰਮ (ਸਿਖਰ), ਚਰਮ (ਚਮੜੀ)।

ਅਨੇਕਾਰਥੀ ਸ਼ਬਦਾਂ (polysemy) ਅਤੇ ਸਮਨਾਮ ਸ਼ਬਦਾਂ (homonyms) ਵਿਚਕਾਰ ਕੋਈ ਨਿਖੇੜਾ ਕਰਨ ਵਾਲੀ ਲਕੀਰ ਖਿੱਚਣੀ ਬਹੁਤ ਹੀ ਮੁਸ਼ਕਿਲ ਹੈ। ਦੋਹਾਂ ਵਿਚਕਾਰ ਨਿਖੇੜ-ਰੇਖਾ ਏਨੀ ਅਨਿਸ਼ਚਿਤ ਹੈ ਕਿ ਕਈ ਵਾਰੀ ਕੋਸ਼ਕਾਰ ਦੋ ਸ਼ਬਦ ਰੂਪਾਂ ਨੂੰ ਇਕ ਕੋਸ਼-ਮਦ (lexical Item) ਗਿਣਨ ਜਾਂ ਦੋ ਭਿੰਨ-ਭਿੰਨ ਸ਼ਬਦਾਂ ਦੀਆਂ ਕੋਟੀਆਂ ਦੇਣ ਬਾਰੇ ਸੌਖਿਆਂ-ਸੌਖਿਆਂ ਫ਼ੈਸਲਾ ਨਹੀਂ ਕਰ ਸਕਦੇ। ਉਦਾਹਰਣ ਲਈ ਪੰਜਾਬੀ ਵਿਚ ਸ਼ਬਦ 'ਕੁਲ' (ਜੋੜ) ਅਤੇ 'ਕੁਲ' (ਪਰਿਵਾਰ) ਜਾਂ ਫੇਰ ਅੰਗਰੇਜ਼ੀ ਸ਼ਬਦ 'Port' (ਬੰਦਰਗਾਹ) ਅਤੇ 'Port' (ਇਕ ਪ੍ਰਕਾਰ ਦੀ ਸ਼ਰਾਬ) ਦੋਹਾਂ ਉਦਾਹਰਣਾਂ ਵਿਚ ਸ਼ਬਦਾਂ ਦੀ ਉਤਪਤੀ ਇੱਕੋ ਸੋਮੇ ਤੋਂ ਹੋਣ ਦੇ ਬਾਵਜੂਦ ਕਿਸੇ ਵਰਣਾਤਮਕ ਡਿਕਸ਼ਨਰੀ ਵਿਚ ਇਹਨਾਂ ਨੂੰ ਇਕ ਕੋਸ਼-ਮਦ ਗਿਣਿਆ ਜਾਏ ਜਾਂ ਦੋ ਭਿੰਨ-ਭਿੰਨ ਸ਼ਬਦ, ਇਸ ਗੱਲ ਦਾ ਨਿਤਾਰਾ ਕਰਨਾ ਜੇ ਅਸੰਭਵ ਨਹੀਂ ਤਾਂ ਮੁਸ਼ਕਿਲ ਜ਼ਰੂਰ ਹੈ। ਦੋਹਾਂ ਭਾਸ਼ਾਵਾਂ ਦੇ ਉਪਰ ਦਿੱਤੇ ਸ਼ਬਦਾਂ ਨੂੰ ਭਾਸ਼ਾ ਦਾ ਆਮ ਬੋਲਣਹਾਰਾ ਸਮਨਾਮ ਸ਼ਬਦ ਮੰਨੇਗਾ। ਅਸਲ ਵਿਚ ਅਨੇਕਾਰਥੀ ਅਤੇ ਸਮਨਾਮ ਸ਼ਬਦਾਂ ਵਿਚਕਾਰ ਨਿਖੇੜਾ ਕਰਨ ਲਈ ਆਧਾਰ ਅਰਥ ਨੂੰ ਬਣਾਇਆ ਜਾਂਦਾ ਹੈ। ਸਮਕਾਲੀ ਭਾਸ਼ਾ ਵਿਚ ਦੋ ਜਾਂ ਦੋ ਤੋਂ ਵੱਧ ਭਾਵਾਂ ਤੇ ਸੰਬੰਧਾਂ ਵੱਲ ਧਿਆਨ ਕੀਤਾ ਜਾਂਦਾ ਹੈ। ਇਸ ਦਾ ਆਧਾਰ ਆਮ ਕਰਕੇ ਆਤਮ-ਮੂਲਕ (subjective) ਅਤੇ ਅਸਪੱਸ਼ਟ ਹੁੰਦਾ ਹੈ। ਅਰਥਾਂ ਜਾਂ ਭਾਵਾਂ ਦੀ ਆਪਸੀ ਨੇੜਤਾ ਨੂੰ ਨਿਖੜਵੇਂ ਰੂਪ ਵਿਚ ਮਾਪਿਆ ਨਹੀਂ ਜਾ ਸਕਦਾ। ਇਸ ਕਰਕੇ ਹੀ ਕਿਸੇ ਭਾਸ਼ਾ ਵਿਚ ਅਨੇਕਾਰਥਕਤਾ (polysemy) ਅਤੇ ਸਮਨਾਮ ਗੁਣ (homonyms) ਦੇ ਨਿਖੇੜਨ ਦੀ ਸਮੱਸਿਆ ਹੱਲ ਨਹੀਂ ਕੀਤੀ ਜਾ ਸਕੀ।

ਅਨੇਕਾਰਥਕਤਾ ਦੀ ਤੁਲਨਾ ਵਿਚ ਸਮਨਾਮ ਸ਼ਬਦਾਂ ਦਾ ਮਹੱਤਵ ਕਿਸੇ ਭਾਸ਼ਾ ਵਿਚ ਨਾ ਹੋਣ ਦੇ ਬਰਾਬਰ ਹੈ। ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਇਹ ਕਵਿਤਾ ਵਿਚ ਸਲੇਸ਼ ਅਤੇ ਤੁਕਾਂਤ ਲਿਆਉਣ ਵਿਚ ਸਹਾਇਕ ਹੁੰਦੇ ਹਨ।

ਭਾਸ਼ਾ-ਵਿਗਿਆਨ ਵਿਚ ਹੁਣ ਤਕ ਭਾਸ਼ਾ ਦੀ ਸੰਰਚਨਾ ਦਾ ਸੰਕਲਪ ਧੁਨੀ ਗ੍ਰਾਮ (phonology) ਅਤੇ ਵਿਆਕਰਣ ਤਕ ਹੀ ਸੀਮਿਤ ਸੀ, ਪਰ ਸੰਰਚਨਾਤਮਕ ਅਰਥ-ਵਿਗਿਆਨ ਦੇ ਪ੍ਰਚਲਿਤ ਹੋਣ ਨਾਲ ਭਾਸ਼ਾ ਦੇ ਸ਼ਬਦ ਭੰਡਾਰ ਦੇ ਪੱਖ ਵਿਚ ਵੀ ਰੁਚੀ ਦਰਸਾਈ ਜਾਣ ਲੱਗ ਪਈ ਹੈ। ਸੰਰਚਨਾਤਮਕ ਅਰਥ-ਵਿਗਿਆਨ ਨੇ ਹੇਠਂ ਲਿਖੇ ਤਿੰਨ ਪੱਧਰਾਂ ਉਪਰ ਇਸ ਪੱਖ ਤੋਂ ਬੜੀਆਂ ਦਿਲਚਸਪ ਅਤੇ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ :

(ੳ) ਇਕੱਲੇ-ਇਕੱਲੇ ਸ਼ਬਦਾਂ ਦੀ ਅਰਥ-ਮੂਲਕ ਸੰਰਚਨਾ ਦੇ ਖੇਤਰ ਵਿਚ
(ਅ) ਸੰਕਲਪ ਮੂਲਕ ਖੇਤਰਾਂ ਵਿਚ
(ੲ) ਸਮੁੱਚੇ ਸ਼ਬਦ ਭੰਡਾਰ ਦੇ ਖੇਤਰ ਵਿਚ

ਅਸੀਂ ਇਥੇ ਅਤਿਅੰਤ ਸੰਖੇਪ ਰੂਪ ਵਿਚ ਸੰਰਚਨਾਤਮਕ ਅਰਥ-ਵਿਗਿਆਨ ਦੇ ਖੇਤਰ ਦੀਆਂ ਉਪਰੋਕਤ ਪ੍ਰਾਪਤੀਆਂ ਦਾ ਵਰਣਨ ਕਰ ਸਕਦੇ ਹਾਂ, ਜਿਸ ਨੇ ਸਾਹਿਤ ਦੇ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਉਪਰ ਪ੍ਰਭਾਵ ਪਾਇਆ।

(ੳ) ਇਕੱਲਾ-ਇਕੱਲਾ ਸ਼ਬਦ

ਇਕੱਲੇ-ਇਕੱਲੇ ਸ਼ਬਦਾਂ ਦੀ ਪੱਧਰ ਉੱਤੇ ਸੰਰਚਨਾਤਮਕ ਅਰਥ-ਵਿਗਿਆਨ ਨੇ ਇਕ ਮੁੱਢਲਾ ਸੰਕਲਪ ਪੈਦਾ ਕੀਤਾ ਹੈ, ਜਿਸ ਨੂੰ ਸੰਜੋਗਸ਼ੀਲ ਖੇਤਰ (associative field) ਕਿਹਾ ਜਾਂਦਾ ਹੈ। ਇਹ ਸੰਕਲਪ ਸਭ ਤੋਂ ਪਹਿਲਾਂ ਸਾਸਿਊਰ ਨੇ ਵਿਕਸਿਤ ਕੀਤਾ, ਪਰ ਪਿੱਛੋਂ ਹੋਰ ਭਾਸ਼ਾ-ਵਿਗਿਆਨੀਆਂ ਨੇ ਇਸ ਨੂੰ ਸਾਹਿਤ ਵਿਸ਼ਲੇਸ਼ਣ ਦੀ ਇਕ ਜੁਗਤ ਦੇ ਰੂਪ ਵਿਚ ਪ੍ਰਯੋਗ ਵਿਚ ਲਿਆਂਦਾ। ਸਟੀਫ਼ਨ ਉਲਮਾਨ ਅਤੇ ਹੋਰ ਕਈ ਭਾਸ਼ਾ-ਵਿਗਿਆਨੀਆਂ ਦਾ ਇਸ ਖੇਤਰ ਵਿਚ ਕੰਮ ਬੜਾ ਮਹੱਤਵਪੂਰਨ ਹੈ। ਕਿਸੇ ਸ਼ਬਦ ਦੇ ਸੰਜੋਗਸ਼ੀਲ ਖੇਤਰ (associative field) ਤੋਂ ਭਾਵ ਉਹਨਾਂ ਵੰਨ-ਵੰਨੇ ਸੰਜੋਗ ਗੁਣਾਂ ਤੋਂ ਹੈ, ਜੋ ਉਸ ਦੇ ਦੁਆਲੇ ਮਿਲਦੇ ਹਨ। ਇਹ ਸੰਜੋਗ ਗੁਣ (associations) ਰੂਪਾਤਮਕ ਵੀ ਹੋ ਸਕਦੇ ਹਨ ਅਤੇ ਅਰਥ-ਮੂਲਕ ਵੀ। ਅਸੀਂ ਇਸ ਗੱਲ ਨੂੰ ਇਕ ਉਦਾਹਰਣ ਨਾਲ ਸਪੱਸ਼ਟ ਕਰ ਸਕਦੇ ਹਾਂ। ਪੰਜਾਬੀ ਕਿਰਿਆ ਸ਼ਬਦ 'ਉਡਣਾ' ਦੇ ਤਿੰਨ ਪ੍ਰਕਾਰ ਦੇ ਸੰਯੋਗ ਗੁਣ ਹੋ ਸਕਦੇ ਹਨ :

(1) ਰੂਪਾਤਮਕ—ਉਡ, ਉੜ
(2) ਅਰਥ-ਮੂਲਕ—ਉਡਣਾ, ਜਹਾਜ਼ 'ਤੇ ਚਲੇ ਜਾਣਾ, ਇਸ ਜਹਾਨ ਤੋਂ ਤੁਰ ਜਾਣਾ, ਬਚ ਕੇ ਨਿਕਲ ਜਾਣਾ, ਆਕਾਸ਼, ਹਵਾ
(3) ਰੂਪਾਤਮਕ ਅਤੇ ਅਰਥ-ਮੂਲਕ—ਉਡਣਾ, ਉਡਾਰੀ ਮਾਰ ਜਾਣਾ, ਉੜਾਨ, ਉਡਾਰੂ ਆਦਿ।

(ਅ) ਸੰਕਲਪ ਮੂਲਕ ਖੇਤਰ

ਸੰਰਚਨਾਤਮਕ ਅਰਥ-ਵਿਗਿਆਨ ਵਿਚ ਇਸ ਪੱਖ ਤੋਂ ਵਿਕਸਿਤ ਕੀਤਾ ਗਿਆ ਸੰਕਲਪ ਸ਼ਬਦੀ ਖੇਤਰ (lexical field) ਅਖਵਾਉਂਦਾ ਹੈ। ਇਕ ਸ਼ਬਦੀ ਖੇਤਰ ਇਕ ਦੂਜੇ ਨਾਲ ਨੇੜਿਓਂ ਬੱਝਾ ਹੋਇਆ ਉਹ ਸ਼ਬਦ-ਸਮੂਹ ਹੈ, ਜਿਸ ਦਾ ਸੰਬੰਧ ਇਕ ਵਿਸ਼ੇਸ਼ ਪ੍ਰਕਾਰ ਦੇ ਅਨੁਭਵ ਨਾਲ ਹੁੰਦਾ ਹੈ। ਇਸ ਖੇਤਰ ਦੇ ਭਿੰਨ-ਭਿੰਨ ਤੱਤ ਇਕ ਦੂਜੇ ਨੂੰ ਸੀਮਿਤ ਕਰਦੇ ਹਨ ਅਤੇ ਆਪਣੇ ਸਿਸਟਮ ਦੇ ਵਿਚ ਰਹਿ ਕੇ ਹੀ ਅਰਥ ਗ੍ਰਹਿਣ ਕਰਦੇ ਹਨ। ਉਦਾਹਰਣ ਲਈ ਅਸੀਂ ਪੰਜਾਬੀ ਪਰਿਵਾਰ ਵਿਚ 'ਦੇਵਰ' ਸ਼ਬਦ ਦੀ ਉਦਾਹਰਣ ਲੈਂਦੇ ਹਾਂ। ਇਥੇ ਦੇਵਰ ਕੇਵਲ ਵੱਡੀ ਭਾਬੀ ਦੇ ਸੰਦਰਭ ਵਿਚ ਹੀ ਅਰਥ ਗ੍ਰਹਿਣ ਕਰਾਂਦਾ ਹੈ। ਇਸ ਦ੍ਰਿਸ਼ਟੀ ਤੋਂ ਵੇਖਿਆਂ ਕੁਝ ਸ਼ਬਦ ਕਿਸੇ ਪਉੜੀ-ਪ੍ਰਬੰਧ (hierarchy) ਵਿਚ ਬੱਝੇ ਰਹਿਣ ਕਰਕੇ ਅਰਥ ਗ੍ਰਹਿਣ ਕਰਦੇ ਹਨ, ਪਰ ਕੁਝ ਸ਼ਬਦ ਕਿਸੇ ਵਿਸ਼ੇਸ਼ ਸਮਾਜ ਜਾਂ ਭਾਈਚਾਰੇ ਦੇ ਦਰਸ਼ਨ ਜਾਂ ਕੀਮਤਾਂ ਦੇ ਪੈਮਾਨੇ ਨੂੰ

ਪ੍ਰਗਟਾਉਂਦੇ ਹਨ। ਇਹਨਾਂ ਸ਼ਬਦਾਂ ਰਾਹੀਂ ਹੀ ਕਿਸੇ ਸਮਾਜ ਦੀਆਂ ਅੱਗੋਂ ਆਉਣ ਵਾਲੀਆਂ ਪੀੜ੍ਹੀਆਂ ਦੀ ਸਮੁੱਚੀ ਵਿਚਾਰਧਾਰਾ ਪ੍ਰਭਾਵਿਤ ਹੁੰਦੀ ਹੈ।

ਸਟੀਫ਼ਨ ਉਲਮਾਨ ਸ਼ਬਦੀ ਖੇਤਰਾਂ ਨੂੰ ਤਿੰਨ ਪ੍ਰਕਾਰਾਂ ਵਿਚ ਵੰਡਦਾ ਹੈ:

(1) ਨਿਗਰ ਅਤੇ ਨਿਰੰਤਰ ਖੇਤਰ (Concrete and continuous fields)
(2) ਨਿਗਰ ਖੇਤਰ, ਜਿਨ੍ਹਾਂ ਦੇ ਤੱਤ ਪਛਾਣੇ ਜਾਣ ਵਾਲੇ ਹੋਣ (Concrete fields with discrete elements)
(3) ਅਮੂਰਤ ਖੇਤਰ (Abstract fields)

1. ਨਿਗਰ ਅਤੇ ਨਿਰੰਤਰ ਖੇਤਰ (Concrete and continuous fields)

ਕਿਸੇ ਵੀ ਭਾਸ਼ਾ ਵਿਚਲੇ ਰੰਗਾਂ ਦਾ ਸਿਸਟਮ ਇਸ ਪ੍ਰਕਾਰ ਦੇ ਖੇਤਰ ਦੀ ਉਦਾਹਰਣ ਬਣ ਸਕਦਾ ਹੈ। ਕਿਸੇ ਭਾਸ਼ਾ ਵਿਚ ਰੰਗਾਂ ਦੇ ਨਾਵਾਂ ਦੀ ਲੜੀ ਇਕ ਨਿਰੰਤਰਤਾ ਨੂੰ ਪੇਸ਼ ਕਰਦੀ ਹੈ, ਜਿਸ ਨੂੰ ਅਰਥ-ਵਿਗਿਆਨ ਦੇ ਭਿੰਨ-ਭਿੰਨ ਮਾਹਿਰਾਂ ਨੇ ਭਿੰਨ-ਭਿੰਨ ਢੰਗਾਂ ਨਾਲ ਵੰਡਣ ਦੇ ਯਤਨ ਕੀਤੇ ਹਨ। ਹਰ ਭਾਸ਼ਾ ਵਿਚ ਰੰਗਾਵਲੀ ਦਾ ਸੰਗਠਨ ਆਪਣੇ ਢੰਗ ਨਾਲ ਕੀਤਾ ਗਿਆ ਹੁੰਦਾ ਹੈ ਅਤੇ ਇਕ ਭਾਸ਼ਾ ਦਾ ਸਿਸਟਮ ਦੂਜੀ ਨਾਲ ਨਹੀਂ ਮਿਲਦਾ। ਉਦਾਹਰਣ ਲਈ ਲਾਤੀਨੀ ਵਿਚ 'ਬਰਾਊਨ' (ਭੂਰਾ) ਜਾਂ 'ਗਰੇ' (ਸਲੇਟੀ) ਲਈ ਕੋਈ ਇਕ ਸ਼ਬਦ ਮੌਜੂਦ ਨਹੀਂ। ਦੂਜੇ ਪਾਸੇ ਰੂਸੀ ਵਿਚ 'ਨੀਲੇ' ਰੰਗ ਦੇ ਵੀ ਦੋ ਪ੍ਰਕਾਰ ਹਨ—'Sinij' (ਗੂੜ੍ਹਾ ਨੀਲਾ) ਅਤੇ 'Goluboj ਜਾਂ Azure, Sky Blue' (ਆਸਮਾਨੀ)। ਅੰਗਰੇਜ਼ੀ ਅਤੇ ਪੰਜਾਬੀ ਰੰਗਾਂ ਦੇ ਨਾਵਾਂ ਦੀ ਤੁਲਨਾ ਕੀਤਿਆਂ ਅਸੀਂ ਦੋਹਾਂ ਭਾਸ਼ਾਵਾਂ ਦੇ ਸਿਸਟਮਾਂ ਵਿਚ ਅੰਤਰ ਵਧੇਰੇ ਨਿੱਖੜਵਾਂ ਵੇਖ ਸਕਦੇ ਹਾਂ। ਉਦਾਹਰਣ ਲਈ ਅੰਗਰੇਜ਼ੀ ਦਾ ਇਕ ਰੰਗ Yellow ਦੀ ਰੇਂਜ ਵਿਚ ਆਉਣ ਵਾਲੇ ਪੰਜਾਬੀ ਵਿਚ ਅਨੇਕ ਰੰਗ ਮਿਲਦੇ ਹਨ:

Yellow	ਪੀਲਾ
	ਖੱਟਾ
	ਸਰ੍ਹੋਂਫੁੱਲਾ
	ਬਸੰਤੀ
	ਕੇਸਰੀ
	ਸੰਤਰੀ
	ਨਰੰਗੀ

ਇੱਕੋ ਹੀ ਸ਼ਬਦ ਭੰਡਾਰ ਖੇਤਰ (lexion) ਵਿਚ ਭਿੰਨ-ਭਿੰਨ ਭਾਸ਼ਾਵਾਂ ਵਿਚ ਮਿਲਦੇ ਪਰਸਪਰ ਨਿਖੇੜਾਂ ਉਪਰ ਜਿਥੇ ਜ਼ੋਰ ਦਿੱਤਾ ਗਿਆ ਹੈ, ਉਥੇ ਬਰਲਿਨ ਅਤੇ ਕੇਅ ਨੇ ਆਪਣੀ **ਪੁਸਤਕ** 'Basic Colour Terms' ਵਿਚ ਇਸ ਵੰਨ-ਸੁਵੰਨਤਾ ਵਿਚ ਪ੍ਰਾਪਤ ਹੁੰਦੇ **ਕੁਝ ਸਥਾਈ ਲੱਛਣਾਂ** (constant features) ਵੱਲ ਵੀ ਧਿਆਨ ਦਿੱਤਾ ਹੈ। ਉਸ **ਨੇ ਯਾਰਾਂ ਮੂਲ ਰੰਗ** (basic colour) ਮਿੱਥੇ ਹਨ। ਇਹ ਹਨ—

ਚਿੱਟਾ, ਕਾਲਾ, ਲਾਲ, ਹਰਾ, ਪੀਲਾ, ਭੂਰਾ, ਬੈਂਗਣੀ, ਗੁਲਾਬੀ, ਸੰਤਰੀ ਅਤੇ ਸਲੇਟੀ। ਇਹਨਾਂ ਮੂਲ ਰੰਗਾਂ ਦੀ ਵੰਡ ਕੁਝ ਉਮੀਦ ਤੋਂ ਉਲਟ ਲੱਛਣ ਦਰਸਾਉਂਦੀ ਹੈ। ਬਰਲਿਨ ਅਤੇ ਕੇਅ ਨੇ ਜਿਨ੍ਹਾਂ ਜ਼ਬਾਨਾਂ ਤੋਂ ਸਮੱਗਰੀ ਇਕੱਤਰ ਕੀਤੀ, ਉਹਨਾਂ ਸਾਰੀਆਂ ਵਿਚ ਚਿੱਟਾ ਅਤੇ ਕਾਲਾ ਹੀ ਸ਼ਬਦ ਮਿਲਦੇ ਹਨ। ਜਿਨ੍ਹਾਂ ਵਿਚ ਤਿੰਨ ਮੂਲ ਸ਼ਬਦ ਹਨ, ਉਥੇ ਉਪਰਲੇ ਦੋਹਾਂ ਤੋਂ ਇਲਾਵਾ ਲਾਲ ਵਾਸਤੇ ਵੀ ਸ਼ਬਦ ਹੈ। ਜਿਥੇ ਚਾਰ ਮੂਲ ਸ਼ਬਦ ਪ੍ਰਾਪਤ ਹਨ, ਉਥੇ ਹਰਾ ਜਾਂ ਪੀਲਾ ਵੀ ਮਿਲਦਾ ਹੈ। ਪੰਜ ਮੂਲ ਸ਼ਬਦਾਂ ਵਾਲੀ ਭਾਸ਼ਾ ਵਿਚ ਹਰਾ ਅਤੇ ਪੀਲਾ ਦੋਵੇਂ ਮਿਲਦੇ ਹਨ। ਛੇ ਮੂਲ ਸ਼ਬਦਾਂ ਵਾਲੀ ਭਾਸ਼ਾ ਵਿਚ ਨੀਲੇ ਵਾਸਤੇ ਵੀ ਸ਼ਬਦ ਮਿਲਦਾ ਹੈ। ਸੱਤ ਮੂਲ ਸ਼ਬਦਾਂ ਵਾਲੀ ਭਾਸ਼ਾ ਵਿਚ ਭੂਰੇ ਵਾਸਤੇ ਵੀ ਸ਼ਬਦ ਹੈ ਅਤੇ ਅੱਠਾਂ ਜਾਂ ਅੱਠ ਤੋਂ ਵੱਧ ਵਾਲੀ ਭਾਸ਼ਾ ਵਿਚ ਬੈਂਗਨੀ, ਗੁਲਾਬੀ, ਸੰਤਰੀ, ਸਲੇਟੀ ਜਾਂ ਇਹਨਾਂ ਨੂੰ ਮਿਲਾ ਕੇ ਬਣਾਏ ਹੋਰ ਰੰਗਾਂ ਲਈ ਵੀ ਸ਼ਬਦ ਮਿਲਦੇ ਹਨ। ਰੇਖਾ-ਚਿੱਤਰ ਦੇ ਪੱਖੋਂ ਅਸੀਂ ਦੋ ਪ੍ਰਕਾਰ ਦੀਆਂ ਲੜੀਆਂ ਦੀ ਸੰਭਾਵਨਾ ਵੇਖ ਸਕਦੇ ਹਾਂ :

ਚਿੱਟਾ]
ਕਾਲਾ] — ਲਾਲ — ਹਰਾ — ਪੀਲਾ — ਨੀਲਾ — ਭੂਰਾ { ਬੈਂਗਨੀ, ਗੁਲਾਬੀ, ਸਲੇਟੀ, ਸੰਤਰੀ

ਅਤੇ

ਚਿੱਟਾ]
ਕਾਲਾ] — ਲਾਲ — ਪੀਲਾ — ਹਰਾ — ਨੀਲਾ — ਭੂਰਾ { ਬੈਂਗਨੀ, ਗੁਲਾਬੀ, ਸੰਤਰੀ, ਸਲੇਟੀ

2. ਨਿਗਰ ਖੇਤਰ ਜਿਨ੍ਹਾਂ ਦੇ ਤੱਤ ਪਛਾਣੇ ਜਾਣ ਵਾਲੇ ਹੋਣ

(Concrete fields with discrete elements)

ਅਸੀਂ ਦੇਖਿਆ ਹੈ ਕਿ ਕਿਸੇ ਭਾਸ਼ਾਈ ਰੰਗਾਵਲੀ ਵਿਚ ਨਿਰੰਤਰਤਾ ਮਿਲਦੀ ਹੈ, ਜਿਸ ਵਿਚ ਨਿਖੇੜਿਆਂ ਨੂੰ ਘਟਾਇਆ ਜਾਂ ਵਧਾਇਆ ਜਾ ਸਕਦਾ ਹੈ। ਅਸੀਂ ਇਕ ਹੋਰ ਖੇਤਰ ਦੀ ਕਲਪਨਾ ਵੀ ਕਰ ਸਕਦੇ ਹਾਂ, ਜਿਸ ਨੂੰ ਅਸੀਂ ਰਿਸ਼ਤੇ-ਨਾਤਿਆਂ ਦੀ ਸ਼ਬਦਾਵਲੀ ਦਾ ਖੇਤਰ ਕਹਿ ਸਕਦੇ ਹਾਂ। ਇਹ ਖੇਤਰ ਰੰਗਾਵਲੀ ਨਾਲੋਂ ਬਿਲਕੁਲ ਭਿੰਨ ਹੈ। ਜਿਥੇ ਰੰਗਾਂ ਵਿਚ ਖੱਟਾ, ਸੰਤਰੀ, ਸਰ੍ਹੋਂ-ਫੁੱਲਾ, ਪੀਲਾ ਆਦਿ ਇਕ ਨਿਰੰਤਰਤਾ (continuous) ਨੂੰ ਪੇਸ਼ ਕਰਦੇ ਹਨ, ਕਿਉਂਕਿ ਇਹਨਾਂ ਵਿਚ ਇਕ ਰੰਗ ਨਿਰੰਤਰ ਰੂਪ ਵਿਚ ਸਾਂਝਾ ਹੈ, ਉਥੇ ਪਰਿਵਾਰਕ ਰਿਸ਼ਤੇ-ਨਾਤਿਆਂ ਦੇ ਖੇਤਰ ਵਿਚ ਸਾਨੂੰ ਅਜਿਹੇ ਤੱਤ ਮਿਲਦੇ ਹਨ, ਜੋ ਭਾਸ਼ਾ ਬਾਹਰੇ ਖੇਤਰ ਵਿਚ ਪਹਿਲਾਂ ਹੀ ਅਲੱਗ-ਅਲੱਗ ਹੁੰਦੇ ਹਨ। ਪਰ ਇਥੇ ਵੀ ਹਰ ਭਾਸ਼ਾ ਵਿਚ ਇਸ ਰਿਸ਼ਤੇ-ਨਾਤੇ ਦੀ ਸ਼ਬਦਾਵਲੀ

ਨੂੰ ਭਿੰਨ-ਭਿੰਨ ਆਧਾਰਾਂ ਉਪਰ ਭਿੰਨ-ਭਿੰਨ ਰੂਪਾਂ ਵਿਚ ਸੰਗਠਿਤ ਕੀਤਾ ਗਿਆ ਹੈ। ਉਦਾਹਰਣ ਲਈ ਅੰਗਰੇਜ਼ੀ ਵਿਚ 'Uncle' ਸ਼ਬਦ ਹੀ ਲਈਏ। ਪੰਜਾਬੀ ਵਿਚ ਇਸ ਦੇ ਕਈ ਨਾਂ ਮਿਲਦੇ ਹਨ, ਜਿਵੇਂ:

ਅੰਗਰੇਜ਼ੀ	ਪੰਜਾਬੀ
Uncle	ਤਾਇਆ
	ਚਾਚਾ
	ਮਾਮਾ
	ਫੁੱਫੜ
	ਮਾਸੜ

ਜਿਥੇ ਪਿਤਾ ਦੇ ਭਰਾਵਾਂ ਦੇ ਉਮਰ ਦੇ ਲਿਹਾਜ਼ ਨਾਲ ਦੋ ਵੱਖੋ-ਵੱਖਰੇ ਰਿਸ਼ਤਿਆਂ ਦੇ ਨਾਂ ਤਾਇਆ ਤੇ ਚਾਚਾ ਮਿਲਦੇ ਹਨ, ਉਥੇ ਬਾਕੀਆਂ ਲਈ ਅਜਿਹਾ ਕੋਈ ਨਿਖੇੜਾ ਨਹੀਂ ਮਿਲਦਾ। ਅਜਿਹਾ ਨਿਖੇੜਾ ਦਿਖਾਉਣ ਲਈ ਉਥੇ 'ਵੱਡਾ' ਤੇ 'ਛੋਟਾ', 'ਦਰਮਿਆਨਾ' ਜਾਂ 'ਮਝਲਾ' ਆਦਿ ਸ਼ਬਦ ਲਗਾਉਣਾ ਪੈਂਦਾ ਹੈ। ਇਸੇ ਤਰ੍ਹਾਂ ਜੇਕਰ ਗਗਨ ਮੁਖੀ ਆਧਾਰ (vertical basis) ਉੱਤੇ ਰਿਸ਼ਤੇ-ਨਾਤੇ ਦੀ ਸ਼ਬਦਾਵਲੀ ਦਾ ਅੰਗਰੇਜ਼ੀ ਤੇ ਪੰਜਾਬੀ ਭਾਸ਼ਾ ਵਿਚ ਅੰਤਰ ਵੇਖੀਏ ਤਾਂ ਸਾਨੂੰ ਇਸੇ ਤਰ੍ਹਾਂ ਦੀ ਸੱਚਾਈ ਨਜ਼ਰ ਆਏਗੀ:

ਅੰਗਰੇਜ਼ੀ	ਮਾ ਦੇ ਰਿਸ਼ਤੇ ਵੱਲੋਂ	ਪਿਤਾ ਦੇ ਰਿਸ਼ਤੇ ਵੱਲੋਂ
Great grand Father-Mother	ਪੜਨਾਨਾ/ਪੜਨਾਨੀ	ਪੜਦਾਦਾ/ਪੜਦਾਦੀ
↑	↑	↓
Grand Father-Mother	ਨਾਨਾ/ਨਾਨੀ	ਦਾਦਾ/ਦਾਦੀ
↑	↑	↑
Father-Mother	ਮਾਂ-ਪਿਉ	ਮਾਂ-ਪਿਉ
↑	↑	↑
Ego	ਆਪ	ਆਪ
↓	↓	↓
Son-daughter	ਪੁੱਤਰ-ਧੀ	ਪੁੱਤਰ-ਧੀ
↓	↓	↓
Grand son daughter	ਦੋਹਤਰਾ/ਦੋਹਤਰੀ	ਪੋਤਰਾ/ਪੋਤਰੀ
↓	↓	↓
Great grand son/daughter	ਪੜਦੋਹਤਰਾ/ਪੜਦੋਹਤਰੀ	ਪੜਪੋਤਰਾ/ਪੜਪੋਤਰੀ

ਹੁਣ ਜੇਕਰ ਲਹੂ ਦੇ ਰਿਸ਼ਤੇ ਤੋਂ ਵੇਖਿਆ ਜਾਏ ਤਾਂ ਅੰਗਰੇਜ਼ੀ ਵਿਚ ਇਹ ਰਿਸ਼ਤਾ ਮਾਂ-ਪਿਉ ਤਕ ਹੀ ਮੁੱਕ ਜਾਂਦਾ ਹੈ। ਬਾਕੀ ਰਿਸ਼ਤਿਆਂ ਦੀ ਸ਼ਬਦਾਵਲੀ 'ego'

ਤੋਂ ਉਪਰ ਵੱਲ ਅਤੇ ਹੇਠਾਂ ਵੱਲ 'grand' ਅਤੇ 'great grand' ਲਗਾ ਕੇ ਘੜੀ ਗਈ ਹੈ। ਪਰ ਪੰਜਾਬੀ ਵਿਚ ਇਹ ਸੰਬੰਧ ਉਪਰਲੇ ਰੁੱਖ ਵੱਲ 'ਦਾਦਾ/ਦਾਦੀ' ਤੇ 'ਨਾਨਾ/ਨਾਨੀ' ਅਤੇ ਹੇਠਲੇ ਰੁੱਖ ਵੱਲ 'ਦੋਹਤਰਾ/ਦੋਹਤਰੀ' ਅਤੇ 'ਪੋਤਰਾ/ਪੋਤਰੀ' ਤੱਕ ਜਾਂਦਾ ਹੈ। ਇਸ ਤੋਂ ਬਾਅਦ ਸ਼ਬਦਾਵਲੀ ਘੜਨ ਲਈ ਦੋਹੀਂ ਪਾਸੀਂ 'ਪੜ' ਲਾਉਣ ਦੀ ਲੋੜ ਪੈਂਦੀ ਹੈ। ਇਹਨਾਂ ਦੋ ਰਿਸ਼ਤੇ-ਨਾਤੇ ਦੀਆਂ ਪ੍ਰਣਾਲੀਆਂ ਵਿਚ ਮੁੱਢਲਾ ਅੰਤਰ-ਪਰਿਵਾਰਕ ਸੰਗਠਨ ਵਿਚ ਅੰਤਰ ਕਰਕੇ ਉਤਪੰਨ ਹੁੰਦਾ ਹੈ। ਇਸੇ ਤਰ੍ਹਾਂ ਕਿਸੇ ਮਨੁੱਖੀ ਸਮੂਹ ਦੀ ਸਮਾਜਿਕ ਅਤੇ ਪਰਿਵਾਰਕ ਬਣਤਰ, ਰਿਸ਼ਤੇ-ਨਾਤਿਆਂ ਦੀ ਸ਼ਬਦਾਵਲੀ ਤੇ ਉਸ ਨਾਲ ਜੁੜੇ ਹੋਏ ਅਰਥਾਂ ਨੂੰ ਸੀਮਿਤ ਜਾਂ ਵਿਸਤ੍ਰਿਤ ਕਰਦੇ ਹਨ। ਯੋਰਪ ਦੀਆਂ ਆਪਣੀਆਂ ਜ਼ਬਾਨਾਂ ਵਿਚ ਵੀ ਸਾਨੂੰ ਇਸ ਸੰਬੰਧ ਤੋਂ ਅਨੇਕਾਂ ਫ਼ਰਕ ਮਿਲਦੇ ਹਨ। ਉਦਾਹਰਣ ਲਈ ਹੰਗੇਰੀਅਨ ਜ਼ਬਾਨ ਵਿਚ 'ਵੱਡਾ ਭਰਾ, ਛੋਟਾ ਭਰਾ, ਵੱਡੀ ਭੈਣ, ਛੋਟੀ ਭੈਣ' ਸਾਰਿਆਂ ਲਈ ਵੱਖੋ-ਵੱਖਰੇ ਸ਼ਬਦ ਮਿਲਦੇ ਹਨ। ਪਰ ਅੰਗਰੇਜ਼ੀ ਜਾਂ ਪੰਜਾਬੀ ਵਿਚ 'elder/big' (ਵੱਡਾ) ਜਾਂ 'younger' (ਛੋਟਾ) ਵਿਸ਼ੇਸ਼ਣ ਲਗਾ ਕੇ ਇਹ ਨਿਖੇੜਾ ਕੀਤਾ ਜਾਂਦਾ ਹੈ। ਜਿਥੇ ਅੰਗਰੇਜ਼ੀ ਵਿਚ ਇੱਕੋ ਸ਼ਬਦ ਪਿਉ ਵੱਲੋਂ ਅਤੇ ਮਾਂ ਵੱਲੋਂ ਰਿਸ਼ਤਿਆਂ ਲਈ ਵਰਤਿਆ ਜਾਂਦਾ ਹੈ, ਉਥੇ ਸਵਿਡਿਸ਼ ਵਿਚ ਇਹਨਾਂ ਰਿਸ਼ਤਿਆਂ ਲਈ ਪੰਜਾਬੀ ਵਾਂਗੂੰ ਭਿੰਨ-ਭਿੰਨ ਸ਼ਬਦ ਮਿਲਦੇ ਹਨ। ਕਿਸੇ ਭਾਸ਼ਾ ਵਿਚ ਸਾਨੂੰ ਅਜਿਹੇ ਸੱਚ ਦਾ ਮਿਲਣਾ ਠੋਸ ਖੇਤਰ ਨੂੰ ਪੇਸ਼ ਕਰਦਾ ਹੈ, ਜਿਸ ਵਿਚ ਭਿੰਨ-ਭਿੰਨ ਤੱਤ ਨਿੱਖੜਵੇਂ ਹੁੰਦੇ ਹਨ। ਉਹਨਾਂ ਵਿਚ ਨਿਰੰਤਰਤਾ ਜਾਂ ਲਗਾਤਾਰਤਾ ਨਹੀਂ ਮਿਲਦੀ, ਜੋ ਰੰਗਾਵਲੀ ਵਿਚ ਮਿਲਦੀ ਹੈ। ਇਸੇ ਪ੍ਰਕਾਰ ਦੀ ਸਥਿਤੀ ਸਾਨੂੰ ਕਿਸੇ ਭਾਸ਼ਾ ਦੀਆਂ ਵਿਆਕਰਣਕ ਕੋਟੀਆਂ ਵਿਚ ਵੀ ਮਿਲ ਸਕਦੀ ਹੈ। ਉਦਾਹਰਣ ਲਈ ਅੰਗਰੇਜ਼ੀ ਵਿਚ 'you' ਲਈ ਪੰਜਾਬੀ 'ਤੂੰ, ਤੁਸੀਂ, ਆਪ' ਤਿੰਨ ਸ਼ਬਦ ਮਿਲਦੇ ਹਨ। ਅੰਗਰੇਜ਼ੀ ਵਿਚ 'he, she, they, it, that' ਲਈ ਪੰਜਾਬੀ ਵਿਚ ਕੇਵਲ 'ਉਹ' ਸ਼ਬਦ ਮਿਲਦਾ ਹੈ। ਅੰਗਰੇਜ਼ੀ ਸ਼ਬਦ 'yesterday' ਤੇ 'tomorrow' ਲਈ ਪੰਜਾਬੀ ਵਿਚ ਕੇਵਲ 'ਕੱਲ' ਸ਼ਬਦ ਹੀ ਮਿਲਦਾ ਹੈ। ਇਸ ਸੱਚ ਨੂੰ ਰੇਖਾ-ਚਿੱਤਰ ਦੇ ਰੂਪ ਵਿਚ ਹੇਠ ਲਿਖੇ ਅਨੁਸਾਰ ਦਰਸਾਇਆ ਜਾ ਸਕਦਾ ਹੈ :

ਪੰਜਾਬੀ	ਅੰਗਰੇਜ਼ੀ
ਉਹ	He
	She
	It
	They
	That

ਪੰਜਾਬੀ	ਅੰਗਰੇਜ਼ੀ
ਕੱਲ	Yesterday
	Tomorrow

ਇਹ ਸਭ ਕੋਸ਼-ਮਦਾਂ (lexical items) ਦੀ ਭਿੰਨ-ਭਿੰਨ ਭਾਸ਼ਾਵਾਂ ਵਿਚ ਵੰਡ ਠੋਸ ਖੇਤਰ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਭਿੰਨ-ਭਿੰਨ ਤੱਤ ਨਿੱਖੜਵੇਂ ਹਨ, ਨਿਰੰਤਰ ਨਹੀਂ।

3. ਅਮੂਰਤ ਖੇਤਰ (Abstract fields)

ਠੋਸ ਖੇਤਰਾਂ ਨਾਲੋਂ ਵੀ ਅਮੂਰਤ ਖੇਤਰਾਂ ਦਾ ਮਹੱਤਵ ਵੱਧ ਹੁੰਦਾ ਹੈ, ਕਿਉਂਕਿ ਇਹਨਾਂ ਵਿਚ ਸ਼ਬਦਾਂ ਰਾਹੀਂ ਸੰਕਲਪ ਘੜੇ ਜਾਂਦੇ ਹਨ। ਜੱਾਨ ਲਾਇਨਜ਼ (John Lyons) ਨੇ ਇਸ ਖੇਤਰ ਵਿਚ ਪਲੈਟੋ ਦੀ ਬੌਧਿਕ ਸ਼ਬਦਾਵਲੀ ਉਪਰ ਕੰਮ ਕੀਤਾ ਹੈ। ਉਸ ਨੇ ਭਿੰਨ-ਭਿੰਨ ਕੋਸ਼ ਮਦਾਂ ਦੇ ਪਰਸਪਰ ਭਾਵ-ਸੰਬੰਧਾਂ (sense relations) ਨੂੰ ਧਿਆਨ ਵਿਚ ਰੱਖ ਕੇ ਉਹਨਾਂ ਦੀ ਅਰਥ-ਮੂਲਕ ਸੰਰਚਨਾ ਦੀ ਵਿਆਖਿਆ ਕੀਤੀ ਹੈ।

ਕੋਸ਼ ਮਦਾਂ (lexical items) ਵੱਲ ਇਕ ਪਹੁੰਚ ਸਮਾਜ ਭਾਸ਼ਾ-ਵਿਗਿਆਨਕ ਵੀ ਰਹੀ ਹੈ। ਇਸ ਦੇ ਮੁਤਾਬਿਕ ਕਿਸੇ ਭਾਸ਼ਾ ਦੇ ਸ਼ਬਦ-ਭੰਡਾਰ ਦਾ ਵਿਸ਼ਲੇਸ਼ਣ ਅਤੇ ਵਿਆਖਿਆ ਸਮਾਜਿਕ-ਸੰਗਠਨ ਦੇ ਪ੍ਰਸੰਗ ਵਿਚ ਕੀਤੀ ਜਾਂਦੀ ਹੈ। ਸਮਾਜ ਭਾਸ਼ਾ-ਵਿਗਿਆਨਕ ਪਹੁੰਚ ਦੀ ਪ੍ਰਤਿਨਿਧਤਾ ਕਰਨ ਵਾਲੇ ਵਿਦਵਾਨਾਂ ਨੇ ਦੋ ਸੰਕਲਪ ਪੇਸ਼ ਕੀਤੇ ਹਨ:

(ੳ) ਸਾਖੀ ਸ਼ਬਦ (witness words) ਦਾ ਸੰਕਲਪ
(ਅ) ਸੰਕੇਤ ਸ਼ਬਦ (key words) ਦਾ ਸੰਕਲਪ

ਪਹਿਲੀ ਪ੍ਰਕਾਰ ਦੇ ਸ਼ਬਦਾਂ ਦਾ ਸਮਾਜ-ਭਾਸ਼ਾ-ਵਿਗਿਆਨਕ ਖੇਤਰਾਂ ਦੇ ਪਉੜੀ-ਪ੍ਰਬੰਧਕ ਸੰਗਠਨ (hierarchical structure) ਵਿਚ ਵਿਸ਼ੇਸ਼ ਮਹੱਤਵ ਹੈ। ਉਦਾਹਰਣ ਲਈ ਪੰਜਾਬ ਦੇ ਸਭਿਆਚਾਰਕ ਜੀਵਨ ਵਿਚ ਅਨੇਕਾਂ ਅਜਿਹੇ ਸ਼ਬਦ ਹਨ, ਜਿਨ੍ਹਾਂ ਦੇ ਅਰਥ ਵੇਲੇ ਦੇ ਸਮਾਜਿਕ ਸੰਗਠਨ ਦੇ ਪ੍ਰਸੰਗ ਵਿਚ ਹੀ ਉਘੜਦੇ ਹਨ। ਸੰਕੇਤ ਸ਼ਬਦ ਉਹ ਸ਼ਬਦ ਹਨ, ਜਿਨ੍ਹਾਂ ਦੁਆਰਾ ਕਿਸੇ ਸਮਾਜ ਦੇ ਆਦਰਸ਼ਾਂ ਦੀ ਸੂਚਨਾ ਮਿਲਦੀ ਹੋਵੇ। 'ਸੰਤ-ਸਿਪਾਹੀ' ਇਕ ਅਜਿਹਾ ਸ਼ਬਦ ਹੈ, ਜੋ ਸਿੱਖ ਸਮਾਜ ਦੇ ਆਦਰਸ਼ ਮਨੁੱਖ ਦੀ ਪ੍ਰਤਿਨਿਧਤਾ ਕਰਦਾ ਹੈ। 'ਸਰਵੋਦਯ' ਭਾਰਤੀ ਸਮਾਜ ਦੇ ਸੁਪਨਿਆਂ ਨੂੰ ਪੇਸ਼ ਕਰਨ ਵਾਲਾ ਸੰਕੇਤ ਸ਼ਬਦ ਹੈ। 'ਸਤਿਅੰ ਸ਼ਿਵੰ ਸੁੰਦਰਮ' ਵੀ ਭਾਰਤੀ ਸਮਾਜਿਕ ਜੀਵਨ ਦੇ ਆਦਰਸ਼ਾਂ ਨੂੰ ਦਰਸਾਉਣ ਵਾਲੇ ਸੰਕੇਤ ਸ਼ਬਦ ਹਨ। ਪਿਛਲੇ ਕੁਝ ਵਰ੍ਹਿਆਂ ਵਿਚ ਅਰਥ-ਵਿਗਿਆਨੀਆਂ ਨੇ ਬਹੁਤ ਸਾਰੇ ਸ਼ਬਦ ਭੰਡਾਰ ਖੇਤਰਾਂ ਬਾਰੇ ਖੋਜ ਕੀਤੀ ਹੈ, ਜਿਵੇਂ ਸੁਹਜ ਸ਼ਾਸਤਰ, ਨੈਤਿਕ ਅਤੇ ਧਾਰਮਿਕ ਸ਼ਬਦ, ਦੁਸ਼ਮਣੀ ਤੇ ਅਦਾਵਤ ਨੂੰ ਦਰਸਾਉਣ ਵਾਲੇ ਸ਼ਬਦ, ਘਰ ਬਾਰ, ਖਾਣਾ ਬਨਾਉਣ, ਪਰੋਸਣ ਤੇ ਖਾਣ ਨਾਲ ਸੰਬੰਧਿਤ ਸ਼ਬਦਾਵਲੀ, ਗਤੀ ਦਰਸਾਉਣ ਵਾਲੀਆਂ ਕਿਰਿਆਵਾਂ (verbs of motion) ਬੁੱਢਿਆਂ ਅਤੇ ਨੌਜਵਾਨਾਂ ਲਈ ਵਰਤੀਂਦੇ ਵਿਸ਼ੇਸ਼ਣ ਅਤੇ ਹੋਰ ਅਨੇਕ ਖੇਤਰਾਂ ਵਿਚ ਮਹੱਤਵਪੂਰਨ ਕੰਮ ਹੋਇਆ ਹੈ। ਭਾਰਤੀ ਭਾਸ਼ਾਵਾਂ ਵਿਚ ਅਜੇ ਇਹ ਕੰਮ ਹੋਣਾ ਰਹਿੰਦਾ ਹੈ।

ਇਕ ਹੋਰ ਮਹੱਤਵਪੂਰਨ ਅਰਥ-ਵਿਗਿਆਨਕ ਪਹੁੰਚ, ਜਿਸ ਵੱਲ ਪਿੱਛੇ ਸੰਕੇਤ ਕੀਤਾ ਗਿਆ ਹੈ, ਉਹ ਹੈ ਅੰਗ-ਮੂਲਕ ਵਿਸ਼ਲੇਸ਼ਣ (conponential analysis)। ਇਸ ਬਾਰੇ ਸੰਰਚਨਾਤਮਕ ਅਰਥ-ਵਿਗਿਆਨੀਆਂ ਨੇ ਬੜਾ ਮਹੱਤਵਪੂਰਨ ਕੰਮ ਕੀਤਾ

ਹੈ। ਇਸ ਪਹੁੰਚ ਦੀ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਅਰਥ ਨੂੰ ਉਸ ਦੀਆਂ ਸਭ ਤੋਂ ਛੋਟੀਆਂ ਇਕਾਈਆਂ ਵਿਚ ਘਟਾਉਂਦੀ ਹੈ। ਇਸ ਖੇਤਰ ਵਿਚ ਬੁਨਿਆਦੀ ਕੰਮ ਕਾਟਜ਼ ਅਤੇ ਫੋਡਰ (Kots and Fodor) ਨੇ ਕੀਤਾ ਹੈ। ਉਹਨਾਂ ਨੇ ਟ੍ਰਾਂਸਫ਼ਾਰਮੇਸ਼ਨਲ-ਜੈਨਰੇਟਿਵ ਵਿਆਕਰਣ ਦੇ ਅਰਥ-ਮੂਲਕ ਪੱਖ ਨੂੰ ਪੇਸ਼ ਕਰਨ ਦਾ ਯਤਨ ਕੀਤਾ ਹੈ। ਕਾਟਜ਼ ਅਤੇ ਫੋਡਰ ਨੇ ਸ਼ਬਦ ਦੇ ਹਰ ਭਾਵ ਨੂੰ ਉਸ ਦੇ ਮੁੱਢਲੇ ਜੁਜ਼ਾਂ ਦੀ ਇਕ ਲੜੀ ਵਿਚ ਤੋੜਿਆ ਅਤੇ ਫੇਰ ਅਜਿਹੇ ਢੰਗ ਨਾਲ ਉਹਨਾਂ ਨੂੰ ਪ੍ਰਬੰਧ ਵਿਚ ਬੰਨ੍ਹਿਆ ਕਿ ਉਹ ਆਮ ਤੋਂ ਵਿਸ਼ੇਸ਼ ਵੱਲ ਦੀ ਯਾਤਰਾ ਕਰਦੇ ਹਨ। ਕਿਸੇ ਸ਼ਬਦ-ਕੋਸ਼ ਵਿਚ ਜਦੋਂ ਇਹ ਜੁਜ਼ ਕਿਸੇ ਹੋਰ ਥਾਂ ਮਿਲਦੇ ਹੋਣ ਤਾਂ ਇਹਨਾਂ ਨੂੰ ਅਰਥ ਉਘਾੜਨ ਵਾਲੇ ਚਿਹਨ (semantic markers) ਕਿਹਾ ਜਾਂਦਾ ਹੈ। ਜੇਕਰ ਇਹ ਕਿਸੇ ਇਕ ਵਿਸ਼ੇਸ਼ ਕੋਸ਼-ਮਦ ਲਈ ਆਪਣੀ ਮਨਮਰਜ਼ੀ ਨਾਲ ਲਗਾਏ ਜਾਣ ਤਾਂ ਇਹਨਾਂ ਨੂੰ ਨਿਖੇੜਨ ਵਾਲੇ ਚਿਹਨ (distinguishers) ਦਾ ਨਾਂ ਦਿੱਤਾ ਜਾਂਦਾ ਹੈ। ਇਹਨਾਂ ਦੋਹਾਂ ਤੋਂ ਇਲਾਵਾ ਵਾਕ ਬਣਤਰ ਦਰਸਾਉਣ ਵਾਲੇ ਚਿਹਨ (syntactic markers) ਵੀ ਹੁੰਦੇ ਹਨ, ਜੋ ਕਿਸੇ ਸ਼ਬਦ ਦੀ ਵਿਆਕਰਣਕ ਕੋਟੀ ਵੱਲ ਸੰਕੇਤ ਕਰਦੇ ਹਨ। ਅਸੀਂ ਦੋ ਉਦਾਹਰਣਾਂ ਨਾਲ ਆਪਣੀ ਗੱਲ ਨੂੰ ਸਪੱਸ਼ਟ ਕਰ ਸਕਦੇ ਹਾਂ। ਜੇ ਅਸੀਂ ਪੰਜਾਬੀ ਦੇ ਸ਼ਬਦ ਬੰਦਾ ਅਤੇ ਤੀਵੀਂ ਲਈਏ ਤਾਂ ਇਹਨਾਂ ਦੇ ਅਰਥ-ਮੂਲਕ ਪਾਸਾਰਾਂ ਨੂੰ ਵੇਖਣ ਲਈ ਅਸੀਂ ਉਪਰਲੇ ਤਿੰਨ ਪ੍ਰਕਾਰ ਦੇ ਚਿਹਨਾਂ ਨੂੰ ਲੈ ਸਕਦੇ ਹਾਂ। 'ਬੰਦਾ' ਸ਼ਬਦ ਦਾ ਭਾਵ ਬਹੁਤ ਸਾਰੇ ਜੁਜ਼ਾਂ (components) ਨੂੰ ਪੇਸ਼ ਕਰਦਾ ਹੈ। ਸਭ ਤੋਂ ਪਹਿਲਾਂ ਤਾਂ ਸ਼ਬਦ ਦੀ ਵਿਆਕਰਣਕ ਕੋਟੀ ਨਿਸਚਿਤ ਕਰਨ ਵਾਲੇ ਵਾਕ ਬਣਤਰੀ ਚਿਹਨ (syntactic markers) ਵੱਲ ਸਾਡਾ ਧਿਆਨ ਜਾਂਦਾ ਹੈ। ਵਾਕ ਬਣਤਰੀ ਚਿਹਨ ਜਾਂ ਵਿਆਕਰਣਕ ਚਿਹਨ 'ਬੰਦੇ' ਨੂੰ ਨਾਂਵ ਦਾ ਦਰਜਾ ਦੇਂਦਾ ਹੈ। ਬਾਕੀ ਉਸ ਦੇ ਅਰਥ ਨਿਖੇੜਾ ਕਰਨ ਵਾਲੇ ਚਿਹਨ (distinguishers) ਹੋਣਗੇ। + ਸਜਿੰਦ (+ animate), + ਮਾਨਵੀ (+ human), + ਮੁਜ਼ੱਕਰ (+ male), + ਅਧੇੜ ਉਮਰ (+ middle age)। ਇਸੇ ਤਰ੍ਹਾਂ ਤੀਵੀਂ ਸ਼ਬਦ ਦੇ ਵੀ ਇਹ ਸਾਰੇ ਜੁਜ਼ ਹੋਣਗੇ। ਕੇਵਲ ਇਕ ਅੰਤਰ ਇਹ ਹੋਏਗਾ ਕਿ + ਮੁਜ਼ੱਕਰ (+ male) ਦੀ ਥਾਂ 'ਤੇ + ਮੁਅਨਸ (+ female) ਨਾਂ ਦਾ ਨਿਖੇੜ-ਚਿਹਨ ਆਏਗਾ। ਕਿਸੇ ਭਾਸ਼ਾ ਵਿਚ ਕੋਸ਼-ਮਦ ਚੋਣ ਪਾਬੰਦੀ ਦੇ ਨੇਮਾਂ (selection restriction rules) ਦੇ ਅਨੁਕੂਲ ਕੰਮ ਕਰਦੇ ਹਨ। ਇਸ ਤੋਂ ਭਾਵ ਹੈ ਕਿ ਕਿਸੇ ਭਾਸ਼ਾ ਵਿਚ ਅਜਿਹੇ ਨੇਮ ਮਿਲਦੇ ਹਨ, ਜੋ ਹਰ ਸ਼ਬਦ ਨੂੰ ਉਸ ਦੇ ਭਾਵ ਅਨੁਸਾਰ ਕਿਸੇ ਹੋਰ ਸ਼ਬਦ ਨੂੰ ਆਪਣੇ ਨਾਲ ਜੋੜਨ ਦੀ ਆਗਿਆ ਦੇਣਗੇ। ਉਦਾਹਰਣ ਲਈ ਜੇ ਕੁੜੀਆਂ ਨੂੰ ਸੰਬੋਧਨ ਕਰਨਾ ਹੋਵੇ ਤਾਂ 'ਨੀ ਕੁੜੀਓ' ਅਰਥਾਤ ਕੁੜੀਆਂ ਨਾਲ 'ਨੀ' ਸ਼ਬਦ ਜੋੜਿਆ ਜਾਏਗਾ। ਇਸੇ ਤਰ੍ਹਾਂ ਮੁੰਡਿਆਂ ਨੂੰ ਸੰਬੋਧਨ ਕਰਨ ਲਈ 'ਵੇ ਮੁੰਡਿਓ' ਅਰਥਾਤ ਮੁੰਡਿਆਂ ਨਾਲ 'ਵੇ' ਸ਼ਬਦ ਜੋੜਿਆ ਜਾਏਗਾ। ਇਥੇ 'ਕੁੜੀ' ਤੇ 'ਮੁੰਡੇ' ਦੇ ਆਪੋ-ਆਪਣੇ ਲਿੰਗ ਅਨੁਸਾਰ ਵਰਤੋਂ ਵਿਚ ਆਉਣ ਵਾਲੇ ਚੋਣ ਪਾਬੰਦੀ ਦੇ ਨੇਮ ਕੰਮ ਕਰਦੇ ਹਨ। ਅਸੀਂ 'ਕੁੜੀਆਂ' ਨਾਲ 'ਵੇ' ਨਹੀਂ ਲਗਾ ਸਕਦੇ ਅਤੇ ਮੁੰਡਿਆਂ ਨਾਲ 'ਨੀ' ਸ਼ਬਦ ਦਾ ਪ੍ਰਯੋਗ

ਨਹੀਂ ਕਰ ਸਕਦੇ, ਕਿਉਂਕਿ ਅਜਿਹਾ ਕਰਨ ਨਾਲ ਚੋਣ ਪਾਬੰਦੀ ਦੇ ਨੇਮ (selection restriction rule) ਭੰਗ ਹੁੰਦੇ ਹਨ।

ਕਾਟਜ਼ ਅਤੇ ਫੋਡਰ ਦੇ ਸਿਧਾਂਤ ਵਿਚ ਕਈ ਕਮਜ਼ੋਰੀਆਂ ਦੇਖਣ ਵਿਚ ਆਈਆਂ ਹਨ, ਜਿਨ੍ਹਾਂ ਦਾ ਇਥੇ ਜ਼ਿਕਰ ਨਾ ਕਰਦੇ ਹੋਏ, ਅਸੀਂ ਕੇਵਲ ਇਹੋ ਹੀ ਕਹਾਂਗੇ ਕਿ ਉਹਨਾਂ ਦੇ ਇਸ ਖੇਤਰ ਵਿਚ ਕੀਤੇ ਤਜਰਬਿਆਂ ਨੇ ਸੰਰਚਨਾਤਮਕ ਅਰਥ-ਵਿਗਿਆਨ ਦੇ ਵਿਕਸਿਤ ਹੋਣ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਅਮਰੀਕਾ ਵਿਚ ਇਹ ਸਿਧਾਂਤ ਕਾਫ਼ੀ ਅਰਸੇ ਤੱਕ ਵਿਦਵਾਨਾਂ ਦੀਆਂ ਅਰਥ ਵਿਗਿਆਨਕ ਸਮੱਸਿਆਵਾਂ ਨਾਲ ਉਲਝਣ ਵਿਚ ਸਹਾਇਕ ਹੁੰਦਾ ਰਿਹਾ ਹੈ। ਅਮਰੀਕੀ ਅਰਥ-ਵਿਗਿਆਨ ਵਿਚ ਇਹ ਪ੍ਰਗਤੀ ਬੜਾ ਮਹੱਤਵ ਰੱਖਦੀ ਹੈ, ਕਿਉਂਕਿ ਇਸ ਨੇ ਟ੍ਰਾਸਫ਼ਾਰਮੇਟਿਵ ਅਤੇ ਜੈਨਰੇਟਿਵ ਵਿਆਕਰਣ ਵਿਚਲੇ ਅਰਥ-ਜੁਜ਼ ਨੂੰ ਉਭਾਰਨ ਵੱਲ ਧਿਆਨ ਦਿੱਤਾ। ਇਸ ਨਾਲ ਅਰਥ-ਵਿਗਿਆਨ ਦੀਆਂ ਸਮੱਸਿਆਵਾਂ ਉਪਰ ਇਕ ਨਵੀਂ ਦ੍ਰਿਸ਼ਟੀ ਤੋਂ ਵਾਦ-ਵਿਵਾਦ ਆਰੰਭ ਹੋਇਆ, ਜਿਸ ਦੀ ਤਫ਼ਸੀਲ ਵਿਚ ਜਾਣਾ ਇਥੇ ਲੋੜੀਂਦਾ ਨਹੀਂ।

ਇਸ ਦੇ ਨਾਲ ਹੀ ਯੋਰਪੀ ਅਰਥ-ਵਿਗਿਆਨੀਆਂ ਨੇ ਵੀ ਕਾਟਜ਼ ਅਤੇ ਫੋਡਰ ਦੀਆਂ ਵਿਧੀਆਂ ਤੋਂ ਭਿੰਨ ਵਿਧੀਆਂ ਅਖ਼ਤਿਆਰ ਕਰਕੇ ਅਰਥ ਨੂੰ ਉਸ ਦੀ ਛੋਟੀ ਤੋਂ ਛੋਟੀ ਇਕਾਈ ਤੱਕ ਤੋੜਨ ਦਾ ਰਾਹ ਪੇਸ਼ ਕੀਤਾ। ਉਹ ਇਹਨਾਂ ਇਕਾਈਆਂ ਨੂੰ 'ਸੀਮ' (seme) ਕਹਿੰਦੇ ਹਨ। ਉਹਨਾਂ ਲਈ ਸੀਮ (seme) ਅਰਥ ਦਾ ਮੁੱਢਲਾ ਅੰਗ (basic semantic component), ਜਿਸ ਦੀ ਤੁਲਨਾ ਧੁਨੀ ਵਿਗਿਆਨ ਵਿਚ ਨਿੱਖੜਵੇਂ ਲੱਛਣਾਂ (distinctive featurers) ਦੇ ਪ੍ਰਯੋਜਨ (function) ਨਾਲ ਕੀਤੀ ਜਾ ਸਕਦੀ ਹੈ। ਜਿਵੇਂ ਅੰਗਰੇਜ਼ੀ ਸ਼ਬਦ 'bat' ਵਿਚ ਧੁਨੀਮ /b/ ਸ਼ਬਦ 'pale' ਵਿਚਲੇ ਧੁਨੀਮ /p/ ਨਾਲੋਂ ਸਘੋਸ਼/ਅਘੋਸ਼ (voice quality) ਦੇ ਗੁਣ ਵਜੋਂ ਵੱਖਰਾ ਹੈ, ਉਥੇ ਮੁੰਡੇ ਦਾ ਕੁੜੀ ਤੋਂ ਵੱਖਰੇਵਾਂ ਕੇਵਲ ਲਿੰਗ ਕਰਕੇ ਹੈ। /b/ ਸਘੋਸ਼ ਅਤੇ /p/ ਅਘੋਸ਼ ਵਿਚਕਾਰ ਵਿਰੋਧ ਮੁੰਡਾ (ਮੁਜ਼ੱਕਰ) ਅਤੇ ਕੁੜੀ (ਮੁਅਨਸ) ਦੇ ਵਿਚਕਾਰ ਵਿਰੋਧ ਦੋਵੇਂ ਇਕ ਦੂਜੇ ਨਾਲ ਮੇਲ ਖਾਂਦੇ ਹਨ। ਇਸ ਕਾਰਨ ਮੁਜ਼ੱਕਰ ਅਤੇ ਮੁਅਨਸ (male and female) ਸੀਮ (seme) ਹਨ। ਕਾਟਜ਼ ਤੇ ਫੋਡਰ ਦੀ ਸ਼ਬਦਾਵਲੀ ਵਿਚ ਇਹ ਅਰਥ ਨਿਖੇੜਨ ਵਾਲੇ ਚਿਹਨ (distinguishers) ਅਖਵਾਉਂਦੇ ਹਨ। ਸੀਮਜ਼ (semes) ਦੇ ਨਿੱਖੜਵੇਂ ਪ੍ਰਯੋਜਨ ਸਮਝਣ ਲਈ ਅਸੀਂ ਗ੍ਰੀਮਾਸ ਦੀ ਉਦਾਹਰਣ ਤੋਂ ਸਹਾਇਤਾ ਲੈ ਸਕਦੇ ਹਾਂ, ਜਿਸ ਵਿਚ ਉਹ ਚਾਰ ਫ਼ਰਾਂਸੀਸੀ ਸ਼ਬਦ, ਜੋ ਭਿੰਨ-ਭਿੰਨ ਬਹਿਣ ਵਾਲੀਆਂ ਵਸਤਾਂ ਵੱਲ ਸੰਕੇਤ ਕਰਦੇ ਹਨ, ਲੈ ਕੇ ਉਹਨਾਂ ਦੇ ਅਰਥਾਂ ਦਾ ਵਿਸ਼ਲੇਸ਼ਣ ਪੇਸ਼ ਕਰਦਾ ਹੈ। ਪੰਜਾਬੀ ਵਿਚ ਅਸੀਂ ਅਜਿਹੀਆਂ ਬਹਿਣ ਵਾਲੀਆਂ ਵਸਤਾਂ ਵੱਲ ਸੰਕੇਤ ਕਰਨ ਵਾਲੇ ਸ਼ਬਦ ਚੁਣ ਕੇ ਵੇਖ ਸਕਦੇ ਹਾਂ ਕਿ ਕੋਈ ਵੀ ਦੋ ਸ਼ਬਦ ਇੱਕੋ ਜਿਹੇ ਜੁਜ਼ਾਂ (components) ਦੇ ਸੂਚਕ ਨਹੀਂ। ਉਦਾਹਰਣ ਲਈ ਸ਼ਬਦ ਲੈਂਦੇ ਹਾਂ—'ਕੁਰਸੀ, ਚੌਂਕੀ, ਸਟੂਲ, ਪੀੜ੍ਹਾ,

ਸੋਫ਼ਾ' ਆਦਿ। ਇਹਨਾਂ ਦੇ ਸੀਮਜ਼ (semes) ਨੂੰ ਅਸੀਂ ਹੇਠ ਲਿਖੇ ਰੇਖਾ-ਚਿੱਤਰ ਵਿਚ ਦਿਖਾ ਸਕਦੇ ਹਾਂ :

ਵਸਤਾਂ ਦਾ ਨਾਮ	ਕਿਸ ਕੰਮ ਆਉਂਦੀ ਹੈ ਬੈਠਣ ਦੇ	ਲੱਤਾਂ ਲੱਗੀਆਂ ਹੋਈਆਂ ਹਨ	ਇਕ ਬੰਦੇ ਦੇ ਬੈਠਣ ਲਈ ਹੈ	ਢੋਅ ਵਾਲੀ	ਬਾਹਵਾਂ ਹਨ
ਕੁਰਸੀ	+	+	+	+	+
ਚੌਂਕੀ	+	+	+	—	—
ਸਟੂਲ	+	+	+	—	—
ਪੀੜ੍ਹਾ	+	+	+	(+)	(+)
ਸੋਫ਼ਾ	+	+	—	(+)	(+)

ਅਸੀਂ ਉਪਰਲੇ ਰੇਖਾ-ਚਿੱਤਰ ਤੋਂ ਵੇਖਦੇ ਹਾਂ ਕਿ ਪਹਿਲੇ ਦੋ ਸੀਮਜ਼ (semes) ਬਾਕੀ ਸਾਰੀਆਂ ਵਸਤਾਂ ਵਿਚ ਸਾਂਝੇ ਹਨ। ਇਉਂ ਉਪਰਲੀਆਂ ਸਾਰੀਆਂ ਵਸਤਾਂ ਬੈਠਣ ਦੇ ਕੰਮ ਆਉਣ ਵਾਲੀਆਂ ਹੋਣ ਦੀ ਦ੍ਰਿਸ਼ਟੀ ਤੋਂ ਸਾਂਝੀਆਂ ਹਨ। ਇਸ ਤਰ੍ਹਾਂ ਇਹ ਇਹਨਾਂ ਵਿਚ ਸਾਂਝਾ ਸੀਮ ਹੈ। ਪਰ ਦੂਜੇ ਸੀਮਾ ਦੇ ਲਿਹਾਜ਼ ਨਾਲ ਇਹ ਵਸਤਾਂ ਇਕ ਦੂਜੇ ਨਾਲੋਂ ਵੱਖਰੇ ਅਰਥਾਂ ਵੱਲ ਸੰਕੇਤ ਕਰਦੀਆਂ ਹਨ। ਕੇਵਲ ਪਹਿਲੇ ਅਰਥ-ਵਿਗਿਆਨ ਦੇ ਖੇਤਰ ਵਿਚ ਹੋਈਆਂ ਪਿਛਲੇ ਕੁਝ ਵਰ੍ਹਿਆਂ ਦੀਆਂ ਇਹਨਾਂ ਪ੍ਰਾਪਤੀਆਂ ਨੂੰ ਧਿਆਨ ਗੋਚਰੇ ਕਰਦਿਆਂ ਅਸੀਂ ਕਹਿ ਸਕਦੇ ਹਾਂ ਕਿ ਇਸ ਖੇਤਰ ਵਿਚ ਸਮਕਾਲੀ ਪ੍ਰਗਤੀ ਸਿਧਾਂਤਕ ਚਿੰਤਨ ਵੱਲ ਵਧੇਰੇ ਝੁਕਾਅ ਰਖਦੀ ਹੈ। ਆਧੁਨਿਕ ਅਰਥ-ਵਿਗਿਆਨ ਦਿਨੋਂ ਦਿਨ ਵਰਣਾਤਮਕ ਵਿਗਿਆਨ ਦਾ ਰੂਪ ਧਾਰਦਾ ਜਾ ਰਿਹਾ ਹੈ। ਇਹਨੀਂ ਦਿਨੀਂ ਅਰਥ-ਵਿਗਿਆਨ ਅਤੇ ਵਾਕ-ਬਣਤਰ ਵਿਗਿਆਨ ਦਾ ਆਪਸ ਵਿਚ ਸੰਬੰਧ ਵਧੇਰੇ ਨੇੜੇ ਦਾ ਹੋ ਗਿਆ ਹੈ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਰਥ-ਵਿਗਿਆਨ ਵਿਚ ਦੂਜੇ ਅਨੁਸ਼ਾਸਨਾਂ ਦੀ ਦਿਲਚਸਪੀ ਵਧਦੀ ਜਾ ਰਹੀ ਹੈ। ਦਾਰਸ਼ਨਿਕ, ਮਨੋਵਿਗਿਆਨੀ, ਮਾਨਵ-ਵਿਗਿਆਨੀ, ਇਤਿਹਾਸਕਾਰ, ਸ਼ੈਲੀ ਵਿਗਿਆਨੀ ਅਤੇ ਹੋਰ ਖੇਤਰਾਂ ਦੇ ਮਾਹਿਰ ਅਰਥ ਦੇ ਭਿੰਨ-ਭਿੰਨ ਪੱਖਾਂ ਬਾਰੇ ਆਪੋ-ਆਪਣੀ ਦ੍ਰਿਸ਼ਟੀ ਤੋਂ ਦਿਲਚਸਪੀ ਰਖਦੇ ਹਨ। ਪਿਛਲੇ ਕੁਝ ਵਰ੍ਹਿਆਂ ਵਿਚ ਕੰਪਿਊਟਰ, ਮਸ਼ੀਨੀ ਅਨੁਵਾਦ, ਸੂਚਨਾ ਸਿਧਾਂਤ ਅਤੇ ਹੋਰ ਕਈ ਖੇਤਰਾਂ ਦੇ ਵਿਕਸਿਤ ਹੋਣ ਨਾਲ ਅਰਥ-ਵਿਗਿਆਨ ਦੇ ਖੇਤਰ ਵਿਚ ਵੀ ਕਈ ਪਰਿਵਰਤਨ ਆਏ ਹਨ।

-3-

ਅਸੀਂ ਪਹਿਲਾਂ ਅਰਥ-ਵਿਗਿਆਨ ਵਿਚ ਦੋ ਪ੍ਰਕਾਰ ਦੀਆਂ ਸਮੱਸਿਆਵਾਂ ਬਾਰੇ ਜ਼ਿਕਰ ਕਰ ਚੁੱਕੇ ਹਾਂ। ਪਹਿਲੀ ਪ੍ਰਕਾਰ ਦੀਆਂ ਸਮੱਸਿਆਵਾਂ ਦਾ ਸੰਬੰਧ ਇਕੱਲੇ-ਇਕੱਲੇ ਸ਼ਬਦਾਂ ਦੀ ਅਰਥ-ਮੂਲਕ ਸੰਰਚਨਾ ਨਾਲ ਹੈ। ਦੂਜੀ ਪ੍ਰਕਾਰ ਦੀਆਂ

ਸਮੱਸਿਆਵਾਂ ਸ਼ਬਦਾਂ ਦੇ ਪਰਸਪਰ ਅਰਥ-ਮੂਲਕ ਸੰਬੰਧਾਂ ਵਿੱਚੋਂ ਉਤਪੰਨ ਹੁੰਦੀਆਂ ਹਨ। ਸਮਕਾਲੀ ਸ਼ੈਲੀ ਵਿਗਿਆਨ ਨੇ ਵੀ ਜਦੋਂ ਰਚਨਾ-ਪਾਠ ਦਾ ਵਿਸ਼ਲੇਸ਼ਣ ਕਰਨ ਦਾ ਮਾਰਗ ਨਿਸਚਿਤ ਕੀਤਾ ਤਾਂ ਗੱਲ ਸਿਗਨੀਫ਼ੀਐਂਟ (signifiant) ਅਤੇ ਸਿਗਨੀਫ਼ਾਈ (signifie) ਜਾਂ ਨਾਮ ਅਤੇ ਭਾਵ ਤੋਂ ਆਰੰਭ ਕੀਤੀ। ਇਸ ਦੇ ਆਧਾਰ ਉੱਤੇ ਹੀ ਸ਼ੈਲੀ ਵਿਗਿਆਨੀਆਂ ਨੇ ਚੌਖਟਾ ਤਿਆਰ ਕੀਤਾ, ਜਿਸ ਵਿਚ ਉਹ ਸ਼ਬਦਾਂ ਦੀ ਅਰਥ ਦੀ ਦ੍ਰਿਸ਼ਟੀ ਤੋਂ ਵਰਗ ਵੰਡ ਕਰ ਸਕਣ। ਜੇ ਪਹਿਲਾਂ ਸੁਝਾਏ ਹੋਏ ਢੰਗ ਅਨੁਸਾਰ ਅਸੀਂ ਕਿਸੇ ਕਿਰਤ ਵਿਚ ਦੋ ਪ੍ਰਕਾਰ ਦੀਆਂ ਅਰਥ-ਮੂਲਕ ਸਥਿਤੀਆਂ ਸਰਲ ਤੇ ਜਟਿਲ ਦੀ ਕਲਪਨਾ ਕਰੀਏ ਤਾਂ ਅਰਥ ਦੀ ਦ੍ਰਿਸ਼ਟੀ ਤੋਂ ਰਚਨਾ-ਪਾਠ ਦੇ ਵੰਨ-ਸੁਵੰਨੇ ਅਰਥਾਂ ਨੂੰ ਅਸੀਂ ਦ੍ਰਿਸ਼ਟੀਗਤ ਕਰ ਸਕਦੇ ਹਾਂ। ਸਰਲ ਸਥਿਤੀ ਵਿਚ ਇਕ ਚਿਹਨਕ ਜਾਂ ਨਾਮ ਨਾਲ ਕਈ ਭਾਵ ਜੁੜੇ ਹੋਏ ਹੁੰਦੇ ਹਨ।

1. ਸਰਲ ਅਰਥ-ਮੂਲਕ ਸਥਿਤੀਆਂ

ਸਰਲ ਅਰਥ-ਮੂਲਕ ਸਥਿਤੀਆਂ ਵਿਚ ਅਰਥ-ਵਿਗਿਆਨੀਆਂ ਨੇ ਜਿਨ੍ਹਾਂ ਗੱਲਾਂ ਉਪਰ ਜ਼ੋਰ ਦਿੱਤਾ, ਉਹ ਹੇਠ ਲਿਖੇ ਅਨੁਸਾਰ ਹਨ :

(1) ਨਾਮ ਜਾਂ ਸਿਗਨੀਫ਼ੀਐਂਟ ਪਿੱਛੇ ਪ੍ਰੇਰਨਾ (motivation of significant)

(2) ਭਾਵ ਦਾ ਅਨਿਸ਼ਚੈ (vagueness of sense)

(3) ਨਾਮ ਜਾਂ ਭਾਵ ਅਤੇ ਜਾਂ ਇਹਨਾਂ ਦੋਹਾਂ ਦੇ ਦੁਆਲੇ ਉਤਪੰਨ ਹੋਏ ਅਧਿਸੁਰ (overtones around signifiant or signifie or both)

(ੳ) ਧੁਨੀ-ਮੂਲਕ ਪ੍ਰੇਰਣਾ

ਇਥੇ ਅਸੀਂ ਸੰਖੇਪ ਰੂਪ ਵਿਚ ਇਹਨਾਂ ਤਿੰਨਾਂ ਬਾਰੇ ਵਿਚਾਰ ਕਰ ਸਕਦੇ ਹਾਂ। ਜਿਵੇਂ ਕਿ ਅਸੀਂ ਪਹਿਲਾਂ ਵੇਖ ਆਏ ਹਾਂ ਕਿ ਕਿਸੇ ਰਚਨਾ-ਪਾਠ ਵਿਚ ਸ਼ਬਦਾਂ ਦੀ ਵਰਤੋਂ ਪਿੱਛੇ ਪ੍ਰੇਰਣਾ ਦੇ ਲਿਹਾਜ਼ ਨਾਲ ਸ਼ਬਦ ਪਾਰਦਰਸ਼ੀ (transparent) ਅਤੇ ਅਪਾਰ-ਦਰਸ਼ੀ (opaque) ਹੋ ਸਕਦੇ ਹਨ। ਸ਼ਬਦਾਂ ਦੀ ਇਹ ਵਰਤੋਂ ਤਿੰਨ ਪੱਖਾਂ ਤੋਂ ਪ੍ਰੇਰਿਤ ਹੁੰਦੀ ਹੈ। ਧੁਨੀ ਦੇ ਪੱਖੋਂ, ਰੂਪੀਮੀ ਪੱਖ ਤੋਂ ਅਤੇ ਅਰਥ-ਮੂਲਕਤਾ ਦੇ ਪੱਖ ਤੋਂ। ਇਹਨਾਂ ਬਾਰੇ ਯੋਗ ਵਿਚਾਰ ਪਹਿਲਾਂ ਕੀਤੀ ਜਾ ਚੁੱਕੀ ਹੈ। ਧੁਨੀ ਦੇ ਪੱਖ ਤੋਂ ਕਿਸੇ ਸ਼ਬਦ ਦੁਆਰਾ ਕਿਸੇ ਵਿਸ਼ੇਸ਼ ਧੁਨੀ ਜਾਂ ਸ਼ੋਰ ਨੂੰ ਪ੍ਰਗਟਾਉਣਾ ਧੁਨੀ-ਮੂਲਕ ਅਨੁਕਰਣ (onomatopoeia) ਮੰਨਿਆ ਜਾਂਦਾ ਹੈ। ਡਾ. ਹਰਿਭਜਨ ਸਿੰਘ ਦੀਆਂ ਹੇਠ ਲਿਖੀਆਂ ਕਾਵਿ-ਪੰਗਤੀਆਂ ਵਿਚ 'ਥੱਰਰਾ' ਸ਼ਬਦ ਕੰਬਣੀ ਦੀ ਧੁਨੀ ਨੂੰ ਸਮੂਰਤ ਕਰਦਾ ਹੈ :

ਤਾਂ ਮੇਰੀ ਪਿਆਸ ਦਾ—
ਛਿਣ ਛਿਣ ਬਦਨ 'ਥੱਰਰਾ' ਗਿਆ।

ਇਹ ਮੁੱਢਲੇ ਧੁਨੀ-ਮੂਲਕ ਅਨੁਕਰਣ ਦਾ ਨਮੂਨਾ ਹੈ। ਜਦੋਂ ਕੁਝ ਸ਼ਬਦਾਂ ਦੀ ਵਰਤੋਂ ਕਰਕੇ ਕਿਸੇ ਹੋਰ ਗੁਣ, ਮਿਕਦਾਰ ਆਦਿ ਸਭ ਐਸੋਸੀਏਸ਼ਨ ਜੋੜੀ ਜਾ ਰਹੀ ਹੋਵੇ ਤਾਂ ਅਜਿਹੀ ਹਾਲਤ ਵਿਚ ਗੌਣ ਧੁਨੀ-ਮੂਲਕ ਅਨੁਕਰਣ ਪੈਦਾ ਹੁੰਦਾ ਹੈ। ਉਦਾਹਰਣ ਲਈ ਗੁਰਬਖ਼ਸ਼ ਸਿੰਘ ਪ੍ਰੀਤਲੜੀ ਦੇ ਹੇਠ ਲਿਖੇ ਵਾਕੰਸ਼ ਵਿਚ ਲਹਿਰ ਦਾ ਸਮੁੰਦਰ ਦੇ ਮੁਕਾਬਲੇ ਵਿਚ ਤੁੱਛ ਹੋਣਾ, ਪਰ ਨਾਲ ਹੀ ਹੋਰਾਂ ਗੁਣਾਂ ਦੀ ਧਾਰਨੀ ਹੋਣਾ ਇਹਨਾਂ ਸ਼ਬਦਾਂ ਵਿਚਲੀਆਂ ਧੁਨੀਆਂ ਦੁਆਰਾ ਰੂਪਮਾਨ ਹੁੰਦਾ ਹੈ:

> "ਚਿਰ ਇਹ ਲਹਿਰ ਕਾਇਮ ਰਹਿ ਸਕਦੀ ਹੈ, ਇਹਦਾ ਨਾਂ ਲਿਆ ਜਾਏਗਾ—**ਉੱਚੀ**, **ਝਿਕੀ**, **ਛੋਟੀ**, **ਜ਼ੋਰਦਾਰ**, **ਚਿੱਟੀ**, **ਗਹਿਰੀ**, **ਹੌਲੀ**, **ਭਾਰੀ**—ਪਰ ਓੜਕ ਇਹ ਲਹਿਰ ਮੁਕ ਜਾਏਗੀ।"

(ਅ) ਰੂਪੀਮੀ ਪ੍ਰੇਰਣਾ

ਕਿਸੇ ਰਚਨਾ ਪਾਠ ਵਿਚ ਕੁਝ ਸ਼ਬਦ ਸਮਾਸਾਂ ਦੇ ਰੂਪ ਵਿਚ ਜੋੜੇ ਜਾਂਦੇ ਹਨ ਜਾਂ ਫੇਰ ਇਕ ਸ਼ਬਦ ਤੋਂ ਹੀ ਕਈ ਹੋਰ ਸ਼ਬਦ ਬਣਾਏ ਜਾਂਦੇ ਹਨ। ਇਹ ਖ਼ਾਸ ਤਰ੍ਹਾਂ ਦਾ ਭਾਵ ਉਤਪੰਨ ਕਰਨ ਲਈ ਜਾਂ ਸੰਬੋਧਾਰਥ ਦੇ ਪੱਧਰ ਉਪਰ ਅਰਥ ਸਿਰਜਣ ਲਈ ਕੀਤਾ ਜਾਂਦਾ ਹੈ। ਕਿਸੇ ਰਚਨਾ ਵਿਚ ਸ਼ਬਦਾਂ ਦੀ ਅਜਿਹੀ ਵਰਤੋਂ ਸ਼ੈਲੀ-ਵਿਗਿਆਨਕ ਦ੍ਰਿਸ਼ਟੀ ਤੋਂ ਵਿਦਵਾਨਾਂ ਦੀ ਵਿਸ਼ੇਸ਼ ਦਿਲਚਸਪੀ ਜਗਾਉਂਦੀ ਹੈ। ਗੁਰਬਖ਼ਸ਼ ਸਿੰਘ ਦੋ ਵੱਖੋ-ਵੱਖਰੇ ਸ਼ਬਦਾਂ ਨੂੰ ਜੋੜ ਕੇ ਵਰਤੋਂ ਵਿਚ ਲਿਆਉਂਦਾ ਹੈ, ਜਿਵੇਂ ਸ਼ਾਂਤੀ-ਇੱਛਕ, ਨਾ-ਕਾਮਯਾਬੀ, ਸ਼ਬਦ-ਜਾਦੂਗਰੀ, ਬੇ-ਵੰਡ ਆਦਿ ਰੂਪੀਮੀ ਪ੍ਰੇਰਣਾ ਦੇ ਉਦਾਹਰਣ ਹਨ।

(ੲ) ਅਰਥ-ਮੂਲਕ ਪ੍ਰੇਰਣਾ

ਵਿਗਿਆਨ ਦੇ ਖੇਤਰ ਵਿਚ ਅਰਥ ਦੀ ਦ੍ਰਿਸ਼ਟੀ ਤੋਂ ਸ਼ਬਦਾਂ ਦੀ ਅਜਿਹੀ ਵਰਤੋਂ ਖ਼ਾਸ ਤੌਰ 'ਤੇ ਸਾਡਾ ਧਿਆਨ ਖਿਚਦੀ ਹੈ। ਜਦ ਕੋਈ ਅੱਗ ਦੀ ਇਨਸ਼ੋਰੈਂਸ ਕਰਨ ਲਈ ਕੰਪਨੀ ਅੰਗਰੇਜ਼ੀ ਵਿਚ ਇਸ਼ਤਿਹਾਰ ਦੇਂਦਿਆਂ ਇਹ ਵਾਕ ਲਿਖਵਾਉਂਦੀ ਹੈ—'The best fire-fighter is made of paper'। ਇਥੇ 'paper' ਸ਼ਬਦ ਦੀ ਵਰਤੋਂ ਸੰਬੋਧਾਰਥ (connotative level) ਦੀ ਪੱਧਰ ਉਪਰ ਹੋਈ ਹੈ ਅਤੇ ਇਹ ਫ਼ਾਇਰ ਇਨਸ਼ੋਰੈਂਸ ਪਾਲਿਸੀ ਵੱਲ ਸੰਕੇਤ ਕਰਦੀ ਹੈ। ਇਸੇ ਤਰ੍ਹਾਂ ਗੁਰਬਖ਼ਸ਼ ਸਿੰਘ ਦਾ ਨਾਂਵ ਪਰਬਤ ਤੋਂ ਵਿਸ਼ੇਸ਼ਣ ਪਰਬਤੀ ਬਣਾ ਕੇ 'ਪਰਬਤੀ ਇਰਾਦਾ' ਬਨਾਉਣਾ ਇਸ ਪ੍ਰੇਰਣਾ ਦਾ ਸੂਚਕ ਹੈ। ਇਉਂ ਕਿਸੇ ਭਾਸ਼ਾਈ ਪਾਠ ਵਿਚ ਰੂਪਕ (metphors) ਅਤੇ ਮੈਟੋਨਿਮੀ (metonymy) ਜਾਂ ਕਿਸੇ ਹੋਰ ਸਮਾਨਤਾ ਦੇ ਆਧਾਰ ਉਪਰ ਕੀਤੀ ਗਈ ਸ਼ਬਦਾਂ ਦੀ ਵਰਤੋਂ, ਜਿਨ੍ਹਾਂ ਵਿਚ ਸ਼ਬਦ-ਅਰਥ ਅਤੇ ਬਦਲੇ ਹੋਏ ਅਰਥ ਵਿਚਕਾਰ ਕੋਈ ਸੰਬੰਧ ਸਥਾਪਤ ਹੁੰਦਾ ਹੈ, ਅਰਥ-ਮੂਲਕ ਪ੍ਰੇਰਣਾ ਦੇ ਲਖਾਇਕ ਸ਼ਬਦ ਮੰਨੇ ਜਾਣਗੇ। ਇਸ ਸਥਿਤੀ ਵਿਚ ਭਾਵ (tenor) ਅਤੇ ਵਾਹਨ (vehicle) ਦੋਹਾਂ ਨੂੰ ਜੋੜ ਕੇ ਪੇਸ਼ ਕੀਤਾ ਜਾਂਦਾ ਹੈ।

2. ਭਾਵ ਦਾ ਅਨਿਸ਼ਚੈ

ਭਾਵ ਦੇ ਅਨਿਸ਼ਚੈ ਤੋਂ ਮੁਰਾਦ ਹੈ ਸ਼ਬਦਾਂ ਦਾ ਕੋਈ ਕਾਰਨਾਂ ਕਰਕੇ ਆਪਣੇ ਅਰਥਾਂ ਵਿਚ ਨਿਸਚਿਤ ਨਾ ਹੋਣਾ। ਅਸੀਂ ਪਹਿਲਾਂ ਸੰਕੇਤ ਕੀਤਾ ਹੈ ਕਿ ਸ਼ਬਦਾਂ ਨੂੰ ਭਾਸ਼ਾਈ ਸੰਬਾਦ ਵਿਚ ਕਈ ਰੂਪਾਂ ਅਤੇ ਸੰਦਰਭਾਂ ਵਿਚ ਵਰਤਿਆ ਜਾਂਦਾ ਹੈ। ਭਾਸ਼ਾ ਸੰਜਮ ਦੀ ਮੰਗ ਦੇ ਅਧੀਨ ਵੀ ਅਸੀਂ ਇਕ ਸ਼ਬਦ ਨੂੰ ਕਈ ਅਰਥਾਂ ਵਿਚ ਵਰਤਦੇ ਹਾਂ। ਸ਼ਬਦ ਆਮ ਤੌਰ 'ਤੇ ਵਰਗ ਸੰਕਲਪਾਂ (class concepts) ਦੀ ਪ੍ਰਤੀਨਿਧਤਾ ਕਰਦੇ ਹਨ, ਜਿਸ ਕਾਰਨ ਉਹਨਾਂ ਦੇ ਆਪਣੇ ਨਿੱਖੜਵੇਂ ਗੁਣਾਂ ਵੱਲ ਅਣਗਹਿਲੀ ਹੋ ਜਾਂਦੀ ਹੈ। ਕਈ ਵਾਰੀ ਭਾਸ਼ਾ ਦੀ ਵਰਤੋਂ ਵਿਚ ਵੀ ਅਸੀਂ ਬਹੁਤੇ ਸਪੱਸ਼ਟ ਨਹੀਂ ਹੁੰਦੇ। ਇਹ ਵੀ ਵੇਖਿਆ ਗਿਆ ਹੈ ਕਿ ਜਿਨ੍ਹਾਂ ਵਸਤਾਂ ਬਾਰੇ ਅਸੀਂ ਗੱਲ ਕਰ ਰਹੇ ਹੁੰਦੇ ਹਾਂ, ਉਹਨਾਂ ਦੇ ਆਪਸੀ ਨਿਖੇੜਿਆਂ ਬਾਰੇ ਅਸੀਂ ਆਪ ਚੇਤੰਨ ਨਹੀਂ ਹੁੰਦੇ। ਅਸਪੱਸ਼ਟਤਾ, ਧੁੰਦਲਾਪਣ, ਅਸ਼ੁੱਧਤਾ ਕਿਸੇ ਭਾਸ਼ਾਈ ਪਾਠ ਵਿਚ ਸੰਚਾਰ ਦੇ ਪੱਖ ਤੋਂ ਦੂਸ਼ਣ ਮੰਨੇ ਜਾਂਦੇ ਹਨ, ਪਰ ਕਈ ਸਥਿਤੀਆਂ ਵਿਚ ਅਨਿਸ਼ਚੈਮੁਖ, ਅਸਥਾਈ ਜਾਂ ਸੁਝਾਊ ਭਾਸ਼ਾ ਕਿਸੇ ਸਪੱਸ਼ਟ ਨਿੱਖੜਵੀਂ ਗੱਲ ਨਾਲੋਂ ਵਧੇਰੇ ਢੁੱਕਵੀਂ ਮੰਨੀ ਜਾਂਦੀ ਹੈ। ਵਿਟਜਿਨਸਟਾਈਨ ਨੇ ਇਸ ਕਰਕੇ ਧੁੰਦਲੇ ਆਕਾਰਾਂ ਵਾਲੇ ਸੰਕਲਪਾਂ (concepts with blurred edges) ਦੀ ਗੱਲ ਕੀਤੀ ਹੈ। ਪ੍ਰਤੀਕਵਾਦੀ ਸੁਹਜ ਸ਼ਾਸਤਰ ਪਿੱਛੇ ਮੂਲ ਸਿਧਾਂਤ ਅਨਿਸ਼ਚੈਮੂਲਕਤਾ ਦਾ ਹੀ ਕੰਮ ਕਰਦਾ ਹੈ। ਇਉਂ ਅਰਥ ਦਾ ਧੁੰਦਲਾ ਜਾਂ ਅਨਿਸ਼ਚੈਮੂਲਕ ਹੋਣਾ ਸ਼ੈਲੀ ਵਿਗਿਆਨਕ ਪ੍ਰਭਾਵ ਪੈਦਾ ਕਰਨ ਦੀ ਇਕ ਮਹੱਤਵਪੂਰਨ ਜੁਗਤ ਮੰਨੀ ਗਈ ਹੈ।

3. **ਅਧਿਸੁਰ** (Over tone)

(ੳ) ਨਾਮ ਜਾਂ ਚਿਹਨਕ ਦੁਆਲੇ ਜਾਗ੍ਰਿਤ ਅਧਿਸੁਰ

ਜਦੋਂ ਭਾਸ਼ਾ ਵਰਤੋਂ ਦੁਆਰਾ ਵਿਸ਼ੇਸ਼ ਪ੍ਰਕਾਰ ਦੇ ਪ੍ਰਭਾਵ ਉਤਪੰਨ ਕਰਨ ਦੇ ਯਤਨ ਕੀਤੇ ਜਾਂਦੇ ਹਨ ਤਾਂ ਸ਼ਬਦਾਂ ਦੇ ਕਈ ਸੰਬੋਧਾਰਥ (connotations) ਜਾਂ ਅਧਿਸੁਰ (over tones) ਪੈਦਾ ਕੀਤੇ ਜਾਂਦੇ ਹਨ। ਇਹ ਅਧਿਸੁਰ ਜਾਂ ਤਾਂ ਚਿਹਨਕਾਂ ਦੇ ਦੁਆਲੇ ਪੈਦਾ ਕੀਤੇ ਜਾਂਦੇ ਹਨ ਜਾਂ ਚਿਹਨਿਤਾਂ ਦੇ ਅਤੇ ਜਾਂ ਫੇਰ ਉਹਨਾਂ ਰਜਿਸਟਰਾਂ ਦੇ ਦੁਆਲੇ ਜਿਨ੍ਹਾਂ ਵਿਚ ਕਿ ਸ਼ਬਦਾਂ ਦੀ ਵਰਤੋਂ ਹੋ ਰਹੀ ਹੁੰਦੀ ਹੈ। ਕਿਸੇ ਸ਼ਬਦ ਦੀ ਸੰਰਚਨਾ ਖ਼ੁਸ਼ਗਵਾਰ ਜਾਂ ਅਖ਼ੁਸ਼ਗਵਾਰ ਅਧਿਸੁਰ ਜਾਗ੍ਰਿਤ ਕਰ ਸਕਦੀ ਹੈ। ਕਰਤਾਰ ਸਿੰਘ ਦੁੱਗਲ ਦੇ ਨਾਵਾਂ ਅਤੇ ਕਹਾਣੀਆਂ ਬਾਰੇ ਇਹ ਆਮ ਸ਼ਿਕਾਇਤ ਕੀਤੀ ਜਾਂਦੀ ਹੈ ਕਿ ਉਹ ਆਪਣੇ ਰਚਨਾ-ਪਾਠ ਵਿਚ ਅਜਿਹੇ ਸ਼ਬਦਾਂ ਦਾ ਪ੍ਰਯੋਗ ਕਰਦਾ ਹੈ, ਜੋ ਨਾਖ਼ੁਸ਼ਗਵਾਰ ਅਧਿਸੁਰ ਜਾਗ੍ਰਿਤ ਕਰਦੇ ਹਨ, ਜਿਨ੍ਹਾਂ ਕਰਕੇ ਪਾਠਕ ਨੂੰ ਘ੍ਰਿਣਾ ਤੇ ਕੁਰਹਿਤ ਮਹਿਸੂਸ ਹੁੰਦੀ ਹੈ। ਇਹੋ ਹੀ ਸ਼ਿਕਾਇਤ ਉਰਦੂ ਦੇ ਅਫ਼ਸਾਨਾ ਨਵੀਸ ਸਾਅਦਤ ਹਸਨ ਮੰਟੋ ਦੇ ਰਚਨਾ-ਪਾਠ ਵਿਚ ਆਉਂਦੇ ਇਸ ਪ੍ਰਕਾਰ ਦੇ ਕੋਸ਼-ਮਦਾਂ (lexicon items) ਬਾਰੇ ਕੀਤੀ ਜਾਂਦੀ ਹੈ।

(ਅ) ਭਾਵ ਜਾਂ ਚਿਹਨਿਤ ਦੁਆਲੇ ਉਤਪੰਨ ਕੀਤੇ ਜਾਂਦੇ ਅਧਿਸੂਰ

ਕੁਝ ਅਧਿਸੂਰ ਕੇਵਲ ਇਕ ਵਿਸ਼ੇਸ਼ ਸੰਦਰਭ ਜਾਂ ਸਥਿਤੀ ਨਾਲ ਸੰਬੰਧਿਤ ਹੁੰਦੇ ਹਨ। ਕੁਝ ਅਧਿਸੂਰ ਕਿਸੇ ਇਕ ਵਿਅਕਤੀ ਦੇ ਬੋਲਾਂ ਨਾਲ ਉਤਪੰਨ ਹੁੰਦੇ ਹਨ ਅਤੇ ਉਹ ਕਾਫ਼ੀ ਹੱਦ ਤਕ ਸਥਿਰ ਹੁੰਦੇ ਹਨ। ਪਰ ਵਧੇਰੇ ਮਹੱਤਵਪੂਰਨ ਉਹ ਅਧਿਸੂਰ ਹੁੰਦੇ ਹਨ, ਜੋ ਕਿਸੇ ਵਿਸ਼ੇਸ਼ ਯੁੱਗ ਦੇ ਪ੍ਰਚਲਿਤ ਨਾਹਰਿਆਂ ਜਾਂ ਪ੍ਰਮੁੱਖ ਸ਼ਬਦਾਂ ਦੇ ਦੁਆਲੇ ਉਤਪੰਨ ਹੁੰਦੇ ਹਨ। ਭਾਰਤ ਦੀ ਅਜੋਕੀ ਰਾਜਨੀਤੀ ਵਿਚ ਅਜਿਹੇ ਸ਼ਬਦ ਪ੍ਰਚਲਿਤ ਹਨ, ਜਿਨ੍ਹਾਂ ਦੇ ਭਾਵਾਂ ਦੁਆਲੇ ਆਧੁਨਿਕ ਲੋਕਤੰਤਰੀ ਸੋਚਣੀ ਦੇ ਅਧਿਸੂਰ ਜਾਗ੍ਰਿਤ ਹੁੰਦੇ ਹਨ। ਸੰਪੂਰਨ ਕ੍ਰਾਂਤੀ, ਲੋਕ ਭਲਾਈ, ਐਮਰਜੈਂਸੀ ਵਧੀਕੀਆਂ, ਕੈਕਸ ਆਦਿ ਸ਼ਬਦ ਉਦਾਹਰਣ ਵਜੋਂ ਦਿੱਤੇ ਜਾ ਸਕਦੇ ਹਨ।

(ੲ) ਵਿਸ਼ੇਸ਼ ਰਜਿਸਟਰਾਂ ਨਾਲ ਸੰਬੰਧਿਤ ਅਧਿਸੂਰ

ਕਿਸੇ ਭਾਸ਼ਾ ਵਿਚ ਰਜਿਸਟਰ ਭਾਸ਼ਾ ਦੀ ਉਹ ਵਿਸ਼ੇਸ਼ ਵੰਨਗੀ ਹੈ, ਜੋ ਵੱਖੋ-ਵੱਖਰੇ ਕਿੱਤਿਆਂ ਦੇ ਕਾਰਨ ਆਪਣੀ ਵਿਸ਼ੇਸ਼ ਵਰਤੋਂ ਕਾਰਨ ਨਿੱਖੜਵਾਂ ਰੂਪ ਧਾਰਨ ਕਰ ਜਾਂਦੀ ਹੈ। ਹਰ ਕਿੱਤੇ ਨਾਲ ਸੰਬੰਧਿਤ ਭਾਸ਼ਾ ਵੰਨਗੀ ਦੇ ਸ਼ਬਦਾਂ ਦੇ ਆਪਣੇ ਨਿੱਖੜਵੇਂ ਅਧਿਸੂਰ ਪੈਦਾ ਹੋ ਜਾਂਦੇ ਹਨ। ਕਿਸੇ ਭਾਸ਼ਾ ਦੇ ਸ਼ਬਦਾਂ ਵਿਚ ਇਕ ਅਜਿਹੀ ਸ਼ਕਤੀ ਹੁੰਦੀ ਹੈ, ਜੋ ਉਹਨਾਂ ਰਜਿਸਟਰਾਂ ਨੂੰ ਜਾਗ੍ਰਿਤ ਕਰ ਸਕਦੀ ਹੈ, ਜਿਨ੍ਹਾਂ ਨਾਲ ਉਹਨਾਂ ਦਾ ਸੰਬੰਧ ਹੁੰਦਾ ਹੈ। ਕੋਈ ਵਿਅਕਤੀ ਆਪਣੇ ਤੋਂ ਵੱਡੇ ਨਾਲ ਬੋਲ ਰਿਹਾ ਹੈ ਜਾਂ ਛੋਟੇ ਨਾਲ, ਸੰਬੋਧਿਤ ਵਿਅਕਤੀ ਨਾਲ ਉਸ ਦਾ ਸੰਬੰਧ ਓਪਰਾ ਹੈ ਜਾਂ ਗੂੜ੍ਹਾ—ਇਹਨਾਂ ਸਾਰੀਆਂ ਗੱਲਾਂ ਦੀ ਪਛਾਣ ਸ਼ਬਦ ਦੁਆਰਾ ਜਗਾਏ ਗਏ ਉਸ ਭਾਵ ਤੋਂ ਹੁੰਦੀ ਹੈ, ਜਿਸ ਨਾਲ ਉਹ ਸ਼ਬਦ ਸੰਬੰਧਿਤ ਹੈ। ਹਰ ਭਾਸ਼ਾ ਵਿਚ ਸ਼ਬਦਾਂ ਦੇ ਅਧਿਸੂਰ ਨੂੰ ਤੀਬਰ ਕਰਨ ਲਈ ਕੁਝ ਵਿਸ਼ੇਸ਼ ਜੁਗਤਾਂ ਮਿਲਦੀਆਂ ਹਨ। 'ਆਪ ਦਾ **ਕੋਟ ਕੋਟ ਧੰਨਵਾਦ**', '**ਬੜੀ ਕਿਰਪਾ ਹੋਵੇਗੀ** ਜੇਕਰ ਆਪ **ਮੇਰੀ ਬੇਨਤੀ ਵੱਲ** ਧਿਆਨ ਦਿਓਗੇ', 'ਮੈਨੂੰ **ਬੇਹੱਦ ਅਫ਼ਸੋਸ** ਹੈ ਕਿ ਮੈਂ ਆਪ ਦੇ **ਹੁਕਮ ਦੀ ਪਾਲਨਾ** ਨਹੀਂ ਕਰ ਸਕਿਆ', '**ਉਪਰ ਕਥਿਤ ਪ੍ਰਤਿਵਾਦੀ** ਨੂੰ ਇਹ ਆਦੇਸ਼ ਦਿੱਤਾ ਜਾਂਦਾ ਹੈ' ਆਦਿ ਸਭ ਵਾਕਾਂ ਜਾਂ ਵਾਕੰਸ਼ਾਂ ਵਿਚ ਲੋੜ ਅਨੁਸਾਰ ਸ਼ਬਦਾਂ ਦੇ ਅਧਿਸੂਰਾਂ ਨੂੰ ਤੀਬਰ ਬਨਾਉਣ ਲਈ ਗੂੜ੍ਹੇ ਸ਼ਬਦ ਵਰਤੇ ਗਏ ਹਨ। ਪਛਤਾਵਾ, ਮੁਆਫ਼ੀ, ਕਿਸੇ ਅੱਗੇ ਬੇਨਤੀ ਜਾਂ ਪ੍ਰਾਰਥਨਾ ਕਰਨ ਸਮੇਂ ਅਧਿਸੂਰ ਵਿਚ ਤੀਬਰਤਾ ਪੈਦਾ ਕਰਨ ਲਈ 'ਬਹੁਤ', 'ਅਜ਼ਹਦ', 'ਦੋਵੇਂ ਹੱਥ ਜੋੜ ਕੇ', 'ਸਨਿਮਰ' ਆਦਿ ਸ਼ਬਦਾਂ ਦਾ ਪ੍ਰਯੋਗ ਜੁਗਤਾਂ ਦੇ ਰੂਪ ਵਿਚ ਹੁੰਦਾ ਹੈ। ਵਿਆਕਰਣਕ ਪੱਖ ਤੋਂ ਸ਼ਬਦ-ਕ੍ਰਮ ਨੂੰ ਬਦਲਣ ਨਾਲ ਅਰਥ-ਮੂਲਕ ਅਧਿਸੂਰਾਂ ਵਿਚ ਸ਼ਕਤੀ ਲਿਆਂਦੀ ਜਾਂਦੀ ਹੈ, ਜਿਵੇਂ ਹੇਠ ਲਿਖੀਆਂ ਕਾਵਿ-ਪੰਗਤੀਆਂ ਦੀ ਵਿਆਕਰਣਕ ਬਣਤਰ ਉਦਾਹਰਣ ਵਜੋਂ ਲੈ ਸਕਦੇ ਹਾਂ :

ਤੇਰਾ ਮੇਰਾ ਬਚਪਨ 'ਸੀ' ਅੰਧਿਆਰਾ
ਪੋਹ-ਮਾਹੀ ਮੱਸਿਆ ਦਾ ਗੂੜ੍ਹਾ ਪਸਾਰਾ

ਕਲ-ਮੁਕੱਲਾ ਕਾਲਾ ਪਾਲਾ
ਏਸ ਹਨੇਰੇ ਵਿਚ ਬਲਦਾ ਸਰਕੰਡਾ
ਯਾਰ ਮੇਰੇ ਦਾ ਸੂਹਾ ਮਘਦਾ ਚਿਹਰਾ
ਬਚਪਨ 'ਸੀ' ਅੰਧਿਆਰਾ, ਬੇਰੁਜ਼ਗਾਰਾ

ਅਸੀਂ ਦੇਖਦੇ ਹਾਂ ਕਿ ਪਹਿਲੀ ਪੰਗਤੀ ਵਿਚ ਕਿਰਿਆ ਕਰਤਾ ਅਤੇ ਕਰਮ ਦੇ ਵਿਚਕਾਰ ਆਉਂਦੀ ਹੈ, ਜਦੋਂ ਕਿ ਪੰਜਾਬੀ ਵਾਕ-ਬਣਤਰ ਦੇ ਮੁਤਾਬਿਕ ਇਹ ਅੰਤ ਉਪਰ ਆਉਣੀ ਚਾਹੀਦੀ ਸੀ। ਇਹੋ ਪੈਟਰਨ ਅੰਤਲੀ ਪੰਗਤੀ ਵਿਚ ਵੀ ਮਿਲਦਾ ਹੈ। ਕਵੀ ਕਿਰਿਆ ਨੂੰ ਵਿਚਕਾਰ ਲਿਆ ਕੇ ਸ਼ਬਦਾਂ ਦੇ ਅਧਿਸੂਰ ਉਪਰ ਬਲ ਦੇਂਦਾ ਹੈ। ਬਾਕੀ ਸਤਰਾਂ ਵਿਚ ਕਿਰਿਆ ਕੋਈ ਨਹੀਂ, ਕਿਉਂਕਿ ਇੱਕੋ ਜਟਿਲ ਵਾਕ ਦਾ ਅੰਗ ਬਣਦੇ ਹਨ, ਪਰ ਉਹਨਾਂ ਵਿਚ ਦੋਹਰੇ ਵਿਸ਼ੇਸ਼ਣ 'ਪੋਹ-ਮਾਹੀ ਮੱਸਿਆ', 'ਗੂੜ੍ਹਾ ਪਾਸਾਰਾ', 'ਕਲ-ਮੁਕੱਲਾ', 'ਕਾਲਾ ਪਾਲਾ', 'ਸੂਹਾ ਮਘਦਾ ਚਿਹਰਾ', 'ਅੰਧਿਆਰਾ', 'ਬੇਰੁਜ਼ਗਾਰਾ' ਆਦਿ ਅਧਿਸੂਰ ਵਿਚ ਤੀਬਰਤਾ ਲਿਆਉਣ ਦਾ ਕੰਮ ਕਰਦੇ ਹਨ।

ਜਟਿਲ ਅਰਥ ਸਥਿਤੀਆਂ ਵਿਚ ਅਸੀਂ ਅਨੇਕਾਰਥਤਾ (polysemy) ਅਤੇ ਸਮਾਨਤਾ (homonymy) ਦੋਹਾਂ ਦੇ ਸ਼ੈਲੀ ਵਿਗਿਆਨਕ ਜੁਗਤਾਂ ਦੇ ਰੂਪ ਵਿਚ ਮਹੱਤਵ ਬਾਰੇ ਇਸ਼ਾਰਾ ਕਰ ਆਏ ਹਾਂ। ਅਸੀਂ ਦੇਖਿਆ ਹੈ ਕਿ ਕਿਸੇ ਰਚਨਾ ਪਾਠ ਵਿਚ ਸਲੇਸ਼ ਅਤੇ ਅਰਥ ਅਨਿਸ਼ਚੈ ਉਤਪੰਨ ਕਰਨ ਵਿਚ ਇਹਨਾਂ ਦਾ ਬੜਾ ਮਹੱਤਵਪੂਰਨ ਰੋਲ ਹੁੰਦਾ ਹੈ।

ਸ਼ੈਲੀ ਵਿਗਿਆਨ ਦੇ ਖੇਤਰ ਵਿਚ ਸਭ ਤੋਂ ਵੱਧ ਮਹੱਤਵਪੂਰਨ ਰੋਲ ਸ਼ਬਦਾਂ ਦੇ ਆਪਸ ਵਿਚ ਅਰਥਵਤ ਸੰਬੰਧਾਂ ਨੇ ਅਦਾ ਕੀਤਾ ਹੈ। ਸੰਰਚਨਾਤਮਕ ਅਰਥ-ਵਿਗਿਆਨ ਦੀ ਅਜੋਕੀ ਰੁਚੀ ਸ਼ਬਦਾਂ ਦੇ ਸੰਬੰਧਾਂ ਨੂੰ ਇਕ ਦੂਜੇ ਦੇ ਆਹਮੋ-ਸਾਹਮਣੇ ਰੱਖ ਕੇ ਵੇਖਣ ਵਿਚ ਨਜ਼ਰ ਆਉਂਦੀ ਹੈ। ਦੋ ਸ਼ਬਦ ਸਮਾਨਾਰਥਕ ਹੋ ਸਕਦੇ ਹਨ, ਇਕ ਦੂਜੇ ਦੇ ਬਿਲਕੁਲ ਵਿਰੋਧੀ ਅਰਥਾਂ ਵਾਲੇ ਵੀ ਜਾਂ ਕਈ ਵਾਰੀ ਉਹਨਾਂ ਵਿੱਚੋਂ ਇਕ ਸ਼ਬਦ ਦੂਜੇ ਦੇ ਅਧੀਨ ਵੀ ਹੋ ਸਕਦਾ ਹੈ। ਸ਼ਬਦਾਂ ਦੇ ਇਹਨਾਂ ਸੰਬੰਧਾਂ ਤੋਂ ਇਲਾਵਾ ਪੈਰਾਡਿਗਮੈਟਿਕ ਅਤੇ ਸਿਨਟਿਗਮੈਟਿਕ ਸੰਬੰਧਾਂ ਦੇ ਆਧਾਰ ਉਪਰ ਵੀ ਉਹਨਾਂ ਦਾ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ। ਸ਼ੈਲੀ ਵਿਗਿਆਨੀਆਂ ਨੇ ਰਚਨਾ-ਪਾਠ ਵਿਸ਼ਲੇਸ਼ਣ ਲਈ ਇਸ ਵੰਡ ਦੀ ਵਰਤੋਂ ਬੜੇ ਸਾਰਥਿਕ ਢੰਗ ਨਾਲ ਕੀਤੀ ਹੈ। ਪੈਰਾਡਿਗਮੈਟਿਕ ਢੰਗ ਤੋਂ ਸ਼ੈਲੀ ਵਿਗਿਆਨ ਵਿਚ ਸਮਾਨਾਰਥਕਤਾ (synonymy) ਦਾ ਮਹੱਤਵ ਬਹੁਤ ਜ਼ਿਆਦਾ ਹੈ। ਕੋਈ ਲੇਖਕ ਆਪਣੀ ਭਾਸ਼ਾ ਵਿਚ ਪ੍ਰਾਪਤ ਸ਼ਬਦ-ਸਮੂਹ ਵਿੱਚੋਂ ਸਮਾਨਾਰਥ ਜਾਂ ਅਰਧ-ਸਮਾਨਾਰਥ ਰੱਖਣ ਵਾਲੇ ਬਹੁਤ ਸਾਰੇ ਸ਼ਬਦਾਂ ਵਿੱਚੋਂ ਇਕ ਦੀ ਚੋਣ ਕਰਦਾ ਹੈ। ਅਸੀਂ ਪੈਰ ਸ਼ਬਦ ਦੀ ਉਦਾਹਰਣ ਲੈ ਸਕਦੇ ਹਾ। ਪੈਰ ਦੇ ਸਮਾਨਾਰਥੀ ਸ਼ਬਦ ਹੋਰ ਕਈ ਹੋ ਸਕਦੇ ਹਨ, ਜਿਵੇਂ ਚਰਣ, ਪਦ, ਪਾਦ, ਪਗ, ਖੁਰ ਆਦਿ। ਪਰ ਵੱਖੋ-ਵੱਖਰੇ ਭਾਸ਼ਾਈ ਪਾਠਾਂ ਵਿਚ ਵਰਤੋਂ ਲਈ ਇਹਨਾਂ ਵਿੱਚੋਂ ਕਿਸੇ ਇਕ ਦੀ ਚੋਣ ਦੀ ਸੰਭਾਵਨਾ ਹੁੰਦੀ ਹੈ। ਇਸ ਚੋਣ ਦਾ ਸ਼ਬਦ ਦਾ ਬੋਧਾਰਥ (cognitive meaning) ਨਾਲ ਕੋਈ ਸਰੋਕਾਰ ਨਹੀਂ ਹੁੰਦਾ। ਬਲਕਿ

ਇਸ ਚੋਣ ਦੇ ਕਈ ਆਧਾਰ ਹੋ ਸਕਦੇ ਹਨ। ਇਹ ਆਧਾਰ ਕੀ ਹੁੰਦੇ ਹਨ ? ਇਹਨਾਂ ਬਾਰੇ ਸ਼ੈਲੀ ਵਿਗਿਆਨੀਆਂ ਦਾ ਕੋਈ ਨਿਸਚਿਤ ਮੱਤ ਨਹੀਂ। ਸਮਾਨਾਰਥੀ ਸ਼ਬਦਾਂ ਵਿੱਚੋਂ ਕੋਈ ਵਕਤਾ ਕਿਉਂਕਿ ਕਿਸੇ ਵਿਸ਼ੇਸ਼ ਸ਼ਬਦ ਦੀ ਹੀ ਚੋਣ ਕਰਦਾ ਹੈ, ਸ਼ੈਲੀ-ਵਿਗਿਆਨਕ ਪੱਖ ਤੋਂ ਉਸ ਦੇ ਹੇਠ ਲਿਖੇ ਕਾਰਨਾਂ ਦੀ ਸੰਭਾਵਨਾ ਕਲਪਿਤ ਕੀਤੀ ਗਈ ਹੈ :

(1) ਦੋਹਾਂ ਸਮਾਨਾਰਥੀ ਸ਼ਬਦਾਂ ਵਿੱਚੋਂ ਇਕ ਵਧੇਰੇ ਸਾਮਾਨਯ ਹੋ ਸਕਦਾ ਹੈ, ਜਿਵੇਂ ਚੁੱਪ—ਮੂਕ।

(2) ਦੋਹਾਂ ਵਿੱਚੋਂ ਇਕ ਵਧੇਰੇ ਸਖ਼ਤ ਤੇ ਤਿੱਖਾ ਹੋ ਸਕਦਾ ਹੈ, ਜਿਵੇਂ ਦਫ਼ਾ ਹੋ ਜਾ—ਚਲਾ ਜਾ।

(3) ਇਕ ਦੂਜੇ ਨਾਲੋਂ ਵਧੇਰੇ ਭਾਵੁਕ ਹੋ ਸਕਦਾ ਹੈ, ਜਿਵੇਂ ਗਲੋਂ ਲਾਹ ਦਿੱਤਾ—ਛੱਡ ਦਿੱਤਾ।

(4) ਇਕ ਵਿਚ ਨੈਤਿਕ ਦ੍ਰਿਸ਼ਟੀ ਤੋਂ ਫਿਟਕਾਰ ਦਾ ਭਾਵ ਹੋ ਸਕਦਾ ਹੈ, ਜੋ ਦੂਜੇ ਵਿਚ ਨਹੀਂ, ਜਿਵੇਂ—ਰੰਡੀ—ਪਤੀ ਵਿਹੂਣੀ।

(5) ਇਕ ਸ਼ਬਦ ਵਿਚ ਦੂਜੇ ਦੀ ਤੁਲਨਾ ਵਿਚ ਕਿੱਤੇ ਦਾ ਰੰਗ ਹੋ ਸਕਦਾ ਹੈ, ਜਿਵੇਂ ਮੁਲਾਜ਼ਮਤ—ਨੌਕਰੀ।

(6) ਇਕ ਸ਼ਬਦ ਦੂਜੇ ਨਾਲੋਂ ਵਧੇਰੇ ਸਾਹਿਤਕ ਹੋ ਸਕਦਾ ਹੈ, ਜਿਵੇਂ ਚਲਾਣਾ—ਮੌਤ।

(7) ਇਕ ਸ਼ਬਦ ਦੂਜੇ ਨਾਲੋਂ ਬੋਲਚਾਲ ਦੇ ਵਧੇਰੇ ਨੇੜੇ ਹੋ ਸਕਦਾ ਹੈ, ਜਿਵੇਂ ਅਨਪੜ੍ਹ—ਅਸਿੱਖਿਅਤ।

(8) ਇਕ ਸ਼ਬਦ ਦੂਜੇ ਨਾਲੋਂ ਵਧੇਰੇ ਸਥਾਨਕ ਰੰਗਣ ਵਾਲਾ ਜਾਂ ਬੋਲੀ ਦੇ ਨੇੜੇ ਹੋ ਸਕਦਾ ਹੈ, ਜਿਵੇਂ ਵਰਗ—ਢਾਣੀ।

(9) ਇਕ ਸ਼ਬਦ ਦੂਜੇ ਨਾਲੋਂ ਬੱਚੇ ਦੀ ਬੋਲੀ ਦੇ ਨੇੜੇ ਹੋ ਸਕਦਾ ਹੈ, ਜਿਵੇਂ ਖ਼ੂਜਾ—ਖਰਬੂਜਾ, ਬੂੰਗਾ—ਬਲੂੰਗੜਾ।

ਉਪਰੋਕਤ ਦਿੱਤੇ ਸਮਾਨਾਰਥੀ ਸ਼ਬਦਾਂ ਵਿੱਚੋਂ ਕਿਸੇ ਇਕ ਦੀ ਚੋਣ ਦੇ ਆਧਾਰ ’ਤੇ ਭਾਵੁਕ ਅਧਿਸੂਰ ਦੇ ਅੰਤਰ ਕਈ ਹੋਰ ਸ਼ੈਲੀ ਵਿਗਿਆਨਕ ਕਾਰਨਾਂ ਨਾਲ ਜੁੜੇ ਹੋਏ ਹਨ। ਇਹਨਾਂ ਵਿਸ਼ੇਸ਼ ਸ਼ਬਦ ਚੋਣ ਦੇ ਕਾਰਨਾਂ ਦੀਆਂ ਸਾਰੀਆਂ ਸੰਭਾਵਨਾਵਾਂ ਮੁੱਕ ਨਹੀਂ ਜਾਂਦੀਆਂ। ਜਿਉਂ-ਜਿਉਂ ਸ਼ਬਦ ਵਿਹਾਰ ਵਿਚ ਲਿਆਂਦੇ ਜਾਂਦੇ ਹਨ, ਉਹਨਾਂ ਦੇ ਸੰਦਰਭਾਰਥ ਵਧਦੇ ਜਾਂਦੇ ਹਨ। ਇਸ ਦੇ ਨਾਲ-ਨਾਲ ਹੀ ਸਮਾਨਾਰਥੀ ਸ਼ਬਦ ਚੋਣ ਦੇ ਆਧਾਰਾਂ ਦਾ ਖੇਤਰ ਵੀ ਫੈਲਦਾ ਜਾਂਦਾ ਹੈ।

ਕਈ ਵਾਰੀ ਸਮਾਨਾਰਥੀ ਸ਼ਬਦਾਂ ਵਿੱਚੋਂ ਚੋਣ ਕਰਨ ਦੀ ਬਜਾਏ ਇਕ ਸਿੱਧੇ ਅਤੇ ਦੂਜੇ ਵਕਰੋਕਤੀ ਰੂਪ (periphrastic) ਰੱਖਣ ਵਾਲੇ ਸ਼ਬਦਾਂ ਵਿੱਚੋਂ ਚੋਣ ਕਰਨੀ ਹੁੰਦੀ ਹੈ। ‘ਨਵੀਂ ਦਿੱਲੀ’ ਸ਼ਬਦ ‘ਨਵੀਂ ਦਿੱਲੀ ਨਗਰ’ ਦਾ ਵੀ ਸੂਚਕ ਹੈ ਅਤੇ ਭਾਰਤ ਦੀ ਰਾਜਧਾਨੀ ਦਾ ਵੀ। ਦੂਜੀ ਹਾਲਤ ਵਿਚ ਵਰਤੇ ਜਾਂਦੇ ‘ਨਵੀਂ ਦਿੱਲੀ’ ਸ਼ਬਦ

ਨੂੰ ਵਕਰੋਕਤੀ (periphrastic) ਪ੍ਰਗਟਾਵਾ ਸ਼ੈਲੀ ਵਿਗਿਆਨਕ ਦ੍ਰਿਸ਼ਟੀ ਤੋਂ ਸਾਰਥਿਕ ਜੁਗਤ ਵਜੋਂ ਵਰਤਿਆ ਜਾਂਦਾ ਹੈ। ਸੰਤ ਸਿੰਘ ਸੇਖੋਂ ਦੇ ਨਾਟਕ 'ਦਮਯੰਤੀ' ਵਿਚ ਮਿਥਿਹਾਸਕ ਨਾਵਾਂ ਵਾਲੇ ਪਾਤਰ ਸਿੱਧੇ ਤੌਰ 'ਤੇ ਵਿਅਕਤੀਆਂ ਦੀ ਪ੍ਰਤਿਨਿਧਤਾ ਕਰਦੇ ਹਨ, ਪਰ ਉਹਨਾਂ ਦੁਆਰਾ ਵਕਰੋਕਤੀ ਪ੍ਰਗਟਾਵਾ ਵੀ ਕੀਤਾ ਗਿਆ ਹੈ।

ਸਿਨਟੈਗਮੈਟਿਕ ਸੰਬੰਧ

ਕਿਸੇ ਭਾਸ਼ਾਈ ਰਚਨਾ-ਪਾਠ ਵਿਚ ਸ਼ਬਦਾਂ ਦਾ ਆਪਸੀ ਸੰਬੰਧ ਸਿਨਟੈਗਮੈਟਿਕ ਰਿਸ਼ਤਿਆਂ ਵਿਚ ਬੱਝਾ ਹੁੰਦਾ ਹੈ, ਜਿਵੇਂ ਅਸੀਂ ਸਮਾਨਾਰਥੀ ਸ਼ਬਦਾਂ ਦੀ ਉਦਾਹਰਣ ਵਿਚ ਵੇਖਿਆ ਹੈ। ਪਰ ਇਹਨਾਂ ਦੇ ਆਪਸ ਵਿਚ ਇਕ ਹੋਰ ਪ੍ਰਕਾਰ ਦੇ ਸੰਬੰਧ ਵੀ ਪੈਦਾ ਹੋ ਸਕਦੇ ਹਨ, ਜਿਨ੍ਹਾਂ ਨੂੰ ਅਸੀਂ ਪੈਰਾਡਿਗਮੈਟਿਕ (paradigmatic) ਸੰਬੰਧ ਕਹਿ ਸਕਦੇ ਹਾਂ। ਸਮਾਨਾਰਥੀ ਸ਼ਬਦਾਂ ਨੂੰ ਸਹਿਚਾਰ ਵਿਚ ਬੰਨ੍ਹਣਾ ਇਕ ਆਮ ਜਾਣੀ-ਪਛਾਣੀ ਸ਼ੈਲੀ ਵਿਗਿਆਨਕ ਜੁਗਤ ਹੈ। ਇਸ ਜੁਗਤ ਦੀ ਵਰਤੋਂ ਪਿੱਛੇ ਕਈ ਵਾਰੀ ਭਾਵਾਤਮਕ ਪ੍ਰੇਰਣਾ ਕੰਮ ਕਰ ਰਹੀ ਹੁੰਦੀ ਹੈ। ਅਸੀਂ ਕਈ ਵਾਰੀ ਆਪਣੇ ਰੋਸ, ਗ਼ੁੱਸੇ, ਉਤੇਜਨਾ ਨੂੰ ਪ੍ਰਗਟਾਉਣ ਲਈ ਸਮਾਨਾਰਥੀ ਸ਼ਬਦਾਂ ਦੇ ਢੇਰ ਲਗਾਈ ਜਾਂਦੇ ਹਾਂ। ਕਿਸੇ ਅਰਥ ਉਪਰ ਬਲ ਦੇਣ ਲਈ ਜਾਂ ਪਰਸਪਰ ਵਿਰੋਧ ਨੂੰ ਦਰਸਾਉਣ ਲਈ ਸਮਾਨਾਰਥੀ ਸ਼ਬਦ ਵਰਤੋਂ ਵਿਚ ਲਿਆਂਦੇ ਜਾਂਦੇ ਹਨ। ਕਈ ਵਾਰੀ ਭਾਸ਼ਾਈ ਸੰਬਾਦ, ਵਿਸ਼ੇਸ਼ ਕਰਕੇ ਕਾਵਿ-ਸੰਬਾਦ ਵਿਚ ਪਰਸਪਰ ਵਿਰੋਧੀ ਅਰਥਾਂ (antonymous) ਵਾਲੇ ਸ਼ਬਦਾਂ ਨੂੰ ਵੀ ਜੋੜ ਕੇ ਇੱਛਤ ਪ੍ਰਭਾਵ ਉਤਪੰਨ ਕੀਤਾ ਜਾਂਦਾ ਹੈ। ਉਦਾਹਰਣ ਲਈ ਮੋਹਨ ਸਿੰਘ ਦੇ ਗੀਤ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਵਿਰੋਧੀ ਤੱਤਾਂ ਨੂੰ ਜੋੜਿਆ ਗਿਆ ਹੈ:

'ਧੁੱਪਾਂ ਦੇ' ਗਲ 'ਛਾਵਾਂ' ਲੱਗੀਆਂ
'ਪਾਣੀਆਂ' ਗਲ 'ਹਵਾਵਾਂ' ਲੱਗੀਆਂ
'ਧਰਤੀ' ਦੇ ਗਲ 'ਅੰਬਰ' ਲੱਗੇ
ਸੱਖਣੀਆਂ ਸਾਡੀਆਂ ਬਾਹੀਆਂ ਵੇ।

ਅਤੇ ਇਸ ਤਰ੍ਹਾਂ:

'ਮੇਘਾਂ ਬਿਜਲੀ' ਲਾਈ ਕਲਾਵੇ
'ਚਾਨਣ' ਨੇਰ੍ਹੇ ਨੂੰ 'ਗਲ' ਲਾਵੇ
ਐਪਰ ਸਾਡੀ ਜਿੰਦ ਇਕੱਲੀ
ਤੇਰੀਆਂ ਬੇ-ਪਰਵਾਹੀਆਂ ਵੇ।

ਇਸ ਪ੍ਰਕਾਰ ਦੇ ਵਿਰੋਧੀ ਤੱਤਾਂ ਦੇ ਮੇਲ ਨੂੰ ਰਿਟੈਰੀਕਲ ਜੁਗਤ ਦੇ ਰੂਪ ਵਿਚ ਐਂਟੀ ਥੀਸਿਸ (anti-thesis) ਦਾ ਨਾਂ ਦਿੱਤਾ ਜਾਂਦਾ ਹੈ।

ਸਿਨਟੈਗਮੈਟਿਕ ਪੱਧਰ ਉਪਰ ਇਕ ਹੋਰ ਸ਼ੈਲੀ ਵਿਗਿਆਨਕ ਜੁਗਤ

ਦੁਹਰਾਉਂਦੀ ਹੈ, ਜੋ ਕਾਵਿ-ਸੰਬਾਦ ਵਿਚ ਖ਼ਾਸ ਤੌਰ 'ਤੇ ਗੀਤ ਵਿਚ ਕਵੀ ਬੜੀ ਸਫਲਤਾ ਨਾਲ ਵਰਤਦਾ ਹੈ। ਮੋਹਨ ਸਿੰਘ ਦੇ ਹੇਠ ਲਿਖੇ ਗੀਤ ਵਿਚ ਲਕੀਰੇ ਸ਼ਬਦ ਬਾਰ-ਬਾਰ ਦੁਹਰਾਏ ਗਏ ਹਨ। ਜੀਵਨ-ਰੌ ਦੇ ਸਥਿਰ ਹੋ ਜਾਣ ਦਾ ਭਾਵ ਧੁਨੀ-ਅਨੁਕਰਣ ਰਾਹੀਂ ਦੇਣ ਤੋਂ ਇਲਾਵਾ ਇਹਨਾਂ ਦਾ ਬਾਰ-ਬਾਰ ਦੁਹਰਾਉ ਕਵਿਤਾ ਦੇ ਭਾਵ ਨੂੰ ਗੂੜ੍ਹਿਆਂ ਕਰਨ ਵਿਚ ਸਹਾਇਕ ਹੁੰਦਾ ਹੈ:

ਸਰਾਂ ਦੇ ਪਾਣੀ
'ਸੁੱਕ ਚਲੇ, ਸੁੱਕ ਚਲੇ, ਸੁੱਕ ਚਲੇ'
ਰੱਥ ਤਾਰਿਆਂ ਦੇ
'ਰੁਕ ਚਲੇ, ਰੁਕ ਚਲੇ, ਰੁਕ ਚਲੇ'
ਬੜੇ ਮਾਣਾਂ ਦੇ ਮੱਤੇ
ਲਹੂ ਤੇਜ਼ ਤੇ ਤੱਤੇ
'ਝੁਕ ਚਲੇ, ਝੁਕ ਚਲੇ, ਝੁਕ ਚਲੇ'
ਗਿਣ ਗਿਣ ਕਦਮ ਧਰੇ
ਸੰਭਲ ਬੁੱਕ ਭਰੇ
ਤਿਲ ਥੋਹਰੜੇ ਜੀ
'ਮੁਕ ਚਲੇ, ਮੁਕ ਚਲੇ, ਮੁਕ ਚਲੇ'।

ਸ਼ਬਦਾਂ ਦੇ ਸਿਨਟੈਗਮੈਟਿਕ ਸੰਬੰਧਾਂ ਉਪਰ ਵਿਚਾਰ ਕਰਨ ਨਾਲ ਅਸੀਂ ਅਰਥ-ਵਿਗਿਆਨ ਤੋਂ ਵਾਕ-ਵਿਗਿਆਨ ਦੇ ਖੇਤਰ ਵਿਚ ਦਾਖ਼ਲ ਹੋ ਜਾਂਦੇ ਹਾਂ। ਭਾਸ਼ਾ-ਵਿਗਿਆਨ ਦੇ ਇਹਨਾਂ ਦੋ ਖੇਤਰਾਂ ਵਿਚ ਵਧਦੀ ਨੇੜਤਾ ਨੇ ਸ਼ੈਲੀ-ਅਧਿਐਨ ਦੇ ਭਿੰਨ-ਭਿੰਨ ਪੱਖਾਂ ਨੂੰ ਨਵੇਂ ਪੱਖਾਂ ਤੋਂ ਵਿਚਾਰਨ ਲਈ ਬੜੇ ਦਿਲਚਸਪ ਵਿਸ਼ਲੇਸ਼ਣ ਦੀਆਂ ਸੰਭਾਵਨਾਵਾਂ ਨੂੰ ਜਨਮ ਦਿੱਤਾ ਹੈ। ਉਪਰਲੇ ਅਧਿਐਨ ਵਿਚ ਸਾਡਾ ਸਾਰਾ ਜ਼ੋਰ ਅਰਥ ਦੇ ਇਕ-ਕਾਲੀ (synchronic) ਪੱਖ ਨੂੰ ਵਿਚਾਰਨ ਉੱਤੇ ਦਿੱਤਾ ਗਿਆ ਹੈ। ਇਹਨਾਂ ਦੇ ਦੁਕਾਲਿਕ (diachronic) ਪੱਧਰ ਉਪਰ ਵੀ ਕਈ ਪਾਸਾਰ ਉਘੜਨਗੇ, ਜਿਨ੍ਹਾਂ ਉਪਰ ਵਿਚਾਰ ਕੀਤੀ ਜਾ ਸਕਦੀ ਹੈ।

ਉਪਰੋਕਤ ਵਿਚਾਰ-ਵਿਮਰਸ਼ ਦੇ ਆਧਾਰ ਉਪਰ ਅਸੀਂ ਵੇਖਿਆ ਹੈ ਕਿ ਅਰਥ-ਵਿਗਿਆਨ ਤੇ ਸ਼ੈਲੀ ਵਿਗਿਆਨ ਦੋਹਾਂ ਦੇ ਅਧਿਐਨ ਦਾ ਖੇਤਰ ਸਾਂਝਾ ਹੈ। ਕੇਵਲ ਅਰਥ-ਵਿਗਿਆਨ ਦੇ ਪੱਧਰ ਉਪਰ ਭਾਸ਼ਾ-ਵਿਗਿਆਨ ਅਤੇ ਸ਼ੈਲੀ ਵਿਗਿਆਨ ਦੋਹਾਂ ਦੀਆਂ ਅਧਿਐਨ ਰੁਚੀਆਂ ਵਿਚ ਏਨੀ ਨਿਕਟ ਸਾਂਝ ਇਹ ਸੰਕੇਤ ਕਰਦੀ ਹੈ ਕਿ ਭਾਸ਼ਾ-ਵਿਗਿਆਨ ਦੇ ਹੋਰ ਉਪ-ਖੇਤਰ ਵੀ ਸ਼ੈਲੀ ਵਿਗਿਆਨ ਨਾਲ ਬੜੀ ਡੂੰਘੀ ਅਤੇ ਸਾਰਥਿਕ ਸਾਂਝ ਰੱਖਦੇ ਹਨ।

•

ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ

ਪਿਛਲੇ ਕੁਝ ਵਰ੍ਹਿਆਂ ਵਿਚ ਸਾਹਿਤ ਆਲੋਚਨਾ ਦੀ ਫ਼ਿਜ਼ਾ ਵਿਚ ਕੁਝ ਅਜਿਹੀਆਂ ਤਬਦੀਲੀਆਂ ਆਈਆਂ ਹਨ, ਜਿਨ੍ਹਾਂ ਨਾਲ ਸਾਹਿਤਕ ਰਚਨਾ, ਇਸ ਦੀ ਹੋਂਦ ਵਿਧੀ ਇਸ ਦਾ ਲੇਖਕ ਅਤੇ ਪਾਠਕ ਨਾਲ ਸੰਬੰਧ, ਇਸ ਦੀ ਪ੍ਰਕਿਰਤੀ ਆਦਿ ਵਰਗੇ ਬੁਨਿਆਦੀ ਪ੍ਰਸ਼ਨਾਂ ਉਪਰ ਚਰਚਾ ਕੀਤੀ ਜਾ ਰਹੀ ਹੈ। ਇਸ ਪਰਿਵਰਤਨ ਦਾ ਇਕ ਹੋਰ ਪੱਖ ਇਹ ਹੈ ਕਿ ਭਿੰਨ-ਭਿੰਨ ਦੇਸ਼ਾਂ ਵਿਚ ਨਵੀਂ ਸੋਚਣੀ ਪੈਦਾ ਕਰਨ ਵਾਲੀਆਂ ਆਲੋਚਨਾ ਪ੍ਰਣਾਲੀਆਂ ਦੇਸ਼ ਅਤੇ ਕੌਮ ਦੀਆਂ ਸੀਮਾਵਾਂ ਪਾਰ ਕਰਕੇ ਆਪਣਾ ਪ੍ਰਭਾਵ ਖੇਤਰ ਵਧਾਉਣ ਲੱਗੀਆਂ ਹਨ। ਪਿਛਲੇ ਇਕ ਦਹਾਕੇ ਤੋਂ ਅਮਰੀਕੀ ਅਤੇ ਬਰਤਾਨਵੀਂ ਨਵ-ਆਲੋਚਨਾ ਦਾ ਫ਼ਰਾਂਸੀਸੀ ਨਵ-ਆਲੋਚਨਾ ਅਤੇ ਨਵ-ਸੰਰਚਨਾਵਾਦ ਨਾਲ ਸੰਬਾਦ ਹੋਣ ਲੱਗਾ ਹੈ। ਨਵ-ਆਲੋਚਨਾ ਦੇ ਸੋਧੇ ਹੋਏ ਰੂਪ ਅਤੇ ਯੋਰਪੀ ਨਵ-ਆਲੋਚਨਾ-ਚਿੰਤਨ ਕਈ ਨੁਕਤਿਆਂ ਉਪਰ ਇਕ ਦੂਜੇ ਵਿਚ ਘੁਲਣ-ਮਿਲਣ ਲੱਗੇ ਹਨ। ਪਹਿਲੀ ਪ੍ਰਕਾਰ ਦੀ ਆਲੋਚਲਾ ਦੀ ਪ੍ਰਤਿਨਿਧਤਾ ਵਿਮਸੈੱਟ, ਨਾਰਥਰੋਪ ਫ਼ਰਾਈ, ਵੇਨ ਬੂਥ, ਆਰ.ਐੱਸ. ਕਰੇਨ, ਲਿਜ਼ਲੀ ਫ਼ਿਲਡਰ ਅਤੇ ਮਾਰਸ਼ਲ ਮੈਹਕਲੂਨ ਕਰਦੇ ਹਨ ਅਤੇ ਦੂਜੀ ਰੋਲਾਂ ਬਾਰਤ ਅਤੇ ਈਕੋ ਆਦਿ ਦੁਆਰਾ ਵਿਕਸਿਤ ਹੋਈ ਹੈ। ਜਿਵੇਂ ਕਿ ਇਸ ਸਥਿਤੀ ਤੋਂ ਪਤਾ ਲੱਗਦਾ ਹੈ ਕਿ ਇਸ ਆਲੋਚਨਾ ਵਿਚ ਇਕ ਪ੍ਰਕਾਰ ਦੀ ਕਿੱਤੇ ਦੇ ਪੱਖੋਂ ਪਰਿਪਕਤਾ ਆਉਣ ਲੱਗੀ ਹੈ, ਜਿਸ ਦੀ ਭਾਹ ਸਾਨੂੰ ਇਸ ਤੋਂ ਪਹਿਲਾਂ ਦੀ ਆਲੋਚਨਾ ਵਿਚ ਨਹੀਂ ਮਿਲਦੀ। ਡੋਨਲਡ ਡੇਵੀ ਦੀ 'ਆਰਟੀਕੁਲੇਟ ਐਨਰਜੀ' (1955), ਨੌਂਵੋਟਨੀ ਦੀ 'ਦਿ ਲੈਂਗੁਏਜ ਪੋਇਟਸ ਯੂਜ਼' (1962), ਡੇਵਿਡ ਲਾਜ ਦੀ 'ਦਿ ਲੈਂਗੁਏਜ ਆਫ਼ ਫ਼ਿਕਸ਼ਨ' (1966), ਵਿਲੀਅਮ ਰਾਈਟਰ ਦੀ 'ਲੌਜਿਕ ਐਂਡ ਕ੍ਰਿਟਿਸਿਜ਼ਮ (1963), ਜੋਨ ਕੇਜ਼ੀ ਦੀ 'ਦਿ ਲੈਂਗੁਏਜ ਆਫ਼ ਕ੍ਰਿਟਿਸਿਜ਼ਮ (1966), ਗ੍ਰਾਹਮ ਹਫ਼ ਦੀ 'ਦਿ ਡ੍ਰੀਮ ਐਂਡ ਦਾ ਟਾਸਕ' (1963), 'ਐਨ ਐਸੇ ਔਨ ਕ੍ਰਿਟਿਸਿਜ਼ਮ' ਅਤੇ ਫ਼ਰੈਂਕ ਕਰਮੋਡ ਦੀ 'ਦਿ ਸੈਂਸ ਆਫ਼ ਐਂਡਿੰਗ' (1967) ਕੁਝ ਅਜਿਹੀਆਂ ਰਚਨਾਵਾਂ ਹਨ, ਜੋ ਇਸ ਨਵੀਂ ਪ੍ਰਵਿਰਤੀ ਨੂੰ ਪੇਸ਼ ਕਰਦੀਆਂ ਹਨ। ਚਾਹੇ ਵਿਧੀ, ਬਲ ਅਤੇ ਪਹੁੰਚ ਦੀ ਦ੍ਰਿਸ਼ਟੀ ਤੋਂ ਇਹਨਾਂ ਵਿਚ ਸਾਨੂੰ ਵੰਨ-ਸੁਵੰਨਾਪਣ ਨਜ਼ਰ ਆਉਂਦਾ ਹੈ, ਪਰ ਇਹਨਾਂ ਤੋਂ ਸਪੱਸ਼ਟ ਰੂਪ ਵਿਚ ਸਾਨੂੰ ਸਿਧਾਂਤਕ ਪੜਤਾਲ ਅਤੇ ਸਾਹਿਤ ਦੀ ਆਪਣੀ ਅਨੁਸ਼ਾਸਨੀ ਖ਼ੁਦ-ਮੁਖ਼ਤਾਰੀ ਨੂੰ ਪਛਾਣਨ ਦੀ ਚੇਸ਼ਟਾ ਨਜ਼ਰ ਆਉਂਦੀ ਹੈ। ਨਿਰਸੰਦੇਹ ਉਸ ਲਈ ਬਣਾਈਆਂ ਗਈਆਂ ਟਾਈਪਾਲੋਜੀਆਂ ਵੱਖੋ-ਵੱਖਰੀਆਂ ਮਿਲਦੀਆਂ ਹਨ। ਇਹਨਾਂ ਸਾਰੀਆਂ ਪੁਸਤਕਾਂ ਦੇ ਨਾਵਾਂ ਵਿਚ ਇਕ ਸ਼ਬਦ ਜੋ ਬਾਰ-ਬਾਰ ਦੁਹਰਾਇਆ ਗਿਆ ਹੈ, ਉਹ ਹੈ 'ਲੈਂਗੁਏਜ'

ਜਾਂ 'ਭਾਸ਼ਾ', ਜਿਸ ਤੋਂ ਅਸੀਂ ਇਹ ਗੱਲ ਸਹਿਜੇ ਹੀ ਮੰਨ ਸਕਦੇ ਹਾਂ ਕਿ ਇਥੇ ਸਾਹਿਤ ਨੂੰ ਬੁਨਿਆਦੀ ਰੂਪ ਵਿਚ ਇਕ ਭਾਸ਼ਾਈ ਰਚਨਾ ਮੰਨਣ ਉਪਰ ਜ਼ੋਰ ਦਿੱਤਾ ਜਾ ਰਿਹਾ ਹੈ। ਦੂਜੇ ਇਸ ਆਲੋਚਨਾ ਵਿਚ ਸਾਹਿਤ ਦੇ ਮਾਨਵਵਾਦੀ ਅਤੇ ਮਾਨਵੀ ਪੱਖਾਂ ਤੋਂ ਲਾਂਭੇ ਹੋਣ ਦੀ ਰੁਚੀ ਨਜ਼ਰ ਆਉਂਦੀ ਹੈ, ਜਿਸ ਦੀ ਚਰਚਾ ਇਸ ਤੋਂ ਪਹਿਲਾਂ ਦੀ ਆਲੋਚਨਾ ਵਿਚ ਬੜੇ ਜ਼ੋਰ ਸ਼ੋਰ ਨਾਲ ਕੀਤੀ ਜਾਂਦੀ ਸੀ। ਮਾਨਵਵਾਦੀ ਆਲੋਚਨਾ ਸਾਹਿਤ ਨੂੰ ਇਕ ਨੈਤਿਕ ਮਾਧਿਅਮ ਦੇ ਰੂਪ ਵਿਚ ਪ੍ਰਵਾਨ ਕਰਦੀ ਰਹੀ ਹੈ ਅਤੇ ਸਾਹਿਤਕ ਨਿਰਣੇ ਮੁੱਲਾਂ ਦੇ ਪ੍ਰਸੰਗ ਵਿਚ ਦੇਣ ਦੀ ਵਾਦੀ ਨੂੰ ਪ੍ਰਗਟਾਉਂਦੀ ਹੈ। ਪਰ ਇਸ ਆਲੋਚਨਾ ਦਾ ਝੁਕਾਅ ਵਧੇਰੇ ਆਲੋਚਨਾਤਮਕ ਨਿਰਪੱਖਤਾ ਅਤੇ ਵਸਤੂਮੁੱਖਤਾ ਵੱਲ ਹੈ, ਜਿਸ ਵਿਚ ਸੰਕਿਰਿਆ-ਮੂਲਕ ਅਤੇ ਵਿਧੀ- ਮੂਲਕ ਨਿਆਏ ਤਿਆਰ ਕਰਨ ਉਪਰ ਜ਼ੋਰ ਹੈ। ਦੂਜੇ ਸ਼ਬਦਾਂ ਵਿਚ ਇਹ ਆਲੋਚਨਾ ਆਪਣੇ ਮੂਲ ਮੰਤਵਾਂ ਵਿਚ ਵਧੇਰੇ ਸ੍ਵੈ-ਨਿਸ਼ਠ ਅਤੇ ਵਰਣਾਤਮਕ ਆਲੋਚਨਾ ਦੀ ਭੂਮੀ ਤਿਆਰ ਕਰਨ ਵਿਚ ਰੁਚੀ ਰਖਦੀ ਹੈ।

ਆਲੋਚਨਾ ਦੇ ਖੇਤਰ ਵਿਚ ਪੈਦਾ ਹੋਣ ਵਾਲੀ ਇਸ ਤਬਦੀਲੀ ਦੇ ਨਾਲ ਹੀ ਆਧੁਨਿਕ ਭਾਸ਼ਾ ਵਿਗਿਆਨ ਵਿਚ ਪੈਦਾ ਹੋਈਆਂ ਕੁਝ ਨਵੀਆਂ ਰੁਚੀਆਂ ਨੇ ਵੀ ਇਸ ਸਥਿਤੀ ਵਿਚ ਇਕ ਨਵਾਂ ਮੋੜ ਲਿਆਂਦਾ। ਪ੍ਰਸਿੱਧ ਭਾਸ਼ਾ-ਵਿਗਿਆਨੀ ਫ਼ਰਦਿਨਾਂਦ ਡਿ ਸਾਸਿਊਰ ਨੇ ਭਾਸ਼ਾ-ਵਿਗਿਆਨ ਦੇ ਸਿਧਾਂਤ ਵਿਚ 'ਲੈਂਗ' ਅਤੇ 'ਪੈਰੋਲ' ਦਾ ਸੰਕਲਪ ਦਿੱਤਾ, ਜਿਸ ਨੇ ਭਾਸ਼ਾ-ਵਿਗਿਆਨਕ ਅਧਿਐਨ ਦੀਆਂ ਗਤੀਵਿਧੀਆਂ ਵਿਚ ਤਾਂ ਕ੍ਰਾਂਤੀ ਲਿਆਂਦੀ ਹੀ ਸੀ, ਉਸ ਨੇ ਸਾਹਿਤ ਸਿਧਾਂਤ ਅਤੇ ਸਾਹਿਤ ਆਲੋਚਨਾ ਵਿਚ ਵੀ ਨਵੀਆਂ ਸੰਭਾਵਨਾਵਾਂ ਜਗਾਈਆਂ। ਪ੍ਰਸਿੱਧ ਭਾਸ਼ਾ-ਵਿਗਿਆਨੀ ਨੌਮ ਚਾਮਸਕੀ ਨੇ ਸਾਸਿਊਰ ਦੇ ਆਧਾਰ ਉਪਰ ਆਪਣਾ 'ਯੋਗਤਾ' ਅਤੇ 'ਅਦਾਕਾਰੀ' ਦਾ ਸੰਕਲਪ ਦਿੱਤਾ। ਸਾਸਿਊਰ ਦੇ ਕਥਨ ਅਨੁਸਾਰ ਲੈਂਗ ਕਿਸੇ ਭਾਸ਼ਾ ਦੇ ਬੋਲਣਹਾਰੇ ਦੀ ਯੋਗਤਾ ਦਾ ਅਮੂਰਤ ਪੱਖ ਹੈ ਅਤੇ ਪੈਰੋਲ ਉਸ ਦੀ ਕਿਸੇ ਵਿਸ਼ੇਸ਼ ਸਥਿਤੀ ਵਿਚ ਉਚਾਰ-ਯੋਗਤਾ ਦਾ ਠੋਸ ਰੂਪ। ਇਸੇ ਤਰ੍ਹਾਂ ਹੀ ਯੋਗਤਾ ਕਿਸੇ ਭਾਸ਼ਾ-ਉਚਾਰਕ ਦੀ ਆਪਣੀ ਭਾਸ਼ਾ ਦੀ ਸਾਮਾਨਯ ਯੋਗਤਾ ਹੈ ਅਤੇ ਅਦਾਕਾਰੀ ਉਸ ਦੀ ਵੱਖੋ-ਵੱਖਰੀਆਂ ਸਥਿਤੀਆਂ ਵਿਚ ਵਰਤੋਂ ਕਰਨ ਦੀ ਸਮਰੱਥਾ। ਭਾਸ਼ਾ-ਵਿਗਿਆਨ ਵਿਚ ਪੈਦਾ ਹੋਣ ਵਾਲੇ ਇਹਨਾਂ ਬੁਨਿਆਦੀ ਸੰਕਲਪਾਂ ਨੇ ਸਾਹਿਤ ਆਲੋਚਨਾ ਅਤੇ ਸਾਹਿਤ ਸਿਧਾਂਤ ਚਿੰਤਨ ਦੇ ਖੇਤਰ ਵਿਚ ਇਕ ਦੂਜੇ ਤੋਂ ਦੂਰ, ਕਾਫ਼ੀ ਹੱਦ ਤਕ ਪਰਸਪਰ ਵਿਰੋਧੀ ਅਨੁਸ਼ਾਸਨਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ। ਇਹਨਾਂ ਦੋਹਾਂ ਅਨੁਸ਼ਾਸਨਾਂ, ਆਧੁਨਿਕ ਸਾਹਿਤ ਸਿਧਾਂਤ ਅਤੇ ਭਾਸ਼ਾ-ਵਿਗਿਆਨ ਦੇ ਆਪਸ ਵਿਚ ਇਕ ਦੂਜੇ ਦੇ ਨੇੜੇ ਆਉਣ ਨਾਲ ਜੋ ਸਾਂਝੀ ਭੂਮੀ ਪੈਦਾ ਹੋਈ, ਉਥੇ ਸ਼ੈਲੀ-ਵਿਗਿਆਨ ਦਾ ਜਨਮ ਹੁੰਦਾ ਹੈ। ਹੁਣ ਤਕ ਇਸ ਗੱਲ ਉਪਰ ਬਹਿਸ ਤੁਰੀ ਆਉਂਦੀ ਹੈ ਕਿ ਸ਼ੈਲੀ ਵਿਗਿਆਨ ਭਾਸ਼ਾ-ਵਿਗਿਆਨ ਦੇ ਘੇਰੇ ਵਿਚ ਆਉਣ ਵਾਲਾ ਉਪ-ਅਨੁਸ਼ਾਸਨ ਹੈ ਜਾਂ ਸਾਹਿਤ ਸਿਧਾਂਤ ਦੇ ਘੇਰੇ ਵਿਚ ਆਉਣ ਵਾਲਾ ਉਪ-ਅਨੁਸ਼ਾਸਨ। ਇਹਨਾਂ ਦੋਹਾਂ ਤੋਂ ਬਿਨਾਂ ਇਸ ਦੇ ਸੁਤੰਤਰ ਅਨੁਸ਼ਾਸਨ ਮੰਨਣ ਦੀ ਗੱਲ ਵੀ ਕੀਤੀ

ਜਾਂਦੀ ਹੈ, ਪਰ ਇਸ ਵਾਦ-ਵਿਵਾਦ ਬਾਰੇ ਅਜੇ ਕੋਈ ਅੰਤਮ ਨਿਰਣਾ ਨਹੀਂ ਦਿੱਤਾ ਗਿਆ। ਪਰ ਸਾਹਿਤ ਆਲੋਚਨਾ ਵਿਚ ਇਸ ਨੂੰ ਇਕ ਸੁਤੰਤਰ ਆਲੋਚਨਾ ਪ੍ਰਣਾਲੀ ਦੇ ਰੂਪ ਵਿਚ ਪ੍ਰਵਾਨਗੀ ਮਿਲਦੀ ਜਾ ਰਹੀ ਹੈ ਅਤੇ ਸਾਹਿਤ ਆਲੋਚਨਾ ਦੀਆਂ ਭਿੰਨ-ਭਿੰਨ ਭਾਸ਼ਾਵਾਦੀ ਪ੍ਰਣਾਲੀਆਂ ਵਿਚ ਇਸ ਦਾ ਸਥਾਨ ਆਦਰ-ਯੋਗ ਗਿਣਿਆ ਜਾਂਦਾ ਹੈ।

ਅਸਾਂ ਉਪਰ ਵੇਖਿਆ ਹੈ ਕਿ ਪੱਛਮ ਵਿਚ ਆਧੁਨਿਕ ਆਲੋਚਨਾ ਦੀ ਪ੍ਰਮੁੱਖ ਬਿਰਤੀ ਸਾਹਿਤਕ ਕਲਾ ਨੂੰ ਸ਼ਾਬਦਿਕ ਘਾੜਤ ਮੰਨਣ ਦੀ ਹੈ। ਇਸ ਸ਼ਾਬਦਿਕ ਘਾੜਤ ਨੂੰ ਪ੍ਰਵਾਨ ਕਰ ਕੇ ਸ਼ੈਲੀ ਵਿਗਿਆਨਕ ਆਲੋਚਨਾ ਆਪਣੀਆਂ ਵਿਧੀਆਂ, ਸੰਕਿਰਿਆਵਾਂ ਅਤੇ ਸੰਦਾਂ ਦੀ ਵਰਤੋਂ ਕਰਦੀ ਹੈ। ਜੇਕਰ ਸਾਹਿਤਕ ਰਚਨਾ ਇਕ ਸ਼ਾਬਦਿਕ ਘਾੜਤ ਹੈ ਤਾਂ ਇਸ ਵਿਚ ਵਰਤੇ ਸ਼ਬਦ ਆਮ ਬੋਲਚਾਲ ਦੀ ਭਾਸ਼ਾ ਵਾਲੇ ਹੀ ਹੁੰਦੇ ਹਨ ਜਾਂ ਉਸ ਤੋਂ ਭਿੰਨ ? ਇਹ ਇਕ ਬੁਨਿਆਦੀ ਪ੍ਰਸ਼ਨ ਹੈ, ਜੋ ਸ਼ੈਲੀ-ਵਿਗਿਆਨਕ ਆਲੋਚਨਾ ਨੇ ਉਠਾਇਆ ਹੈ। ਸਾਹਿਤਕ ਕਲਾ ਕਿਰਤ ਦਾ ਪਾਠ ਸ਼ਬਦਾਂ ਰਾਹੀਂ ਘੜੀ ਗਈ ਸੰਰਚਨਾ ਹੈ। ਇਸ ਸੰਰਚਨਾ ਨੂੰ ਸਮਝਣ ਲਈ ਸਾਨੂੰ ਦੋ ਤੱਥ ਧਿਆਨ ਵਿਚ ਲਿਆਉਣੇ ਪੈਂਦੇ ਹਨ। ਪਹਿਲਾ ਇਹ ਕਿ ਹਰ ਪਾਠ-ਸੰਰਚਨਾ ਕਿਸੇ ਵਿਸ਼ੇਸ਼ ਢੰਗ ਨਾਲ ਘੜੀ ਜਾਂਦੀ ਹੈ, ਕਿਉਂਕਿ ਸੰਰਚਨਾ ਪਹਿਲਾਂ ਤੋਂ ਹੀ ਪ੍ਰਾਪਤ ਕੁਝ ਸਾਮੱਗਰੀ ਦੀ ਵਿਸ਼ੇਸ਼ ਢੰਗ ਨਾਲ ਕੀਤੀ ਵਰਤੋਂ ਮੰਨੀ ਜਾਂਦੀ ਹੈ। ਇਥੇ ਅਸੀਂ ਸਾਹਿਤਕ ਸਾਮੱਗਰੀ ਅਤੇ ਹੋਰ ਕਲਾਵਾਂ ਦੀ ਸਾਮੱਗਰੀ, ਜਿਵੇਂ ਸੰਗੀਤ ਜਾਂ ਚਿੱਤਰ ਕਲਾ ਸਾਮੱਗਰੀ ਦੇ ਅੰਤਰ ਨੂੰ ਸਮਝ ਸਕਦੇ ਹਾਂ। ਉਦਾਹਰਣ ਦੇ ਤੌਰ 'ਤੇ ਅਸੀਂ ਸਾਹਿਤਕ ਸਾਮੱਗਰੀ (ਭਾਸ਼ਾ) ਅਤੇ ਸੰਗੀਤ ਸਾਮੱਗਰੀ (ਧੁਨੀ) ਦਾ ਅੰਤਰ ਦੇਖ ਸਕਦੇ ਹਾਂ। ਜਿਥੇ ਭਾਸ਼ਾ ਵਿਚਲੇ ਸ਼ਬਦ ਅਤੇ ਸੰਗੀਤ ਧੁਨੀ ਜਾਂ ਕਿਸੇ ਚਿੱਤਰ ਵਿਚ ਰੰਗ ਦੋਵੇਂ ਮੂਲ ਰੂਪ ਵਿਚ ਵੱਖੋ-ਵੱਖਰੀ ਕਿਸਮ ਦੀਆਂ ਸਾਮੱਗਰੀਆਂ ਹਨ। ਧੁਨੀ ਅਤੇ ਰੰਗ ਭਾਸ਼ਾ ਦੇ ਸ਼ਬਦਾਂ ਵਾਂਗੂੰ ਜੀਵੰਤ ਨਹੀਂ। ਦੂਜੀ ਪ੍ਰਕਾਰ ਦੀ ਸਾਮੱਗਰੀ ਨੂੰ ਕਲਾਕਾਰ ਆਪਣੀ ਮਰਜ਼ੀ ਨਾਲ ਵਰਤ ਸਕਦਾ ਹੈ, ਪਰ ਭਾਸ਼ਾ ਵਿਚਲੇ ਸ਼ਬਦ ਉਸ ਦੇ ਸਹਿਜ ਕਾਬੂ ਵਿਚ ਨਹੀਂ ਆਉਂਦੇ, ਉਲਟੇ ਉਹ ਉਸ ਨਾਲ ਖਹਿੰਦੇ ਹਨ। ਇਹਨਾਂ ਵੱਖੋ-ਵੱਖਰੀਆਂ ਸਾਮੱਗਰੀਆਂ ਦੇ ਅੰਤਰ ਇਹਨਾਂ ਦੇ ਆਪੋ-ਆਪਣੇ ਵਿਆਕਰਣ ਦੁਆਰਾ ਸਮਝੇ ਜਾ ਸਕਦੇ ਹਨ। ਸ਼ੈਲੀ ਵਿਗਿਆਨਕ ਆਲੋਚਨਾ ਪਹਿਲਾਂ ਵਿਆਕਰਣਕ ਤੱਥਾਂ ਦਾ ਨਿਰਣਾ ਕਰਕੇ ਸਾਮੱਗਰੀ ਦਾ ਨਿਖੇੜਾ ਕਰਦੀ ਹੈ। ਇਸ ਤੋਂ ਪਿੱਛੋਂ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਸ ਸਾਮੱਗਰੀ ਦੀ ਵਰਤੋਂ ਕਿਵੇਂ ਕੀਤੀ ਗਈ ਹੈ। ਇਥੇ ਸ਼ੈਲੀ ਵਿਗਿਆਨ ਦਾ ਅਸਲੀ ਖੇਤਰ ਆਰੰਭ ਹੁੰਦਾ ਹੈ, ਕਿਉਂਕਿ ਉਹ ਰਚਨਾ ਦੇ ਸ਼ੈਲੀ-ਮੂਲਕ ਤੱਥਾਂ ਦਾ ਵਿਸ਼ਲੇਸ਼ਣ ਕਰਦਾ ਹੈ। ਸ਼ੈਲੀ ਵਿਗਿਆਨ ਇਹ ਮੰਨ ਕੇ ਤੁਰਦਾ ਹੈ ਕਿ ਹਰ ਰਚਨਾ ਵਿਚ ਉਸ ਦੀ ਭਾਸ਼ਾ ਦਾ ਵਿਆਕਰਣ ਹੁੰਦਾ ਹੈ, ਜੋ ਇਕ ਭਾਸ਼ਾ ਦੇ ਲੇਖਕ ਨੂੰ ਦੂਜੀ ਭਾਸ਼ਾ ਦੇ ਲੇਖਕ ਤੋਂ ਵੱਖਰਿਆਉਂਦਾ ਹੈ। ਕਿਸੇ ਭਾਸ਼ਾ-ਪ੍ਰਣਾਲੀ ਦੇ ਨਿਯਮ ਅਮੂਰਤ ਹੁੰਦੇ ਹਨ, ਜੋ ਗਿਣਤੀ ਵਿਚ ਸੀਮਿਤ ਹੁੰਦੇ ਹਨ, ਪਰ ਜੋ ਅਸੀਮ ਰੂਪ ਵਿਚ ਉਪਜਾਊ ਅਤੇ ਰੂੜ੍ਹੀ-ਮੂਲਕ ਹੁੰਦੇ ਹਨ। ਇਸ

ਤਰ੍ਹਾਂ ਰਚਨਾ ਵਿਚ ਕਿਸੇ ਭਾਸ਼ਾ ਦਾ ਵਿਆਕਰਣ ਸਾਸਿਊਰ ਦੀ ਲੈਂਗ ਹੈ ਜਾਂ ਫੇਰ ਚਾਮਸਕੀ ਦਾ ਯੋਗਤਾ ਦਾ ਸੰਕਲਪ ਹੈ, ਜੋ ਪੈਰੋਲ ਜਾਂ ਫੇਰ ਅਦਾਕਾਰੀ ਨਾਲੋਂ ਉਲਟ ਹੈ। ਇਹ ਯੋਗਤਾ-ਭਾਸ਼ਾਈ ਨੇਮਾਂ ਦਾ ਸੈੱਟ, ਜਿਸ ਵਿਚ ਕੋਈ ਲੇਖਕ ਯੋਗ ਹੁੰਦਾ ਹੈ, ਨੂੰ ਬੜੇ ਧਿਆਨ ਨਾਲ ਨਿਸਚਿਤ ਕਰਨਾ ਹੁੰਦਾ ਹੈ। ਸ਼ੈਲੀ ਵਿਗਿਆਨ ਪਹਿਲਾਂ ਕਿਸੇ ਰਚਨਾ ਵਿਚ ਇਸ ਭਾਸ਼ਾਈ ਯੋਗਤਾ ਨੂੰ ਪਛਾਣਨ ਲਈ ਉਸ ਦਾ ਵਿਸ਼ਲੇਸ਼ਣ ਕਰਦਾ ਹੈ। ਸ਼ੈਲੀ ਵਿਗਿਆਨ ਵਿਚ ਕਿਸੇ ਰਚਨਾ-ਪਾਠ ਦਾ ਅਧਿਐਨ ਕਰਨ ਦੀ ਇਸ ਅਵਸਥਾ ਨੂੰ ਅਸੀਂ ਮਾਈਕਰੋ- ਲਿੰਗੁਇਸਟਿਕ ਸਟੇਜ ਜਾਂ ਪਿੰਡ-ਭਾਸ਼ਾਈ ਅਵਸਥਾ ਦਾ ਨਾਂ ਦੇ ਸਕਦੇ ਹਾਂ। ਸ਼ੈਲੀ- ਵਿਗਿਆਨਕ ਆਲੋਚਕ ਇਥੇ ਵਰਣਨਾਤਮਕ ਭਾਸ਼ਾ-ਵਿਗਿਆਨ ਦੀਆਂ ਵਿਧੀਆਂ ਅਤੇ ਸੰਦਾਂ ਦੀ ਵਰਤੋਂ ਕਰਦਾ ਹੈ ਅਤੇ ਰਚਨਾ-ਪਾਠ ਦਾ ਵਿਸ਼ਲੇਸ਼ਣ ਉਸ ਦੀ ਲਘੂਤਮ ਇਕਾਈ ਦੀ ਪੱਧਰ ਉਪਰ ਲੈ ਜਾਂਦਾ ਹੈ। ਪਰ ਇਹ ਵਿਸ਼ਲੇਸ਼ਣ ਸਾਨੂੰ ਇਹ ਨਹੀਂ ਦਰਸਾਉਂਦਾ ਕਿ ਕਿਸੇ ਰਚਨਾ-ਪਾਠ ਵਿਚ ਕਿਹੜਾ ਅਜਿਹਾ ਵਿਲੱਖਣ ਗੁਣ ਹੈ, ਜਾਂ ਕਿਹੜੇ ਅਜਿਹੇ ਤੱਤ ਹਨ, ਜੋ ਉਸ ਵਿਚ ਵੱਖਰਾ ਸੁਹਜ ਗੁਣ ਲਿਆਉਂਦੇ ਹਨ। ਜਿਵੇਂ ਅਸੀਂ ਲੈਂਗ ਜਾਂ ਯੋਗਤਾ ਦੇ ਸੰਕਲਪਾਂ ਤੋਂ ਵੇਖਿਆ ਹੈ ਕਿ ਵਿਆਕਰਣ ਰਚਨਾ ਤੋਂ ਬਾਹਰ ਸਥਿਤ ਹੈ, ਰਚਨਾ ਤੋਂ ਪਹਿਲਾਂ ਹੀ ਸਾਨੂੰ ਪ੍ਰਾਪਤ ਹੈ। ਇਸ ਤਰ੍ਹਾਂ ਇਹ ਵਿਆਕਰਣ ਅਤੇ ਇਸ ਦੇ ਆਧਾਰ ਉਪਰ ਘੜਿਆ ਰਚਨਾ-ਪਾਠ ਇਕ ਪ੍ਰਕਾਰ ਦੀ ਸਰਬਜਨਕ ਸੰਪਤੀ ਹੈ; ਭਾਸ਼ਾ ਦੇ ਸਾਰੇ ਉਚਾਰਕਾਂ ਦਾ ਸਾਂਝਾ ਵਿਰਸਾ ਹੈ। ਉਦਾਹਰਣ ਲਈ ਮੈਂ ਪੰਜਾਬੀ ਭਾਸ਼ਾ ਦਾ ਬੋਲਣਹਾਰਾ ਹਾਂ। ਭਾਈ ਵੀਰ ਸਿੰਘ, ਪੂਰਨ ਸਿੰਘ, ਮੋਹਨ ਸਿੰਘ, ਨਾਨਕ ਸਿੰਘ ਆਦਿ ਲੇਖਕਾਂ ਅਤੇ ਹੋਰ ਲੱਖਾਂ ਬੰਦਿਆਂ ਵਾਂਗੂ ਹੀ ਮੈਂ ਇਹ ਜ਼ਬਾਨ ਸਿੱਖੀ ਹੈ। ਮੈਂ ਇਸ ਭਾਸ਼ਾ ਦੀ ਯੋਗਤਾ ਬਚਪਨ ਤੋਂ ਹੀ ਪ੍ਰਾਪਤ ਕਰ ਲਈ ਹੈ। ਥੋੜ੍ਹੇ ਬਹੁਤ ਓਪਰੇ ਅੰਤਰ ਜੋ ਇਤਿਹਾਸਕ, ਭੂਗੋਲਿਕ, ਸਮਾਜਿਕ ਜਾਂ ਨਿੱਜੀ ਕਾਰਨਾਂ ਕਰਕੇ ਉਤਪੰਨ ਹੁੰਦੇ ਹਨ, ਮੇਰਾ ਪੰਜਾਬੀ ਉਪਰ ਅਧਿਕਾਰ ਉੱਨਾ ਹੀ ਹੈ, ਜਿੰਨਾ ਕਿਸੇ ਹੋਰ ਲੇਖਕ ਜਾਂ ਕਵੀ ਦਾ। ਸਮਕਾਲੀ ਆਲੋਚਨਾ ਇਹ ਸੁਝਾਉਂਦੀ ਹੈ ਕਿ ਕਿਸੇ ਭਾਸ਼ਾ ਵਿਚ ਵਾਕਾਂ ਦੀ ਗਿਣਤੀ ਅਸੀਮ ਹੁੰਦੀ ਹੈ। ਹਰ ਬੋਲਣਹਾਰਾ ਭਾਸ਼ਾ-ਪ੍ਰਣਾਲੀ ਦੇ ਸੀਮਿਤ ਨਿਯਮਾਂ (ਲੈਂਗ) ਨੂੰ ਸਿੱਖ ਲੈਂਦਾ ਹੈ, ਜੋ ਉਸ ਨੂੰ ਪਿੱਛੋਂ ਅਣਗਿਣਤ ਵਾਕ ਰਚਣ ਦੀ ਸ਼ਕਤੀ ਪ੍ਰਦਾਨ ਕਰਦੇ ਹਨ। ਕਵੀ ਜਾਂ ਲੇਖਕ ਇਸ ਰਚਨਾਤਮਕ ਵਿਆਕਰਣ ਨੂੰ ਹੀ ਵਰਤ ਕੇ ਕੋਈ ਅਜਿਹੀ ਰਚਨਾ ਕਰ ਲੈਂਦਾ ਹੈ, ਜੋ ਵਿਲੱਖਣ ਰੂਪ ਧਾਰਨ ਕਰ ਜਾਂਦੀ ਹੈ। ਇਹ ਭਾਸ਼ਾਈ ਯੋਗਤਾ ਦਾ ਸਿਧਾਂਤ ਸਾਹਿਤਕ-ਸਿਧਾਂਤ ਦੀ ਦ੍ਰਿਸ਼ਟੀ ਤੋਂ ਦੋ ਬੁਨਿਆਦੀ ਨੁਕਤੇ ਸੁਝਾਉਂਦਾ ਹੈ। ਪਹਿਲਾ ਇਹ ਕਿ ਸਾਹਿਤਕ ਭਾਸ਼ਾ ਆਮ ਭਾਸ਼ਾ ਨਾਲੋਂ ਮੂਲ ਰੂਪ ਵਿਚ ਭਿੰਨ ਨਹੀਂ ਹੁੰਦੀ। ਇਉਂ ਸਾਹਿਤਕ ਪਾਠ ਦੀ ਭਾਸ਼ਾ ਅਤੇ ਅਸਾਹਿਤਕ ਭਾਸ਼ਾ ਨੂੰ ਪੂਰੀ ਤਰ੍ਹਾਂ ਵੱਖਰਿਆਇਆ ਨਹੀਂ ਜਾ ਸਕਦਾ। ਇਥੇ ਇਹ ਭਾਸ਼ਾਵਾਦੀ ਆਲੋਚਨਾ ਪ੍ਰਣਾਲੀ ਆਪਣੇ ਤੋਂ ਪਹਿਲਾਂ ਪ੍ਰਾਪਤ ਨਵ-ਆਲੋਚਨਾ ਵਿਚ ਸਾਹਿਤਕ ਕਿਰਤ ਦੀ ਖ਼ੁਦ-ਮੁਖ਼ਤਾਰੀ ਵਾਲੀ ਗੱਲ ਨੂੰ ਬੇਅਰਥ ਸਿੱਧ ਕਰਦੀ ਹੈ।

ਇਸ ਦਲੀਲ ਨਾਲ ਸ਼ਾਇਦ ਅਸੀਂ ਆਪਣੀ ਪਹਿਲਾਂ ਦਿੱਤੀ ਦਲੀਲ ਨੂੰ ਕੱਟ

ਰਹੇ ਹਾਂ। ਇਸ ਵਿਰੋਧਾਭਾਸ ਨੂੰ ਕਿਵੇਂ ਦੂਰ ਕੀਤਾ ਜਾਏ ? ਇਕ ਪਾਸੇ ਅਸੀਂ ਇਹ ਮੰਨ ਕੇ ਤੁਰੇ ਹਾਂ ਕਿ ਸ਼ੈਲੀ ਵਿਗਿਆਨ ਸਾਹਿਤ ਪਾਠ ਜਾਂ ਸਾਹਿਤ ਪਾਠਾਂ ਨੂੰ ਇਕ ਵਿਸ਼ੇਸ਼ ਪ੍ਰਕਾਰ ਦੀ ਭਾਸ਼ਾ ਮੰਨਦਾ ਹੈ। ਦੂਜੇ ਪਾਸੇ ਅਸੀਂ ਭਾਸ਼ਾ ਦੇ ਵਿਆਕਰਣ ਦੇ ਆਧਾਰ ਉਪਰ ਇਸ ਨੂੰ ਆਮ ਵਰਤੋਂ ਦੀ ਭਾਸ਼ਾ ਤੋਂ ਅਭਿੰਨ ਦੱਸ ਰਹੇ ਹਾਂ। ਇਥੇ ਸ਼ੈਲੀ ਵਿਗਿਆਨ ਪੈਰੋਲ ਜਾਂ ਅਦਾਕਾਰੀ ਨੂੰ ਆਧਾਰ ਬਣਾਉਂਦਾ ਹੈ ਅਤੇ ਸਾਹਿਤ-ਪਾਠ ਦੀ ਵਿਲੱਖਣਤਾ ਨੂੰ ਉਸ ਰਾਹੀਂ ਪਛਾਣਨ ਵੱਲ ਦੀ ਯਾਤਰਾ ਕਰਦਾ ਹੈ। ਭਾਸ਼ਾ ਦੀ ਅਦਾਕਾਰੀ ਦਾ ਸਿਧਾਂਤ ਸਾਹਿਤ-ਸਿਧਾਂਤ ਦੀਆਂ ਸਮੱਸਿਆਵਾਂ ਨੂੰ ਸਮਝਣ ਵਿਚ ਤਾਂ ਹੀ ਸਹਾਇਕ ਹੋ ਸਕਦਾ ਹੈ, ਜੇਕਰ ਇਸ ਨੂੰ ਕੇਵਲ Linguist qua Linguist ਦੀ ਹੀ ਦ੍ਰਿਸ਼ਟੀ ਤੋਂ ਨਾ ਵੇਖਿਆ ਜਾਏ। ਇਥੇ ਸਾਡੀ ਸਹਾਇਤਾ ਦੂਜੇ ਅਨੁਸ਼ਾਸਨਾਂ ਦੇ ਮਾਹਿਰ ਵੀ ਕਰ ਸਕਦੇ ਹਨ। ਉਦਾਹਰਣ ਦੇ ਤੌਰ 'ਤੇ ਭਾਸ਼ਾਈ ਅਦਾਕਾਰੀ ਦੇ ਰੋਲ ਨੂੰ ਸਾਹਿਤਕ ਸਿਧਾਂਤ ਦੇ ਸੰਦਰਭ ਵਿਚ ਸਮਝਾਉਣ ਲਈ ਮਾਨਵ-ਵਿਗਿਆਨੀ ਸਾਡੀ ਸਹਾਇਤਾ ਕਰ ਸਕਦਾ ਹੈ। ਭਾਸ਼ਾਈ ਅਦਾਕਾਰੀ ਵਿਚ ਇਕਾਈ ਵਾਕ ਨਹੀਂ ਰਹਿੰਦੀ, ਬਲਕਿ ਉਹ ਭਾਸ਼ਾ ਸਥਿਤੀ ਇਕਾਈ ਦਾ ਰੂਪ ਧਾਰਨ ਕਰ ਜਾਂਦੀ ਹੈ, ਜਿਸ ਨੂੰ ਅਸੀਂ ਸਭਿਆਚਾਰਕ ਤੌਰ 'ਤੇ ਜਾਂ ਇਕ ਸੰਚਾਰ ਘਟਨਾ ਦੇ ਰੂਪ ਵਿਚ ਪਰਿਭਾਸ਼ਤ ਕਰ ਸਕਦੇ ਹਾਂ। ਇਹ ਸਥਿਤੀ ਵਾਕਾਂ ਨੂੰ ਕਾਰਜ (function) ਅਤੇ ਵਿਸ਼ੇਸ਼ ਰੂਪ ਪ੍ਰਦਾਨ ਕਰਦੀ ਹੈ। ਅਸੀਂ ਇਥੇ ਫੇਰ ਇਕ ਵਾਰੀ ਯੋਗਤਾ ਅਤੇ ਅਦਾਕਾਰੀ ਵਿਆਕਰਣ ਅਤੇ ਉਸ ਦੀ ਵਰਤੋਂ, ਆਦਿ ਪਦਾਂ ਦੇ ਅੰਤਰ ਨੂੰ ਨਵੀਂ ਜ਼ਬਾਨ ਵਿਚ ਵੇਖਣ ਦੀ ਕੋਸ਼ਿਸ਼ ਕਰ ਰਹੇ ਹਾਂ ਅਤੇ ਇਹਨਾਂ ਨੂੰ ਨਵੇਂ ਸੰਦਰਭ ਵਿਚ ਖੋਲ੍ਹਣ ਦੀ ਕੋਸ਼ਿਸ਼ ਕਰ ਰਹੇ ਹਾਂ। ਉਦਾਹਰਣ ਲਈ ਅਸੀਂ ਕਹਿ ਸਕਦੇ ਹਾਂ ਕਿ ਕੋਈ ਇਕ ਵਾਕ ਪੰਜਾਬੀ ਜ਼ਬਾਨ ਦੇ ਵਿਆਕਰਣ ਨੇ ਪੈਦਾ ਕੀਤਾ ਹੈ। ਫੇਰ ਅਸੀਂ ਉਸ ਦੀ ਸੰਰਚਨਾ ਨੂੰ ਪਛਾਣਨ ਦਾ ਜਤਨ ਕਰਦੇ ਹਾਂ। ਕੀ ਉਹ ਵਿਆਕਰਣ ਦੇ ਨਿਯਮਾਂ ਜਾਂ ਪ੍ਰਤਿਮਾਨ ਦੇ ਅਨੁਕੂਲ ਹੈ ਜਾਂ ਉਹਨਾਂ ਦੀ ਉਲੰਘਣਾ ਕਰਦਾ ਹੈ। ਜੇਕਰ ਉਹ ਪ੍ਰਤਿਮਾਨ ਦਾ ਵਿਚੱਲਨ ਕਰਦਾ ਹੈ ਤਾਂ ਉਹ ਵਿਚੱਲਨ ਕਿਸ ਪ੍ਰਕਾਰ ਦਾ ਹੈ ? ਜੇਕਰ ਉਹ ਬਹੁ-ਅਰਥਕ ਹੈ, ਤਾਂ ਉਸ ਦੇ ਅਰਥ ਵਿਕਲਪ ਬਿਆਨ ਕਰਦੇ ਹਾਂ। ਜੇਕਰ ਇਹ ਕਿਸੇ ਹੋਰ ਵਾਕ ਦੀ ਵਿਆਖਿਆ ਹੈ ਤਾਂ ਇਹ ਤੱਥ ਵੀ ਧਿਆਨ ਗੋਚਰੇ ਲਿਆਉਂਦੇ ਹਾਂ। ਪਰ ਇਹ ਸਾਰੀ ਯਾਤਰਾ ਸਰਲ ਪੱਧਰ ਉਪਰ ਨੀਝ ਨਾਲ ਵੇਖਣ ਅਤੇ ਉਸ ਦਾ ਵਰਨਣ ਪੇਸ਼ ਕਰਨ ਦੀ ਹੈ, ਜਿਸ ਲਈ ਅਸੀਂ ਕੇਵਲ ਇਹ ਪ੍ਰਵਾਨ ਕਰ ਲੈਂਦੇ ਹਾਂ ਕਿ ਕੋਈ ਵਿਸ਼ੇਸ਼ ਵਾਕ ਸਾਡੇ ਸਾਹਮਣੇ ਹੈ ਅਤੇ ਉਸ ਦਾ ਸਾਡੀ ਜ਼ਬਾਨ ਦੇ ਵਿਆਕਰਣ ਨਾਲ ਨਿਸਚਿਤ ਸੰਬੰਧ ਹੈ। ਅਦਾਕਾਰੀ ਦੀ ਦ੍ਰਿਸ਼ਟੀ ਤੋਂ ਇਕ ਹੋਰ ਪ੍ਰਸ਼ਨ ਹੋ ਸਕਦਾ ਹੈ, 'ਇਹ ਵਾਕ ਕਿਉਂ ?' ਬਾਕੀ ਵਾਕ ਬਣਤਰ ਦੀਆਂ ਸਾਰੀਆਂ ਸੰਭਾਵਨਾਵਾਂ ਕਿਸੇ ਸਥਿਤੀ ਵਿਸ਼ੇਸ਼ ਵਿਚ ਕਿਉਂ ਅਪ੍ਰਵਾਨ ਕੀਤੀਆਂ ਗਈਆਂ ਹਨ ? ਇਥੇ ਵਿਆਕਰਣ ਦੀ ਸੀਮਾ ਦਿੱਸ ਆਉਂਦੀ ਹੈ। ਕੋਈ ਵਾਕ ਵਿਸ਼ੇਸ਼ ਹੀ ਕਿਉਂ ਵਰਤਿਆ ਗਿਆ ਹੈ, ਉਸ ਦੀ ਥਾਂ 'ਤੇ ਉਸ ਦਾ ਕੋਈ ਹੋਰ ਰੂਪ ਕਿਉਂ ਨਹੀਂ ? ਇਸ ਦਾ ਜੁਆਬ ਭਾਸ਼ਾ-ਵਿਆਕਰਣ ਦੀ ਵਰਤੋਂ ਦੇ ਸਕਦੀ ਹੈ, ਵਿਆਕਰਣ ਆਪ ਨਹੀਂ। ਵਾਕ-ਵਰਤੋਂ ਨੂੰ

ਜਦੋਂ ਭਾਸ਼ਾ-ਉਚਾਰ ਦੀਆਂ ਭਿੰਨ-ਭਿੰਨ ਸਥਿਤੀਆਂ ਦੇ ਸੰਦਰਭ ਵਿਚ ਵੇਖੀਏ ਤਾਂ ਕਿਸੇ ਵਿਸ਼ੇਸ਼ ਪ੍ਰਕਾਰ ਦੀ ਵਰਤੋਂ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਵਿਸ਼ੈ-ਵਿਸ਼ੇਸ਼, ਸ਼ੈਲੀ, ਸਮਾਜਿਕ ਸ਼ਿਸ਼ਟਾਚਾਰ, ਪਰੰਪਰਾ, ਭਾਸ਼ਣੀ ਭਿਜ਼ਾਈਨ ਆਦਿ ਜੋ ਸੰਸਕ੍ਰਿਤੀ ਦੇ ਸੰਰਚਨਾਤਮਕ ਪ੍ਰਬੰਧ ਵਿਚ ਕੇਂਦਰੀ ਮਹੱਤਵ ਰੱਖਦੇ ਹਨ, ਪਰੰਤੂ ਇਹ ਭਾਸ਼ਾ ਤੋਂ ਬਾਹਰੇ ਕਾਰਨ ਹਨ। ਇਕ ਸਾਮਾਨਯ ਨੇਮ ਦੇ ਰੂਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਭਾਸ਼ਾਈ ਪਾਠ ਜਾਂ ਸੰਬਾਦ ਦੇ ਰੂਪਗਤ ਲੱਛਣ ਉਸ ਰੋਲ ਤੋਂ ਨਿਸਚਿਤ ਹੁੰਦੇ ਹਨ, ਜੋ ਉਹ ਸੰਚਾਰ-ਮੂਲਕ ਰੂੜ੍ਹੀਆਂ ਦੇ ਪ੍ਰਬੰਧ ਵਿਚ ਅਦਾ ਕਰਦਾ ਹੈ। ਇਉਂ ਭਾਸ਼ਾਈ ਅਦਾਕਾਰੀ ਦੇ ਸਿਧਾਂਤ ਦੀ ਸੰਤੋਖਜਨਕ ਵਿਆਖਿਆ ਤਾਂ ਹੀ ਪੇਸ਼ ਕੀਤੀ ਜਾ ਸਕਦੀ ਹੈ, ਜੇਕਰ ਪਾਠਾਂ ਵਿਚ ਪ੍ਰਾਪਤ ਵਾਕਾਂ ਦੀਆਂ ਕੇਵਲ ਅਨੁਸੂਚੀਆਂ ਤਿਆਰ ਕਰਨ ਤੋਂ ਅੱਗੋਂ ਸੰਸਕ੍ਰਿਤੀ ਦਾ ਭਰਪੂਰ ਵਿਆਖਿਆਮਈ ਮਾਡਲ ਵੀ ਤਿਆਰ ਕੀਤਾ ਜਾਏ। ਇਉਂ ਸ਼ੈਲੀ ਵਿਗਿਆਨਕ ਦ੍ਰਿਸ਼ਟੀ ਤੋਂ ਸਾਨੂੰ ਕਿਸੇ ਸਾਹਿਤ-ਪਾਠ ਦਾ ਵਿਸ਼ਲੇਸ਼ਣ ਕਰਨ ਲਈ ਉਸ ਨੂੰ ਕੁਝ ਅੰਤਰਮੁਖੀ ਰੂਪਕ ਲੱਛਣਾਂ ਦਾ ਧਾਰਨੀ ਮੰਨਣਾ ਚਾਹੀਦਾ ਹੈ, ਜੋ ਸੰਚਾਰ-ਸਥਿਤੀ ਦੇ ਕਿਸੇ ਰੂੜ੍ਹੀ ਮੂਲਕ ਪ੍ਰਕਾਰ ਵਿਚ ਵਿਸ਼ੇਸ਼ ਰੋਲ ਅਦਾ ਕਰਦੇ ਹਨ।

ਭਾਸ਼ਾ ਦੇ ਭਿੰਨ-ਭਿੰਨ ਪ੍ਰਯੋਗ ਅਤੇ ਉਹਨਾਂ ਦੇ ਭਿੰਨ ਭਿੰਨ ਰੂਪਾਂ ਦਾ ਆਪਸ ਵਿਚ ਡੂੰਘਾ ਸੰਬੰਧ ਹੁੰਦਾ ਹੈ। ਉਦਾਹਰਣ ਦੇ ਤੌਰ 'ਤੇ ਵਿਗਿਆਪਨ ਅਤੇ ਵਿਧਾਨਕ ਕਾਰਜਾਂ ਦੀ ਰਿਪੋਰਟ ਵਿਚ ਭਾਸ਼ਾਈ ਸ਼ੈਲੀ ਨੂੰ ਸਾਫ਼ ਵੇਖਿਆ ਜਾ ਸਕਦਾ ਹੈ। ਰੁਮਾਂਟਿਕ ਕਹਾਣੀ ਅਤੇ ਕਿਸੇ ਦਵਾਈ ਦੇ ਪ੍ਰਯੋਗ ਦੀਆਂ ਹਦਾਇਤਾਂ ਦੀ ਭਾਸ਼ਾ ਸ਼ੈਲੀ ਦੀ ਭਿੰਨਤਾ ਨਿਰਵਿਵਾਦ ਹੈ। ਭਾਸ਼ਣ ਕਲਾ ਦੀਆਂ ਰੂੜ੍ਹੀਆਂ ਆਮ ਗੱਲਬਾਤ ਨਾਲੋਂ ਭਿੰਨ ਹੁੰਦੀਆਂ ਹਨ। ਭਾਸ਼ਾ ਦੇ ਇਹ ਭਿੰਨ-ਭਿੰਨ ਪ੍ਰਯੋਗ ਭਾਸ਼ਾਈ ਅਦਾਕਾਰੀ ਦੇ ਬਾਹਰਲੇ ਹਾਲਾਤ ਵੱਲ ਸਪੱਸ਼ਟ ਸੰਕੇਤ ਕਰਦੇ ਹਨ। ਇਹਨਾਂ ਰੂਪ ਵਿਧੀਆਂ ਦੀ ਪਛਾਣ ਸਾਨੂੰ ਭਾਸ਼ਾ ਦੀ ਐਥਨੋਗ੍ਰਾਫ਼ੀ ਵਿਚ ਮਿਲ ਸਕਦੀ ਹੈ, ਜਿਸ ਵਿਸ਼ੈ ਉਪਰ ਮਾਨਵ-ਵਿਗਿਆਨਕ ਭਾਸ਼ਾ-ਵਿਗਿਆਨੀਆਂ ਅਤੇ ਸਮਾਜ-ਵਿਗਿਆਨਕ ਭਾਸ਼ਾ-ਵਿਗਿਆਨੀਆਂ ਨੇ ਮਹੱਤਵਪੂਰਨ ਪ੍ਰਾਪਤੀਆਂ ਕੀਤੀਆਂ ਹਨ। ਇਉਂ ਕਿਸੇ ਭਾਸ਼ਾ ਵਿਚ ਅਦਾਕਾਰੀ ਦੀ ਸੰਪੂਰਨ ਸੰਰਚਨਾ ਸੰਚਾਰ ਸੰਬੰਧਾਂ ਦੇ ਵਿਆਪਕ ਪ੍ਰਬੰਧ ਦੇ ਨਾਲੋ-ਨਾਲ ਤੁਰਦੀ ਹੈ। ਇਹ ਸੰਬੰਧ ਕਿਸੇ ਸੰਸਕ੍ਰਿਤੀ ਦੀ ਪ੍ਰਤਿਨਿਧਤਾ ਕਰਨ ਵਾਲੇ ਹੁੰਦੇ ਹਨ। ਭਾਸ਼ਾ ਦੀ ਅਦਾਕਾਰੀ ਦਾ ਸਿਧਾਂਤ ਸਾਡੇ ਸਾਹਮਣੇ ਇਕ ਹੋਰ ਦ੍ਰਿਸ਼ਟੀ ਪੇਸ਼ ਕਰਦਾ ਹੈ, ਜਿਸ ਦੇ ਆਧਾਰ ਉਪਰ ਅਸੀਂ ਸਾਹਿਤਕ ਭਾਸ਼ਾ ਅਤੇ ਅਸਾਹਿਤਕ ਭਾਸ਼ਾ ਜਾਂ ਸਾਮਾਨਯ ਭਾਸ਼ਾ ਨੂੰ ਆਪਸ ਵਿਚ ਨਿਖੇੜ ਸਕਦੇ ਹਾਂ। ਇਥੇ ਸ਼ੈਲੀ ਵਿਗਿਆਨ ਦੀ ਸਥਿਤੀ ਦੇ ਸੰਦਰਭ ਵਾਲੇ ਸੰਕਲਪ ਨੂੰ ਸਮਝਿਆ ਜਾ ਸਕਦਾ ਹੈ। ਸਥਿਤੀ-ਸੰਦਰਭ ਦਾ ਭਾਸ਼ਾ-ਵਿਗਿਆਨ ਵਿਚ ਸੰਕਲਪ ਜੇ.ਆਰ. ਫ਼ਰਥ ਨੇ ਦਿੱਤਾ, ਜੋ ਸਮਾਜ ਵਿਗਿਆਨਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਸਥਿਤੀਆਂ, ਕਿਰਿਆਵਾਂ ਅਤੇ ਰੂਪਾਂ ਦੀ ਸ਼੍ਰੇਣੀ-ਵੰਡ ਲਈ ਵਰਤਿਆ ਗਿਆ ਹੈ। ਪਰ ਨਿਲਸ ਐਰਿਕ ਨੇ ਇਸ ਜੁਗਤ ਨੂੰ ਸਾਹਿਤ ਅਧਿਐਨ ਦੇ ਖੇਤਰ ਵਿਚ ਵੀ ਗ੍ਰਹਿਣ ਕੀਤਾ ਹੈ। ਇਸ ਪ੍ਰਕਾਰ ਅਸੀਂ

ਵੇਖਦੇ ਹਾਂ ਕਿ ਸ਼ੈਲੀ ਵਿਗਿਆਨ ਸਾਹਿਤ ਆਲੋਚਨਾ ਦੇ ਖੇਤਰ ਵਿਚ ਮਾਨਵ ਵਿਗਿਆਨੀਆਂ ਦੀਆਂ ਵਿਧੀਆਂ ਖ਼ਾਸ ਤੌਰ 'ਤੇ ਉਹਨਾਂ ਦੇ ਰੀਤੀ-ਮੂਲਕ ਸਥਿਤੀਆਂ ਅਤੇ ਮੌਖਿਕ ਸਾਹਿਤ ਦਾ ਵਿਸ਼ਲੇਸ਼ਣ ਕਰਨ ਲਈ ਵਰਤੇ ਢੰਗਾਂ ਦੀ ਸਹਾਇਤਾ ਲੈਂਦਾ ਹੈ। ਸਾਹਿਤ ਅਧਿਐਨ ਲਈ ਅਦਾਕਾਰੀ ਦੇ ਸਿਧਾਂਤ ਉਪਰ ਆਧਾਰਿਤ ਮਾਡਲ ਆਧੁਨਿਕ ਕਾਵਿ-ਸ਼ਾਸਤਰ ਵਿਚ ਕੁਝ ਕੁ ਨਾ ਮਿਟਾਏ ਜਾਣ ਵਾਲੇ ਅੰਤਰ ਵਿਰੋਧਾਂ ਨੂੰ ਦੂਰ ਕਰ ਦੇਂਦਾ ਹੈ, ਜਿਵੇਂ ਭਾਸ਼ਾ ਬਨਾਮ ਸਮਾਜ, ਸਾਹਿਤ ਪਾਠ ਬਨਾਮ ਸੰਦਰਭ, ਅੰਦਰਮੁਖੀ ਬਨਾਮ ਬਾਹਰਮੁਖੀ, ਖ਼ੁਦ-ਮੁਖ਼ਤਾਰ ਬਨਾਮ ਨਿਰਭਰ, ਭਾਸ਼ਾ-ਵਿਗਿਆਨ ਬਨਾਮ ਸਾਹਿਤਕ ਭਾਸ਼ਾ, ਗਤੀਹੀਣ ਬਨਾਮ ਰਚਨਾਤਮਕ, ਰੂੜ੍ਹੀ ਬਨਾਮ ਨਵੀਨਤਾ, ਪੱਕ ਚੁੱਕੀ ਵਾਦੀ ਬਨਾਮ ਕਾਢ, ਬਝੇਵਾਂ ਬਨਾਮ ਖੁਲ੍ਹਾ ਅਤੇ ਪ੍ਰਤਿਮਾਨ ਬਨਾਮ ਵਿਚੱਲਨ। ਇਹ ਪਹੁੰਚ ਸਾਨੂੰ ਇਸ ਨਤੀਜੇ 'ਤੇ ਪਹੁੰਚਾਂਦੀ ਹੈ ਕਿ ਸਮੱਗਰ ਭਾਸ਼ਾ, ਭਾਸ਼ਾ ਹੈ ਅਤੇ ਭਾਸ਼ਾ ਰਚਨਾਤਮਕ ਹੈ, ਅਤੇ ਸਾਰੀ ਭਾਸ਼ਾ ਸੰਸਕ੍ਰਿਤੀ ਵਿਚ ਅੰਤਰ-ਘੁਲਣ-ਮਿਲਣ ਪ੍ਰਾਪਤ ਕਰਦੀ ਹੈ।

ਅਸੀਂ ਸ਼ੈਲੀ ਵਿਗਿਆਨ ਦੇ ਜਿਸ ਮਾਡਲ ਦੀ ਉਪਰ ਗੱਲ ਕੀਤੀ ਹੈ, ਇਹ ਅੰਗ-ਅੰਗ ਵਿਚ ਤੋੜਨ ਵਾਲਾ ਜਾਂ ਵਿਸ਼ਲੇਸ਼ਣਾਤਮਕ ਮਾਡਲ ਹੈ। ਇਸ ਦਾ ਮੂਲ ਸਿਧਾਂਤ ਇਹ ਹੈ ਕਿ ਭਾਸ਼ਾਈ ਅਦਾਕਾਰੀ ਦਾ ਇਕ-ਇਕ ਅੰਸ਼ ਸਾਂਸਕ੍ਰਿਤਕ ਅੰਸ਼ ਨਾਲ ਜੁੜਿਆ ਹੋਇਆ ਹੈ। ਕੋਈ ਵਿਅਕਤੀ ਜੋ ਸਮਾਜ ਵਿਚ ਵਿਚਰਦਾ ਹੈ, ਪਰ ਆਪਣੀ ਭਾਸ਼ਾ ਦਾ ਗਿਆਨ ਨਹੀਂ ਰੱਖਦਾ, ਉਹ ਸਹੀ ਅਰਥਾਂ ਵਿਚ ਪਰਦੇਸੀਆਂ ਵਾਂਗੂੰ ਵਿਚਰ ਰਿਹਾ ਹੈ। ਉਸ ਦਾ ਇਹ ਪਰਦੇਸਪੁਣਾ ਤਿੰਨ ਪੱਧਰਾਂ 'ਤੇ ਵੇਖਿਆ ਜਾ ਸਕਦਾ ਹੈ:

(1) ਉਹ ਦੂਜਿਆਂ ਨਾਲ ਗੱਲਬਾਤ ਨਹੀਂ ਕਰ ਸਕਦਾ;
(2) ਉਹ ਭਾਸ਼ਾ ਦੇ ਸਮਾਜ-ਵਿਗਿਆਨਕ ਨੇਮਾਂ ਨੂੰ ਨਹੀਂ ਜਾਣਦਾ; ਅਤੇ
(3) ਪ੍ਰਤੱਖਣੀ ਦ੍ਰਿਸ਼ਟੀ ਤੋਂ ਵਾਂਝਾ ਹੈ।

ਇਹਨਾਂ ਤਿੰਨਾਂ ਵਿੱਚੋਂ ਕਿਸੇ ਵਿਅਕਤੀ ਵਿਚ ਅੰਤਲੀ ਘਾਟ ਜਾਂ ਪੂਰਤੀ ਸ਼ੈਲੀ-ਵਿਗਿਆਨਕ ਆਲੋਚਕ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ। ਭਾਸ਼ਾ ਆਪਣੇ ਅਨਿਵਾਰਜ ਰੂਪ ਵਿਚ ਅਤੇ ਖ਼ਾਸ ਤੌਰ 'ਤੇ ਸਾਹਿਤ ਵਿਚ ਇਕ ਗਲਪ-ਸਿਰਜਕ ਜੁਗਤ ਹੈ। ਭਾਸ਼ਾ ਦਾ ਇਹ ਲੱਛਣ ਇਸ ਵਿਚ ਇਕ ਹੋਰ ਪਾਸਾਰ ਦਾ ਵਾਧਾ ਕਰਦਾ ਹੈ, ਜਿਸ ਨੂੰ ਅਸੀਂ ਅਰਥ-ਪਾਸਾਰ ਕਹਿ ਸਕਦੇ ਹਾਂ। ਇਹ ਗੱਲ ਆਮ ਪ੍ਰਵਾਨ ਹੈ ਕਿ ਭਾਸ਼ਾ ਦੁਆਰਾ ਵਿਅਕਤੀਆਂ ਦੀ ਪ੍ਰਤੱਖਣੀ ਯੋਗਤਾ ਨਿਸਚਿਤ ਹੁੰਦੀ ਹੈ। ਇਸ ਗੱਲ ਉਪਰ ਦਰਸ਼ਨ, ਭਾਸ਼ਾ-ਵਿਗਿਆਨ ਅਤੇ ਸੰਚਾਰ-ਵਿਗਿਆਨ ਦੇ ਮਾਹਿਰਾਂ ਨੇ ਬੜੀ ਵਾਰੀ ਬਲ ਦਿੱਤਾ ਹੈ। ਉਦਾਹਰਣ ਦੇ ਤੌਰ 'ਤੇ ਪ੍ਰਸਿੱਧ ਪਰਪੰਚ ਵਿਗਿਆਨਕ ਦਰਸ਼ਨ ਦੇ ਮਾਹਿਰ ਵਿਟਜਿੰਨਸਟਾਈਨ ਨੇ ਇਹ ਗੱਲ ਬੜੀ ਵਾਰੀ ਦੁਹਰਾਈ ਹੈ ਕਿ ਕਿਸੇ ਵਿਅਕਤੀ ਦੀ ਭਾਸ਼ਾ ਦੀਆਂ ਸੀਮਾਵਾਂ ਹੀ ਉਸ ਦੇ ਜਗਤ ਦੀਆਂ ਸੀਮਾਵਾਂ ਹੁੰਦੀਆਂ ਹਨ। ਇਸੇ ਤਰ੍ਹਾਂ ਬੈਂਜੇਮਿਨ ਲੀ ਵੋਰਫ਼ ਦਾ ਭਾਸ਼ਾਈ ਸਾਪੇਖਤਾ ਦਾ ਸਿਧਾਂਤ,

ਜੋ ਉਸ ਨੇ ਸਪੀਰ ਦੇ ਆਧਾਰ ਉਪਰ ਵਿਕਸਿਤ ਕੀਤਾ ਹੈ, ਇਹ ਗੱਲ ਪੇਸ਼ ਕਰਦਾ ਹੈ ਕਿ ਭਿੰਨ-ਭਿੰਨ ਭਾਸ਼ਾਵਾਂ ਦੇ ਉਚਾਰਕ ਜਿਨ੍ਹਾਂ ਦੇ ਵੱਖੋ-ਵੱਖਰੇ ਅਰਥ-ਪ੍ਰਬੰਧ ਹਨ, ਆਪਣੀਆਂ ਵਿਸ਼ਵ-ਦ੍ਰਿਸ਼ਟੀਆਂ ਵਿਚ ਵੀ ਭਿੰਨ ਹਨ। ਭਾਸ਼ਾ ਸਿੱਖਿਆ ਦੇ ਮਨੋ-ਵਿਗਿਆਨ ਦਾ ਮੂਲ ਨਿਯਮ ਵੀ ਇਸ ਗੱਲ ਵੱਲ ਸੰਕੇਤ ਕਰਦਾ ਹੈ ਕਿ ਸੰਕਲਪ ਘੜਨ ਦੀ ਯੋਗਤਾ ਦੀ ਨਿਰਭਰਤਾ ਕਿਸੇ ਭਾਸ਼ਾ ਉੱਤੇ ਹੁੰਦੀ ਹੈ। ਭਿੰਨ-ਭਿੰਨ ਅਨੁਸ਼ਾਸਨਾਂ ਦੇ ਮਾਹਿਰਾਂ ਦੀਆਂ ਇਹਨਾਂ ਉਕਤੀਆਂ ਦੀ ਅੰਤਮ ਯੋਗਤਾ ਬਾਰੇ ਤਾਂ ਕਿੰਤੂ ਕੀਤੇ ਜਾ ਸਕਦੇ ਹਨ। ਪਰ ਇਹ ਗੱਲ ਨਿਰਵਿਵਾਦ ਰੂਪ ਵਿਚ ਮੰਨੀ ਜਾ ਸਕਦੀ ਹੈ ਕਿ ਮਨੁੱਖ ਗਲਪ-ਸਿਰਜਕ ਜੀਵ ਹੈ ਅਤੇ ਭਾਸ਼ਾ ਉਸ ਦੇ ਗਲਪ ਸਿਰਜਣ ਅਤੇ ਸਿਰਜੇ ਗਲਪਾਂ ਨੂੰ ਸਥਾਈ ਰੂਪ ਪ੍ਰਦਾਨ ਕਰਨ ਵਿਚ ਸਹਾਇਕ ਹੁੰਦੀ ਹੈ। ਵਾਸਤਵ ਵਿਚ ਅਸੀਂ ਆਪਣੀ ਦ੍ਰਿਸ਼ਟੀ ਤੋਂ ਸਮਝਣ ਲਈ ਇਸ ਦੇ ਅੰਗਾਂ ਦਾ ਨਾਮਕਰਣ ਕਰਦੇ ਹਾਂ। ਇਸ ਸ੍ਰਿਸ਼ਟੀ ਉਪਰ ਭਾਸ਼ਾ-ਖ਼ਾਨੇ ਲਾਗੂ ਕਰਕੇ ਅਸੀਂ ਇਸ ਨੂੰ ਗਲਪੀ ਪੱਖ ਤੋਂ ਖੰਡਾਂ ਵਿਚ ਵੰਡ ਲੈਂਦੇ ਹਾਂ। ਇਹ ਖੰਡ ਭਾਸ਼ਾ-ਪ੍ਰਤੀਕਾਂ ਦੇ ਅਲੱਗ-ਥਲੱਗ ਹੋਣ ਨਾਲ ਹੋਂਦ ਵਿਚ ਆਉਂਦੇ ਹਨ। ਵੱਖੋ-ਵੱਖਰੀਆਂ ਵਸਤਾਂ ਸੰਕਲਪਾਂ ਦੇ ਜਾਲ ਦੇ ਰੂਪ ਵਿਚ ਕਿਸੇ ਭਾਸ਼ਾ ਦੇ ਅਰਥ ਪਾਸਾਰਾਂ ਨੂੰ ਸਿਰਜਦੀਆਂ ਹਨ। ਹਰ ਭਾਸ਼ਾ ਦਾ ਅਰਥ ਵਿਗਿਆਨ ਨਿਆਏਮੂਲਕ ਵਿਰੋਧਾਂ (logical oppositions) ਨੂੰ ਜਨਮ ਦੇਂਦਾ ਹੈ। ਵਾਕ-ਬਣਤਰ ਇਹਨਾਂ ਸੰਕਲਪਾਂ ਨੂੰ ਭਿੰਨ-ਭਿੰਨ ਰੂਪਾਂ ਵਿਚ ਵਰਤੋਂ ਕਰਨ ਦੀ ਸੰਭਾਵਨਾ ਪੈਦਾ ਕਰਦੀ ਹੈ। ਇਸ ਤਰ੍ਹਾਂ ਵਾਕ ਬਣਤਰ ਅਤੇ ਅਰਥ-ਵਿਗਿਆਨ ਦੇ ਅੰਤਰ-ਸੰਬੰਧ ਕਾਵਿ-ਰਚਨਾਵਾਂ ਵਿਚ ਅਤਿਅੰਤ ਦਿਲਚਸਪ ਸਥਿਤੀਆਂ ਪੇਸ਼ ਕਰਦੇ ਹਨ। ਇਥੇ ਹੀ ਸਮ-ਅਰਥਤਾ (synonymy) ਅਤੇ ਬਹੁ-ਅਰਥਤਾ (polysmy) ਦਾ ਭੇਦ ਉਤਪੰਨ ਹੁੰਦਾ ਹੈ। ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਸੇ ਕਾਵਿ-ਵਿਸ਼ਲੇਸ਼ਣ ਲਈ ਇਹ ਸੰਕਲਪ ਵਿਸ਼ੇਸ਼ ਤੌਰ 'ਤੇ ਨਵਾਂ ਸੰਸਾਰ ਖੋਲ੍ਹਦੇ ਹਨ। ਮੈਂ ਅਰਥਾਂ ਦੇ ਇਹਨਾਂ ਭੇਦਾਂ ਤੋਂ ਲਾਂਭੇ ਰਹਿ ਕੇ ਕੇਵਲ ਏਨਾ ਹੀ ਕਹਿਣਾ ਮੁਨਾਸਿਬ ਸਮਝਦਾ ਹਾਂ ਕਿ ਕਿਸੇ ਕਾਵਿ ਦਾ ਅਰਥ ਜਗਤ ਕੇਵਲ 'ਵਸਤੂ' ਅਤੇ ਰੂਪ ਦੀ ਘਸੀ ਪਿਟੀ ਵੰਡ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ। ਇਹ ਸੰਸਾਰ ਵਾਕ-ਬਣਤਰ ਅਤੇ ਧੁਨੀ ਰੂਪਾਂ ਨਾਲ ਬਹੁ-ਬਿਧ ਰਿਸ਼ਤਿਆਂ ਵਿਚ ਬੱਝਾ ਹੁੰਦਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਕਿਸੇ ਸਮਾਜ ਵਿਚਲੇ ਅਨੁਭਵਾਂ ਦੇ ਭਾਸ਼ਾਈ ਸੰਕਲਪੀਕਰਣ ਦੇ ਭਿੰਨ-ਭਿੰਨ ਅੰਗ ਹਨ, ਜਿਨ੍ਹਾਂ ਨੂੰ ਵਾਕ ਬਣਤਰ ਦੁਆਰਾ ਸਕ੍ਰਮਕ ਰੂਪ ਵਿਚ ਅਜਿਹੇ ਢੰਗ ਨਾਲ ਕ੍ਰਮਬੱਧ ਕੀਤਾ ਹੁੰਦਾ ਹੈ ਕਿ ਪਾਠਕ ਦੇ ਅੰਦਰ ਨਵੇਂ ਗਲਪੀ ਪ੍ਰਤੱਖਣ ਜਾਗ੍ਰਿਤ ਹੁੰਦੇ ਹਨ। ਇਸ ਦ੍ਰਿਸ਼ਟੀ ਤੋਂ ਗਲਪ, ਭਾਸ਼ਾ ਦੁਆਰਾ ਘੜੇ ਗਏ ਸੰਕਲਪੀਕਰਣ ਹਨ। ਸ਼ੈਲੀ ਵਿਗਿਆਨਕ ਆਲੋਚਨਾ-ਪ੍ਰਣਾਲੀ ਇਹਨਾਂ ਗਲਪਾਂ ਨੂੰ ਭਾਸ਼ਾਈ ਪੱਧਰ ਉਪਰ ਖੋਲ੍ਹ ਕੇ ਪਾਠਕ ਲਈ ਵਿਸਮੈ ਦਾ ਨਵਾਂ ਸੰਸਾਰ ਖੋਲ੍ਹ ਦੇਂਦੀ ਹੈ। ਭਾਸ਼ਾਈ ਪੱਧਰ ਉਪਰ ਰਚਨਾ ਦੇ ਖੰਡ-ਖੰਡ ਵਿਚ ਵਿਸ਼ਲੇਸ਼ਣ ਨੂੰ ਅਸੀਂ ਮਾਈਕਰੋਲਿੰਗੁਇਸਟਿਕ ਅੰਗ ਨਿਖੇੜ ਦਾ ਨਾਂ ਦਿੱਤਾ ਹੈ। ਪਰ ਇਸ ਤੋਂ ਪਿੱਛੋਂ ਭਾਸ਼ਾ ਦੁਆਰਾ ਰਚਿਤ ਗਲਪਾਂ ਦਾ ਅਧਿਐਨ ਮਾਈਕਰੋਲਿੰਗੁਇਸਟਿਕ

ਦਿਸ਼ਾ ਵੱਲ ਵੱਧਦਾ ਹੈ। ਇਹ ਕਾਰਜ ਕਿਸੇ ਰਚਨਾ-ਪਾਠ ਦੇ ਅਰਥ-ਪਾਸਾਰਾਂ ਨੂੰ ਉਹਨਾਂ ਦੀ ਸਮੱਗਰਤਾ ਅਤੇ ਬਹੁ-ਰੂਪਤਾ ਵਿਚ ਉਘਾੜਨ ਦਾ ਜਤਨ ਕਰਦਾ ਹੈ। ਭਾਸ਼ਾ, ਚਿਹਨਾਂ ਰਾਹੀਂ ਅਰਥ ਸਿਰਜਦੀ ਹੈ, ਕਲਾ, ਰੂਪ-ਵਿਧੀਆਂ ਰਾਹੀਂ ਅਰਥ ਉਤਪੰਨ ਕਰਦੀ ਹੈ। ਸਾਹਿਤ ਵਿਚ ਚਿਹਨ ਅਤੇ ਰੂਪ-ਵਿਧੀਆਂ ਦੋਵੇਂ ਰਲ ਕੇ ਕਾਰਜ ਕਰਦੇ ਹਨ। ਸ਼ੈਲੀ-ਵਿਗਿਆਨਕ ਆਲੋਚਨਾ ਰਚਨਾ-ਪਾਠ ਦੇ ਚਿਹਨ ਅਤੇ ਰੂਪ-ਵਿਧੀ ਦੇ ਮੇਲ ਨਾਲ ਪੈਦਾ ਹੋਈ ਭੂਮੀ ਨੂੰ ਆਪਣੇ ਧਿਆਨ ਦਾ ਕੇਂਦਰ ਬਣਾਉਂਦੀ ਹੈ। ਇਹ ਅਜਿਹਾ ਖੇਤਰ ਹੈ, ਜੋ ਅਜੇ ਸੀਮਿਤ ਜਿਹੇ ਘੇਰੇ ਤਕ ਹੀ ਪਛਾਣਿਆ ਗਿਆ ਹੈ। ਜੋਸਫ਼ੀਨ ਮਾਈਲਜ਼ ਇਸ ਖੇਤਰ ਨਾਲ ਸੰਬੰਧਿਤ ਪ੍ਰਸ਼ਨਾਂ ਨੂੰ ਉਠਾ ਕੇ ਸ਼ੈਲੀ ਵਿਗਿਆਨਕ ਆਲੋਚਨਾ ਪ੍ਰਣਾਲੀ ਦੀ ਲੁਕਵੀਂ ਸਮਰੱਥਾ ਵੱਲ ਸੰਕੇਤ ਕਰਦੀ ਹੈ। ਉਸ ਦੇ ਸ਼ਬਦਾਂ ਨੂੰ ਮੈਂ ਓਵੇਂ ਦਾ ਓਵੇਂ ਪੇਸ਼ ਕਰਦਾ ਹਾਂ:

> "Here pivot the multiple relations of materials of statement to their possible sorts of transformation, and as these sorts are unlimited, they provide, certain nuclear of usage within a language, familiar to reader as to author. This shared sense of the potentialities of language, its range in alternatives of form, its centres of variation, makes the more possible their shared sense of the aesthetic surface where signs take new shapes in design, where roots and branches of sentence structure attain freshly signifying surfaces in the *'sylvae,* in the leafy forests of literature."

ਸ਼ੈਲੀ ਵਿਗਿਆਨਕ ਆਲੋਚਨਾ ਨਾਲ ਬਹੁਤ ਸਾਂਰੀਆਂ ਮਹੱਤਵਪੂਰਨ ਸਮੱਸਿਆਵਾਂ ਜੁੜੀਆਂ ਹੋਈਆਂ ਹਨ, ਜਿਨ੍ਹਾਂ ਨੂੰ ਮੈਂ ਇਥੇ ਨਹੀਂ ਛੇੜਿਆ। ਮੇਰਾ ਇਹ ਵੀ ਦਾਅਵਾ ਨਹੀਂ ਕਿ ਇਸ ਆਲੋਚਨਾ ਵਿਧੀ ਦੀਆਂ ਕੋਈ ਸੀਮਾਵਾਂ ਨਹੀਂ। ਇਥੇ ਕੇਵਲ ਮੈਂ ਏਨਾ ਹੀ ਕਹਿਣਾ ਹੈ ਕਿ ਇਸ ਨਾਲ ਆਧੁਨਿਕ ਆਲੋਚਨਾ ਵਿਚ ਭਾਸ਼ਾਵਾਦੀ ਦ੍ਰਿਸ਼ਟੀਕੋਣ ਨੂੰ ਪ੍ਰੋੜ੍ਹਤਾ ਮਿਲੀ ਹੈ। ਇਸ ਪਰਚੇ ਦੀਆਂ ਆਪਣੀਆਂ ਸੀਮਾਵਾਂ ਅਤੇ ਸ਼ੈਲੀ ਵਿਗਿਆਨ ਦੀਆਂ ਸੀਮਾਵਾਂ ਬਾਰੇ ਮੈਂ ਪੂਰੀ ਤਰ੍ਹਾਂ ਸੁਚੇਤ ਹਾਂ। ਅੱਜ ਦੇ ਆਲੋਚਨਾ ਪ੍ਰਣਾਲੀਆਂ ਦੇ ਬਹੁ-ਏਕਾਧ ਵਿਚ ਹੋਰ ਪ੍ਰਣਾਲੀਆਂ ਦੇ ਨਾਲ ਇਸ ਦੀਆਂ ਕੁਝ ਕੁ ਪ੍ਰਾਪਤੀਆਂ ਵੀ ਸਾਡੇ ਧਿਆਨਯੋਗ ਹਨ।

•

ਸਾਹਿਤ-ਆਲੋਚਨਾ ਦੀ ਸ਼ੈਲੀ ਵਿਗਿਆਨਕ ਵਿਧੀ

ਸ਼ੈਲੀ ਵਿਗਿਆਨ ਭਾਸ਼ਾ ਪ੍ਰਯੋਗ ਦੀ ਵੰਨ-ਸੁਵੰਨਤਾ ਦਾ ਅਧਿਐਨ ਕਰਦਾ ਹੈ। ਇਹ ਭਾਸ਼ਾ ਪ੍ਰਯੋਗ ਉਚਾਰ ਮੂਲਕ ਜਾਂ ਲਿਖਤ, ਦੋਹਾਂ ਰੂਪਾਂ ਦੇ ਹੋ ਸਕਦੇ ਹਨ। ਜਦੋਂ ਕੋਈ ਸੰਦੇਸ਼ ਭਾਸ਼ਾ-ਬੱਧ ਰੂਪ ਵਿਚ ਸੰਚਾਰਿਤ ਹੁੰਦਾ ਹੈ ਤਾਂ ਬਹੁਤ ਸਾਰੇ ਕਾਰਨ ਕਿਸੇ ਵਿਸ਼ੇਸ਼ ਪ੍ਰਕਾਰ ਦੀ ਭਾਸ਼ਾ ਚੋਣ ਨੂੰ ਨਿਸਚਿਤ ਕਰਦੇ ਹਨ। ਇਨ੍ਹਾਂ ਭਾਸ਼ਾ ਚੋਣਾਂ ਅਤੇ ਉਨ੍ਹਾਂ ਨਾਲ ਜੁੜੇ ਹੋਏ ਸੰਦਰਭਾਂ ਦਾ ਭਾਸ਼ਾ-ਵਿਗਿਆਨਕ ਵਿਧੀਆਂ ਦੁਆਰਾ ਕੀਤਾ ਜਾਂਦਾ ਅਧਿਐਨ ਸ਼ੈਲੀ ਵਿਗਿਆਨ ਅਖਵਾਉਂਦਾ ਹੈ। ਆਧੁਨਿਕ ਭਾਸ਼ਾ-ਵਿਗਿਆਨ ਦੇ ਖੇਤਰ ਵਿਚ ਪੈਦਾ ਹੋਈਆਂ ਕੁਝ ਨਵੀਆਂ ਪ੍ਰਵਿਰਤੀਆਂ ਨੇ ਭਾਸ਼ਾ-ਵਿਗਿਆਨ ਦਾ ਸਾਹਿਤ ਅਧਿਐਨ ਦੇ ਪੱਖ ਤੋਂ ਮਹੱਤਵ ਕਈ ਪ੍ਰਕਾਰ ਵਧਾ ਦਿੱਤਾ ਹੈ। ਇਸ ਤੋਂ ਬਿਨਾਂ ਅਮਰੀਕਾ ਵਿਚ ਪੈਦਾ ਹੋਈ ਨਵ-ਆਲੋਚਨਾ ਅਤੇ ਰੂਸ ਵਿਚ ਨਵੇਂ ਰੂਪਵਾਦੀ ਸਿਧਾਂਤਾਂ ਨੇ ਇਤਿਹਾਸਕ ਅਤੇ ਜੀਵਨ-ਆਧਾਰਤ ਆਲੋਚਨਾ-ਵਿਧੀਆਂ ਨੂੰ ਤਿਆਗ ਕੇ ਰਚਨਾ ਦੇ ਸ਼ਾਬਦਿਕ ਸੰਗਠਨ ਨੂੰ ਅਹਿਮੀਅਤ ਦੇਣੀ ਸ਼ੁਰੂ ਕਰ ਦਿੱਤੀ ਹੈ ਅਤੇ ਆਲੋਚਨਾ ਵੱਧ ਤੋਂ ਵੱਧ ਸਾਹਿਤ-ਬਾਹਰੀਆਂ ਦਿਲਚਸਪੀਆਂ ਤੋਂ ਮੂੰਹ ਫੇਰ ਕੇ ਪਾਠ-ਕੇਂਦ੍ਰਿਤ ਅਧਿਐਨ ਨੂੰ ਆਪਣਾ ਕੇਂਦਰ-ਬਿੰਦੂ ਬਣਾ ਰਹੀ ਹੈ। ਭਾਸ਼ਾ-ਵਿਗਿਆਨ ਅਤੇ ਸਾਹਿਤ-ਆਲੋਚਨਾ, ਦੋਹਾਂ ਖੇਤਰਾਂ ਵਿਚ ਪੈਦਾ ਹੋਣ ਵਾਲੀਆਂ ਇਨ੍ਹਾਂ ਤਬਦੀਲੀਆਂ ਨੇ ਇਨ੍ਹਾਂ ਦੋਹਾਂ ਨੂੰ ਇਕ ਦੂਜੇ ਦੇ ਨੇੜੇ ਲੈ ਆਂਦਾ ਅਤੇ ਸਾਹਿਤ ਦਾ ਅਧਿਐਨ ਕਰਨ ਲਈ ਇਕ ਨਵੀਂ ਆਲੋਚਨਾ-ਵਿਧੀ ਆਪਣੇ ਲਈ ਆਦਰਯੋਗ ਥਾਂ ਬਣਾਉਣ ਲੱਗੀ ਹੈ। ਇਸ ਵਿਧੀ ਨੂੰ ਅਸੀਂ ਸ਼ੈਲੀ ਵਿਗਿਆਨਕ ਆਲੋਚਨਾ-ਵਿਧੀ ਦਾ ਨਾਂ ਦੇ ਸਕਦੇ ਹਾਂ।

ਸ਼ੈਲੀ ਵਿਗਿਆਨਕ ਆਲੋਚਨਾ ਨਾਲ ਜੁੜੀਆਂ ਹੋਈਆਂ ਸਮੱਸਿਆਵਾਂ ਅਤੇ ਉਨ੍ਹਾਂ ਦੇ ਜਟਿਲ ਰੂਪਾਂ ਨੂੰ ਸਮਝਣ ਤੋਂ ਪਹਿਲਾਂ ਬੜਾ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਸਾਹਿਤਕ-ਭਾਸ਼ਾ ਅਤੇ ਵਿਹਾਰਕ ਭਾਸ਼ਾ ਦੇ ਪਰਸਪਰ ਸੰਬੰਧਾਂ ਅਤੇ ਨਿਖੇੜਾਂ ਨੂੰ ਸੰਖੇਪ ਵਿਚ ਪਛਾਣਨ ਦਾ ਜਤਨ ਕਰੀਏ। ਸਾਹਿਤ ਵਿਚ ਸ਼ੈਲੀ ਆਖ਼ਰ ਇਕ ਵਿਸ਼ੇਸ਼ ਅਤੇ ਕਾਫ਼ੀ ਹੱਦ ਤਕ ਭਾਸ਼ਾ ਦਾ ਨਿਖੜਵਾਂ ਪ੍ਰਯੋਗ ਹੈ। ਇਸ ਦ੍ਰਿਸ਼ਟੀ ਤੋਂ ਸਾਨੂੰ ਭਾਸ਼ਾ ਦੀਆਂ ਪੂਰਨ ਰੂਪ ਵਿਚ ਸੰਕਿਰਿਆਵਾਂ ਨੂੰ ਜਾਣਨਾ ਪਵੇਗਾ, ਜਿਨ੍ਹਾਂ ਦੇ ਪ੍ਰਸੰਗ ਵਿਚ ਹੀ ਅਸੀਂ ਭਾਸ਼ਾ ਦੇ ਸਾਹਿਤਕ ਪ੍ਰਯੋਗ ਨੂੰ ਵੇਖ ਸਕਦੇ ਹਾਂ। ਵਾਸਤਵ ਵਿਚ ਭਾਸ਼ਾ ਦਾ ਸਾਹਿਤਕ ਪ੍ਰਯੋਗ ਕਾਫ਼ੀ ਹੱਦ ਤਕ ਭਾਸ਼ਾ ਦੀਆਂ ਦੂਜੀਆਂ ਪ੍ਰਕਿਰਿਆਵਾਂ ਨਾਲ ਸੰਬੰਧਿਤ ਵਿਚਾਰਾਂ ਦੇ ਨਾਲ ਕੇਵਲ ਜੁੜਿਆ ਹੋਇਆ ਹੀ ਨਹੀਂ, ਬਲਕਿ ਉਨ੍ਹਾਂ ਉਪਰ ਨਿਰਭਰ ਹੈ। ਇਹ ਗੱਲ ਸਾਨੂੰ ਸਾਹਿਤ ਦੇ ਘੇਰੇ ਤੋਂ ਪਾਰ ਲੈ ਜਾਂਦੀ ਹੈ ਅਤੇ ਅਸੀਂ

ਭਾਸ਼ਾ ਪ੍ਰਯੋਗ ਅਤੇ ਸਮਾਜਿਕ ਤੇ ਸਾਂਸਕ੍ਰਿਤਿਕ ਰੂਪ-ਵਿਧੀਆਂ ਵਿਚਕਾਰ ਸੰਬੰਧਾਂ ਉਪਰ ਆਪਣਾ ਧਿਆਨ ਟਿਕਾਉਂਦੇ ਹਾਂ। ਇਹੋ ਹੀ ਸ਼ੈਲੀ ਬਾਰੇ ਸਾਡੀਆਂ ਧਾਰਨਾਵਾਂ ਨੂੰ, ਜੋ ਵੱਖੋ-ਵੱਖਰੇ ਸਮਿਆਂ ਵਿਚ ਵੱਖੋ-ਵੱਖਰੇ ਸਮੂਹਾਂ ਵਿਚ ਬਦਲਦੀਆਂ ਰਹਿੰਦੀਆਂ ਹਨ, ਸਮਝਣ ਵਿਚ ਸਹਾਇਕ ਹੁੰਦੀਆਂ ਹਨ। ਇਸ ਦ੍ਰਿਸ਼ਟੀ ਤੋਂ ਸਾਹਿਤ ਨੂੰ ਅਸੀਂ ਕਿਸੇ ਸੰਸਕ੍ਰਿਤੀ ਦੇ ਸਮੁੱਚੇ ਰੂਪ-ਵਿਧੀਕਰਨ ਦਾ ਅੰਗ ਮੰਨ ਸਕਦੇ ਹਾਂ। ਇਹ ਉਸ ਸੰਸਕ੍ਰਿਤੀ ਦੀ ਲਗਭਗ ਸੁਤੰਤਰ ਅਤੇ ਆਤਮ-ਨਿਰਭਰ ਸੰਸਥਾ ਦਾ ਰੂਪ ਧਾਰ ਜਾਂਦਾ ਹੈ। ਜਦੋਂ ਸਾਹਿਤ ਦੇ ਗਿਆਤਾ 'ਸਾਹਿਤਕ-ਪਰੰਪਰਾ' ਜਾਂ 'ਸਾਹਿਤਕ ਰੂੜ੍ਹੀਆਂ' ਵਰਗੇ ਪਰਿਭਾਸ਼ਕ ਪਦਾਂ ਨੂੰ ਵਰਤ ਰਹੇ ਹੁੰਦੇ ਹਨ ਤਾਂ ਉਹ ਕਾਫ਼ੀ ਹੱਦ ਤਕ ਬਹੁਤ ਸਾਰੇ ਮਨੋਰਥਾਂ ਤੋਂ ਸਾਹਿਤ ਨੂੰ ਇਕ ਅਜਿਹੀ ਸੰਸਥਾ ਹੀ ਮੰਨ ਰਹੇ ਹੁੰਦੇ ਹਨ। ਉਨ੍ਹਾਂ ਦਾ ਅਜਿਹਾ ਕਰਨਾ ਮੁਨਾਸਿਬ ਵੀ ਹੈ। ਸਾਹਿਤ ਨੂੰ ਅਜਿਹੀ ਦ੍ਰਿਸ਼ਟੀ ਤੋਂ ਵੇਖਣ ਦੀਆਂ ਆਪਣੀਆਂ ਸੀਮਾਵਾਂ ਹਨ, ਜਿਨ੍ਹਾਂ ਵੱਲ ਧਿਆਨ ਦੇਣਾ ਇਥੇ ਬੜਾ ਜ਼ਰੂਰੀ ਹੈ। ਇਸ ਦਾ ਕਾਰਨ ਇਹ ਹੈ ਕਿ ਸਾਹਿਤ ਵਿਚ ਜਿਨ੍ਹਾਂ ਗੱਲਾਂ ਵੱਲ ਸੰਕੇਤ ਕੀਤਾ ਜਾਂਦਾ ਹੈ, ਉਨ੍ਹਾਂ ਦਾ ਘੇਰਾ ਲਗਭਗ ਸਮੁੱਚੀ ਸੰਸਕ੍ਰਿਤੀ ਉਪਰ ਫੈਲਿਆ ਹੋਇਆ ਹੈ। ਇਉਂ ਸਾਹਿਤ, ਘੱਟੋ-ਘੱਟ ਸੰਭਾਵੀ ਰੂਪ ਵਿਚ ਪੂਰੀ ਤਰ੍ਹਾਂ ਸੁਬੋਧ ਵਸਤੂ ਹੈ। ਸਾਹਿਤ ਦੇ ਸੁਬੋਧ ਹੋਣ ਦੀ ਗੱਲ ਹੋਰ ਵੀ ਪੱਕੀ ਹੋ ਜਾਂਦੀ ਹੈ, ਜਦੋਂ ਅਸੀਂ ਵੇਖਦੇ ਹਾਂ ਕਿ ਇਸ ਦਾ ਮਾਧਿਅਮ ਭਾਸ਼ਾ, ਕੇਵਲ ਸਾਹਿਤ ਤਕ ਹੀ ਸੀਮਿਤ ਨਹੀਂ। ਇਹ ਤਾਂ ਸਾਰੇ ਸਾਂਸਕ੍ਰਿਤਕ ਸੰਚਾਰ ਦਾ ਮਾਧਿਅਮ ਹੈ। ਅਸਲ ਵਿਚ ਇਹੋ ਮਾਧਿਅਮ ਹੀ ਸਾਰੀ ਸੰਸਕ੍ਰਿਤੀ ਨੂੰ ਚਲਾਉਂਦਾ ਹੈ, ਜਿਸ ਦਾ ਇਕ ਪੱਖ ਸਾਹਿਤ ਮੰਨਿਆ ਜਾਂਦਾ ਹੈ। ਭਾਸ਼ਾ, ਸਾਹਿਤ ਅਤੇ ਸੰਸਕ੍ਰਿਤੀ ਦਾ ਇਕ ਦੂਜੇ ਵਿਚ ਘੁਲਣਾ-ਮਿਲਣਾ ਸ਼ੈਲੀ ਨੂੰ, ਅੰਤਮ ਵਿਸ਼ਲੇਸ਼ਣ ਵਿਚ ਇਕ ਸਾਂਸਕ੍ਰਿਤਕ ਪਰਪੰਚ ਬਣਾ ਦੇਂਦਾ ਹੈ। ਸਾਹਿਤ ਹਮੇਸ਼ਾ ਹੀ ਭਾਸ਼ਾ ਉੱਤੇ ਨਿਰਭਰ ਰਹਿੰਦਾ ਹੈ। ਭਾਸ਼ਾ ਸੰਸਕ੍ਰਿਤੀ ਦਾ ਸਮੁੱਚੇ ਰੂਪ ਵਿਚ ਅਨਿੱਖੜ ਅਤੇ ਅਨਿਵਾਰੀ ਅੰਗ ਹੈ, ਇਸ ਵਿਚ ਸਾਹਿਤ-ਸ਼ੈਲੀ ਦੇ ਵਿਦਿਆਰਥੀ ਨੂੰ ਵੀ ਸਾਹਿਤ ਇਕ ਭਾਸ਼ਾ-ਬੱਧ ਪ੍ਰਣਾਲੀ ਦੇ ਰੂਪ ਵਿਚ ਵੇਖਣਾ ਚਾਹੀਦਾ ਹੈ ਅਤੇ ਸਾਹਿਤ ਵਿਚ ਭਾਸ਼ਾ-ਕਾਰਜ ਨੂੰ ਉਸ ਦੇ ਦੂਜੇ ਸੰਦਰਭਾਂ ਵਿਚ ਕਾਰਜਾਂ ਨਾਲ ਜੋੜ ਕੇ ਵਾਚਣਾ ਚਾਹੀਦਾ ਹੈ।

ਜਦੋਂ ਅਸੀਂ ਭਾਸ਼ਾ ਦੇ ਵਿਹਾਰਕ ਪ੍ਰਯੋਗਾਂ ਅਤੇ ਸਾਹਿਤਕ ਪ੍ਰਯੋਗਾਂ ਦੇ ਸੰਬੰਧ ਨੂੰ ਧਿਆਨ ਵਿਚ ਰੱਖ ਕੇ ਸਾਹਿਤ-ਭਾਸ਼ਾ ਨੂੰ ਆਪਣੇ ਆਪ ਵਿਚ ਇਕ ਸੰਪੂਰਨ ਭਾਸ਼ਾ-ਪ੍ਰਣਾਲੀ ਦੇ ਤੌਰ 'ਤੇ ਵੇਖਣ ਦੇ ਜਤਨ ਕਰਦੇ ਹਾਂ ਤਾਂ ਉਸ ਸਮੇਂ ਸਾਡਾ ਧਿਆਨ ਸਹਿਜ ਰੂਪ ਵਿਚ ਉਨ੍ਹਾਂ ਸਿਧਾਂਤਾਂ, ਕਿਰਿਆ-ਵਿਧੀਆਂ, ਦ੍ਰਿਸ਼ਟੀਆਂ ਅਤੇ ਸੰਦਾਂ ਵੱਲ ਜਾਂਦਾ ਹੈ, ਜੋ ਆਧੁਨਿਕ ਭਾਸ਼ਾ-ਵਿਗਿਆਨ ਨੇ ਸਾਹਿਤ-ਅਧਿਐਨ ਦੇ ਖੇਤਰ ਵਿਚ ਸਾਨੂੰ ਦਿੱਤੀਆਂ ਹੁੰਦੀਆਂ ਹਨ। ਕੋਈ ਵੀ ਭਾਸ਼ਾ-ਵਿਗਿਆਨਕ ਸਾਹਿਤ-ਅਧਿਐਨ-ਦ੍ਰਿਸ਼ਟੀ ਸਾਹਿਤ ਦੀ ਸ਼ਾਬਦਿਕ ਸੰਰਚਨਾ ਨੂੰ ਕੇਂਦਰ ਬਣਾ ਕੇ ਆਪਣਾ ਕਾਰਜ ਆਰੰਭ ਕਰਦੀ ਹੈ। ਸਾਹਿਤ ਬਾਰੇ ਵਿਚਾਰਾਂ ਅਤੇ ਪੂਰਬ ਵਿਸ਼ਵਾਸਾਂ ਨੂੰ ਇਹ ਵਿਧੀ ਕੋਈ ਥਾਂ ਨਹੀਂ ਦੇਂਦੀ। ਇਹ ਗੱਲ ਆਪਣੇ ਆਪ ਵਿਚ ਬੜੀ ਸਰਲ ਪ੍ਰਤੀਤ ਹੁੰਦੀ ਹੈ,

ਪਰ ਸਾਹਿਤ-ਆਲੋਚਕ ਦੀ ਰਚਨਾ-ਪਾਠ ਵੱਲ ਅਨੁਕ੍ਰਿਆ ਏਨੀ ਸਰਲ ਅਤੇ ਸਿੱਧੀ ਨਹੀਂ ਹੁੰਦੀ। ਆਲੋਚਕ ਜਦੋਂ ਕਿਸੇ ਰਚਨਾ-ਪਾਠ ਦਾ ਵਿਸਥਾਰਪੂਰਨ ਵਿਸ਼ਲੇਸ਼ਣ ਕਰਨ ਦਾ ਜਤਨ ਕਰਦਾ ਹੈ ਤਾਂ ਉਹ ਰਚਨਾ ਦੇ ਸ਼ਾਬਦਿਕ ਜਗਤ ਦਾ ਅੰਗ ਨਿਖੇੜ ਕਰਦਾ ਹੈ। ਜਦੋਂ ਸ਼ਾਬਦਿਕ ਜਗਤ ਦਾ ਇਹ ਵਿਸ਼ਲੇਸ਼ਣ ਆਰੰਭ ਹੁੰਦਾ ਹੈ ਤਾਂ ਉਸ ਸਮੇਂ ਪਾਠ ਦੀ ਭਾਸ਼ਾ ਕੇਵਲ ਕਥਾਨਕ ਜਾਂ ਚਰਿਤ੍ਰ ਜਾਂ ਫੇਰ ਵਿਚਾਰ ਬਾਰੇ ਸੂਚਨਾ ਦੇਣ ਦਾ ਇਕ ਸੋਮਾ ਹੀ ਨਹੀਂ ਰਹਿੰਦੀ, ਬਲਕਿ ਪ੍ਰਧਾਨ ਰੂਪ ਵਿਚ ਸਾਡਾ ਧਿਆਨ ਉਸ ਦ੍ਵੰਦਾਤਮਕ ਪ੍ਰਕਿਰਿਆ ਵੱਲ ਲਿਜਾਂਦੀ ਹੈ, ਜੋ ਭਾਸ਼ਾ-ਪ੍ਰਯੋਗਾਂ ਦੇ ਵੰਨ-ਸੁਵੰਨੇ ਰੂਪਾਂ ਨੂੰ ਰਚਦੀ ਹੈ। ਦੂਜੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਆਲੋਚਕ ਦਾ ਪਾਠ ਵੱਲ ਪ੍ਰਤਿ-ਉੱਤਰ ਭਾਸ਼ਾ ਨੂੰ ਕੇਵਲ ਸੂਚਨਾ ਦੇਣ ਵਾਲਾ ਸਾਧਨ ਪ੍ਰਵਾਨ ਕਰਨ ਵਾਲਾ ਨਹੀਂ ਹੁੰਦਾ, ਬਲਕਿ ਭਾਸ਼ਾ ਨੂੰ ਹੀ ਇਕ ਸਿੱਧੀ-ਮਾਤਰ ਵੀ ਮੰਨਣ ਵਾਲਾ ਹੁੰਦਾ ਹੈ। ਭਾਸ਼ਾ ਇਕ ਮਾਧਿਅਮ ਨਾਲੋਂ ਇਕ ਮਾਡਲ ਦੇ ਰੂਪ ਵਿਚ ਵਧੇਰੇ ਮਹੱਤਵ ਰੱਖਦੀ ਹੈ। ਭਾਸ਼ਾ ਇਹ ਕਾਰਜ ਸਾਹਿਤ ਤੋਂ ਬਾਹਰਲੇ ਕਈ ਹੋਰ ਖੇਤਰਾਂ ਵਿਚ ਵੀ ਕਰਦੀ ਹੈ। ਭਾਸ਼ਾ ਦਾ ਰੂਪਾਂਤਰਨ ਸਭ ਚਿਹਨਕ ਪ੍ਰਣਾਲੀਆਂ ਨਿਸਚਿਤ ਕਰਦਾ ਹੈ। ਕਲਾ ਅਜਿਹੀਆਂ ਚਿਹਨਕ ਪ੍ਰਣਾਲੀਆਂ ਵਿੱਚੋਂ ਇਕ ਹੈ। ਇਸ ਲਈ ਅਸੀਂ ਨਿਸਚੇ ਹੀ ਇਸ ਵਿੱਚੋਂ ਭਾਸ਼ਾਂ ਦੇ ਅਮੂਰਤ ਰੂਪਾਂ ਦੀ ਛਾਪ ਪਛਾਣ ਸਕਦੇ ਹਾਂ। ਸਾਹਿਤ ਚਿਹਨਕ ਗਤੀਵਿਧੀਆਂ ਵਿਚ ਇਕ ਵਿਸ਼ੇਸ਼ ਸਥਾਨ ਰੱਖਦਾ ਹੈ। ਉਹ ਭਾਸ਼ਾ ਨੂੰ ਇਕ ਵਿਦਾ-ਬਿੰਦੂ ਅਤੇ ਪਹੁੰਚ-ਬਿੰਦੂ, ਦੋਹਾਂ ਦੇ ਤੌਰ 'ਤੇ ਵਰਤਦਾ ਹੈ। ਭਾਸ਼ਾ ਸਾਹਿਤ ਨੂੰ ਅਮੂਰਤ ਵਿਨਯਾਸ (configuration) ਵੀ ਪ੍ਰਦਾਨ ਕਰਦੀ ਹੈ ਅਤੇ ਨਾਲ ਹੀ ਪਛਾਣਿਆ ਜਾਣ ਵਾਲਾ ਮਾਧਿਅਮ ਵੀ ਬਣਦੀ ਹੈ। ਭਾਸ਼ਾ ਇੱਕੋ ਵੇਲੇ ਸਾਹਿਤ ਵਿਚ ਮਧਿੱਅਸਥ (medium) ਅਤੇ ਅਧਿੱਅਸਥਿਤ (mediated) ਹੁੰਦੀ ਹੈ। ਇਸ ਦ੍ਰਿਸ਼ਟੀ ਤੋਂ ਸਾਹਿਤ ਕੇਵਲ ਅਜਿਹਾ ਖੇਤਰ ਹੀ ਨਹੀਂ, ਜਿਸ ਦਾ ਅਧਿਐਨ ਭਾਸ਼ਾ ਤੋਂ ਆਰੰਭ ਕਰ ਕੇ ਕੀਤਾ ਜਾਂਦਾ ਹੈ, ਬਲਕਿ ਪਹਿਲਾ ਅਜਿਹਾ ਖੇਤਰ ਵੀ ਬਣਦਾ ਹੈ, ਜਿਸ ਦਾ ਗਿਆਨ ਭਾਸ਼ਾ ਸਾਮਗਰੀਆਂ ਉਪਰ ਵੀ ਨਵੀਂ ਰੌਸ਼ਨੀ ਪਾ ਸਕਦਾ ਹੈ। (Tzvetan Todorov : 1970)

ਆਧੁਨਿਕ ਸ਼ੈਲੀ ਵਿਗਿਆਨ ਸਾਹਿਤਕ-ਭਾਸ਼ਾ ਦੇ ਵਿਸ਼ਲੇਸ਼ਣ ਅਤੇ ਵਿਵੇਚਨ ਕਰਨ ਲਈ ਬਹੁਤ ਸਾਰੇ ਅਧਿਐਨ-ਸੰਜਮਾਂ ਦੀ ਮਿਲਵਰਤਨ ਪ੍ਰਾਪਤ ਕਰਦਾ ਹੈ। ਭਾਸ਼ਾ-ਵਿਗਿਆਨ, ਸਾਹਿਤ-ਆਲੋਚਨਾ, ਸਾਹਿਤ-ਇਤਿਹਾਸ, ਸਾਹਿਤ- ਸਿਧਾਂਤ, ਆਦਿ ਸਭ ਤੋਂ ਸਕ੍ਰਮਕ ਸਹਿਯੋਗ ਨਾਲ ਸ਼ੈਲੀ ਵਿਗਿਆਨੀਆਂ ਨੇ ਪਿਛਲੇ ਕੁਝ ਵਰ੍ਹਿਆਂ ਵਿਚ ਸਾਹਿਤ-ਪਾਠਾਂ ਦਾ ਵਿਸ਼ਲੇਸ਼ਣ ਕਰਨ ਲਈ ਅਤੇ ਸਾਹਿਤਕ ਭਾਸ਼ਾ ਅਤੇ ਉਸ ਦੇ ਭਿੰਨ ਭਿੰਨ ਸੰਦਰਭਾਂ ਵਿਚ ਰੂਪਾਂ ਦਾ ਵਰਣਨ ਕਰਨ ਲਈ ਅਜਿਹੀਆਂ ਵਿਧੀਆਂ ਅਤੇ ਜੁਗਤਾਂ ਦਾ ਵਿਕਾਸ ਕੀਤਾ ਹੈ, ਜਿਨ੍ਹਾਂ ਨਾਲ ਰਚਨਾਵਾਂ ਦੀ ਅਨੁਸ਼ਾਸਿਤ ਅਤੇ ਦੋਹਰੀ ਹੋਂਦ-ਵਿਧੀ ਨੂੰ ਉਨ੍ਹਾਂ ਦੀ ਮੌਲਿਕਤਾ ਦੇ ਵਿਵਿਧਤਾ ਨੂੰ ਨਸ਼ਟ ਕੀਤੇ ਬਿਨਾਂ ਪਛਾਣਿਆ ਜਾ ਸਕੇ।

ਸ਼ੈਲੀ ਵਿਗਿਆਨ ਨੂੰ ਹੁਣ ਤਕ ਇਕ ਪਾਸੇ ਭਾਸ਼ਾ-ਵਿਗਿਆਨ ਦੇ ਇਕ ਅੰਗ

ਦੇ ਰੂਪ ਵਜੋਂ ਵੇਖਣ ਦਾ ਜਤਨ ਕੀਤਾ ਜਾਂਦਾ ਰਿਹਾ ਹੈ ਅਤੇ ਦੂਜੇ ਪਾਸੇ ਇਸ ਨੂੰ ਸਾਹਿਤ ਸਿਧਾਂਤ ਦੀ ਪਰੰਪਰਾ ਨਾਲ ਜੋੜਿਆ ਜਾਂਦਾ ਰਿਹਾ ਹੈ। ਭਾਸ਼ਾ-ਵਿਗਿਆਨੀ ਅਤੇ ਸਾਹਿਤ-ਆਲੋਚਕ ਦੋਵੇਂ ਹੀ ਆਪੋ ਆਪਣੇ ਖੇਤਰਾਂ ਵਿਚ ਕੈਦ ਰਹਿ ਕੇ ਇਕ ਦੂਜੇ ਤੋਂ ਲਾਂਭੇ ਰਹਿਣ ਦਾ ਜਤਨ ਕਰਦੇ ਰਹੇ ਹਨ। ਇਨ੍ਹਾਂ ਦੋਹਾਂ ਦਾ ਆਪਸ ਵਿਚ ਕਿਸੇ ਤਰ੍ਹਾਂ ਸੰਬਾਦ ਪੈਦਾ ਨਹੀਂ ਹੋਇਆ। ਜਦੋਂ ਅਸੀਂ ਪੰਜਾਬੀ ਦੀ ਵਰਤਮਾਨ ਆਲੋਚਨਾ ਸਥਿਤੀ ਉਪਰ ਨਜ਼ਰ ਮਾਰਦੇ ਹਾਂ ਤਾਂ ਦਸ਼ਾ ਹੋਰ ਵੀ ਤਰਸਯੋਗ ਪ੍ਰਤੀਤ ਹੁੰਦੀ ਹੈ। ਪਹਿਲਾਂ ਤਾਂ ਸਾਡੇ ਵਿਚ ਨਾ ਸਾਹਿਤ-ਵਿਗਿਆਨ ਅਤੇ ਨਾ ਹੀ ਭਾਸ਼ਾ-ਵਿਗਿਆਨ ਨੂੰ ਵਸਤੂ-ਮੂਲਕ ਆਧਾਰਾਂ ਉਪਰ ਖੜਿਆਂ ਕਰਨ ਦੀ ਕੋਈ ਰੁਚੀ ਨਜ਼ਰ ਆਉਂਦੀ ਹੈ ਅਤੇ ਨਾ ਹੀ ਇਨ੍ਹਾਂ ਦੋਵਾਂ ਖੇਤਰਾਂ ਦੇ ਮਾਹਿਰ ਇਕ ਦੂਜੇ ਦੇ ਸਹਿਯੋਗ ਵਿਚ ਸਾਹਿਤ-ਅਧਿਐਨ ਲਈ ਕੋਈ ਨਵੇਂ ਆਧਾਰ ਲੱਭ ਰਹੇ ਹਨ। ਪੰਜਾਬੀ ਆਲੋਚਕ ਨੂੰ ਭਾਸ਼ਾ-ਵਿਗਿਆਨ ਦਾ ਮਾੜਾ-ਮੋਟਾ ਗਿਆਨ ਤਾਂ ਇਕ ਪਾਸੇ, ਉਹ ਸਾਹਿਤ-ਸਿਧਾਂਤ ਬਾਰੇ ਜਾਣਨਾ ਵੀ ਵਾਧੂ ਭਾਰ ਸਮਝਦਾ ਹੈ। ਜੇ ਅਸੀਂ ਭਾਰਤ ਦੀਆਂ ਦੂਜੀਆਂ ਭਾਸ਼ਾਵਾਂ ਵਿਚ, ਜਿਵੇਂ ਹਿੰਦੀ ਵਿਚ ਮਿਲਦੀ ਆਲੋਚਨਾ ਵੇਖੀਏ ਤਾਂ ਭਾਸ਼ਾ-ਵਿਗਿਆਨ ਅਤੇ ਸਾਹਿਤ-ਸਮੀਖਿਆ ਦੇ ਵਿਚਕਾਰ ਸਾਨੂੰ ਇਹ ਖਾਈ ਹੋਰ ਵੀ ਸਪੱਸ਼ਟ ਰੂਪ ਵਿਚ ਨਜ਼ਰ ਆਉਂਦੀ ਹੈ। ਇਕ ਪਾਸੇ ਹਿੰਦੀ ਦੇ ਅਜਿਹੇ ਆਲੋਚਕ ਹਨ, ਜਿਨ੍ਹਾਂ ਨੇ ਸਾਹਿਤ-ਸਿਧਾਂਤ ਬਾਰੇ ਬਹੁਤ ਕੁਝ ਲਿਖਿਆ ਹੈ, ਪਰ ਆਪਣੀ ਆਲੋਚਨਾ ਅਤੇ ਵਿਵੇਚਨਾ ਵਿਚ ਭਾਸ਼ਾ-ਵਿਗਿਆਨਕ ਉਪਲਬਧੀਆਂ ਦੀ ਜ਼ਰਾ ਵੀ ਵਰਤੋਂ ਨਹੀਂ ਕੀਤੀ ਅਤੇ ਨਾ ਹੀ ਉਸ ਦੇ ਆਧਾਰ ਤੇ ਆਪਣੀ ਆਲੋਚਨਾ ਨੂੰ ਵਧੇਰੇ ਵਿਗਿਆਨਕ ਅਤੇ ਵਸਤੂ-ਮੁੱਖ ਬਣਾਉਣ ਦਾ ਜਤਨ ਕੀਤਾ ਹੈ। ਇਸੇ ਤਰ੍ਹਾਂ ਦੂਜੇ ਪਾਸੇ ਅਨੇਕ ਅਜਿਹੇ ਵਿਦਵਾਨ ਹਨ, ਜਿਨ੍ਹਾਂ ਨੇ ਭਾਸ਼ਾ ਦੀ ਰੂਪ-ਪ੍ਰਕਿਰਤੀ ਨੂੰ ਸਮਝਣ ਦੇ ਸ਼ਲਾਘਾਯੋਗ ਜਤਨ ਕੀਤੇ ਹਨ, ਪਰ ਉਸ ਗਿਆਨ ਦੀ ਵਰਤੋਂ ਸਾਹਿਤ-ਰਚਨਾਵਾਂ ਦੇ ਅਧਿਐਨ-ਵਿਸ਼ਲੇਸ਼ਣ ਦੀ ਦ੍ਰਿਸ਼ਟੀ ਤੋਂ ਨਹੀਂ ਕੀਤੀ। ਪ੍ਰੋ. ਰਾਵੀਂਦਰ ਨਾਥ ਸ੍ਰੀਵਾਸਤਵ ਇਸ ਸਥਿਤੀ ਉਪਰ ਰੌਸ਼ਨੀ ਪਾਉਂਦੇ ਹੋਏ 'ਸ਼ੈਲੀ-ਵਿਗਿਆਨ ਔਰ ਆਲੋਚਨਾ ਕੀ ਨਈ ਭੂਮਿਕਾ', ਪੁਸਤਕ ਵਿਚ ਲਿਖਦੇ ਹਨ ਕਿ ਇਕ ਹੀ 'ਅਨੁਸ਼ਾਸਨ' ਦੇ ਅੰਦਰ ਦੋ ਸੰਸਕ੍ਰਿਤੀਆਂ ਦੇ ਵ੍ਿਚ ਵਧਦੀ ਹੋਈ ਖਾਈ ਦੀ ਸਮੱਸਿਆ ਜੇਕਰ ਸਾਡੇ ਵਿਚਾਰਣਯੋਗ ਹੈ ਤਾਂ ਭਾਸ਼ਾ ਅਤੇ ਸਾਹਿਤ ਦੇ ਅਧਿਐਨ-ਖੇਤਰ ਦੇ ਆਪਸੀ ਰੁਝੇਵੇਂ ਦਾ ਪ੍ਰਸ਼ਨ ਵੀ ਅੱਜ ਸਾਡਾ ਸਭ ਤੋਂ ਜ਼ਿਆਦਾ ਧਿਆਨ ਖਿਚਦਾ ਹੈ। (1972 : 81)

ਇਕ ਪਾਸੇ ਸ਼ੈਲੀ ਵਿਗਿਆਨ ਅਤੇ ਦੂਜੇ ਪਾਸੇ ਸਾਹਿੱਤ-ਅਧਿਐਨ ਪਰੰਪਰਾ ਦਾ ਪਰਸਪਰ ਤਨਾਉ ਪੱਛਮੀ ਸਾਹਿਤ ਦੀ ਸ਼ਾਸਤਰੀ ਪਰੰਪਰਾ ਵਿਚ ਵੀ ਤੁਰਿਆ ਆਉਂਦਾ ਹੈ। ਅੱਜ ਉਥੇ ਵੀ ਸ਼ੈਲੀ ਵਿਗਿਆਨ ਦੇ ਖੇਤਰ ਵਿਚ ਸਾਨੂੰ ਦੋ ਪਰਸਪਰ ਵਿਰੋਧੀ ਧਿਰਾਂ ਆਪਸ ਵਿਚ ਟਕਰਾਉਂਦੀਆਂ ਨਜ਼ਰ ਆਉਂਦੀਆਂ ਹਨ। ਇਕ ਧਿਰ ਸਾਹਿਤਕ ਸ਼ੈਲੀ ਵਿਗਿਆਨੀਆਂ ਦੀ ਹੈ, ਜੋ ਇਹ ਸਮਝਦੇ ਹਨ ਕਿ ਭਾਸ਼ਾ-ਵਿਗਿਆਨਕ ਸ਼ੈਲੀ ਵਿਗਿਆਨ ਸਾਹਿਤ ਦੇ ਆਖੰਡ ਅਨੁਭਵ ਅਤੇ ਸੁਹਜ ਨੂੰ ਅਰਥ

ਪ੍ਰਦਾਨ ਕਰਨ ਵਿਚ ਕੋਈ ਯੋਗ ਹਿੱਸਾ ਨਹੀਂ ਪਾ ਸਕਦਾ। ਦੂਜੇ ਪਾਸੇ ਭਾਸ਼ਾ ਵਿਗਿਆਨਕ ਸ਼ੈਲੀ- ਵਿਗਿਆਨ ਦੀ ਪ੍ਰਤਿਨਿਧਤਾ ਕਰਨ ਵਾਲੇ ਵਿਦਵਾਨ ਇਹ ਸਮਝਦੇ ਹਨ ਕਿ ਨਿਰੋਲ ਸਾਹਿਤਕ ਸ਼ੈਲੀ ਵਿਗਿਆਨ ਨਾ ਤਾਂ ਮੂਲ ਆਧਾਰੀ ਆਲੋਚਨਾ ਦੇ ਘੇਰੇ ਵਿੱਚੋਂ ਬਾਹਰ ਨਿਕਲ ਸਕਦਾ ਹੈ ਅਤੇ ਨਾ ਹੀ ਵਸਤੂਪਰਕ ਆਧਾਰਾਂ ਉਪਰ ਉਹ ਸਾਹਿਤ-ਸੰਰਚਨਾ ਦੇ ਅੰਤਰ ਪਸਾਰਾਂ ਦੀ ਵੰਨ-ਸੁਵੰਨਤਾ ਅਤੇ ਅਮੀਰੀ ਨੂੰ ਉਘਾੜ ਸਕਦਾ ਹੈ। ਪਰ ਫੇਰ ਵੀ ਇਨ੍ਹਾਂ ਦੋਹਾਂ ਅੰਤਮ ਪੱਖੀ ਦ੍ਰਿਸ਼ਟੀਆਂ ਵਿਚਾਲੇ ਅਜਿਹੀ ਭੂਮੀ ਵੀ ਪੈਦਾ ਹੋ ਰਹੀ ਹੈ, ਜਿਥੇ ਇਹ ਦੋਹਾਂ ਪ੍ਰਕਾਰਾਂ ਦੀ ਵਿਦਵਤਾ ਇਕ ਦੂਜੇ ਨੂੰ ਪਛਾਣਨ ਦੇ ਆਹਰ ਵਿਚ ਲਗੀ ਹੋਈ ਹੈ। ਅਸਲ ਵਿਚ ਇਨ੍ਹਾਂ ਦੋਹਾਂ ਦ੍ਰਿਸ਼ਟੀਆਂ ਦਾ ਆਪਸ ਵਿਚ ਰਿਸ਼ਤਾ ਬੁਨਿਆਦੀ ਤੌਰ 'ਤੇ ਪਰਸਪਰ ਵਿਰੋਧ ਅਤੇ ਟਕਰਾਉ ਵਾਲਾ ਨਹੀਂ। ਨਵੀਂ ਸਾਹਿਤਕ ਵਿਦਵਤਾ ਦੇ ਘੇਰਿਆਂ ਵਿਚ ਮੰਨਿਆ ਗਿਆ ਹੈ ਕਿ ਸਾਹਿਤ-ਆਲੋਚਨਾ ਦੇ ਬਹੁਏਕਾਧ ਵਿਚ ਭਾਸ਼ਾ-ਵਿਗਿਆਨਕ ਸ਼ੈਲੀ ਵਿਗਿਆਨ (stylolinguistics) ਅਤੇ ਸਾਹਿਤਕ ਸ਼ੈਲੀ ਵਿਗਿਆਨ ਦੋਵੇਂ ਸਾਹਿਤਕ ਭਾਸ਼ਾ ਨੂੰ ਵੇਖਣ ਵਾਲੀਆਂ ਬਹੁਤ ਸਾਰੀਆਂ ਸੰਭਵ ਵਿਧੀਆਂ ਵਿਚ ਵੱਖੋ-ਵੱਖਰੇ ਖੇਤਰਾਂ ਨੂੰ ਆਧਾਰ ਬਣਾਉਂਦੇ ਹਨ।

ਭਾਸ਼ਾ-ਵਿਗਿਆਨਕ ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਕਿਸੇ ਭਾਸ਼ਾ-ਸੰਬਾਦ ਦੇ ਸ਼ੈਲੀ-ਮੂਲਕ ਲੱਛਣ, ਇਤਿਹਾਸਕ, ਖੇਤਰੀ ਤੇ ਸਮਾਜਿਕ ਵਿਵਿਧਤਾ ਨੂੰ ਦਰਸਾਉਣ ਵਾਲੇ ਹੋ ਸਕਦੇ ਹਨ। ਸਾਹਿਤ ਦਾ ਪਾਰਖੂ ਵੀ ਭਾਸ਼ਾ-ਵਿਗਿਆਨ ਤੋਂ ਸਹਾਇਤਾ ਲੈ ਕੇ ਸ਼ੈਲੀ ਵਿਗਿਆਨ ਦੇ ਖੇਤਰ ਵਿਚ ਦਾਖ਼ਲ ਹੁੰਦਾ ਹੈ, ਕਿਉਂਕਿ ਤਾਂ ਹੀ ਉਹ ਉਨ੍ਹਾਂ ਪ੍ਰਤਿਮਾਨਾਂ ਨੂੰ ਨਿਸਚਿਤ ਕਰ ਸਕਦਾ ਹੈ, ਜਿਨ੍ਹਾਂ ਨਾਲ ਉਸ ਨੇ ਅਧਿਐਨ ਦਾ ਵਿਸ਼ੈ ਬਣੇ ਪਾਠ ਨੂੰ ਤੁਲਨਾ ਵਿਚ ਦੇਖਨਾ ਹੁੰਦਾ ਹੈ। ਇਸ ਤਰ੍ਹਾਂ ਭਾਸ਼ਾ- ਵਿਗਿਆਨ, ਸ਼ੈਲੀ ਵਿਗਿਆਨ ਅਤੇ ਸਾਹਿਤ-ਅਧਿਐਨ ਤਿੰਨਾਂ ਦਾ ਪਰਸਪਰ ਸੰਬੰਧ ਇਕ ਨੁਕਤੇ ਉੱਤੇ ਜਾ ਕੇ ਜੁੜਨ ਵਾਲਾ ਬਣਦਾ ਹੈ।

ਇਨ੍ਹਾਂ ਤਿੰਨਾਂ ਅਨੁਸ਼ਾਸਨਾਂ ਦੇ ਅੰਤਰ-ਸੰਬੰਧਾਂ ਨੂੰ ਅਸੀਂ ਕਈ ਦ੍ਰਿਸ਼ਟੀਕੋਣਾਂ ਤੋਂ ਪਛਾਣਨ ਦਾ ਜਤਨ ਕਰ ਸਕਦੇ ਹਾਂ। ਅਸੀਂ ਸ਼ੈਲੀ ਵਿਗਿਆਨ ਨੂੰ ਭਾਸ਼ਾ-ਵਿਗਿਆਨ ਦੇ ਇਕ ਉਪ-ਅਨੁਸ਼ਾਸਨ ਦੇ ਰੂਪ ਵਿਚ ਵੇਖ ਸਕਦੇ ਹਾਂ ਅਤੇ ਸਾਹਿਤ ਦੇ ਭਿੰਨ ਭਿੰਨ ਪਾਠਾਂ ਦੇ ਖ਼ਾਸ ਲੱਛਣਾਂ ਨੂੰ ਸਾਹਮਣੇ ਲਿਆਉਣ ਦਾ ਸਾਧਨ ਮੰਨ ਸਕਦੇ ਹਾਂ। ਇਸੇ ਪ੍ਰਕਾਰ ਇਸ ਨੂੰ ਅਸੀਂ ਸਾਹਿਤ-ਅਧਿਐਨ ਦਾ ਭਾਗ ਵੀ ਮੰਨ ਸਕਦੇ ਹਾਂ, ਜੋ ਲੋੜ ਪੈਣ ਉਪਰ ਭਾਸ਼ਾ-ਵਿਗਿਆਨਕ ਵਿਧੀਆਂ ਦੀ ਵਰਤੋਂ ਕਰੇ। ਇਨ੍ਹਾਂ ਦੋਹਾਂ ਸੰਭਾਵਨਾਵਾਂ ਤੋਂ ਬਿਨਾਂ ਇਕ ਤੀਜੀ ਸੂਰਤ ਵੀ ਮੰਨੀ ਜਾ ਸਕਦੀ ਹੈ, ਜਿਸ ਵਿਚ ਅਸੀਂ ਸ਼ੈਲੀ ਵਿਗਿਆਨ ਨੂੰ ਇਕ ਖ਼ੁਦਮੁਖ਼ਤਿਆਰ ਅਨੁਸ਼ਾਸਨ ਦੇ ਤੌਰ 'ਤੇ ਗ੍ਰਹਿਣ ਕਰੀਏ, ਜੋ ਬਿਨਾਂ ਕਿਸੇ ਸੰਕੋਚ ਅਤੇ ਮਿਸ਼੍ਰਿਤ ਰੂਪ ਵਿਚ ਭਾਸ਼ਾ-ਵਿਗਿਆਨ ਅਤੇ ਸਾਹਿਤ-ਅਧਿਐਨ ਦੋਹਾਂ ਦੀਆਂ ਵਿਧੀਆਂ ਨੂੰ ਅਪਣਾਉਂਦਾ ਹੋਵੇ। ਇਸ ਸੰਦਰਭ ਵਿਚ ਅਸੀਂ ਇਹ ਹੀ ਕਹਿ ਸਕਦੇ ਹਾਂ ਕਿ ਤਿੰਨਾਂ ਵਿਧੀਆਂ ਦੇ ਆਪਣੇ ਗੁਣ ਹਨ ਅਤੇ ਇਨ੍ਹਾਂ ਤਿੰਨਾਂ ਵਿੱਚੋਂ ਕਿਸੇ ਇਕ ਦੀ ਦੂਜਿਆਂ ਉਪਰ ਪ੍ਰਭੁਤਾ ਸਥਾਪਤ ਕਰਨੀ

ਬੇਅਰਥ ਹੋਵੇਗੀ। ਇਨ੍ਹਾਂ ਵਿੱਚੋਂ ਕਿਹੜੀ ਵਿਧੀ ਯੋਗ ਮੰਨੀ ਜਾਏ, ਇਹ ਵਿਸ਼ੇਸ਼ ਸਥਿਤੀ ਉਪਰ ਨਿਰਭਰ ਕਰੇਗਾ। ਕਿਸੇ ਵੇਲੇ ਸ਼ੈਲੀ ਨੂੰ ਭਾਸ਼ਾਈ ਵਿਵਿਧਤਾ ਦੇ ਭਿੰਨ ਭਿੰਨ ਪ੍ਰਕਾਰਾਂ ਵਿਚ ਗ੍ਰਹਿਣ ਕਰਨਾ ਯੋਗ ਮੰਨਿਆ ਜਾਏਗਾ; ਕਿਸੇ ਵੇਲੇ ਕਿਸੇ ਲੇਖਕ ਦੀ ਪ੍ਰੇਰਣਾ ਦੇ ਆਧਾਰ ਉਪਰ ਉਸ ਦੇ ਪਾਠ ਦੀ ਸ਼ੈਲੀ ਨਿਸਚਿਤ ਕਰਨ ਦਾ ਜਤਨ ਕੀਤਾ ਜਾਏਗਾ। ਥੋੜ੍ਹੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ਼ੈਲੀ ਵਿਗਿਆਨ ਉਪਰ ਹੁਣ ਤਕ ਸਾਹਿਤਕ ਅਧਿਐਨ ਵਿਧੀਆਂ ਹਾਵੀ ਰਹੀਆਂ ਹਨ। ਇਥੋਂ ਤਕ ਕਿ ਭਾਸ਼ਾ-ਵਿਗਿਆਨਕ ਸ਼ੈਲੀ ਵਿਗਿਆਨ ਦੇ ਹਮਾਇਤੀ ਵੀ ਸਾਹਿਤਕ ਸ਼ੈਲੀ-ਵਿਗਿਆਨ ਦੇ ਪ੍ਰਮੁੱਖ ਸਕੂਲਾਂ ਦੇ ਮਹੱਤਵ ਨੂੰ ਪ੍ਰਵਾਨ ਕਰਦੇ ਹਨ। ਇਨ੍ਹਾਂ ਵਿੱਚੋਂ ਫ਼ਰਾਂਸੀਸੀ ਪਾਠ ਵਿਸਥਾਰਣ ਦੀ ਲਹਿਰ (emplication detexte) ਵੋਜ਼ਲਰ ਸਪਿਟਜ਼ਰ ਅਤੇ ਕਰੋਚੇ ਦੀਆਂ ਅਧਿਐਨ ਵਿਧੀਆਂ, ਰੂਸੀ ਰੂਪਵਾਦ, ਪ੍ਰਾਗ ਸਕੂਲ ਦੇ ਸਾਹਿਤ ਅਧਿਐਨ ਸਿਧਾਂਤ, ਐਂਗਲੋ ਅਮਰੀਕੀ ਨਵ-ਆਲੋਚਨਾ ਅਤੇ ਇਸ ਦੀਆਂ ਭਿੰਨ ਭਿੰਨ ਸ਼ਾਖ਼ਾਵਾਂ ਅਤੇ ਇਨ੍ਹੀਂ ਦਿਨੀਂ ਪ੍ਰਚਲਿਤ ਫ਼ਰਾਂਸੀਸੀ ਨਵ-ਸੰਰਚਨਾਵਾਦ ਆਦਿ ਨੇ ਸ਼ੈਲਿਕੀ ਭਾਸ਼ਾ-ਵਿਗਿਆਨ ਦੇ ਖੇਤਰ ਦੇ ਵਿਕਸਿਤ ਹੋਣ ਵਿਚ ਮੁੱਢਲੀ ਦੇਣ ਦਿੱਤੀ ਹੈ, ਕਿਉਂਕਿ ਇਹ ਸਾਰੀਆਂ ਪ੍ਰਵਿਰਤੀਆਂ ਪ੍ਰਮੁੱਖ ਰੂਪ ਵਿਚ ਆਲੋਚਨਾ ਦੇ ਭਾਸ਼ਾਵਾਦੀ ਦ੍ਰਿਸ਼ਟੀਕੋਣ ਨੂੰ ਹੀ ਪ੍ਰਫੁਲਿਤ ਕਰ ਰਹੀਆਂ ਸਨ।

ਸ਼ੈਲੀ ਵਿਗਿਆਨਕ ਆਲੋਚਨਾ ਦੀ ਭੂਮਿਕਾ ਨੂੰ ਸਮਝਣ ਲਈ ਇਨ੍ਹਾਂ ਪ੍ਰਵਿਰਤੀਆਂ ਅਤੇ ਧਾਰਾਵਾਂ ਅਤੇ ਸਾਹਿਤ-ਅਧਿਐਨ-ਵਿਧੀਆਂ ਉਪਰ ਸੰਖੇਪ ਵਿਚਾਰ ਕਰਨੀ ਅਯੋਗ ਨਹੀਂ ਹੋਵੇਗੀ :

1. ਸਾਹਿਤ-ਪਾਠਾਂ ਦਾ ਅਰਥ-ਵਿਸਥਾਰ ਕਰਨ ਵਾਲੇ ਫ਼ਰਾਂਸੀਸੀ ਸਕੂਲ ਦੀਆਂ ਜੜ੍ਹਾਂ ਉਨ੍ਹੀਂਵੀਂ ਸਦੀ ਵਿਚ ਵੇਖੀਆਂ ਜਾ ਸਕਦੀਆਂ ਹਨ। ਇਸ ਦਾ ਮੁੱਖ ਪ੍ਰਯੋਜਨ ਰਚਨਾ ਦਾ ਨਿਕਟ ਅਧਿਐਨ ਕਰਨਾ ਰਿਹਾ ਹੈ, ਜੋ ਇਤਿਹਾਸਕ ਅਤੇ ਭਾਸ਼ਾਈ ਸੂਚਨਾ ਨੂੰ ਜੋੜ ਕੇ ਸੁਹਜ-ਅਨੁਕ੍ਰਿਆਵਾਂ ਅਤੇ ਕਿਸੇ ਪਾਠ ਵਿਸ਼ੇਸ਼ ਵੱਲੋਂ ਪ੍ਰਾਪਤ ਟੁੰਬਾਂ ਵਿਚਕਾਰ ਸੰਬੰਧ ਲੱਭਣ ਦਾ ਜਤਨ ਕਰਦਾ ਰਿਹਾ ਹੈ। ਇਸ ਦੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਸ ਨੇ ਬੱਝੀਆਂ ਹੋਈਆਂ ਰੂਪ-ਵਿਧੀਆਂ ਦੀ ਵਲਗਣ ਵਿਚ ਰਹਿਣ ਤੋਂ ਇਨਕਾਰ ਕੀਤਾ ਹੈ।

2. ਬਰਤਾਨਵੀਂ ਅਤੇ ਅਮਰੀਕੀ ਨਵ-ਆਲੋਚਨਾ ਦੀ ਦ੍ਰਿਸ਼ਟੀ ਵੀ ਕਾਵਿ-ਪਾਠ ਉਪਰ ਕੇਂਦ੍ਰਿਤ ਰਹੀ ਹੈ। ਇਨ੍ਹਾਂ ਆਲੋਚਕਾਂ ਲਈ ਆਲੋਚਨਾ ਦਾ ਇੱਕੋ ਇਕ ਆਧਾਰ ਪਾਠ ਵਿਸ਼ੇਸ਼ ਸੀ, ਜੋ ਕਵੀ ਦੀ ਜੀਵਨੀ ਅਤੇ ਸਮੇਂ ਦੇ ਇਤਿਹਾਸ ਨੂੰ ਆਲੋਚਨਾ ਕਾਰਜ ਵਿਚ ਨਹੀਂ ਲਿਆਉਂਦਾ। ਨਵ-ਆਲੋਚਨਾ ਨੇ ਜਿਥੇ ਇਕ ਪਾਸੇ ਕਾਵਿ-ਵਿਸਥਾਰ, ਤਕਨੀਕ ਅਤੇ ਸੰਰਚਨਾ ਨੂੰ ਭਰਪੂਰ ਉਘਾੜਿਆ, ਦੂਜੇ ਪਾਸੇ ਉਹ ਇਕ ਪ੍ਰਕਾਰ ਦੇ ਸਾਂਸਕ੍ਰਿਤਕ ਖਲਾਅ ਵਿਚ ਵਿਚਰਦੀ ਰਹੀ ਅਤੇ ਉਸ ਨੇ ਅਜਿਹੇ ਕਾਵਿ-ਲਛਣਾਂ ਵੱਲੋਂ ਬੇਮੁਖਤਾ ਦਿਖਾਈ, ਜਿਨ੍ਹਾਂ ਨੂੰ ਵਿਲੱਖਣ ਸਾਂਸਕ੍ਰਿਤਕ ਅਤੇ ਭਾਸ਼ਾਈ ਪਿਛੋਕੜ ਦੇ ਵੱਡੇ ਪੈਮਾਨੇ ਉਪਰ ਪੁਨਰ-ਨਿਰਮਾਣ ਨਾਲ ਹੀ ਸਮਝਿਆ ਜਾ ਸਕਦਾ

ਸੀ। ਪਰ ਪਾਠ ਦੇ ਭਾਸ਼ਾਈ ਵਿਸਥਾਰ ਵੱਲ ਵਧਦੀ ਉਨ੍ਹਾਂ ਦੀ ਰੁਚੀ ਨੇ ਸਾਹਿਤ-ਆਲੋਚਨਾ ਨੂੰ ਭਾਸ਼ਾ-ਵਿਗਿਆਨ ਦੇ ਨੇੜੇ ਲੈ ਆਂਦਾ।

3. ਵੋਜ਼ਲਰ, ਕਰੋਚੇ, ਸਪਿਟਜ਼ਰ ਅਤੇ ਹੋਰ ਆਦਰਸ਼ਵਾਦੀਆਂ ਨੇ ਭਾਸ਼ਾਈ ਪ੍ਰਗਟਾਵਿਆਂ ਦੀ ਤਹਿ ਵਿਚ ਲੁਕੇ ਹੋਏ ਵਿਚਾਰਾਂ ਨੂੰ ਲੱਭਣ ਲਈ ਕਈ ਰਾਹ ਅਪਣਾਏ। ਵੋਜ਼ਲਰ ਖ਼ਾਸ ਤੌਰ 'ਤੇ ਭਾਸ਼ਾਈ ਸੰਰਚਨਾ ਰਾਹੀਂ ਰਾਸ਼ਟਰੀ ਸੰਸਕ੍ਰਿਤੀਆਂ ਦੇ ਨਕਸ਼ ਪਛਾਣਨ ਵਿਚ ਦਿਲਚਸਪੀ ਰੱਖਦਾ ਸੀ। ਕਰੋਚੇ ਭਾਸ਼ਾ ਨੂੰ ਇਕ ਰਚਨਾ ਮੰਨਦਾ ਸੀ ਅਤੇ ਇਸ ਤਰ੍ਹਾਂ ਉਹ ਭਾਸ਼ਾ-ਵਿਗਿਆਨ ਨੂੰ ਸੁਹਜ-ਸ਼ਾਸਤਰ ਦਾ ਹੀ ਇਕ ਉਪ-ਵਿਭਾਗ ਸਮਝਦਾ ਸੀ। ਸਪਿਟਜ਼ਰ ਸੰਸਕ੍ਰਿਤੀ ਅਤੇ ਭਾਸ਼ਾਈ ਪ੍ਰਗਟਾਵੇ ਵਿਚ ਸਾਂਝ ਲੱਭਣ ਦਾ ਜਤਨ ਕਰਦਾ ਹੈ।

4. ਰੂਸੀ ਰੂਪਵਾਦ ਨੂੰ ਵੀ ਵਿਦਵਾਨਾਂ ਨੇ ਪਿਛਲੇ ਕੁਝ ਵਰ੍ਹਿਆਂ ਵਿਚ ਸਮਝਣ ਦਾ ਜਤਨ ਕੀਤਾ ਹੈ। ਫ਼ਰਾਂਸੀਸੀ ਨਵ-ਸੰਰਚਨਾਵਾਦੀਆਂ ਉਪਰ ਉਨ੍ਹਾਂ ਦਾ ਪ੍ਰਭਾਵ ਨਿਰਵਿਵਾਦ ਹੈ। ਰੂਸੀ ਰੂਪਵਾਦੀਆਂ ਦੀਆਂ ਧਾਰਨਾਵਾਂ ਭਾਸ਼ਾਈ ਅਤੇ ਸਾਹਿੱਤ ਇਤਿਹਾਸ ਵਿਚ ਪੈਦਾ ਹੋਏ ਅਕਾਦਮਿਕ ਸੁੰਗੇੜ ਅਤੇ ਪ੍ਰਤੀਕਵਾਦੀ ਲਹਿਰ ਦੇ ਪ੍ਰਤਿ ਵਿਦਰੋਹ ਦੇ ਰੂਪ ਵਿਚ ਜਨਮ ਲੈਂਦੀਆਂ ਹਨ। ਪਹਿਲੇ ਸੰਸਾਰ ਯੁੱਧ ਦੇ ਸ਼ੁਰੂ ਵਿਚ ਮਾਸਕੋ ਅਤੇ ਪੈਟਰੋਗ੍ਰਾਦ ਵਿਚ ਕੁਝ ਨੌਜਵਾਨ ਵਿਦਵਾਨਾਂ ਨੇ ਵਿਕੋਲਿਤਰੇ ਰੂਪਵਾਦੀ ਸਿਧਾਂਤਾਂ ਨੂੰ ਇਕ ਪ੍ਰੋਗਰਾਮ ਦੇ ਰੂਪ ਵਿਚ ਧਾਰਨ ਕੀਤਾ ਅਤੇ ਫੇਰ ਉਨ੍ਹਾਂ ਨੂੰ ਸਾਹਿਤ ਦੀਆਂ ਕੁਝ ਠੋਸ ਸਮੱਸਿਆਵਾਂ ਉਪਰ ਲਾਗੂ ਕਰਨ ਦਾ ਜਤਨ ਕੀਤਾ। ਉਨ੍ਹਾਂ ਦਾ ਵਧੇਰੇ ਧਿਆਨ ਸਾਹਿਤ ਵਸਤੂ ਦੀ ਬਜਾਏ ਕਲਾਤਮਕ ਜੁਗਤਾਂ ਉਪਰ ਸੀ। ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਰੂਪਵਾਦੀ, ਆਦਰਸ਼ਵਾਦੀਆਂ ਦੇ ਸਿਧਾਂਤਾਂ ਦੇ ਐਨ ਉਲਟ ਸਨ। ਰੂਪਵਾਦ ਵਧੇਰੇ ਕਰਕੇ ਵਿਅਕਤੀਗਤ ਵਿਚਾਰਾਂ ਦਾ ਇਕ ਸਮੂਹ ਰਿਹਾ ਹੈ, ਜਿਨ੍ਹਾਂ ਦਾ ਪਿਛੋਕੜ ਸਾਂਝਾ ਸੀ। ਪਰ ਇਹ ਕਿਸੇ ਬਝਵੇਂ ਇਕ ਰੂਪ ਸਿਧਾਂਤ ਵਿਚ ਨਹੀਂ ਬਦਲਿਆ। ਇਸ ਤਰ੍ਹਾਂ ਭਿੰਨ ਭਿੰਨ ਰੂਪਵਾਦੀ, ਸ਼ੈਲੀ ਵਿਗਿਆਨ ਨੂੰ ਵੀ ਭਿੰਨ ਭਿੰਨ ਰੂਪਾਂ ਵਿਚ ਵੇਖਦੇ ਰਹੇ ਹਨ, ਪਰ ਉਨ੍ਹਾਂ ਦਾ ਧਿਆਨ ਸਦਾ ਸ਼ੈਲੀ ਦੇ ਭਿੰਨ ਭਿੰਨ ਰੂਪਵਾਦੀ ਪ੍ਰਗਟਾਵਿਆਂ ਉਪਰ ਟਿਕਿਆ ਰਿਹਾ ਹੈ। ਉਨ੍ਹਾਂ ਨੇ ਸ਼ੈਲੀ ਨੂੰ ਇਕ ਦਸ਼ਾ ਵਿਚ ਪ੍ਰਤਿਮਾਨ ਦਾ ਅਤਿਕਰਮਣ ਸਮਝਿਆ ਹੈ। ਇਕ ਹੋਰ ਦ੍ਰਿਸ਼ਟੀ ਰੋਮਨ ਜੈਕੋਬਸਨ ਦੀ ਹੈ, ਜੋ ਕਲਾਤਮਕ ਗਦ ਅਤੇ ਕਵਿਤਾ ਦੇ ਅੰਤਰ ਨੂੰ ਮੈਟੋਨਿਮੀ ਅਤੇ ਮੈਟਾਫ਼ਰ ਦੇ ਆਧਾਰਾਂ ਉੱਤੇ ਵੇਖਣ ਦਾ ਜਤਨ ਕਰਦਾ ਹੈ। ਤਿਨਜੈਨੋਵ ਨੇ ਕਾਵਿ ਦੇ ਰਚਨਾ-ਰੂਪਾਂ ਅਤੇ ਜੁੜਵੇਂ ਬੋਲੀ ਦੇ ਮਿਆਰਾਂ ਨੂੰ ਆਪਸ ਵਿਚ ਸੰਬੰਧਿਤ ਕਰਨ ਦਾ ਜਤਨ ਕੀਤਾ ਹੈ। ਜ਼ੀਰ ਮੂਸਕਿੰਜ ਅਤੇ ਆਈਖਨਬਾਮ ਨੇ ਸ਼ੈਲੀ ਵਿਚ ਅਨੁਬੰਧਨ ਅਤੇ ਵਿਸ਼ੇ (composition and theme) ਦੋਹਾਂ ਨੂੰ ਸ਼ਾਮਿਲ ਕੀਤਾ ਹੈ। ਵੀਨੋਗ੍ਰੈਦੋਵ ਨੇ ਮੁੱਖ-ਸ਼ਬਦਾਂ ਦੇ ਅਸ਼ਬਦ-ਗੁੱਛਿਆਂ ਵਿਚ ਮਿਲਦੇ ਮੋਟਿਫ਼ਾਂ ਦਾ ਵਿਸ਼ਲੇਸ਼ਣ ਕਰਨ ਦਾ ਜਤਨ ਕੀਤਾ। ਸੰਖੇਪ ਵਿਚ ਅਸੀਂ ਇਹ ਮੰਨ ਸਕਦੇ ਹਾਂ ਕਿ ਰੂਸੀ ਰੂਪਵਾਦੀ ਸ਼ੈਲੀ ਵਿਗਿਆਨ ਦੇ ਖੇਤਰ ਵਿਚ ਡੂੰਘੀ ਦਿਲਚਸਪੀ ਲੈ ਰਹੇ ਹਨ। ਉਨ੍ਹਾਂ ਸ਼ੈਲੀ ਅਤੇ ਸੰਦਰਭ ਜਾਂ ਸ਼ੈਲੀ ਇਕ ਪ੍ਰਤਿਮਾਨ ਦੇ ਅਤਿਕਰਮਣ ਦੇ ਰੂਪ, ਉਸ

ਦੇ ਚਰਿਤਰ ਨੂੰ ਬਿਆਨ ਕਰਨ ਦਾ ਜਤਨ ਕੀਤਾ। ਰੂਪਵਾਦੀ ਸਿਧਾਂਤਾਂ ਅਤੇ ਸੰਕਲਪਾਂ ਨੂੰ ਪ੍ਰਾਗ ਸਕੂਲ ਦੇ ਵਿਦਵਾਨਾਂ ਦੁਆਰਾ ਵੀ ਪੇਸ਼ ਕੀਤਾ ਗਿਆ। ਰੂਪਵਾਦ ਚਾਹੇ 1930 ਤੋਂ ਪਿੱਛੋਂ ਜੀਵਿਤ ਆ ਰਿਹਾ ਹੈ, ਪਰ ਅੱਜ ਵੀ ਸੋਵੀਅਤ ਵਿਦਵਾਨਾਂ ਦੀ ਸ਼ੈਲੀ ਵਿਗਿਆਨ ਵਿਚ ਦਿਲਚਸਪੀ ਕਾਇਮ ਹੈ। ਅਜਿਹੀ ਵਿਦਵਤਾ ਦਾ ਪ੍ਰਤਿਨਿਧ ਵਿਨੋਗ੍ਰੈਦੋਵ ਹੈ, ਜਿਸ ਨੇ ਸੋਵੀਅਤ ਸ਼ੈਲੀ ਵਿਗਿਆਨ ਦੀਆਂ ਨਵੀਆਂ ਪ੍ਰਾਪਤੀਆਂ ਨੂੰ ਪੇਸ਼ ਕੀਤਾ ਹੈ। ਉਸ ਦੇ ਵਿਚਾਰ ਅਨੁਸਾਰ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਨੂੰ ਕਿਸੇ ਸਾਹਿਤਕ ਕਿਰਤ ਦੇ ਪਾਠ ਨੂੰ ਕੇਵਲ ਰੂਪਵਾਦੀ ਪੱਧਰ ਉਪਰ ਗ੍ਰਹਿਣ ਨਹੀਂ ਕਰਨਾ ਚਾਹੀਦਾ, ਬਲਕਿ ਇਸ ਦਾ ਅੰਗ-ਨਿਖੇੜ ਕਈ ਪੱਧਰਾਂ ਉਪਰ ਕਰਨਾ ਚਾਹੀਦਾ ਹੈ। ਰੂਪ ਅਤੇ ਸ਼ਿਲਪ ਤੋਂ ਬਿਨਾ ਵਿਚਾਰ, ਥੀਮ ਅਤੇ ਭਾਸ਼ਾਈ ਸੰਰਚਨਾ ਅਜਿਹੀਆਂ ਸ਼ਕਤੀਆਂ ਹਨ, ਜੋ ਪਾਠ ਦੀ ਭਾਸ਼ਾਈ ਸਤਹ ਨੂੰ ਮੂਰਤੀਮਾਨ ਕਰਦੀਆਂ ਹਨ। ਸ਼ੈਲੀ ਦਾ ਸੰਬੰਧ ਕੇਵਲ ਰੂਪ ਜਾਂ ਸ਼ਿਲਪ ਨਾਲ ਨਹੀਂ, ਰਚਨਾ ਦੇ ਸਾਰੇ ਮਿਆਰਾਂ ਉਪਰ ਉਸ ਦੇ ਸੰਗਠਨ ਨਾਲ ਹੈ। ਭਾਸ਼ਾ-ਵਿਗਿਆਨ, ਸ਼ੈਲੀ ਵਿਗਿਆਨ ਦੇ ਅਧਿਐਨ ਦਾ ਇਕ ਉਪ-ਵਿਭਾਗ ਹੈ, ਜੋ ਅਜਿਹੇ ਸੰਗਠਨ ਦਾ ਭਾਸ਼ਾਈ ਪੱਧਰ ਉਪਰ ਵਿਸ਼ਲੇਸ਼ਣ ਕਰਦਾ ਹੈ। ਇਉਂ ਰੂਪਵਾਦੀ ਸ਼ੈਲੀ ਵਿਗਿਆਨ ਸਮੱਗਰ ਸ਼ੈਲੀ ਵਿਗਿਆਨ ਦਾ ਇਕ ਭਾਗ ਹੈ। ਵਿਨੋਗ੍ਰੈਦੋਵ ਨੇ ਸ਼ੈਲੀ ਵਿਗਿਆਨ ਨੂੰ ਤਿੰਨ ਭਾਗਾਂ ਵਿਚ ਵੰਡਿਆ ਹੈ :

(1) ਭਾਸ਼ਾ-ਵਿਗਿਆਨੀ ਜਾਂ ਸੰਰਚਨਾਵਾਦੀ ਸ਼ੈਲੀ ਵਿਗਿਆਨ, ਜੋ ਭਾਸ਼ਾ-ਵਿਗਿਆਨ ਦੇ ਸੰਕਲਪਾਂ ਦੁਆਰਾ ਕਿਰਿਆਸ਼ੀਲ ਹੁੰਦਾ ਹੈ;

(2) ਬੋਲੀ ਦਾ ਸ਼ੈਲੀ ਵਿਗਿਆਨ, ਜੋ ਰਚਨਾ-ਰੂਪਾਂ (genres) ਦੇ ਲੱਛਣਾਂ, ਪਾਠ-ਸਮੂਹਾਂ ਅਤੇ ਵਿਅਕਤੀ ਮੂਲਕ-ਪਾਠਾਂ ਨਾਲ ਸੰਬੰਧ ਰੱਖਦਾ ਹੈ;

(3) ਕਲਾਤਮਕ ਸਾਹਿਤ ਦਾ ਸ਼ੈਲੀ ਵਿਗਿਆਨ, ਜੋ ਕਿਸੇ ਸਾਹਿਤਕ ਕਿਰਤ ਤੇ ਸੰਰਚਨਾਤਮਕ ਲੱਛਣਾਂ ਦੇ ਸੁਹਜਾਤਮਕ ਪ੍ਰਭਾਵ ਨੂੰ ਬਿਆਨ ਕਰਦਾ ਹੈ।

5. ਸ਼ੈਲੀ ਵਿਗਿਆਨ ਉਪਰ ਇਕ ਹੋਰ ਮਹੱਤਵਪੂਰਨ ਪ੍ਰਭਾਵ ਸਾਹਿਤਕ ਸੰਰਚਨਾਵਾਦ ਦਾ ਹੈ। ਵਲਾਦੀਮੀਰ ਪਰਾਪ ਨੇ ਲੋਕ ਕਥਾ ਦੇ ਰੂਪੀਮ ਵਿਗਿਆਨ (Morphology of Folktale) ਉਪਰ ਜੋ ਅਧਿਐਨ ਪੇਸ਼ ਕੀਤਾ ਹੈ, ਉਸ ਦੀ ਮੂਲ ਵਿਧੀ ਨੇ ਭਾਸ਼ਾਵਾਦੀ ਆਧੁਨਿਕ ਆਲੋਚਨਾ-ਪ੍ਰਣਾਲੀਆਂ ਉਪਰ ਵਿਆਪਕ ਪ੍ਰਭਾਵ ਪਾਇਆ ਹੈ। ਉਸ ਨੇ ਰੂਸੀ ਲੋਕ ਕਥਾਵਾਂ ਦਾ ਵਿਸ਼ਲੇਸ਼ਣ ਇਕੱਤੀ ਥੀਮ-ਸ਼੍ਰੇਣੀਆਂ ਵਿਚ ਕੀਤਾ ਹੈ। ਇਸ ਦ੍ਰਿਸ਼ਟੀ ਤੋਂ ਹਰ ਲੋਕ ਕਥਾ ਇਕ ਵਿਲੱਖਣ ਵਿਸ਼ਾ ਨਾ ਹੋ ਕੇ ਇਨ੍ਹਾਂ ਸਰਬ-ਵਿਆਪੀ ਥੀਮਾਂ ਜਾਂ 'ਸੰਕਿਰਿਆਵਾ' ਵਿੱਚੋਂ ਕੁਝ ਦੀ ਚੋਣ ਅਤੇ ਸੰਸਰਗ ਬਣਦੀ ਹੈ। ਜਦੋਂ ਉਸ ਨੇ ਇਸ ਵਿਸ਼ਲੇਸ਼ਣ ਸਿਧਾਂਤ ਨੂੰ ਵਧਾ ਕੇ ਚਰਿਤ੍ਰਾਂ ਉਪਰ ਲਾਗੂ ਕੀਤਾ ਤਾਂ ਉਸ ਨੇ ਸੱਤ ਪ੍ਰਕਾਰ ਦੇ ਮੂਲ ਚਰਿੱਤਰਾਂ ਨੂੰ ਗਿਣਾਇਆ।

ਇਹ ਸ਼੍ਰੇਣੀਆਂ ਜਾਂ ਅਨੁਸੂਚੀਆਂ ਕਿਸੇ ਸਾਹਿਤਕ ਕਿਰਤ ਦੀ ਸ਼ੈਲੀ ਨਾਲ ਸਿੱਧੇ

ਤੌਰ 'ਤੇ ਸੰਬੰਧਿਤ ਹੋਣ ਦੀ ਬਜਾਏ ਉਸ ਦੀ ਸੰਰਚਨਾ ਨਾਲ ਵਧੇਰੇ ਨੇੜਿਓਂ ਜੁੜਦੀਆਂ ਹਨ। ਪਰ ਜੇ ਕਰ ਸ਼ੈਲੀ ਦੀ ਪਰਿਭਾਸ਼ਾ ਇਕ ਪ੍ਰਕਾਰ ਦੇ ਭਾਸ਼ਾਈ ਭੇਦ ਦੇ ਤੌਰ 'ਤੇ ਮੰਨੀ ਜਾਏ, ਜੋ ਰਚਨਾ ਨੂੰ ਸੰਦਰਭ ਨਾਲ ਜੋੜਦੀ ਹੈ ਅਤੇ ਪਰਾਪ ਦੁਆਰਾ ਦਰਸਾਏ ਗਏ ਇਨ੍ਹਾਂ ਤੱਤਾਂ ਨੂੰ ਸੰਦਰਭ ਮੂਲਕ ਅਨੁਸੂਚੀਆਂ ਮੰਨਿਆ ਜਾਏ ਤਾਂ ਇਹ ਸ਼ੈਲਿਕ ਭਾਸ਼ਾ-ਵਿਗਿਆਨ (Stylolinguistics) ਦੇ ਪ੍ਰਸੰਗ ਵਿਚ ਵੀ ਯੋਗ ਸਿੱਧ ਹੁੰਦੀਆਂ ਹਨ।

ਅਜਿਹੇ ਸਰਬ-ਵਿਆਪੀ ਤੱਤਾਂ ਦੀ ਬਿਰਤਾਂਤਕ ਸੰਰਚਨਾ ਵਿਚ ਭਾਲ ਇਨ੍ਹਾਂ ਕੁਝ ਵਰ੍ਹਿਆਂ ਵਿਚ ਫ਼ਰਾਂਸੀਸੀ ਵਿਦਵਾਨ ਰੋਲਾਂ ਬਾਰਥ, ਤੋਦਰੋਵ ਅਤੇ ਹੋਰ ਕਈ ਵਿਦਵਾਨਾਂ ਨੇ ਉਪਰਾਲਾ ਵੀ ਕੀਤਾ ਹੈ। ਨਵ-ਸੰਰਚਨਾਵਾਦੀ ਸਿਧਾਂਤ ਦੀ ਇਕ ਦ੍ਰਿਸ਼ਟੀ ਬਿਰਤਾਂਤ ਨੂੰ ਕਹਾਣੀ ਅਤੇ ਸੰਬਾਦ ਦਾ ਮੇਲ ਮੰਨਦੀ ਹੈ। ਕਹਾਣੀ ਕਾਰਜ ਅਤੇ ਚਰਿੱਤਰ ਦੁਆਰਾ ਬਣਦੀ ਹੈ, ਪਰ ਸੰਬਾਦ ਬਿਰਤਾਂਤ ਕਰਤਾ ਅਤੇ ਪਾਠਕ ਦੇ ਸੰਬੰਧਾਂ ਰਾਹੀਂ ਰਚਿਆ ਜਾਂਦਾ ਹੈ। ਇਸ ਨੂੰ ਅਸੀਂ ਕਾਲ ਪੈਮਾਨੇ (time-scale), ਪੱਖ ਅਤੇ ਬਿਰਤਾਂਤ ਦੇ ਮੋਡ ਵਿਚ ਪਛਾਣ ਸਕਦੇ ਹਾਂ। ਕਹਾਣੀ ਨੂੰ ਬਿਰਤਾਂਤ ਦੀ ਛੋਟੀ ਤੋਂ ਛੋਟੀ ਇਕਾਈ ਵਿਚ ਤੋੜਿਆ ਜਾ ਸਕਦਾ ਹੈ। ਇਨ੍ਹਾਂ ਇਕਾਈਆਂ ਨੂੰ ਫ਼ੰਕਸ਼ਨਜ਼ ਕਿਹਾ ਗਿਆ ਹੈ। ਇਹ ਕਿਰਿਆਵਾਂ ਜਾਂ ਫ਼ੰਕਸ਼ਨਜ਼ ਆਪਣੇ ਤੋਂ ਵਡੇਰੀਆਂ ਇਕਾਈਆਂ ਜਾਂ ਕਾਰਜਾਂ ਵਿਚ ਜੁੜਦੀਆਂ ਹਨ, ਜੋ ਕੁਲ ਮਿਲਾ ਕੇ ਬਿਰਤਾਂਤ ਦਾ ਰੂਪ ਧਾਰਨ ਕਰਦੀਆਂ ਹਨ। ਅਜਿਹੇ ਫ਼ੰਕਸ਼ਨਜ਼ ਜਾਂ ਕਿਰਿਆਵਾਂ ਦੇ ਤਿੰਨ ਪ੍ਰਕਾਰ ਮੰਨੇ ਗਏ :

(1) ਪਹਿਲੀ ਪ੍ਰਕਾਰ ਕੇਂਦਰ-ਬਿੰਦੂ (kernal) ਅਖਵਾਉਂਦੀ ਹੈ। ਕੇਂਦਰ-ਬਿੰਦੂ ਕਹਾਣੀ ਵਿਚ ਅਜਿਹੇ ਨੁਕਤੇ ਹੁੰਦੇ ਹਨ, ਜਿਥੋਂ ਕਹਾਣੀ ਵਿਚ ਮਨੁੱਖੀ ਵਤੀਰਾ ਦੋ ਦਿਸ਼ਾਵਾਂ ਵੱਲ ਵੱਧਣ ਦੀ ਸੰਭਾਵਨਾ ਪ੍ਰਾਪਤ ਕਰਦਾ ਹੈ। ਦੂਜੇ ਸ਼ਬਦਾਂ ਵਿਚ ਮਨੁੱਖੀ ਪਾਤਰਾਂ ਲਈ ਇਥੇ ਇਕ ਤੋਂ ਵੱਧ ਰਾਹ ਅਪਨਾਉਣ ਦੇ ਵਿਕਲਪ ਪੈਦਾ ਹੁੰਦੇ ਹਨ।

(2) ਦੂਜੀ ਪ੍ਰਕਾਰ ਦੀ ਕਿਰਿਆ ਨੂੰ ਉਤਪ੍ਰੇਰਕ (catalyst) ਦਾ ਨਾਂ ਦਿੱਤਾ ਜਾਂਦਾ ਹੈ, ਜਿਸ ਤੋਂ ਭਾਵ ਇਹ ਹੈ ਕਿ ਕਿਸੇ ਕੇਂਦਰ-ਬਿੰਦੂ ਤੇ ਚੁਣੇ ਹੋਏ ਪਹਿਲੇ ਵਤੀਰੇ ਦੇ ਰਾਹ ਨੂੰ ਕੇਵਲ ਵਿਸਥਾਰ ਦਿੱਤਾ ਜਾਦਾ ਹੈ।

(3) ਤੀਜੀ ਪ੍ਰਕਾਰ ਨੂੰ ਸੂਚਕ-ਨਿਸ਼ਾਨ (indices) ਕਿਹਾ ਜਾਂਦਾ ਹੈ। ਇਸ ਹਾਲਤ ਵਿਚ ਕਿਰਿਆ ਨੂੰ ਖ਼ਾਸ ਘਟਨਾਵਾਂ ਨਾਲ ਜੋੜਿਆ ਨਹੀਂ ਜਾਂਦਾ। ਇਹ ਕੇਵਲ ਚਰਿੱਤਰ ਜਾਂ ਵਾਤਾਵਰਣ ਵੱਲ ਸੰਕੇਤ ਕਰਦੀ ਹੈ।

ਹਰ ਲੇਖਕ ਆਪੋ ਆਪਣੇ ਬਿਰਤਾਂਤ ਦੀ ਸੰਰਚਨਾ ਵਿਚ kernals catalyts ਅਤੇ indices ਦਾ ਕੋਈ ਅਨੁਪਾਤ ਪੇਸ਼ ਕਰਦਾ ਹੈ ਅਤੇ ਇਸੇ ਤੋਂ ਉਸ ਦੀ ਬਿਰਤਾਂਤ-ਸ਼ੈਲੀ ਪਛਾਣੀ ਜਾ ਸਕਦੀ ਹੈ। ਪਰ ਇਨ੍ਹਾਂ ਸਰਬ ਮੂਲਕ ਤੱਤਾਂ ਨੂੰ ਸ਼ੈਲੀ-ਵਿਗਿਆਨਕ ਸੰਦਰਭਾਂ ਦੇ ਤੌਰ 'ਤੇ ਵੀ ਵਰਤਿਆ ਜਾ ਸਕਦਾ ਹੈ। ਕਿਸੇ ਬਿਰਤਾਂਤ-

ਲੇਖਕ ਦੀ ਸ਼ੈਲੀ ਕਿਸ ਹੱਦ ਤਕ ਇਨ੍ਹਾਂ ਕਿਰਿਆਵਾਂ ਨੂੰ ਪ੍ਰਗਟਾਉਂਦੀ ਹੈ ?—ਇਸ ਦਾ ਅਨੁਮਾਨ ਉਸ ਦੀ ਭਾਸ਼ਾ ਵਿਚ ਵਰਤੇ ਕੇਂਦਰ-ਬਿੰਦੂਆਂ ਅਤੇ ਉਤਪ੍ਰੇਰਕਾਵਾਂ ਨੂੰ ਸੂਚਕ ਨਿਸ਼ਾਨਾਂ ਦੇ ਅਧਿਐਨ ਅਤੇ ਤੁਲਨਾ ਤੋਂ ਲਗਾਇਆ ਜਾ ਸਕਦਾ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਸ਼ੈਲੀ ਵਿਗਿਆਨਕ ਆਲੋਚਨਾ ਪ੍ਰਣਾਲੀ ਬਾਰੇ ਕਈ ਦ੍ਰਿਸ਼ਟੀਆਂ ਤੋਂ ਵਿਚਾਰ ਪ੍ਰਗਟਾਏ ਗਏ ਹਨ, ਜੋ ਮੁੱਖ ਰੂਪ ਵਿਚ ਭਾਸ਼ਾ-ਵਿਗਿਆਨ, ਸ਼ੈਲੀ ਵਿਗਿਆਨ ਅਤੇ ਸਾਹਿਤ-ਅਧਿਐਨ ਦੇ ਪਰਸਪਰ ਸੰਬੰਧਾਂ ਦੁਆਲੇ ਹੀ ਘੁੰਮਦੇ ਹਨ। ਅਮਲੀ ਪੱਧਰ 'ਤੇ ਸ਼ੈਲੀ ਵਿਗਿਆਨ ਕਿਸੇ ਸਾਹਿਤ ਆਲੋਚਕ ਨੂੰ ਕਈ ਵਿਧੀਆਂ ਅਤੇ ਜੁਗਤਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਦੇਂਦਾ ਹੈ। ਇਕ ਸਮੇਂ ਸ਼ੈਲੀ ਵਿਗਿਆਨ ਬਿਰਤਾਂਤ-ਸੰਰਚਨਾ ਨੂੰ ਸਮਝਣ ਲਈ ਸਹਾਇਕ ਵਿਧੀ ਦੇ ਤੌਰ 'ਤੇ ਕੰਮ ਕਰਦਾ ਹੈ ਅਤੇ ਇਸ ਦੇ ਉਲਟ ਕਿਸੇ ਹੋਰ ਸਮੇਂ ਬਿਰਤਾਂਤ-ਸੰਰਚਨਾ ਦੀਆਂ ਭਿੰਨ ਭਿੰਨ ਅਨੁਸੂਚੀਆਂ ਸ਼ੈਲੀ ਵਿਗਿਆਨਕ ਵਿਸ਼ਲੇਸ਼ਣ ਲਈ ਸੰਦਰਭ ਪੇਸ਼ ਕਰਦੀਆਂ ਹਨ।

ਕੁਲ ਮਿਲਾ ਕੇ ਸ਼ੈਲੀ ਵਿਗਿਆਨਕ ਆਲੋਚਨਾ-ਪ੍ਰਣਾਲੀ, ਸ਼ੈਲੀ ਨੂੰ ਇਕ ਤੋਂ ਵੱਧ ਦ੍ਰਿਸ਼ਟੀਆਂ ਰਾਹੀਂ ਵੇਖਦੀ ਹੈ। ਕਿਸੇ ਰਚਨਾ ਦੀ ਸ਼ੈਲੀ-ਟੂੰਬ ਦਾ ਕੇਵਲ ਭਾਸ਼ਾ-ਵਿਗਿਆਨਕ ਵਿਸ਼ਲੇਸ਼ਣ ਹੋਰ ਗੱਲ ਹੈ ਅਤੇ ਉਸ ਦਾ ਪੂਰਾ ਬਿਰਤਾਂਤਕ ਅਰਥ-ਵਿਗਿਆਨਕ ਅਤੇ ਸੁਹਜ-ਪ੍ਰਭਾਵੀ ਬਿਆਨ ਹੋਰ। ਐਮੈਦੋ ਐਲੋਨਸੋ ਦੇ ਸ਼ਬਦਾਂ ਵਿਚ ਸ਼ੈਲੀ ਵਿਗਿਆਨ ਕਿਸੇ ਰਚਨਾ-ਪਾਠ ਦਾ ergon ਅਤੇ energia, ਦੋਹਾਂ ਰੂਪਾਂ ਵਿਚ ਅਧਿਐਨ ਪੇਸ਼ ਕਰ ਸਕਦਾ ਹੈ। ਪਹਿਲੀ ਪ੍ਰਕਾਰ ਦੇ ਸ਼ੈਲੀ ਲੱਛਣਾਂ ਦੇ ਵਿਸ਼ਲੇਸ਼ਣ ਨੂੰ ਸ਼ੈਲੀ ਵਿਗਿਆਨਕ ਭਾਸ਼ਾ-ਵਿਗਿਆਨ (Stylolinguistics) ਕਿਹਾ ਜਾ ਸਕਦਾ ਹੈ ਅਤੇ ਦੂਜੀ ਨੂੰ ਸ਼ੈਲੀ ਵਤੀਰਾ ਵਿਗਿਆਨ (Stylo Behaviourstics) ਦਾ ਨਾਂ ਦਿੱਤਾ ਜਾ ਸਕਦਾ ਹੈ, ਜਿਸ ਵਿਚ ਸ਼ੈਲੀ-ਟੂੰਬ ਨੂੰ ਉਸ ਦੀਆਂ ਅਨੁਕ੍ਰਿਆਵਾਂ ਨਾਲ ਜੋੜ ਕੇ ਬਿਆਨਿਆ ਜਾ ਸਕਦਾ ਹੈ। ਦੋਹਾਂ ਪ੍ਰਕਾਰ ਦੇ ਸ਼ੈਲੀ ਵਿਗਿਆਨਾਂ ਦੇ ਪਿੱਛੇ ਮੂਲ ਪ੍ਰੇਰਣਾ ਸਾਹਿਤ ਆਲੋਚਨਾ ਦੀ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਹੈ।

•

ਅਗ੍ਰਭੂਮਨ

ਅਗ੍ਰਭੂਮਨ ਜਾਂ ਪੇਸ਼ਬੰਦੀ (foregrounding) ਕਲਾ ਅਤੇ ਹੋਰ ਖੇਤਰਾਂ ਵਿਚ ਕਲਾਤਮਕ ਸੰਚਾਰ ਦਾ ਇਕ ਅਤਿਅੰਤ ਸਾਮਾਨਯ ਸਿਧਾਂਤ ਹੈ। ਅਸੀਂ ਜਾਣਦੇ ਹਾਂ ਕਿ ਕੋਈ ਕਲਾ-ਕਿਰਤ ਕਿਸੇ ਨਾ ਕਿਸੇ ਰੂਪ ਵਿਚ ਪ੍ਰਤਿਮਾਨ ਤੋਂ ਵਿਚੱਲਨ ਪ੍ਰਾਪਤ ਕਰਦੀ ਹੈ। ਇਸ ਗੱਲ ਬਾਰੇ ਸਾਨੂੰ ਇਕ ਪਾਠਕ ਜਾਂ ਕਲਾ ਮਾਣਨ ਵਾਲੇ ਦੇ ਰੂਪ ਵਿਚ ਗਿਆਨ ਹੁੰਦਾ ਹੈ ਕਿ ਕੋਈ ਕਲਾ-ਕਿਰਤ ਆਪਣੇ ਵਰਤੇ ਜਾ ਰਹੇ ਮਾਧਿਅਮ ਰਾਹੀਂ ਪ੍ਰਤਿਮਾਨ ਤੋਂ ਕਿਸੇ ਨਾ ਕਿਸੇ ਤਰ੍ਹਾਂ ਅਲੱਗ ਰਾਹ ਅਖ਼ਤਿਆਰ ਕਰਦੀ ਹੈ। ਆਪਣੇ ਇਸੇ ਗੁਣ ਕਰਕੇ ਉਹ ਦੂਜੀਆਂ ਕਲਾ-ਕਿਰਤਾਂ ਨਾਲੋਂ ਵੱਖਰਤਾ ਸਥਾਪਤ ਕਰਦੀ ਹੈ। ਅਸੀਂ ਆਪਣੀ ਗੱਲ ਨੂੰ ਚਿੱਤਰਕਾਰੀ ਵਿੱਚੋਂ ਉਦਾਹਰਣ ਲੈ ਕੇ ਸਪੱਸ਼ਟ ਕਰ ਸਕਦੇ ਹਾਂ। ਇਕ ਚਿੱਤਰ ਜੋ ਸਹੀ ਅਰਥਾਂ ਵਿਚ ਕਲਾਤਮਕਤਾ ਗ੍ਰਹਿਣ ਕਰਦਾ ਹੈ, ਕੇਵਲ ਕਿਸੇ ਦ੍ਰਿਸ਼ ਦੀ ਹੂ-ਬ-ਹੂ ਨਕਲ ਹੀ ਪੇਸ਼ ਨਹੀਂ ਕਰਦਾ। ਉਸ ਵਿਚ ਦਿਲਚਸਪੀ ਤਾਂ ਹੀ ਪੈਦਾ ਹੁੰਦੀ ਹੈ, ਜਦੋਂ ਉਹ ਫ਼ੋਟੋਗ੍ਰਾਫ਼ਿਕ ਯਥਾਰਥ ਨੂੰ ਤਿਆਗਣ ਲਈ ਥੋੜ੍ਹਾ ਜੇਹਾ ਸਥਾਪਤ ਪ੍ਰਤਿਮਾਨ ਤੋਂ ਪਰਾਹਨ ਧਾਰਨ·ਕਰੇਗਾ। ਅੱਜ ਕੱਲ ਪ੍ਰਚੱਲਿਤ ਐਬਸਟਰੈਕਟ ਚਿੱਤਕਾਰੀ ਦੀ ਵੱਡੀ ਵਿਸ਼ੇਸ਼ਤਾ ਇਸੇ ਗੱਲ ਵਿਚ ਹੈ ਕਿ ਇਹ ਨਿਰੋਲ 'ਪ੍ਰਕਿਰਤੀ ਦੀ ਨਕਲ' ਨਾ ਹੋ ਕੇ ਆਪਣੀ ਇਕ ਵੱਖਰੀ ਹੋਂਦ ਸਥਾਪਤ ਕਰਦੀ ਹੈ। ਇਹ ਵੱਡੇ ਪੈਮਾਨੇ 'ਤੇ ਤਿਆਰ ਕੀਤੇ ਚਿੱਤਰਾਂ ਦੇ ਬਾਕਾਇਦਗੀ ਵਾਲੇ ਪੈਟਰਨ ਜਾਂ ਉਹਨਾਂ ਵਿਚ ਮਿਲਦੀ ਨਿਰਪੇਖ ਸਿਮਿਟ੍ਰੀ ਨੂੰ ਤਿਆਗ ਕੇ ਨਵੇਂ ਪ੍ਰਤਿਮਾਨ ਘੜਦੀ ਹੈ। ਅਸਲ ਵਿਚ ਕਿਸੇ ਕਲਾ-ਕਿਰਤ ਵਿਚ ਜੇਕਰ ਦਿਲਚਸਪੀ ਦਾ ਕੇਂਦਰ ਲੱਭਣਾ ਹੋਵੇ ਤਾਂ ਸਾਨੂੰ ਇਹ ਵੇਖਣਾ ਪਏਗਾ ਕਿ ਅਜਿਹੀ ਕਿਰਤ ਕਿਸ ਹੱਦ ਤਕ ਮਾਣਨ ਵਾਲੇ ਅੰਦਰ ਰੁਚੀ ਪੈਦਾ ਕਰਦੀ ਹੈ ਅਤੇ ਉਸ ਨੂੰ ਚਕਿਤ ਕਰਨ ਵਾਲੇ ਤੱਤਾਂ ਨਾਲ ਪ੍ਰਭਾਵਿਤ ਕਰਦੀ ਹੈ। ਕਿਸੇ ਕਲਾ-ਕਿਰਤ ਦੀ ਸਾਰਥਿਕਤਾ ਅਤੇ ਮੁੱਲ ਵੀ ਇਸ ਵਿਚ ਹੈ ਕਿ ਉਹ ਮਾਣਨ ਵਾਲੇ ਨੂੰ ਸ੍ਵੈ-ਚਾਲਿਤ ਪੈਟਰਨ ਪੇਸ਼ ਕਰਨ ਦੀ ਬਜਾਏ ਉਸ ਅੰਦਰ ਥੋੜ੍ਹਾ ਜੇਹਾ ਵਿਸਮੈ ਦਾ ਭਾਵ ਉਤਪੰਨ ਕਰੇ। ਇਹ ਰਚਣਹਾਰ ਦੁਆਰਾ ਸਥਾਪਤ ਹੋ ਚੁੱਕੇ ਪ੍ਰਤਿਮਾਨ ਤੋਂ ਰਤਾ ਪਰ੍ਹਾਂ ਜਾਣ ਨਾਲ ਹੀ ਸੰਭਵ ਹੋ ਸਕਦਾ ਹੈ। ਇਹ ਪਰਾਹਨ ਸਾਡੇ ਭਾਸ਼ਾ-ਪ੍ਰਯੋਗਾਂ ਅਤੇ ਰੀਤੀ-ਰਿਵਾਜਾਂ ਵਿਚ ਵੀ ਲਿਆਂਦੇ ਜਾ ਸਕਦੇ ਹਨ। ਇਸ ਪਰਾਹਨ ਜਾਂ ਵਿਚੱਲਨ ਨੂੰ ਅਗ੍ਰਭੂਮਨ ਜਾਂ ਪੇਸ਼ਬੰਦੀ ਦਾ ਨਾਂ ਦਿੱਤਾ ਗਿਆ ਹੈ। ਇਸ ਦਾ ਆਧਾਰ ਪਿਛੋਕੜ ਵਿਚ ਪੇਸ਼ ਕੀਤੀ ਕਿਸੇ ਸ਼ਕਲ ਜਾਂ ਆਕਾਰ ਦੀ ਸਮਦ੍ਰਿਸ਼ਟੀ (analogy) ਹੈ। ਕਲਾਤਮਕ ਵਿਚੱਲਨ ਜਾਂ ਪਰਾਹਨ ਓਦੋਂ ਪੈਦਾ ਹੁੰਦਾ ਹੈ, ਜਦੋਂ ਕਿਸੇ ਪਿਛੋਕੜ ਵਿਚ ਰੱਖ ਕੇ ਪੇਸ਼ ਕੀਤੀ ਕੋਈ ਅਕ੍ਰਿਤੀ ਜਾਂ ਸ਼ਕਲ

ਆਪਣੇ ਪਿਛੋਕੜ ਨਾਲੋਂ ਵੱਖਰਤਾ ਧਾਰਨ ਕਰੇ, ਪਿਛੋਕੜ ਵਿਚ ਮਿਲਦੇ ਸ੍ਵੈ-ਚਾਲਿਤ ਸਿਸਟਮ ਨੂੰ ਭੰਗ ਕਰਕੇ ਤਾਜ਼ਗੀ ਅਤੇ ਵਿਸਮੈ ਦਾ ਭਾਵ ਉਤਪੰਨ ਕਰੇ।

ਅਗ੍ਰਭੂਮਨ ਮੂਲ ਰੂਪ ਵਿਚ ਚਿੱਤਰਕਾਰੀ ਦੇ ਖੇਤਰ ਦਾ ਸੰਕਲਪ ਹੈ, ਪਰ ਇਸ ਦੀ ਵਰਤੋਂ ਕਾਵਿ ਅਤੇ ਹੋਰ ਕਲਾਤਮਕ ਖੇਤਰਾਂ ਵਿਚ ਵੀ ਸਫਲਤਾ ਨਾਲ ਕੀਤੀ ਗਈ ਹੈ। ਕਾਵਿ ਵਿਚ ਜਦੋਂ ਕੋਈ ਰਚਨਾ ਰੂੜ੍ਹ ਅਤੇ ਮਸ਼ੀਨੀ ਅਨੁਭਵ ਨੂੰ ਤੋੜਦੀ ਹੈ ਤਾਂ ਕਵੀ ਅਗ੍ਰਭੂਮਨ ਦੁਆਰਾ ਹੀ ਇਸ ਉਦੇਸ਼ ਦੀ ਪੂਰਤੀ ਕਰਦਾ ਹੈ। ਇਉਂ ਇਸ ਦਾ ਸੰਬੰਧ ਅਨੁਭਵ ਦੇ ਪ੍ਰਮਾਣਿਕ ਪ੍ਰਤੱਖੀਕਰਣ ਨਾਲ ਜੋੜਿਆ ਜਾ ਸਕਦਾ ਹੈ। ਕਵਿਤਾ ਵਿਚ ਅਗ੍ਰਭੂਮਨ ਪ੍ਰਗਟਾਵੇ ਦਾ ਉਹ ਚਿੰਨ੍ਹ ਹੈ, ਜੋ ਪਰੋਖ ਹੋਣ ਕਰਕੇ ਸਾਡਾ ਧਿਆਨ ਖਿੱਚਦਾ ਹੈ ਅਤੇ ਸਾਡੀਆਂ ਮਸ਼ੀਨੀ ਰੂਪ ਧਾਰਨ ਕਰਦੀਆਂ ਜਾ ਰਹੀਆਂ ਸੰਵੇਦਨਾਵਾਂ ਵਿਚ ਤਾਜ਼ਗੀ ਲਿਆਉਂਦਾ ਹੈ ਅਤੇ ਆਲੇ-ਦੁਆਲੇ ਦੇ ਵਸਤੂ ਜੀਵਨ ਨੂੰ ਇਕ ਨਵੀਂ ਅਤੇ ਸੱਜਰੀ ਦ੍ਰਿਸ਼ਟੀ ਤੋਂ ਵੇਖਣ ਦੀ ਪ੍ਰੇਰਣਾ ਦੇਂਦਾ ਹੈ।

ਹੁਣ ਪ੍ਰਸ਼ਨ ਪੈਦਾ ਇਹ ਹੁੰਦਾ ਹੈ ਕਿ ਅਗ੍ਰਭੂਮਨ ਕਵੀ ਜਾਂ ਕਲਾਕਾਰ ਕਿਹੜੀਆਂ ਕਿਹੜੀਆਂ ਜੁਗਤਾਂ ਰਾਹੀਂ ਪ੍ਰਾਪਤ ਕਰਦਾ ਹੈ। ਇਹਨਾਂ ਵਿੱਚੋਂ ਇਕ ਜੁਗਤ ਦਾ ਅਸੀਂ ਉਪਰ ਸੰਕੇਤ ਕਰ ਆਏ ਹਾਂ। ਉਹ ਹੈ ਪ੍ਰਤਿਮਾਨ ਦਾ ਵਿਚੱਲਨ ਜਾਂ ਪਰਾਹਨ। ਇਸ ਦੇ ਨਾਲ ਹੀ ਦੂਜੀ ਜੁਗਤ ਜੋ ਅਪਨਾਈ ਜਾਂਦੀ ਹੈ, ਉਸ ਨੂੰ ਅਸੀਂ ਸਮਾਨਾਂਤਰਤਾ (parallelism) ਦਾ ਨਾਂ ਦੇਂਦੇ ਹਾਂ। ਇਹ ਦੋਵੇਂ ਜੁਗਤਾਂ ਕਲਾ ਕਿਰਤਾਂ ਵਿਚ ਇੱਕੋ ਉਦੇਸ਼ ਨੂੰ ਮੁੱਖ ਰੱਖ ਕੇ ਵਰਤੀਆਂ ਜਾਂਦੀਆਂ ਹਨ। ਇਹ ਉਦੇਸ਼ ਹੈ ਅਨੁਭਵ ਨੂੰ ਵਧੇਰੇ ਤੀਬਰਤਾ ਨਾਲ ਪ੍ਰਤੱਖ ਕਰਨਾ, ਉਸ ਵਿਚਲੇ ਇੰਦਰਿਆਵੀ ਗੁਣ ਨੂੰ ਤਿਖਿਆਂ ਕਰਨਾ ਅਤੇ ਅਨੁਭਵ ਨੂੰ ਉਸ ਦੇ ਇਕਹਿਰੇਪਨ ਤੋਂ ਦੂਰ ਲਿਜਾ ਕੇ ਉਸ ਨੂੰ ਬਹੁ-ਪਾਸਾਰੀ ਬਨਾਉਣਾ। ਦੋਵੇਂ ਜੁਗਤਾਂ ਰਚਨਾ ਦੀ ਬੁਣਤਰ ਨੂੰ ਵਧੇਰੇ ਏਂਦ੍ਰਿਕ ਬਣਾਉਂਦੀਆਂ ਹਨ ਅਤੇ ਅਨੁਭਵ ਦੇ ਸ੍ਵੈਚਾਲਨ ਨੂੰ ਨਿਰਸ੍ਵੈਚਾਲਨ ਦੀ ਦਿਸ਼ਾ ਵੱਲ ਮੋੜਦੀਆਂ ਹਨ।

ਵਿਚੱਲਨ ਜਾਂ ਪਰਾਹਨ (deviation) ਦੀ ਜੁਗਤ


ਅਸੀਂ ਉਪਰ ਸੰਕੇਤ ਕੀਤਾ ਹੈ ਕਿ ਕੋਈ ਰਚਣਹਾਰਾ ਭਾਸ਼ਾ ਦੇ ਆਮ ਮਿਆਰੀ ਰੂਪ ਨੂੰ ਤੋੜ ਕੇ ਅਜਿਹੇ ਰੂਪ ਘੜਦਾ ਹੈ, ਜਿਨ੍ਹਾਂ ਨਾਲ ਅਨੁਭਵ ਦਾ ਪ੍ਰਤੱਖੀਕਰਨ ਵਧੇਰੇ ਸੱਜਰਾ ਰੂਪ ਧਾਰਨ ਕਰ ਜਾਂਦਾ ਹੈ। ਪਰ ਜਦੋਂ ਕਵੀ ਭਾਸ਼ਾ ਦੇ ਸਥਾਪਤ ਪ੍ਰਤਿਮਾਨਾਂ ਨੂੰ ਤੋੜ ਕੇ ਨਵੇਂ ਭਾਸ਼ਾ ਰੂਪਾਂ ਦਾ ਸਿਰਜਣ ਕਰਦਾ ਹੈ ਤਾਂ ਅਜਿਹਾ ਸਿਰਜਣ ਆਪ-ਮੁਹਾਰਾ ਨਹੀਂ ਹੁੰਦਾ। ਅਜਿਹਾ ਹਰ ਤਜਰਬਾ ਕਰਨ ਲਈ ਵੀ ਕੁਝ ਨੇਮਾਂ ਦੀ ਪਾਲਨਾ ਕੀਤੀ ਜਾਂਦੀ ਹੈ। ਆਮ ਵਿਹਾਰਕ ਭਾਸ਼ਾ ਦੇ ਆਪਣੇ ਨੇਮ ਹੁੰਦੇ ਹਨ, ਪਰ ਕਾਵਿ ਭਾਸ਼ਾ ਦਾ ਪ੍ਰਬੰਧ ਉਸ ਦੇ ਆਪਣੇ ਨੇਮਾਂ ਅਨੁਸਾਰ ਰਚਿਆ ਜਾਂਦਾ ਹੈ। ਪਰ ਆਮ ਵਿਹਾਰਕ ਭਾਸ਼ਾ ਦੀ ਨਿੱਤ ਦੀ ਵਰਤੋਂ ਵਿਹਾਰ ਕਰਕੇ ਅਸੀਂ ਭਾਸ਼ਾ ਵਿਚ ਏਨੇ ਖੁਭ ਜਾਂਦੇ ਹਾਂ ਅਤੇ ਇਸ ਵਿਚ ਗੱਲਬਾਤ ਕਰਨ ਦੇ ਏਨੇ ਆਦੀ ਹੋ ਜਾਂਦੇ ਹਾਂ ਕਿ ਇਸ ਵਿਚ ਕੁਝ ਵੀ ਸੱਜਰਾਪਨ ਨਹੀਂ ਰਹਿੰਦਾ। ਜਿਥੇ ਆਮ ਸਾਧਾਰਨ

ਬੋਲਚਾਲ ਵਿਚ ਉਕਤੀ ਦੀ ਕੋਈ ਆਪਣੀ ਸਾਰਥਿਕਤਾ ਨਹੀਂ ਹੁੰਦੀ, ਅਸੀਂ ਉਕਤੀ ਰਾਹੀਂ ਗੱਲ ਸਮਝਾ ਕੇ ਉਸ ਨੂੰ ਸੁਟ ਪਾਂਦੇ ਹਾਂ, ਉਥੇ ਕਾਵਿ ਵਿਚ ਜਦੋਂ ਅਸੀਂ ਉਕਤੀ ਕਰਦੇ ਹਾਂ ਤਾਂ ਉਸ ਦਾ ਅਗ੍ਰਭੂਮਨ ਕਰਕੇ ਉਸ ਨੂੰ ਸਾਰਥਿਕਤਾ ਪ੍ਰਦਾਨ ਕਰਦੇ ਹਾਂ। ਇਸ ਤਰ੍ਹਾਂ ਵਿਚੱਲਨ ਜਾਂ ਪਰਾਹਨ ਦੀ ਜੁਗਤ ਨਾਲ ਅਗ੍ਰਭੂਮਨ ਕਰਕੇ ਅਸੀਂ ਸ੍ਵੈਚਾਲਨ ਤੋਂ ਬਿਲਕੁਲ ਉਲਟ ਦਿਸ਼ਾ ਵੱਲ ਮੂੰਹ ਕਰਦੇ ਹਾਂ। ਕਾਵਿ ਭਾਸ਼ਾ ਵਿਚੱਲਨ ਦੀ ਜੁਗਤ ਰਾਹੀਂ ਵਿਸ਼ਿਸ਼ਟ ਭਾਸ਼ਾ ਦਾ ਰੂਪ ਧਾਰ ਜਾਂਦੀ ਹੈ। ਇਹ ਵਿਸ਼ਿਸ਼ਟਤਾ ਆਮ ਸਾਧਾਰਨ ਬੋਲਚਾਲ ਦੀ ਭਾਸ਼ਾ ਦੇ ਮਸ਼ੀਨੀ ਰੂਪ ਨੂੰ ਤਰੋੜ ਤਰੋੜ ਕੇ ਹੀ ਪ੍ਰਾਪਤ ਕੀਤੀ ਜਾਂਦੀ ਹੈ। ਇਹ ਸਹਿਜ ਜਾਂ ਨਿਰ-ਜਤਨ ਨਹੀਂ ਹੁੰਦੀ, ਸਗੋਂ ਜਾਣ ਬੁੱਝ ਕੇ ਕਿਸੇ ਪੈਟਰਨ ਵਿਚ ਢਾਲੀ ਗਈ ਹੁੰਦੀ ਹੈ। ਪੈਟਰਨ ਵਿਚ ਢਲੀ ਹੋਈ ਵਿਚਲਿਤ ਭਾਸ਼ਾ ਦੀ ਪਛਾਣ ਆਮ ਸਾਧਾਰਨ ਭਾਸ਼ਾ ਦੀ ਪਿਠਭੂਮੀ ਵਿਚ ਹੀ ਹੁੰਦੀ ਹੈ। ਸ਼ੈਲੀ-ਵਿਗਿਆਨੀਆਂ ਨੇ ਇਸ ਵਿਚੱਲਨ ਨੂੰ ਸਾਹਿਤਕ ਵਿਚੱਲਨ ਦਾ ਨਾਂ ਦਿੱਤਾ ਹੈ, ਕਿਉਂਕਿ ਇਹ ਸਿਰਜਣਾਤਮਕ ਉਦੇਸ਼ਾਂ ਨੂੰ ਪੂਰਿਆਂ ਕਰਨ ਲਈ ਕੀਤਾ ਜਾਂਦਾ ਹੈ। ਵਿਚੱਲਨ ਹੇਠ ਦਿੱਤੇ ਦੋ ਸੰਦਰਭਾਂ ਵਿਚ ਹੀ ਕੀਤਾ ਜਾਂਦਾ ਹੈ:

(1) ਵਿਆਕਰਣਿਕਤਾ
(2) ਦੁਹਰਾਉ

ਕਿਸੇ ਭਾਸ਼ਾ ਵਿਚ ਕੋਈ ਵਾਕ ਜਾਂ ਵਾਕ-ਖੰਡ ਵਿਆਕਰਣਿਕਤਾ ਦੇ ਨੇਮਾਂ ਉੱਤੇ ਪੂਰਾ ਉਤਰਦਾ ਹੈ ਜਾਂ ਨਹੀਂ, ਇਸ ਦਾ ਆਧਾਰ ਨਿਰੋਲ ਵਿਆਕਰਣਾਚਾਰੀਆਂ ਦੇ ਵਿਧਾਨ-ਮੂਲਕ ਵਿਆਕਰਣ ਨਹੀਂ ਬਣ ਸਕਦੇ। ਭਾਸ਼ਾ ਇਕ ਸਹਿਜ ਨਿਰੰਤਰ ਵਿਕਾਸਸ਼ੀਲ ਵਸਤੂ ਹੈ, ਜੋ ਗੰਗਾ ਦੇ ਨੀਰ ਵਾਂਗ ਨਿਤ ਵਹਿੰਦੀ ਰਹਿੰਦੀ ਹੈ। ਇਸ ਕਾਰਨ ਕਿਸੇ ਵਾਕ ਦੀ ਵਿਆਕਰਣਿਕਤਾ ਇਕ ਪਾਸੇ ਵਿਆਕਰਣਿਕ ਨੇਮਾਂ ਅਤੇ ਦੂਜੇ ਪਾਸੇ ਉਸ ਭਾਸ਼ਾ ਨੂੰ ਬੋਲਣ ਵਾਲਿਆਂ ਦੀ ਪ੍ਰਵਾਨਗੀ ਉੱਤੇ ਨਿਰਭਰ ਹੁੰਦੀ ਹੈ। ਜੇਕਰ ਕਿਹਾ ਜਾਏ ਕਿ ਕਿਸੇ ਭਾਸ਼ਾ ਦਾ ਕੋਈ ਵੀ ਵਾਕ ਪੂਰੀ ਤਰ੍ਹਾਂ ਅਵਿਆਕਰਣਿਕ ਨਹੀਂ ਹੁੰਦਾ ਤਾਂ ਇਸ ਵਿਚ ਕੋਈ ਬਹੁਤਾ ਝੂਠ ਨਹੀਂ ਹੋਏਗਾ। ਕਈ ਵਾਰੀ ਵਿਆਕਰਣਿਕ ਤੌਰ 'ਤੇ ਪੂਰੀ ਤਰ੍ਹਾਂ ਸ਼ੁੱਧ ਵਾਕ ਭਾਸ਼ਾ ਦੇ ਬੋਲਣਹਾਰਿਆਂ ਵਿਚ ਪ੍ਰਵਾਨ ਨਹੀਂ ਹੁੰਦਾ ਅਤੇ ਵਿਆਕਰਣਿਕ ਤੌਰ 'ਤੇ ਅਸ਼ੁੱਧ ਵਾਕ ਕਿਸੇ ਭਾਸ਼ਾ ਦੇ ਬੋਲਣਹਾਰਿਆਂ ਦੇ ਮੂੰਹਾਂ 'ਤੇ ਚੜ੍ਹਿਆ ਹੁੰਦਾ ਹੈ। ਵਿਆਕਰਣ ਵਿਗਿਆਨੀ ਵਾਕਾਂ ਨੂੰ ਸੁਗਠਿਤ (wellformed) ਅਤੇ ਕੁਗਠਿਤ (illformed) ਮੰਨਦੇ ਹਨ। ਪਰ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਚੰਗੇ ਸੁਲਝੇ ਹੋਏ ਵਾਕ ਲੋਕਾਂ ਵਿਚ ਕਈ ਵਾਰੀ ਪ੍ਰਵਾਨਗੀ ਯੋਗ ਨਹੀਂ ਹੁੰਦੇ, ਪਰ ਕਮਜ਼ੋਰ ਵਿਆਕਰਣਿਕ ਤੌਰ 'ਤੇ ਕੋਹਜੇ ਵਾਕ ਲੋਕਾਂ ਵਿਚ ਬਹੁਤ ਪ੍ਰਵਾਨ ਹੁੰਦੇ ਹਨ। ਇਸ ਤਰ੍ਹਾਂ ਕਿਸੇ ਵੀ ਵਾਕ ਨੂੰ ਸਾਨੂੰ ਦੋ ਬਿੰਦੂਆਂ ਤੋਂ ਵੇਖਣਾ ਚਾਹੀਦਾ ਹੈ: (1) ਵਿਆਕਰਣਿਕ ਦ੍ਰਿਸ਼ਟੀ ਅਤੇ (2) ਲੋਕ ਪੱਧਰ ਉੱਤੇ ਪ੍ਰਵਾਨਗੀ ਦੀ ਦ੍ਰਿਸ਼ਟੀ ਤੋਂ। ਇਸ ਤਰ੍ਹਾਂ ਵਿਆਕਰਣਿਕਤਾ ਦਾ ਪ੍ਰਸ਼ਨ ਨਿਰਪੇਖ ਨੇਮਾਂ ਨਾਲ ਨਹੀਂ ਜੋੜਿਆ ਜਾ ਸਕਦਾ, ਸਗੋਂ ਇਹ ਇਕ ਪ੍ਰਕਾਰ ਦੇ ਪ੍ਰਵਾਨਗੀ ਦੇ ਪੈਮਾਨੇ

(scale of acceptability) ਨਾਲ ਸੰਬੰਧਿਤ ਹੈ। ਇੱਕੋ ਹੀ ਗੱਲ ਵੱਖੋ-ਵੱਖਰੇ ਢੰਗ ਨਾਲ ਜੇਕਰ ਕਹੀ ਜਾਏ ਤਾਂ ਅਸੀਂ ਪ੍ਰਵਾਨਗੀ ਦੇ ਪੱਧਰਾਂ ਦੀ ਮੁਤਵਾਤਰ ਲੜੀ ਬਣਾ ਸਕਦੇ ਹਾਂ, ਜਿਸ ਵਿਚ ਇਕ ਪਾਸੇ ਸਭ ਤੋਂ ਘੱਟ ਪ੍ਰਵਾਨ ਅਤੇ ਦੂਜੇ ਪਾਸੇ ਸਭ ਤੋਂ ਵੱਧ ਪ੍ਰਵਾਨ ਹੋਣ ਦਾ ਨਿਸ਼ਾਨ ਦਿਖਾ ਸਕਦੇ ਹਾਂ। ਥੋੜ੍ਹੇ ਸ਼ਬਦਾਂ ਵਿਚ ਵਿਆਕਰਣਿਕ ਅਤੇ ਪ੍ਰਵਾਨਗੀ ਦੇ ਆਪਸੀ ਦ੍ਵੰਦਾਤਮਕ ਸੰਬੰਧ ਨੂੰ ਅਸੀਂ ਹੇਠਾਂ ਦਿੱਤੀਆਂ ਚਾਰ ਪ੍ਰਕਾਰ ਦੀਆਂ ਸਥਿਤੀਆਂ ਰਾਹੀਂ ਦਰਸਾ ਸਕਦੇ ਹਾਂ :



(1) ਵਿਆਕਰਣਿਕ ਤੌਰ 'ਤੇ ਸ਼ੁੱਧ ਅਤੇ ਪ੍ਰਵਾਨਗੀ ਯੋਗ :
ਕੁੜੀ ਵਿੱਚੋਂ ਸੈਂਟ ਦੀ ਸੁਗੰਧ ਆ ਰਹੀ ਸੀ।

(2) ਵਿਆਕਰਣਿਕ ਤੌਰ 'ਤੇ ਅਸ਼ੁੱਧ ਪਰ ਪ੍ਰਵਾਨਗੀ ਯੋਗ :
ਸੂਰਜ ਵਿੱਚੋਂ ਸਦੀਵਤਾ ਦੀ ਸੁਗੰਧ ਆ ਰਹੀ ਸੀ।

(3) ਵਿਆਕਰਣ-ਸੰਗਤ ਪਰ ਅਪ੍ਰਵਾਨਗੀ ਦੇ ਲਾਇਕ :
ਡਬਖੜੱਬੇ ਰੋਣ ਵਿੱਚੋਂ ਚੀਕ ਦੀ ਸੁਗੰਧ ਆ ਰਹੀ ਸੀ।

(4) ਵਿਆਕਰਣਿਕ ਤੌਰ 'ਤੇ ਅਸ਼ੁੱਧ ਅਤੇ ਪ੍ਰਵਾਨਗੀ ਦੇ ਅਯੋਗ :
ਸੁਗੰਧ ਸੂਰਜ ਸਦੀਵਤਾ ਆ ਦੀ ਸੀ ਰਹੀ।

ਉਪਰ ਅਸੀਂ ਦੇਖਦੇ ਹਾਂ ਕਿ ਵਾਕ ਨੰਬਰ (2) ਅਤੇ (4) ਵਿਆਕਰਣਿਕ ਤੌਰ 'ਤੇ ਅਸੰਗਤ ਹਨ, ਪਰ ਨੰਬਰ (2) ਵਿਆਕਰਣ ਦੇ ਅਨੁਕੂਲ ਨਾ ਹੁੰਦਾ ਹੋਇਆ ਵੀ ਪ੍ਰਵਾਨ ਹੋਣ ਦੇ ਯੋਗ ਹੈ। ਵਾਕ ਨੰਬਰ (4) ਕੇਵਲ ਸ਼ਬਦਾਂ ਦਾ ਢੇਰ ਹੈ ਅਤੇ ਪੰਜਾਬੀ ਭਾਸ਼ਾ ਦੇ ਨਿਯਮਾਂ ਦੀ ਉਲੰਘਣਾ ਕਰਦਾ ਹੈ। ਪਰ ਵਾਕ ਨੰਬਰ (2) ਵਿਚ ਵਾਕ-ਗਠਨ ਦੇ ਲਿਹਾਜ਼ ਨਾਲ ਕੋਈ ਅਸ਼ੁੱਧੀ ਨਹੀਂ, ਉਹ ਥੋੜ੍ਹਾ ਜਿਹਾ ਓਪਰਾ ਇਸ ਲਈ ਲਗਦਾ ਹੈ ਕਿ ਉਸ ਆਮ ਵਿਹਾਰਕ ਭਾਸ਼ਾ ਦੇ ਪ੍ਰਤਿਮਾਨ ਦਾ ਪਰਾਹਨ ਕਰਦਾ ਹੈ। ਵਾਕ ਨੰਬਰ (2) ਵਿਚ 'ਸੂਰਜ ਤੋਂ ਸਦੀਵਤਾ ਦੀ ਸੁਗੰਧ ਆ ਰਹੀ ਸੀ' ਦੀ ਸੂਰਜ 'ਚੋਂ ਸੁਗੰਧ ਆਉਣੀ ਸਾਧਾਰਨ ਭਾਸ਼ਾ ਮੁਹਾਵਰੇ ਵਿਚ ਮੰਨਣਯੋਗ ਨਹੀਂ। ਫੇਰ

'ਸਦੀਵਤਾ ਦੀ ਸੁਗੰਧ ਆਉਣੀ' ਵੀ ਸਾਧਾਰਨ ਤਰਕ ਦੇ ਅਨੁਕੂਲ ਨਹੀਂ। ਇਥੇ ਆਮ ਮੁਹਾਵਰੇ ਅਨੁਸਾਰ ਫੁੱਲਾਂ ਦੀ ਸੁਗੰਧ ਵਧੇਰੇ ਪ੍ਰਵਾਨ ਹੋ ਸਕਦਾ ਹੈ, ਪਰ ਕਾਵਿ-ਭਾਸ਼ਾ ਜਿਸ ਪੈਟਰਨ ਵਿਚ ਬੱਝੀ ਹੁੰਦੀ ਹੈ, ਉਹ ਆਮ ਸਾਧਾਰਨ ਭਾਸ਼ਾ ਦਾ ਅਤਿਕ੍ਰਮਣ ਪੇਸ਼ ਕਰਦਾ ਹੈ। ਇਸ ਤਰ੍ਹਾਂ ਇਹ ਵਾਕ ਕਾਵਿ-ਰਚਨਾ ਦੇ ਸੰਦਰਭ ਵਿਚ ਵਧੇਰੇ ਪ੍ਰਵਾਨਗੀ ਦੇ ਯੋਗ ਹੈ, ਕਿਉਂਕਿ ਕਾਵਿ-ਭਾਸ਼ਾ ਦੀ ਰਚਨਾ ਦੀ ਇਕ ਜੁਗਤ ਪਰਾਹਨ ਜਾਂ ਵਿਚੱਲਨ ਹੈ। ਇਹ ਵਾਕ ਪ੍ਰਵਾਨਗੀ ਦੇ ਪੈਮਾਨੇ ਉੱਤੇ ਪੂਰਾ ਉਤਰਦਾ ਹੈ, ਪਰ ਵਾਕ ਨੰਬਰ (4) ਉੱਕਾ ਹੀ ਪ੍ਰਵਾਨ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਪੂਰੀ ਤਰ੍ਹਾਂ ਅਵਿਆਕਰਣਿਕ ਹੈ।

ਸ਼ੈਲੀ ਵਿਗਿਆਨੀਆਂ ਨੇ ਵਿਚੱਲਨ ਜਾਂ ਪਰਾਹਨ ਦੀ ਗੱਲ ਕਰਦਿਆਂ ਸੈਮੀ ਸੈਂਟੈਂਸ ਜਾਂ ਅਰਧ-ਵਾਕ ਦਾ ਸੰਕਲਪ ਪੇਸ਼ ਕੀਤਾ ਹੈ। ਜਿਹੜੇ ਵਾਕ ਭਾਸ਼ਾ ਬੋਲਣ ਵਾਲੇ ਲੋਕਾਂ ਦੇ ਪ੍ਰਵਾਨਗੀ ਪੈਮਾਨੇ ਉੱਤੇ ਵਿਆਕਰਣਕ ਤੌਰ 'ਤੇ ਅਸੰਗਤ ਗਿਣੇ ਜਾਂਦੇ ਹਨ, ਉਹਨਾਂ ਨੂੰ ਅਰਧ-ਵਾਕ ਜਾਂ ਸੈਮੀ ਸੈਂਟੈਂਸ ਕਿਹਾ ਜਾਂਦਾ ਹੈ। ਅਰਧ-ਵਾਕ ਅਵਿਆਕਰਣਿਕ ਵਾਕ ਨਹੀਂ ਹੁੰਦੇ, ਸਗੋਂ ਉਹਨਾਂ ਦਾ ਗਠਨ ਅਜਿਹੇ ਢੰਗ ਨਾਲ ਕੀਤਾ ਗਿਆ ਹੁੰਦਾ ਹੈ ਕਿ ਉਹ ਵਿਆਕਰਣਿਕ ਨੇਮਾਂ ਵਿਚ ਬੱਝ ਕੇ ਵੀ ਉਹਨਾਂ ਦਾ ਪਰਾਹਨ ਕਰਦੇ ਹਨ। ਸ਼ੈਲੀ ਵਿਗਿਆਨੀਆਂ ਨੇ ਪ੍ਰਸਿੱਧ ਅੰਗਰੇਜ਼ੀ ਕਵੀ ਈ.ਈ. ਕੰਮਿੰਗਜ਼ ਦੀ ਕਵਿਤਾ ਵਿੱਚੋਂ ਅਜਿਹੇ ਅਰਧ-ਵਾਕਾਂ ਦੀਆਂ ਉਦਾਹਰਣਾਂ ਦਿੱਤੀਆਂ ਹਨ।

ਅਜਿਹੀਆਂ ਉਦਾਹਰਣਾਂ ਹਨ : 'Me up at does, He sang his did'nt, He danced his did, They sowed their is'not, They reaped their same' ਆਦਿ ਇਹਨਾਂ ਅਰਧ-ਵਾਕਾਂ ਵਿਚ ਵਿਆਕਰਣ ਦੇ ਪੱਖੋਂ ਕੁਝ ਊਣਤਾਈ ਹੋਣ ਦੇ ਬਾਵਜੂਦ ਇਹਨਾਂ ਦਾ ਵਿਵੇਚਨ ਕੀਤਾ ਜਾ ਸਕਦਾ ਹੈ। ਇਸੇ ਤਰ੍ਹਾਂ ਅਰਧ-ਵਾਕ ਦੀ ਇਕ ਹੋਰ ਆਮ ਉਦਾਹਰਣ ਹੈ : 'A grief ago.' ਜਦੋਂ ਅਸੀਂ ਇਸ ਉਦਾਹਰਣ ਦੀ ਵਿਆਕਰਣਿਕ ਯੋਗਤਾ ਨੂੰ ਵੇਖਣਾ ਹੋਵੇ ਤਾਂ ਸਾਨੂੰ ਅੰਗਰੇਜ਼ੀ ਭਾਸ਼ਾ ਦਾ ਵਿਆਕਰਣ ਧਿਆਨ ਗੋਚਰੇ ਲਿਆਉਣਾ ਹੋਏਗਾ। ਪੰਜਾਬੀ ਵਿਚ ਇਸ ਦਾ ਅਨੁਵਾਦ 'ਇਕ ਦੁੱਖ ਪਹਿਲਾ' ਕੀਤਾ ਜਾ ਸਕਦਾ ਹੈ। ਹੁਣ ਇਸ ਦੀ ਬਣਤਰ ਨੂੰ ਵੇਖੀਏ ਤਾਂ ਪਤਾ ਲਗਦਾ ਹੈ ਕਿ ਕਵੀ ਦੇ ਮਨ ਵਿਚਲੀ ਵਾਕ ਰੂਪਾਵਲੀ ਦੇ ਮੁਤਾਬਿਕ 'ਇਕ ਛਿੰਨ ਪਹਿਲਾਂ', 'ਇਕ ਦਿਨ ਪਹਿਲਾਂ', 'ਇਕ ਮਹੀਨਾ ਪਹਿਲਾਂ', 'ਇਕ ਵਰ੍ਹਾ ਪਹਿਲਾਂ ਆਦਿ ਸੰਰਚਨਾ ਬਣਨੀ ਚਾਹੀਦੀ ਸੀ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ 'ਪਹਿਲਾਂ' ਦੇ ਖੱਬੇ ਪਾਸੇ ਸਮਾਂ-ਸੂਚਕ ਨਾਂਵ ਦਾ ਵਰਤਿਆ ਜਾਣਾ ਆਮ ਵਿਹਾਰਕ ਵਾਕ ਬਣਾਉਂਦਾ ਹੈ। ਪਰ ਕਵੀ ਇਸ ਨੇਮ ਨੂੰ ਤੋੜ ਕੇ ਸ਼ਬਦ 'ਦੁੱਖ' ਦੀ ਵਰਤੋਂ ਕਰਦਾ ਹੈ, ਜੋ ਅਨੁਭਵ ਦੇ ਖੇਤਰ ਨਾਲ ਸੰਬੰਧਿਤ ਹੈ। ਅਸੀਂ ਵੇਖਦੇ ਹਾਂ ਕਿ ਕਵੀ ਦੀ ਭਾਸ਼ਾ ਦਾ ਇਹ ਅਗ੍ਰਭੂਮਿਤ ਰੂਪ (foregrounded figure) ਭਾਸ਼ਕ ਪਰਾਹਨ ਦਾ ਨਮੂਨਾ ਬਣਦਾ ਹੈ, ਜਿਸ ਦਾ ਪ੍ਰਤੱਖਣ ਪਿਛੋਕੜ ਵਿਚ ਆਮ ਵਿਹਾਰਕ ਭਾਸ਼ਾ ਦੇ ਸਿਸਟਮ ਤੋਂ ਹੁੰਦਾ ਹੈ। ਇਸ ਤਰ੍ਹਾਂ ਅਗ੍ਰਭੂਮਿਤ ਭਾਸ਼ਾ ਪ੍ਰਯੋਗ

ਆਮ ਵਿਹਾਰਕ ਭਾਸ਼ਕ ਪੈਟਰਨ ਦੇ ਮੁਕਾਬਲੇ ਵਿਚ ਮਾਪਿਆ ਜਾਂਦਾ ਹੈ ਅਤੇ ਇਸ ਤੋਂ ਭਾਸ਼ਕ ਪਰਾਹਨ ਦੀ ਸੂਚਨਾ ਮਿਲਦੀ ਹੈ। 'He sang his did'nt, He danced his did' ਵਰਗੇ ਅਰਧ-ਵਾਕਾਂ ਨੂੰ ਵੇਖਿਆਂ ਵੀ ਇਹਨਾਂ ਵਿਚਲੇ ਅਗ੍ਰਭੂਮਨ ਦੀ ਤਾਂ ਹੀ ਸਮਝ ਆਉਂਦੀ ਹੈ, ਜੇਕਰ ਅੰਗਰੇਜ਼ੀ ਭਾਸ਼ਾ ਦੇ ਆਮ ਵਿਹਾਰਕ ਵਾਕ-ਪੈਟਰਨ ਦੀ ਤੁਲਨਾ ਵਿਚ ਰੱਖ ਕੇ ਇਹਨਾਂ ਨੂੰ ਵੇਖੀਏ। ਅਜਿਹੇ ਵਾਕ ਦਾ ਪੈਟਰਨ ਕਰਤਾ + ਕਿਰਿਆ + ਕਰਮ ਵਾਲਾ ਹੈ। ਵਿਆਕਰਣਿਕ ਨੇਮ ਅਨੁਸਾਰ ਕਰਮ ਨੂੰ ਨਾਂਵ ਰੂਪ ਵਿਚ ਵਰਤਿਆ ਜਾਣਾ ਚਾਹੀਦਾ ਸੀ, ਜਿਵੇਂ 'He sang his song, He danced his dance', ਪਰ ਕਵੀ ਜਾਣ ਬੁੱਝ ਕੇ ਵਿਆਕਰਣਿਕ ਨੇਮਾਂ ਨੂੰ ਭੰਗ ਕਰਕੇ ਨਾਂਵ ਦੀ ਥਾਂ 'ਤੇ ਕਿਰਿਆ ਰੂਪਾਂ ਦੀ ਵਰਤੋਂ ਕਰਦਾ ਹੈ। ਇਥੇ ਜਿਸ ਪੈਟਰਨ ਦੀ ਆਸ ਕੀਤੀ ਜਾਂਦੀ ਹੈ ਅਤੇ ਜੋ ਜਾਣ ਬੁੱਝ ਕੇ ਘੜਿਆ ਗਿਆ ਹੈ, ਦੋਹਾਂ ਵਿਚਕਾਰ ਖੱਪਾ ਮਿਲਦਾ ਹੈ। ਇਸ ਖੱਪੇ ਕਰਕੇ ਹੀ ਇਹ ਉਕਤੀ ਸੁੰਦਰ ਬਣ ਜਾਂਦੀ ਹੈ। ਇਥੇ 'did'nt' ਤੋਂ ਭਾਵ ਹੈ ਜੋ ਵਿਅਕਤੀ ਨੇ ਅਤੀਤ ਵਿਚ ਨਹੀਂ ਕੀਤਾ ਅਤੇ 'did' ਤੋਂ ਭਾਵ ਹੈ ਜੋ ਉਸ ਨੇ ਅਤੀਤ ਵਿਚ ਕੀਤਾ ਸੀ। ਇਸ ਤਰ੍ਹਾਂ ਇਹਨਾਂ ਉਕਤੀਆਂ ਤੋਂ ਭਾਵ ਹੈ ਆਪਣੇ ਬੀਤੇ ਕਰਮਾਂ ਕਾਰਨ ਖ਼ੁਸ਼ੀ ਵਿਚ ਨੱਚਣਾ, ਹੋ ਚੁੱਕੇ ਕੰਮਾਂ ਨੂੰ ਯਾਦ ਕਰਕੇ ਖ਼ੁਸ਼ੀ ਨਾਲ ਝੂਮਣਾ। ਇਸ ਤਰ੍ਹਾਂ ਇਹ ਅਰਧ-ਵਾਕ ਅੰਗਰੇਜ਼ੀ ਦੇ ਵਿਆਕਰਣਿਕ ਨੇਮਾਂ ਦਾ ਉਲੰਘਣ ਕਰਦਾ ਹੋਇਆ ਵੀ ਵਿਵੇਚਨ ਦੇ ਯੋਗ ਹੈ।

ਜਾਣ ਬੁੱਝ ਕੇ ਕੀਤੇ ਭਾਸ਼ਕ ਪਰਾਹਨ ਦੇ ਉਦਾਹਰਣ ਸਾਨੂੰ ਕੇਵਲ ਕਵਿਤਾ ਵਿਚ ਹੀ ਨਹੀਂ ਮਿਲਦੇ, ਸਗੋਂ ਬੱਚਿਆਂ ਦੀਆਂ ਖੇਡਾਂ ਵਿਚ ਅਤੇ ਹਾਸੇ ਮਖ਼ੌਲ ਦੀ ਭਾਸ਼ਾ ਵਿਚ ਵੀ ਮਿਲਦੇ ਹਨ। ਮੁਕਾਰੋਵਸਕੀ ਦੇ ਅਨੁਸਾਰ ਸਾਹਿਤ ਦਾ ਨਿੱਖੜਵਾਂ ਗੁਣ ਇਸੇ ਗੱਲ ਵਿਚ ਹੈ ਕਿ ਇਸ ਵਿਚ ਅਗ੍ਰਭੂਮਨ ਦਾ ਬੱਝਵਾਂ ਅਤੇ ਸਿਸਟਮ-ਬੱਧ ਰੂਪ ਪਾਇਆ ਜਾਂਦਾ ਹੈ। ਭਾਸ਼ਕ ਅਗ੍ਰਭੂਮਨ ਬਿਨਾਂ ਕਿਸੇ ਨੇਮ ਦੇ ਸੰਭਵ ਨਹੀਂ। ਇਸ ਦਾ ਆਪਣਾ ਤਰਕ ਹੁੰਦਾ ਹੈ ਅਤੇ ਇਹ ਬਾਕਾਇਦਾ ਨੇਮਾਂ ਦੇ ਮੁਤਾਬਿਕ ਉਤਪੰਨ ਕੀਤਾ ਜਾਂਦਾ ਹੈ। ਅਗ੍ਰਭੂਮਨ ਵਿਚ ਕੀ ਸਿਸਟੇਮੈਟਿਕ ਹੈ, ਇਸ ਦੀ ਕਈ ਵਾਰੀ ਕੋਈ ਸਪੱਸ਼ਟ ਵਿਆਖਿਆ ਕਰਨੀ ਔਖੀ ਹੁੰਦੀ ਹੈ। ਪਰ ਇਹ ਸਾਡੇ ਸਹਿਜ ਗਿਆਨ ਤੋਂ ਸਪੱਸ਼ਟ ਹੁੰਦਾ ਹੈ ਕਿ ਕਵੀ ਦੀ ਵਿਧੀਵਿਹੀਣਤਾ ਵਿਚ ਵੀ ਕੋਈ ਵਿਧੀ ਹੁੰਦੀ ਹੈ। ਅਗ੍ਰਭੂਮਨ ਦੀ ਅਥਾਹ ਸ਼ਕਤੀ ਦੀਆਂ ਉਦਾਹਰਣਾਂ ਜੋ ਲੁਕੇ ਹੋਏ ਅਰਥਾਂ ਨੂੰ ਉਘਾੜਦੀਆਂ ਹਨ, ਸਾਨੂੰ ਆਧੁਨਿਕ ਅੰਗਰੇਜ਼ੀ ਕਵੀਆਂ ਏਲੀਅਟ ਅਤੇ ਪਾਊਂਡ ਦੀਆਂ ਰਚਨਾਵਾਂ ਵਿੱਚੋਂ ਬਹੁਤਾਤ ਵਿਚ ਮਿਲਦੀਆਂ ਹਨ। ਇਹਨਾਂ ਵਿਚ ਆਮ ਸਾਧਾਰਨ ਵਿਹਾਰਕ ਅਕਾਵਿਕ ਭਾਸ਼ਾ ਨੂੰ ਸ਼ੈਲੀ ਮੂਲਕ ਜੁਗਤਾਂ ਦੀ ਵਰਤੋਂ ਕਰਕੇ ਰੂਪਾਂਤ੍ਰਿਤ ਕੀਤਾ ਗਿਆ ਹੈ ਅਤੇ ਉਸ ਨੂੰ ਕਾਵਿ-ਸੰਦਰਭ ਇਕ ਸਾਰਥਿਕਤਾ ਪ੍ਰਦਾਨ ਕੀਤੀ ਗਈ ਹੈ। ਇਹ ਕਵੀ ਚਿੱਤਰਕਾਰ ਦੀ ਤਕਨੀਕ ਜਿਸ ਨੂੰ ਕੋਲਾਜ (collage) ਕਿਹਾ ਜਾਂਦਾ ਹੈ, ਦੀ ਵਰਤੋਂ ਕਰਦੇ ਹਨ। ਇਹਨਾਂ ਕਵੀਆਂ ਦਾ ਭਾਸ਼ਕ ਵਿਚੱਲਨ ਰਾਹੀਂ ਅਗ੍ਰਭੂਮਨ ਕਰਨਾ ਸਾਹਿਤਕ ਕੋਲਾਜ ਕਿਹਾ ਜਾ ਸਕਦਾ ਹੈ।

ਪਰਾਹਨ ਜਾਂ ਵਿਚੱਲਨ ਰਚਨਾ ਵਿਚ ਕਈ ਪੱਧਰ ਉੱਤੇ ਕੀਤਾ ਜਾ ਸਕਦਾ

ਹੈ—ਸ਼ਬਦਾਂ ਦੀ ਪੱਧਰ ਉੱਤੇ, ਵਿਆਕਰਣ ਦੀ ਪੱਧਰ ਉੱਤੇ ਅਤੇ ਅਰਥ ਦੀ ਪੱਧਰ ਉੱਤੇ। ਸ਼ਬਦ ਦੀ ਪੱਧਰ ਉੱਤੇ ਕਵੀ ਪਹਿਲਾਂ ਮਿਲਦੇ ਸ਼ਬਦਾਂ ਨੂੰ ਤੋੜ-ਮਰੋੜ ਕੇ ਨਵੇਂ ਸ਼ਬਦ ਘੜਦਾ ਹੈ। ਕਵੀ ਰੂਪੀਮੀ ਪੱਧਰ ਉੱਤੇ ਅਜਿਹੇ ਅੰਸ਼ਾਂ ਨੂੰ ਜੋੜਦਾ ਹੈ, ਜੋ ਸਾਧਾਰਨ ਵਿਆਕਰਣਿਕ ਪੱਧਰ ਉੱਤੇ ਬਹੁਤੇ ਸਹਿਜ ਪ੍ਰਤੀਤ ਨਹੀਂ ਹੁੰਦੇ। ਉਹ ਸ਼ਬਦਾਂ ਅਤੇ ਸ਼ਬਦ-ਰੂਪਾਂ ਦੀ ਘਾੜਤ ਅਤੇ ਉਹਨਾਂ ਦਾ ਰਚਨਾਤਮਕ ਪ੍ਰਯੋਗ ਅਜਿਹੇ ਢੰਗ ਨਾਲ ਕਰਦਾ ਹੈ ਕਿ ਰਚਨਾ ਵਿਚ ਪਾਠਕ ਦਾ ਧਿਆਨ ਵਧੇਰੇ ਸ਼ਿੱਦਤ ਨਾਲ ਖੁਭ ਜਾਂਦਾ ਹੈ। ਭਾਈ ਵੀਰ ਸਿੰਘ ਆਪਣੀ ਨਜ਼ਮ ਵਿਚ ਕਿਤੇ ਕਿਤੇ ਆਮ ਮਾਣਕ ਭਾਸ਼ਾ ਦੀ ਵਰਤੋਂ ਕਰਦਿਆਂ ਵਿਚ-ਵਿਚ ਉਪ-ਭਾਸ਼ਾ ਦਾ ਸ਼ਬਦ ਵਰਤ ਜਾਂਦਾ ਹੈ, ਜਿਵੇਂ :

ਤੁਸੀਂ ਉੱਚੇ ਅਸੀਂ ਨੀਵੇਂ ਸਾਂ
ਸਾਡੀ ਪੇਸ਼ ਨਾ 'ਗੱਯਾ ਕਾਈ'

ਉਪਰੋਕਤ ਕਾਵਿ-ਪੰਗਤੀਆਂ ਵਿਚ ਗਈ + ਆ ਦੀ ਥਾਂ 'ਗੱਯਾ' ਦੀ ਵਰਤੋਂ ਕੀਤੀ ਗਈ ਹੈ। ਇਹ ਰੂਪੀਮੀ ਬਣਤਰ ਇਥੇ ਪਰਾਹਨ ਕੀਤੇ ਜਾਣ ਵੱਲ ਸੰਕੇਤ ਕਰਦੀ ਹੈ। ਇਸੇ ਤਰ੍ਹਾਂ 'ਕੋਈ' ਸ਼ਬਦ ਮਾਣਕ ਭਾਸ਼ਾ ਦਾ ਹੈ, ਪਰ ਇਸ ਦੀ ਥਾਂ 'ਤੇ ਜਾਣ ਬੁੱਝ ਕੇ ਲਹਿੰਦੀ ਉਪ-ਭਾਸ਼ਾ ਦਾ ਸ਼ਬਦ 'ਕਾਈ' ਵਰਤਿਆ ਗਿਆ ਹੈ। ਇਹ ਸ਼ਬਦ ਦੀ ਪੱਧਰ ਉੱਤੇ ਪਰਾਹਨ ਦੇ ਸਰਲ ਨਮੂਨੇ ਹਨ। ਇਥੇ ਸ਼ਬਦ 'ਗੱਯਾ' ਅਤੇ 'ਕਾਈ' ਪੰਗਤੀਆਂ ਵਿਚ ਵਰਤੀ ਮਾਣਕ ਭਾਸ਼ਾ ਦੇ ਪਿਛੋਕੜ ਵਿਚ ਅਗ੍ਰਭੂਮਨ ਕਰਦੇ ਹਨ।

ਇਸੇ ਤਰ੍ਹਾਂ ਪੂਰਨ ਸਿੰਘ ਦੀਆਂ ਹੇਠ ਲਿਖੀਆਂ ਕਾਵਿ-ਪੰਗਤੀਆਂ ਵਿਚ ਮਾਣਕ ਭਾਸ਼ਾ ਦੇ ਸੰਦਰਭ ਵਿਚ ਪੋਠੋਹਾਰੀ ਉਪਭਾਸ਼ਕ ਸ਼ਬਦਾਂ ਦੀ ਵਰਤੋਂ ਸ਼ਬਦ ਦੀ ਪੱਧਰ ਉੱਤੇ ਪਰਾਹਨ ਦਾ ਨਮੂਨਾ ਪੇਸ਼ ਕਰਦੀ ਹੈ :

(1) **ਨੇਮਾਂ ਵਾਲੀ ਗੱਲ ਨਾ ਕਰਨਾ 'ਕਾਈ'**
ਧਰਮਾਂ ਕਰਮਾਂ 'ਥੀਂ' ਨਸਣਾ
(2) **ਕੁੜੀਆਂ ਦਾ ਤ੍ਰਿੰਞਣ ਦਾ ਤ੍ਰਿੰਞਣ ਸੀ, 'ਜਾਂਦਾ, ਗਾਂਦਾ'**
(3) **ਭਾਵੇਂ ਮਨ ਮੇਰਾ ਚੰਗੀ ਤਰ੍ਹਾਂ ਜਾਣਦਾ,**
ਅਨਪੜ੍ਹ ਜੇਹੀਆਂ ਕੁੜੀਆਂ—'ਗਿਰਾਂ' ਕਿਸੇ ਦੀਆਂ

ਡਾਕਟਰ ਹਰਿਭਜਨ ਸਿੰਘ ਆਪਣੀ ਕਵਿਤਾ ਵਿਚ ਅਧੈਰਾ ਆਦਮੀ, ਬੁਹਾਰੀ, ਅਖ਼ਬਾਰੀ ਸੁਨੈਣ—ਅਨੈਣ—ਪਤਨੀ—ਅਪਤਨੀ, ਅਧੜ ਗਰਦਨ, ਅਸਿਰ ਮੱਥਾ ਆਦਿ ਸ਼ਬਦਾਂ ਦੀ ਵਰਤੋਂ ਕਰਕੇ ਸ਼ਾਬਦਿਕ ਪੱਧਰ ਉੱਤੇ ਪਰਾਹਨ ਕਰਦਾ ਹੈ।

ਸ਼ਬਦ ਤੋਂ ਬਾਅਦ ਦੂਜਾ ਪੱਧਰ ਜਿਸ ਉੱਤੇ ਕਵੀ ਪ੍ਰਤਿਮਾਨ ਦਾ ਪਰਾਹਨ ਕਰਦਾ ਹੈ, ਉਹ ਵਿਆਕਰਣ ਮੰਨਿਆ ਗਿਆ ਹੈ। ਕਵੀ ਆਪਣੀ ਭਾਸ਼ਾ-ਰਚਨਾ ਕਰਦਿਆਂ ਆਮ ਪ੍ਰਤਿਮਾਣਿਕ ਵਿਆਕਰਣ ਦੇ ਨੇਮਾਂ ਦਾ ਉਲੰਘਣ ਕਰਦਾ ਹੈ ਅਤੇ ਨਜ਼ਮ ਦੀ ਆਪਣੀ ਵਿਆਕਰਣ ਰਚਦਾ ਹੈ। ਵਿਆਕਰਣਿਕ ਪੱਧਰ ਦੇ ਕੁਝ ਪਰਾਹਨ ਨਮੂਨੇ ਹੇਠਾਂ ਦਰਜ ਹਨ :

'ਓਦੋਂ' ਹਾਜ਼ਰ ਸਾਂ 'ਮੈਂ'
ਤੇਰੇ ਹੱਥ ਵਿਚ ਜਦੋਂ 'ਤਲਵਾਰ ਨੰਗੀ'
ਪਿਆਸ ਵਾਂਗੂ ਤੜਫੜਾਈ ਸੀ
ਲਹਿਰ ਦਾ ਸੁਲਗਦਾ ਮੇਲਾ
ਸੁੱਕੇ ਸਮੁੰਦਰ ਵਾਂਗ ਗੁੰਮ ਸੁੰਮ ਬੁਝ ਗਿਆ ਸੀ।
ਦੂਰ ਤੀਕਣ ਚੁਪ ਦੇ ਬੰਜਰ ਵਿਛੇ ਸਨ।
ਜਿਨ੍ਹਾਂ ਦੇ ਵਿਚ ਸਵਾਸ ਵੀ ਉਗਦਾ 'ਨਹੀਂ ਸੀ ਪੂਰਾ'
ਓਦੋਂ ਹਾਜ਼ਰ ਸਾਂ ਮੈਂ।

ਉਪਰੋਕਤ ਕਾਵਿ ਪੰਗਤੀਆਂ ਵਿਚ ਕੋਮਿਆਂ ਵਿਚ ਦਿੱਤੇ ਸ਼ਬਦਾਂ ਨੂੰ ਵੇਖਿਆਂ ਪਤਾ ਲਗਦਾ ਹੈ ਕਿ ਕਵੀ ਇਥੇ ਸ਼ਬਦਾਂ ਦੇ ਕ੍ਰਮ ਨੂੰ ਆਮ ਪੰਜਾਬੀ ਵਾਕ ਬਣਤਰ ਤੋਂ ਭਿੰਨ ਰੂਪ ਦੇਂਦਾ ਹੈ। ਇਸ ਨਾਲ ਵਿਆਕਰਣਿਕ ਪੱਧਰ ਉੱਤੇ ਪਰਾਹਨ ਪੈਦਾ ਹੁੰਦਾ ਹੈ। ਕਈ ਵਾਰੀ ਕਵੀ ਆਮ ਲੋਕ ਗੀਤ ਦੀਆਂ ਪੰਗਤੀਆਂ ਜੋ ਉਸ ਭਾਸ਼ਾ ਦੇ ਬੋਲਣਹਾਰਿਆਂ ਵਿਚ ਸਹਿਜ ਹੋ ਚੁੱਕੀਆਂ ਹੁੰਦੀਆਂ ਹਨ, ਵਿਚ ਵਾਕ ਬਣਤਰ ਦੇ ਪੱਖੋਂ ਥੋੜ੍ਹਾ ਜੇਹਾ ਪਰਿਵਰਤਨ ਲੈ ਆਉਂਦਾ ਹੈ, ਜਿਸ ਨਾਲ ਪ੍ਰਤਿਮਾਨ ਦਾ ਪਰਾਹਨ ਹੋ ਜਾਂਦਾ ਹੈ। ਡਾਕਟਰ ਹਰਿਭਜਨ ਸਿੰਘ ਦੇ ਹੇਠਾਂ ਦਿੱਤੇ ਜਾ ਰਹੇ ਕਾਵਿ ਅੰਸ਼ ਵਿਚ 'ਨਾ' ਦੀ ਵਰਤੋਂ ਸਾਡੀ ਦ੍ਰਿਸ਼ਟੀ ਤੋਂ ਸਾਰਥਿਕ ਹੈ :

ਹਰਿਆ ਨੀ ਮਾਏ
ਹਰਿਆ ਨੀ ਭੈਣੇ
ਹਰਿਆ ਨੀ ਭਾਗੀਂ ਭਰਿਆ
ਜਿਸ ਦਿਹਾੜੇ ਮੇਰਾ ਹਰਿਆ 'ਨਾ' ਜੰਮਿਆ
ਸੋਈ ਦਿਹਾੜਾ ਭਾਗੀਂ ਭਰਿਆ।

ਅਰਥ ਦੀ ਪੱਧਰ ਉੱਤੇ ਪਰਾਹਨ ਸਾਨੂੰ ਵਿਰੋਧ (paradox), ਵਿਰੋਧਾਭਾਸ (oxymoron), ਰੂਪਕ, ਲਕਸ਼ਣਾ, ਟ੍ਰਾਂਸਫ਼ਾਰਮਡ ਐਪੀਥੈਟ ਆਦਿ ਦੇ ਰੂਪ ਵਿਚ ਮਿਲਦੇ ਹਨ।

ਇਸੇ ਤਰ੍ਹਾਂ ਕਾਵਿ ਰਚਨਾ ਵਿਚ ਦੁਹਰਾਉ (frequency) ਰਾਹੀਂ ਵੀ ਕਵੀ ਅਗ੍ਰਭੂਮਨ ਪੈਦਾ ਕਰਦਾ ਹੈ। ਦੁਹਰਾਉ ਤੋਂ ਭਾਵ ਇਹ ਹੈ ਕਿ ਹਰ ਲੇਖਕ ਜਦੋਂ ਰਚਨਾ ਕਰਦਾ ਹੈ ਤਾਂ ਉਹ ਆਪਣੀ ਰੁਚੀ ਅਤੇ ਪਾਠ ਦੀਆਂ ਲੋੜਾਂ ਅਨੁਸਾਰ ਕੁਝ ਸ਼ਬਦ-ਆਈਟਮਾਂ ਦਾ ਬਾਰ-ਬਾਰ ਦੁਹਰਾਉ ਕਰਦਾ ਹੈ। ਕੁਝ ਲੇਖਕ ਰਚਨਾ ਵਿਚ ਨਾਵਾਂ ਜਾਂ ਨਾਵਾਂ ਨੂੰ ਵਿਸ਼ੇਸ਼ਣਾਂ ਦੀ ਥਾਂ 'ਤੇ ਵਰਤਣ ਦੀ ਬਾਰ-ਬਾਰ ਰੁਚੀ ਦਰਸਾਉਂਦੇ ਹਨ। ਕੁਝ ਰਚਨਾਵਾਂ ਵਿਚ ਖ਼ਾਸ ਤਰ੍ਹਾਂ ਦੀਆਂ ਕਿਰਿਆਵਾਂ ਦੀ ਵਰਤੋਂ ਦੀ ਫ਼ਰੀਕੁਐਂਸੀ ਬਹੁਤ ਜ਼ਿਆਦਾ ਹੁੰਦੀ ਹੈ। ਸ਼ੈਲੀ ਦਾ ਦੁਹਰਾਉ ਮੂਲਕ ਸੰਦਰਭ ਦੋ ਮਾਨਤਾਵਾਂ ਉਪਰ ਆਧਾਰਿਤ ਹੁੰਦਾ ਹੈ :

(1) ਸ਼ੈਲੀ ਬਹੁਤ ਸਾਰੇ ਵਿਕਲਪਾਂ ਵਿੱਚੋਂ ਇਕ ਦੀ ਚੋਣ ਹੁੰਦੀ ਹੈ।

(2) ਕਿਸੇ ਵਿਸ਼ੇਸ਼ ਪ੍ਰਵਚਨ ਵਿਚ ਜਿਸ ਪ੍ਰਕਾਰ ਦੀ ਚੋਣ ਕੀਤੀ ਗਈ ਹੋਵੇ, ਸੰਖਿਆ-ਮੂਲਕ (statistical) ਵਿਸ਼ਲੇਸ਼ਣ ਰਾਹੀਂ ਉਸ ਦੀ ਵਿਲੱਖਣਤਾ ਨੂੰ ਬਿਆਨ ਕੀਤਾ ਜਾ ਸਕਦਾ ਹੈ।

ਸ਼ੈਲੀ ਦੀ ਦੁਹਰਾਉ-ਮੂਲਕ ਵਿਆਖਿਆ ਅਸੀਂ ਭਾਸ਼ਾ ਚੋਣ ਦੀ ਵਿਸ਼ੇਸ਼ਤਾ ਦੇ ਬਿਆਨ ਰਾਹੀਂ ਕਰ ਸਕਦੇ ਹਾਂ ਅਤੇ ਉਸਦੀ ਹੋਰ ਰਚਨਾਵਾਂ ਨਾਲ ਤੁਲਨਾ ਕਰਕੇ ਉਸ ਦੀ ਵੱਖਰਤਾ ਸਥਾਪਤ ਕਰ ਸਕਦੇ ਹਾਂ। ਕਿਸੇ ਇਕ ਰਚਨਾ ਵਿਚ ਕਿਸੇ ਖ਼ਾਸ ਪ੍ਰਕਾਰ ਦੇ ਵਿਆਕਰਣਿਕ ਭੇਦਾਂ ਦੀ ਬਹੁਲਤਾ ਹੁੰਦੀ ਹੈ ਜਾਂ ਸ਼ਬਦਾਂ ਨੂੰ ਖ਼ਾਸ ਕ੍ਰਮਾਂ ਵਿਚ ਬੰਨ੍ਹ ਕੇ ਪੇਸ਼ ਕੀਤਾ ਗਿਆ ਹੁੰਦਾ ਹੈ। ਕਿਸੇ ਰਚਨਾ ਵਿਚ ਖ਼ਾਸ ਤਰ੍ਹਾਂ ਦੇ ਭਾਸ਼ਕ ਲੱਛਣਾਂ ਦੀ ਬਹੁਲਤਾ ਨੂੰ ਕਿਸੇ ਪ੍ਰਤਿਮਾਨ (norm) ਦੀ ਤੁਲਨਾ ਵਿਚ ਰੱਖ ਕੇ ਵੇਖਿਆ ਜਾਏ, ਇਹ ਪ੍ਰਸ਼ਨ ਇਥੇ ਕਾਫ਼ੀ ਦਿੱਕਤ ਪੈਦਾ ਕਰਦਾ ਹੈ। ਇਥੇ ਪ੍ਰਤਿਮਾਨ ਦੀ ਸੰਕਲਪਨਾ ਨੂੰ ਨਿਰਪੇਖ ਰੂਪ ਵਿਚ ਸਥਾਪਤ ਕਰਨਾ ਕਾਫ਼ੀ ਮੁਸ਼ਕਿਲ ਹੈ। ਇਸ ਲਈ ਅਸੀਂ ਕਿਸੇ ਪ੍ਰਤਿਮਾਨ ਦੀ ਸਥਾਪਨਾ ਸਾਪੇਖ ਰੂਪ ਵਿਚ ਹੀ ਕਰ ਸਕਦੇ ਹਾਂ।

ਅਗ੍ਰਭੂਮਨ ਦਾ ਵਿਵੇਚਨ ਲੇਖਕ ਦੇ ਪੱਖ ਤੋਂ ਉਸ ਦੇ ਉਦੇਸ਼ ਦੀ ਪੂਰਵ-ਕਲਪਨਾ ਕਰਦਾ ਹੈ ਅਤੇ ਇਸੇ ਤਰ੍ਹਾਂ ਪਾਠਕ ਦੇ ਪੱਖੋਂ ਕੁਝ ਵਿਆਖਿਆ ਦੀ ਮੰਗ ਕਰਦਾ ਹੈ। ਜਾਫ਼ਰੀ ਐਨ. ਲੀਚ ਆਪਣੀ ਪੁਸਤਕ 'A Linguistic Guide to English Poetry' ਵਿਚ ਕਹਿੰਦਾ ਹੈ ਕਿ ਭਾਸ਼ਾ-ਵਿਗਿਆਨ ਅਤੇ ਸਾਹਿਤ ਆਲੋਚਨਾ ਜਦੋਂ ਦੋਵੇਂ ਕਾਵਿ ਭਾਸ਼ਾ ਨੂੰ ਅਧਿਐਨ ਦਾ ਵਿਸ਼ਾ ਬਣਾਉਂਦੇ ਹਨ ਤਾਂ ਉਹ ਇਕ ਦੂਜੇ ਦਾ ਵਿਰੋਧ ਕਰਨ ਦੀ ਬਜਾਏ ਇਕ ਦੂਜੇ ਦੇ ਪੂਰਕ ਬਣਦੇ ਹਨ। ਜਿਥੇ ਇਹਨਾਂ ਦੋਹਾਂ ਅਨੁਸ਼ਾਸਨਾਂ ਦਾ ਮੇਲ ਹੁੰਦਾ ਹੈ, ਉਹ ਅਗ੍ਰਭੂਮਨ ਦਾ ਅਧਿਐਨ ਮੰਨਿਆ ਜਾ ਸਕਦਾ ਹੈ।

ਭਾਸ਼ਕ ਪਰਾਹਨ ਸੰਚਾਰ ਦੀਆਂ ਸਹਿਜ ਪ੍ਰਕਿਰਿਆਵਾਂ ਨੂੰ ਭੰਗ ਕਰਨਾ ਹੈ। ਇਹ ਕਿਸੇ ਰਚਨਾ ਪਾਠ ਦੇ ਪਾਠਕ ਦੁਆਰਾ ਗ੍ਰਹਿਣ ਕਰਨ ਵਿਚ ਇਕ ਖੱਪਾ ਪੈਦਾ ਕਰ ਦੇਂਦਾ ਹੈ। ਇਹ ਖੱਪਾ ਭਰਿਆ ਜਾ ਸਕਦਾ ਹੈ ਅਤੇ ਕੀਤਾ ਗਿਆ ਪ੍ਰਤਿਮਾਨ ਦਾ ਪਰਾਹਨ ਸਾਰਥਿਕ ਬਣਾਇਆ ਜਾ ਸਕਦਾ ਹੈ। ਪਰ ਅਜਿਹਾ ਕਰਨ ਲਈ ਪਾਠਕ ਨੂੰ ਆਪਣੀ ਕਲਪਨਾ ਦੀ ਵਰਤੋਂ ਕਰਨੀ ਪੈਂਦੀ ਹੈ, ਜਿਸ ਨਾਲ ਲੇਖਕ ਅਰਥ ਦੇ ਨਵੇਂ ਘੇਰੇ ਨੂੰ ਪਛਾਣਦਾ ਹੈ। ਰੂਪਕ ਦੀ ਪੱਧਰ ਉੱਤੇ ਇਹ ਪ੍ਰਾਪਤੀ ਸਮਦ੍ਰਿਸ਼ਟਤਾ (analogy) ਦੇ ਰੂਪ ਵਿਚ ਹੁੰਦੀ ਹੈ। ਅੰਗਰੇਜ਼ੀ ਕਵੀ ਡਨ ਦੀ ਹੇਠ ਲਿਖੀ ਸਤਰ ਵਿਚ ਇਸ ਪ੍ਰਕਿਰਿਆ ਨੂੰ ਪਛਾਣਿਆ ਜਾ ਸਕਦਾ ਹੈ :

There they sick Taper will begin to wink.

ਇਸ ਸਤਰ ਵਿਚ ਅਰਥ ਪੂਰਣਤਾ ਦਾ ਦੋ ਵਾਰੀ ਖੰਡਨ ਹੁੰਦਾ ਹੈ। Taper ਦਾ sick ਹੋਣਾ ਅਤੇ ਉਸ ਦਾ winking ਦੇ ਯੋਗ ਹੋਣਾ। ਇਸ ਪਰਾਹਨ ਨੂੰ ਸਮਝਣ ਲਈ sick ਅਤੇ wink ਦਾ ਰੂਪਕੀ ਪੱਧਰ ਉੱਤੇ ਵਿਵੇਚਨ ਹੋਣਾ ਚਾਹੀਦਾ ਹੈ।

ਸਮਾਨੰਤਰਤਾ (Parallelism)

ਸਮਾਨੰਤਰਤਾ ਤੋਂ ਭਾਵ ਹੈ ਕਿਸੇ ਭਾਸ਼ਕ ਲੱਛਣ ਜਾਂ ਵਿਧਾਨ ਦਾ ਬਾਰ-ਬਾਰ ਦੁਹਰਾਉ ਦੀ ਨਿਯਮਬੱਧਤਾ ਜਾਂ ਬਾਕਾਇਦਗੀ। ਦੁਹਰਾਉ ਦਾ ਨੇਮ ਸਾਨੂੰ ਵੱਖੋ-ਵੱਖਰੇ ਪੱਧਰਾਂ ਉੱਤੇ ਮਿਲਦਾ ਹੈ। ਸਾਹਿਤਕਾਰ ਸਮਾਨੰਤਰਤਾ ਨੂੰ ਅਰਥ ਸਿਰਜਣ ਦੇ ਉਦੇਸ਼ ਨੂੰ ਮੁੱਖ ਰੱਖ ਕੇ ਵਰਤਦਾ ਹੈ। ਭਾਸ਼ਕ ਪਰਾਹਨ ਕੇਵਲ ਭਾਸ਼ਕ ਅਗ੍ਰਭੂਮਨ ਦਾ ਸਾਧਨ ਨਹੀਂ। ਸਾਹਿਤ ਰਚਨਾ ਦੇ ਪੈਗ਼ਾਮ ਦਾ ਕੁਝ ਭਾਗ ਪਰਾਹਨ ਦੀ ਮਦਦ ਨਾਲ ਪਾਠਕ ਦੇ ਧਿਆਨ ਦੀ ਅਗ੍ਰਭੂਮੀ ਵਿਚ ਲਿਆਂਦਾ ਗਿਆ ਹੈ, ਜਿਸ ਨਾਲ ਉਸ ਦਾ ਪ੍ਰਭਾਵ ਤਿੱਖਾ ਹੋ ਜਾਂਦਾ ਹੈ। ਪਰ ਇਸ ਉਦੇਸ਼ ਦੀ ਪ੍ਰਾਪਤੀ ਹੋਰ ਕਈ ਜੁਗਤਾਂ ਨਾਲ ਵੀ ਕੀਤੀ ਜਾਂਦੀ ਹੈ। ਉਦਾਹਰਣ ਲਈ ਸ਼ਲੇਸ਼ (pun) ਦੀ ਵਰਤੋਂ ਵੀ ਇਕ ਪ੍ਰਕਾਰ ਦਾ ਅਗ੍ਰਭੂਮਨ ਹੈ। ਅਸੀਂ ਹੇਠ ਲਿਖੀਆਂ ਪੰਗਤੀਆਂ ਵਿਚ ਸ਼ਲੇਸ਼ ਦਾ ਦ੍ਰਿਸ਼ਟਾਂਤ ਦੇਖ ਸਕਦੇ ਹਾਂ :

When I am dead, I hope it may be said;
His sins were scarlet but his books were read.

ਉਪਰੋਕਤ ਪੰਗਤੀਆਂ ਵਿਚ ਭਾਸ਼ਕ ਨੇਮਾਂ ਨੂੰ ਕਿਤੇ ਵੀ ਭੰਗ ਨਹੀਂ ਕੀਤਾ ਗਿਆ, ਪਰ ਇਸ ਐਪੀਗ੍ਰਾਮ ਦੇ ਅੰਤ ਉੱਤੇ ਅਸੀਂ ਸੁਚੇਤ ਹੁੰਦੇ ਹਾਂ ਕਿ 'read' ਅਤੇ 'red' ਦੇ ਦੋ ਵਿਵੇਚਨ ਸੰਭਵ ਹੋ ਸਕਦੇ ਹਨ। ਇਥੇ ਸਾਡਾ ਧਿਆਨ ਇਕਦਮ ਇਕ ਪ੍ਰਕਾਰ ਦੀ ਧੁਨੀਮੂਲਕ ਸਮਤਾ (phonological equivalence) ਉਪਰ ਟਿਕਦਾ ਹੈ, ਜੋ ਆਮ ਨਜ਼ਰ ਨਾਲ ਅਣਗੌਲੀ ਹੀ ਰਹਿ ਸਕਦੀ ਹੈ।

ਉਪਰੋਕਤ ਅਗ੍ਰਭੂਮਨ ਦਾ ਪ੍ਰਕਾਰ ਪਰਾਹਨ ਦੇ ਬਿਲਕੁਲ ਉਲਟ ਹੈ, ਕਿਉਂਕਿ ਇਸ ਦਾ ਪ੍ਰਤੱਖਣ ਕੁਝ ਫ਼ਾਲਤੂ ਨਿਯਮਬੱਧਤਾ (extra regularity) ਰਾਹੀਂ ਹੁੰਦਾ ਹੈ। ਪਰਾਹਨ ਭਾਸ਼ਾ ਦੀ ਨੇਮਬੱਧਤਾ ਨੂੰ ਤੋੜਦਾ ਹੈ, ਪਰ ਇਥੇ ਭਾਸ਼ਾ ਵਿਚ ਅਨੇਮ ਵਧਾਉਣ ਦੀ ਬਜਾਏ ਨੇਮਬੱਧਤਾ ਉਪਰ ਜ਼ਿਆਦਾ ਜ਼ੋਰ ਦਿੱਤਾ ਜਾਂਦਾ ਹੈ। ਜਿਥੇ ਨੇਮਬੱਧਤਾ ਦੀ ਮਾਤਰਾ ਵਧਾਈ ਜਾਏ, ਉਥੇ ਇਕ ਪ੍ਰਕਾਰ ਦੀ ਸਮਾਨੰਤਰਤਾ ਉਤਪੰਨ ਹੁੰਦੀ ਹੈ। ਇਉ ਸਮਾਨੰਤਰਤਾ ਇਕ ਪ੍ਰਕਾਰ ਦੀ ਅਗ੍ਰਭੂਮਿਤ ਨੇਮਬੱਧਤਾ (fore-grounded regularity) ਹੈ। ਇਸ ਨੇਮਬੱਧਤਾ ਨੂੰ ਕਾਵਿ ਵਿਚ ਸਭ ਤੋਂ ਮੁੱਢਲੇ ਪੱਧਰ ਉੱਤੇ ਅਨੁਪ੍ਰਾਸ ਦੇ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਅੰਗਰੇਜ਼ੀ ਕਵੀ ਕਾਲਰਿਜ ਦੀਆਂ ਹੇਠ ਦਿੱਤੀਆਂ ਪੰਗਤੀਆਂ ਵਿਚ /f/ ਧੁਨੀ ਦਾ ਦੁਹਰਾਉ ਧੁਨੀ ਦੀ ਪੱਧਰ ਉੱਤੇ ਇਸ ਸਮਾਨੰਤਰਤਾ ਦਾ ਉਦਾਹਰਣ ਦਿੱਤਾ ਜਾ ਸਕਦਾ ਹੈ :

the furrow followed free

ਪੰਜਾਬੀ ਵਿਚ ਇਸ ਦੀ ਉਦਾਹਰਣ ਭਾਈ ਵੀਰ ਸਿੰਘ ਦੀਆਂ ਹੇਠ ਲਿਖੀਆਂ ਸਤਰਾਂ ਵਿਚ /ਦ/ ਦੇ ਦੁਹਰਾਉ ਵਿਚ ਵੇਖੀ ਜਾ ਸਕਦੀ ਹੈ :

ਦੁਨੀਆਂ ਦਾ ਦੁਖ ਦੇਖ ਦੇਖ
ਦਿਲ ਦਬਦਾ ਦਬਦਾ ਜਾਂਦਾ।

ਇਸ ਪ੍ਰਕਾਰ ਦੀਆਂ ਉਦਾਹਰਣਾਂ ਵਿਚ ਅਸੀਂ ਭਾਸ਼ਾ ਨੂੰ ਕਿਸੇ ਨੇਮ ਦੇ ਮੁਤਾਬਿਕ ਕੰਮ ਕਰਦਾ ਦਰਸਾ ਸਕਦੇ ਹਾਂ। ਅਜਿਹਾ ਕਰਨ ਲਈ ਅਸੀਂ ਰਚਨਾ-ਪਾਠ ਨੂੰ ਤੋੜ ਕੇ ਉਸ ਨੂੰ ਸੰਰਚਨਾਤਮਕ ਤੌਰ 'ਤੇ ਬਰਾਬਰ ਇਕਾਈਆਂ ਵਿਚ ਬੱਝਾ ਹੋਇਆ ਵੇਖ ਸਕਦੇ ਹਾਂ। ਇਹ ਇਕਾਈਆਂ ਧੁਨੀਮੂਲਕਤਾ ਦੀ ਪੱਧਰ ਉੱਤੇ ਉਚਾਰ ਖੰਡ (syllable) ਦੀਆਂ ਬਣ ਸਕਦੀਆਂ ਹਨ ਅਤੇ ਵਿਆਕਰਣ ਦੀ ਪੱਧਰ ਉੱਤੇ ਵਾਕੰਸ਼ (clause) ਦੀਆਂ। ਇਸ ਲਿਹਾਜ਼ ਨਾਲ ਕਿਸੇ ਪਾਠ ਦਾ ਇਕ ਪੈਟਰਨ ਦੇ ਤੌਰ 'ਤੇ ਵਿਸ਼ਲੇਸ਼ਣ ਕੀਤਾ ਜਾ ਸਕਦਾ ਹੈ ਅਤੇ ਭਿੰਨ-ਭਿੰਨ ਤੈਹਾਂ ਉੱਤੇ ਇੱਕੋ ਜਿਹੇ ਪੈਟਰਨਾਂ ਦੇ ਦੁਹਰਾਉ ਨੂੰ ਪਛਾਣਿਆ ਜਾ ਸਕਦਾ ਹੈ। ਕਾਲਰਿਜ ਦੀ ਉਪਰੋਕਤ ਕਾਵਿ-ਪੰਗਤੀ ਦਾ ਭਾਸ਼ਾ-ਵਿਗਿਆਨੀਆਂ ਨੇ ਵੱਖੋ-ਵੱਖਰੇ ਪੱਧਰਾਂ ਉੱਤੇ ਵਿਸ਼ਲੇਸ਼ਣ ਕਰਕੇ ਉਸ ਵਿਚ ਹੇਠ ਲਿਖੇ ਪੈਟਰਨ ਰੂਪਮਾਨ ਹੁੰਦੇ ਦਰਸਾਏ ਹਨ, ਜਿਨ੍ਹਾਂ ਵਿਚ ਸਮਾਨਤਾ ਸਹਿਜੇ ਹੀ ਪਛਾਣੀ ਜਾ ਸਕਦੀ ਹੈ :

(ੳ)	CV	CV-CVC	CCV	(ਉਚਾਰ ਖੰਡ ਸੰਰਚਨਾ)
(ਅ)	X/	IX/	/X/	(ਤਾਲ ਸੰਰਚਨਾ)
(ੲ)	X/	fX/	fX/f	(ਅਨੁਪ੍ਰਾਸਕ ਪੈਟਰਨ)

ਉਪਰੋਕਤ ਵਿਸ਼ਲੇਸ਼ਣ ਤੋਂ ਵੱਖੋ-ਵੱਖਰੇ ਪੱਧਰਾਂ 'ਤੇ ਸਾਨੂੰ ਸਾਫ਼ ਸਮਾਨ ਸੰਰਚਨਾਵਾਂ ਦਾ ਪੈਟਰਨ ਉਭਰਦਾ ਨਜ਼ਰ ਆਉਂਦਾ ਹੈ।

ਇਉਂ ਇਹ ਕਿਹਾ ਜਾ ਸਕਦਾ ਹੈ ਕਿ ਸਮਾਨੰਤਰਤਾ ਆਪਣੇ ਵਿਆਪਕ ਰੂਪ ਵਿਚ ਪਰਾਹਨ ਦੁਆਰਾ ਪੈਦਾ ਕੀਤੇ ਅਗ੍ਰਭੂਮਨ ਦੇ ਬਿਲਕੁਲ ਉਲਟ ਹੈ। ਪਰਾਹਨ ਵਿਚ ਅਸੀਂ ਵੇਖਦੇ ਹਾਂ ਕਿ ਜਦੋਂ ਕਿਸੇ ਭਾਸ਼ਾ ਚੋਣ ਲਈ ਬਹੁਤ ਸਾਰੇ ਵਿਕਲਪ ਮਿਲਦੇ ਹਨ, ਤਾਂ ਕਵੀ ਇਹਨਾਂ ਪ੍ਰਾਪਤ ਵਿਕਲਪਾਂ ਦੇ ਘੇਰੇ ਤੋਂ ਪਾਰ ਜਾ ਕੇ ਆਪਣੀ ਚੋਣ ਕਰਦਾ ਹੈ। ਪਰ ਇਸ ਦੇ ਉਲਟ ਸਮਾਨੰਤਰਤਾ ਵਿਚ ਜਿਥੇ ਭਾਸ਼ਾ ਕਵੀ ਨੂੰ ਚੋਣ ਕਰਨ ਦਾ ਅਵਸਰ ਪ੍ਰਦਾਨ ਕਰਦੀ ਹੈ, ਉਹ ਇੱਕੋ ਚੋਣ ਤਕ ਆਪਣੇ ਆਪ ਨੂੰ ਨਿਰੰਤਰ ਸੀਮਿਤ ਰਖਦਾ ਹੈ। ਜਿਵੇਂ ਪਰਾਹਨ ਵਿਚ ਸਾਨੂੰ ਅਗ੍ਰਭੂਮਿਤ ਅਨੇਮ (foregrounded irregularity) ਦੇ ਮੁਤਵਾਤਰ ਦਰਜੇ ਮਿਲਦੇ ਹਨ, ਇਸੇ ਤਰ੍ਹਾਂ ਅਗ੍ਰਭੂਮਿਤ ਨੇਮਬੱਧਤਾ ਵਿਚ ਵੀ ਇਸੇ ਪ੍ਰਕਾਰ ਦੇ ਮੁਤਵਾਤਰ ਦਰਜੇ ਮਿਲਦੇ ਹਨ। ਉਦਾਹਰਣ ਲਈ ਅਸੀਂ ਹੇਠ ਲਿਖੇ ਦੋ ਵਾਕ ਲੈਂਦੇ ਹਾਂ :

(1) ਉਸ ਨੇ ਬਾਗ਼ ਵਿੱਚੋਂ ਫੁੱਲ ਤੋੜੇ ਅਤੇ ਬੈਠਕ ਵਿਚ ਗੁਲਦਸਤਾ ਸਜਾ ਦਿੱਤਾ।

(2) ਦਬ ਕੇ ਵਾਹ ਤੇ ਰਜ ਕੇ ਖਾਹ।

ਹੁਣ ਅਸੀਂ ਵੇਖਦੇ ਹਾਂ ਕਿ ਪਹਿਲੇ ਵਾਕ ਵਿਚ 'ਅਤੇ' ਤੋਂ ਪਹਿਲਾਂ ਅਤੇ ਪਿੱਛੋਂ ਦੇ ਵਾਕੰਸ਼ਾਂ ਵਿਚ ਸਾਨੂੰ ਸਮਾਨੰਤਰਤਾ ਮਿਲਦੀ ਹੈ, ਪਰ ਇਹ ਸਮਾਨੰਤਰਤਾ ਬੜੀ ਮੱਧਮ ਜਿਹੀ ਕਿਸਮ ਦੀ ਹੈ। ਪਰ ਦੂਜੇ ਵਾਕ ਵਿਚ 'ਤੇ' ਤੋਂ ਪਹਿਲਾਂ ਅਤੇ ਪਿੱਛੋਂ ਮਿਲਦੇ ਵਾਕੰਸ਼ਾਂ ਵਿਚ ਸਮਾਨੰਤਰਤਾ ਦੀ ਮਾਤਰਾ ਵਧੇਰੇ ਪਛਾਣੀ ਜਾਣ ਯੋਗ ਹੈ।

ਸਾਫ਼ ਤੌਰ 'ਤੇ ਦੂਜੇ ਵਾਕ ਵਿਚ ਰੂਪ ਵਿਧੀ ਵਧੇਰੇ ਉਘੜਵੀਂ ਹੈ। ਸ਼ੈਕਸਪੀਅਰ ਦੇ ਨਾਟਕ ਓਥੈਲੋ ਵਿਚ ਨੇਮਬੱਧਤਾ ਜਾਂ ਬਾਕਾਇਦਗੀ ਵਾਲਾ ਅਗ੍ਰਭੂਮਨ ਹੋਰ ਵੀ ਵੱਧ ਮਾਤਰਾ ਵਿਚ ਮਿਲਦਾ ਹੈ, ਜਦੋਂ ਅਸੀਂ ਹੇਠਾਂ ਦਿੱਤੇ ਜਾ ਰਹੇ ਵਾਕ ਵਰਗੀਆਂ ਸੰਰਚਨਾਵਾਂ ਉੱਤੇ ਆਪਣਾ ਧਿਆਨ ਟਿਕਾਉਂਦੇ ਹਾਂ:

I kissed thee ere I killed thee.

ਇਸ ਵਾਕ ਵਿਚ ਦੋਹਾਂ ਵਾਕੰਸ਼ਾਂ ਦੀ ਸੰਰਚਨਾ ਸਮਾਨ ਹੈ (ਕਰਤਾ + ਕਿਰਿਆ + ਕਰਮ)। ਇਸੇ ਤਰ੍ਹਾਂ 'I' ਅਤੇ 'thee' ਦੋਹਾਂ ਦੀ ਸ਼ਾਬਦਿਕ ਪੋਜੀਸ਼ਨ ਵਿਚ ਸਮਾਨਤਾ ਮਿਲਦੀ ਹੈ। ਭੂਤਕਾਲਸੂਚਕ '-ed' ਪਿਛੇਤਰ ਵੀ ਕਿਰਿਆ ਵਿਚ ਸਮਾਨਤਾ ਦਰਸਾਉਂਦਾ ਹੈ। ਧੁਨੀ ਮੂਲਕ ਪੱਧਰ ਉੱਤੇ 'killed' ਅਤੇ 'kissed' ਵਿਚ ਸਾਂਝ ਸਹਿਜੇ ਹੀ ਵੇਖੀ ਜਾ ਸਕਦੀ ਹੈ। ਇਹਨਾਂ ਉਦਾਹਰਣਾਂ ਤੋਂ ਅਸੀਂ ਇਹ ਅਨੁਮਾਨ ਲਗਾ ਸਕਦੇ ਹਾਂ ਕਿ ਕਿਸੇ ਸ਼ਕਤੀਸ਼ਾਲੀ ਸਮਾਨੰਤਰਤਾ ਵਿਚ ਕਿਹੜੇ-ਕਿਹੜੇ ਤੱਤ ਕਾਰਜਸ਼ੀਲ ਹੁੰਦੇ ਹਨ। ਕਈ ਵਾਰੀ ਸਮਾਨੰਤਰਤਾ ਕੇਵਲ ਸ਼ਬਦਾਂ ਅਤੇ ਵਿਆਕਰਣਿਕ ਬਣਤਰਾਂ ਦੀ ਚੋਣ ਤਕ ਹੀ ਮਿਲਦੀ ਹੈ ਅਤੇ ਕਈ ਵਾਰੀ ਇਹ ਸੰਰਚਨਾ ਦੀਆਂ ਭਿੰਨ-ਭਿੰਨ ਤੈਹਾਂ ਉੱਤੇ ਵਿਆਪਕ ਰੂਪ ਵਿਚ ਵੀ ਵੇਖੀ ਜਾ ਸਕਦੀ ਹੈ।

ਸਮਾਨਤਾ ਅਤੇ ਵਿਰੋਧ ਦੇ ਪੈਟਰਨ

ਜਿਵੇਂ ਅਸੀਂ ਉਪਰ ਸੰਕੇਤ ਕਰ ਆਏ ਹਾਂ ਸਮਾਨੰਤਰਤਾ ਦਾ ਕਾਵਿ-ਭਾਸ਼ਾ ਦੇ ਇਕ ਲੱਛਣ ਦੇ ਤੌਰ 'ਤੇ ਮਹੱਤਵ ਇਸ ਗੱਲ ਵਿਚ ਹੈ ਕਿ ਇਹ ਵਿਚੱਲਨ ਜਾਂ ਪਰਾਹਨ ਦੇ ਐਨ ਉਲਟ ਹੈ। ਕਾਵਿ ਵਿਚ ਇਸ ਦਾ ਰੋਲ ਬੁਨਿਆਦੀ ਮੰਨਿਆ ਗਿਆ ਹੈ। ਗੀਰਾਰਡ ਮੈਨਲੇ ਹਾਪਕਿਨਜ਼ ਤਾਂ ਇਥੋਂ ਤਕ ਕਹਿੰਦਾ ਹੈ ਕਿ ਹਰ ਕਾਵਿ-ਰਚਨਾ ਦੀ ਘਾੜਤ ਅੰਤਿਮ ਰੂਪ ਵਿਚ ਆਪਣੇ ਆਪ ਨੂੰ ਸਮਾਨੰਤਰਤਾ ਦੇ ਸਿਧਾਂਤ ਉਪਰ ਘਟਾ ਲੈਂਦੀ ਹੈ। ਉਸ ਦੇ ਅਨੁਸਾਰ ਇਹ ਸਿਧਾਂਤ ਸਮੁੱਚੀ ਛੰਦਾਂ-ਬੰਦੀ ਪਿੱਛੇ ਹੀ ਕੰਮ ਕਰਦਾ ਹੈ।

ਪਰ ਸਾਨੂੰ ਇਥੇ ਸਮਾਨੰਤਰਤਾ ਅਤੇ ਮਸ਼ੀਨੀ ਦੁਹਰਾਉ ਵਿਚ ਅੰਤਰ ਕਰ ਲੈਣਾ ਚਾਹੀਦਾ ਹੈ। ਜਿਵੇਂ ਕਿ ਰੋਮਨ ਯਾਕੋਬਸਨ ਦਾ ਕਥਨ ਹੈ ਕਿ ਸਮਾਨੰਤਰਤਾ ਦਾ ਕੋਈ ਵੀ ਰੂਪ ਕਿਉਂ ਨਾ ਹੋਵੇ, ਇਹ ਕਿਸੇ ਨਾ ਕਿਸੇ ਪ੍ਰਕਾਰ ਦੇ ਸਥਿਰ ਤੱਤਾਂ (invariables) ਅਤੇ ਅਸਥਿਰ ਤੱਤਾਂ variables ਦੇ ਵਿਚਕਾਰ ਇਕ ਪ੍ਰਕਾਰ ਦੀ ਵੰਡ (apportionment) ਹੈ। ਦੂਜੇ ਸ਼ਬਦਾਂ ਵਿਚ ਕਿਸੇ ਵੀ ਸਮਾਨਤੰਰਤਾ-ਮੂਲਕ ਰੂਪ-ਵਿਧੀ ਵਿਚ ਸਾਨੂੰ ਸਮਾਨਤਾ ਅਤੇ ਵਿਰੋਧ ਦੇ ਤੱਤ ਮਿਲਣੇ ਚਾਹੀਦੇ ਹਨ। ਸਮਾਨਤਾ ਦਾ ਤੱਤ ਇਥੇ ਥੋੜ੍ਹੀ ਜਿਹੀ ਵਿਆਖਿਆ ਦੀ ਮੰਗ ਕਰਦਾ ਹੈ। ਜਦ ਕਿਸੇ ਰਚਨਾ ਉੱਤੇ ਸਮਾਨੰਤਰਤਾ ਦੀ ਰੂਪ-ਵਿਧੀ ਲਾਗੂ ਕੀਤੀ ਜਾਂਦੀ ਹੈ, ਉਸ ਸਮੇਂ ਪਾਠ ਦੇ ਦੋ ਜਾਂ ਦੋ ਤੋਂ ਵੱਧ ਜੁੜਵੇਂ ਅੰਗਾਂ ਵਿਚ ਸਮਤੁਲਤਾ (equivalence) ਦਾ ਸੰਬੰਧ

ਸਥਾਪਤ ਹੁੰਦਾ ਹੈ। ਡਾਕਟਰ ਹਰਿਭਜਨ ਸਿੰਘ ਦੀ ਕਵਿਤਾ 'ਇਕ ਮਿਨਟ ਖ਼ਾਮੋਸ਼ੀ' ਦੀ ਉਦਾਹਰਣ ਲੈ ਕੇ ਇਸ ਗੱਲ ਨੂੰ ਸਪੱਸ਼ਟ ਕੀਤਾ ਜਾ ਸਕਦਾ ਹੈ :

ਹਰ ਦਮ ਸਾਹ ਊਣੇ ਹੁੰਦੇ ਨੇ,
ਇਕ ਦਿਨ ਅੰਗ-ਵਿਹੂਣੇ ਹੋ ਕੇ ਤੁਰ ਜਾਂਦੇ ਨੇ
ਕੱਚੀ ਮਿੱਟੀ-ਮੂਰਤ ਵਾਂਗੂੰ ਭੁਰ ਜਾਂਦੇ ਨੇ;
ਰਾਹੀ ਤੁਰ ਜਾਂਦੇ ਨੇ,
ਸਾਹੀਂ ਫ਼ਰਜ਼ ਨਿਭਾ ਦੇਂਦੇ ਨੇ :
ਪਤਨੀ ਹਾਹਾਕਾਰ,
ਅਪਤਨੀ ਸਿਸਕੀ,
ਯਾਰ ਸਿਰਫ਼ ਕੱਚ ਖਣਕਾਉਂਦੇ ਨੇ,
ਆਪਣੇ ਸਾਹਵੇਂ ਖ਼ਾਲ੍ਹੀ ਜਾਮ ਟਿਕਾ ਕੇ,
ਸ਼ਾਇਦ ਕੋਈ ਆਖੇ :
ਦੁਨੀਆ ਵਿਚ ਸਭ ਤੋਂ ਕੌੜਾ ਹੈ ਖ਼ਾਲ੍ਹੀ ਪਿਆਲਾ,
ਆਪਣੀ ਮਰਜ਼ੀ ਕੋਈ ਨਾ ਪੀਵੇ।

ਇਸ ਕਵਿਤਾ ਦੇ ਪਾਠ ਵਿਚ ਭਿੰਨ-ਭਿੰਨ ਪਰਸਪਰ ਸੰਬੰਧਿਤ ਅੰਸ਼ਾਂ ਨੂੰ ਸਮਤੁਲਤਾ ਦੇ ਸੰਬੰਧਾਂ ਵਿਚ ਪੇਸ਼ ਕੀਤਾ ਗਿਆ ਹੈ। ਗੱਲ ਜੀਵਨ ਦੀ ਅਸਥਿਰਤਾ ਤੋਂ ਸ਼ੁਰੂ ਕੀਤੀ ਗਈ ਹੈ। ਹਰਦਮ ਸਾਹ ਊਣੇ ਹੋਣ ਦੀ ਪ੍ਰਕਿਰਿਆ ਦਾ ਬਿਆਨ ਕੀਤਾ ਗਿਆ ਹੈ। ਫੇਰ ਇਸ ਨੂੰ ਅੰਗ ਵਿਹੂਣੇ ਹੋ ਕੇ ਇਕ ਦਿਨ ਤੁਰ ਜਾਣ ਅਤੇ ਕੱਚੀ ਮਿੱਟੀ ਦੀ ਮੂਰਤ ਵਾਂਗੂੰ ਭੁਰ ਜਾਣ ਦੇ ਬਿੰਬਾਂ ਨਾਲ ਫੇਰ ਦੁਹਰਾਇਆ ਗਿਆ ਹੈ। ਦੂਜੇ ਖੰਡ ਵਿਚ ਮੌਤ ਹੋ ਜਾਣ ਤੋਂ ਮਗਰੋਂ ਪ੍ਰਾਣੀ ਦੇ ਸਾਕ-ਸੰਬੰਧੀਆਂ, ਦੋਸਤ-ਮਿੱਤਰਾਂ ਵੱਲੋਂ ਫ਼ਰਜ਼ ਨਿਭਾਅ ਦਿੱਤੇ ਜਾਣ ਦੀ ਗੱਲ ਕੀਤੀ ਗਈ ਹੈ। ਪਤਨੀ ਦਾ ਪਤੀ ਦੇ ਵਿਛੋੜੇ ਉੱਤੇ ਹਾਹਾਕਾਰ ਮਚਾਉਣ, ਅਪਤਨੀ (ਪ੍ਰੇਮਿਕਾ) ਦੇ ਲੁੱਕ-ਛੁੱਪ ਕੇ ਸਿਸਕੀਆਂ ਭਰਨ ਦਾ ਜ਼ਿਕਰ ਹੈ। ਪਤਨੀ ਅਤੇ ਅਪਤਨੀ ਦੀਆਂ ਪ੍ਰਾਣੀ ਦੇ ਵਿਯੋਗ ਵਿਚ ਅਨੁਕ੍ਰਿਆਵਾਂ ਇਕ ਦੂਜੇ ਦੀਆਂ ਵਿਰੋਧੀ ਹਨ, ਪਰ ਕਵੀ ਉਹਨਾਂ ਨੂੰ ਸਮਤੁਲਤਾ ਦੇ ਰਿਸ਼ਤੇ ਵਿਚ ਬੰਨ੍ਹ ਕੇ ਪੇਸ਼ ਕਰ ਰਿਹਾ ਹੈ। ਇਸ ਤੋਂ ਪਿੱਛੋਂ ਯਾਰ ਦੋਸਤ, ਦਫ਼ਤਰ ਦੇ ਹਮਜੋਲੀ, ਆਦਿ ਸਾਰਿਆਂ ਦੀਆਂ ਅਨੁਕ੍ਰਿਆਵਾਂ ਰਚਨਾ-ਪਾਠ ਵਿਚ ਸਮਾਨਤਾ ਅਤੇ ਵਿਰੋਧ ਦੇ ਰਿਸ਼ਤਿਆਂ ਵਿਚ ਜੁੜ ਕੇ ਪੇਸ਼ ਹੁੰਦੀਆਂ ਹਨ, ਜੋ ਸਮਾਨੰਤਰਤਾ ਦੀ ਰੂਪ-ਵਿਧੀ ਨੂੰ ਜਨਮ ਦੇਂਦੀਆਂ ਹਨ। ਇਥੇ ਧਿਆਨ ਦੇਣ ਵਾਲੀ ਗੱਲ ਇਹ ਹੈ ਕਿ ਇਹ ਰਚਨਾ ਵਿਚਲੀ ਸਮਾਨਤਾ ਦਾ ਤੱਤ ਨਿਰੋਲ ਦੁਹਰਾਉ ਨੂੰ ਪੇਸ਼ ਨਹੀਂ ਕਰਦਾ। ਜਦੋਂ ਨਾਹਰੇ ਮਾਰਦੇ ਹਜੂਮਾਂ ਵਿਚ ਕੁਝ ਵਾਕ ਜਾਂ ਵਾਕੰਸ਼ ਦੁਹਰਾਏ ਜਾਂਦੇ ਹਨ, ਜਿਵੇਂ "ਧੱਕੇਸ਼ਾਹੀ—ਨਹੀਂ ਚਲੇਗੀ, ਨਹੀਂ ਚਲੇਗੀ", ਆਦਿ ਉਸ ਸਮੇਂ ਸਮਾਨੰਤਰਤਾ ਦਾ ਪੈਟਰਨ ਨਹੀਂ ਪੈਦਾ ਹੁੰਦਾ। ਸਮਾਨੰਤਰਤਾ ਵਿਚ ਰੂਪ-ਵਿਧੀ ਦੇ ਕੁਝ ਅਸਥਿਰ ਲੱਛਣ (variable) ਜ਼ਰੂਰ ਮਿਲਣੇ ਚਾਹੀਦੇ ਹਨ ਜਾਂ ਦੂਜੇ ਸ਼ਬਦਾਂ ਵਿਚ ਕੁਝ ਵਿਰੋਧੀ ਤੱਤ ਹੋਣੇ ਚਾਹੀਦੇ ਹਨ, ਜੋ ਪੈਟਰਨ ਵਿਚ ਆਪਣੀ ਸਥਿਤੀ ਦੇ ਲਿਹਾਜ਼ ਨਾਲ ਸਮਾਨੰਤਰ ਹੋਣ।

ਇਹ ਨਿਖੇੜਾ ਕਰ ਲੈਣ ਤੋਂ ਪਿੱਛੋਂ ਅਸੀਂ ਇਹ ਕਹਿ ਸਕਦੇ ਹਾਂ ਕਿ ਸਮਾਨੰਤਰਤਾ ਸਾਹਿਤ ਤੋਂ ਬਿਨਾਂ ਮਨੁੱਖੀ ਸੰਸਕ੍ਰਿਤੀ ਦੇ ਹੋਰ ਕਈ ਪੱਖਾਂ ਦਾ ਉਘੜਵਾਂ ਲੱਛਣ ਹੈ। ਮੁਹਾਵਰੇ, ਨਾਅਰੇ, ਨਰਸਰੀ ਰਾਈਮਜ਼ ਅਤੇ ਭਾਸ਼ਾ ਦੇ ਹੋਰ ਕਈ ਉਪ-ਸਾਹਿਤਕ ਪ੍ਰਯੋਗ (Sub-literary uses) ਕਿਸੇ ਨਾ ਕਿਸੇ ਰੂਪ ਵਿਚ ਸਮਾਨੰਤਰਤਾ ਦੇ ਸਿਧਾਂਤ ਉਪਰ ਨਿਰਭਰ ਹੁੰਦੇ ਹਨ। ਇਸੇ ਤਰ੍ਹਾਂ ਹੀ ਗੀਤ ਅਤੇ ਵਾਰਾਂ ਆਪਣੇ ਡਿਜ਼ਾਈਨ ਵਿਚ ਅਤਿਅੰਤ ਸਮਾਨੰਤਰਤਾ ਮੂਲਕ ਹੁੰਦੇ ਹਨ। ਆਧੁਨਿਕ ਵਿਗਿਆਪਨ ਵੀ ਸਮਾਨੰਤਰਤਾ ਦੇ ਸਿਧਾਂਤ ਨੂੰ ਆਪਣਾ ਆਧਾਰ ਬਣਾਉਂਦਾ ਹੈ। ਵਿਗਿਆਪਨ ਦੀ ਸੰਰਚਨਾ ਵਿਰੋਧ ਅਤੇ ਸਮਾਨਤਾ ਦੇ ਪੈਟਰਨ ਨੂੰ ਪੇਸ਼ ਕਰਦੀ ਹੈ। ਵਿਰੋਧ ਦੇ ਪੈਟਰਨ ਨਾਲ ਵਪਾਰਕ ਵਸਤਾਂ ਦੀ ਵਿਕਰੀ ਵਧਾਉਣ ਲਈ ਵਿਗਿਆਪਨ ਆਮ ਵੇਖਣ ਵਿਚ ਆਉਂਦੇ ਹਨ। ਅਰਥ ਦੀ ਪੱਧਰ ਉੱਤੇ ਹੇਠ ਦਿੱਤੇ ਜਾ ਰਹੇ ਦ੍ਰਿਸ਼ਟਾਂਤਾਂ ਵਿਚ ਵਿਸ਼ੇਸ਼ਣ ਪਰਸਪਰ ਵਿਰੋਧੀ ਰਿਸ਼ਤਿਆਂ ਵਿਚ ਬੰਨ੍ਹ ਕੇ ਪੇਸ਼ ਕੀਤੇ ਗਏ ਹਨ :

(1) 'ਘੱਟ ਤੋਂ ਘੱਟ' ਖ਼ਰਚ ਵਿਚ 'ਵੱਧ ਤੋਂ ਵੱਧ' ਉਜਲੇ ਕਪੜੇ
(2) 'ਛੋਟਾ' ਕੱਦ 'ਵੱਡਾ' ਕੰਮ
(3) 'ਮਹਿੰਗੇ' ਹੁੰਦੇ ਹੋਏ ਵੀ 'ਸਸਤੇ'

ਇਸੇ ਤਰ੍ਹਾਂ ਸ਼ਬਦ ਆਈਟਮਾਂ ਦੇ ਜੋੜਿਆਂ ਨੂੰ ਪੂਰਨ ਅਤੇ ਵਿਰੋਧੀ ਪੈਟਰਨਾਂ ਵਿਚ ਜੋੜ ਕੇ ਸਮਾਨੰਤਰਤਾ ਦੇ ਡਿਜ਼ਾਈਨ ਬਣਾਏ ਜਾਂਦੇ ਹਨ। ਜਿਵੇਂ :

(1) 'ਜੇਹਾ' ਰੰਗ 'ਤੇਹਾ' ਸਵਾਦ
(2) ਸਿਆਹੀ ਦਾ 'ਜੈਸਾ' ਦਰਜਾ
'ਵੈਸਾ' ਹੀ ਉਸ ਦਾ ਨੂਰ

ਵਿਗਿਆਪਨ ਵਿਚ ਅਨੁਪ੍ਰਾਸ-ਮੂਲਕ ਸਮਾਨੰਤਰਤਾ ਨੂੰ ਬਹੁਤ ਜ਼ਿਆਦਾ ਵਰਤਿਆ ਜਾਂਦਾ ਹੈ। ਰੇਡੀਓ ਅਤੇ ਟੈਲੀਵੀਜ਼ਨ ਉੱਤੇ ਆਉਂਦੇ ਵਪਾਰਕ ਵਸਤਾਂ ਦੇ ਵਿਗਿਆਪਨਾਂ ਵਿਚ ਇਸ ਪ੍ਰਕਾਰ ਦੇ ਭਾਸ਼ਾ ਪ੍ਰਯੋਗ ਆਮ ਵੇਖਣ ਨੂੰ ਮਿਲਦੇ ਹਨ। ਜਿਵੇਂ :

(1) ਕਾਮਨੀਯ ਕੋਮਲ ਕਾਂਤੀ
(2) ਸੁੰਦਰ ਸੁਹਾਉਣਾ ਰੂਪ
(3) ਮਨੋਰਮ ਮਨੋਹਾਰੀ ਮੋਡੈਲਾ

ਰੇਡੀਓ ਅਤੇ ਟੀ.ਵੀ. ਵਿਗਿਆਪਨਾਂ ਵਿਚ ਅਨੁਪ੍ਰਾਸ-ਮੂਲਕ ਦੁਹਰਾਉ (Jingle) ਦੀ ਬਿਰਤੀ ਪ੍ਰਧਾਨ ਰਹਿੰਦੀ ਹੈ, ਜਿਵੇਂ :

(1) ਖ਼ੁਸ਼ੀਆਂ ਬੜ੍ਹੇਂ ਦਿਨ ਰਾਤ, ਐਸੀ ਹੈ ਜੈਮ ਕੀ ਬਾਤ
(2) ਪਲ ਮੇਂ ਸ਼ਕਤੀ ਕਿਤਨੀ ਸਸਤੀ

ਇਸ ਤਰ੍ਹਾਂ ਸਮਾਨੰਤਰਤਾ ਦਾ ਸਿਧਾਂਤ ਕਾਵਿ ਤੋਂ ਬਿਨਾਂ ਗ਼ੈਰ-ਸਾਹਿਤਿਕ ਜਾਂ

ਉਪ-ਸਾਹਿਤਿਕ ਭਾਸ਼ਾ ਪ੍ਰਯੋਗਾਂ ਵਿਚ ਵਿਆਪਕ ਤੌਰ 'ਤੇ ਕੰਮ ਕਰਦਾ ਮਿਲਦਾ ਹੈ। ਗੀਤ ਵਿਚ ਸਮਾਨੰਤਰਤਾ ਭਿੰਨ-ਭਿੰਨ ਪੱਧਰਾਂ ਜਿਵੇਂ ਧੁਨੀ, ਰੂਪੀਮ, ਵਾਕ ਅਤੇ ਅਰਥ ਦੀ ਪੱਧਰ ਉੱਤੇ ਪਛਾਣੀ ਜਾ ਸਕਦੀ ਹੈ। ਹੇਠ ਦਿੱਤੀਆਂ ਕਾਵਿ ਪੰਗਤੀਆਂ ਵਿਚ ਇਸ ਨੂੰ ਸਹਿਜ ਰੂਪ ਵਿਚ ਪਛਾਣਿਆ ਜਾ ਸਕਦਾ ਹੈ:

ਜਿੰਦ ਨਿਕੜੀ ਤੇ ਹਾੜ ਮਹੀਨਾ
ਤਨ ਤਪੇ ਪਸੀਨਾ ਚੋਏ
ਅਸਾਂ ਮਹਿੰਗੇ ਮੁੱਲ ਦੇ ਮੋਤੀ
ਜਿੰਦ ਪਤਲੀ ਦੇ ਪਟ ਪਰੋਏ
ਇੰਜ ਮਿਹਨਤ ਦੇ ਵਿਚ ਬੀਤੀ
ਸਾਡੀ ਖੇਡਣ ਦੀ ਰੁੱਤ ਸਾਰੀ
ਰਾਮਾ ਨਹੀਂ ਮੁੱਕਦੀ ਫੁੱਲਕਾਰੀ

ਉਪਰੋਕਤ ਗੀਤ ਦੇ ਟੁਕੜੇ ਵਿਚ ਬਹੁਤ ਸਾਰੇ ਇਕ ਦੂਜੇ ਨਾਲ ਅੰਤਰ-ਸੰਬੰਧਿਤ ਅਗ੍ਰਭੂਮਿਤ ਪੈਟਰਨ—ਛੰਦਾ ਬੰਦੀ, ਤੁਕਾਂਤ, ਆਂਤ੍ਰਿਕ ਲੈਅ, ਅਨੁਪ੍ਰਾਸ ਅਤੇ ਵਾਕ ਦੀ ਪੱਧਰ ਦੀ ਸਮਾਨੰਤਰਤਾ ਦੇ ਨਮੂਨਿਆਂ ਨੂੰ ਵਿਸ਼ਲੇਸ਼ਣ ਦੁਆਰਾ ਦਰਸਾਇਆ ਜਾ ਸਕਦਾ ਹੈ।

ਸਮਾਨੰਤਰਤਾ ਦਾ ਭਿੰਨ-ਭਿੰਨ ਭਾਸ਼ਾ ਪ੍ਰਯੋਗਾਂ ਵਿਚ ਪ੍ਰਕਾਰਜ ਥੋੜ੍ਹੇ ਲਫ਼ਜ਼ਾਂ ਵਿਚ ਬਿਆਨ ਨਹੀਂ ਕੀਤਾ ਜਾ ਸਕਦਾ। ਇਸ ਦਾ ਇਕ ਮਹੱਤਵਪੂਰਨ ਕੰਮ ਕਵੀ ਨੂੰ ਸ਼ਿਲਪ-ਜੁਗਤਾਂ ਪ੍ਰਦਾਨ ਕਰਨਾ ਹੈ ਅਤੇ ਰਚਨਾ ਦੇ ਪਾਠਕ ਨੂੰ ਛੇਤੀ ਯਾਦ ਹੋ ਜਾਣ ਵਿਚ ਮਦਦ ਕਰਨਾ ਹੈ।

ਸਾਹਿਤ ਦੀ ਭਾਸ਼ਾ ਦੇ ਇਕ ਲੱਛਣ ਦੇ ਰੂਪ ਵਿਚ ਸਮਾਨੰਤਰਤਾ ਇਸ ਨੂੰ ਸੰਗੀਤ ਦੀ ਭਾਸ਼ਾ ਨਾਲ ਡੂੰਘੀ ਤਰ੍ਹਾਂ ਜੋੜਦੀ ਹੈ ਅਤੇ ਰਚਨਾ ਵਿਚ ਲੈਅ ਅਤੇ ਤਾਲ ਦੇ ਪੈਟਰਨਾਂ ਨੂੰ ਉਘੜਵਾਂ ਬਣਾਉਂਦੀ ਹੈ।

ਕੁਝ ਸਾਹਿਤ ਸ਼ਾਸਤਰੀ ਅਤੇ ਕਲਾ-ਮਰਮੀ ਸਮਾਨੰਤਰਤਾ ਦਾ ਕਿਸੇ ਨਜ਼ਮ ਵਿਚ ਪ੍ਰਕਾਰਜ ਕਿਸੇ ਡੂੰਘੇਰੇ ਮਨੋਰਥ ਨਾਲ ਜੋੜਨ ਦਾ ਮਸ਼ਵਰਾ ਦੇਂਦੇ ਹਨ ਅਤੇ ਰਚਨਾ ਦੀ ਸੰਚਾਰ-ਪ੍ਰਕਿਰਿਆ ਦੇ ਕੇਂਦਰੀ ਨੁਕਤੇ ਨਾਲ ਜੋੜਨ ਦੀ ਪ੍ਰੇਰਣਾ ਦੇਂਦੇ ਹਨ। ਉਹਨਾਂ ਦੇ ਵਿਚਾਰ ਵਿਚ ਸਮਾਨੰਤਰਤਾ ਦਾ ਸਿਧਾਂਤ ਗੱਦ ਵਿਚ ਨਹੀਂ ਵਰਤਿਆ ਜਾਂਦਾ ਅਤੇ ਕੁਝ ਪ੍ਰਬੁਧ ਗੱਦਕਾਰ ਅਨੁਪ੍ਰਾਸ, ਤੁਕਾਂਤ ਆਦਿ ਦੇ ਦੁਸ਼ਪ੍ਰਭਾਵਾਂ ਤੋਂ ਵੱਧ ਤੋਂ ਵੱਧ ਬਚਣ ਦੀ ਕੋਸ਼ਿਸ਼ ਕਰਦੇ ਹਨ। ਆਮ ਤੌਰ 'ਤੇ ਇਹ ਮੰਨਿਆ ਜਾਂਦਾ ਹੈ ਕਿ ਗੱਦ ਵਿਚ ਅਜਿਹੇ ਡਿਜ਼ਾਈਨ ਦੀ ਵਰਤੋਂ ਓਨੀ ਦੇਰ ਤਕ ਸੰਚਾਰ ਪ੍ਰਕਿਰਿਆ ਵਿਚ ਰੁਕਾਵਟ ਬਣਦੀ ਹੈ, ਜਦ ਤਕ ਕਿ ਇਸ ਦੀ ਵਰਤੋਂ ਕਲਾਤਮਕ ਦ੍ਰਿਸ਼ਟੀ ਤੋਂ ਯੋਗ ਨਾ ਸਿੱਧ ਹੋਵੇ।

ਸਮਾਨੰਤਰਤਾ ਦੀ ਸਾਰਥਿਕਤਾ ਨੂੰ ਸਮਤੁਲਤਾ ਦੇ ਸਿਧਾਂਤ (principle of equivalence) ਦੁਆਰਾ ਗ੍ਰਹਿਣ ਕੀਤਾ ਜਾ ਸਕਦਾ ਹੈ। ਹਰ ਪ੍ਰਕਾਰ ਦੀ ਸਮਾਨੰਤਰਤਾ ਕਿਸੇ ਰਚਨਾ ਵਿਚ ਦੋ ਜਾਂ ਦੋ ਤੋਂ ਵੱਧ ਤੱਤਾਂ ਵਿਚਕਾਰ ਸਮਤੁਲਤਾ

ਦਾ ਸੰਬੰਧ ਸਥਾਪਤ ਕਰਦੀ ਹੈ। ਅਜਿਹੇ ਤੱਤ ਪੈਟਰਨ ਦੁਆਰਾ ਉਘੜਵੇਂ ਰੂਪ ਵਿਚ ਸਮਾਨੰਤਰ ਵਿਖਾਏ ਜਾਂਦੇ ਹਨ। ਇਹਨਾਂ ਤੱਤਾਂ ਵਿਚਕਾਰ ਨਿਸਚਿਤ ਰੂਪ ਵਿਚ ਸੰਬੰਧ ਸਥਾਪਤ ਹੁੰਦਾ ਹੈ, ਜੋ ਜਾਂ ਤਾਂ ਸਮਾਨਤਾ ਦਾ ਹੁੰਦਾ ਹੈ ਜਾਂ ਵਿਰੋਧ ਦਾ। ਇਹ ਸੰਬੰਧ ਕਿਸ ਪ੍ਰਕਾਰ ਦਾ ਹੁੰਦਾ ਹੈ, ਇਸ ਦੀ ਪਛਾਣ ਹੀ ਪਾਠਕ ਨੂੰ ਸੁਆਦ ਦੇਂਦੀ ਹੈ। ਉਦਾਹਰਣ ਲਈ ਅੰਗਰੇਜ਼ੀ ਕਵੀ ਗੋਲਡ ਸਮਿੱਥ ਦੀ ਹੇਠ ਲਿਖੀ ਪੰਗਤੀ ਵੇਖੋ :

Where wealth accumulates men decay.

ਇਸ ਪੰਗਤੀ ਵਿਚ ਸਾਨੂੰ ਦੋ ਤੱਤਾਂ 'wealth' ਅਤੇ 'men' ਵਿਚਕਾਰ ਵਿਅੰਗਾਤਮਕ ਤੁਲਨਾ ਵਾਲਾ ਸੰਬੰਧ ਸਥਾਪਤ ਹੁੰਦਾ ਦਿੱਸਦਾ ਹੈ।

ਸਮੁੱਚੇ ਤੌਰ 'ਤੇ ਸ਼ੈਲੀ ਵਿਗਿਆਨਕ ਦ੍ਰਿਸ਼ਟੀ ਤੋਂ ਸਮਾਨੰਤਰਤਾ ਅਗ੍ਰਭੂਮਨ ਦੀ ਇਕ ਮਹੱਤਵਪੂਰਨ ਜੁਗਤ ਹੈ, ਜੋ ਕਾਵਿ ਅਰਥ ਸਿਰਜਣ ਵਿਚ ਬਹੁਤ ਵੱਡਾ ਰੋਲ ਅਦਾ ਕਰਦੀ ਹੈ।

•

ਪ੍ਰਤਿਮਾਨ ਅਤੇ ਪਰਾਹਨ

ਸ਼ੈਲੀ ਕਿਸੇ ਪ੍ਰਤਿਮਾਨ ਦਾ ਪਰਾਹਨ ਦੱਸੀ ਜਾਂਦੀ ਹੈ। ਇਹ ਆਮ ਦੇਖਣ ਵਿਚ ਆਉਂਦਾ ਹੈ ਕਿ ਸਾਹਿਤਿਕ ਕਿਰਤਾਂ, ਵਿਸ਼ੇਸ਼ ਰੂਪ ਵਿਚ ਕਾਵਿ-ਕਿਰਤਾਂ ਖ਼ਾਸ ਸ਼ੈਲੀ ਮੂਲਕ ਪ੍ਰਭਾਵ ਇਸ ਲਈ ਉਤਪੰਨ ਕਰਦੀਆਂ ਹਨ, ਕਿਉਂਕਿ ਉਹ ਵਿਆਕਰਣਿਕਤਾ ਦੇ ਸਾਧਾਰਨ ਪ੍ਰਤਿਮਾਨਾਂ ਦੀ ਉਲੰਘਣਾ ਕਰਦੀਆਂ ਹਨ ਜਾਂ ਸੁਗਠਿਤ ਬਣਤਰ ਦੇ ਪ੍ਰਤਿਮਾਨ ਦਾ ਪਰਾਹਨ ਕਰਦੀਆਂ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਹਰ ਸ਼ੈਲੀ ਆਪਣੀ ਪਰਿਭਾਸ਼ਾ ਦੇ ਪੱਖੋਂ ਪ੍ਰਤਿਮਾਨ ਤੋਂ ਫ਼ਾਸਲਾ ਧਾਰਨ ਕਰਦੀ ਹੈ। ਇਹ ਜ਼ਰੂਰੀ ਨਹੀਂ ਕਿ ਸ਼ੈਲੀ ਸੁਗਠਨ (wellformedness) ਦਾ ਹੀ ਪਰਾਹਨ ਕਰੇ। ਜਿਸ ਪ੍ਰਤਿਮਾਨ ਦਾ ਸ਼ੈਲੀ ਉਲੰਘਣ ਕਰਦੀ ਹੈ, ਉਹ ਸੰਦਰਭਗਤ ਪਰਿਭਾਸ਼ਿਤ ਹੋ ਸਕਦਾ ਹੈ, ਜਿਸ ਤੋਂ ਭਾਵ ਇਹ ਹੈ ਕਿ ਸ਼ੈਲੀ ਆਪਣੇ ਤੋਂ ਪਹਿਲੀਆਂ ਸ਼ੈਲੀਆਂ ਦਾ ਪਰਾਹਨ ਕਰਦੀ ਹੈ। ਜੇਕਰ ਭਾਸ਼ਾ ਦੇ ਪ੍ਰਤਿਮਾਨ ਦੇ ਪਰਾਹਨ ਤੋਂ ਸ਼ੈਲੀ ਉਤਪੰਨ ਹੁੰਦੀ ਹੈ ਤਾਂ ਅਜਿਹੀ ਸੂਰਤ ਵਿਚ ਆਮ ਵਿਆਕਰਣ ਦੇ ਨੇਮਾਂ ਦਾ ਕਿਤੇ ਭੰਗ ਕੀਤਾ ਗਿਆ ਹੁੰਦਾ ਹੈ ਅਤੇ ਵੱਖੋ-ਵੱਖਰੇ ਪਾਠ ਉਤਪੰਨ ਕਰਨ ਲਈ ਇਹਨਾਂ ਭੰਗ ਕੀਤੇ ਨੇਮਾਂ ਨੂੰ ਵੱਖੋ-ਵੱਖਰੀ ਸਘਨਤਾ (density) ਵਿਚ ਵਰਤਿਆ ਗਿਆ ਹੁੰਦਾ ਹੈ। ਅਜਿਹੀਆਂ 'ਸੁਗਠਿਤ ਸ਼ੈਲੀਆਂ' ਦੀ ਵਿਆਖਿਆ ਢੁੱਕਵੇਂ ਸੰਦਰਭ ਦੀ ਰੌਸ਼ਨੀ ਵਿਚ ਪ੍ਰਤਿਮਾਨ ਦੀ ਤੁਲਨਾ ਵਿਚ ਕਿਸੇ ਪਾਠ ਵਿਚ ਸੁਗਠਿਤ ਲੱਛਣਾਂ (wellformed features) ਦੀ ਸਘਨਤਾ ਦਾ ਬਿਆਨ ਕਰਕੇ ਕੀਤੀ ਜਾ ਸਕਦੀ ਹੈ।


ਡਰਬੀਸ਼ਾਇਰ ਆਪਣੀ ਪੁਸਤਕ 'A Grammar of Style' ਵਿਚ ਕਹਿੰਦਾ ਹੈ ਕਿ ਸ਼ੈਲੀ ਸਦਾ ਕਿਸੇ ਪ੍ਰਤਿਮਾਨ ਦਾ ਪਰਾਹਨ ਹੁੰਦੀ ਹੈ ਅਤੇ ਇਹ ਪ੍ਰਤਿਮਾਨ ਆਮ ਕਰਕੇ ਅਮੂਰਤ ਹੁੰਦਾ ਹੈ, ਜੋ ਕਿਸੇ ਭਾਸ਼ਾ ਵਰਤੋਂ ਵਿਚ ਨਹੀਂ ਮਿਲਦਾ। ਇਹ ਪਿਛੋਕੜ ਵਿਚ ਇਕ ਪ੍ਰਕਾਰ ਦਾ ਆਦਰਸ਼ ਹੁੰਦਾ ਹੈ, ਜਿਸ ਨੂੰ ਨਿਸਚਿਤ ਕਰਨ ਲਈ ਕਈ ਦਿੱਕਤਾਂ ਆਉਂਦੀਆਂ ਹਨ। ਕਿਸੇ ਭਾਸ਼ਾ ਪ੍ਰਯੋਗ ਦੀ ਸ਼ੈਲੀ ਓਨੀ ਹੀ ਰੁਚੀਪੂਰਣ ਹੁੰਦੀ ਹੈ, ਜਿੰਨੀ ਉਹ ਪ੍ਰਤਿਮਾਨ ਦਾ ਪਰਾਹਨ ਕਰਦੀ ਹੈ। ਅਸੀਂ ਇਥੇ ਚਾਮਸਕੀ ਦੇ ਯੋਗਤਾ ਅਤੇ ਨਿਸ਼ਪਾਦਨ ਜਾਂ ਅਦਾਕਾਰੀ ਦੇ ਸੰਕਲਪ ਉਪਰ ਵਿਚਾਰ ਕਰਕੇ ਪ੍ਰਤਿਮਾਨ ਅਤੇ ਪਰਾਹਨ ਨੂੰ ਵਧੇਰੇ ਚੰਗੀ ਤਰ੍ਹਾਂ ਸਮਝ ਸਕਦੇ ਹਾਂ। ਕੋਈ ਭਾਸ਼ਾ ਪ੍ਰਯੋਗ ਕੁਗਠਿਤ (badly formed), ਸੁਗਠਿਤ (wellformed) ਜਾਂ ਵਧੇਰੇ ਸੁਗਠਿਤ (better formed) ਜਾਂ ਫੇਰ ਅਤਿਅੰਤ ਸੁਗਠਿਤ (bestformed) ਹੋ ਸਕਦਾ ਹੈ। ਸੁਗਠਿਤ ਭਾਸ਼ਾ ਪ੍ਰਯੋਗ ਜਾਂ ਵਧੇਰੇ ਸੁਗਠਿਤ ਭਾਸ਼ਾ ਪ੍ਰਯੋਗ ਦਰਮਿਆਨੇ ਨਿਸ਼ਪਾਦਨ (performance) ਦੀ ਪ੍ਰਤੀਨਿਧਤਾ ਕਰਦੇ ਹਨ ਅਤੇ ਦਰਮਿਆਨਾ ਨਿਸ਼ਪਾਦਨ ਸ਼ੈਲੀ ਦੇ ਵਿਦਿਆਰਥੀ ਵਿਚ ਕੋਈ ਦਿਲਚਸਪੀ ਉਤਪਨ ਨਹੀਂ ਕਰਦਾ।

ਇਸ ਦਾ ਕੇਵਲ ਏਨਾ ਹੀ ਲਾਭ ਹੈ ਕਿ ਉਹ ਦਰਮਿਆਨੇ ਨਿਸ਼ਪਾਦਨ ਨੂੰ ਸਮਝ ਕੇ ਉਸ ਤੋਂ ਚੰਗੇਰੇ ਜਾਂ ਮਾੜੇ ਨਿਸ਼ਪਾਦਨ ਬਾਰੇ ਪਛਾਣ ਕਾਇਮ ਕਰ ਸਕਦਾ ਹੈ।

ਪਰਾਹਨ ਦਾ ਇਕ ਮਹੱਤਵਪੂਰਨ ਨਮੂਨਾ ਸਹਿਜ ਅਤੇ ਪ੍ਰਵਾਨ ਹੋਣ ਦੇ ਯੋਗ ਅਵਿਆਕਰਣਿਕਤਾ ਹੈ, ਜੋ ਸਾਨੂੰ ਸਹਿਜ-ਸੁਭਾ ਬੋਲੇ ਜਾਣ ਵਾਲੇ ਅਲਿਖਿਤ ਉਚਾਰ ਵਿਚ ਮਿਲਦਾ ਹੈ। ਅਸਲ ਵਿਚ ਇਸ ਪ੍ਰਕਾਰ ਦੇ ਪਰਾਹਨ ਦੇ ਕਾਰਨ ਹੀ ਭਾਸ਼ਾ-ਵਿਗਿਆਨ ਵਿਚ ਉਚਾਰ (parole) ਅਤੇ ਨਿਸ਼ਪਾਦਨ (performance) ਵਰਗੇ ਸੰਕਲਪ ਘੜੇ ਗਏ। ਅਨੇਕਾਂ ਭਾਸ਼ਾ-ਵਿਗਿਆਨੀਆਂ ਨੇ ਬੋਲਚਾਲ ਦੀ ਭਾਸ਼ਾ ਦੀਆਂ ਪਰਾਹਿਤ (deviant) ਰੂਪ-ਵਿਧੀਆਂ ਦੀਆਂ ਸਮੱਸਿਆਵਾਂ ਉਪਰ ਚਿੰਤਨ ਕੀਤਾ ਹੈ। ਇਸ ਸੰਬੰਧ ਵਿਚ ਬੌਮਾਨ (1966) ਅਤੇ ਲੋਮਾਨ ਜੋਰਸੈਨਸੈਨ (1971) ਦੁਆਰਾ ਕੀਤਾ ਹੋਇਆ ਕੰਮ ਮਹੱਤਵਪੂਰਨ ਹੈ। ਇਹਨਾਂ ਭਾਸ਼ਾ-ਵਿਗਿਆਨੀਆਂ ਨੇ ਬੋਲਚਾਲ ਦੀ ਭਾਸ਼ਾ ਦੀ ਮੂਲ ਇਕਾਈ ਨਿਸਚਿਤ ਕੀਤੀ ਹੈ ਅਤੇ ਉਚਾਰ ਨੂੰ ਵਾਕ-ਇਕਾਈਆਂ ਵਿਚ ਵੰਡਣ ਲਈ ਯੋਗ ਜੁਗਤਾਂ ਦਾ ਵਿਕਾਸ ਕੀਤਾ ਹੈ। ਉਚਾਰ ਵਿਚ ਬੜੀ ਵਾਰੀ ਲੋਕੀਂ ਅਜਿਹੀਆਂ ਇਕਾਈਆਂ ਵਿਚ ਆਪਣੇ ਹਾਵ-ਭਾਵ ਪ੍ਰਗਟਾਉਂਦੇ ਹਨ, ਜੋ ਵਿਆਕਰਣਿਕ ਵਾਕਾਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀਆਂ। ਖ਼ਾਸ ਤੌਰ'ਤੇ ਆਮ ਬੋਲਚਾਲ ਵਿਚ ਬੋਲਣਹਾਰੇ ਵਾਕੰਸ਼ਾਂ ਵਿਚ ਜਾਂ ਵਾਕ-ਖੰਡਾਂ (sentence fragments) ਵਿਚ ਹੀ ਆਪਣੀ ਪੂਰੀ ਗੱਲ ਕਹਿ ਤੇ ਸਮਝ ਲੈਂਦੇ ਹਨ। ਇਸੇ ਤਰ੍ਹਾਂ ਅਪੂਰਨ ਉਕਤੀ ਬੋਲਚਾਲ ਦੇ ਸੰਚਾਰ ਦੀ ਇਕ ਮਹੱਤਵਪੂਰਨ ਜੁਗਤ ਹੈ, ਜਿਸ ਵਿਚ ਬੋਲਣ ਵਾਲਾ ਕਿਸੇ ਨਾ ਕਿਸੇ ਕਾਰਨ ਆਪਣੀ ਗੱਲ ਅਪੂਰਨ ਰੂਪ ਵਿਚ ਉਚਾਰਦਾ ਹੈ ਅਤੇ ਅੱਗੋਂ ਸੁਣਨ ਵਾਲਾ ਉਸ ਨੂੰ ਪੂਰਿਆਂ ਕਰ ਲੈਂਦਾ ਹੈ ਜਾਂ ਉਸ ਦੇ ਅਰਥਾਂ ਨੂੰ ਸਮਝ ਲੈਂਦਾ ਹੈ। ਅਪੂਰਨ ਉਕਤੀਆਂ ਜਾਂ ਵਾਕ-ਖੰਡਾਂ ਨੂੰ ਉਹਨਾਂ ਦੀਆਂ ਛੋਟੀਆਂ ਤੋਂ ਛੋਟੀਆਂ ਇਕਾਈਆਂ ਵਿਚ ਘਟਾਉਣ ਲਈ ਸਾਨੂੰ ਕੋਈ ਅਜਿਹਾ ਐਪ੍ਰੇਟਸ ਵਿਕਸਿਤ ਕਰਨਾ ਪੈਂਦਾ ਹੈ, ਜਿਸ ਨਾਲ ਉਹਨਾਂ ਦਾ ਭਾਸ਼ਾ-ਵਿਗਿਆਨਕ ਵਿਸ਼ਲੇਸ਼ਣ ਕੀਤਾ ਜਾ ਸਕੇ। ਬੌਮਾਨ ਨੇ ਉਕਤੀਆਂ ਨੂੰ ਵਾਕਾਂ ਵਿਚ ਵੰਡਿਆ ਹੈ, ਜੋ ਸੁਰ ਲਹਿਰੀ (intonation) ਅਤੇ ਕੰਟੂਰਾਂ, ਅੰਤਕ ਸੰਧੀਆਂ (terminal junctures) ਅਤੇ ਖੰਡਾਂ ਦੁਆਰਾ ਨਿਖੜਦੇ ਹਨ। ਬੌਮਾਨ ਅੱਗੇ ਵਾਕਾਂ ਨੂੰ ਮੁੱਖਵਾਕ (major sentences) ਅਤੇ ਗੌਣ ਵਾਕ (minor sentences) ਦੇ ਰੂਪ ਵਿਚ ਵੰਡਦਾ ਹੈ। ਪਹਿਲੀ ਵਾਰ ਦੇ ਵਾਕਾਂ ਵਿਚ ਕਰਤਾ ਅਤੇ ਕਰਮ ਦੋਵੇਂ ਹੁੰਦੇ ਹਨ, ਪਰ ਦੂਜੀ ਪ੍ਰਕਾਰ ਦੇ ਵਾਕਾਂ ਵਿਚ ਕਰਮ ਦਾ ਅਭਾਵ ਹੁੰਦਾ ਹੈ। ਲੋਮਾਨ ਅਤੇ ਉਸ ਦੇ ਸਾਥੀਆਂ ਨੇ ਮੈਕਰੋਸਿਨਟੈਗਮਜ਼ ਦਾ ਸੰਕਲਪ ਦਿੱਤਾ ਹੈ।

ਮੈਕਰੋਸਿਨਟੈਗਮਜ਼ ਦੇ ਸੰਕਲਪ ਰਾਹੀਂ ਪਰਾਹਨ ਦੀ ਵਿਆਖਿਆ ਕਰਦਿਆਂ ਵਿਆਕਰਣਿਕਤਾ ਅਤੇ ਸੁਗਠਨ ਨੂੰ ਆਮ ਨਾਲੋਂ ਵੱਖਰੇ ਅਰਥਾਂ ਵਿਚ ਵਰਤਿਆ ਗਿਆ ਹੈ। ਵਿਆਕਰਣਿਕਤਾ ਤੋਂ ਭਾਵ ਹੈ ਕਿਸੇ ਵਾਕ ਦਾ ਕਿਸੇ ਵਿਆਕਰਣ ਵਿਸ਼ੇਸ਼ ਦੇ ਨੇਮਾਂ ਦੇ ਮੁਤਾਬਿਕ ਰਚਿਆ ਗਿਆ ਹੋਣਾ। ਉਦਾਹਰਣ ਲਈ ਪੰਜਾਬੀ ਦੇ ਵਿਆਕਰਣ ਦੇ ਮੁਤਾਬਿਕ ਰਚਿਆ ਗਿਆ ਕੋਈ ਵਿਸ਼ੇਸ਼ ਵਾਕ ਵਿਆਕਰਣਿਕ ਹੋਵੇਗਾ। ਦੂਜੇ ਸ਼ਬਦਾਂ ਵਿਚ ਉਹ ਸੁਗਠਿਤ ਮੰਨਿਆ ਜਾਏਗਾ। ਪੰਜਾਬੀ ਦੇ

ਵਿਆਕਰਣ ਦੇ ਨੇਮ ਜੇਕਰ ਕਿਸੇ ਪਉੜੀ-ਪ੍ਰਬੰਧ (hierarchy) ਵਿਚ ਬੱਝੇ ਹੋਏ ਹਨ ਅਤੇ ਉਹਨਾਂ ਵਿੱਚੋਂ ਕੁਝ ਨੇਮ ਹੋਰਾਂ ਦੇ ਮੁਕਾਬਲੇ ਵਿਚ ਵਧੇਰੇ ਬੁਨਿਆਦੀ ਅਤੇ ਡੂੰਘੇ ਹਨ ਤਾਂ ਅਸੀਂ ਵਿਆਕਰਣਿਕਤਾ ਦਾ ਇਕ ਪੈਮਾਨਾ ਨਿਸਚਿਤ ਕਰ ਸਕਦੇ ਹਾਂ। ਉਹ ਵਾਕ ਜਿਹੜੇ ਵਧੇਰੇ ਬੁਨਿਆਦੀ ਜਾਂ ਮੂਲ ਨੇਮਾਂ ਦੀ ਉਲੰਘਣਾ ਕਰਦੇ ਹਨ, ਉਹਨਾਂ ਨੇਮਾਂ ਦੇ ਮੁਕਾਬਲੇ ਵਿਚ ਜੋ ਘੱਟ ਬੁਨਿਆਦੀ ਨੇਮਾਂ ਦੀ ਉਲੰਘਣਾ ਕਰਦੇ ਹਨ, ਨਾਲੋਂ ਘੱਟ ਵਿਆਕਰਣਿਕ ਮੰਨੇ ਜਾਣਗੇ। ਇਉਂ ਇਕ ਪਾਸੇ ਭਾਸ਼ਾ ਬੋਲਣ ਵਾਲਿਆਂ ਦੀ ਪ੍ਰਵਾਨਗੀ ਅਤੇ ਦੂਜੇ ਪਾਸੇ ਵਾਕਾਂ ਦੇ ਵਿਆਕਰਣਿਕ ਸੁਗਠਨ, ਦੋਹਾਂ ਦੇ ਵਿਚਕਾਰ ਅਜਿਹੀ ਭਾਸ਼ਾ ਦਾ ਵਿਆਕਰਣ ਤਿਆਰ ਕੀਤਾ ਜਾ ਸਕਦਾ ਹੈ, ਜੋ ਉਸ ਭਾਸ਼ਾ ਦੇ ਬੋਲਣਹਾਰਿਆਂ ਵੱਲੋਂ ਪ੍ਰਵਾਨਗੀ ਦੇ ਯੋਗ ਨਹੀਂ। ਇਸ ਵਿਆਕਰਣ ਦੀ ਦ੍ਰਿਸ਼ਟੀ ਵਿਚ ਅਜਿਹੇ ਵਾਕ ਵਿਆਕਰਣਿਕ ਹੁੰਦੇ ਹਨ; ਚਾਹੇ ਉਸ ਭਾਸ਼ਾ ਦੇ ਬੋਲਣਹਾਰਿਆਂ ਦਾ ਇਕ ਸਮੂਹ ਉਹਨਾਂ ਨੂੰ ਅਪ੍ਰਵਾਨ ਹੀ ਕਿਉਂ ਨਾ ਕਰਦਾ ਹੋਵੇ। ਇਸ ਤੋਂ ਇਹ ਭਾਵ ਹੈ ਕਿ ਵਿਆਕਰਣਿਕਤਾ ਨਿਰਪੇਖ ਰੂਪ ਵਿਚ ਘੜੇ ਗਏ ਨੇਮਾਂ ਦੇ ਸੈੱਟ ਦੇ ਰੂਪ ਵਿਚ ਪਰਿਭਾਸ਼ਤ ਕੀਤੀ ਜਾ ਸਕਦੀ ਹੈ ਅਤੇ ਪ੍ਰਵਾਨਗੀ ਬੋਲਣਹਾਰਿਆਂ ਦੀਆਂ ਸਾਪੇਖ ਰਾਵਾਂ ਉੱਤੇ ਨਿਰਭਰ ਹੁੰਦੀ ਹੈ। ਇਹਨਾਂ ਦੋਹਾਂ ਦੇ ਆਪਸ ਵਿਚ ਪੂਰੀ ਤਰ੍ਹਾਂ ਸਹਿਮਤ ਹੋਣ ਦੀ ਬਹੁਤ ਘੱਟ ਸੰਭਾਵਨਾ ਹੁੰਦੀ ਹੈ। ਲੋਮਾਨ ਨੇ ਮੈਕਰੋਸਿਨਟੈਗਮਜ਼ ਦੇ ਸੰਕਲਪ ਰਾਹੀਂ ਵਾਕ ਸਿਨਟੈਗਮਾਂ ਦੀਆਂ ਭਿੰਨ-ਭਿੰਨ ਕਿਸਮਾਂ ਨੂੰ ਹੇਠ ਦਿੱਤੇ ਅਨੁਸਾਰ ਪੇਸ਼ ਕੀਤਾ ਹੈ:



ਉਪਰੋਕਤ ਖਾਕੇ ਵਿਚ ਮੈਕਰੋਸਿਨਟੈਗਮ ਬੋਲਚਾਲ ਵਿਚ 'ਪੂਰਾ ਉਚਾਰ' ਮੰਨਿਆ ਜਾ ਸਕਦਾ ਹੈ। ਉਸ ਨੂੰ ਅੱਗੋਂ ਵਿਸਮੈ-ਬੋਧਕ, ਵਾਕ ਅਤੇ ਸੰਬੋਧਨ

ਮੈਕਰੋਸਿਨਟੈਗਮਜ਼ ਵਿਚ ਵੰਡਿਆ ਜਾ ਸਕਦਾ ਹੈ। ਇਸ ਤੋਂ ਬਾਅਦ ਵਾਕ ਮੈਕਰੋਸਿਨਟੈਗਮਾਂ ਨੂੰ ਵਾਕ ਖੰਡ ਅਤੇ ਵਾਕ, ਦੋ ਵਰਗਾਂ ਵਿਚ ਵੰਡਿਆ ਜਾ ਸਕਦਾ ਹੈ। ਵਾਕ ਦੇ ਅੱਗੇ ਦੋ ਪ੍ਰਕਾਰ—ਅਪੂਰਨ ਵਾਕ ਅਤੇ ਪੂਰਨ ਵਾਕ ਮੰਨੇ ਜਾ ਸਕਦੇ ਹਨ। ਪੂਰਨ ਵਾਕ ਨੂੰ ਅੱਗੇ ਕੁਗਠਿਤ ਅਤੇ ਸੁਗਠਿਤ ਦੋ ਉਪ-ਪ੍ਰਕਾਰਾਂ ਵਿਚ ਵੇਖਿਆ ਜਾ ਸਕਦਾ ਹੈ। ਵਾਕ-ਖੰਡ ਉਹ ਵਾਕ ਮੰਨੇ ਜਾ ਸਕਦੇ ਹਨ, ਜਿਨ੍ਹਾਂ ਦੇ ਮੁੱਖ ਵਾਕੰਸ਼ (main clause) ਵਿਚ ਵਚਨ ਅਤੇ ਪੁਰਖ ਅਨੁਸਾਰ ਕਿਰਿਆ ਦੀ ਘਾਟ ਹੋਵੇ। ਅਪੂਰਨ ਵਾਕ ਉਹ ਹੁੰਦੇ ਹਨ, ਜਿਥੇ ਵਾਕਾਂ ਦੇ ਅੰਤ ਵਿਚ ਸੰਦਰਭ ਦੇ ਪੱਖੋਂ ਲੋੜੀਂਦਾ ਘਟਕ ਨਾ ਮਿਲਦਾ ਹੋਵੇ। ਪਰਿਭਾਸ਼ਕ ਸ਼ਬਦਾਵਲੀ ਵਿਚ ਇਸ ਨੂੰ ਅਰਧ-ਉਕਤੀ (apopiopesis) ਕਿਹਾ ਜਾਂਦਾ ਹੈ। ਕੁਗਠਿਤ ਵਾਕਾਂ ਨੂੰ ਅੱਗੋਂ ਉਪ-ਪ੍ਰਕਾਰਾਂ ਵਿਚ ਮਿਲਦੇ ਪਰਾਹਨ ਦੀ ਪ੍ਰਕਿਰਤੀ ਦੇ ਆਧਾਰ ਉੱਤੇ ਵੰਡਿਆ ਜਾ ਸਕਦਾ ਹੈ। ਇਸ ਪ੍ਰਕਾਰ ਦੇ ਵਾਕਾਂ ਵਿੱਚੋਂ ਪ੍ਰਧਾਨ ਵਾਕ-ਕ੍ਰਮ ਦੋਸ਼ (anacoluthon) ਸੰਬੰਧਿਤ ਵਾਕੰਸ਼ (clause) ਦਾ ਵਾਕ ਪੱਧਰ ਉੱਤੇ ਸ੍ਵੈ-ਸੁਧਾਈ (self-correction), ਪੂਰਨ ਵਾਕ ਮੰਨ ਕੇ ਅੱਗੇ ਬੋਲਦੇ ਜਾਣਾ ਅਤੇ ਵਿਘਨ (interruption) ਮੰਨੇ ਜਾ ਸਕਦੇ ਹਨ। ਹੁਣ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਪ੍ਰਤਿਮਾਨ ਕਿਸ ਨੂੰ ਮੰਨਿਆ ਜਾਏ ? ਅਸੀਂ ਸਮੁੱਚੀ ਭਾਸ਼ਾ ਦੇ ਪ੍ਰਤਿਮਾਨ ਬਾਰੇ ਵਿਆਕਰਣਚਾਰੀਆਂ ਦੇ ਅਮੂਰਤ ਵਿਚਾਰ ਨੂੰ ਪ੍ਰਤਿਮਾਨ ਮੰਨ ਸਕਦੇ ਹਾਂ, ਜਿਸ ਦਾ ਕੋਈ ਰਚਣਹਾਰ ਪਰਾਹਨ ਕਰਦਾ ਹੈ। ਇਸ ਤਰ੍ਹਾਂ ਹਰ ਭਾਸ਼ਾ ਦਾ ਵਿਆਕਰਣ ਸਾਮਾਨਯ ਪੱਧਰ 'ਤੇ ਉਸ ਭਾਸ਼ਾ ਦੇ ਪ੍ਰਤਿਮਾਨ ਰੂਪ ਨੂੰ ਨਿਸਚਿਤ ਕਰਦਾ ਹੈ। ਸਾਹਿਤਕਾਰ ਇਸ ਸਾਮਾਨਯ ਪੱਧਰ ਤੋਂ ਘੱਟ ਜਾਂ ਵੱਧ ਮਾਤਰਾ ਵਿਚ ਆਪਣੀ ਰਚੀ ਭਾਸ਼ਾ ਵਿਚ ਵਖਰੇਵਾਂ ਪੈਦਾ ਕਰਦਾ ਹੈ। ਕਿਸੇ ਭਾਸ਼ਾ ਵਿਚ ਪ੍ਰਤਿਮਾਨ ਤੋਂ ਮਿਲਦਾ ਹਰ ਪਰਾਹਨ ਭਾਸ਼ਾ ਦਾ ਪ੍ਰਯੋਗ ਕਰਨ ਵਾਲੇ ਦੀ ਚੋਣ ਦਾ ਪ੍ਰਤਿਫਲ ਹੁੰਦਾ ਹੈ। ਇਹ ਚੋਣ ਸਚੇਤ ਅਤੇ ਅਚੇਤ ਦੋਹਾਂ ਪ੍ਰਕਾਰਾਂ ਦੀ ਹੋ ਸਕਦੀ ਹੈ। ਇਸ ਪ੍ਰਕਾਰ ਦੇ ਪ੍ਰਤਿਮਾਨ ਤੋਂ ਪਰਾਹਨ ਨੂੰ ਅਸੀਂ ਇਕੱਲੇ-ਇਕੱਲੇ ਵਾਕ ਦੀ ਪੱਧਰ ਉੱਤੇ ਵੇਖ ਸਕਦੇ ਹਾਂ ਅਤੇ ਇਸ ਦੀ ਤੁਲਨਾ ਵਿਆਕਰਣ ਵਿਚ ਢੁੱਕਵੇਂ ਫ਼ਾਰਮੂਲੇ ਨਾਲ ਕਰ ਸਕਦੇ ਹਾਂ। ਧਨੀ ਰਾਮ ਚਾਤ੍ਰਿਕ ਦੀਆਂ ਹੇਠ ਦਿੱਤੀਆਂ ਪੰਗਤੀਆਂ ਵਿਚ ਪਰਾਹਿਤ ਭਾਸ਼ਾ ਰੂਪ ਅਤੇ ਸਾਧਾਰਨ ਬੋਲਚਾਲ ਦੇ ਵਿਆਕਰਣ ਵਿਚ ਮਿਲਦੇ ਫ਼ਾਰਮੂਲਿਆਂ ਨੂੰ ਪੇਸ਼ ਕੀਤਾ ਜਾਂਦਾ ਹੈ :

ਪਰਾਹਿਤ ਰੂਪ	ਸਾਮਾਨਯ ਵਿਆਕਰਣਿਕ ਫ਼ਾਰਮੂਲਾ
1. ਉਸ ਨੂੰ ਆਖ, ਅੱਖੀਂ ਆ ਕੇ ਵੇਖ ਜਾਵੇ	1. ਉਸ ਨੂੰ ਆਖ (ਕਿ) ਉਹ (ਸਾਨੂੰ ਆਪ) ਆਪਣੀਆਂ ਅੱਖਾਂ ਨਾਲ ਵੇਖ ਜਾਵੇ।
2. ਸਾਨੂੰ ਕੂੰਜ ਦੇ ਵਾਂਗ ਕੁਰਲਾਂਦਿਆਂ ਨੂੰ	2. (ਉਹ ਆਪ) ਸਾਨੂੰ ਕੂੰਜ ਦੇ ਵਾਂਗ ਕੁਰਲਾਂਦਿਆਂ ਨੂੰ ਵੇਖ ਜਾਵੇ।
3. ਵਾਟਾਂ ਵੇਂਹਦਿਆਂ ਔਂਸੀਆਂ ਪਾਂਦਿਆਂ ਨੂੰ	3. (ਉਹ ਆਪ ਸਾਨੂੰ ਉਸ ਦੇ) ਰਾਹ ਵੇਖਦਿਆਂ (ਅਤੇ ਉਸ ਦੀ ਯਾਦ ਵਿਚ) ਔਂਸੀਆਂ ਪਾਂਦਿਆਂ ਨੂੰ ਵੇਖ ਜਾਏ।

ਅਸੀਂ ਵੇਖਦੇ ਹਾਂ ਕਿ ਧਨੀ ਰਾਮ ਚਾਤ੍ਰਿਕ ਦੀ ਕਵਿਤਾ 'ਰਾਧਾ ਸੰਦੇਸ਼' ਵਿੱਚੋਂ ਪਿੱਛੇ ਦਿੱਤੀਆਂ ਕੇਵਲ ਤਿੰਨ ਪੰਗਤੀਆਂ ਵਿਚਲਾ ਪਰਾਹਿਆ ਹੋਇਆ ਰੂਪ ਅਤੇ ਉਸ ਦੀ ਤੁਲਨਾ ਵਿਚ ਭਾਸ਼ਾ ਦੇ ਸਾਮਾਨਯ ਵਿਆਕਰਣ ਦੁਆਰਾ ਦਿੱਤਾ ਪ੍ਰਤਿਮਾਣਕ ਫ਼ਾਰਮੂਲਾ, ਦੋਹਾਂ ਵਿਚਕਾਰ ਸਾਨੂੰ ਅੰਤਰ ਮਿਲਦਾ ਹੈ।

ਪਰਾਹਨ ਦਾ ਇਕ ਹੋਰ ਪੱਧਰ ਪਾਠ ਦੀ ਸੰਜੋਗਸ਼ੀਲਤਾ (textual cohesion) ਹੈ। ਅਸੀਂ ਵੇਖਦੇ ਹਾਂ ਕਿ ਕਿਸੇ ਵੀ ਪ੍ਰਵਚਨ ਵਿਚ ਵਾਕਾਂ ਦੀ ਲੜੀ (string of sentences) ਕਿਸੇ ਨਾ ਕਿਸੇ ਰੂਪ ਵਿਚ ਸੰਜੋਗਸ਼ੀਲ ਘਾੜਤ ਵਿਚ ਬੱਝੀ ਹੁੰਦੀ ਹੈ। ਵਾਕਾਂ ਦਾ ਵਿਸਥਾਰ ਬਿਨਾਂ ਕਿਸੇ ਨੇਮ ਦੇ ਨਹੀਂ ਹੁੰਦਾ। ਕਿਸੇ ਪਾਠ ਵਿਚ ਵਾਕ ਐਵੇਂ ਹੀ ਖਿਲਾਰੇ ਨਹੀਂ ਜਾਂਦੇ, ਸਗੋਂ ਹਰ ਵਾਕ ਆਪਣੇ ਤੋਂ ਪਹਿਲੇ ਵਾਕ ਤੋਂ ਕੁਝ ਗ੍ਰਹਿਣ ਕਰਦਾ ਹੈ ਅਤੇ ਆਪਣੇ ਤੋਂ ਅਗਲੇ ਵਾਕ ਦੀ ਰਚਨਾ ਵਿਚ ਆਪਣਾ ਹਿੱਸਾ ਪਾਂਦਾ ਹੈ। ਇਸ ਤਰ੍ਹਾਂ ਪਾਠ ਦੇ ਸਮੁੱਚ ਵਿਚ ਹਰ ਵਾਕ ਕਿਸੇ ਨਾ ਕਿਸੇ ਸ਼ਕਲ ਵਿਚ ਆਪਣੀ ਦੇਣ ਦੇਂਦਾ ਹੈ। ਪਾਠ ਆਪਣੇ ਅੰਦਰ ਨਾ ਕੇਵਲ ਪੇਸ਼ ਕੀਤਾ ਜਾ ਰਿਹਾ ਮਜ਼ਮੂਨ ਸਾਂਭੀ ਬੈਠਾ ਹੁੰਦਾ ਹੈ, ਸਗੋਂ ਉਹ ਆਪਣੀ ਸੰਰਚਨਾ ਉਪਰ ਵੀ ਜ਼ਬਤ ਰੱਖਦਾ ਹੈ। ਇਸ ਦੇ ਸਹਾਰੇ ਇਕ ਪਾਸੇ ਭਾਸ਼ਾ ਆਪਣੀਆਂ ਇਕਾਈਆਂ ਵਿਚ ਸੰਬੰਧ ਜੋੜ ਕੇ ਸਮੁੱਚ ਪ੍ਰਾਪਤ ਕਰਦੀ ਹੈ ਅਤੇ ਦੂਜੇ ਪਾਸੇ ਪੇਸ਼ ਕੀਤੇ ਜਾ ਰਹੇ ਮਜ਼ਮੂਨ ਦੇ ਤਰਕ ਨੂੰ ਨਿਖਾਰ ਕੇ ਉਸ ਵਿਚ ਇਕਾਗਰਤਾ ਲਿਆਉਂਦੀ ਹੈ। ਪਰ ਅਸੀਂ ਕਿਸੇ ਪਾਠ-ਸੰਰਚਨਾ ਦੀ ਵਿਆਖਿਆ ਕੇਵਲ ਉਸ ਦੀ ਭਾਸ਼ਕ-ਸੰਰਚਨਾ ਰਾਹੀਂ ਨਹੀਂ ਕਰ ਸਕਦੇ। ਇਸ ਲਈ ਸਾਨੂੰ ਪਾਠ-ਸਿਧਾਂਤ (text theory) ਦਾ ਸਹਾਰਾ ਲੈਣਾ ਪਏਗਾ, ਜਿਸ ਦੀ ਮਦਦ ਨਾਲ ਭਾਸ਼ਕ-ਸੰਰਚਨਾ ਅਤੇ ਪਾਠ-ਸੰਰਚਨਾ ਦੋਹਾਂ ਨੂੰ ਇਕ ਦੂਜੇ ਨਾਲ ਸੰਬੰਧਿਤ ਕਰਕੇ ਪਾਠ ਦਾ ਸਾਹਿਤਕ ਵਿਵੇਚਨ ਕੀਤਾ ਜਾ ਸਕਦਾ ਹੈ। ਇਉਂ ਵਾਕ-ਸੰਜੋਗਸ਼ੀਲਤਾ ਅਤੇ ਪਾਠ-ਸੰਜੋਗਸ਼ੀਲਤਾ ਦੋਵੇਂ ਇਕ ਦੂਜੇ ਉਪਰ ਨਿਰਭਰ ਹੁੰਦੇ ਹਨ। ਕਿਸੇ ਭਾਸ਼ਾ-ਪ੍ਰਯੋਗ ਵਿਚ ਵਾਕ-ਸੰਜੋਗਸ਼ੀਲਤਾ ਦੀ ਦਿਸ਼ਾ ਉਸ ਵਿਚਲੇ ਡੂੰਘੇਰੇ ਅਰਥ-ਸੰਰਚਨਾ ਦੇ ਪੈਟਰਨ ਨੂੰ ਨਿਸਚਿਤ ਕਰਦੀ ਹੈ। ਇਉਂ ਹਰ ਰਚਨਾ ਵਿਚ ਸਾਨੂੰ ਉਸ ਵਿਚਲੇ ਪ੍ਰਯੋਜਨਾਂ ਦੇ ਮੁਤਾਬਿਕ ਵਾਕਾਂ ਵਿਚਕਾਰ ਸੰਜੋਗਸ਼ੀਲਤਾ ਮਿਲੇਗੀ। ਗਲਪ-ਰਚਨਾਵਾਂ ਵਿਚ ਪ੍ਰਯੋਜਨ ਵੱਖੋ-ਵੱਖਰੇ ਹੋ ਸਕਦੇ ਹਨ ਅਤੇ ਇਸ ਕਰਕੇ ਵਾਕਾਂ ਦਾ ਆਪਸੀ ਜੋੜ ਜਾਂ ਸੰਜੋਗ ਵੀ ਵੰਨ-ਵੰਨਤਾ ਹੋ ਸਕਦਾ ਹੈ। ਪਾਠ ਦੀ ਪੱਧਰ ਉੱਤੇ ਇਹ ਵੰਨ-ਵੰਨਤਾ ਇਕ ਪ੍ਰਕਾਰ ਦੀ ਸੰਜੋਗਸ਼ੀਲਤਾ ਦੀ ਪੱਧਰ ਉੱਤੇ ਪਰਾਹਨ ਦੇ ਨਮੂਨੇ ਬਣਦੀ ਹੈ। ਸੰਜੋਗਸ਼ੀਲਤਾ ਦੀ ਪੱਧਰ ਉੱਤੇ ਪਰਾਹਨਾਂ ਨੂੰ ਅਸੀਂ ਸ਼ੈਲੀ ਚਿਹਨਕਾਂ (stylemarkers) ਦੇ ਰੂਪ ਵਿਚ ਪਛਾਣ ਸਕਦੇ ਹਾਂ। ਇਸ ਦੇ ਹੇਠ ਲਿਖੇ ਆਯਾਮ ਅਤੇ ਪੱਧਰ ਮਿਲਦੇ ਹਨ :

(ੳ) ਸੰਦਰਭਮੂਲਕ ਸੰਜੋਗਸ਼ੀਲਤਾ

ਜਦੋਂ ਭਾਸ਼ਾ ਰਾਹੀਂ ਅਸੀਂ ਬਿਰਤਾਂਤ ਦੀ ਰਚਨਾ ਕਰ ਰਹੇ ਹੁੰਦੇ ਹਾਂ, ਜਿਸ ਵਿਚ ਵਰਨਣ, ਵਾਰਤਾਲਾਪ ਅਤੇ ਵਾਤਾਵਰਣ ਦਾ ਬਿਆਨ ਸ਼ਾਮਿਲ ਹੁੰਦੇ ਹਨ ਤਾਂ ਹਰ

ਸੰਦਰਭ ਦੇ ਅਨੁਸਾਰ ਪਾਠਾਂ ਦੇ ਭਿੰਨ-ਭਿੰਨ ਅੰਸ਼ ਸੰਜੋਗਸ਼ੀਲਤਾ ਧਾਰਨ ਕਰਦੇ ਹਨ, ਇਸ ਤਰ੍ਹਾਂ ਹਰ ਸੰਦਰਭ ਦੇ ਮੁਤਾਬਿਕ ਪਾਠ-ਅੰਸ਼ਾਂ ਦਾ ਸੰਜੋਗ ਭਿੰਨ ਰੂਪ ਧਾਰਨ ਕਰਦਾ ਹੈ, ਜਿਸ ਨਾਲ ਪਰਾਹਨ ਵੀ ਕਈ ਪ੍ਰਕਾਰ ਦਾ ਨਜ਼ਰ ਆਉਂਦਾ ਹੈ।

(ਅ) ਪ੍ਰਤੀਕਾਤਮਕ ਸੰਜੋਗਸ਼ੀਲਤਾ

ਕਿਸੇ ਰਚਨਾ ਵਿਚ ਵਿਸ਼ੇਸ਼ ਕਰਕੇ ਗਲਪ ਰਚਨਾ ਵਿਚ ਜਿਥੇ ਬਿਰਤਾਂਤ ਪੇਸ਼ ਹੁੰਦਾ ਹੈ, ਉਥੇ ਬਿੰਬ, ਘਟਨਾ ਅਤੇ ਪਾਤਰ ਸਾਰੇ ਇਕ ਪ੍ਰਕਾਰ ਦੇ ਸੰਜੋਗ-ਏਕੇ ਵਿਚ ਬੱਝੇ ਹੁੰਦੇ ਹਨ। ਕਥਾਨਕ ਵਿਚ ਮਿਲਦੇ ਪ੍ਰਤੀਕ ਕਈ ਵਾਰੀ ਜ਼ਾਹਿਰ ਅਤੇ ਕਈ ਵਾਰ ਲੁਕੇ ਹੁੰਦੇ ਹਨ।

(ੲ) ਸੰਰਚਨਾਤਮਕ ਸੰਜੋਗਸ਼ੀਲਤਾ

ਇਹ ਵੇਖਿਆ ਜਾਂਦਾ ਹੈ ਕਿ ਕੁਝ ਪਾਠਾਂ ਵਿਚ ਵਾਕਾਂ ਦਾ ਗਠਨ ਅਤੇ ਇਕ ਵਾਕ ਦਾ ਦੂਜੇ ਨਾਲ ਸੰਬੰਧ ਰਚਨਾ ਦੇ ਅੰਦਰਲੇ ਅਰਥਾਂ ਨੂੰ ਪੇਸ਼ ਕਰਨ ਵਾਲਾ ਹੁੰਦਾ ਹੈ। ਕਈ ਵਾਰੀ ਅੰਤਰ-ਵਾਕ ਸੰਬੰਧ ਸਾਮਾਨਾਧਿਕਰਣਿਕ (co-ordinating) ਅਤੇ ਕਈ ਵਾਰੀ ਆਸ਼੍ਰਿਤ (subordinating) ਹੁੰਦਾ ਹੈ। ਇਹਨਾਂ ਅੰਤਰ-ਵਾਕਾਂ ਦੀ ਪੱਧਰ ਉੱਤੇ ਸੰਬੰਧਾਂ ਦੁਆਰਾ ਵੀ ਲੇਖਕ ਪਰਾਹਨ ਕਰਦਾ ਹੈ।

(ਸ) ਸੰਕੇਤਾਰਥੀ ਸੰਜੋਗਸ਼ੀਲਤਾ

ਸੰਕੇਤਾਰਥੀ ਸੰਜੋਗਸ਼ੀਲਤਾ (referential cohesion) ਜਿਵੇਂ ਦੋ ਵਾਕਾਂ ਨੂੰ ਦਿਸ਼ਾ ਨਿਰਦੇਸ਼ਕਾਂ (deictic words) ਜਾਂ ਪੜਨਾਂਵਾਂ ਦੀ ਸਹਾਇਤਾ ਨਾਲ ਜੋੜਨਾ। ਇਹ ਵੀ ਪਾਠ ਵਿਚ ਪਰਾਹਨ ਲਿਆਉਣ ਦਾ ਇਕ ਸਾਧਨ ਹੈ।

(ਹ) ਸ਼ਾਬਦਿਕ ਸੰਜੋਗਸ਼ੀਲਤਾ

ਸ਼ਬਦ ਨੂੰ ਇਕ ਦੂਜੇ ਨਾਲ ਜੋੜਨ ਲੱਗਿਆਂ ਵੀ ਅਰਥਪੂਰਨਤਾ ਨੂੰ ਮੁੱਖ ਰਖਿਆ ਜਾਂਦਾ ਹੈ ਅਤੇ ਅਜਿਹਾ ਕਰਕੇ ਪਾਠ ਦੇ ਅੰਸ਼ਾਂ ਨੂੰ ਇਕ ਦੂਜੇ ਨਾਲ ਜੋੜਿਆ ਜਾਂਦਾ ਹੈ। ਭਾਸ਼ਾ-ਵਿਗਿਆਨੀਆਂ ਨੇ ਇਹਨਾਂ ਦੇ ਹੇਠ ਲਿਖੇ ਆਧਾਰ ਮੰਨੇ ਹਨ:

(1) ਦੁਹਰਾਉ (Repitition)

(2) ਪਰਿਆਏ/ਵਿਲੋਮ (Synonym/antonym)

(3) ਸਹਿਵਰਗਤਾ (Co-membership)

ਜਾਫ਼ਰੀ ਐਨ. ਲੀਚ ਨੇ ਆਪਣੀ ਪੁਸਤਕ 'A Linguistic Guide to English Poetry' ਵਿਚ ਕਾਵਿ ਦੇ ਸੰਦਰਭ ਵਿਚ ਹੇਠ ਦਿੱਤੇ ਪਰਾਹਨਾਂ ਨੂੰ ਗਿਣਾਇਆ ਹੈ:

(1) ਸ਼ਾਬਦਿਕ ਪਰਾਹਨ (lexical deviation)

(2) ਵਿਆਕਰਣਿਕ ਪਰਾਹਨ (grammatical deviation)
(3) ਧੁਨੀਗ੍ਰਾਮ-ਮੂਲਕ ਪਰਾਹਨ (phonological deviation)
(4) ਅੱਖਰ-ਮੂਲਕ ਪਰਾਹਨ (graphological deviation)
(5) ਅਰਥ-ਮੂਲਕ ਪਰਾਹਨ (semantic deviation)
(6) ਬੋਲੀ-ਮੂਲਕ ਪਰਾਹਨ (dialectical deviation)
(7) ਰਜਿਸਟਰ ਦਾ ਪਰਾਹਨ (deviation of register)
(8) ਇਤਿਹਾਸਕ ਕਾਲ ਦਾ ਪਰਾਹਨ (deviation of historical period)

(1) ਸ਼ਾਬਦਿਕ ਪਰਾਹਨ

ਸ਼ਾਬਦਿਕ ਪਰਾਹਨ ਦੇ ਸਭ ਤੋਂ ਪ੍ਰਤਿਨਿਧ ਨਮੂਨੇ ਨਵ-ਸ਼ਬਦ ਨਿਰਮਾਣ (neologism) ਜਾਂ ਨਵੇਂ ਸ਼ਬਦਾਂ ਦੀ ਘਾੜਤ ਵਿਚ ਮਿਲਦੇ ਹਨ। ਕਵੀ ਨਵੇਂ ਨਵੇਂ ਸ਼ਬਦਾਂ ਦੀ ਰਚਨਾ ਕਰਕੇ ਭਾਸ਼ਾ ਦੀਆਂ ਮਿਲਦੀਆਂ ਯੋਗਤਾਵਾਂ ਤੋਂ ਪਾਰ ਜਾਂਦਾ ਹੈ। ਕਵੀ ਤੋਂ ਬਿਨਾਂ ਪੱਤਰਕਾਰ, ਵਿਗਿਆਪਨਕਾਰ ਅਤੇ ਵਿਗਿਆਨੀ ਵੀ ਆਪਣੇ ਭਾਸ਼ਾ- ਪ੍ਰਯੋਗਾਂ ਵਿਚ ਭਾਸ਼ਕ ਕਾਢਾਂ ਲਈ ਜਾਣੇ ਗਏ ਹਨ। ਰਚੇ ਗਏ ਸ਼ਬਦਾਂ ਨੂੰ ਤਕਨੀਕੀ ਸ਼ਬਦਾਵਲੀ ਵਿਚ ਨਾਂਸ-ਫ਼ਾਰਮੇਸ਼ਨਸ (nonce-formations) ਦਾ ਨਾਂ ਦਿੱਤਾ ਗਿਆ ਹੈ, ਕਿਉਂਕਿ ਆਮ ਤੌਰ 'ਤੇ ਇਹ ਨਵਾਂ ਸ਼ਬਦ-ਨਿਰਮਾਣ ਕੇਵਲ ਕਿਸੇ ਇਕ ਖ਼ਾਸ ਮੌਕੇ ਲਈ ਹੀ ਕੀਤਾ ਜਾਂਦਾ ਹੈ। ਨਵੇਂ ਸ਼ਬਦਾਂ ਦੀ ਘਾੜਤ ਨਵੀਆਂ ਲੋੜਾਂ ਪੂਰੀਆਂ ਕਰਨ ਦੀ ਦ੍ਰਿਸ਼ਟੀ ਤੋਂ ਸ਼ਬਦ-ਭੰਡਾਰ ਦਾ ਵਿਸਥਾਰ ਕੀਤੇ ਜਾਣ ਲਈ ਨਹੀਂ ਕੀਤੀ ਜਾਂਦੀ। ਕਵੀ ਆਪਣੀ ਵਿਸ਼ੇਸ਼ ਰਚਨਾ ਵਿਚ ਜਦੋਂ ਨਵੀਆਂ ਭਾਸ਼ਕ ਮੱਦਾਂ ਘੜਦਾ ਹੈ ਤਾਂ ਉਹਨਾਂ ਨੂੰ ਅਸੀਂ ਨਾਂਸ-ਫ਼ਾਰਮੇਸ਼ਨਸ ਦੀ ਸ਼੍ਰੇਣੀ ਵਿਚ ਹੀ ਰੱਖ ਸਕਦੇ ਹਾਂ। ਪਰ ਹੌਲੀ-ਹੌਲੀ ਇਹ ਮੌਕਾ ਪੂਰਾ ਕਰਨ ਲਈ ਘੜੇ ਗਏ ਅਜਿਹੇ ਸ਼ਬਦ ਭਾਸ਼ਾ ਦੇ ਸ਼ਬਦ ਭੰਡਾਰ ਦਾ ਅਨਿੱਖੜ ਅੰਗ ਬਣ ਜਾਂਦੇ ਹਨ। ਅੰਗਰੇਜ਼ੀ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਜਿਵੇਂ blatant (ਸਪੈਂਸਰ), assassination (ਸ਼ੈਕਸਪੀਅਰ), pandemonium (ਮਿਲਟਨ) ਅਤੇ causitry (ਪੋਪ) ਕਾਵਿ-ਕਿਰਤਾਂ ਵਿਚ ਹੀ ਪਹਿਲੀ ਵਾਰੀ ਰਚੇ ਗਏ।

ਅਸੀਂ ਆਮ ਤੌਰ 'ਤੇ ਨਵ-ਸ਼ਬਦ ਨਿਰਮਾਣ (neologism) ਨੂੰ 'ਸ਼ਾਬਦਿਕ ਨੇਮ ਦਾ ਭੰਗ ਹੋਣਾ' ਸਮਝਦੇ ਹਾਂ। ਪਰ ਇਥੇ ਹੁੰਦਾ ਇਹ ਹੈ ਕਿ ਪਹਿਲਾਂ ਤੋਂ ਮਿਲਦੇ ਸ਼ਬਦ ਰਚਨਾ ਦੇ ਨੇਮ ਨੂੰ ਹੀ ਵਧੇਰੇ ਸਾਮਾਨਯ ਰੂਪ ਵਿਚ ਵਰਤਿਆ ਜਾਂਦਾ ਹੈ। ਇਸ ਦੀ ਵਰਤੋਂ ਉੱਤੇ ਆਮ ਤੌਰ 'ਤੇ ਲਗਾਈਆਂ ਬੰਦਸ਼ਾਂ ਹਟਾ ਦਿੱਤੀਆਂ ਜਾਂਦੀਆਂ ਹਨ। ਉਦਾਹਰਣ ਲਈ ਅੰਗਰੇਜ਼ੀ ਭਾਸ਼ਾ ਵਿਚ ਇਕ ਨੇਮ ਦੇ ਅਨੁਸਾਰ 'ਪਹਿਲਾਂ' ਦੇ ਅਰਥ ਦੇਣ ਲਈ ਕਿਰਿਆ ਨੂੰ 'fore-' ਦਾ ਅਗੇਤਰ ਲਾਣ ਦਾ ਨੇਮ ਹੈ, ਜਿਵੇਂ : fore-see, fore-known, fore-warn ਆਦਿ। ਪਰ ਜਦੋਂ 'fore-' ਉਹਨਾਂ ਸ਼ਬਦਾਂ

ਨੂੰ ਪਹਿਲਾਂ ਵੀ ਵਰਤ ਲਿਆ ਜਾਏ, ਜਿਨ੍ਹਾਂ ਨਾਲ ਇਸ ਨੂੰ ਨਹੀਂ ਵਰਤਿਆ ਜਾ ਸਕਦਾ, ਜਿਵੇਂ 'fore-suffer' ਤਾਂ ਇਸ ਨਾਲ ਕੁਝ ਨਵੀਨਤਾ ਦੀ ਸੂਚਨਾ ਮਿਲਦੀ ਹੈ। ਟੀ.ਐੱਸ. ਏਲੀਅਟ ਆਪਣੀ ਪੁਸਤਕ 'Wastland' ਵਿਚ ਇਸ ਪ੍ਰਕਾਰ ਦੀ ਵਰਤੋਂ ਕਰਦਾ ਹੈ, ਜਿਵੇਂ:

And I Tiresias have 'foresuffered' all.

ਇਸ ਵਰਤੋਂ ਵਿਚ ਭਾਸ਼ਾ ਦੀਆਂ ਪ੍ਰਗਟਾਊ ਸ਼ਕਤੀਆਂ ਦਾ ਵਿਸਮੈ-ਪੂਰਣ ਵਿਸਥਾਰ ਮਿਲਦਾ ਹੈ।

ਸ਼ਬਦ ਨਿਰਮਾਣ ਦੀਆਂ ਕੁਝ ਕੁ ਆਮ ਜਾਣੀਆਂ ਜਾਂਦੀਆਂ ਪ੍ਰਕਿਰਿਆਵਾਂ ਕਿਸੇ ਸ਼ਬਦ ਨਾਲ ਅਗੇਤਰ ਜਾਂ ਪਿਛੇਤਰ ਲਗਾਉਣਾ ਅਤੇ ਦੋ ਸ਼ਬਦਾਂ ਦਾ ਸਮਾਸੀਕਰਨ ਕਰਨਾ ਹਨ। ਅੰਗਰੇਜ਼ੀ ਵਿਚ ਅਗੇਤਰ ਲਗਾ ਕੇ ਬਣਾਏ ਸ਼ਬਦ unchilding, un-fathering, unsex ਹਨ (un—ਦੀ ਵਰਤੋਂ)। ਇਸੇ ਤਰ੍ਹਾਂ window-making, music-loving, tub-thumping, prize-winning ਆਦਿ ਸਮਾਸ ਦੀਆਂ ਉਦਾਹਰਣਾਂ ਹਨ, ਜਿਥੇ ਦੋ ਭਿੰਨ-ਭਿੰਨ ਸ਼ਬਦ-ਆਈਟਮਾਂ ਨੂੰ ਇਕ ਸਮਾਸ ਵਿਚ ਬੰਨ੍ਹ ਦਿੱਤਾ ਗਿਆ ਹੈ।

ਪੰਜਾਬੀ ਵਿਚ ਬੇ-ਜ਼ਿੰਮੇਵਾਰੀਆਂ (ਪਸ਼ੂ ਚਰਦੇ: ਪੂਰਨ ਸਿੰਘ), ਸੁਹਢਣ (ਆਪਣੇ ਮੇਚ: ਹਰਿਭਜਨ ਸਿੰਘ), ਅਬਾਜੂ, ਅਧੜ, ਅ-ਸਿਰ (ਆਪਣੇ ਮੇਚ: ਹਰਿਭਜਨ ਸਿੰਘ) ਆਦਿ ਸ਼ਬਦ ਨਵ-ਸ਼ਬਦ ਨਿਰਮਾਣ ਦੀ ਪ੍ਰਕਿਰਿਆ ਦੇ ਨਮੂਨੇ ਹਨ। ਪੰਜਾਬੀ ਕਾਵਿ ਵਿਚ ਦੂਜੀ ਪ੍ਰਕਾਰ ਦੇ ਸ਼ਬਦ, ਜਿਨ੍ਹਾਂ ਵਿਚ ਸਮਾਸੀ-ਕਰਨ ਕੀਤਾ ਗਿਆ ਹੈ, ਬਹੁਤ ਮਿਲਦੇ ਹਨ। ਕੁਝ ਉਦਾਹਰਣਾਂ ਹੇਠ ਲਿਖੇ ਅਨੁਸਾਰ ਹਨ:

ਨਾਦ-ਤਾਲ, ਜਾਦੂ-ਮੁਲਖ, ਸੁਖ-ਰਾਸ, ਧਿਆਨੀ-ਬੁਧ, ਫ਼ਕੀਰ-ਪਾਤਸ਼ਾਹ, ਬੁਧ-ਬੁਤ (ਪ੍ਰੋ. ਪੂਰਨ ਸਿੰਘ); ਇਬਾਦਤ-ਗਾਹ (ਦੀਵਾਨ ਸਿੰਘ ਕਾਲੇ ਪਾਣੀ); ਦੁੱਧ-ਚਿੱਟੀਆਂ, ਨੀਂਦ-ਟੂਣਿਆਂ, ਬਿਆਈਆਂ-ਪਾਟੇ, ਸੂਰਣ-ਬਾਲ, ਰੂਪ-ਜਾਲ, ਜੀਊਣ-ਪੰਧ, ਅੱਧ-ਖਿੜਿਆ (ਮੋਹਨ ਸਿੰਘ); ਜਨਮ-ਜਲੀ (ਅੰਮ੍ਰਿਤਾ ਪ੍ਰੀਤਮ); ਪਾਸ਼ਾਜ਼ਾਦੀਆਂ, ਮਾਣ-ਵਿਆਹੀਆਂ, ਲਹੂ-ਪੀਣੀਆਂ, ਆਸਾਂ-ਭਰੀ, ਇਕ-ਪਾਸੀਆਂ, ਜੀਵਨ-ਦਰ (ਪ੍ਰੀਤਮ ਸਿੰਘ ਸਫ਼ੀਰ); ਇਨਕਲਾਬ-ਕਾਰ, ਫ਼ਰੇਬ-ਜੰਗ, ਸਦਾ-ਸਵੇਰ, ਮੂੰਗਾ-ਬਾਗ਼, ਕਿਰਨ ਅਰੋਗ, ਮਿਲਾਪ-ਨੂਰ, ਨੈਣ-ਆਤਮਾ, ਹਨੇਰ-ਉਪਬਨ, ਆਸ ਜੋਤੀ, ਖ਼ਿਆਲ-ਸ਼ਕਤੀ, ਸੁਪਨ ਸੁਰਾਹੀ (ਬਾਵਾ ਬਲਵੰਤ); ਪੰਜਪਤੀਆਂ, ਪੰਜ-ਜੀਭੀ, ਬਾਂਹ-ਮਸਾਲ, ਇੰਜਰ-ਪਿੰਜਰ (ਹਰਿਭਜਨ ਸਿੰਘ); ਅਮਨ-ਬਿਰਛ, ਉਮਰ-ਚੰਦੋਆ, ਮਹਿਕ-ਵਿਹੂਣੇ (ਸ਼ਿਵ ਕੁਮਾਰ) ਆਦਿ।

ਇਕ ਹੋਰ ਢੰਗ ਜਿਸ ਨਾਲ ਸ਼ਬਦ ਭੰਡਾਰ ਵਿਚ ਵਾਧਾ ਕੀਤਾ ਜਾਂਦਾ ਹੈ ਅਤੇ ਜਿਸ ਦਾ ਅੰਗਰੇਜ਼ੀ ਭਾਸ਼ਾ ਦੇ ਸੰਦਰਭ ਵਿਚ ਖ਼ਾਸ ਮਹੱਤਵ ਹੈ, ਪ੍ਰਕਾਰਜੀ ਪਰਿਵਰਤਨ (functional conversion) ਅਖਵਾਉਂਦਾ ਹੈ। ਇਸ ਨੂੰ ਸਿਫ਼ਰ ਸੰਜੋਗ (zero affixation) ਵੀ ਕਿਹਾ ਜਾਂਦਾ ਹੈ। ਪ੍ਰਕਾਰਜੀ ਪਰਿਵਰਤਨ ਤੋਂ ਭਾਵ ਹੈ

ਕਿ ਕਿਸੇ ਸ਼ਬਦ ਨੂੰ ਉਸ ਦੇ ਵਿਆਕਰਣਕ ਪ੍ਰਕਾਰਜ ਦੀ ਬਜਾਏ ਕਿਸੇ ਨਵੇਂ ਵਿਆਕਰਣਕ ਪ੍ਰਕਾਰਜ ਲਈ ਵਰਤੋਂ ਵਿਚ ਲਿਆਉਣਾ, ਪਰ ਉਸ ਦੇ ਰੂਪ ਨੂੰ ਓਵੇਂ ਦਾ ਓਵੇਂ ਰਹਿਣ ਦੇਣਾ। ਹਾਪਕਿਨਜ਼ ਨੇ ਆਪਣੀ ਕਵਿਤਾ ਵਿਚ ਪ੍ਰਕਾਰਜ ਪਰਿਵਰਤਨ ਦੇ ਕਈ ਤਜਰਬੇ ਕੀਤੇ ਹਨ, ਜਿਵੇਂ :

(1) And Storms *bugle* his fame.
(2) Let him *easter* in us.
(3) The just in an *justices*.
(4) The *achieve* of, The mastery of the thing.

ਵਾਕ (1) ਵਿਚ bugle ਨਾਂਵ ਹੈ, ਪਰ ਇਸ ਨੂੰ ਕਿਰਿਆ ਦੇ ਪ੍ਰਕਾਰਜ ਵਜੋਂ ਵਰਤਿਆ ਗਿਆ ਹੈ, (2) ਅਤੇ (3) ਵਿਚ ਵੀ ਨਾਂਵ ਦਾ ਪ੍ਰਕਾਰਜ ਕਿਰਿਆ ਵਿਚ ਪਰਿਵਰਤਿਤ ਕੀਤਾ ਗਿਆ ਹੈ। ਅੰਤਲੇ ਉਦਾਹਰਣ ਵਿਚ ਸਾਮਾਨਯ ਅਮੂਰਤ ਨਾਂਵ achievement ਦੀ ਥਾਂ 'ਤੇ achieve ਚੁਣਿਆ ਗਿਆ ਹੈ। ਉਪਰੋਕਤ ਉਦਾਹਰਣਾਂ ਗੱਦ ਦੇ ਸਿੱਧ ਪੱਧਰੇਪਨ ਦੀ ਤੁਲਨਾ ਵਿਚ ਉਕਤੀਆਂ ਨੂੰ ਕਾਵਿ ਗੁਣ ਵਾਲੀਆਂ ਬਣਾ ਕੇ ਪੇਸ਼ ਕਰਦੀਆਂ ਹਨ, ਕਿਉਂਕਿ ਇਹਨਾਂ ਵਿੱਚੋਂ ਹਰਕੇ ਕਿਸੇ ਸ਼ਬਦ-ਆਈਟਮ ਦਾ ਪ੍ਰਕਾਰਜੀ ਪਰਿਵਰਤਨ ਦਰਸਾਉਂਦੀ ਹੈ।

ਸ਼ਬਦ ਨਿਰਮਾਣ (neologism) ਦੇ ਕਾਵਿ-ਰਚਨਾ ਵਿਚ ਬਹੁਤ ਸਾਰੇ ਪ੍ਰਕਾਰਜ ਹਨ, ਪਰ ਲੀਚ ਦੇ ਸ਼ਬਦਾਂ ਵਿਚ ਇਸ ਦਾ ਸਭ ਤੋਂ ਵੱਡਾ ਪ੍ਰਕਾਰਜ ਸੰਕਲਪ ਘੜਨਾ (concept making) ਹੈ। ਆਮ ਤੌਰ 'ਤੇ ਅਸੀਂ ਕਿਸੇ ਭਾਸ਼ਾ ਵਿਚ ਕਿਸੇ ਗੱਲ ਨੂੰ ਕਹਿਣ ਲਈ ਪੂਰਾ ਵਾਕੰਸ਼ ਜਾਂ ਅਰਧ-ਵਾਕ ਵਰਤਦੇ ਹਾਂ। ਪਰ ਸ਼ਬਦ-ਨਿਰਮਾਣ ਦੁਆਰਾ ਜਦੋਂ ਨਵੇਂ ਸ਼ਬਦ ਘੜੇ ਜਾਂਦੇ ਹਨ ਤਾਂ ਭਾਸ਼ਾ ਵਿਚ ਅਜਿਹਾ ਸੰਕਲਪ ਜਾਂ ਗੁਣ ਪੈਦਾ ਹੋ ਜਾਂਦਾ ਹੈ, ਜਿਸ ਨਾਲ ਵਧੇਰੇ ਸੰਜਮ ਅਤੇ ਸੰਖੇਪ ਰੂਪ ਵਿਚ ਗੱਲ ਕਹੀ ਜਾ ਸਕਦੀ ਹੈ। ਉਦਾਹਰਣ ਲਈ ਪੰਜਾਬੀ ਵਿਚ ਸੁਹੰਢਣ, ਨਿਚਿੰਤ, ਨਿਕਰਮਣ, ਅ-ਬਾਜੂ ਹੱਥ, ਅ-ਧੜ ਗਰਦਨ, ਅਸਿਰ-ਮੱਥਾ, ਅਖ਼ਬਾਰੀ, ਬੁਹਾਰੇ (ਸਭ ਤਾਰੇ ਗਏ ਬੁਹਾਰੇ), ਬੁਹਾਰੀ (ਬੁਹਾਰੀ ਆਣ ਖਰਖਰਾ ਏਸ ਗਲੀ ਦੀ ਪਿੱਠ 'ਤੇ ਕਰਦੀ ਹੈ) ਆਦਿ ਅਜਿਹੇ ਸ਼ਬਦ-ਨਿਰਮਾਣ ਦੀਆਂ ਉਦਾਹਰਣਾਂ ਹਨ, ਜੋ ਪੰਜਾਬੀ ਭਾਸ਼ਾ ਦੀ ਸੰਕਲਪ ਘੜਨ ਦੀ ਯੋਗਤਾ ਨੂੰ ਵਧਾਉਂਦੀਆਂ ਹਨ।

ਦੋ ਭਿੰਨ-ਭਿੰਨ ਸ਼ਬਦ-ਆਈਟਮਾਂ ਨੂੰ ਜੋੜ ਕੇ ਸੰਜੁਗਤ ਸ਼ਬਦਾਂ ਦੀਆਂ ਉਪਰੋਕਤ ਉਦਾਹਰਣਾਂ ਵਿੱਚੋਂ ਕੁਝ ਅਜਿਹੇ ਵੀ ਹਨ, ਜੋ ਸ਼ਾਬਦਿਕ ਪਰਾਹਨ ਦਾ ਨਮੂਨਾ ਨਹੀਂ ਬਣਦੇ, ਕਿਉਂਕਿ ਪੰਜਾਬੀ ਸ਼ਬਦ-ਨਿਰਮਾਣ ਦੇ ਨੇਮਾਂ ਦੇ ਮੁਤਾਬਿਕ ਉਹ ਸਹਿਜ ਨਜ਼ਰ ਆਉਂਦੇ ਹਨ। ਪਰ ਅਗਨ-ਵਰੇਸ 'ਵਿਧਵਾ-ਰੁੱਤ' ਵਰਗੇ ਸੰਜੁਗਤ ਸ਼ਬਦ ਪੰਜਾਬੀ ਦੇ ਸਾਧਾਰਨ ਸ਼ਬਦ ਰਚਨਾ ਦੇ ਅਮਲ ਨੂੰ ਠੇਸ ਪਹੁੰਚਾਉਂਦੇ ਹਨ। ਇਸ ਕਾਰਨ ਇਹ ਸ਼ਬਦ ਪਰਾਹਨ ਦੇ ਸੂਚਕ ਹਨ।

(2) ਵਿਆਕਰਣਿਕ ਪਰਾਹਨ

ਵਿਆਕਰਣ ਦੀ ਪੱਧਰ ਉੱਤੇ ਪਰਾਹਨ ਦੋ ਪ੍ਰਕਾਰ ਦਾ ਹੋ ਸਕਦਾ ਹੈ:

(ੳ) ਰੂਪੀਮੀ ਪਰਾਹਨ

(ਅ) ਵਾਕ ਬਣਤਰੀ ਪਰਾਹਨ

ਰੂਪੀਮ ਦੇ ਪੱਖ ਤੋਂ ਵੇਖਿਆਂ ਅਸੀਂ ਕਵਿਤਾ ਵਿਚ ਕਈ ਅਜਿਹੇ ਸ਼ਬਦ ਘੜੇ ਵੇਖਦੇ ਹਾਂ, ਜੋ ਸਾਡੇ ਸਹਿਜ ਅਨੁਭਵ ਨੂੰ ਜ਼ਰਬ ਪਹੁੰਚਾਉਂਦੇ ਹਨ। ਡਾਕਟਰ ਹਰਿਭਜਨ ਸਿੰਘ ਦੀ ਕਵਿਤਾ 'ਅਪ੍ਰਮਾਣਿਕ' ਵਿਚ ਅਖ਼ਬਾਰੀ (ਅਖ਼ਬਾਰ ਦੇਣ ਵਾਲਾ), ਬੁਹਾਰੇ (ਹੂੰਝੇ ਗਏ), ਬੁਹਾਰੀ (ਸਫ਼ਾਈ ਕਰਮਚਾਰਣ) ਅਤੇ ਕਵਿਤਾ 'ਆਪਣੇ ਮੇਚ' ਵਿਚ ਅ-ਬਾਜੂ ਹੱਥ (ਬਿਨਾਂ ਬਾਹਾਂ ਦੇ ਹੱਥ), ਅ-ਧੜ ਗਰਦਨ (ਬਿਨਾਂ ਧੜ ਦੇ ਗਰਦਨ), ਅ-ਸਿਰ ਮੱਥਾ (ਸਿਰ ਵਿਹੂਣਾ ਮੱਥਾ), ਅਜਿਹੀਆਂ ਰੂਪੀਮੀ ਬਣਤਰਾਂ ਹਨ, ਜੋ ਪੰਜਾਬੀ ਦੇ ਸਹਿਜ ਵਿਆਕਰਣ ਦਾ ਅਤਿਕ੍ਰਮਣ ਕਰਦੀਆਂ ਹਨ।

ਵਾਕ ਬਣਤਰ ਦੀ ਪੱਧਰ ਉੱਤੇ ਅਨੁਪ੍ਰਾਸ ਤੋਂ ਇਲਾਵਾ ਵਿਆਕਰਣ ਦੇ ਨੇਮਾਂ ਨੂੰ ਤੋੜ ਕੇ ਵਾਕ ਬਣਾਉਣ ਦੀ ਰੁਚੀ ਕਵਿਤਾ ਵਿਚ ਪ੍ਰਧਾਨ ਹੁੰਦੀ ਹੈ। ਅੰਗਰੇਜ਼ੀ ਭਾਸ਼ਾ ਵਿਚ 'I does'nt like him' ਅਰਥ ਤਾਂ ਪ੍ਰਗਟਾਉਂਦਾ ਹੈ, ਪਰ ਵਿਆਕਰਣਕ ਤੌਰ 'ਤੇ ਸ਼ੁੱਧ ਨਹੀਂ। ਇਸੇ ਤਰ੍ਹਾਂ 'He me saw' ਵੀ 'He saw me' ਦੀ ਹੀ ਵੰਨਗੀ ਹੈ। ਵਾਕ-ਪ੍ਰਬੰਧ ਵਿਚ ਕਵੀ ਕਿਸੇ ਨਾ ਕਿਸੇ ਤਰ੍ਹਾਂ ਵਾਰਤਕ ਵਾਲੇ ਵਾਕ ਤੋਂ ਸ਼ਬਦਾਂ ਨੂੰ ਵੱਖਰੇ ਪ੍ਰਬੰਧ ਵਿਚ ਜੋੜਦਾ ਹੈ। ਉਦਾਹਰਣ ਲਈ ਅਸੀਂ ਬਾਵਾ ਬਲਵੰਤ ਦੀ ਕਵਿਤਾ 'ਤੇਰਾ ਮੇਲ' ਵਿੱਚੋਂ ਹੇਠ ਲਿਖੀਆਂ ਪੰਗਤੀਆਂ ਲੈ ਸਕਦੇ ਹਾਂ:

ਕਾਵਿ ਰੂਪ ਵਿਧੀ	ਗੱਦ ਰੂਪ ਵਿਧੀ
1. ਆਣ ਅਰਸ਼ਾਂ ਤੋਂ ਜ਼ਿੰਦਗੀ 'ਤੇ ਨੂਰ ਡੁਲ੍ਹਿਆ	1. ਜ਼ਿੰਦਗੀ ਤੇ ਅਰਸ਼ਾਂ ਤੋਂ ਆਣ ਕੇ ਨੂਰ ਡੁਲ੍ਹਿਆ ਹੈ।
2. ਐਸਾ ਆਪਣੇ 'ਚੋਂ ਆਪਣੇ ਦਾ ਦਰ ਖੁਲ੍ਹਿਆ	2. ਆਪਣੇ ਵਿੱਚੋਂ ਐਸਾ ਆਪਣੇ ਦਾ ਦਰ ਖੁਲ੍ਹਿਆ ਹੈ।
3. ਦਿਲ 'ਖ਼ੂਬ! ਖ਼ੂਬ! ਖ਼ੂਬ!' ਹੀ ਉਚਾਰਦਾ ਰਿਹਾ	3. (ਕਿ) ਮੇਰਾ ਦਿਲ 'ਖ਼ੂਬ! ਖ਼ੂਬ! ਖ਼ੂਬ!' ਹੀ ਉਚਾਰਦਾ ਰਿਹਾ ਹੈ।
4. ਪਾਂਧੀ ਸ਼ੌਕ ਦਾ ਸਰਵ-ਤਮ ਪਾਰ ਹੋ ਗਿਆ	4. ਸ਼ੌਕ ਦਾ ਪਾਂਧੀ ਸਰਵ-ਤਮ ਪਾਰ ਹੋ ਗਿਆ ਹੈ।
5. ਦਿਨ ਕੰਢਿਆਂ 'ਤੇ ਕਪੜੇ ਉਤਾਰਦਾ ਰਿਹਾ	5. ਦਿਨ (ਕੇਵਲ) ਕੰਢਿਆਂ 'ਤੇ ਕਪੜੇ ਉਤਾਰਦਾ ਰਿਹਾ।

ਉਪਰੋਕਤ ਵਾਕ ਪੱਧਰ ਉੱਤੇ ਮਿਲਦਾ ਪਰਾਹਨ ਕੇਵਲ ਉਪਰਲੀ ਸਤਹ ਦਾ ਹੈ। ਕਵਿਤਾ ਵਿਚ ਡੂੰਘੀ ਸਤਹ ਦੇ ਪਰਾਹਨ ਬੜਾ ਦਿਲਚਸਪ ਅਧਿਐਨ ਪੇਸ਼ ਕਰਦੇ ਹਨ। ਅੰਗਰੇਜ਼ੀ ਵਿਚ 'a grief ago' ਭਾਸ਼ਾ ਦੀ ਡੂੰਘੀ ਸੰਰਚਨਾ ਦੀ ਪੱਧਰ ਉੱਤੇ


ਪਰਾਹਨ ਹੈ। ਇਸ ਸਥਿਤੀ ਵਿਚ ਕਿਸੇ ਖ਼ਾਸ ਸ਼੍ਰੇਣੀ ਦੇ ਸ਼ਬਦ ਦੀ ਰਾਖਵੀਂ ਥਾਂ ਉੱਤੇ ਕਿਸੇ ਹੋਰ ਸ਼੍ਰੇਣੀ ਦੇ ਸ਼ਬਦ ਦੀ ਵਰਤੋਂ ਕਰ ਦਿੱਤੀ ਜਾਂਦੀ ਹੈ। ਇਹ ਇਕ ਪ੍ਰਕਾਰ ਦੀ ਭ੍ਰਾਂਤੀ ਮੂਲਕ ਚੋਣ (mistaken selection) ਦਾ ਨਮੂਨਾ ਪੇਸ਼ ਕਰਦੀ ਹੈ। ਇਸ ਤਰ੍ਹਾਂ ਦਾ ਪਰਾਹਨ ਸਮਝਣ ਲਈ ਸਾਨੂੰ ਸਹਿਜ ਪੈਰਾਡਾਈਮ ਨੂੰ ਧਿਆਨ ਵਿਚ ਰਖਣਾ ਪੈਂਦਾ ਹੈ, ਜਿਵੇਂ 'a grief ago' ਵਾਕੰਸ਼ ਦਾ ਸਹਿਜ ਪੈਰਾਡਾਈਮ ਹੇਠ ਦਿੱਤੇ ਅਨੁਸਾਰ ਹੋਏਗਾ :

<table>
<tr><td rowspan="4">a</td><td>minute</td><td rowspan="4">ago</td></tr>
<tr><td>day</td></tr>
<tr><td>year</td></tr>
<tr><td>etc.</td></tr>
</table>

ਇਸ ਦੀ ਤੁਲਨਾ ਵਿਚ ਵਿਸ਼ੇਸ਼ ਪੈਰਾਡਾਈਮ ਹੇਠ ਦਿੱਤੇ ਅਨੁਸਾਰ ਹੋਏਗਾ :

<table>
<tr><td rowspan="2"></td><td>minute
day
year
etc.</td><td>ਸਹਿਜ
normal</td><td rowspan="2">ago</td></tr>
<tr><td>grief</td><td>ਪਰਾਹਿਆ ਹੋਇਆ
Deviant</td></tr>
</table>

ਉਪਰੋਕਤ ਸਹਿਜ ਅਤੇ ਵਿਸ਼ੇਸ਼ ਦੋਹਾਂ ਪੈਰਾਡਾਈਮਾਂ ਨੂੰ ਧਿਆਨ ਵਿਚ ਰੱਖ ਕੇ ਜਦੋਂ ਅਸੀਂ ਕਵੀ ਦੇ ਵਾਕੰਸ਼ ਨੂੰ ਵੇਖਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਕਵੀ ਸਹਿਜ ਪੈਰਾਡਾਈਮ ਦੇ ਅਨੁਸਾਰ ਪ੍ਰਾਪਤ ਚੋਣ-ਘੇਰੇ ਨੂੰ ਉਲੰਘ ਕੇ ਆਪਣੀ ਸ਼ਬਦ-ਚੋਣ ਕਰਦਾ ਹੈ। ਇਥੇ ਕਾਲਮਾਪਕ ਸ਼ਬਦ ਦੀ ਵਰਤੋਂ ਸਾਧਾਰਨ ਵਿਆਕਰਣ ਅਨੁਸਾਰ ਜ਼ਰੂਰੀ ਹੈ, ਪਰ ਕਵੀ ਬਾਹਰਲੇ ਘੇਰੇ ਵਿੱਚੋਂ ਸ਼ਬਦ ਲੈ ਕੇ ਕਾਲਮਾਪਕ ਦੀ ਥਾਂ 'ਤੇ ਜੜ ਦੇਂਦਾ ਹੈ ਅਤੇ ਇਸੇ ਨਾਲ ਹੀ ਪਰਾਹਨ ਹੋਣਾ ਸੰਭਵ ਹੋਇਆ ਹੈ। ਇਸ ਨੂੰ ਅਸੀਂ ਭ੍ਰਾਂਤੀ ਮੂਲਕ ਚੋਣ ਕਹਿੰਦੇ ਹਾਂ। ਇਸ ਨੂੰ ਅਸੀਂ ਹੋਰ ਉਦਾਹਰਣ ਲੈ ਕੇ ਵੀ ਸਪੱਸ਼ਟ ਕਰ ਸਕਦੇ ਹਾਂ, ਜਿਵੇਂ ਹੇਠ ਲਿਖਿਆ ਵਾਕ :



ਭ੍ਰਾਂਤੀ ਮੂਲਕ ਚੋਣ ਉਪਰੋਕਤ ਰੇਖਾ ਚਿੱਤਰ ਵਿਚ '—ਜੀਵ' ਅਤੇ '+ ਜੀਵ' ਅਤੇ '—ਠੋਸ' ਤੇ '+ ਠੋਸ' ਵਿਚਕਾਰ ਤਨਾਉ ਪੇਸ਼ ਕਰਦੀ ਹੈ। 'ਖਾਂਦੀ ਹੈ' '+ ਜੀਵ' ਅਤੇ '+ ਠੋਸ' ਵੱਲ ਸੰਕੇਤ ਕਰਦਾ ਹੈ। ਉਪਰੋਕਤ ਵਾਕ ਵਿਚ ਮਿਲਦੇ ਇਹ ਤਨਾਉ ਹੀ ਇਸ ਨੂੰ ਪਰਾਹਿਆ ਹੋਇਆ ਵਾਕ ਬਣਾਉਂਦੇ ਹਨ।

(3) ਧੁਨੀ ਮੂਲਕ ਪਰਾਹਨ

ਧੁਨੀ ਦੀ ਪੱਧਰ ਉੱਤੇ ਸੁਚੇਤ ਤੌਰ 'ਤੇ ਰਚੇ ਧੁਨੀ ਮੂਲਕ ਪੈਟਰਨ ਕਾਵਿ ਰਚਨਾ ਅਤੇ ਵਿਗਿਆਪਨ ਦੇ ਨਮੂਨਿਆਂ ਵਿਚ ਮਿਲਦੇ ਹਨ। ਛੰਦਾਂ-ਬੰਦੀ ਦੀਆਂ ਤੁਰੀਆਂ ਆਉਂਦੀਆਂ ਰੂੜ੍ਹੀਆਂ ਕਵੀ ਨੂੰ ਤੋਲ ਤੁਕਾਂਤ ਦੇ ਅਨੁਕੂਲ ਉਚਾਰ ਨੂੰ ਭਿੰਨ-ਭਿੰਨ ਪੈਟਰਨਾਂ ਵਿਚ ਬੰਨ੍ਹਣ ਦੀ ਆਗਿਆ ਦੇਂਦੀਆਂ ਹਨ। ਕਾਵਿ-ਰੂੜ੍ਹੀ ਅਨੁਸਾਰ ਅੱਖਰ-ਲੋਪ (elision), ਆਦਿਵਰਣ-ਲੋਪ (aphesis), ਅੰਤ ਲੋਪ (apocope) ਆਦਿ ਰਾਹੀਂ ਕਵੀ ਧੁਨੀ ਮੂਲਕ ਪਰਾਹਨ ਲਿਆਉਂਦਾ ਹੈ। ਅੰਗਰੇਜ਼ੀ ਵਿਚ 'it is' ਦੀ ਥਾਂ 't is', 'never' ਦੀ ਥਾਂ 'ne'er'। ਪੰਜਾਬੀ ਵਿਚ 'ਲੱਖਾਂ ਰਾਤਾਂ ਧਰਤੀ 'ਤੇ' (ਉੱਤੇ), 'ਝੀਥਾਂ' 'ਚੋਂ' (ਵਿੱਚੋਂ), ਵਿੱਥਾਂ 'ਚੋਂ (ਵਿੱਚੋਂ), ਬਿਨ (ਬਿਨਾਂ), ਨ (ਨਾ), ਨ੍ਹੇਰੇ (ਹਨੇਰੇ) ਆਦਿ ਸ਼ਬਦਾਂ ਵਿਚ ਅਸੀਂ ਇਸ ਪ੍ਰਕਾਰ ਦੀਆਂ ਉਦਾਹਰਣਾਂ ਲੱਭ ਸਕਦੇ ਹਾਂ। ਇਥੇ ਸ਼ਬਦਾਂ ਦੇ ਉਚਾਰ ਵਿਚ ਜਦੋਂ ਮੁੱਢਲਾ ਉਚਾਰ ਖੰਡ (syllable) ਦਾ ਲੋਪ ਹੋਵੇ ਤਾਂ ਇਸ ਨੂੰ ਆਦਿ ਵਰਣ ਲੋਪ ਕਿਹਾ ਜਾਂਦਾ ਹੈ। ਜੇਕਰ ਉਚਾਰ ਖੰਡ ਦਾ ਲੋਪ ਸ਼ਬਦ ਦੇ ਮੱਧ ਵਿੱਚੋਂ ਹੋਵੇ ਤਾਂ ਇਸ ਨੂੰ ਸਿਨਕੋਪ (syncope) ਕਹਿੰਦੇ ਹਨ ਅਤੇ ਜਦੋਂ ਇਹ ਅੰਤਿਮ ਉਚਾਰ-ਖੰਡ ਦਾ ਹੋਵੇ ਤਾਂ ਇਸ ਨੂੰ ਐਪੋਕੋਪ (apocope) ਕਿਹਾ ਜਾਂਦਾ ਹੈ।

ਭਾਰਤ ਵਿਚ ਅੰਗਰੇਜ਼ੀ ਰਾਹੀਂ ਕੀਤੇ ਜਾਂਦੇ ਵਿਗਿਆਪਨਾਂ ਵਿਚ ਧੁਨੀ ਮੂਲਕ ਪਰਾਹਨ ਦੀਆਂ ਕਈ ਤਰ੍ਹਾਂ ਦੀਆਂ ਉਦਾਹਰਣਾਂ ਮਿਲਦੀਆਂ ਹਨ। ਉਦਾਹਰਣ ਲਈ ਕੁਝ ਭੋਗੀਆਂ ਜਾਣ ਵਾਲੀਆਂ ਸ਼ੈਆਂ ਦਾ ਵਿਗਿਆਪਨ ਕਰਦਿਆਂ ਸ਼ਬਦ-ਜੋੜ ਅਤੇ ਉਚਾਰਣ ਦਾ ਨੇਮ ਭੰਗ ਨਿਸਚਿਤ ਉਦੇਸ਼ ਦੀ ਪੂਰਤੀ ਲਈ ਕੀਤਾ ਜਾਂਦਾ ਹੈ। ਜਿਵੇਂ : 'EYE—mancipation for the today girl' ਵਿਚ ਮੁੱਢਲੇ ਧੁਨੀਮ /i/ ਨੂੰ ਸੰਜੁਗਤ ਸੂਰ /ai/ ਵਿਚ ਬਦਲ ਦਿੱਤਾ ਗਿਆ ਹੈ। ਇਥੇ ਸ਼ਬਦ ਦੇ ਪਰਾਹਿਤ ਜੋੜ ਅਤੇ ਉਚਾਰ ਨੂੰ ਵਿਗਿਆਪਨਕਾਰ ਦੁਆਰਾ ਪ੍ਰਚਾਰੀ ਜਾਣ ਵਾਲੀ ਸ਼ੈਅ ਜੋ ਅੱਖ ਨਾਲ ਸੰਬੰਧਿਤ ਹੈ, ਉਪਰ ਧਿਆਨ ਕੇਂਦ੍ਰਿਤ ਕਰਨ ਲਈ ਕੀਤਾ ਗਿਆ ਹੈ। ਇਸੇ ਤਰ੍ਹਾਂ ਇਕ ਹੋਰ ਵਿਗਿਆਪਨ ਦੀ ਸੁਰਖੀ ਇਸ ਪ੍ਰਕਾਰ ਹੈ : 'Lakme starts the EYE-Volution'. ਇਥੇ ਵੀ ਮੁੱਢਲਾ ਧੁਨੀਮ /i/ ਸੀ, ਪਰ ਉਸ ਨੂੰ /ai/ ਬਣਾ ਦਿੱਤਾ ਗਿਆ। ਸੰਦਰਭ ਵਜੋਂ ਇਥੇ 'revolution' ਸ਼ਬਦ ਦਾ ਸੁਝਾਅ ਮਿਲਦਾ ਹੈ, ਪਰ ਵਿਗਿਆਪਨਕਾਰ ਸੂਰ /e/ ਨੂੰ /ai/ ਵਿਚ ਹੀ ਨਹੀਂ ਬਦਲਦਾ, ਸਗੋਂ ਮੁੱਢਲੇ ਵਿਅੰਜਨ /r/ ਨੂੰ ਵੀ ਤਿਆਗ ਦੇਂਦਾ ਹੈ। ਇਸ ਤਰ੍ਹਾਂ ਇਹਨਾਂ ਉਦਾਹਰਣਾਂ ਵਿਚ ਸਾਨੂੰ ਧੁਨੀ ਦੇ ਪੱਧਰ ਉੱਤੇ ਪਰਿਵਰਤਨ ਲਿਆ ਕੇ ਪਰਾਹਨ ਕੀਤੇ ਜਾਣ ਦੀ ਸੂਚਨਾ ਮਿਲਦੀ ਹੈ।

(4) ਲੇਖਨ ਵਿਗਿਆਨ ਦੀ ਪੱਧਰ ਉੱਤੇ ਪਰਾਹਨ

ਅਸੀਂ ਉਪਰ ਵੇਖਿਆ ਹੈ ਕਿ ਸ਼ਬਦ ਜੋੜ ਦੀ ਪੱਧਰ ਉੱਤੇ ਕਿਸੇ ਸ਼ਬਦ ਦੇ ਉਚਾਰਣ ਬਦਲ ਜਾਣ ਨਾਲ ਉਸ ਵਿਚ ਅਜਨਬੀਅਤ ਆ ਜਾਂਦੀ ਹੈ, ਇਸੇ ਤਰ੍ਹਾਂ ਲਿੱਪੀ ਅੰਕਣ ਜਾਂ ਲੇਖਨ ਵਿਗਿਆਨ ਦੀ ਪੱਧਰ ਉੱਤੇ ਪਰਾਹਨ ਕੀਤੇ ਜਾਂਦੇ ਹਨ। ਇਸ ਦੀ ਉਦਾਹਰਣ ਉਚਾਰ ਵਿਚ ਨਹੀਂ ਮਿਲਦੀ, ਪਰ ਲਿਖਿਤ ਰੂਪ ਵਿਚ ਇਸ ਦਾ ਉਦਾਹਰਣ ਭਾਸ਼ਾ ਲੇਖਨ ਦੀਆਂ ਵਿਸ਼ੇਸ਼ ਰੂਪ ਵਿਧੀਆਂ ਦੁਆਰਾ ਮਿਲ ਜਾਂਦਾ ਹੈ। ਇਸ ਦਾ ਸਪੱਸ਼ਟ ਰੂਪ ਸਾਨੂੰ ਕਵਿਤਾ ਵਿਚ ਮਿਲਦਾ ਹੈ, ਜਿਥੇ ਛੰਦ ਅਤੇ ਤੋਲ ਤੁਕਾਂਤ ਅਨੁਸਾਰ ਸਤਰਾਂ ਦਾ ਪ੍ਰਬੰਧ ਹੋਰ ਗ਼ੈਰ-ਕਾਵਿਕ ਪ੍ਰਵਚਨਾਂ ਦੇ ਮੁਕਾਬਲੇ ਵਿਚ ਵੱਖਰਾ ਪ੍ਰਤੀਤ ਹੁੰਦਾ ਹੈ। ਕਵਿਤਾ ਦਾ ਸਤਰ-ਪ੍ਰਬੰਧ, ਜੋ ਛਪੇ ਹੋਏ ਕਾਵਿ-ਨਮੂਨੇ ਵਿਚ ਸਹਿਜੇ ਹੀ ਨਿੱਖੜਵੇਂ ਰੂਪ ਵਿਚ ਪਛਾਣਿਆ ਜਾ ਸਕਦਾ ਹੈ, ਕਵਿਤਾ ਦਾ ਵਿਸ਼ੇਸ਼ ਸੰਚਾਰ ਪ੍ਰਬੰਧ ਮੰਨਿਆ ਜਾ ਸਕਦਾ ਹੈ। ਅਮਰੀਕੀ ਸ਼ਾਇਰ ਈ.ਈ. ਕਮਿੰਗਜ਼ ਕਵਿਤਾ ਵਿਚ ਸ਼ੁੱਧ ਦ੍ਰਿਸ਼-ਰੂਪ ਵਿਧੀ ਬਨਾਉਣ ਵਾਲਾ ਕਵੀ ਹੈ, ਜੋ ਲਿੱਪੀ ਦੀ ਦ੍ਰਿਸ਼ਟੀ ਤੋਂ ਕਈ ਪ੍ਰਕਾਰ ਦੇ ਪਰਾਹਨ ਕਰਦਾ ਹੈ, ਜਿਵੇਂ ਉਹ ਕੈਪੀਟਲ ਅੱਖਰਾਂ ਦੀ ਵਰਤੋਂ ਨਹੀਂ ਕਰਦਾ, ਲੋੜ ਅਨੁਸਾਰ ਬਿਸਰਾਮ ਚਿੰਨ੍ਹ ਨਹੀਂ ਲਗਾਂਦਾ ਅਤੇ ਸ਼ਬਦਾਂ ਨੂੰ ਇਕ ਦੂਜੇ ਵਿਚ ਖਲਤ-ਮਲਤ ਕਰ ਦੇਂਦਾ ਹੈ। ਪੰਜਾਬੀ ਨਜ਼ਮ ਵਿਚ ਸਾਨੂੰ ਇਸ ਤਰ੍ਹਾਂ ਦੀ ਦ੍ਰਿਸ਼-ਮੂਲਕ ਪੈਟਰਨਿੰਗ ਦੀ ਉਦਾਹਰਣ ਨਹੀਂ ਮਿਲਦੀ।

(5) ਅਰਥ-ਮੂਲਕ ਪਰਾਹਨ

ਕਵਿਤਾ ਵਿਚ ਥੋੜ੍ਹਾ ਜਿਹਾ ਅਤਾਰਕਿਕਤਾ (irrationality) ਦਾ ਤੱਤ ਲਾਜ਼ਮੀ ਤੌਰ ਉੱਤੇ ਹੁੰਦਾ ਹੈ। ਜਦੋਂ ਅਸੀਂ ਅਰਥ-ਮੂਲਕ ਪਰਾਹਨ ਦੀ ਗੱਲ ਕਰਦੇ ਹਾਂ ਤਾਂ ਸਾਡੇ ਮਨ ਵਿਚ ਇਸੇ ਅਤਾਰਕਿਕਤਾ ਦਾਂ ਵਿਚਾਰ ਹੁੰਦਾ ਹੈ। ਕਵਿਤਾ ਵਿਚ ਵਰਤੇ ਗਏ ਰੂਪਕਾਂ ਨੂੰ ਜੇਕਰ ਅਸੀਂ ਉਹਨਾਂ ਦੇ ਸ਼ਬਦੀ ਅਰਥਾਂ ਦੇ ਰੂਪ ਵਿਚ ਗ੍ਰਹਿਣ ਕਰੀਏ ਤਾਂ ਸਾਰੀ ਕਵਿਤਾ ਇਕ ਪ੍ਰਕਾਰ ਦਾ ਅਰਥਹੀਣ ਪਰਪੰਚ ਨਜ਼ਰ ਆਏਗੀ। ਜੇਕਰ ਅਸੀਂ ਅਠ੍ਹਾਰਵੀਂ ਉਨੀਂਵੀਂ ਸਦੀ ਦੇ ਪੰਜਾਬੀ ਕਿੱਸਾ ਕਵੀਆਂ ਵੱਲੋਂ ਆਪਣੀਆਂ ਨਾਇਕਾਵਾਂ ਦੇ ਹੁਸਨ ਬਿਆਨ ਕਰਨ ਲਈ ਵਰਤੀਆਂ ਤਸ਼ਬੀਹਾਂ ਜਿਵੇਂ ਮੱਥਾ ਮਹਿਤਾਬ, ਗਲ੍ਹਾਂ ਸੇਉ, ਨੈਣ ਤੀਰ, ਭਵਾਂ ਕਮਾਨ, ਬੁਲ੍ਹ ਯਾਕੂਤ, ਦੰਦ ਮੋਤੀ ਲੜੀਆਂ, ਠੋਡੀ ਨਾਸ਼ਪਾਤੀ, ਆਦਿ ਦੇ ਅਰਥ ਸਿੱਧੇ ਸ਼ਾਬਦਿਕ ਪੱਧਰ ਉੱਤੇ ਲਈਏ ਤਾਂ ਸਾਨੂੰ ਇਸ ਵਿਚ ਕੋਈ ਅਰਥ ਨਹੀਂ ਨਜ਼ਰ ਆਏਗਾ। ਇਸੇ ਕਰਕੇ ਕਵਿਤਾ ਵਿਚ ਵਰਤੀ ਭਾਸ਼ਾ ਦੇ ਸੰਦਰਭਾਰਥ ਉਪਰ ਧਿਆਨ ਟਿਕਾਉਣਾ ਪੈਂਦਾ ਹੈ। ਸੰਦਰਭਾਰਥ ਤੋਂ ਖੁੰਝ ਕੇ ਅਸੀਂ ਕਵਿਤਾ ਦੇ ਆਪਣੇ ਅਰਥਾਂ ਨੂੰ ਕਦੀ ਵੀ ਗ੍ਰਹਿਣ ਨਹੀਂ ਕਰ ਸਕਦੇ। ਕਵਿਤਾ ਵਿਚ ਅਰਥ ਬਦਲੀ (transference of meaning) ਜਾਂ ਰੂਪਕ (metaphor) ਅਜਿਹੀ ਪ੍ਰਕਿਰਿਆ ਹੈ, ਜਿਸ ਦੁਆਰਾ ਨਿਰੋਲ ਸ਼ਬਦਾਰਥ ਦੀ ਅਰਥ ਵਿਹੀਣਤਾ ਤੋਂ ਅਲੰਕਾਰ ਦੀ ਪੱਧਰ ਉੱਤੇ ਅਰਥ ਪੂਰਨਤਾ ਤਕ ਦੀ ਯਾਤਰਾ ਕੀਤੀ ਜਾਂਦੀ ਹੈ। ਇਹ ਭਾਸ਼ਾ ਦੀਆਂ ਆਮ ਸ਼ਕਤੀਆਂ ਤੋਂ ਪਾਰ ਜਾ ਕੇ ਨਵੀਂ ਭਾਸ਼ਾ ਦਾ ਸਿਰਜਣ ਹੈ।

ਵਿਗਿਆਪਨ ਦੇ ਖੇਤਰ ਵਿਚ ਅਤਾਰਕਿਕਤਾ ਬੜਾ ਵੱਡਾ ਰੋਲ ਅਦਾ ਕਰਦੀ ਹੈ। ਵਿਗਿਆਪਨਕਾਰ ਅਰਥ-ਮੂਲਕ ਪਰਾਹਨਾਂ ਰਾਹੀਂ ਆਪਣੀ ਵਿਕਰੀ ਦੀ ਸ਼ੈਅ ਵੱਲ ਪਾਠਕਾਂ ਦਾ ਧਿਆਨ ਖਿਚਦਾ ਹੈ। ਜਾਫ਼ਰੀ ਲੀਚ ਦੇ ਸ਼ਬਦਾਂ ਵਿਚ 'ਭਾਸ਼ਾ ਦੇ ਹਰ ਪ੍ਰਯੋਗ ਦੇ ਅਰਥ ਉਸ ਦੇ ਸੰਦਰਭ ਨਾਲ ਜੁੜੇ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਇਹ ਭਾਸ਼ਾ ਪ੍ਰਯੋਗ ਉਹ ਹੀ ਸੂਚਨਾ ਦੇਂਦੇ ਹਨ, ਜੋ ਵਿਸ਼ੇਸ਼ ਸਥਿਤੀ ਵਿਚ ਮਿਲਣੀ ਚਾਹੀਦੀ ਹੈ।' ਹੈਲੋ ਸ਼ੈਂਪੂ ਦਾ ਇਸ਼ਤਿਹਾਰ ਦੇਣ ਵਾਲਾ ਲਿਖਦਾ ਹੈ 'In Halo spills beauty the world over'. ਇਥੇ 'spill' ਸ਼ਬਦ ਅਜਿਹੇ ਸੰਦਰਭ ਵਿਚ ਵਰਤਿਆ ਗਿਆ ਹੈ, ਜਿਥੇ ਅਮੂਮਨ ਨਹੀਂ ਵਰਤਿਆ ਜਾਂਦਾ। ਇਸੇ ਤਰ੍ਹਾਂ 'Help yourself to Happiness' (ਬਰੁਕ ਬਾਂਡ ਚਾਹ) ਅਤੇ 'Pour yourself a happy day' ਵਿਚ 'happiness' ਦਾ ਸੰਕਲਪ ਦਿੱਤੇ ਸੰਦਰਭ ਵਿਚ ਨਿੱਖੜਵੇਂ ਤੌਰ 'ਤੇ ਉਘੜ ਕੇ ਆਉਂਦਾ ਹੈ।

ਵਿਗਿਆਪਨ ਸੰਸਾਰ ਵਿਚ ਅਰਥ-ਮੂਲਕ ਪਰਾਹਨ ਅਸੀਮ ਤੁਲਨਾਵਾਂ (unqualified comparisons) ਦੁਆਰਾ ਵੀ ਕੀਤਾ ਜਾਂਦਾ ਹੈ। ਵਿਗਿਆਪਨ ਦੇ ਪੈਗ਼ਾਮ ਬਹੁਤੀ ਵਾਰੀ ਅਜਿਹੇ ਤੁਲਨਾਤਮਕ ਵਿਸ਼ੇਸ਼ਣਾਂ ਰਾਹੀਂ ਦਿੱਤੇ ਜਾਂਦੇ ਹਨ, ਜਿਨ੍ਹਾਂ ਦਾ ਕੋਈ ਸੰਦਰਭ ਨਹੀਂ ਹੁੰਦਾ। ਇਹ ਆਮ ਕਿਹਾ ਜਾਂਦਾ ਹੈ ਕਿ ਸਾਡੀ ਸ਼ੈਅ

ਬਿਹਤਰ ਜਾਂ ਬਿਹਤਰੀਨ ਹੈ, ਪਰ ਕਿਸ ਨਾਲੋਂ ਬਿਹਤਰ ਜਾਂ ਬਿਹਤਰੀਨ, ਇਸ ਦਾ ਸੰਕੇਤ ਨਹੀਂ ਮਿਲਦਾ। ਅਜਿਹੀ ਤਕਨੀਕ ਇਹ ਪ੍ਰਭਾਵ ਦੇਂਦੀ ਹੈ ਕਿ ਵੇਚੀ ਜਾ ਰਹੀ ਸ਼ੈਅ ਕਿਸੇ ਤਰ੍ਹਾਂ ਚੰਗੇਰੀ ਹੈ, ਪਰ ਜਦੋਂ ਅਸੀਂ ਇਹ ਸੋਚਦੇ ਹਾਂ ਕਿ ਕਿਸ ਨਾਲੋਂ ਚੰਗੇਰੀ ਤਾਂ ਇਸ ਦਾ ਉੱਤਰ ਨਹੀਂ ਮਿਲਦਾ। ਜਿਵੇਂ :

(1) "Singer Needles sew better, last longer, run cooler."
(2) "Modella makes better yarn."
(3) "Burnol heals faster."

(6) ਬੋਲੀ (Dialect) ਦੀ ਪੱਧਰ ਉੱਤੇ ਪਰਾਹਨ

ਕਵੀ ਮਿਆਰੀ ਭਾਸ਼ਾ ਦੀ ਵਰਤੋਂ ਕਰਦਾ-ਕਰਦਾ ਕਈ ਵਾਰੀ ਸਮਾਜਿਕ ਜਾਂ ਭੂਗੋਲਿਕ ਤੌਰ 'ਤੇ ਪਰਿਭਾਸ਼ਤ ਬੋਲੀਆਂ ਜਾਂ ਉਪ-ਭਾਸ਼ਾਵਾਂ ਦੇ ਲੱਛਣਾਂ ਦੀ ਵਰਤੋਂ ਕਰਕੇ ਵੀ ਪਰਾਹਨ ਕਰਦਾ ਹੈ। ਗੱਦ ਲੇਖਕ ਆਮ ਤੌਰ 'ਤੇ ਮਾਣਕ ਭਾਸ਼ਾ ਵਿਚ ਹੀ ਲਿਖਦਾ ਹੈ ਅਤੇ ਉਸ ਨੂੰ ਬਹੁਤ ਕਰਕੇ ਉਪ-ਭਾਸ਼ਾ ਵਾਲੇ ਲੱਛਣਾਂ ਦੀ ਵਰਤੋਂ ਕਰਨ ਦੀ ਖੁੱਲ੍ਹ ਨਹੀਂ ਹੁੰਦੀ। ਕਵੀ, ਕਹਾਣੀਕਾਰ ਜਾਂ ਹਾਸ-ਵਿਅੰਗ ਦਾ ਲੇਖਕ ਬੋਲੀ ਜਾਂ ਉਪ-ਭਾਸ਼ਾ ਦੇ ਲੱਛਣਾਂ ਦੀ ਵਰਤੋਂ ਕਰਕੇ ਭਾਸ਼ਾ ਵਿਚ ਸਜਰਾਪਨ ਲਿਆਉਂਦਾ ਹੈ। ਧਨੀ ਰਾਮ ਚਾਤ੍ਰਿਕ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਮਿਲਦੀ ਭਾਸ਼ਾ ਮਿਆਰੀ ਹੈ, ਪਰ ਇਸ ਦਾ ਮੁਹਾਵਰਾ ਆਮ ਬੋਲਚਾਲ ਦੀ ਬੋਲੀ ਵਾਲਾ ਹੈ :

ਏਨ੍ਹਾਂ ਤਿਲਾਂ ਵਿਚ ਤੇਲ ਹੁਣ ਜਾਪਦਾ ਨਹੀਂ,
ਸਾਰਾ ਹੀਜ ਪਿਆਜ ਮੈਂ ਟੋਹ ਲਿਆ ਹੈ
ਹਛਾ ! ਸੁੱਖ ਜਿਥੇ ਜਾਏ ਘੁੱਗ ਵਸੇਂ
ਸਾਡੇ ਦਿਲੋਂ ਭੀ ਕਿਸੇ ਨੇ ਖੋਹ ਲਿਆ ਹੈ ?
ਆਖੀਂ ਕੱਚਿਆ ਸੱਚ ਨੂੰ ਲਾਜ ਲਾਈਓ
ਸੁਖਨ ਪਾਲਣੋਂ ਭੀ, ਬਸ ! ਰਹਿ ਗਿਓਂ ਵੇ
ਕਾਲੇ ਭੌਰ ਦੀ ਬਾਣ ਨਾ ਗਈ ਤੇਰੀ
ਜਿਥੇ ਫੁੱਲ ਡਿੱਠਾ ਓਥੇ ਬਹਿ ਗਿਓਂ ਵੇ।

ਮੋਹਨ ਸਿੰਘ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਕੌਮੇ (' ') ਵਿਚ ਦਿੱਤੇ ਗਏ ਸ਼ਬਦ ਬੋਲੀ ਜਾਂ ਉਪ-ਭਾਸ਼ਾ ਦੀ ਪੱਧਰ ਉੱਤੇ ਪਰਾਹਨ ਦੀ ਰੁਚੀ ਦਰਸਾਉਂਦੇ ਹਨ :

ਹੇ ਸਾਗਰ ਤੀਰ 'ਤਰੰਦੀਏ'
ਛੱਲਾਂ ਦੇ ਚੋਜ 'ਤਕੰਦੀਏ'
ਮਹਿਕਾਂ ਦੇ ਵਣਜ 'ਕਰੰਦੀਏ'
ਤੇ ਮੋਤੀਆਂ ਦੇ ਚੋਗ 'ਚੁਗੰਦੀਏ'

ਮਾਲਵੇ ਦਾ ਪ੍ਰਤੀਨਿਧ ਕਿੱਸਾਕਾਰ ਕਵੀ ਕਿਸ਼ੋਰ ਚੰਦ ਆਪਣੀ ਕਵਿਤਾ ਵਿਚ

ਮਲਵਈ ਬੋਲੀ ਦੀ ਵਰਤੋਂ ਕਰਕੇ ਪ੍ਰਤਿਮਾਨ ਭਾਸ਼ਾ ਦਾ ਅਤਿਕ੍ਰਮਣ ਕਰਦਾ ਹੈ। ਜਿਵੇਂ ਹੇਠ ਲਿਖੀਆਂ ਕਾਵਿ ਪੰਗਤੀਆਂ ਵਿਚ ਕੌਮੇ (' ') ਵਿਚ ਸ਼ਬਦ ਸ਼ੁੱਧ ਮਲਵਈ ਉਪ-ਭਾਸ਼ਾ ਦੇ ਹਨ :

(1) **'ਦਦ ਲਾਗੀ' (ਲਾ ਗਈ) ਸਾਨੂੰ ਛੀਮਣ ਹਰਾਮ ਦੀ**
ਤੈਨੂੰ ਨਾ 'ਬਸ਼ਰਮਾ' (ਬੇਸ਼ਰਮਾ) ਸ਼ਰਮ 'ਆਮਦੀ'

(2) **ਦੇਖ ਬਾਗ਼ 'ਬੰਨੀ' (ਵੰਨੀ, ਵਲ) ਬਾਗ਼ ਬਾਗ਼ ਹੋਈ।**

(7) ਰਜਿਸਟਰ ਦੀ ਪੱਧਰ 'ਤੇ ਪਰਾਹਨ

ਕਵੀ, ਵਿਸ਼ੇਸ਼ ਤੌਰ 'ਤੇ ਨਵੇਂ ਕਵੀ ਰਚਨਾ ਵਿਚ ਰਜਿਸਟਰਾਂ ਦਾ ਮਿਸ਼ਰਣ ਕਰਕੇ ਜਾਂ ਕਵਿਤਾ ਦੇ ਪਰੰਪਰਾ ਮੂਲਕ ਰਜਿਸਟਰ ਨੂੰ ਤਿਆਗ ਕੇ ਆਮ ਵਿਹਾਰਕ ਭਾਸ਼ਾ ਦੀ ਵਰਤੋਂ ਦੁਆਰਾ ਵੀ ਪਰਾਹਨ ਕਰਦੇ ਹਨ। ਡਾਕਟਰ ਹਰਿਭਜਨ ਸਿੰਘ ਦੀਆਂ ਹੇਠ ਲਿਖੀਆਂ ਪੰਗਤੀਆਂ ਵਿਚ ਕਵਿਤਾ ਅਤੇ ਲੋਕ ਕਥਾ ਦੇ ਰਜਿਸਟਰਾਂ ਦਾ ਮਿਸ਼ਰਣ ਕੀਤਾ ਗਿਆ ਹੈ :

ਸਾਡੇ ਵਿਹੜੇ ਮਰੀ ਕਹਾਣੀ
ਇਕ ਸੀ ਰਾਜਾ, ਇਕ ਸੀ ਰਾਣੀ
ਕਦੀ-ਕਦੀ ਮੇਰੀ ਮਾਂ ਆਖੇ :
ਵੇ ਮੇਰੇ ਦੁਖ ਦਰਦ ਦੇ ਹਾਣੀ,
ਮੇਰੀ ਹਿਕ ਨਾਲ ਲਗ ਕੇ ਸੌਂ ਜਾ

ਦੂਜੇ ਖੇਤਰਾਂ ਦੇ ਰਜਿਸਟਰ ਉਧਾਰੇ ਲੈਣੇ ਅਤੇ ਇਕ ਤੋਂ ਵੱਧ ਰਜਿਸਟਰਾਂ ਦਾ ਮਿਸ਼ਰਣ ਕਰਨਾ ਅੰਗਰੇਜ਼ੀ ਕਾਵਿ ਵਿਚ ਆਮ ਮਿਲਦਾ ਹੈ। ਸ਼ੈਲੀ ਵਿਗਿਆਨੀਆਂ ਨੇ ਅਜਿਹੀਆਂ ਉਦਾਹਰਣਾਂ ਦਿੱਤੀਆਂ ਹਨ, ਜਿਨ੍ਹਾਂ ਵਿਚ ਇਕ ਪਾਸੇ ਕਾਵਿ-ਰਚਨਾ ਦਾ ਰਜਿਸਟਰ ਅਤੇ ਦੂਜੇ ਪਾਸੇ ਆਮ ਪੱਤਕਾਰੀ ਦਾ ਰਜਿਸਟਰ ਮਿਸ਼ਰਿਤ ਕੀਤੇ ਗਏ ਹਨ। ਉਦਾਹਰਣ ਲਈ ਟੀ.ਐੱਸ. ਏਲੀਅਟ ਦੇ 'ਵੇਸਟ ਲੈਂਡ' ਵਿੱਚੋਂ ਹੇਠ ਲਿਖੀਆਂ ਪੰਗਤੀਆਂ ਪੇਸ਼ ਕੀਤੀਆਂ ਜਾਂਦੀਆਂ ਹਨ :

The nymphs are departed.
... ...
Departed have left no addresses.

(8) ਇਤਿਹਾਸਕ ਕਾਲ ਦਾ ਪਰਾਹਨ

ਕਵੀ ਆਪਣੀ ਕਾਵਿ ਭਾਸ਼ਾ ਰਚਣ ਲੱਗਿਆਂ ਬੋਲੀ (dialect) ਅਤੇ ਰਜਿਸਟਰ ਦੀਆਂ ਹੱਦਾਂ ਪਾਰ ਕਰਦਾ ਹੈ। ਉਹ ਕੇਵਲ ਆਪਣੇ ਯੁੱਗ ਦੀ ਭਾਸ਼ਾ ਦੀ ਵਰਤੋਂ ਤਕ ਹੀ ਸੀਮਿਤ ਨਹੀਂ ਰਹਿੰਦਾ। ਉਸ ਲਈ ਇਤਿਹਾਸਕ ਪੱਖ ਤੋਂ ਭਾਸ਼ਾ ਦਾ ਸਦੀਆਂ ਦਾ ਵਿਕਾਸ ਇਕ ਅਖੰਡ ਇਕਾਈ ਹੈ ਅਤੇ ਉਹ ਆਪਣੇ ਇਤਿਹਾਸਕ

ਯੁੱਗ ਤੋਂ ਪਹਿਲਾਂ ਦੀ ਭਾਸ਼ਾ ਦੀ ਹੀ ਲੋੜ ਅਨੁਸਾਰ ਵਰਤੋਂ ਕਰਦਾ ਹੈ। ਇਸ ਕਰਕੇ ਲੇਖਕਾਂ ਤੋਂ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਕੇਵਲ ਆਪਣੇ ਯੁੱਗ ਦੀ ਭਾਸ਼ਾ ਤੋਂ ਹੀ ਵਾਕਿਫ਼ ਨਾ ਹੋਣ, ਸਗੋਂ ਆਪਣੀ ਭਾਸ਼ਾ ਦੇ ਇਤਿਹਾਸਕ ਸਮੁੱਚ ਨਾਲ ਸਾਂਝ ਰੱਖਦੇ ਹੋਣ। ਇਸ ਕਰਕੇ ਕਵੀ ਇਹ ਆਮ ਕਹਿੰਦੇ ਮੰਨੇ ਗਏ ਹਨ ਕਿ ਉਹ ਆਪਣੇ ਤੋਂ ਪਹਿਲੀਆਂ ਪੀੜ੍ਹੀਆਂ ਦੇ ਕਵੀਆਂ ਦੀ ਭਾਸ਼ਾ ਅਤੇ ਸੰਚਾਰ ਮਾਧਿਅਮ ਵਰਤੋਂ ਵਿਚ ਲਿਆਉਂਦੇ ਹਨ। ਚਾਹੇ ਉਹਨਾਂ ਦੇ ਆਪਣੇ ਵੇਲੇ ਦੀ ਭਾਸ਼ਾ ਕਿੰਨੀ ਹੀ ਕਿਉਂ ਨਾ ਬਦਲ ਗਈ ਹੋਵੇ। ਪੁਰਾਤਨਤਾ (archaism) ਜਾਂ ਅਤੀਤ ਦੀ ਭਾਸ਼ਾ ਦਾ ਵਰਤਮਾਨ ਵਿਚ ਜੀਊਂਦੇ ਰੱਖਣਾ ਕਵਿਤਾ ਦਾ ਸੰਸਥਾਕਿਰਤ ਲਾਈਸੈਂਸ ਹੈ। ਕਵੀ ਅਨੇਕ ਵਾਰੀ ਜਾਣ ਬੁੱਝ ਕੇ ਨਵੇਂ ਭਾਸ਼ਾ ਮੁਹਾਵਰੇ ਵਿਚ ਆਦਿਮ ਭਾਸ਼ਾ ਰੂਪ ਵਿਧੀਆਂ, ਲੈਆਂ ਤੇ ਤਾਲਾਂ ਨੂੰ ਜੀਊਂਦਾ ਰੱਖਦਾ ਹੈ।

ਉਪਰੋਕਤ ਪਰਾਹਨ ਦੀਆਂ ਵੱਖੋ-ਵੱਖਰੀਆਂ ਸ਼੍ਰੇਣੀਆਂ ਉਹਨਾਂ ਸਾਰੀਆਂ ਵਿਧੀਆਂ ਅਤੇ ਜੁਗਤਾਂ ਦਾ ਪੂਰਾ ਵਰਨਣ ਪੇਸ਼ ਨਹੀਂ ਕਰਦੀਆਂ, ਜਿਨ੍ਹਾਂ ਰਾਹੀਂ ਕੋਈ ਕਵੀ ਜਾਂ ਕੋਈ ਹੋਰ ਭਾਸ਼ਾ ਦੀ ਰਚਨਾਤਮਕ ਵਰਤੋਂ ਕਰਨ ਵਾਲਾ ਪ੍ਰਤਿਮਾਣਕ ਭਾਸ਼ਾ ਤੋਂ ਪਰਾਹਨ ਕਰਦਾ ਹੋਵੇ। ਕੁਲ ਮਿਲਾ ਕੇ ਇਹ ਕਿਹਾ ਜਾ ਸਕਦਾ ਹੈ ਕਿ ਭਾਸ਼ਾ ਦਾ ਪਰਾਹਨ ਭਿੰਨ-ਭਿੰਨ ਰੂਪਾਂ ਵਿਚ ਰਚਨਾਤਮਕ ਸੰਚਾਰ ਸਿਲਸਿਲੇ ਨੂੰ ਫ਼ਰੋਗ ਦੇਣ ਲਈ ਮਹੱਤਵਪੂਰਨ ਰੋਲ ਅਦਾ ਕਰਦਾ ਹੈ। ਕਵਿਤਾ ਵਿਚ ਸ਼ੈਲੀ ਮੂਲਕ ਵਿਲੱਖਣਤਾ ਧਾਰਨ ਕਰਨ ਲਈ ਕਵੀ ਦੇ ਹੱਥਾਂ ਵਿਚ ਇਹ ਇਕ ਪ੍ਰਭਾਵਸ਼ਾਲੀ ਕਲਾ ਜੁਗਤ ਹੈ।

•

ਮੱਧਕਾਲੀ ਧਾਰਮਿਕ ਪਾਠ ਦਾ ਸ਼ੈਲੀ ਵਿਗਿਆਨਕ ਅਧਿਐਨ

I propose to present here a study of the Stylistic Analysis of three hymns of the Sikh Scripture, the *Ādi Granth* compiled under the title *Anand.* The text under study is the master-piece composition of Guru Amar Das (1479-1574), the third Guru of the Sikhs. Guru Amar Das preserved the cultural tradition of his predecessors and greatly encouraged the use of Gurmukhi script and helped to develop the study of the Punjabi language by retaining its status as medium of expression of the religious texts of the Sikhs.

ਏ ਸਰੀਰਾ ਮੇਰਿਆ ਇਸੁ ਜਗ ਮਹਿ ਆਇ ਕੈ
ਕਿਆ ਤੁਧੁ ਕਰਮ ਕਮਾਇਆ ॥
ਕਿ ਕਰਮ ਕਮਾਇਆ ਤੁਧੁ ਸਰੀਰਾ
ਜਾ ਤੂ ਜਗ ਮਹਿ ਆਇਆ ॥
ਜਿਨਿ ਹਰਿ ਤੇਰਾ ਰਚਨੁ ਰਚਿਆ
ਸੋ ਹਰਿ ਮਨਿ ਨ ਵਸਾਇਆ ॥
ਗੁਰ ਪਰਸਾਦੀ ਹਰਿ ਮੰਨਿ ਵਸਿਆ
ਪੂਰਬਿ ਲਿਖਿਆ ਪਾਇਆ ॥
ਕਹੈ ਨਾਨਕੁ ਏਹੁ ਸਰੀਰੁ ਪਰਵਾਣੁ ਹੋਆ
ਜਿਨਿ ਸਤਿਗੁਰ ਸਿਉ ਚਿਤੁ ਲਾਇਆ ॥੩੫॥
ਏ ਨੇਤ੍ਰਹੁ ਮੇਰਿਹੋ ਹਰਿ ਤੁਮ ਮਹਿ ਜੋਤਿ ਧਰੀ
ਹਰਿ ਬਿਨੁ ਅਵਰੁ ਨ ਦੇਖਹੁ ਕੋਈ ॥
ਹਰਿ ਬਿਨੁ ਅਵਰੁ ਨ ਦੇਖਹੁ ਕੋਈ
ਨਦਰੀ ਹਰਿ ਨਿਹਾਲਿਆ ॥
ਏਹੁ ਵਿਸੁ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ
ਹਰਿ ਰੂਪੁ ਨਦਰੀ ਆਇਆ ॥
ਗੁਰ ਪਰਸਾਦੀ ਬੁਝਿਆ ਜਾ ਵੇਖਾ ਹਰਿ ਇਕੁ ਹੈ
ਹਰਿ ਬਿਨੁ ਅਵਰੁ ਨ ਕੋਈ ॥

ਕਹੈ ਨਾਨਕੁ ਏਹਿ ਨੇਤ੍ਰ ਅੰਧ ਸੇ ਸਤਿਗੁਰਿ
ਮਿਲਿਐ ਦਿਬ ਦ੍ਰਿਸਟਿ ਹੋਈ ॥੩੬॥
ਏ ਸ੍ਰਵਣਹੁ ਮੇਰਿਹੋ ਸਾਚੈ ਸੁਨਣੈ ਨੋ ਪਠਾਏ ॥
ਸਾਚੈ ਸੁਨਣੈ ਨੋ ਪਠਾਏ ਸਰੀਰਿ ਲਾਏ ਸੁਣਹੁ ਸਤਿ ਬਾਣੀ ॥
ਜਿਤੁ ਸੁਣੀ ਮਨੁ ਤਨੁ ਹਰਿਆ ਹੋਆ ਰਸਨਾ ਰਸਿ ਸਮਾਣੀ ॥
ਸਚੁ ਅਲਖ ਵਿਡਾਣੀ ਤਾ ਕੀ ਗਤਿ ਕਹੀ ਨ ਜਾਏ ॥
ਕਹੈ ਨਾਨਕੁ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ
ਸਾਚੈ ਸੁਨਣੈ ਨੋ ਪਠਾਏ ॥੩੭॥

(Guru Granth, p. 922)

O my body, what deeds didst thou do, coming into the world?
Yea, what are thy achievements, O my body, since thou comest into the world?
The Lord, who Created thee, Him thou Enshrined not in the mind.
By the Guru's Grace, thy Lord Came to Abide in thy mind, and the God's Writ was Fulfilled.
Sayeth Nanak: "This body is Approved if it is Attuned to its Lord." (35)

O my eyes, the Lord put His Light in ye, so see not another without the Lord:
Yea, see not another and keep only your Lord before ye.
This world that ye see is the Manifestation of the Lord: yea, it is the Lord that ye see.
When I know this Mystery, by the Guru's Grace, I see no other than the Lord.
Sayeth Nanak: "These eyes were Blind, but when I met with the Guru, I began to See intuitively." (36)

O my ears, ye were sent out to hear only the Truth:
This is why they were made a part of the body that they hear the True World.
Hearing which one's body and mind blossom forth, and the tongue is Inebriated with its Flavour;
The Lord is Wondrous and Unfathomable, His State no one can tell.

Sayeth Nanak: "Hear ye the Nectar-Name and become Pure: for, ye were Created to hear the Truth." (37)
(English Translation Gopal Singh, Vol. III, p. 878)

The above hymns offer to us a verbal discourse of medieval vision which is basically holiestic. In Pujabi literary tradition, this text belongs to what is termed as *bāṇī* through the actual text istead of through general problems in the context of the study of *bāṇī* (devotional poetry) which overlap the textual domain.

In order to understand the nature of discourse available to us through *bāṇī*, we have to focus our attention on the system in which such verbal structures are inscribed. Paul Zumthor, in is article 'Style and Register in Medieval Poetry' calls such system a register. He prefers to call it "register in order to indicate clearly that there is no suggestion, properly speaking of necessity, or if there is a necessity, it is of a special internal sort, which he prefers to call "coherence". This registeral coherence can be considered a feature of writing of that state of language possessing a certain autonomy, an interior essence, with its own generative rules, to be distinguished from language on the one had and individual style on the other. The term writing here in the context of *bāṇī* assumes a special status, which can be understood adequately only when its expressive means are seen as owing their development to the previous tradition. The register of *bāṇī*, constitute a continuous text, pre-existent and substratal of any concrete realization. Despite the "I" who grammatically controls the *bāṇī padās*, the writing tends to be far from being of personal origin. The *bāṇī* poems, by and large, are created in the moulds which are to a very great extent collective. The registeral signal of our text shows a participatory connection between the word and its register and this connection performs a vital function. It assigns to our text a distinct status, which not only sets to distinguish it from all non-poetic discourse, but which also set it apart from a poetic discourse.

It is something more than poetry, which not only encapsulates in and through language experiernce of this world, but also of the World beyond. The Universe of *bāṇī* is structured on the basis of a tension between the other worldly metaphysics and this worldly phenomenon. The detail of this worldly phenomenon is only one context. In fact, this worldly experience is used only as a device, as a means of foregrounding the metaphysics of the other-worldly. By constantly emphasizing this laision between this world and the other, the holy, the *bāṇī* poet arouses a new kind of thematic consciousness, which brings about an overall registeral coherence in the *bāṇī* poetry as a distinct system. In short, its signaling function proceeds from its own creative principles and its communicational apparatus achieves its equilibrium and internal harmony through its own laws and orientations.

The article presents stylistic analysis of the first hymn of *bāṇī* taken under study. The analysis of our piece of *bāṇī* can be made on three successive levels: that of connecting links in the language (phonetic and syntagmatic) that of lexicon as such and that of motifs (thematic constituents). The features of our text, or for that matter any text can be observed from two perspectives, the horizontal, distinguishing discrete elements at each level; the other vertical taking the relations level by level. The total meaning is gradually specified as analysis proceeds from the phonological to the top thematic level.

At the first level of analysis, the representative features are few and less clear, yet the construction of stanzas on rhymes such as 'ਆਇਆ' and 'ਇਆ' in the first stanza put into opposition the tonality of clauses. In the same manner the sentence connectors also indicate some kind of juxtaposition rather than subordination with words such as ਆਇ ਕੈ and ਕਿਆ, ਕਿਆ and ਜਾਂ ਜਿਨ and ਸੁ, ਏਹੁ and ਜਿਨ ਜਾਂ and ਇਕ etc. which help in building the patterns of contrast progressively. Repetition of certain sounds and alliterative characteristics also

suggest a contrast between the clauses of the sentence. One sentence is repeated in the reverse order in order to increase the desired sound effect. For example ਇਸ ਜਗ ਮਹਿ ਆਇ ਕੈ ਕਿਆ ਤੁਧੁ ਕਰਮ ਕਮਾਇਆ is followed by ਕਿ ਕਰਮ ਕਮਾਇਆ ਤੁਧੁ ਸਰੀਰਾ ਜਾ ਤੂ ਜਗ ਮਹਿ ਆਇਆ; similarly ਏਹੁ ਹਰਿ ਕਾ ਰੂਪੁ ਹੈ is immediately followed by ਹਰਿ ਰੂਪ ਨਦਰੀ ਆਇਆ. Again, ਸਾਚੈ ਸੁਨਣੈ ਨੋ ਪਠਾਏ in the first line again repeated in the last line ਕਹੈ ਨਾਨਕ ਅੰਮ੍ਰਿਤ ਨਾਮੁ ਸੁਣਹੁ ਪਵਿਤ੍ਰ ਹੋਵਹੁ ਸਾਚੈ ਸੁਨਣੈ ਨੋ ਪਠਾਏ.

The phonological level of analysis may not reveal much, but these diffused elements are found integrated into much more clearly representative units of a higher level of vocabulary.

We note that there is a great scattering when we subject the vocabulary to formal examination. At a cursory glance one can find some derivational series ਕਰਮ ਕਮਾਇਆ, ਰਚਨੁ ਰਚਿਆ, ਵਸਿਆ ਵਸਾਇਆ. These are so frequent in the whole poem that they form keys to the lexical system.

When we look at the vocabulary semantically, we note that mostly it is culturally loaded and context specific vocabulary. This context can be called as the context of metaphysical tradition in which these lexical items receive their meanings. The registeral coherence of *bāṇī* can be fully appreciated only by understanding the heterogenity of its lexieal items. Semantically almost all of the 'heavy' words may be grouped into two Semantic fields of unequal importance, but which connect within a central field in which they constitute mode of metaphorical transfer. In our specimen, lexical items such as ਸਰੀਰ, ਨੇਤ੍ਰ, ਸ੍ਰਵਣ, ਇਸ ਜਗ ਵਸਿਆ, ਵਸਾਇਆ, ਪਾਇਆ, ਚਿਤ ਧਰੀ, ਅਵਰਿ, ਦੇਖਹੁ ਵਿਸ ਸੰਸਾਰ ਦੇਖਦੇ, ਨਦਰੀ ਆਇਆ, ਦੇਖਾ, ਬਿਨ, ਅੰਧ ਸੇ, ਹੋਈ, ਪਠਾਏ, ਸੁਣੀ ਮਨ ਤਨ, ਰਸਨਾ, ਰਸਿ, ਸੁਣਾ ਹੋਵਹੁ etc. belong to our immediate world of experience. Some of them are names of the body parts and others represent our experiential dimension of the world in which we live. Contrary to this there are words such as ਹਰਿ, ਗੁਰਪਰਸਾਦੀ, ਪੂਰਬ ਲਿਖਿਆ, ਸਤਿਗੁਰੂ, ਜੋਤ ਰਸ ਸਮ ਅਲਖ ਸਚ, ਵਿਡਾਣੀ ਅੰਮ੍ਰਿਤ ਨਾਮ etc. These are technical words

with a distinct import. They belong to the universe of *bāṇī* and are related to the theoretical fundamentals of the institution of *bāṇī*. They indicate to the other wordly experience which is brought into focus by its relation of fusion with this-worldly. The important thing to note in this regard is that keywords in this text such as ਹਰਿ, ਗੁਰਪਰਸਾਦੀ, ਸਤਿਗੁਰ, ਅੰਮ੍ਰਿਤ, ਨਾਮ, ਰਸ ਸਮਾਣੀ etc. are so frequent that for their original meaning, now lost, there is substituted a set of contextual values with us in the Sikh Scriptures of *bāṇī*. The phrases such as ਕਰਮ ਕਮਾਨਾ, ਮਨੁ ਵਸਾਨਾ, ਪੂਰਬ ਲਿਖਿਆ ਪਾਨਾ, ਸਰੀਰ ਪਰਵਾਨ ਹੋਣਾ, ਜੋਤ ਧਰਤੀ, ਬੁਝਣਾ, ਹਰਿਆ ਹੋਆ, ਰਸਨਾ, ਰਸ ਸਮਾਣਾ etc. coincide with the topic of the discourse and attain a new dimension of meaning. The recurrence of certain lines in reverse syntactical order is also used as a device of making resonant and laying emphasis on some parts of the message. In short, we can say that the vocabulary in the text at the denotative level is very simple, but the whole at the connotative level becomes very complex indeed.

At the level of motifs, the number of recurrent elements is still larger. In the first stanza for instance we can find tensions built up on different levels as following:

i) This world	The other world
ii) Performing of good deeds	Not performing of good deeds
iii) Making of body by the Lord	Unmaking of the body by the Lord.
iv) Lodging Him in the mind	Not lodging Him in the mind
v) Receiving Guru's grace	Not receiving Guru's grace
vi) Lord lodged in the Mind	Not lodging in the Mind
vii) Primal writ becoming true	

viii) Body have got accepted in Divine order

ix) Devoting oneself to *Satguru*.

The tension is also built up between two points of time. It seems as if the poet is using this tension between two points of time in the temporal flux as structural device in order to emphasize the meaningfulness of the transcendent, the other worldly:

i)	Having come in this world	What good thou hast performed
ii)	Since the time your body was made by the Lord	You have not lodged Him in your mind
iii)	By the Guru's grace Lord lodged in mind	Primal writ becoming True
iv)	The body accepted	By devotion to *Satguru*

These tensions can be explained in the first stanza and also in the following stanzas of various levels. Within the total system of *bāṇī*, we can find these tensions emerging from our text at thematic level in the following details:

i)	This worldly phenomenon	The other worldly Name Ambrosial
ii)	Concrete	Abstract
iii)	Poetry	*Bāṇī*
iv)	Worthy of acceptance	Worthy of casting off
v)	Diversity	

In our text, the *bāṇī* poet attempt to charter the course of a journey from this worldly to the transcendent world of the otherness. This journey progressively turns one away from one's biological being and in this process achieves the state of 'ਸ਼ੁਧ ਆਤਮਾ'. In the same manner we can describe the journey from poetry to *bāṇī*. In the journey of *bāṇī* the linguistic devices become more refined because they refer more to the

soul than body. A *bāṇī* artefact attempts to break the temporal flux to time and superimposes over it an atemporal order of the metaphysics of the transcendent world. The biological being ultimately transformed into divine being, the eyes (ਨੇਤ੍ਰਹੁ) confined and habituated to see the worldly beauty remain blind of sight till they attain illumination and vision (ਦਿਬ ਦ੍ਰਿਸ਼ਟਿ) and the ears transformed to listen to the True word.

In our text, the poet has established a system which is of hierarchical nature and which can be comprehended on the homology of linguistic structure. The structure of a language can be perceived hierarchically progressing from the minimal units to the maximal unity. By positing the principle of double articulation, this analogy can be extended further to the varieties of verbal discourses. In our text, we can pursue this process by reducing the structure to its discrete elements follows:

(a) Coming to this world.
(b) Performance of good ?
(c) The making of the body by the Lord.
(d) Not lodged the Maker Lord in mind.
(e) Lord lodged in mind by the grace of the *Guru*.
(f) Primal writ gave what was pre-ordaine.
(g) The body got accepted.
(h) That body which devoted itself to the *Satguru*.

From the moment the human body comes into this world to its final acceptance in the Divine order, there is a definite process of hierarchical transformation taking place at different levels. In between the two points of the state of biological existence or natural existence on the one hand and significance born out of its acceptance in divine order on the other, there lies a repetitive characterizing the discourse of the *bāṇī*. It is clearly evident from the phrases such as ਕਰਮ ਕਮਾਇਆ, ਰਚਨ ਰਚਿਆ, ਗੁਰਪਰਸਾਦੀ, ਪੂਰਬ ਲਿਖਿਆ, ਪਾਇਆ, ਸਤਿਗੁਰ ਸਿਉ ਚਿਤ ਲਾਇਆ that the creator of this discourse has attached a

specific significance to the phrase ਪੂਰਬ ਲਿਖਿਆ ਪਾਇਆ. This phrase generally comprehended in terms of pre-ordained if translated into linguistic idiom, establishes the supremacy of written culture over the oral one. In this manner, this argument can be extended in favour of the signification through which the content aspect of a discourse becomes possible. Our text shows that all the terms relating to metaphysics and religion are subordinated to the key phrase ਪੂਰਬ ਲਿਖਿਆ ਪਾਇਆ and hence this discourse empties every item of the content and the thematic significance of empty form oriented freedom of the sign is established.

In the beginning a reference was made to registeral coherence in—context of a *bāṇī* poem. Register in this sense can be characterized as all complexes which resemble to each other, all combinations which have a certain stability and which function as models and include the prescribed response of the reader. For we read according to a set of rules, *bāṇī* as an accomplishment of registeral coherence has its own rules through which its reader's response is shaped towards it.

•

ਗੁਰਬਖ਼ਸ਼ ਸਿੰਘ ਦੀ ਵਾਰਤਕ ਦਾ ਸ਼ੈਲੀ ਵਿਗਿਆਨਕ ਅਧਿਐਨ

ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਆਪਣੀਆਂ ਰਚਨਾਵਾਂ ਨਾਲ ਪੰਜਾਬੀ ਪਾਠਕਾਂ ਨੂੰ ਲਗਪਗ ਅੱਧੀ ਸਦੀ ਤਕ ਪ੍ਰਭਾਵਿਤ ਕੀਤੀ ਰਖਿਆ ਹੈ। ਪੰਜਾਬੀ ਆਲੋਚਨਾ ਸੰਸਾਰ ਨੇ ਉਸ ਦੀਆਂ ਰਚਨਾਵਾਂ ਪ੍ਰਤੀ ਨਿੱਘਾ ਹੁੰਗਾਰਾ ਭਰਿਆ ਅਤੇ ਉਸ ਦੀ ਲਿਖਤ ਦੀ ਸ਼ਕਤੀ ਜਾਂ ਤਾਂ ਉਸ ਦੇ ਨਵੇਂ-ਨਰੋਏ ਵਿਚਾਰਾਂ ਵਿਚ ਦੱਸੀ ਅਤੇ ਜਾਂ ਫੇਰ ਉਸ ਦੀ ਵਿਲੱਖਣ ਸ਼ੈਲੀ ਨੂੰ ਉਸ ਦੀ ਬੇਪਨਾਹ ਸਫਲਤਾ ਦਾ ਕਾਰਨ ਮੰਨਿਆ ਹੈ। ਇਕ ਪਾਸੇ ਉਸ ਨੂੰ ਨਵੇਂ ਆਦਰਸ਼ਕ ਸਮਾਜ ਦੇ ਸੁਫ਼ਨਿਆਂ ਦਾ ਘਾੜਾ ਦੱਸਿਆ ਗਿਆ ਹੈ ਅਤੇ ਦੂਜੇ ਪਾਸੇ ਉਸ ਨੂੰ ਲਫ਼ਜ਼ਾਂ ਦਾ ਜਾਦੂਗਰ ਕਹਿ ਕੇ ਉਸ ਦੀ ਲਿਖਣ-ਸ਼ੈਲੀ ਨੂੰ ਸਲਾਹਿਆ ਗਿਆ। ਵਾਸਤਵ ਵਿਚ ਪੰਜਾਬੀ ਆਲੋਚਨਾ-ਸੰਸਕਾਰ, ਰੂਪ ਅਤੇ ਵਸਤੂ ਦੇ ਦ੍ਵੈਤ ਉਪਰ ਆਧਾਰਤ ਹੈ। ਲੇਖਕ ਨੇ ਆਪਣੀ ਰਚਨਾ ਰਾਹੀਂ ਸਮਾਜ ਨੂੰ ਕੀ ਸੁਨੇਹਾ ਦਿੱਤਾ ਹੈ ਅਤੇ ਇਹ ਸੁਨੇਹਾ ਦੇਣ ਲਈ ਅਪਣਾਇਆ ਗਿਆ ਢੰਗ ਸੁਚੱਜਾ ਹੈ ਜਾਂ ਨਹੀਂ—ਇਨ੍ਹਾਂ ਦੋ ਸਵਾਲਾਂ ਦੀ ਸਰਲਤਾ ਸਾਡੀ ਆਲੋਚਨਾ ਦਾ ਆਰੰਭ ਅਤੇ ਅੰਤ ਬਿੰਦੂ ਬਣਦੇ ਹਨ। ਪੱਛਮ ਵਿਚ ਪਿਛਲੇ ਕੁਝ ਦਹਾਕਿਆਂ ਤੋਂ ਆਲੋਚਨਾ ਦੀ ਦਿਸ਼ਾ ਰੂਪ ਅਤੇ ਵਸਤੂ ਦੇ ਇਸ ਦ੍ਵੈਤ ਨੂੰ ਰੱਦ ਕਰਕੇ, ਕਿਸੇ ਸਾਹਿਤਕ ਰਚਨਾ ਨੂੰ ਇਕ ਪ੍ਰਾਣਾਧਾਰੀ ਸੰਗਠਨ ਦੇ ਰੂਪ ਵਿਚ ਗ੍ਰਹਿਣ ਕਰਨ ਦੀ ਹੈ। ਇਸ ਦੇ ਨਾਲ ਕਿਸੇ ਰਚਨਾ ਦੀ ਸ਼ੈਲੀ ਉਸ ਦਾ ਕੋਈ ਰੂਪਗਤ ਲੱਛਣ ਨਹੀਂ, ਸਗੋਂ ਸ਼ੈਲੀ ਨੂੰ ਰਚਨਾ ਦੇ ਕਿਸੇ ਅੰਦਰਲੇ ਅਮੂਰਤ ਨੇਮ ਨਾਲ ਸੰਬੰਧਿਤ ਕਰਨਾ ਹੈ। ਪੱਛਮੀ ਕਾਵਿ-ਸ਼ਾਸਤਰ ਦੀ ਕਲਾਸਿਕੀ ਪਰੰਪਰਾ ਵਿਚ ਵੀ ਕੱਥ ਅਤੇ ਕਥਨ-ਢੰਗ ਦੋਹਾਂ ਨੂੰ ਅਲੱਗ-ਅਲੱਗ ਮੰਨਿਆ ਗਿਆ ਸੀ। ਕਥਨ-ਵਿਧੀ ਦਾ ਸ਼ਾਸਤਰ (rhetoric) ਕਿਸੇ ਗੱਲ ਨੂੰ ਕਿਵੇਂ ਕਿਹਾ ਜਾਏ, ਇਸ ਬਾਰੇ ਰਚਨਾਕਾਰਾਂ ਨੂੰ ਸਿਖਲਾਈ ਦੇਂਦਾ ਸੀ। ਕਿਸ ਪ੍ਰਭਾਵ ਨੂੰ ਉਤਪੰਨ ਕਰਨ ਲਈ ਕਿਸ ਪ੍ਰਕਾਰ ਦੀ ਸ਼ਬਦਾਵਲੀ ਅਤੇ ਅਲੰਕਾਰ ਵਰਤੇ ਜਾਣੇ ਚਾਹੀਦੇ ਹਨ, ਇਸ ਵਿੱਦਿਆ ਦੀ ਲੇਖਕ ਦੀ ਸਿੱਖਿਆ-ਦੀਖਿਆ ਵਿਚ ਵਿਸ਼ੇਸ਼ ਥਾਂ ਸੀ। ਇਸ ਵਾਕ ਸ਼ਾਸਤਰ ਦੀ ਪ੍ਰਕਿਰਤੀ ਆਦੇਸ਼ਾਤਮਕ ਸੀ ਅਤੇ ਇਹ ਭਾਸ਼ਾ ਰਾਹੀਂ ਭਿੰਨ-ਭਿੰਨ ਪ੍ਰਭਾਵ ਪੈਦਾ ਕਰਨ ਦੀ ਲੇਖਕ ਨੂੰ ਸਿਖਲਾਈ ਦੇਂਦਾ ਸੀ। ਬਹੁਤੀ ਵਾਰੀ ਸਾਡੇ ਆਲੋਚਕ ਕਿਸੇ ਲੇਖਕ ਦੀ ਵਾਕ-ਸ਼ਾਸਤਰੀ ਯੋਗਤਾ ਨੂੰ ਹੀ ਉਸ ਦੀ ਸ਼ੈਲੀ ਦੱਸਦੇ ਹਨ।

ਅਸੀਂ ਉਪਰ ਸੰਕੇਤ ਕੀਤਾ ਹੈ ਕਿ ਅਜੋਕੀ ਪੱਛਮੀ ਆਲੋਚਨਾ ਨੇ ਰੂਪ/ਵਸਤੂ

ਜਾਂ ਵਸਤੂ/ਕਥਨ-ਵਿਧੀ ਦੇ ਦ੍ਵੈਤ ਨੂੰ ਤਿਆਗ ਦਿੱਤਾ ਹੈ। ਇਸ ਦ੍ਵੈਤ ਮੁਖੀ ਚਿੰਤਨ ਅਨੁਸਾਰ ਸ਼ੈਲੀ ਰਚਨਾ ਦਾ ਕੇਵਲ ਬਾਹਰਲਾ ਪ੍ਰਗਟਾਉ ਢੰਗ ਹੀ ਸੀ। ਇਸੇ ਕਾਰਨ ਆਧੁਨਿਕ ਆਲੋਚਨਾ ਦੀਆਂ ਕੁਝ ਨਵੀਆਂ ਧਾਰਨਾਵਾਂ ਦੀ ਸ਼ਬਦਾਵਲੀ ਵਿਚ ਸਾਨੂੰ ਸ਼ੈਲੀ ਸ਼ਬਦ ਦੀ ਬਹੁਤ ਘੱਟ ਵਰਤੋਂ ਹੋਈ ਮਿਲਦੀ ਹੈ। ਇਨ੍ਹਾਂ ਆਲੋਚਨਾ ਵਿਧੀਆਂ ਨੇ ਰਚਨਾ ਵਿਚ ਕਿਸੇ ਸ਼ੈਲੀ ਦੀ ਹੋਂਦ ਉਪਰ ਹੀ ਸਵਾਲੀਆ ਨਿਸ਼ਾਨ ਲੱਗਾ ਦਿੱਤਾ ਹੈ। ਬੈਨੀਸਨ ਗ੍ਰੇ ਨੇ ਇਹ ਬੁਨਿਆਦੀ ਪ੍ਰਸ਼ਨ ਉਠਾਇਆ ਹੈ ਕਿ ਕੀ ਵਾਸਤਵ ਵਿਚ ਸ਼ੈਲੀ ਸਾਨੂੰ ਕਿਸੇ ਰਚਨਾ ਵਿਚ ਮਿਲਦੀ ਹੈ ? ਉਸ ਦਾ ਉੱਤਰ ਜ਼ੋਰਦਾਰ ਨਾਂਹ ਵਿਚ ਹੈ। ਉਹ ਕਹਿੰਦਾ ਹੈ ਕਿ ਸ਼ੈਲੀ ਕਿਸੇ ਸ਼ਹਿਨਸ਼ਾਹ ਦੀ ਪੋਸ਼ਾਕ ਵਾਂਗੂ ਜਾਂ ਪੁਰਾਣੀ ਫ਼ਿਜ਼ਿਕਸ ਵਿਚ ਈਥਰ ਵਾਂਗੂ ਹੈ, ਜਿਸ ਦੀ ਕੋਈ ਆਪਣੀ ਸਪੱਸ਼ਟ ਪਛਾਣ ਨਹੀਂ। ਪੰਜਾਬੀ ਆਲੋਚਨਾ ਦੀ, ਕੀ ਗੁਰਬਖ਼ਸ਼ ਸਿੰਘ ਅਤੇ ਕੀ ਹੋਰ ਲੇਖਕਾਂ ਦੀ ਸ਼ੈਲੀ ਪ੍ਰਤੀ ਪਹੁੰਚ ਨਾ ਤਾਂ ਦ੍ਵੈਤੀ ਅਤੇ ਨਾ ਹੀ ਅਦ੍ਵੈਤੀ ਆਧਾਰ ਅਪਣਾਉਂਦੀ ਹੈ। ਗੁਰਬਖ਼ਸ਼ ਸਿੰਘ ਦੀ ਸ਼ੈਲੀ ਬਾਰੇ ਹੁਣ ਤਕ ਮਿਲਦੇ ਵਿਚਾਰ ਇਕ ਪ੍ਰਕਾਰ ਦੇ ਰੁਚੀ ਆਧਾਰਤ ਨਿਰਣੇ ਹੀ ਮੰਨੇ ਜਾਣੇ ਚਾਹੀਦੇ ਹਨ। 'ਗੁਰਬਖ਼ਸ ਸਿੰਘ ਦੇ ਵਾਕ ਨਿੱਕੇ ਨਿੱਕੇ ਅਤੇ ਭਾਵਪੂਰਤ ਹੁੰਦੇ ਹਨ', 'ਉਹ ਅਲੰਕਾਰਾਂ ਦੀ ਵਰਤੋਂ ਕਰਕੇ ਸਪੱਸ਼ਟਤਾ ਲਿਆਉਂਦਾ ਹੈ', 'ਉਸ ਦੀ ਬੋਲੀ ਸਰਲ ਹੈ ਅਤੇ ਸੰਸਕ੍ਰਿਤ ਦੇ ਬੋਝਲ ਸ਼ਬਦਾਂ ਤੋਂ ਮੁਕਤ ਹੈ', 'ਉਸ ਦੀ ਵਾਰਤਕ ਦਿਲ ਨੂੰ ਛੂੰਹਦੀ ਹੈ', ਆਦਿ ਕੁਝ ਅਜਿਹੇ ਨਮੂਨੇ ਹਨ, ਜੋ ਇਸ ਪ੍ਰਕਾਰ ਦੀ ਆਲੋਚਨਾ ਵਿੱਚੋਂ ਬਿਨਾਂ ਉਚੇਚੇ ਜਤਨਾਂ ਦੇ ਲੱਭੇ ਜਾ ਸਕਦੇ ਹਨ। ਗੁਰਬਖ਼ਸ਼ ਸਿੰਘ ਦੀ ਰਚਨਾ ਨਾਲ ਸੰਬੰਧਿਤ ਇਸ ਪ੍ਰਕਾਰ ਦੀ ਆਲੋਚਨਾ ਕੇਵਲ ਰਾਵਾਂ ਪੇਸ਼ ਕਰਦੀ ਹੈ, ਇਸ ਦਾ ਕੋਈ ਠੋਸ ਬੌਧਿਕ ਆਧਾਰ ਜਾਂ ਸੰਕਲਪ ਪ੍ਰਬੰਧ ਨਹੀਂ। ਜੇਕਰ ਅਸੀਂ ਇਹ ਕਹੀਏ ਕਿ ਹੁਣ ਤਕ ਹੋਈ ਗੁਰਬਖ਼ਸ਼ ਸਿੰਘ ਆਲੋਚਨਾ ਦੀ ਪ੍ਰਮੁੱਖ ਵਿਸ਼ੇਸ਼ਤਾ ਲੋਕ-ਆਲੋਚਨਾ (folk criticism) ਦੀ ਬਿਰਤੀ ਨੂੰ ਪ੍ਰਗਟਾਉਣ ਵਿਚ ਹੈ ਤਾਂ ਕੋਈ ਅਤਿਕਥਨੀ ਨਹੀਂ ਹੋਵੇਗੀ। ਲੋਕ-ਆਲੋਚਨਾ ਬਿਨਾਂ ਕਿਸੇ ਬੌਧਿਕ ਆਧਾਰ ਜਾਂ ਸੰਕਲਪ-ਪ੍ਰਬੰਧ ਦੇ ਕਿਸੇ ਲੇਖਕ ਦੀ ਰਚਨਾ ਦੀ ਸ੍ਰੇਸ਼ਟਤਾ ਜਾਂ ਹੀਣਤਾ ਬਾਰੇ ਆਪਣਾ ਮੱਤ ਪ੍ਰਗਟਾਉਂਦੀ ਹੈ। ਇਸ ਦਾ ਰਚਨਾ ਦੇ ਆਪਣੇ ਸਿਸਟਮ ਨੂੰ ਪਛਾਨਣ ਨਾਲ ਕੋਈ ਸਰੋਕਾਰ ਨਹੀਂ।

ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਗੁਰਬਖ਼ਸ਼ ਸਿੰਘ ਦੀ ਰਚਨਾ ਸ਼ੈਲੀ ਦਾ ਅਧਿਐਨ ਕਰਨ ਲਈ ਕਈ ਪਹੁੰਚ-ਵਿਧੀਆਂ ਹੋ ਸਕਦੀਆਂ ਹਨ। ਪਰ ਲੇਖਕ ਦੀ ਰਚਨਾ ਦੀ ਵਿਆਖਿਆ ਕਰਨ ਲਈ ਅਪਣਾਈਆਂ ਗਈਆਂ ਪ੍ਰਚਲਿਤ ਵਿਧੀਆਂ ਰਚਨਾ ਦੇ ਆਪਣੇ ਵਸਤੂ-ਨਿਆਂਇਕ ਗੁਣ ਨੂੰ ਪ੍ਰਕਾਸ਼ਮਾਨ ਕਰਨ ਦੀ ਬਜਾਏ ਸਾਹਿਤ-ਬਾਹਰੇ ਵੇਰਵਿਆਂ ਨੂੰ ਪੇਸ਼ ਕਰਨ ਵਿਚ ਵਧੇਰੇ ਰੁਚਿਤ ਹੁੰਦੀਆਂ ਹਨ।

ਗੁਰਬਖ਼ਸ਼ ਸਿੰਘ ਦੀ ਰਚਨਾ ਪ੍ਰਤੀ ਮਿਲਦੀਆਂ ਜੀਵਨੀ-ਪਰਕ, ਪਾਠਕ-ਮੁੱਖ, ਸਮਾਜ-ਮੁੱਖ ਅਤੇ ਵਿਅਕਤੀ-ਮੁੱਖ ਆਲੋਚਨਾ ਪੱਧਤੀਆਂ ਉਸ ਦੀ ਰਚਨਾ ਦੀ ਸਾਹਿਤ-ਬਾਹਰੀ ਵਿਆਖਿਆ ਪੇਸ਼ ਕਰਦੀਆਂ ਹਨ, ਪਰ ਰਚਨਾ-ਵਿਸ਼ੇਸ਼ ਦੇ ਆਪਣੇ ਵਿਲੱਖਣ ਸੁਹਜ ਨੂੰ ਉਘਾੜਨ ਤੋਂ ਅਸਮਰੱਥ ਰਹਿੰਦੀਆਂ ਹਨ। ਇਨ੍ਹਾਂ ਦੀ ਵਿਸ਼ੇਸ਼ਤਾ

ਇਸ ਗੱਲ ਵਿਚ ਹੈ ਕਿ ਇਹ ਸਾਹਿਤ-ਕਿਰਤ ਵਿਚਲੇ ਸੱਚ ਨੂੰ ਇਕ ਪੂਰਵ-ਨਿਸਚਿਤ ਵਸਤੂ ਮੰਨ ਕੇ ਉਸ ਦੇ ਬਾਹਰਲੇ ਰੂਪ ਨੂੰ ਉਸ ਦੀ ਪੇਸ਼ਕਾਰੀ ਦਾ ਸਾਧਨ ਮੰਨਦੀਆਂ ਹਨ। ਫਲਸਰੂਪ ਸ਼ੈਲੀ ਬਾਰੇ ਇਹ ਦ੍ਵੈਤੀ ਮੱਤ ਰਚਨਾ ਦੀ ਅਖੰਡਤਾ ਨੂੰ ਭੰਗ ਕਰ ਕੇ ਉਸ ਦਾ ਮਹੱਤਵ ਸਾਹਿਤ-ਸੁਹਜ ਤੋਂ ਬਾਹਰਲੇ ਤੱਥਾਂ ਵਿਚ ਢੂੰਡਣ ਵੱਲ ਮੂੰਹ ਕਰਦਾ ਹੈ।

ਇਸ ਸੰਖੇਪ ਜਿਹੇ ਪਰਚੇ ਵਿਚ ਅਸੀਂ ਉਪਰੋਕਤ ਆਲੋਚਨਾ-ਵਿਧੀਆਂ ਵੱਲੋਂ ਮੂੰਹ ਮੋੜ ਕੇ ਸ਼ੈਲੀ-ਵਿਗਿਆਨਕ ਵਿਧੀ ਦੁਆਰਾ ਗੁਰਬਖ਼ਸ਼ ਸਿੰਘ ਦੀ ਰਚਨਾ-ਸ਼ੈਲੀ ਨੂੰ ਪਛਾਨਣ ਦਾ ਜਤਨ ਕਰਾਂਗੇ। ਅਜਿਹਾ ਕਰਨ ਲਈ ਅਸੀਂ ਕੇਵਲ ਉਸ ਦੀ ਨਿਬੰਧ ਰਚਨਾ ਨੂੰ ਹੀ ਆਪਣਾ ਆਧਾਰ ਬਣਾਵਾਂਗੇ, ਕਿਉਂਕਿ ਲੇਖਕ ਨੇ ਚਾਹੇ ਗਲਪ, ਨਾਟਕ ਅਤੇ ਸਵੈ-ਜੀਵਨੀ ਸਭ ਸਾਹਿਤਕ ਵਿਧਾਵਾਂ ਵਿਚ ਰਚਨਾ ਕੀਤੀ ਹੈ, ਪਰ ਨਿਬੰਧ-ਸ਼ੈਲੀ ਦੇ ਪ੍ਰਸੰਗ ਵਿਚ ਉਸ ਨੇ ਖ਼ਾਸੀ ਪ੍ਰਸਿੱਧੀ ਪ੍ਰਾਪਤ ਕੀਤੀ ਹੈ। ਇਥੇ ਸ਼ੈਲੀ-ਵਿਗਿਆਨਕ ਵਿਧੀ ਬਾਰੇ ਵਿਸਥਾਰ ਨਾਲ ਚਰਚਾ ਕਰਨੀ ਬੇਲੋੜੀ ਮਾਲੂਮ ਹੁੰਦੀ ਹੈ, ਪਰ ਇਸ ਵਿਧੀ ਦੀ ਮੋਟੇ ਰੂਪ ਵਿਚ ਵਿਸ਼ੇਸ਼ਤਾ ਅਤੇ ਇਸ ਦੁਆਰਾ ਵਰਤੇ ਜਾਂਦੇ ਵਿਸ਼ੇਲਸ਼ਣ-ਸੰਦਾਂ ਬਾਰੇ ਨਾ-ਮਾਤਰ ਜਾਣਕਾਰੀ ਦੇਣੀ ਲਾਹੇਵੰਦੀ ਹੋਏਗੀ। ਸ਼ੈਲੀ-ਵਿਗਿਆਨਕ ਅਧਿਐਨ ਭਾਸ਼ਾ ਦੀ ਭਿੰਨ-ਭਿੰਨ ਸੰਦਰਭਾਂ ਅਤੇ ਸਥਿਤੀਆਂ ਵਿਚ ਹੋਈ ਵਰਤੋਂ ਵਿਚਲੀ ਵੰਨਗੀ ਦੀ ਪਛਾਣ ਤੋਂ ਆਰੰਭ ਹੁੰਦਾ ਹੈ। ਇਕ ਵਕਤਾ ਆਪਣੇ ਭਾਸ਼ਾ-ਵਿਹਾਰ ਵਿਚ ਆਪਣੇ ਉਚਾਰ ਰੂਪਾਂ ਦੀਆਂ ਬਦਲਦੀਆਂ ਸਥਿਤੀਆਂ ਵਿਚ ਲਗਾਤਾਰ ਚੋਣ ਕਰਦਾ ਤੁਰਿਆ ਜਾਂਦਾ ਹੈ। ਉਹ ਚਾਹੇ ਕੁਦਰਤੀ ਸਥਿਤੀ (ਵਾਸਤਵਿਕ-ਸਮਾਜਿਕ) ਜਾਂ ਰਚਿਤ ਸਥਿਤੀ (ਕਲਪਨਾਤਮਕ-ਸਾਹਿਤਕ) ਦੇ ਸੰਦਰਭ ਵਿਚ ਭਾਸ਼ਾ ਵਿਹਾਰ ਕਰ ਰਿਹਾ ਹੋਵੇ, ਉਸ ਦੀ ਭਾਸ਼ਾ-ਵਰਤੋਂ ਵਿਚ ਲਗਾਤਾਰ ਵੰਨਗੀ ਪੈਦਾ ਹੁੰਦੀ ਰਹਿੰਦੀ ਹੈ। ਇਸ ਦਾ ਪਰਿਣਾਮ ਇਹ ਹੁੰਦਾ ਹੈ ਕਿ ਕਿਸੇ ਦਿੱਤੇ ਗਏ ਸੰਦਰਭ ਅਤੇ ਉਸ ਦੇ ਕਾਰਨ ਹੋਈ ਵਿਸ਼ੇਸ਼ ਭਾਸ਼ਾ-ਵਰਤੋਂ ਦੀ ਵੰਨਗੀ, ਜੋ ਭਿੰਨ-ਭਿੰਨ ਸੰਦਰਭਾਂ ਦੀ ਲੋੜ ਅਨੁਸਾਰ ਕੀਤੀ ਜਾਂਦੀ ਹੈ, ਭਾਸ਼ਾ ਚੋਣ ਦੁਆਰਾ ਪ੍ਰਤੱਖ ਹੁੰਦੀ ਹੈ, ਦਾ ਆਪਸ ਵਿਚ ਵਿਸ਼ੇਸ਼ ਸੰਬੰਧ ਹੁੰਦਾ ਹੈ। ਭਿੰਨ-ਭਿੰਨ ਸਥਿਤੀਆਂ ਅਤੇ ਉਨ੍ਹਾਂ ਦੇ ਸੰਦਰਭ ਵਿਚ ਕੀਤੀ ਗਈ ਵੰਨ-ਵੰਨੀ ਭਾਸ਼ਾ ਚੋਣ ਦੇ ਆਪਸੀ ਸੰਬੰਧ ਨੂੰ ਸ਼ੈਲੀ ਦਾ ਨਾਂ ਦਿੱਤਾ ਗਿਆ ਹੈ। ਦੂਜੇ ਸ਼ਬਦਾਂ ਵਿਚ ਸ਼ੈਲੀ ਵੱਖੋ-ਵੱਖਰੇ ਭਾਸ਼ਾ ਸਮੁਦਾਵਾਂ ਦੇ ਸਭਿਆਚਾਰਕ ਅੰਤਰ ਸੰਬੰਧਾਂ ਵਿਚ ਭਾਸ਼ਕ (linguistic) ਅਤੇ ਅਤਿਰਿਕਤ ਭਾਸ਼ਕ (extra linguistic) ਸਥਿਤੀਆਂ ਵਿਚਕਾਰ ਪੈਦਾ ਹੋਣ ਵਾਲੇ ਸੰਬੰਧ ਮੰਨੀ ਜਾ ਸਕਦੀ ਹੈ। ਕਿਸੇ ਸਾਹਿਤਕ ਸੰਦਰਭ ਵਿਚ ਭਾਸ਼ਾ-ਵਰਤੋਂ ਦੀ ਪੜਤਾਲ ਉਸ ਦੇ ਰਚਨਾਤਮਕ ਪ੍ਰਕਾਰਜ ਦੇ ਪ੍ਰਸੰਗ ਵਿਚ ਹੀ ਕੀਤੀ ਜਾ ਸਕਦੀ ਹੈ। ਇਹ ਪ੍ਰਕਾਰਜ ਇਕ ਗਲਪਮਈ ਜਗਤ ਦੀ ਰਚਨਾ ਕਰਨਾ ਮੰਨਿਆ ਗਿਆ ਹੈ, ਜੋ ਜਗਤ ਖ਼ੁਦਮੁਖ਼ਤਾਰ ਹੁੰਦਾ ਹੈ ਅਤੇ ਜਿਸ ਉਪਰ ਉਸ ਦੇ ਆਪਣੇ ਨੇਮ ਲਾਗੂ ਹੁੰਦੇ ਹਨ। ਭਾਸ਼ਾ ਵਰਤੋਂ ਦੇ ਅਜਿਹੇ ਵਿਸ਼ਲੇਸ਼ਣ ਅਤੇ ਵਿਵੇਚਨ ਨੂੰ ਅਸੀਂ ਸਾਹਿਤ ਵਿਚ ਸ਼ੈਲੀ ਜਾਂ ਸਾਹਿਤਕ ਸ਼ੈਲੀ ਅਧਿਐਨ ਦਾ ਨਾਂ ਦੇ ਸਕਦੇ

ਹਾਂ। ਇਸ ਤੋਂ ਭਿੰਨ ਜਦੋਂ ਅਸੀਂ ਭਾਸ਼ਾ ਵੰਨਗੀਆਂ ਦਾ ਅਧਿਐਨ ਭਿੰਨ-ਭਿੰਨ ਪ੍ਰਕਾਰ ਦੀਆਂ ਸਥਿਤੀਆਂ ਵਿਚ ਭਾਸ਼ਾ-ਵਰਤੋਂ ਦੇ ਪ੍ਰਤਿਮਾਨ (norm) ਦੇ ਰੂਪ ਵਿਚ ਕਰਦੇ ਹਾਂ ਤਾਂ ਅਜਿਹਾ ਅਧਿਐਨ ਭਾਸ਼ਾ ਵਿਚ ਸ਼ੈਲੀ ਜਾਂ ਭਾਸ਼ਾਗਤ ਸ਼ੈਲੀ ਅਧਿਐਨ ਮੰਨਿਆ ਜਾਏਗਾ। ਸਾਹਿਤਕ ਪੱਧਰ ਉੱਤੇ ਭਿੰਨ-ਭਿੰਨ ਸੰਦਰਭਾਂ ਵਿਚ ਭਾਸ਼ਾ ਵਰਤੋਂ ਦੀ ਵੰਨਗੀ ਦਾ ਅਧਿਐਨ ਕਰਨ ਲਈ ਸ਼ੈਲੀ-ਵਿਗਿਆਨ ਭਾਸ਼ਕ ਮਾਡਲਾਂ ਦੀ ਵਰਤੋਂ ਕਰਦਾ ਹੈ ਅਤੇ ਭਿੰਨ-ਭਿੰਨ ਮਿਆਰਾਂ ਉਪਰ ਭਾਸ਼ਾ ਵਿਆਕਰਣ ਲਈ ਵਰਤੇ ਗਏ ਸੰਦਾਂ ਨੂੰ ਵਰਤੋਂ ਵਿਚ ਲਿਆਉਂਦਾ ਹੈ।

ਗੁਰਬਖ਼ਸ਼ ਸਿੰਘ ਦੀ ਗੱਦ ਵੀ ਸਾਡੇ ਸਾਹਮਣੇ ਭਾਸ਼ਕ ਸੰਵਾਦ ਦੀ ਰਚਨਾ ਕਰਦੀ ਹੈ। ਇਹ ਭਾਸ਼ਕ ਸੰਵਾਦ ਲੇਖਕ ਦੀ ਭਾਸ਼ਾ ਚੋਣ ਅਤੇ ਉਸ ਦੇ ਵੱਖੋ-ਵੱਖਰੀਆਂ ਰੂਪ-ਵਿਧੀਆਂ ਵਿਚ ਪੇਸ਼ ਕਰਨ ਤੋਂ ਪਛਾਣਿਆ ਜਾ ਸਕਦਾ ਹੈ। ਉਸ ਨੇ ਆਪਣੇ ਨਿਬੰਧਾਂ ਵਿਚ ਜਿਸ ਭਾਸ਼ਾ ਦੀ ਘਾੜਤ ਕੀਤੀ ਹੈ, ਉਹ ਸੰਵਾਦ ਦੀ ਪੱਧਰ ਉੱਤੇ ਭਿੰਨ-ਭਿੰਨ ਸੰਦਰਭਾਂ ਵਿਚ ਬਹੁ-ਰੰਗੇ ਅਰਥ ਸਿਰਜਦੀ ਹੈ। ਆਮ ਨਜ਼ਰੇ ਦੇਖਿਆਂ ਉਸ ਦੀ ਗੱਦ ਵਿਚ ਵਰਤੀ ਗਈ ਭਾਸ਼ਾ ਲਿਖਤ ਮਿਆਰੀ ਭਾਸ਼ਾ ਵਾਲਾ ਮੁਹਾਂਦਰਾ ਰਖਦੀ ਹੈ। ਪਰ ਉਸ ਦੇ ਨਿਬੰਧਾਂ ਦੇ ਆਪਣੇ ਰਚਨਾ-ਨੇਮ ਦੇ ਸੰਦਰਭ ਵਿਚ ਜਦੋਂ ਅਸੀਂ ਉਸ ਦੀ ਸ਼ਬਦ ਚੋਣ ਵੇਖਦੇ ਹਾਂ ਤਾਂ ਇਹ ਅਰਥਾਂ ਦੇ ਵਿਸ਼ੇਸ਼ ਪਾਸਾਰ ਗ੍ਰਹਿਣ ਕਰਦੀ ਹੈ। ਦੂਜੇ ਸ਼ਬਦਾਂ ਵਿਚ ਗੁਰਬਖ਼ਸ਼ ਸਿੰਘ ਦੇ ਨਿਬੰਧਾਂ ਵਿਚ ਵਰਤੇ ਗਏ ਸ਼ਬਦਾਂ ਦੇ ਇਕ ਪਾਸੇ ਆਮ ਵਿਹਾਰਕ ਅਰਥਾਂ ਅਤੇ ਦੂਜੇ ਪਾਸੇ ਰਚਨਾ ਤੱਤਾਂ ਦੇ ਤੌਰ 'ਤੇ ਵਰਤੀਆਂ ਗਈਆਂ ਭਾਸ਼ਕ ਇਕਾਈਆਂ ਦੇ ਆਪਸੀ ਸੰਬੰਧਾਂ ਨੂੰ ਜਦੋਂ ਅਸੀਂ ਨਿਸਚਿਤ ਕਰਦੇ ਹਾਂ ਤਾਂ ਫੇਰ ਉਨ੍ਹਾਂ ਦੀ ਸੰਵਾਦ ਦੇ ਪੱਧਰ ਉੱਤੇ ਕੀਮਤ ਦਾ ਪਤਾ ਲਗਦਾ ਹੈ। ਅਸੀਂ ਵੇਖਦੇ ਹਾਂ ਕਿ ਗੁਰਬਖ਼ਸ਼ ਸਿੰਘ ਆਪਣੀ ਗੱਦ ਵਿਚ ਰੂਪਕ (metaphor) ਨੂੰ ਰਚਨਾ-ਜੁਗਤ ਦੇ ਤੌਰ 'ਤੇ ਕੇਂਦਰੀ ਥਾਂ ਦੇਂਦਾ ਹੈ। ਉਹ ਭਾਸ਼ਾ ਦੀ ਰੂਪਕੀ ਵਰਤੋਂ ਕਰਕੇ ਸ਼ਬਦਾਂ ਦੇ ਆਮ ਅਰਥਾਂ ਦਾ ਰੂਪਕੀ ਵਿਸਥਾਰ ਕਰਦਾ ਹੈ। ਅਸਲ ਵਿਚ ਸਾਹਿਤ ਰਚਨਾ ਹੈ ਹੀ ਆਮ ਵਿਹਾਰਕ ਭਾਸ਼ਾ-ਸੰਵਾਦ ਦਾ ਇਕ ਵਿਸ਼ੇਸ਼ ਪ੍ਰਕਾਰ ਦਾ ਵਧਾਅ। ਲੇਖਕ ਭਾਸ਼ਾ ਨੂੰ ਅਜਿਹੇ ਢੰਗ ਨਾਲ ਬਾਰ-ਬਾਰ ਦੁਹਰਾਏ ਜਾਣ ਵਾਲੀਆਂ ਧੁਨੀਆਂ, ਸੰਰਚਨਾਵਾਂ ਅਤੇ ਅਰਥਾਂ ਦੀਆਂ ਰੂਪ-ਵਿਧੀਆਂ ਵਿਚ ਸੰਗਠਿਤ ਕਰਦਾ ਹੈ ਕਿ ਉਹ ਕਿਰਤ ਦੇ ਆਪਣੇ ਸੰਦਰਭ ਵਿਚ ਵੱਖਰੇ ਅਰਥ ਧਾਰਨ ਕਰਦੀਆਂ ਹਨ। ਅਜਿਹੀ ਕਿਰਤ ਆਪਣੇ ਆਪ ਵਿਚ ਸੰਪੂਰਨ ਅਤੇ ਸ੍ਵੈ-ਨਿਰਭਰ ਹੁੰਦੀ ਹੈ। ਲੇਖਕ ਦੀ ਰਚਨਾ ਦੇ ਪਾਠ ਸੰਵਾਦ ਦੀ ਪੱਧਰ ਉਪਰ ਕੁਝ ਅਜਿਹੇ ਪਰਿਭਾਸ਼ਕ ਲੱਛਣ ਪੇਸ਼ ਕਰਦੇ ਹਨ, ਜੋ ਉਸ ਦੀ ਸ਼ੈਲੀ ਦੀ ਪਛਾਣ ਕਰਨ ਵਿਚ ਸਹਾਈ ਹੁੰਦੇ ਹਨ। ਅਸੀਂ ਉਪਰ ਕਿਹਾ ਹੈ ਕਿ ਗੁਰਬਖ਼ਸ਼ ਸਿੰਘ ਦੀ ਗੱਦ-ਸ਼ੈਲੀ ਦੀ ਪਹਿਲੀ ਪਛਾਣ ਰੂਪਕ ਦੀ ਇਕ ਭਾਸ਼ਕ ਜੁਗਤ ਦੇ ਰੂਪ ਵਿਚ ਵਰਤੋਂ ਵਿਚ ਮਿਲਦੀ ਹੈ। ਜੇ ਅਸੀਂ ਇਹ ਕਹੀਏ ਕਿ ਰੂਪਕ ਰਚਨਾ ਗੁਰਬਖ਼ਸ਼ ਸਿੰਘ ਦੀ ਰਚਨਾ ਦਾ ਬਾਰ-ਬਾਰ ਦੁਹਰਾਏ ਜਾਣ ਵਾਲਾ ਗੁਣ ਹੈ, ਤਾਂ ਇਸ ਵਿਚ ਕੋਈ ਅਤਿਕਥਨੀ ਨਹੀਂ ਹੋਏਗੀ। ਉਸ ਦੀਆਂ ਰਚਨਾਵਾਂ ਦੇ ਨਾਂ ਹੀ ਲੈ ਲਉ। ਉਨ੍ਹਾਂ ਵਿਚ ਰੂਪਕ ਇਕ ਮੂਲ ਵਿਧੀ ਵਾਂਗੂ ਕੰਮ

ਕਰ ਰਿਹਾ ਹੈ। 'ਸਾਵੀਂ ਪੱਧਰੀ ਜ਼ਿੰਦਗੀ, ਜ਼ਿੰਦਗੀ ਦੀ ਰਾਸ, ਜ਼ਿੰਦਗੀ ਦੀ ਕਵਿਤਾ, ਸੁਖਾਵੀਂ ਸੁਧਰੀ ਜ਼ਿੰਦਗੀ' ਆਦਿ ਸਭ ਨਾਵਾਂ ਵਿਚ ਜ਼ਿੰਦਗੀ ਅਮੂਰਤ ਭਾਵ-ਵਾਚਕ ਸ਼ੈਅ ਹੈ, ਪਰ ਇਸ ਨੂੰ ਮੂਰਤ ਦੇ ਰੂਪ ਦੇਣ ਲਈ 'ਰਾਸ' 'ਕਵਿਤਾ' ਵਿਸ਼ੇਸ਼ਣ ਲਗਾ ਕੇ ਜ਼ਿੰਦਗੀ ਦੇ ਅਮੂਰਤ ਭਾਵ ਨੂੰ ਸਮੂਰਤ ਰੂਪ ਦੇਣ ਦਾ ਜਤਨ ਕੀਤਾ ਹੈ। ਰੂਪਕ ਵਿਚ ਸਮਾਨਤਾ ਦੇ ਨੇਮ ਨਾਲ ਦੋ ਵਸਤਾਂ ਨੂੰ ਅਜਿਹੇ ਢੰਗ ਨਾਲ ਜੋੜਿਆ ਜਾਂਦਾ ਹੈ ਕਿ ਦੋਵੇਂ ਇਕ ਨਵੇਂ ਪਰਿਪੇਖ ਵਿਚ ਪ੍ਰਕਾਸ਼ਮਾਨ ਹੁੰਦੀਆਂ ਹਨ। ਇਸ ਦੇ ਉਲਟ ਮੈਟਾਨਿਮੀ ਦਾ ਨੇਮ ਦੋ ਵਸਤਾਂ ਨੂੰ ਸੰਗਲੀ ਸੰਬੰਧਾਂ ਵਿਚ ਜੋੜ ਕੇ ਭਾਸ਼ਾ ਤਰਕ ਪੈਦਾ ਕਰਦਾ ਹੈ। ਪਰ ਗੁਰਬਖ਼ਸ਼ ਸਿੰਘ ਆਪਣੀ ਭਾਸ਼ਾ-ਰਚਨਾ ਵਿਚ ਮੈਟਾਨਿਮੀ ਨੂੰ ਮੈਟਾਫ਼ਰ ਜਾਂ ਰੂਪਕ ਦੇ ਅਧੀਨ ਕਰ ਕੇ ਆਪਣੀ ਸਾਹਿਤਕ ਭਾਸ਼ਾ ਦੀ ਰਚਨਾ ਕਰਦਾ ਹੈ। ਰੂਪਕ ਦੀ ਜੁਗਤ ਨਾਲ ਆਪਣਾ ਤਰਕ ਰਚਨਾ ਗੁਰਬਖ਼ਸ਼ ਸਿੰਘ ਦੀ ਗੱਦ ਸ਼ੈਲੀ ਦਾ ਬਾਰ-ਬਾਰ ਦੁਹਰਾਏ ਜਾਣ ਵਾਲਾ ਪੈਟਰਨ ਹੈ। ਉਸ ਦੇ ਕਿਸੇ ਵੀ ਨਿਬੰਧ ਵਿੱਚੋਂ ਅਸੀਂ ਰੂਪਕ-ਰਚਨਾ ਦੇ ਉਦਾਹਰਣ ਬਿਨਾਂ ਕਿਸੇ ਉਚੇਚ ਦੇ ਲੱਭ ਸਕਦੇ ਹਾਂ:

(1) ਪਿਆਰ ਦੀ ਖ਼ੂੰਖਾਰੀ ਨੂੰ ਸਿਆਣੇ ਮਨੁੱਖ ਨੇ ਇਨ੍ਹਾਂ ਸਦੀਆਂ ਦੀਆਂ ਕੋਸ਼ਿਸ਼ਾਂ ਨਾਲ ਸਿਧਾ ਲਿਆ ਹੈ... *(ਸਾਵੀਂ ਪੱਧਰੀ ਜ਼ਿੰਦਗੀ)*

(2) ਹਸਤੀ ਦਾ ਸਦੀਵੀ ਸਾਗਰ ਛਲਕ ਰਿਹਾ ਹੈ। ਇਸ ਦੀਆਂ ਲਹਿਰਾਂ ਉੱਤੇ ਅਣਗਿਣਤ ਨਿੱਕੀਆਂ ਵੱਡੀਆਂ ਬੇੜੀਆਂ ਸਾਵਿਆਂ ਰਹਿਣ ਦਾ ਜਤਨ ਕਰ ਰਹੀਆਂ ਹਨ।... ਅਸੀਂ ਸਾਰੇ ਹਸਤੀ ਦੇ ਸਾਗਰ ਵਿਚ ਚੇਤਨਤਾ ਦੇ ਚੱਪੂ ਮਾਰ ਰਹੇ ਹਾਂ। *(ਸੁਖਾਵੀਂ ਸੁਧਰੀ ਜ਼ਿੰਦਗੀ)*

(3) ਜ਼ਿੰਦਗੀ ਨਕਲ ਕਰਨਾ ਨਹੀਂ ਚਾਹੁੰਦੀ, ਜੋ ਇਹ ਹੈ ਨਹੀਂ, ਉਹ ਇਹ ਦਿੱਸਣਾ ਨਹੀਂ ਚਾਹੁੰਦੀ, ਨਾ ਗ਼ੁਲਾਮ ਹੁੰਦੀ ਹੈ, ਨਾ ਕਿਸੇ ਦੇ ਕਦਮਾਂ ਉੱਤੇ ਚੱਲਦੀ ਹੈ, ਨਾ ਖ਼ੈਰਾਇਤ ਮੰਗਦੀ ਹੈ, ਨਾ ਖ਼ੁਸ਼ਾਮਦ ਕਰਦੀ ਹੈ, ਨਾ ਕਿਸੇ ਦੇ ਫੁੱਲ ਤੋੜ ਕੇ ਆਪਣੇ ਲਈ ਗੁਲਦਸਤੇ ਬਣਾਉਂਦੀ ਹੈ।

(4) ਸਾਡਾ ਜੀਵਨ ਸ਼ਿਵਾਲਾ ਪੁਰਾਣਾ ਹੋ ਗਿਆ ਤੇ ਥਾਂ-ਥਾਂ ਤੋਂ ਤਿੜਕ ਫਿਸ ਗਿਆ ਹੈ, ਕਿਸੇ ਪ੍ਰੀਤ ਵਿਹਲ ਵਿੱਚੋਂ ਜਦੋਂ ਕੋਈ ਕਿਰਨ ਅੰਦਰ ਆ ਪੈਂਦੀ ਹੈ ਤਾਂ ਸਾਡੇ ਪੂਜਯ ਬੁਤ, ਵਟੇ-ਗੀਟੇ ਜਾਪਣ ਲੱਗ ਪੈਂਦੇ ਹਨ, ਅੰਦਰਲੇ ਨਿੱਕ ਸੁਕ ਦਾ ਰੋਅਬ ਉਡ ਜਾਂਦਾ ਹੈ ਤੇ ਜਿਹੜੀਆਂ ਕਦਰਾਂ ਆਸਰੇ ਜੀਵਨ ਬਹੁ-ਮੁੱਲਾ ਜਾਪਦਾ ਸੀ, ਉਹ ਬੇਮੁੱਲ ਹੋ ਗਈਆਂ ਭਾਸਦੀਆਂ ਹਨ। *(ਨਵਾਂ ਸ਼ਿਵਾਲਾ)*

(5) ਜ਼ਿੰਦਗੀ ਦੀ ਮਚ-ਮਚ ਉਠਦੀ ਲਾਟ ਨੂੰ ਫੂਕਾਂ ਮਾਰ ਮਾਰ ਬੁਝਾਣ ਵਿਚ ਅਸੀਂ ਬੇਸਾਹ ਹੋਏ ਰਹਿੰਦੇ ਹਾਂ। *(ਸੁਹਣਾ ਵਤਨ)*

ਗੁਰਬਖ਼ਸ਼ ਸਿੰਘ ਦੀਆਂ ਰਚਨਾਵਾਂ ਵਿੱਚੋਂ ਭਾਸ਼ਾ ਦੀ ਰੂਪਕੀ ਵਰਤੋਂ ਸੰਵਾਦ ਰਚਨਾ ਲਈ ਇਕ ਜੁਗਤ ਦੇ ਤੌਰ 'ਤੇ ਵਰਤੀ ਗਈ ਉਪਰੋਕਤ ਕੁਝ ਉਦਾਹਰਣਾਂ ਤੋਂ ਸਹਿਜੇ ਹੀ ਪਛਾਣੀ ਜਾ ਸਕਦੀ ਹੈ। ਇਹ ਰੂਪਕ ਰਚਨਾ ਕੇਵਲ ਉਸ ਦੀ ਭਾਸ਼ਾ

ਘਾੜਤ ਦੇ ਪਿੱਛੇ ਕੰਮ ਕਰ ਰਹੀ ਬੁਨਿਆਦੀ ਪ੍ਰਕਿਰਿਆ ਹੀ ਨਹੀਂ, ਇਹ ਗੁਰਬਖ਼ਸ਼ ਸਿੰਘ ਦੀ ਸਮੁੱਚੀ ਪ੍ਰੀਤ ਲਹਿਰ ਦਾ ਹੀ ਆਧਾਰ ਬਣਦੀ ਹੈ। ਜਿਸ ਪ੍ਰੀਤ ਭਾਈਚਾਰੇ ਦਾ ਸੰਕਲਪ ਗੁਰਬਖ਼ਸ਼ ਸਿੰਘ ਨੇ ਦਿੱਤਾ ਹੈ ਅਤੇ ਜਿਸ ਸਹਿਜ-ਪ੍ਰੀਤ ਦੀ ਭਾਵਨਾ ਨੇ ਉਸ ਦੀ ਲਹਿਰ ਦੀ ਮੂਲ ਸ਼ਕਤੀ ਦੇ ਤੌਰ 'ਤੇ ਕੰਮ ਕੀਤਾ ਹੈ, ਜੇ ਗਹੁ ਨਾਲ ਵੇਖਿਆ ਜਾਏ ਤਾਂ ਉਸ ਦਾ ਆਧਾਰ ਰੂਪਕ-ਰਚਨਾ ਹੈ। ਗੁਰਬਖ਼ਸ਼ ਸਿੰਘ ਨੇ ਪ੍ਰੀਤ ਭਾਈਚਾਰੇ ਵਿਚ ਇਕ ਪਰਿਵਾਰ ਦੀ ਭਾਵਨਾ ਪੈਦਾ ਕੀਤੀ ਹੈ, ਇਸ ਭਾਈਚਾਰੇ ਦੇ ਮੈਂਬਰਾਂ ਨੂੰ ਇਕ ਪ੍ਰਕਾਰ ਦੇ ਗਲਪੀ ਸੰਬੰਧਾਂ (fictive relationships) ਵਿਚ ਪਰੋਇਆ ਹੈ, ਜਿਸ ਵਿਚ ਇਕ ਸਿਰੇ ਤੋਂ ਲੈ ਕੇ ਦੂਜੇ ਸਿਰੇ ਤਕ ਕੰਮ ਕਰ ਰਹੀ ਜੁਗਤ ਮੈਟਾਫ਼ਰ ਦੀ ਹੈ। ਮੈਟਾਫ਼ਰ ਦੀ ਇਕ ਸਹਿਜ-ਪ੍ਰੀਤ ਦਾ ਗਲਪ-ਸੰਸਾਰ (fictive world) ਰਚਣ ਪਿੱਛੇ ਕੰਮ ਕਰ ਰਹੀ ਪ੍ਰਕਿਰਿਆ, ਸਮਾਨਤਾ (similarity) ਦੇ ਸੰਬੰਧ ਨੂੰ ਆਧਾਰ ਬਣਾਉਣ ਦੀ ਹੈ, ਸੰਗਲੀ ਸੰਬੰਧਾਂ (contiguity) ਨੂੰ ਨਹੀਂ। ਲੇਖਕ ਦੀ ਇਸ ਸਹਿਜ-ਪ੍ਰੀਤ ਦੀ ਭਾਵਨਾ ਨੇ ਸਾਕੇਚਾਰੀ ਦੇ ਵਾਸਤਵਿਕ ਸੰਬੰਧਾਂ ਦੀ ਥਾਂ ਉਪਰ ਗਲਪੀ ਸੰਬੰਧਾਂ ਦੇ ਸਹਿਜ ਅਤੇ ਸੁਖਾਵੇਂ ਸੰਸਾਰ ਦੀ ਰਚਨਾ ਕੀਤੀ, ਜਿਸ ਵਿਚ ਵਿਵਰਜਿਤ ਸੰਬੰਧਾਂ ਨੂੰ ਸੁਫ਼ਨੇ ਦੀ ਪੱਧਰ ਉਪਰ ਪ੍ਰਵਾਨਗੀ ਮਿਲੀ। ਇਸੇ ਵਿੱਚੋਂ ਹੀ 'ਪਿਆਰ ਕਬਜ਼ਾ ਨਹੀਂ ਪਛਾਣ ਹੈ' ਦਾ ਸਿਧਾਂਤ ਪ੍ਰਵਾਨ ਚੜ੍ਹਿਆ। ਗੁਰਬਖ਼ਸ਼ ਸਿੰਘ ਦਾ ਆਪਣੀ ਸਾਹਿਤ ਰਚਨਾ ਅਤੇ ਪ੍ਰੀਤ ਸੰਸਾਰ ਰਚਣ ਵਿਚ ਰੂਪਕ ਨੂੰ ਸੁਫ਼ਨੇ ਵਾਂਗੂੰ ਫੈਲਾਂਦਿਆਂ ਜਾਣਾ ਉਸ ਦੀ ਰਚਨਾ ਅਤੇ ਵਿਹਾਰ ਦਾ ਬੁਨਿਆਦੀ ਨੇਮ ਬਣ ਗਿਆ। ਡਾਕਟਰ ਹਰਿਭਜਨ ਸਿੰਘ ਲੇਖਕ ਦੀ ਇਸ ਰੂਪਕੀ ਸ਼ਕਤੀ ਦੇ ਵਿਸਥਾਰ ਵੱਲ ਸੰਕੇਤ ਕਰਦਾ ਪ੍ਰਤੀਤ ਹੁੰਦਾ ਹੈ, ਜਦੋਂ ਉਹ ਕਹਿੰਦਾ ਹੈ:

> "ਗੁਰਬਖ਼ਸ਼ ਸਿੰਘ ਦੀ ਪ੍ਰੀਤ ਸੁਪਨੇ ਦੀ ਪ੍ਰੀਤ ਹੈ, ਜਾਗ੍ਰਿਤੀ ਦੀ ਪ੍ਰਤੀ ਨਹੀਂ। ਇਹ ਇਕ ਐਸੀ ਖ਼ੂਬਸੂਰਤ ਸ਼ੈਅ ਹੈ, ਜਿਸ ਦਾ ਆਨੰਦ ਤੁਸੀਂ ਅਣਭੋਗੇ ਹੀ ਲੈ ਸਕਦੇ ਹੋ। ਚੇਤ ਜਾਂ ਅਚੇਤ ਤੌਰ 'ਤੇ ਗੁਰਬਖ਼ਸ਼ ਸਿੰਘ ਨੇ ਆਨੰਦ ਅਤੇ ਭੋਗ ਦਾ ਸੰਬੰਧ ਸਥਾਪਤ ਨਹੀਂ ਹੋਣ ਦਿੱਤਾ। ਕਿਤਨੀ ਵਚਿੱਤਰ ਗੱਲ ਹੈ ਕਿ ਇਸ ਪ੍ਰੀਤ ਦਾ ਪ੍ਰਮੁੱਖ ਪ੍ਰੇਰਣਾ-ਸਰੋਤ ਧੋਤਾ-ਧਾਤਾ ਚਿੱਟ ਕਪੜੀਆ ਅਦਬ ਹੈ, ਗੁਦੱੜ-ਨਿੱਘਾ ਪਿਆਰ ਨਹੀਂ। ਇਹ ਇਕ ਐਸੀ ਅੱਗ ਹੈ, ਜਿਸ ਵਿਚ ਰੌਸ਼ਨੀ ਸ਼ਾਇਦ ਹੈ, ਸ਼ਾਇਦ ਨਹੀਂ, ਨਿੱਘ ਨਿਸ਼ਚੇ ਹੀ ਨਹੀਂ। ਇਹ ਪਿਆਰ ਨਹੀਂ, ਪਿਆਰ ਦੀ ਤਸਵੀਰ ਹੈ, ਬਹੁਤ ਸੁੰਦਰ ਹੈ, ਪਰ ਜੀਵੰਤ ਨਹੀਂ। ਇਸ ਵਿਚ ਅਦਬ ਹੈ, ਪਰ ਉਹ ਜ਼ਿੰਮੇਦਾਰੀ ਨਹੀਂ, ਜੋ ਕਰੜੇ ਕਠੋਰ ਮਨੁੱਖੀ ਰਿਸ਼ਤੇ ਲਈ ਜ਼ਰੂਰੀ ਹੈ। ਇਸ ਪ੍ਰੀਤ ਨੂੰ ਤੁਸੀਂ ਸੁਆਦ ਸਕਦੇ ਹੋ, ਭੋਗ ਨਹੀਂ ਸਕਦੇ।"

ਉਪਰੋਕਤ ਆਲੋਚਨਾਤਮਕ ਟਿੱਪਣੀ ਗੁਰਬਖ਼ਸ਼ ਸਿੰਘ ਦੇ ਪ੍ਰੀਤ ਭਾਈਚਾਰੇ ਦੇ ਸੰਕਲਪ ਨੂੰ ਸਮਝਣ ਲਈ ਵੀ ਰੂਪਕ ਦਾ ਹੀ ਆਸਰਾ ਲੈਂਦੀ ਹੈ। ਅਸਲ ਵਿਚ ਰੂਪਕ ਸਾਡੀ ਭਾਸ਼ਾ-ਵਰਤੋਂ ਵਿਚ ਏਨਾ ਵਿਆਪਕ ਹੈ ਕਿ ਅਸੀਂ ਇਸ ਤੋਂ ਬਿਨਾਂ ਗੁਜ਼ਾਰਾ ਹੀ ਨਹੀਂ ਕਰ ਸਕਦੇ। ਗੁਰਬਖ਼ਸ਼ ਸਿੰਘ ਦੇ ਹੱਥਾਂ ਵਿਚ ਰੂਪਕ ਜਿਥੇ ਇਕ

ਬੜੀ ਵੱਡੀ ਸ਼ਕਤੀ ਬਣਦਾ ਹੈ, ਉਥੇ ਉਸੇ ਨੂੰ ਹੀ ਉਸ ਦੀ ਰਚਨਾ ਦੀ ਸੀਮਾ ਸਮਝਣਾ ਚਾਹੀਦਾ ਹੈ। ਰੂਪਕ ਦੇ ਆਧਾਰ ਉਪਰ ਰਚਿਆ ਉਸ ਦਾ ਸਹਿਜ-ਪ੍ਰੀਤ ਦਾ ਸੰਸਾਰ, ਜਿਸ ਵਿਚ ਉਸ ਨੇ 'ਸਭੋ ਸ਼ੈਅ' ਨੂੰ ਇਕ ਪ੍ਰੀਤ ਧਾਗੇ ਵਿਚ ਪਰੋਣ ਦਾ ਜਤਨ ਕੀਤਾ, ਨੇ ਉਸ ਦੇ ਰਚੇ ਹੋਏ ਸੰਵਾਦ ਨੂੰ ਸੀਮਿਤ ਵੀ ਕੀਤਾ ਹੈ। ਪ੍ਰੀਤ ਲਹਿਰ ਦੀ ਪ੍ਰੇਰਣਾ ਦਾ ਮੂਲ ਸੋਮਾ ਹੇਠ ਲਿਖੀਆਂ ਕਾਵਿ-ਪੰਗਤੀਆਂ ਬਣਦੀਆਂ ਹਨ, ਜਿਨ੍ਹਾਂ ਨੂੰ ਪ੍ਰੀਤ ਭਾਈਚਾਰੇ ਦਾ ਹਰ ਮੈਂਬਰ ਪਵਿੱਤਰ ਬਾਣੀ ਵਾਂਗੂੰ ਆਪਣੇ ਮਨ ਅੰਦਰ ਵਸਾਈ ਬੈਠਾ ਸੀ :

ਕਿਸੇ ਦਿਲ ਸਾਂਝੇ ਦੀ ਧੜਕਣ
ਕਿਸੇ ਪ੍ਰੀਤ ਗੀਤ ਦੀ ਲੈਅ
ਧਾਗੇ ਪ੍ਰੀਤ ਲੜੀ ਦੇ ਦੱਸਣ
ਜਿਸ ਵਿਚ ਪ੍ਰੋਤੀ ਸਭੋ ਸ਼ੈਅ

ਇਸ ਵਿਚ 'ਦਿਲ ਸਾਂਝੇ ਦੀ ਧੜਕਣ', 'ਪ੍ਰੀਤ ਗੀਤ', 'ਪ੍ਰੀਤ ਲੜੀ', 'ਪ੍ਰੋਤੀ ਸਭੋ ਸ਼ੈਅ' ਪ੍ਰਮੁੱਖ ਸ਼ਬਦ ਹਨ। ਇਹ ਸਭ ਸਮੂਹ-ਭਾਵੀ ਯਾਤਰਾ ਵੱਲ ਸੰਕੇਤ ਕਰਦੇ ਹਨ। ਇਨ੍ਹਾਂ ਦਾ ਰੁਖ ਸਥਾਪਤੀ ਵੱਲ ਹੈ, ਸਮਰੂਪਤਾ ਅੱਗੇ ਵਿਅਕਤੀ-ਵਾਦਤਾ ਨੂੰ ਸਮਰਪਿਤ ਕਰ ਦੇਣ ਦੀ ਪ੍ਰੇਰਣਾ ਦੇਂਦੇ ਹਨ। ਕਿਸੇ ਪ੍ਰਮਾਣਿਕ ਵਿਅਕਤੀਗਤ ਵਿਲੱਖਣ-ਰੂਪਤਾ ਧਾਰਨ ਕਰਨ ਦੀ ਇਨਾਂ ਵਿਚ ਕੋਈ ਗੁੰਜਾਇਸ਼ ਨਹੀਂ। ਇਥੇ ਪ੍ਰੀਤ ਭਾਈਚਾਰੇ ਦੀ ਹਰ ਇਕਾਈ ਆਪਣੇ ਸਮੂਹ ਦਾ ਵੇਰਵਾ ਬਣ ਕੇ ਜੀਊਣ ਲਈ ਤਤਪਰ ਹੈ। ਇਸ ਪ੍ਰੀਤ ਭਾਈਚਾਰੇ ਵਿੱਚੋਂ ਉਤਪੰਨ ਹੋਇਆ ਸਾਹਿਤ ਸਥਾਪਤ ਸਮੂਹ-ਮੂਲਕ ਸੱਚ ਦਾ ਹੀ ਪੁਨਰ-ਸਥਾਪਨ ਕਰਦਾ ਹੈ। ਇਸ ਵਿਚ ਵਿਲੱਖਣ ਹੋਣ ਦੀ, ਵਿਕੋਲਿਤਰੇ ਰੂਪ ਨਿਖਾਰਨ ਦੀ, ਕੋਈ ਖਿੱਚ ਨਹੀਂ, ਇਹ ਤਾਂ ਪਹਿਲਾਂ ਹੀ ਸਥਾਪਤ, ਟਿਕੇ ਹੋਏ ਜੀਵਨ ਨੂੰ ਹੋਰ ਚੰਗੇਰਾ ਬਣਾਉਣਾ ਚਾਹੁੰਦਾ ਹੈ। ਸਾਹਿਤ ਅਤੇ ਭਾਈਚਾਰੇ ਦੀ ਘਾੜਤ ਵਿਚ ਵਰਤੀ ਗਈ ਰੂਪਕ ਦੀ ਸ਼ਕਤੀ ਸਹਿਜ ਨੂੰ ਟਿਕਾਈ ਰਖਣ ਵਿਚ ਹੈ। ਕਿਸੇ ਵਿਦਰੋਹ-ਭਾਵੀ ਵਿਚਾਰ ਨੂੰ ਇਕ ਬਿੰਦੂ ਤੋਂ ਲਕੀਰ ਦੇ ਰੂਪ ਵਿਚ ਫੈਲਾਉਣ ਵਿਚ ਨਹੀਂ। ਇਸ ਕਾਰਨ 'ਸਭੋ ਸ਼ੈਅ' ਸਮੂਹ-ਭਾਵੀ ਬਿਰਤੀ ਕਿਸੇ ਵਿਲੱਖਣ ਸਾਹਿਤਕ ਸੰਵਾਦ ਰਚਨਾ ਵਲ ਵਧਣ ਦੀ ਬਜਾਏ, ਪੱਤਰਕਾਰਿਤਾ ਦੀ ਪੱਧਰ ਉਪਰ ਵੱਧ ਤੋਂ ਵੱਧ ਪਰਿਵਾਰ ਦੇ ਮੈਂਬਰਾਂ ਦੀ ਪ੍ਰਵਾਨਗੀ ਲੈਣ ਦੀ ਭਾਵਨਾ ਨੂੰ ਪ੍ਰਗਟਾਉਂਦੀ ਹੈ। ਇਉਂ ਗੁਰਬਖ਼ਸ਼ ਸਿੰਘ ਦੀ ਰੂਪਕ ਰਚਨਾ ਦੁਆਰਾ ਸਮਾਜ ਦੀ ਪੱਧਰ ਉਪਰ ਅਤੇ ਸਾਹਿਤ ਰਚਨਾ ਦੀ ਪੱਧਰ ਉਪਰ ਜਿਸ ਸੰਵਾਦ (discourse) ਦੀ ਉਤਪਤੀ ਹੋਈ ਹੈ, ਉਸ ਦੀ ਨੁਹਾਰ ਵਿਲੱਖਣ-ਮੁੱਖਤਾ ਨਾਲੋਂ ਵਧੇਰੇ ਸਮੂਹ-ਭਾਵੀ ਹੈ। ਇਸੇ ਗੱਲ ਨੂੰ ਜੇ ਅਸੀਂ ਭਾਸ਼ਾ-ਵਿਗਿਆਨਕ ਸ਼ਬਦਾਵਲੀ ਵਿਚ ਕਹਿਣਾ ਹੋਵੇ ਤਾਂ ਇਹ ਕਹਾਂਗੇ ਕਿ ਗੁਰਬਖ਼ਸ਼ ਸਿੰਘ ਪਹਿਲਾਂ ਦਿੱਤੀ ਹੋਈ ਸੂਚਨਾ ਨੂੰ ਹੀ ਬਾਰ-ਬਾਰ ਅਜਿਹੇ ਕੋਡ ਵਿਚ ਬੰਨ੍ਹ ਕੇ ਪੇਸ਼ ਕਰਦਾ ਹੈ, ਜਿਸ ਨਾਲ ਉਸ ਦਾ ਪਾਠਕ-ਮੰਡਲ ਵਾਕਫ਼ ਹੋ ਚੁੱਕਾ ਹੈ। ਇਥੇ ਸਾਈਬਰਨੈਟਿਕਸ ਜਾਂ ਸੰਚਾਰ ਸਿਧਾਂਤ (communication theory) ਦੀ ਭਾਸ਼ਾ ਵਿਚ ਅਸੀਂ ਇਹ ਕਹਾਂਗੇ ਕਿ ਗੁਰਬਖ਼ਸ਼ ਸਿੰਘ ਨੇ ਅਜਿਹਾ ਭਾਸ਼ਾ-ਸੰਵਾਦ

ਰਚਿਆ ਹੈ, ਜਿਸ ਵਿਚ ਸੂਚਨਾ ਦੀ ਮਾਤਰਾ ਘੱਟ ਤੋਂ ਘੱਟ ਹੈ ਅਤੇ ਉਦਰਿਕਤਤਾ (redundancy) ਵੱਧ ਤੋਂ ਵੱਧ। ਪੰਜਾਬੀ ਪਾਠਕ ਲੇਖਕ ਦੀਆਂ ਭਾਸ਼ਾ-ਰੂਪ-ਵਿਧੀਆਂ ਨਾਲ ਏਨਾ ਇਕਮਿਕ ਹੋਇਆ ਹੁੰਦਾ ਹੈ ਕਿ ਅਰਥ ਨੂੰ ਗ੍ਰਹਿਣ ਕਰਨ ਲਈ ਕਿਸੇ ਸ਼ੰਕੇ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ। ਗੁਰਬਖ਼ਸ਼ ਸਿੰਘ ਜਿਸ ਸੂਚਨਾ ਦਾ ਸੰਚਾਰ ਕਰਦਾ ਹੈ, ਉਹ ਸੀਮਿਤ ਹੁੰਦੀ ਹੈ, ਪਰ ਜਿਸ ਵਿਆਖਿਆ ਸ਼ੈਲੀ ਨੂੰ ਉਹ ਬਾਰ-ਬਾਰ ਦੁਹਰਾਂਦਾ ਹੈ, ਉਸ ਨਾਲ ਪਾਠਕ ਆਦਤਨ ਏਨਾ ਵਾਕਫ਼ ਬਣ ਜਾਂਦਾ ਹੈ ਕਿ ਗੁਰਬਖ਼ਸ਼ ਸਿੰਘ ਦੇ ਕਥਨਾਂ ਵਿਚਲੀ ਸੂਚਨਾ ਬਾਰੇ ਪਹਿਲੇ ਗਿਆਨ ਦੇ ਸੰਦਰਭ ਵਿਚ ਸਹਿਜ ਅਨੁਮਾਨ ਲਗਾਇਆ ਜਾ ਸਕਦਾ ਹੈ। ਦੂਜੇ ਸ਼ਬਦਾਂ ਵਿਚ ਲੇਖਕ ਦੀ ਭਾਸ਼ਾ ਪੂਰਵ-ਸੂਚਨੀ (predictable) ਹੈ। ਸੰਚਾਰ ਸਿਧਾਂਤ ਦੀ ਇਹ ਧਾਰਨਾ ਹੈ ਕਿ ਜਿਸ ਕਥਨ ਵਿਚ ਵੱਧ ਤੋਂ ਵੱਧ ਸੂਚਨਾ ਹੋਏਗੀ, ਉਥੇ ਘੱਟ ਤੋਂ ਘੱਟ ਉਦਰਿਕਤਤਾ (redundancy) ਮਿਲੇਗੀ ਅਤੇ ਜਿਥੇ ਵੱਧ ਤੋਂ ਵੱਧ ਉਦਰਿਕਤਤਾ ਹੁੰਦੀ ਹੈ, ਉਥੇ ਘੱਟ ਤੋਂ ਘੱਟ ਸੂਚਨਾ ਮਿਲਦੀ ਹੈ।

ਉਦਰਿਕਤਤਾ ਅਤੇ ਸੂਚਨਾ ਜਿਨ੍ਹਾਂ ਆਧਾਰਾਂ ਨੂੰ ਜਨਮ ਦੇਂਦੀ ਹੈ, ਉਨ੍ਹਾਂ ਵਿੱਚੋਂ ਹੇਠ-ਲਿਖੇ ਪ੍ਰਮੁੱਖ ਹਨ :

ਉਦਰਿਕਤਤਾ	**ਸੂਚਨਾ**
1. ਪਹਿਲਾਂ ਤੋਂ ਹੀ ਥਾਪੇ ਹੋਏ ਸਥਾਪਨਾ ਨੇਮ	1. ਨਵੀਂ ਰੀਤੀ ਸਥਾਪਕ ਨੇਮ
2. ਸਭ ਕੁਝ ਪਹਿਲਾਂ ਹੀ ਜਾਣਿਆ ਹੁੰਦਾ ਹੈ	2. ਇਥੇ ਵੱਧ ਤੋਂ ਵੱਧ ਅਗਿਆਤ
3. ਸਾਧਾਰਨ (ਕੱਥ)	3. ਮੌਲਿਕ (ਕੱਥ)
4. ਅਨੁਮਾਨਿਆ ਜਾ ਸਕਦਾ ਹੈ	4. ਸੰਭਾਵੀ
5. ਬੁੱਧੀ ਪਰਕ	5. ਕਲਪਨਾਮਈ

ਜੇਕਰ ਉਦਰਿਕਤਤਾ ਅਤੇ ਸੂਚਨਾ ਦੋਵੇਂ ਜ਼ਿਆਦਾ ਮਾਤਰਾ ਵਿਚ ਹੋਣ ਤਾਂ ਕਹੀ ਜਾ ਰਹੀ ਗੱਲ ਮਨੋਹਾਰੀ ਨਹੀਂ ਬਣ ਸਕਦੀ। ਜੇਕਰ ਦੋਹਾਂ ਵਿਚ ਪਰਸਪਰ ਤਵਾਜ਼ਨ ਦੀ ਘਾਟ ਮਿਲੇ ਤਾਂ ਕਥਨ ਧਿਆਨ ਖਿੱਚਣ ਵਿਚ ਅਸਫਲ ਸਿੱਧ ਹੁੰਦਾ ਹੈ। ਤਰਕ ਦੀ ਭਾਸ਼ਾ ਵਿਚ ਵਧੇਰੇ ਉਦਰਿਕਤਤਾ ਦੀ ਮਾਤਰਾ ਹੁੰਦੀ ਹੈ ਅਤੇ ਕਾਵਿ-ਭਾਸ਼ਾ ਵਿਚ ਸੂਚਨਾ ਦੀ ਪ੍ਰਧਾਨਤਾ ਹੁੰਦੀ ਹੈ। ਗੁਰਬਖ਼ਸ਼ ਸਿੰਘ ਨੇ ਰੂਪਕ ਵਰਤੋਂ ਕਰਦਿਆਂ ਤਰਕ ਭਾਸ਼ਾ ਵੱਲ ਝੁਕਾਅ ਰਖਿਆ ਹੈ। ਆਮ ਬੋਲਚਾਲ ਦੀ ਭਾਸ਼ਾ ਵਿਚ ਦੋਵੇਂ ਹੀ ਪੱਖ ਉਦਰਿਕਤਤਾ (redundancy) ਅਤੇ ਸੂਚਨਾ (information) ਤਵਾਜ਼ਨ ਦੇ ਘੇਰੇ ਵਿਚ ਰਹਿੰਦੀਆਂ ਹਨ। ਪਰ ਤਰਕ ਅਤੇ ਕਾਵਿ-ਭਾਸ਼ਾਵਾਂ ਦੋਵੇਂ ਹੀ ਜਾਂ ਤਾਂ ਵੱਧ ਉਦਰਿਕਤਤਾ ਵੱਲ ਅਤੇ ਜਾਂ ਵੱਧ ਸੂਚਨਾ ਵੱਲ ਯਾਤਰਾ ਕਰਦੀਆਂ ਹਨ। ਗੁਰਬਖ਼ਸ਼ ਸਿੰਘ ਆਪਣੇ ਗੱਦ ਸੰਵਾਦ ਵਿਚ ਜਦੋਂ ਆਪਣੀ ਭਾਸ਼ਾ ਦੀ ਘਾੜਤ ਕਰਦਾ ਹੈ ਤਾਂ ਆਮ ਬੋਲਚਾਲ ਦੇ ਮੁਹਾਵਰੇ ਤੋਂ ਰਤਾ ਭਿੰਨ ਹੋਣ ਲਈ ਕੁਝ ਧੁਨੀ

ਮੂਲਕ, ਵਾਕ ਬਣਤਰੀ ਅਤੇ ਅਰਥਵਤ ਪੱਧਰਾਂ ਉਪਰ ਕੁਝ ਜੁਗਤਾਂ ਦੀ ਵਰਤੋਂ ਕਰਦਾ ਹੈ। ਇਸ ਨਾਲ ਸੰਵਾਦੀ ਪੱਧਰ ਉੱਤੇ ਉਸ ਦੀ ਰਚਨਾ ਆਮ ਬੋਲਚਾਲ ਦੀ ਬੋਲੀ ਤੋਂ ਦੂਰ ਹਟ ਕੇ ਅਜਨਬੀਅਤ ਵੱਲ ਉਲਾਂਘ ਪੁੱਟਦੀ ਹੈ। ਸ਼ੈਲੀ ਵਿਗਿਆਨ ਦੀ ਸ਼ਬਦਾਵਲੀ ਵਿਚ ਆਮ ਵਿਹਾਰ ਦੀ ਭਾਸ਼ਾ ਤੋਂ ਕਿਸੇ ਸਾਹਿਤਕ ਸੰਵਾਦ ਦੀ ਭਾਸ਼ਾ ਦਾ ਪਰਾਹੇ ਜਾਣਾ ਪ੍ਰਤਿਮਾਨ (norm) ਅਤੇ ਵਿਚੱਲਣ (deviation) ਅਖਵਾਉਂਦਾ ਹੈ। ਇਥੇ ਪ੍ਰਤਿਮਾਨ ਆਮ ਵਿਹਾਰਕ ਭਾਸ਼ਾ ਹੀ ਹੁੰਦੀ ਹੈ, ਵਿਚੱਲਣ (deviation) ਕਿਸੇ ਸਚੇਤ ਘਾੜਤ ਵਿਚ ਬੰਨ੍ਹੀ ਹੋਈ ਆਮ ਵਿਹਾਰ ਦੇ ਕੋਡ ਵਿੱਚੋਂ ਚੁਣੀ ਹੋਈ ਹੁੰਦੀ ਭਾਸ਼ਾ ਹੈ। ਧੁਨੀ ਦੀ ਪੱਧਰ ਉੱਤੇ ਗੁਰਬਖ਼ਸ਼ ਸਿੰਘ ਕੁਝ ਵਿਸ਼ੇਸ਼ ਧੁਨੀਆਂ ਅਜਿਹੇ ਕ੍ਰਮ ਵਿਚ ਪੇਸ਼ ਕਰਦਾ ਹੈ ਕਿ ਉਹ ਆਪਣਾ ਵੱਖਰਾ ਨਾਦ ਉਤਪੰਨ ਕਰਦੀਆਂ ਹਨ। ਇਹ ਧੁਨੀਆਂ ਕਿਤੇ ਅਨੁਪ੍ਰਾਸਕ ਰੂਪ ਧਾਰਨ ਕਰਦੀਆਂ ਹਨ ਅਤੇ ਕਿਤੇ ਹੋਰ ਵੱਖੋ-ਵੱਖਰੇ ਨਾਦੀ-ਪ੍ਰਬੰਧਾਂ ਵਿਚ ਬੱਝਦੀਆਂ ਹਨ ਕਿ ਸੁਹਜ-ਭਾਵ ਉਤਪੰਨ ਹੁੰਦਾ ਹੈ। ਕੁਝ ਉਦਾਹਰਣਾਂ ਹਾਜ਼ਰ ਹਨ:

ਨਿਮਨ-ਲਿਖਤ ਪੰਗਤੀਆਂ ਵਿਚ 'ਸ' ਧੁਨੀ ਦਾ ਨਾਦ ਉਚੇਚਾ ਧਿਆਨ ਖਿੱਚਦਾ ਹੈ:

(ੳ) ਨਾ ਬਹੁਤੀ ਸੇਵਾ ਕਰਾਈ, ਨਾ ਬਹੁਤਾ ਸਤਿਕਾਰ ਮੰਗਿਆ, ਨਾ ਬਹੁਤੀਆਂ ਆਸਾਂ ਰਖੀਆਂ ਤੇ ਨਾ ਬਹੁਤਾ ਕਿਸੇ ਤੋਂ ਨਿਰਾਸ਼ ਹੋਇਆ ਹਾਂ।

(ਅ) ਖ਼ੁਸ਼ੀ, ਸਿਹਤ ਤੇ ਸੁਖਾਵੀਂ ਸੁਹਾਣੀ ਉਮਰ।

(ੲ) ਸਿਰਜਣਹਾਰ ਨੇ ਸਭ ਕੁਝ ਠੀਕ ਬੜਾ ਸੋਹਣਾ ਸਾਜਿਆ।

(ਸ) ਜਿਸ ਸੋਨੇ ਨਾਲ ਸਾਰਾ ਅੰਦਰ ਬਾਹਰ ਸੁਨਹਿਰੀ ਕੀਤਾ ਜਾ ਸਕਦਾ ਸੀ।

ਇਨ੍ਹਾਂ ਪੰਗਤੀਆਂ ਨਾਲ ਅਨੁਨਾਸਕ ਧੁਨੀਆਂ ਦੇ ਪੈਟਰਨ ਨੂੰ ਪਛਾਣਿਆ ਜਾ ਸਕਦਾ ਹੈ:

(ੳ) ਰੋਜ਼ਾਨਾ ਅਸ਼ਨਾਨ ਮੇਰਾ ਨਿਤਨੇਮ ਹੀ ਨਹੀਂ, ਮੇਰੀਆਂ ਵੱਡੀਆਂ ਖ਼ੁਸ਼ੀਆਂ ਵਿੱਚੋਂ ਇਕ ਹੈ।

(ਅ) ਮਨੁੱਖੀ ਬੋਲੀ ਮੇਰਾ ਸਿਮਰਨ ਹੈ ਤੇ ਮਾਂ-ਬੋਲੀ ਦੇ ਸ਼ਬਦ ਮੇਰੀ ਮਾਲਾ ਹਨ।

(ੲ) ਉਹਦਾ ਰੋਮ-ਰੋਮ ਮੱਲ ਲਿਆ।

(ਸ) ਨਿਤ ਨਵੇਂ ਪਾਸੇ ਭੁਆ ਕੇ ਨਵੇਰਾ ਹੁਸਨ ਝਲਕਾ ਲੈਂਦੇ ਹਨ।

(ਹ) ਮੌਤ! ਚਲੋ ਮੌਤ ਤੇ ਮੌਤ ਹੀ ਸਹੀ—ਕੌਣ ਅੱਗੇ ਮੋਇਆ ਨਹੀਂ ਤੇ ਕਿਸ ਅੱਗੇ ਮਰਨਾ ਨਹੀਂ।

ਉਪਰੋਕਤ ਗੱਦ ਨਮੂਨੇ ਸਹਿਜੇ ਹੀ ਚੁਣੇ ਗਏ ਹਨ, ਜਿਨ੍ਹਾਂ ਵਿਚ ਕੁਝ ਧੁਨੀਆਂ ਵਿਸ਼ੇਸ਼ ਪੈਟਰਨਾਂ ਵਿਚ ਬੰਨ੍ਹ ਕੇ ਦੁਹਰਾਈਆਂ ਗਈਆਂ ਹਨ। ਇਹ ਸ਼ਬਦ-ਇਕਾਈਆਂ

ਦੇ ਆਰੰਭ ਵਿਚ, ਮੱਧ ਵਿਚ ਨਹੀਂ ਅੰਤ ਵਿਚ ਅਜਿਹੇ ਢੰਗ ਨਾਲ ਦੁਹਰਾਈਆਂ ਗਈਆਂ ਹਨ ਕਿ ਕਿਤੇ ਉਹ ਤੁਲਨਾ (contrast) ਦਾ ਸੰਬੰਧ ਸਥਾਪਤ ਕਰਦੀਆਂ ਹਨ ਅਤੇ ਕਿਤੇ ਸਮਾਨਤਾ। ਇਸੇ ਤਰ੍ਹਾਂ ਸੁਰ (tone), ਬਲ (stress) ਤੇ ਸੁਰਲਹਿਰੀ (intonation) ਦੀ ਦ੍ਰਿਸ਼ਟੀ ਤੋਂ ਵੀ ਗੁਰਬਖ਼ਸ਼ ਸਿੰਘ ਦੀ ਰਚਨਾ ਦੇ ਧੁਨੀ-ਪ੍ਰਬੰਧ ਦਾ ਵਿਸ਼ਲੇਸ਼ਣ ਕੀਤਿਆਂ ਬੜੇ ਦਿਲਚਸਪ ਨੁਕਤੇ ਉੱਭਰ ਕੇ ਆ ਸਕਦੇ ਹਨ। ਧੁਨੀ-ਪ੍ਰਬੰਧ ਦੇ ਪੱਖ ਤੋਂ ਗੁਰਬਖ਼ਸ਼ ਸਿੰਘ ਅਨੁਕਰਣਮੂਲਕ ਸ਼ਬਦਾਂ (onomatopoeic words) ਦੀ ਵਰਤੋਂ ਕਰਕੇ ਵੀ ਭਿੰਨ-ਭਿੰਨ ਪ੍ਰਭਾਵ ਉਤਪੰਨ ਕਰਦਾ ਹੈ। ਉਦਾਹਰਣ ਲਈ ਰੌਣਕ ਵੱਲ ਸੰਕੇਤ ਕਰਨ ਲਈ 'ਡੰਮ ਡੰਮ' ਅਨੁਕਰਣਮੂਲਕ ਸ਼ਬਦ ਦੀ ਵਰਤੋਂ:

'ਤੁਹਾਡੀ ਸਾਰੀ ਦੁਨੀਆਂ ਡੰਮ ਡੰਮ ਕਰਨ ਲੱਗ ਪੈਂਦੀ ਸੀ।'

ਹੇਠ ਲਿਖੇ ਵਾਕ ਵਿਚ 'ਉਚੀ, ਝਿਕੀ, ਛੋਟੀ, ਜ਼ੋਰਦਾਰ, ਚਿਟੀ, ਗਹਿਰੀ, ਹੌਲੀ, ਭਾਰੀ' ਸ਼ਬਦ ਆਕਾਰ ਨੂੰ ਧੁਨੀ-ਅਨੁਕਰਣ ਦੁਆਰਾ ਪੇਸ਼ ਕਰਦੇ ਹਨ:

'ਇਕ ਲਹਿਰ ਹਾਂ ਜੀਵਨ ਸਾਗਰ ਦੀ।' ਜਿੰਨਾ ਚਿਰ ਇਹ ਲਹਿਰ ਕਾਇਮ ਰਹਿ ਸਕਦੀ ਹੈ, ਇਹਦਾ ਨਾਂ ਲਿਆ ਜਾਏਗਾ—'ਉਚੀ, ਝਿਕੀ, ਛੋਟੀ, ਜ਼ੋਰਦਾਰ, ਚਿਟੀ, ਗਹਿਰੀ, ਹੌਲੀ, ਭਾਰੀ'—ਪਰ ਓੜਕ ਇਹ ਲਹਿਰ ਮੁੱਕ ਜਾਏਗੀ।

ਹੇਠਲੇ ਵਾਕ ਵਿਚ ਗਿਲੋਟੀਨ 'ਤੇ ਵਾਪਰਿਆ ਸਾਕਾ 'ਧੜੱਮ' ਸ਼ਬਦ ਨਾਲ ਸਮੂਰਤ ਹੋ ਜਾਂਦਾ ਹੈ:

'ਧੜੱਮ ਲਹੂ ਲਿਬੜਿਆ ਟੋਕਾ ਡਿੱਗਾ।'

ਆਮ ਵਿਹਾਰ ਦੇ ਭਾਸ਼ਾ ਕੋਡ ਤੋਂ ਵੱਖਰਤਾ ਪ੍ਰਾਪਤ ਕਰਨ ਲਈ ਗੁਰਬਖ਼ਸ਼ ਸਿੰਘ ਸਮਾਨੰਤਰਵਾਦ ਨੂੰ ਵੀ ਇਕ ਜੁਗਤ ਵਾਂਗੂ ਵਰਤਦਾ ਹੈ। ਉਹ ਆਪਣੇ ਇੱਕੋ ਵਾਕ ਵਿਚ ਅਜਿਹੇ ਢੰਗ ਨਾਲ ਸ਼ਬਦ ਪ੍ਰਯੋਗ ਕਰਦਾ ਹੈ ਕਿ ਤੁਲਨਾਤਮਕ ਪੈਟਰਨ ਉਭਰਦੇ ਹਨ। ਕੁਝ ਉਦਾਹਰਣਾਂ ਪੇਸ਼ ਹਨ:

(ੳ) ਉਹਦਾ ਯਕੀਨ ਹੈ ਕਿ ਨਿਗੂਣੇ ਤੋਂ 'ਨਿਗੂਣਾ' ਮਨੁੱਖ ਵੀ ਜ਼ਿੰਦਗੀ ਨੂੰ ਚੰਗਾ 'ਤਕੜਾ' ਘੋਲ ਦੇ ਸਕਦਾ ਹੈ।

(ਅ) ਉਨ੍ਹਾਂ ਦੀ ਮਾਂ-ਬੋਲੀ ਹੁਣ ਆਪਣੇ ਘਰ ਵਿਚ 'ਗੋਲੀ' ਨਹੀਂ ਰਹੀ, 'ਰਾਣੀ' ਬਣ ਗਈ ਹੈ।

(ੲ) ਉਨ੍ਹਾਂ ਵਿਚ 'ਸਵੈ-ਭੁਲਾਵੈ' ਦੀ ਊਂਘ ਭਾਵੇਂ ਹੁੰਦੀ ਹੈ, 'ਸਵੈ-ਪ੍ਰਕਾਸ਼' ਦਾ ਖੇੜਾ ਨਹੀਂ ਹੁੰਦਾ।

(ਸ) ਤੁਹਾਨੂੰ ਮੌਤ 'ਡਰਾਉਣੀ' ਨਹੀਂ, 'ਸੁਹਾਉਣੀ' ਲੱਗੇਗੀ।

(ਹ) ਕਲਾ ਦੇ ਪਾਤਰ 'ਮੋਟਰ ਕਿਸ਼ਤੀਆਂ' ਵਿਚ ਨਹੀਂ, 'ਕੱਚੇ ਘੜਿਆਂ' 'ਤੇ ਤਰਦੇ ਹਨ।

(ਕ) ਮੇਰੇ ਦਾਦੀ ਜੀ 'ਬੁੱਢੇ' ਹਨ, 'ਬਹੁਤ ਬੁੱਢੇ', ਤਿੰਨ ਉੱਤੇ ਤਰਿਆਨਵੇਂ ਵਰ੍ਹਿਆਂ ਦੇ। ਇਹ 'ਛੋਟੇ' ਹਨ, 'ਬਹੁਤ ਛੋਟੇ', ਮਸਾਂ ਚਾਰ ਤੇ ਅੱਧਾ ਫ਼ੁੱਟ। ਇਹ ਖ਼ੁਸ਼ ਹਨ, ਬੜੇ ਖ਼ੁਸ਼, ਜੀਕਰ ਸੁਨਹਿਰੀ ਕਿਰਨਾਂ ਚੁੰਮਿਆਂ ਕੰਵਲ।

ਪ੍ਰਤਿਮਾਨ ਤੋਂ ਵਿਚੱਲਨ ਵੱਲ ਯਾਤਰਾ ਕਰਨ ਲਈ ਲੇਖਕ ਵਿਆਕਰਣ ਦੇ ਭਿੰਨ-ਭਿੰਨ ਪੱਧਰਾਂ ਉਪਰ ਆਮ ਵਿਹਾਰਕ ਭਾਸ਼ਾ ਨੂੰ ਇਉਂ ਬਦਲਦਾ ਹੈ ਕਿ ਆਦੇਸ਼-ਮੂਲਕ ਵਿਆਕਰਣ ਦੇ ਨੇਮ ਭੰਗ ਹੁੰਦੇ ਹਨ। ਪਰ ਉਹ ਵਿਆਕਰਣ ਦੀ ਪੱਧਰ ਉਪਰ ਅਜਿਹੀਆਂ ਖੁਲ੍ਹਾਂ ਲੈਂਦਾ ਹੈ, ਜਿਸ ਨਾਲ ਉਸ ਦੀ ਭਾਸ਼ਾ ਵਰਤੋਂ ਵਿਚ ਲੋੜੀਂਦੀ ਅਜਨਬੀਅਤ ਪੈਦਾ ਹੁੰਦੀ ਹੈ। ਇਸ ਖੇਤਰ ਵਿਚ ਵਿਚੱਲਨ ਦੇ ਸਭ ਤੋਂ ਜ਼ਿਆਦਾ ਦਿਲਚਸਪ ਨਮੂਨੇ ਅਰਥ ਦੀ ਪੱਧਰ ਉਪਰ ਮਿਲਦੇ ਹਨ, ਜਿਥੋਂ ਉਹ ਅਜੀਵ ਵਿਸ਼ਿਆਂ ਨੂੰ ਸਜੀਵ ਗੁਣ ਪ੍ਰਦਾਨ ਕਰਦਾ ਹੈ।

ਹੇਠ ਲਿਖੇ ਉਦਾਹਰਣ ਵਿਚ ਉਹ ਆਪਣੇ ਅੰਗਾਂ ਨੂੰ + ਸਜੀਵ, + ਮਾਨਵੀ (+ animate, + human) ਗੁਣ ਪ੍ਰਦਾਨ ਕਰਕੇ ਉਨ੍ਹਾਂ ਨਾਲ ਗੱਲਾਂ ਕਰਦਾ ਹੈ:

(ੳ) 'ਅੰਗ-ਅੰਗ ਨੂੰ ਮਲਣ, ਧੋਣ, ਉਹਦੇ ਨਾਲ ਗੱਲਾਂ ਕਰਨ ਦਾ ਸੁਆਦ ਮੈਂ ਸਦਾ ਲਿਆ ਹੈ।'

ਹੇਠ ਲਿਖੀਆਂ ਪੰਗਤੀਆਂ ਵਿਚ ਸੂਰਜ, ਪੌਣ, ਪਾਣੀ ਨੂੰ + ਸਜੀਵ ਅਤੇ + ਮਾਨਵੀ ਗੁਣ ਪ੍ਰਦਾਨ ਕਰਕੇ ਉਸ ਨਾਲ ਆਪਣੇ ਆਪ ਨੂੰ ਸੰਵਾਦ ਵਿਚ ਪੇਸ਼ ਕੀਤਾ ਹੈ:

> ਸੂਰਜ ਪੌਣ ਤੇ ਪਾਣੀ ਮੇਰੇ ਇਸ਼ਕ ਹਨ। ਇਨ੍ਹਾਂ ਕੋਲੋਂ ਕੋਈ ਭੇਤ ਆਪਣਾ ਮੈਂ ਲੁਕੋ ਕੇ ਨਹੀਂ ਰੱਖਦਾ। ਜਿਹੜਾ ਵੀ ਮੈਨੂੰ ਲੋੜ ਪਵੇ ਉਹ ਮੈਂ ਚੜ੍ਹਦੇ ਸੂਰਜ ਕੋਲੋਂ ਮੰਗਦਾ ਹਾਂ—ਜੇ ਕਦੇ ਸੋਨੇ ਦੀ ਲੋੜ ਮੈਨੂੰ ਪੈ ਜਾਵੇ ਤਾਂ ਸੂਰਜ ਰਾਣੇ ਦੇ ਸਾਹਮਣੇ ਖੜੋ ਕੇ ਆਖਦਾ ਹਾਂ—'ਕਿਣਕਾ ਭਰ ਆਪਣਾ ਸੋਨਾ ਮੇਰੇ ਜੀਵਨ ਵਿਚ ਪਾ ਦੇ।'

ਪੰਜਾਬੀ ਭਾਸ਼ਾ ਦੀ ਵਰਤੋਂ-ਵਿਹਾਰ ਵਿੱਚੋਂ ਕੁਝ ਸ਼ਬਦਾਂ ਨੂੰ ਚੁਣ ਕੇ ਗੁਰਬਖ਼ਸ਼ ਸਿੰਘ ਅਜਿਹੇ ਵਾਕੰਸ਼ਾਂ ਜਾਂ ਪ੍ਰਗਟਾਵਿਆਂ ਵਿਚ ਜੋੜਦਾ ਹੈ ਕਿ ਉਹ ਸਾਡੀ ਪ੍ਰਤਿਮਾਣਕ ਵਿਆਕਰਣ ਦੀ ਸੂਝ ਨੂੰ ਚੌਂਕਾ ਦੇਂਦੇ ਹਨ। ਆਦੇਸ਼-ਮੂਲਕ ਵਿਆਕਰਣ ਦੇ ਮੁਤਾਬਿਕ ਅਜਿਹੇ ਵਾਕ ਜਾਂ ਪ੍ਰਗਟਾਵੇ ਗ਼ਲਤ ਮੰਨੇ ਜਾਂਦੇ ਹਨ, ਪਰ ਭਾਸ਼ਾ ਵਿਚ ਅਜਿਹੀ ਵਰਤੋਂ ਸੰਭਵ ਹੋ ਸਕਦੀ ਹੈ। ਇਸ ਕਾਰਨ ਇਨ੍ਹਾਂ ਨੂੰ ਵਿਆਕਰਣ ਸ਼ੁੱਧਤਾ ਜਾਂ ਅਸ਼ੁੱਧਤਾ ਦੇ ਨਿਰਣੇ ਦੇ ਕੇ ਪਰਖਿਆ ਨਹੀਂ ਜਾ ਸਕਦਾ। ਇਨ੍ਹਾਂ ਦੇ ਅਰਥ ਅਤੇ ਵਰਤੋਂ ਦੀ ਸੰਭਾਵਨਾ ਸਵੀਕ੍ਰਿਤੀ ਪੈਮਾਨੇ (scale of acceptability) ਉਪਰ ਰੱਖ ਕੇ ਪਛਾਣੀ ਜਾ ਸਕਦੀ ਹੈ। ਭਾਸ਼ਾ ਦੇ ਸਮੁੱਚੇ ਘੇਰੇ ਵਿਚ ਅਜਿਹੀਆਂ ਬਣਤਰਾਂ ਨੂੰ ਰੱਦ ਨਹੀਂ ਕੀਤਾ ਜਾ ਸਕਦਾ। ਕੁਝ ਉਦਾਹਰਣਾਂ ਪੇਸ਼ ਹਨ:

(ੳ) 'ਖਿੜੀ ਝਾਤੀ' ਵਾਲੇ ਬਜ਼ੁਰਗ ਦੀ ਸਿਹਤ ਅਜੇ ਵੀ ਲਿਸ਼ਕਦੀ ਹੈ।

(ਅ) ਲਿਸ਼ਕਦੀ ਸਿਹਤ ਸਿਰਫ਼ ਲਿਸ਼ਕਦੀਆਂ ਆਦਤਾਂ ਦਾ ਹੀ ਝਲਕਾਰਾ ਹੁੰਦੀ ਹੈ।

(ੲ) ਉਹਦੇ ਗਲੇ ਵਿੱਚੋਂ ਅਨੋਖੇ ਹੁਨਰ ਦੀਆਂ ਲਹਿਰਾਂ ਉਠਦੀਆਂ ਹਨ।

ਗੁਰਬਖ਼ਸ਼ ਸਿੰਘ ਨੇ ਜਿਥੇ ਭਾਸ਼ਾ ਦੇ ਸ਼ਾਬਦਿਕ ਰੂਪਾਂ ਨੂੰ ਆਪਣੇ ਸੰਵਾਦ ਲਈ

ਭਿੰਨ-ਭਿੰਨ ਘਾੜਤਾਂ ਵਿਚ ਘੜਿਆ ਹੈ, ਉਥੇ ਭਾਸ਼ਾ ਦੇ ਹੋਰ ਸੋਮੇਂ, ਜਿਨ੍ਹਾਂ ਵਿਚ ਹਾਵ-ਭਾਵ ਪ੍ਰਮੁੱਖ ਹਨ, ਦੀ ਵੀ ਯੋਗ ਵਰਤੋਂ ਕੀਤੀ ਹੈ। ਭਾਸ਼ਾ ਕੇਵਲ ਸ਼ਬਦੀ ਵਿਹਾਰ ਨਹੀਂ, ਇਸ ਵਿਚ ਸਾਡੇ ਸਰੀਰ ਦੇ ਭਿੰਨ-ਭਿੰਨ ਅੰਗਾਂ ਦੁਆਰਾ ਪ੍ਰਗਟਾਈਆਂ ਭਿੰਨ-ਭਿੰਨ ਮੁਦ੍ਰਾਵਾਂ ਵੀ ਸੰਚਾਰ ਵਿਚ ਬਹੁਤ ਵੱਡਾ ਰੋਲ ਅਦਾ ਕਰਦੀਆਂ ਹਨ। ਮੁਦ੍ਰਾਵਾਂ ਜਾਂ ਹਾਵ-ਭਾਵ ਸ਼ਾਬਦਿਕ ਭਾਸ਼ਾ ਵਿਚਲੇ ਸੰਚਾਰ ਨੂੰ ਸਮਰਥਨ ਪ੍ਰਦਾਨ ਕਰਨ ਜਾਂ ਉਸ ਦਾ ਵਿਰੋਧ ਕਰਕੇ ਉਚਾਰਣੀ ਵਤੀਰੇ ਨੂੰ ਵਧੇਰੇ ਜਟਿਲ ਬਣਾਉਣ ਵਿਚ ਬਹੁਤ ਵੱਡਾ ਹਿੱਸਾ ਪਾਉਂਦੀਆਂ ਹਨ। ਹਾਵਾਂ ਭਾਵਾਂ ਦੀ ਭਾਸ਼ਾ ਦਾ ਅਧਿਐਨ ਕਰਨ ਵਾਲੀ ਵਿੱਦਿਆ ਨੂੰ ਹਾਵ-ਭਾਵ ਵਿਗਿਆਨ (kinesics) ਕਹਿੰਦੇ ਹਨ। ਗੁਰਬਖ਼ਸ਼ ਸਿੰਘ ਜਦੋਂ ਭਾਸ਼ਾ ਵਰਤੋਂ ਨੂੰ ਭਿੰਨ-ਭਿੰਨ ਸਥਿਤੀਆਂ ਵਿਚ ਪੇਸ਼ ਕਰਦਾ ਹੈ ਤਾਂ ਨਾਲ ਚੱਲ ਰਹੇ ਮੁਦਰਾ ਭਾਸ਼ਾ ਦੇ ਵਪਾਰ ਦਾ ਵਰਣਨ ਕਰਦਾ ਹੈ, ਜਿਸ ਨਾਲ ਉਸ ਦੀ ਭਾਸ਼ਾ ਦਾ ਪ੍ਰਭਾਵ-ਉਤਪਾਦਕ ਗੁਣ ਵੱਧ ਜਾਂਦਾ ਹੈ। ਸਮੇਂ ਦੀ ਘਾਟ ਕਾਰਨ ਮੈਂ ਆਪਣੀ ਦਲੀਲ ਦੀ ਪੁਸ਼ਟੀ ਵਿਚ ਇਥੇ ਕੁਝ ਕੁ ਉਦਾਹਰਣਾਂ ਪੇਸ਼ ਕਰਦਾ ਹਾਂ, ਜਿਥੇ ਅੱਖਾਂ ਦੀ ਹਰਕਤ, ਸਰੀਰ, ਵਿਸ਼ੇਸ਼ ਕਰ ਹੱਥਾਂ ਦੀ ਛੁਹ, ਆਦਿ ਦਾ ਵਰਣਨ ਕਿਵੇਂ ਲੇਖਕ ਦੀ ਭਾਸ਼ਾ ਨੂੰ ਪੁਸ਼ਟ ਕਰਦਾ ਹੈ:

(ੳ) ਸਵਾਲ ਕਰਨ ਵਾਲੇ ਦੀਆਂ **'ਅੱਖਾਂ ਵਿਚ ਕੋਈ ਅਕਹਿ ਨਫ਼ਰਤ'** ਹੈਰਾਨ ਹੋ ਕੇ ਖੜੋ ਗਈ ਸੀ।

(ਅ) ਤੇ ਏਸ ਸੁਹਣੇ ਬਜ਼ੁਰਗ ਨੇ ਸਵਾਲ ਕਰਨ ਵਾਲੇ ਦਾ **'ਹੱਥ ਫੜ ਕੇ ਘੁਟਿਆ'** ਤੇ ਉਹਦੀਆਂ **'ਸਤਿਕਾਰ ਭਰੀਆਂ ਅੱਖਾਂ'** ਵਿਚ ਬੜੇ ਪਿਆਰ ਨਾਲ ਤੱਕ ਕੇ ਆਖਿਆ।

(ੲ) ਸਰੋਤਿਆਂ ਨੇ ਪ੍ਰਸੰਸਾ ਦੀਆਂ **'ਤਾਲੀਆਂ ਵਜਾਈਆਂ'**।

(ਸ) ਲਿੰਗ ਦੀ ਅੰਨ੍ਹੀ ਖਿੱਚ ਤੋਂ ਉਤਾਂਹ ਹੋ ਕੇ ਮਰਦ ਨੇ **'ਇਸਤਰੀ ਦੀਆਂ ਅੱਖਾਂ ਵਿਚ ਤੱਕਿਆ'**।

(ਹ) ਹੁਣ ਉਹਨਾਂ ਇਕ ਦੂਜੇ ਦੀਆਂ **'ਅੱਖਾਂ ਵਿਚ ਤੱਕਿਆ, ਹੱਥਾਂ ਵਿਚ ਹੱਥ ਘੁੱਟ ਲਏ'**, ਜਦੋਂ ਟੋਕੇ ਕੋਲ ਪੁੱਜੇ, ਉਹਨਾਂ **'ਗਲਵਕੜੀ ਪਾ ਲਈ'**, ਤੇ **'ਭਿੱਜੀਆਂ ਅੱਖਾਂ ਨਾਲ ਜਲਾਦ'** ਕੋਲੋਂ ਦੋਵਾਂ ਨੇ ਪਹਿਲ ਮੰਗੀ।

ਇਸ ਤਰ੍ਹਾਂ ਹੀ ਵਾਕ ਦੀ ਪੱਧਰ 'ਤੇ ਜੇਕਰ ਗੁਰਬਖ਼ਸ਼ ਸਿੰਘ ਦੀ ਗੱਦ-ਰਚਨਾ ਦਾ ਵਿਸ਼ਲੇਸ਼ਣ ਕੀਤਾ ਜਾਏ, ਨਾਂਵ ਗਰੁੱਪ ਅਤੇ ਕਿਰਿਆ ਗਰੁੱਪ ਦੀਆਂ ਬਣਤਰਾਂ ਨੂੰ ਨਿਖੇੜ ਕੇ ਵੇਖਿਆ ਜਾਏ ਤਾਂ ਲੇਖਕ ਦੀ ਰਚਨਾ ਵਿੱਚੋਂ ਉਭਰਨ ਵਾਲੇ ਭਿੰਨ-ਭਿੰਨ ਪੈਟਰਨ ਬੜਾ ਦਿਲਚਸਪ ਅਧਿਐਨ ਪੇਸ਼ ਕਰ ਸਕਦੇ ਹਨ। ਇਹ ਆਪਣੇ ਆਪ ਵਿਚ ਹੀ ਵੱਖਰੇ ਪਰਚੇ ਦੀ ਮੰਗ ਕਰਦੇ ਹਨ। ਮੈਂ ਕੇਵਲ ਇਥੇ ਸੰਕੇਤ ਮਾਤਰ ਕਹਿਣਾ ਚਾਹੁੰਦਾ ਹਾਂ ਕਿ ਲੇਖਕ ਦੀ ਵਾਕ ਬਣਤਰ ਦਾ ਕੇਵਲ (nominal group) ਦਾ ਵਿਸ਼ਲੇਸ਼ਣ ਹੀ ਸਾਨੂੰ ਇਸ ਗੱਲ ਵੱਲ ਸੰਕੇਤ ਕਰੇਗਾ ਕਿ ਉਸ ਦੀ ਵਾਕ ਸੰਰਚਨਾ ਵਿਗਿਆਪਨ ਭਾਸ਼ਾ ਨਾਲ ਕਾਫ਼ੀ ਮਿਲਦੀ-ਜੁਲਦੀ ਹੈ। ਉਸ ਦਾ ਨਾਵਾਂ ਨੂੰ ਬਹੁਤੇ

ਕਰ ਕੇ ਕਿਰਿਆ ਵਰਗੇ ਚਰਿੱਤਰ ਵਿਚ ਢਾਲ ਕੇ ਪੇਸ਼ ਕਰਨਾ ਵੀ ਵਿਗਿਆਪਨੀ ਰੁਚੀ ਦਾ ਪ੍ਰਮਾਣ ਦੇਂਦਾ ਹੈ। ਹੇਠ ਲਿਖੇ ਵਾਕ ਕਿਸੇ ਵਿਗਿਆਪਨ ਦਾ ਸਿਰਲੇਖ ਲਗਦੇ ਹਨ:

(ੳ) ਕਈ ਮੋਟੇ ਨਕਸ਼ ਕਵਿਤਾ ਨਾਲ ਬਿਜਲਾਏ ਦਿਸਦੇ ਹਨ।
(ਅ) ਚੰਗੇਰੀ ਜ਼ਿੰਦਗੀ ਤੇ ਡੂੰਘੇਰਾ ਅਮਨ ਮਾਣਨ ਦੀਆਂ ਰੀਝਾਂ ਦੀ ਗਰਮ ਉਤਾਵਲ।
(ੲ) ਖ਼ੁਸ਼ੀ, ਸਿਹਤ ਤੇ ਸੁਖਾਵੀਂ ਸੁਹਾਣੀ ਉਮਰ ਦੇ ਭੇਤਾਂ ਦਾ ਭੇਦ।
(ਸ) ਚੀਜ਼ਾਂ ਦੀ ਚੀਜ਼ ਦਾ ਇਕ ਹਿੱਸਾ ਹੋਣ ਦੇ ਸਿਵਾ ਦੀ ਇੱਛਾ ਨਹੀਂ।
(ਹ) ਏਕ ਤੋਂ ਅਨੇਕ ਹੋਣਾ।
(ਕ) ਨਵੇਂ ਮੌਕੇ ਨਵੀਂ ਅਦਾ ਜਗਾਂਦੇ ਤੇ ਨਵੀਂ ਜਿੱਤ ਦਾ ਹੁਲਾਰਾ ਦੇਂਦੇ ਹਨ।

ਇਹ ਬਿਨਾਂ ਕਿਸੇ ਉਚੇਚ ਦੇ ਚੁਣੇ ਕੁਝ ਵਾਕ ਵਿਗਿਆਪਨੀ ਸੁਭਾਅ ਦੇ ਲਗਦੇ ਹਨ। ਅਸਲ ਵਿਚ ਨਿਬੰਧ ਅਤੇ ਵਿਗਿਆਪਨ ਦੋਹਾਂ ਵਿਚ ਇਕ ਤੱਤ ਸਾਂਝਾ ਹੈ। ਦੋਵੇਂ ਆਪਣੇ ਸਰੋਤਿਆਂ ਨੂੰ ਕਿਸੇ ਵਪਾਰਕ ਵਿਕਰੀ ਦੀ ਵਸਤੂ ਨੂੰ ਖ਼ਰੀਦਣ ਜਾਂ ਵਿਚਾਰਾਂ ਨਾਲ ਸਹਿਮਤ ਹੋਣ ਲਈ ਪ੍ਰੇਰਦੇ ਹਨ। ਜਾਫ਼ਰੀ ਲੀਚ ਕਿਸੇ ਵਿਗਿਆਪਨ-ਸੰਰਚਨਾ ਦੇ ਲੱਛਣ ਧਿਆਨ ਖਿੱਚਣ ਦੀ ਸਮਰੱਥਾ, ਪਠਨ ਯੋਗਤਾ/ਸੁਣਨ ਯੋਗਤਾ, ਯਾਦ ਹੋ ਜਾਣ ਦਾ ਗੁਣ ਅਤੇ ਵਿਕਰੀ ਸ਼ਕਤੀ ਦੱਸਦਾ ਹੈ। ਗੁਰਬਖ਼ਸ਼ ਸਿੰਘ ਦੀ ਗੱਦ ਸੰਰਚਨਾ ਵਿਚ ਭਾਸ਼ਾ ਦਾ ਮੁਹਾਂਦਰਾ ਵੀ ਆਕਰਸ਼ਣ ਪੈਦਾ ਕਰਨ ਵਾਲਾ, ਭਾਵ-ਪ੍ਰਧਾਨ ਅਤੇ ਸੁਨੇਹੇ ਨਾਲ ਲੱਦੇ ਹੋਣ (loaded character) ਵਾਲਾ ਹੈ। ਉਸ ਦੇ ਬਹੁਤੇ ਵਾਕਾਂ ਦਾ ਦਿਲ-ਖਿੱਚਵੇਂ ਨਾਹਰਿਆਂ ਦੇ ਰੂਪ ਵਿਚ ਪਛਾਣਿਆ ਜਾਣਾ ਇਸੇ ਤੱਥ ਵੱਲ ਸੰਕੇਤ ਕਰਦਾ ਹੈ। ਇਸ ਪਰਚੇ ਵਿਚ ਇਸ ਪਾਸੇ ਵੱਲ ਦੀ ਸੰਭਾਵਨਾ ਵੱਲ ਮੈਂ ਕੇਵਲ ਸੰਕੇਤ ਮਾਤਰ ਹੀ ਕਰਨਾ ਚਾਹੁੰਦਾ ਹਾਂ। ਇਸ ਗੱਲ ਦੀ ਪੁਸ਼ਟੀ ਲਈ ਲੇਖਕ ਦੀ ਰਚਨਾ ਦਾ ਵਧੇਰੇ ਨਿਕਟ ਅਧਿਐਨ ਕਰਨ ਦੀ ਲੋੜ ਹੈ।

ਅੰਤ ਵਿਚ ਮੈਂ ਗੁਰਬਖ਼ਸ਼ ਸਿੰਘ ਦੇ ਆਪਣੀ ਗੱਦ ਰਾਹੀਂ ਰਚੇ ਸੰਵਾਦ ਦੇ ਮਾਧਿਅਮ ਬਾਰੇ ਸੰਕੇਤ ਮਾਤਰ ਗੱਲ ਕਰਨਾ ਚਾਹਾਂਗਾ। ਕਿਸੇ ਸੰਵਾਦ ਦਾ ਮਾਧਿਅਮ ਉਚਾਰ ਵੀ ਹੋ ਸਕਦਾ ਹੈ ਅਤੇ ਲਿਖਤ ਸ਼ਬਦ ਵੀ। ਗੁਰਬਖ਼ਸ਼ ਸਿੰਘ ਦੀ ਰੁਚੀ ਲਿਖਤ ਮਾਣਿਕ ਭਾਸ਼ਾ ਦੇ ਮਾਧਿਅਮ ਨੂੰ ਗ੍ਰਹਿਣ ਕਰਨ ਦੀ ਹੈ। ਇਹ ਉਚਾਰ-ਭਾਸ਼ਾ ਨਾਲੋਂ ਰਤਾ ਪਰੇਡੀ ਹੈ ਅਤੇ ਪ੍ਰਯੋਜਨੀ ਭਾਸ਼ਾ ਸ਼ੈਲੀ ਦੇ ਵਧੇਰੇ ਨਿਕਟ ਹੈ। ਇਸ ਦੀ ਤੁਲਨਾ ਵਿਚ ਗੁਰਬਖ਼ਸ਼ ਸਿੰਘ ਦੇ ਸਮਕਾਲੀ ਹੋਰ ਗੱਦਕਾਰ, ਜਿਵੇਂ ਪ੍ਰਿੰਸੀਪਲ ਤੇਜਾ ਸਿੰਘ, ਲਾਲ ਸਿੰਘ ਕਮਲਾ ਅਕਾਲੀ, ਉਚਾਰ-ਭਾਸ਼ਾ ਦੇ ਵਧੇਰੇ ਨੇੜੇ ਹਨ, ਚਾਹੇ ਉਨ੍ਹਾਂ ਨੇ ਵੀ ਲਿਖਤ ਸ਼ਬਦ ਨੂੰ ਆਪਣਾ ਮਾਧਿਅਮ ਬਣਾਇਆ ਹੈ। ਪ੍ਰੋ. ਪੂਰਨ ਸਿੰਘ ਲਿਖਤ ਭਾਸ਼ਾ ਦੇ ਮੁਹਾਵਰੇ ਦੇ ਹੋਰ ਵੀ ਨੇੜੇ ਹੈ। ਗੁਰਬਖ਼ਸ਼ ਸਿੰਘ ਨੇ ਲਿਖਤ ਭਾਸ਼ਾ ਦੇ ਮੁਹਾਵਰੇ ਨੂੰ ਵੀ ਉਰਦੂ ਅਤੇ ਅੰਗਰੇਜ਼ੀ ਤੋਂ ਗ੍ਰਹਿਣ ਕੀਤਾ ਹੈ, ਕਿਉਂਕਿ ਇਹ ਦੋਵੇਂ ਜ਼ਬਾਨਾਂ ਹੀ ਪੰਜਾਬੀ ਜੀਵਨ ਦੀਆਂ ਸਭਿਆਚਾਰਕ ਲੋੜਾਂ ਦੀ ਪੂਰਤੀ ਲਈ ਵਰਤੀਆਂ ਜਾ

ਰਹੀਆਂ ਸਨ। ਇਸ ਤਰ੍ਹਾਂ ਉਸ ਦਾ ਲਿਖਤ ਸ਼ਬਦ ਦੇ ਨੇੜੇ ਹੋਣਾ ਉਸ ਦੇ ਬੋਲਾਂ ਨੂੰ ਨਾਗਰੀਕਰਣ ਦੇ ਕਾਰਨ ਪੈਦਾ ਹੋਏ ਸ਼ਿਸ਼ਟਾਚਾਰ ਅਤੇ ਉਸ ਦੇ ਜਟਿਲ ਸੰਚਾਰ ਸਿਸਟਮ ਨੂੰ ਧਾਰਨ ਕਰਨ ਵਿਚ ਯੋਗ ਬਣਾਉਂਦਾ ਹੈ। ਗੁਰਬਖ਼ਸ਼ ਸਿੰਘ ਦੇ ਭਾਸ਼ਾ ਸੰਵਾਦ ਵਿੱਚੋਂ ਬੋਲੀ ਵਾਲੇ ਅੰਸ਼ ਲਗਪਗ ਅਲੋਪ ਹਨ, ਪਰ ਉਸ ਨੇ ਇਸ ਨੂੰ ਪ੍ਰਯੋਜਨੀ ਪੱਖ ਤੋਂ ਆਮ ਵਿਹਾਰਕ ਕੋਡ ਤੋਂ ਏਨਾ ਦੂਰ ਵੀ ਨਹੀਂ ਜਾਣ ਦਿੱਤਾ ਕਿ ਸੰਚਾਰ ਵਿਚ ਰੁਕਾਵਟ ਪੈਦਾ ਹੋਏ। ਇਸੇ ਤਰ੍ਹਾਂ ਹੀ ਜੇਕਰ ਇਸ ਸੰਵਾਦ ਵਿਚ ਵੱਖੋ-ਵੱਖਰੀਆਂ ਧਿਰਾਂ ਦੀ ਸ਼ਮੂਲੀਅਤ ਦੇ ਪੱਖ ਤੋਂ ਵੀ ਵੇਖੀਏ ਤਾਂ ਗੁਰਬਖ਼ਸ਼ ਸਿੰਘ ਦੀਆਂ ਸੰਬੋਧਨ-ਜੁਗਤਾਂ ਵਿਚ ਬਾਕੀਆਂ ਦੇ ਮੁਕਾਬਲੇ ਵਿਚ ਜਟਿਲਤਾ ਪੈਦਾ ਹੋਈ ਹੈ। ਇਸ ਪੱਖ ਤੋਂ ਗੁਰਬਖ਼ਸ਼ ਸਿੰਘ ਦੀ ਵਪਾਰਕ ਕਲਾ-ਪ੍ਰਬੀਣਤਾ ਦਾ ਪ੍ਰਭਾਵ ਉਸ ਦੇ ਸੰਵਾਦ ਉਪਰ ਸਹਿਜੇ ਹੀ ਵੇਖਿਆ ਜਾ ਸਕਦਾ ਹੈ। ਉਸ ਦੀ ਸਾਹਿਤ ਸੰਰਚਨਾ ਸ਼ੁੱਧ ਸਾਹਿਤ ਬਿਰਤੀ ਵਾਲੀ ਨਹੀਂ, ਉਸ ਵਿਚ ਸਾਹਿਤਕ ਜੁਗਤਾਂ ਅਤੇ ਭਾਸ਼ਾ ਦੇ ਵਪਾਰਕ ਕੁਸ਼ਲਤਾ ਦੀ ਦ੍ਰਿਸ਼ਟੀ ਤੋਂ ਪ੍ਰਯੋਗ ਦੋਹਾਂ ਦਾ ਸੁਮੇਲ ਮਿਲਦਾ ਹੈ।

•

'ਕੰਜਕਾ' ਦਾ ਸ਼ੈਲੀ ਵਿਗਿਆਨਕ ਅਧਿਐਨ

ਰਾਜੇ ਦਾ ਹੁਕਮ ਹੋਇਆ
ਕੋਈ ਕੰਜਕਾ ਨੂੰ ਹੱਥ ਨਾ ਲਾਏ
ਨਾ ਅੱਖ ਲੁੱਚੀ ਤੇ ਨਾ ਅੱਖ ਸੁੱਚੀ
ਕੰਜਕਾ ਦੇ ਘਰ ਤਕ ਜਾਏ।

ਕੰਜਕਾ ਤਾਂ ਕਾਮੀ ਪਿਉ ਦੀ ਜਾਈ
ਕੋਈ ਬਾਪ ਨਾ ਗੋਦ ਖਿਡਾਏ
ਮਾਂ ਦਾ ਥਣ ਕਿਸੇ ਮਰਦ ਨੇ ਚੁੰਘਿਆ
ਉਹ ਵੀ ਪੁਣ ਕੇ ਦੁੱਧ ਪਿਆਏ।

ਨੰਗੀਆਂ ਜੀਭਾਂ ਤੇ ਕੱਜੀਆਂ ਜੀਭਾਂ
ਸਾਏ ਤੇ ਹਮਸਾਏ
ਕੰਜਕਾ ਦੇ ਲਾਗੇ ਕੋਈ ਨਾ ਕੂਏ
ਨਾ ਕੁਝ ਸੁਣੇ ਸੁਣਾਏ।

ਅੱਧੀ ਅੱਧੀ ਰਾਤੀ ਕੰਜਕਾ ਜਾਗੀ
ਤੇ ਮਾਂ ਨੂੰ ਪਈ ਜਗਾਏ
ਮਾਏ ਨੀ ਮੇਰੇ ਢਿਡ ਵਿਚ ਚਾਨਣ
ਮੈਨੂੰ ਪਿਆ ਬੁਲਾਏ।

ਅੰਦਰ ਮੇਰੇ ਇਕ ਦੀਵਾ ਜਗਦਾ
ਉਹ ਬਾਹਰ ਆਉਣਾ ਚਾਹੇ
ਚੁੱਪ ਦੇ ਵਿਹੜੇ ਚਾਨਣ ਚੜ੍ਹਿਆ
ਉਸ ਨੂੰ ਕੌਣ ਬੁਝਾਏ।

ਚੁਪ ਰਹਾਂ ਤਾਂ ਅੰਦਰ ਦੀਵਾ
ਚੀਖੇ ਤੇ ਚਿਚਲਾਏ
ਜੇ ਬੋਲਾਂ ਰਾਜਾ ਜਰਵਾਣਾ
ਡਾਢੇ ਹੁਕਮ ਚੜ੍ਹਾਏ।

ਲੂਆਂ ਥਾਣੀਂ ਸਿੰਮਦੇ ਸਿੰਮਦੇ
ਚਾਨਣ ਦੇ ਹੜ੍ਹ ਆਏ
ਜਾਗ ਨੀ ਮਾਏਂ ਮਤੇ ਦਲੀਜੋਂ
ਬਾਹਰ ਪੈਰ ਟਿਕਾਏ।

ਰਾਜੇ ਦਾ ਹੁਕਮ ਹੋਇਆ
ਕੋਈ ਕੰਜਕਾ ਨੂੰ ਹੱਥ ਨਾ ਲਾਏ
ਨਾ ਅੱਖ ਲੁੱਚੀ ਤੇ ਨਾ ਅੱਖ ਸੁੱਚੀ
ਕੰਜਕਾ ਦੇ ਘਰ ਤਕ ਜਾਏ।

ਉਪਰੋਕਤ ਨਜ਼ਮ ਦਾ ਸ਼ੈਲੀ ਵਿਗਿਆਨਕ ਅਧਿਐਨ ਕਰਨਾ ਇਸ ਪਰਚੇ ਦਾ ਮਨੋਰਥ ਹੈ। ਇਹ ਕਵਿਤਾ ਸਾਡੇ ਸਾਹਮਣੇ ਇਕ ਸੰਚਾਰ-ਕਿਰਿਆ ਦੇ ਰੂਪ ਵਿਚ ਅਧਿਐਨ ਦੀਆਂ ਬਹੁਪੱਖੀ ਸਮੱਸਿਆਵਾਂ ਪੇਸ਼ ਕਰਦੀ ਹੈ। ਇਕ ਸਿਰੇ 'ਤੇ ਕਵਿਤਾ ਵਿਚ ਕੋਡਬਧ ਕੀਤੇ ਅਰਥ ਅਤੇ ਦੂਜੇ ਸਿਰੇ ਉੱਤੇ ਪਾਠਕ ਦੁਆਰਾ ਅਰਥ ਦੇ ਡੀਕੋਡਨ ਦੇ ਵਿਚਕਾਰ ਵਿਵੇਚਨੀ ਅਰਥ ਲੁਕੇ ਪਏ ਹਨ, ਜਿਨ੍ਹਾਂ ਉਪਰ ਅਸੀਂ ਹੱਥਲੇ ਪਰਚੇ ਵਿਚ ਆਪਣਾ ਧਿਆਨ ਕੇਂਦ੍ਰਿਤ ਕਰਾਂਗੇ। ਇਹ ਨਜ਼ਮ ਸਤਹ ਦੀ ਪੱਧਰ ਉੱਤੇ ਇਕ ਸਰਲ ਜਿਹੀ ਰਚਨਾ ਪ੍ਰਤੀਤ ਹੁੰਦੀ ਹੈ, ਪਰ ਜਦੋਂ ਅਸੀਂ ਇਸ ਦੇ ਪਾਠ ਨੂੰ ਇਕ ਪ੍ਰਵਚਨ ਦੇ ਰੂਪ ਵਿਚ ਗ੍ਰਹਿਣ ਕਰਦੇ ਹਾਂ ਤਾਂ ਇਹ ਇਕ ਜਟਿਲ ਪ੍ਰਬੰਧ ਦਾ ਰੂਪ ਧਾਰਦੀ ਹੈ। ਇਕ ਸ਼ਾਬਦਿਕ ਘਾੜਤ ਦੇ ਰੂਪ ਵਿਚ ਇਹ ਇਕ ਵਿਲੱਖਣ ਪ੍ਰਵਚਨ ਨੂੰ ਪੇਸ਼ ਕਰਦੀ ਹੈ, ਜਿਸ ਦਾ ਵਿਸ਼ਲੇਸ਼ਣ ਕਈ ਪੱਧਰਾਂ ਉਪਰ ਕੀਤਾ ਜਾ ਸਕਦਾ ਹੈ। ਇਸ ਕਵਿਤਾ ਵਿਚਲੇ ਪੈਗ਼ਾਮ ਨੂੰ ਪਛਾਨਣ ਲਈ ਸਾਨੂੰ ਰਚਨਾ-ਪਾਠ ਦਾ ਹੀ ਅਰਥ-ਵਿਸਥਾਰ ਕਰਨਾ ਲੋੜੀਂਦਾ ਹੈ। ਇਸ ਲਈ ਜਿਥੋਂ ਤਕ ਹੋ ਸਕੇ ਅਸੀਂ ਕਵੀ ਦੀ ਜੀਵਨੀ, ਸਮਕਾਲੀ ਇਤਿਹਾਸ ਅਤੇ ਸਾਂਸਕ੍ਰਿਤਿਕ ਸਥਿਤੀ ਦੇ ਬਹਿਰੰਗ ਸੋਮਿਆਂ ਤੋਂ ਪ੍ਰਾਪਤ ਹੋਣ ਵਾਲੇ ਸੁਲਭ ਸਮਾਧਾਨਾਂ ਤੋਂ ਦੂਰ ਰਹਿ ਕੇ ਰਚਨਾ ਦੀਆਂ ਆਪਣੀਆਂ ਸੀਮਾਵਾਂ ਵਿਚ ਰਹਿਣ ਦਾ ਜਤਨ ਕਰਾਂਗੇ। ਇਉਂ ਅਸੀਂ ਇਸ ਨਜ਼ਮ ਨੂੰ ਇਕ ਖ਼ੁਦਮੁਖ਼ਤਾਰ ਸਿਮਿਓਟਿਕ ਚਿਹਨ ਦੇ ਰੂਪ ਵਿਚ ਗ੍ਰਹਿਣ ਕਰਾਂਗੇ, ਜੋ ਆਪਣੇ ਆਪ ਵਿਚ ਸਵੈ-ਨੇਮੀ ਰੂਪਾਂਤਰਣਾਂ ਦਾ ਇਕ ਸਮੁੱਚ ਹੈ ਅਤੇ ਜਿਸ ਵਿਚ ਅੰਦਰੂਨੀ ਪੱਧਰ ਉਪਰ ਇਕਾਗਰਤਾ ਅਤੇ ਇਕਸੁਰਤਾ ਪਾਈ ਜਾਂਦੀ ਹੈ।

ਸਮੁੱਚੀ ਕਵਿਤਾ ਦੁਆਰਾ ਪੇਸ਼ ਹੋਇਆ ਪ੍ਰਵਚਨ ਆਪਣੇ ਆਪ ਵਿਚ ਇਕ ਜਟਿਲ ਵਾਕ ਦਾ ਰੂਪ ਧਾਰਦਾ ਹੈ। ਇਸ ਦੇ ਦੋ ਭਾਗ ਸਪੱਸ਼ਟ ਰੂਪ ਵਿਚ ਪਛਾਣੇ ਜਾ ਸਕਦੇ ਹਨ। ਪਹਿਲੇ ਭਾਗ ਵਿਚ ਰਾਜੇ ਦਾ ਹੁਕਮ ਅਤੇ ਉਸ ਦੀ ਤਫ਼ਸੀਲ ਮਿਲਦੀ ਹੈ। ਇਸ ਹੁਕਮ ਨੂੰ ਅਸੀਂ ਹੇਠ ਲਿਖੇ ਘਟਕਾਂ ਵਿਚ ਨਿਖੇੜ ਸਕਦੇ ਹਾਂ :

(1) ਕੰਜਕਾ ਨੂੰ ਕੋਈ ਹੱਥ ਨਾ ਲਾਏ।
(2) ਨਾ ਲੁੱਚੀ ਅੱਖ ਅਤੇ ਨਾ ਸੁੱਚੀ ਅੱਖ
ਕੰਜਕਾ ਦੇ ਘਰ ਤਕ ਉਸ ਦਾ ਪਿੱਛਾ ਕਰੇ।

(3) ਕੋਈ ਬਾਪ ਕੰਜਕਾ ਨੂੰ ਆਪਣੀ ਗੋਦ ਵਿਚ ਨਾ ਖਿਡਾਵੇ।

(4) ਮਾਂ ਕੰਜਕਾ ਨੂੰ ਪੁਣ ਕੇ ਦੁੱਧ ਪਿਆਏ।

(5) ਨੰਗੀਆਂ ਜੀਭਾਂ ਤੇ ਕੱਜੀਆਂ ਜੀਭਾਂ ਵਿੱਚੋਂ ਕੋਈ ਵੀ ਕੰਜਕਾ ਦੇ ਲਾਗੇ ਨਾ ਕੂਏ।

(6) ਨਾ ਹੀ ਕੰਜਕਾ ਦੇ ਲਾਗੇ ਇਹਨਾਂ ਵਿੱਚੋਂ ਕੋਈ ਕੁਝ ਸੁਣੇ ਸੁਣਾਏ।

(7) ਸਾਇਆਂ ਅਤੇ ਹਮਸਾਇਆਂ ਵਿੱਚੋਂ ਕੋਈ ਵੀ ਕੰਜਕਾ ਦੇ ਲਾਗੇ ਨਾ ਕੂਏ।

(8) ਨਾ ਹੀ ਕੰਜਕਾ ਦੇ ਲਾਗੇ ਇਹਨਾਂ ਵਿੱਚੋਂ ਕੋਈ ਕੁਝ ਸੁਣੇ ਸੁਣਾਏ।

ਰਾਜੇ ਦੇ ਹੁਕਮ ਨੂੰ ਜਦੋਂ ਅਸੀਂ ਉਪਰੋਕਤ ਵਾਕਾਂ ਵਿਚ ਤੋੜ ਕੇ ਵੇਖਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਸਤਹ ਦੀ ਪੱਧਰ ਉਪਰ ਮਿਲਦਾ ਵਾਕ-ਪ੍ਰਬੰਧ ਗਹਿਨ ਪੱਧਰ ਉਪਰ ਅਤਿਅੰਤ ਜਟਿਲ ਪ੍ਰਬੰਧ ਵੱਲ ਸੰਕੇਤ ਕਰਦਾ ਹੈ। ਇਸ ਵਾਕ ਵਿਚ ਮਿਲਦੇ ਵਾਕੰਸ਼ ਆਪਣੇ ਆਪ ਵਿਚ ਮੁਕੰਮਲ ਵਾਕ ਹਨ, ਪਰ ਇਹਨਾਂ ਕਾਵਿ-ਪੰਗਤੀਆਂ ਵਿਚ ਇਹ ਇਕ ਜਟਿਲ ਵਾਕ ਦੇ ਰੂਪ ਵਿਚ ਸਤਹ ਦੀ ਪੱਧਰ 'ਤੇ ਵਿਖਾਈ ਦੇਂਦੇ ਹਨ। ਸਤਹ ਦੀ ਪੱਧਰ ਉੱਤੇ ਮਿਲਦਾ ਕਵਿਤਾ ਦਾ ਇਹ ਪਾਠ ਗਹਿਨ ਪੱਧਰ ਦੀ ਸੰਰਚਨਾ ਨਾਲ ਜਦੋਂ ਅਸੀਂ ਸੰਬੰਧਿਤ ਕਰਕੇ ਵੇਖਦੇ ਹਾਂ ਤਾਂ ਅਸੀਂ ਵਾਕ ਦੀ ਪੱਧਰ ਉੱਤੇ ਬਹੁਤ ਸਾਰੇ ਰੂਪਾਂਤਰਣਾਂ ਨੂੰ ਵਾਪਰਦਿਆਂ ਵੇਖ ਸਕਦੇ ਹਾਂ। ਸਤਹ-ਸੰਰਚਨਾ ਅਤੇ ਗਹਿਨ-ਸੰਰਚਨਾ ਦੇ ਪਰਸਪਰ ਸੰਬੰਧਾਂ ਨਾਲ ਜੁੜੀ ਹੋਈ ਰੂਪਾਂਤਰਣਾਂ ਦੀ ਲੜੀ ਇਸ ਰਚਨਾ ਨੂੰ ਬਹੁ-ਪਾਸਾਰੀ ਅਰਥ ਪ੍ਰਦਾਨ ਕਰਦੀ ਹੈ। ਨਮੂਨੇ ਵਜੋਂ, ਸਤਹ ਦੀ ਪੱਧਰ ਉੱਤੇ ਪਹਿਲੀਆਂ ਚਾਰ ਪੰਗਤੀਆਂ ਦੀ ਸੰਰਚਨਾ ਦਾ ਗਹਿਨ ਸੰਰਚਨਾ ਦੀ ਪੱਧਰ ਉਪਰ ਵਿਸ਼ਲੇਸ਼ਣ ਹੇਠ ਦਰਸਾਏ ਰੂਪਾਂਤਰਣਾਂ ਦਾ ਸੂਚਕ ਹੈ:

(1) ਰਾਜੇ ਦਾ ਹੁਕਮ ਹੋਇਆ
ਕੋਈ ਕੰਜਕਾ ਨੂੰ ਹੱਥ ਨਾ ਲਾਏ।

ਉਪਰੋਕਤ ਮੋਟੇ ਅੱਖਰਾਂ ਵਿਚ ਦਰਸਾਇਆ ਵਾਕੰਸ਼ ਗਹਿਨ ਸੰਰਚਨਾ ਦੀ ਪੱਧਰ ਤੋਂ ਸਤਹ ਤਕ ਹੇਠ ਲਿਖੇ ਰੂਪਾਂਤਰਣਾਂ ਨੂੰ ਪੇਸ਼ ਕਰਦਾ ਹੈ:

(ੳ) ਕੋਈ ਹੱਥ ਲਾਏ

↓

(ਅ) ਕੋਈ ਹੱਥ ਨਾ ਲਾਏ (Neg.)

↓

(ੲ) ਕੰਜਕਾ ਨੂੰ ਹੱਥ ਨਾ ਲਾਏ

↓

(ਸ) ਕੋਈ ਕੰਜਕਾ ਨੂੰ ਹੱਥ ਨਾ ਲਾਏ।

(2) ਇਸੇ ਤਰ੍ਹਾਂ ਅਗਲੀਆਂ ਦੋ ਪੰਗਤੀਆਂ ਗਹਿਨ ਸੰਰਚਨਾ ਦੀ ਪੱਧਰ ਉਪਰ ਹੇਠ ਦਿੱਤੀ ਜਟਿਲ ਰੂਪਾਂਤਰਣੀ ਪ੍ਰਕਿਰਿਆ ਨੂੰ ਪੇਸ਼ ਕਰਦੀਆਂ ਹਨ:

(ੳ) ਲੁੱਚੀ ਅੱਖ ਜਾਏ

↓

(ਅ) ਲੁੱਚੀ ਅੱਖ ਨਾ ਜਾਏ (Neg.)

↓

ਲੁੱਚੀ ਅੱਖ ਕੰਜਕਾ ਦੇ ਘਰ ਤਕ ਨਾ ਜਾਏ।

ਫੇਰ :

(ੳ) ਸੁੱਚੀ ਅੱਖ ਜਾਏ

↓

(ਅ) ਸੁੱਚੀ ਅੱਖ ਨਾ ਜਾਏ (Neg.)

↓

ਸੁੱਚੀ ਅੱਖ ਕੰਜਕਾ ਦੇ ਘਰ ਤਕ ਨਾ ਜਾਏ।

(3) ਇਹ ਦੋਵੇਂ ਅੰਸ਼ ਅੱਗੋਂ ਸਤਹ ਦੀ ਪੱਧਰ ਉੱਤੇ ਸੰਜੁਗਤ ਹੋਣ ਲਈ ਇਕ ਹੋਰ ਰੂਪਾਂਤਰਣ ਧਾਰਣ ਕਰਦੇ ਹਨ, ਜਦੋਂ 'ੳ' 'ਤੇ ਯੋਜਕ ਦੀ ਵਰਤੋਂ ਕਰ ਕੇ ਇਨ੍ਹਾਂ ਨੂੰ ਇਕ ਸੰਜੁਗਤ ਵਾਕ ਵਿਚ ਵਟਾਇਆ ਜਾਂਦਾ ਹੈ :

ਨਾ ਅੱਖ ਲੁਚੀ ਤੇ ਨਾ ਅੱਖ ਸੁੱਚੀ
ਕੰਜਕਾ ਦੇ ਘਰ ਤਕ ਜਾਏ।

ਇਸੇ ਤਰ੍ਹਾਂ ਜੇਕਰ ਰੂਪਾਂਤਰਣਾਂ ਦੀ ਇਸ ਪ੍ਰਕਿਰਿਆ ਨੂੰ ਸਮੁੱਚੀ ਕਵਿਤਾ ਵਿਚ ਵੇਖਿਆ ਜਾਵੇ ਤਾਂ ਸਾਨੂੰ ਗਹਿਨ ਪੱਧਰ ਉਪਰ ਇਸ ਦੀ ਵਿਆਕਰਣਿਕ-ਜਟਿਲਤਾ ਦਾ ਸਹਿਜੇ ਹੀ ਗਿਆਨ ਹੋ ਸਕਦਾ ਹੈ।

ਅਸੀਂ ਵੇਖਦੇ ਹਾਂ ਕਿ ਰਚਨਾ ਦਾ ਸਤਹ ਦੀ ਪੱਧਰ ਉਪਰ ਭਾਸ਼ਕ ਰੂਪ ਭਿੰਨ-ਭਿੰਨ ਪੱਧਰਾਂ ਉਪਰ ਆਮ ਬੋਲਚਾਲ ਦੇ ਮੁਹਾਵਰੇ ਤੋਂ ਵਿਚਲਨ ਦੀ ਰੁਚੀ ਦਰਸਾਉਂਦਾ ਹੈ। ਇਹ ਵਿਚਲਨ ਇਕੱਲੇ-ਇਕੱਲੇ ਤੌਰ 'ਤੇ ਨਹੀਂ ਵੇਖੇ ਜਾ ਸਕਦੇ ਜਾਂ ਇਨ੍ਹਾਂ ਨੂੰ ਕੇਵਲ ਪੰਜਾਬੀ ਭਾਸ਼ਾ ਦੇ ਸਿਸਟਮ ਜਾਂ ਕੋਡ ਨਾਲ ਹੀ ਸੰਬੰਧਿਤ ਕਰਕੇ ਨਹੀਂ ਵੇਖਿਆ ਜਾ ਸਕਦਾ। ਇਹਨਾਂ ਦੇ ਸੰਪੂਰਨ ਅਰਥਾਂ ਨੂੰ ਤਾਂ ਹੀ ਗ੍ਰਹਿਣ ਕੀਤਾ ਜਾ ਸਕਦਾ ਹੈ, ਜੇਕਰ ਅਸੀਂ ਇਸ ਨੂੰ ਸੰਦਰਭ ਨਾਲ ਜੋੜ ਕੇ ਵੇਖੀਏ। ਦੂਜੇ ਸ਼ਬਦਾਂ ਵਿਚ ਸਾਨੂੰ ਇਥੇ ਮਿਲਦੇ ਵਿਚਲਨਾਂ (deviations) ਦੀ ਪ੍ਰਕਿਰਤੀ ਨੂੰ ਪੂਰੀ ਤਰ੍ਹਾਂ ਸਮਝਣ ਲਈ ਅਤੇ ਉਨ੍ਹਾਂ ਦੇ ਅਰਥ ਸਿਰਜਣ ਦੇ ਅਮਲ ਤੋਂ ਜਾਣੂੰ ਹੋਣ ਲਈ ਅਰਥ ਅਤੇ ਸੂਚਨਾ ਦੇ ਵਿਚਕਾਰ ਨਿਖੇੜਾ ਕਰਨਾ ਪਏਗਾ। ਜਿਥੇ ਅਰਥ ਭਾਸ਼ਾ ਰਚਣ ਦੀਆਂ ਵੱਡੀਆਂ ਇਕਾਈਆਂ ਲਈ ਵਰਤਿਆ ਜਾਂਦਾ ਹੈ, ਉਥੇ ਸੂਚਨਾ ਛੋਟੇਰੀਆਂ ਇਕਾਈਆਂ ਲਈ ਵਰਤੀ ਜਾ ਸਕਦੀ ਹੈ, ਜੋ ਇਸ ਰਚਣ ਪ੍ਰਕਿਰਿਆ ਨੂੰ ਨਿਅੰਤ੍ਰਿਤ ਕਰਦੀਆਂ ਹਨ। ਉਦਾਹਰਣ ਲਈ ਕਿਸੇ ਵਾਕ ਦੇ ਅਰਥ ਹੋ ਸਕਦੇ ਹਨ, ਪਰ ਉਸ ਦੇ ਅੰਗ ਜਿਨ੍ਹਾਂ ਨਾਲ ਵਾਕ ਦੀ ਘਾੜਤ ਹੁੰਦੀ ਹੈ, ਜਿਵੇਂ ਰੂਪੀਮ, ਸ਼ਬਦ, ਵਾਕੰਸ਼ ਅਤੇ ਵਿਆਕਰਣਕ ਕੋਟੀਆਂ ਜਿਵੇਂ ਸਬਜੈਕਟ ਅਤੇ ਪ੍ਰੈਡੀਕੇਟ ਆਦਿ ਕੇਵਲ ਸੂਚਨਾ ਮੁਹੱਈਆ ਕਰਦੇ

ਹਨ। ਇਸ ਦ੍ਰਿਸ਼ਟੀ ਤੋਂ ਇਕ ਨਜ਼ਮ ਅਰਥਾਂ ਦਾ ਸਮੁੱਚ ਹੈ, ਪਰ ਅਜਿਹੀ ਸੰਰਚਨਾ ਵਿਚ ਅਰਥ ਸਿਰਜਣ ਵਾਲੇ ਵੱਖੋ-ਵੱਖਰੇ ਤੱਤ ਕੇਵਲ ਸੂਚਨਾ ਪ੍ਰਦਾਨ ਕਰਦੇ ਹਨ। ਇਹ ਸੂਚਨਾ ਦੇਣ ਵਾਲੇ ਤੱਤ ਰਚਨਾ ਵਿਚਲੇ ਇਕੱਲੇ-ਇਕੱਲੇ ਵਾਕ ਅਤੇ ਉਹਨਾਂ ਦੇ ਪਰਸਪਰ ਸੰਬੰਧ ਹੋ ਸਕਦੇ ਹਨ ਜਾਂ ਫੇਰ ਉਨ੍ਹਾਂ ਵਿਚਲਾ ਸੰਯੋਗ ਜਾਂ ਵਿਆਕਰਣਕ ਕੋਟੀਆਂ ਹੋ ਸਕਦੀਆਂ ਹਨ, ਜੋ ਰਲ ਮਿਲ ਕੇ ਸਮੁੱਚ ਦਾ ਰੂਪ ਧਾਰਦੇ ਹਨ। ਇਸੇ ਆਧਾਰ 'ਤੇ ਐੱਚ.ਜੀ. ਵਿਡੌਸਨ ਅਰਥ ਦੇ ਪ੍ਰਕਾਰਾਂ ਦਾ ਨਿਖੇੜਾ ਕਰਦਾ ਹੈ। ਪਹਿਲੀ ਪ੍ਰਕਾਰ ਦੇ ਅਰਥ ਉਹ ਭਾਸ਼ਾ ਕੋਡ ਨਾਲ ਸੰਬੰਧਿਤ ਕਰਦਾ ਹੈ ਅਤੇ ਦੂਜੀ ਪ੍ਰਕਾਰ ਦੇ ਸੰਦਰਭ ਨਾਲ। ਪਹਿਲੀ ਪ੍ਰਕਾਰ ਦੇ ਅਰਥਾਂ ਨੂੰ ਉਹ ਮੁਲ ਦਾ ਨਾਂ ਦੇਂਦਾ ਹੈ ਅਤੇ ਦੂਜੀ ਪ੍ਰਕਾਰ ਦੇ ਅਰਥਾਂ ਨੂੰ ਚਿਹਨਕਾਰੀ (signification) ਕਹਿੰਦਾ ਹੈ। ਦੂਜੀ ਪ੍ਰਕਾਰ ਦੇ ਅਰਥ ਤੋਂ ਉਸ ਦੀ ਮੁਰਾਦ ਕਿਸੇ ਸ਼ਬਦ-ਆਈਟਮ ਦੇ ਕੋਸ਼-ਅਰਥਾਂ ਦੇ ਵੱਡੇ ਘੇਰੇ ਵਿੱਚੋਂ ਕਿਸੇ ਇਕ ਦੀ ਚੋਣ ਹੀ ਨਹੀਂ, ਸਗੋਂ ਭਾਸ਼ਾ ਦੇ ਸਾਹਿਤਕ ਪ੍ਰਯੋਗ ਵਿਚ ਉਸ ਦਾ ਅਲੰਕਾਰਕ ਵਿਸਥਾਰ ਵੀ ਮਹੱਤਵਪੂਰਣ ਹੈ। ਕੋਡ ਅਰਥ ਦੇ ਅਲੰਕਾਰਕ ਵਿਸਥਾਰ ਦੁਆਰਾ ਕਵੀ ਸੰਕੇਤਕਾਂ (signals) ਵਿਚ ਲੋੜੀਂਦੀ ਅਨੁਕ੍ਰਿਆ ਉਤੇਜਿਤ ਕਰਨ ਦਾ ਗੁਣ ਪੈਦਾ ਕਰਦਾ ਹੈ। ਸ਼ਾਬਦਿਕ ਚਿਹਨਾਂ ਦੀ ਇਹ ਅਨੁਕ੍ਰਿਆ ਵੀ ਕਾਫ਼ੀ ਹੱਦ ਤਕ ਬੜੀ ਜਟਿਲ ਹੁੰਦੀ ਹੈ।

ਜਦੋਂ ਅਸੀਂ ਕੰਜਕਾ ਦੀਆਂ ਪਹਿਲੀਆਂ ਪੰਗਤੀਆਂ ਉਪਰ ਆਪਣਾ ਧਿਆਨ ਟਿਕਾਉਂਦੇ ਹਾਂ, ਇਸ ਵਿਚ ਰਾਜੇ ਦਾ ਹੁਕਮ ਸੁਣਾਇਆ ਗਿਆ ਮਿਲਦਾ ਹੈ। ਇਹ ਹੁਕਮ ਅਨਯ ਪੁਰਖ ਵਿਚ ਹੈ। ਇਸ ਵਿਚ ਕਿਹਾ ਗਿਆ ਹੈ ਕਿ ਕੋਈ ਵਿਅਕਤੀ ਕੰਜਕਾ ਨੂੰ ਹੱਥ ਨਾ ਲਾਏ ਅਤੇ ਨਾ ਹੀ ਕੋਈ ਅੱਖ ਚਾਹੇ ਲੁੱਚੀ ਚਾਹੇ ਸੁੱਚੀ—ਉਸ ਦੇ ਘਰ ਤਕ ਉਸ ਦਾ ਪਿੱਛਾ ਕਰੇ। ਇਥੇ ਸ਼ਬਦ 'ਰਾਜਾ' ਅਤੇ 'ਕੰਜਕਾ' ਦੋਵੇਂ ਮਹੱਤਵਪੂਰਣ ਹਨ। ਰਾਜਾ ਇਸ ਨਜ਼ਮ ਦੇ ਸੰਦਰਭ ਵਿਚ ਰਾਜਸੀ ਸ਼ਕਤੀ ਹੈ ਅਤੇ ਕੰਜਕਾ ਅਛੂਹ ਕੁਆਰ ਕੰਨਿਆ ਹੈ, ਜਿਸ ਨੇ ਮੁਟਿਆਰ ਹੋਣਾ ਹੈ। ਮੁਟਿਆਰ ਹੋ ਕੇ ਉਸ ਨੇ ਚੰਗੀਆਂ ਮੈਲੀਆਂ ਨਜ਼ਰਾਂ ਦੀ ਖਿਚ ਦਾ ਵਿਸ਼ੈ ਬਣਨਾ ਹੈ। ਪਰ ਰਾਜੇ ਦਾ ਹੁਕਮ ਉਸ ਦੀ ਕੰਜ-ਕੁਆਰ ਅਵਸਥਾ 'ਤੇ ਹੀ ਇਕ ਪ੍ਰਕਾਰ ਦੀ ਰੋਕ ਲਾ ਦੇਂਦਾ ਹੈ ਅਤੇ ਉਸ ਦੇ ਮੁਟਿਆਰ ਹੋਣ ਵਾਲੀ ਬਾਇਉਲਾਜੀਕਲ ਪ੍ਰਕਿਰਿਆ ਨੂੰ ਚਲਣ ਨਹੀਂ ਦੇਂਦਾ। ਇਸ ਤਰ੍ਹਾਂ ਰਾਜਾ ਇਹਨਾਂ ਪੰਗਤੀਆਂ ਦੇ ਪ੍ਰਵਚਨ ਵਿਚ ਇਕ ਪ੍ਰਕਾਰ ਦੀ ਕਠੋਰ ਰਾਜਸੀ ਸ਼ਕਤੀ ਹੈ, ਜੋ ਜੀਵਨ ਦੀਆਂ ਪ੍ਰਕਿਰਤਕ ਪ੍ਰਕਿਰਿਆਵਾਂ ਦੇ ਸਹਿਜ ਵਿਕਾਸ ਉਪਰ ਪ੍ਰਤੀਬੰਧ ਲਗਾਂਦੀ ਹੈ। ਇਸ ਤਰ੍ਹਾਂ ਪਹਿਲੀਆਂ ਚਾਰ ਪੰਗਤੀਆਂ ਦੇ ਪਾਠ ਵਿਚ ਹੀ ਇਕ ਪਾਸੇ ਰਾਜੇ ਦੇ ਰੂਪ ਵਿਚ ਕਠੋਰ ਨਿਸ਼ਠੁਰ ਰਾਜ ਸ਼ਕਤੀ ਅਤੇ ਦੂਜੇ ਪਾਸੇ ਕੰਜਕਾ ਦੇ ਰੂਪ ਵਿਚ ਜੀਵਨ ਵਿਕਾਸ ਦੀਆਂ ਸਹਿਜ ਪ੍ਰਕਿਰਿਆਵਾਂ ਨੂੰ ਵਿਰੋਧੀ ਜੁਟ ਦੇ ਰੂਪ ਵਿਚ ਪੇਸ਼ ਕੀਤਾ ਗਿਆ ਹੈ। ਕੰਜਕਾ ਅਛੂਹ ਦੀ ਅਛੂਹ ਰਹਿਣੀ ਚਾਹੀਦੀ ਹੈ। ਮੁਟਿਆਰ ਰੂਪ ਵਿਚ ਵਟ ਕੇ ਉਹ ਨਾ 'ਲੁੱਚੀ' ਅੱਖ ਅਤੇ ਨਾ ਹੀ 'ਸੁੱਚੀ' ਅੱਖ ਦੇ ਆਕਰਸ਼ਣ ਦਾ ਕੇਂਦਰ ਬਣੇ। ਕੰਜਕਾ ਮਨੁੱਖੀ ਸੰਬੰਧਾਂ ਦੀ

ਦੁਨੀਆ ਤੋਂ ਵਰਜਿਤ ਕੀਤੀ ਗਈ ਹੈ, ਕਿਉਂਕਿ ਉਸ ਨਾਲ ਇਸ ਦੁਨੀਆ ਦਾ ਕਿਸੇ ਕਿਸਮ ਦਾ ਸੰਪਰਕ ਉਸ ਨੂੰ ਭਿਟਾ ਦੇਵੇਗਾ।

ਕੰਜਕਾ ਇਕ ਅਜਿਹੇ ਸਿੱਕੇ ਵਰਗੀ ਹੈ, ਜਿਸ ਦਾ ਮੁੱਲ ਹੈ, ਪਰ ਜਿਸ ਦਾ ਉਸੇ ਮੁੱਲ ਦੀ ਕਿਸੇ ਹੋਰ ਜਿਨਸ ਨਾਲ ਵਿਨਮੈ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਸ ਵਿਨਮੈ ਸਿਸਟਮ ਵਿਚ ਉਸ ਦਾ ਵਿਹਾਜਣਾ ਉਸ ਨੂੰ ਭਿਟਾ ਦੇਵੇਗਾ। ਇਸੇ ਤਰ੍ਹਾਂ ਕੰਜਕਾ ਕਾਮੀ ਪਿਉ ਦੀ ਧੀ ਹੈ ਅਤੇ ਉਹ ਉਸ ਨੂੰ ਆਪਣੀ ਗੋਦ ਵਿਚ ਨਹੀਂ ਖਿਡਾਅ ਸਕਦਾ। ਅਜਿਹਾ ਹੋਣ 'ਤੇ ਵੀ ਕੰਜਕਾ ਦੀ ਅਛੂਹ ਸੁਚਮ ਭੰਗ ਹੋ ਸਕਦੀ ਹੈ। ਇਸੇ ਤਰ੍ਹਾਂ ਉਸ ਨੂੰ ਪਿਆਏ ਜਾਣ ਵਾਲਾ ਮਾਂ ਦੇ ਥਣ ਵਿੱਚੋਂ ਨਿਕਲਣ ਵਾਲਾ ਦੁੱਧ ਵੀ ਪੁਣਿਆ ਜਾਣਾ ਚਾਹੀਦਾ ਹੈ, ਕਿਉਂਕਿ ਉਸ ਦੀ ਮਾਂ ਦਾ ਥਣ ਉਸ ਦੇ ਕ਼ਾਮੀ ਪਿਉ ਨੇ ਚੁੰਘਿਆ ਸੀ। ਖੁੱਲ੍ਹਮ-ਖੁਲ੍ਹੀ ਅਤੇ ਲੁੱਕ-ਛਿੱਪ ਕੇ ਗੁਆਂਢੀ ਜਾਂ ਫੇਰ ਉਨ੍ਹਾਂ ਦੇ ਸਾਏ ਕੋਈ ਵੀ ਕੰਜਕਾ ਦੇ ਨੇੜੇ ਨਾ ਬੋਲਣ ਅਤੇ ਨਾ ਹੀ ਆਪਸ ਵਿਚ ਕੋਈ ਗੱਲਬਾਤ ਕਰਨ। ਕੰਜਕਾ ਦੇ ਦੁਆਲੇ ਇਹ ਦੁਨੀਆ ਮੁਕੰਮਲ ਤੌਰ 'ਤੇ ਸੰਚਾਰ-ਹੀਣਤਾ ਦੀ ਦੁਨੀਆ ਹੈ, ਜੋ ਰਾਜਕੀ ਹੁਕਮ ਨਾਲ ਠੋਸੀ ਗਈ ਹੈ।

ਜੇਕਰ ਅਸੀਂ ਧਿਆਨ ਨਾਲ ਵੇਖੀਏ ਤਾਂ ਪਤਾ ਲਗਦਾ ਹੈ ਕਿ ਰਾਜਾ ਸ਼ਬਦ ਇਸ ਕਵਿਤਾ ਵਿਚ ਸਮਾਜਿਕ-ਰਾਜਨੀਤਕ ਰਜਿਸਟਰ ਬਣਦਾ ਹੈ ਅਤੇ ਕੰਜਕਾ ਸਮਾਜਿਕ-ਸਾਂਸਕ੍ਰਿਤਿਕ ਰਜਿਸਟਰ ਦਾ ਰੂਪ ਧਾਰਨ ਕਰਨ ਵਾਲਾ ਸ਼ਬਦ ਹੈ। ਕਵੀ ਇਥੇ ਰਾਜੇ ਅਤੇ ਕੰਜਕਾ ਦੇ ਵਿਚਕਾਰ ਤਨਾਉ ਪੈਦਾ ਕਰਦਾ ਹੈ। ਕੰਜਕਾ ਪੂਰਵ-ਯੌਵਨ ਅਵਸਥਾ ਵਾਲੀ ਕੰਨਿਆ ਹੈ, ਜਿਸ ਨੂੰ ਸਾਂਸਕ੍ਰਿਤਿਕ ਤੌਰ 'ਤੇ ਸੁੱਚਮਤਾ ਦਾ ਦਰਜਾ ਦਿੱਤਾ ਜਾਂਦਾ ਹੈ। ਯੌਵਨਾਵਸਥਾ ਵਿਚ ਆ ਕੇ ਕੰਜਕਾ ਦੀ ਇਸ ਸੁੱਚਮਤਾ ਦੇ ਭੰਗ ਹੋ ਜਾਣ ਦਾ ਡਰ ਹੈ। ਇਸ ਤਰ੍ਹਾਂ ਇਕ ਪਾਸੇ ਸਮਾਜਿਕ-ਰਾਜਨੀਤਕ ਰਜਿਸਟਰ ਰਾਜਾ ਅਤੇ ਦੂਜੇ ਪਾਸੇ ਸਮਾਜਿਕ-ਸਾਂਸਕ੍ਰਿਤਿਕ ਰਜਿਸਟਰ ਕੰਜਕਾ ਦੋਹਾਂ ਨੂੰ ਇਸ ਕਾਵਿ ਰਚਨਾ ਵਿਚ ਚਿਹਨੀ-ਕਰਨ ਦੇ ਨਵੇਂ ਅਰਥਾਂ ਵਿਚ ਪੇਸ਼ ਕੀਤਾ ਗਿਆ ਹੈ। ਰਾਜਾ ਨਿਰਪੇਖ ਸ਼ਕਤੀ ਦੀ ਅੰਨ੍ਹੀ ਵਰਤੋਂ ਦਾ ਪ੍ਰਤੀਕ ਬਣ ਜਾਂਦਾ ਹੈ, ਜਿਸ ਵਿਚ ਕੰਜਕਾ ਦੇ ਆਲੇ-ਦੁਆਲੇ ਦੀ ਦੁਨੀਆ ਨੂੰ ਉਸ ਨਾਲ ਹਰ ਤਰ੍ਹਾਂ ਦੇ ਸੰਚਾਰ ਸੰਬੰਧਾਂ ਨੂੰ ਤੋੜ ਲੈਣ ਦਾ ਆਦੇਸ਼ ਦੇਂਦਾ ਹੈ। ਕੰਜਕਾ ਨੂੰ ਕੋਈ ਛੂਹ ਨਹੀਂ ਸਕਦਾ, ਕੋਈ ਚੰਗੀ-ਮੰਦੀ ਅੱਖ ਉਸ ਦਾ ਉਸ ਦੇ ਘਰ ਤਕ ਪਿੱਛਾ ਨਹੀਂ ਕਰ ਸਕਦੀ, ਕੋਈ ਖੁੱਲ੍ਹੀ ਜਾਂ ਲੁਕਵੀਂ ਆਵਾਜ਼ ਉਸ ਦੇ ਕੰਨਾਂ ਤਕ ਨਈਂ ਪਹੁੰਚ ਸਕਦੀ, ਉਸ ਦੇ ਗੁਆਂਢੀ ਜਾਂ ਉਹਨਾਂ ਦੇ ਸਾਏ ਵੀ ਉਸ ਦੇ ਸੁਣਨ ਘੇਰੇ ਵਿਚ ਆਪਸ ਵਿਚ ਕੋਈ ਗੱਲ ਬਾਤ ਨਹੀਂ ਕਰ ਸਕਦੇ।

ਨਜ਼ਮ ਦੇ ਦੂਜੇ ਭਾਗ ਵਿਚ 'ਅੱਧੀ ਅੱਧੀ ਰਾਤੀਂ' ਕੰਜਕਾ ਦੇ ਜਾਗਣ ਨਾਲ ਆਰੰਭ ਹੁੰਦਾ ਹੈ। ਅੱਧੀ ਰਾਤ ਇਥੇ ਵਿਸ਼ੇਸ਼ ਅਰਥ ਧਾਰਨ ਕਰ ਜਾਂਦਾ ਹੈ। ਇਹ ਇਕ ਅਜਿਹਾ ਛਿੰਨ ਹੈ, ਜੋ ਸੰਚਾਰ ਹੀਣਤਾ, ਦੁੱਖ ਅਤੇ ਬੇਬੱਸੀ ਦੇ ਸਿਖ਼ਰ ਦਾ ਸੂਚਕ ਹੈ, ਜਿਸ ਤੋਂ ਅੱਗੇ ਜਾਗ੍ਰਿਤੀ, ਆਸ਼ਾ ਅਤੇ ਆਜ਼ਾਦੀ ਦਾ ਜੁਗ ਆਰੰਭ ਹੁੰਦਾ ਹੈ। ਕਵੀ ਇਥੇ ਹਨੇਰੇ ਅਤੇ ਚਾਨਣ, ਚੁੱਪ ਅਤੇ ਬੋਲ ਦੀ ਰੂਪ-ਵਿਧੀ ਦੁਆਰਾ ਬਾਹਰਲੇ

ਦਮਨ ਅਤੇ ਅੰਦਰੂਨੀ ਪ੍ਰਗਟਾਉ ਦੇ ਵਿਚਕਾਰ ਤਨਾਉ ਨੂੰ ਦਰਸਾਉਂਦਾ ਹੈ। ਕੰਜਕਾ ਆਪ ਜਾਗਦੀ ਹੈ, ਆਪਣੀ ਮਾਂ ਨੂੰ ਜਗਾਉਂਦੀ ਹੈ ਅਤੇ ਕਹਿੰਦੀ ਹੈ ਕਿ ਉਸ ਦੇ ਢਿੱਡ ਦੇ ਅੰਦਰ ਚਾਨਣ ਹੈ, ਜੋ ਉਸ ਨੂੰ ਘੜੀ ਮੁੜੀ ਬੁਲਾਉਂਦਾ ਹੈ। ਅਗਲੀਆਂ ਪੰਗਤੀਆਂ ਵਿਚ ਇਸ ਚਾਨਣ ਨੂੰ 'ਬਲਦਾ' ਦੀਵਾ ਦਸ ਕੇ ਸਪੱਸ਼ਟ ਕੀਤਾ ਗਿਆ ਹੈ, ਜੋ ਬਾਹਰ ਆਉਣ ਲਈ ਤੜਫਦਾ ਹੈ, ਪਰ 'ਜਰਵਾਣੇ ਰਾਜੇ' ਦੇ 'ਡਾਢੇ ਹੁਕਮ ਚੜ੍ਹਾਏ' ਹੋਣ ਦੀ ਸੂਰਤ ਵਿਚ ਉਹ ਚਾਨਣ ਨੂੰ ਅੰਦਰ ਹੀ ਦਬੀ ਰੱਖਣਾ ਚਾਹੁੰਦੀ ਹੈ। ਪਰ ਇਹ ਚਾਨਣ ਤਾਂ ਮੂੰਹ ਜ਼ੋਰ ਹੈ, ਜੋ 'ਚੁੱਪ ਦੇ ਵਿਹੜੇ' ਵਿਚ ਸੂਰਜ ਵਾਂਗੂੰ ਚੜ੍ਹ ਗਿਆ ਹੈ, ਜਿਸ ਨੂੰ ਕਿਸੇ ਦਾ ਬੁਲਾ ਸਕਣਾ ਸੰਭਵ ਨਹੀਂ। ਸੀਮਾਂਟਿਕ ਪੱਧਰ ਉਪਰ ਵੇਖਿਆਂ ਸਾਨੂੰ ਪਤਾ ਲੱਗਦਾ ਹੈ ਕਿ ਇਹ ਦੀਵੇ ਦਾ ਚਾਨਣ ਹੌਲੀ-ਹੌਲੀ + ਸਜੀਵ (+ animate) ਗੁਣ ਧਾਰਨ ਕਰਨ ਲੱਗ ਜਾਂਦਾ ਹੈ। ਉਹ ਚੀਕਦਾ ਤੇ ਚਿਚਲਾਂਦਾ ਹੈ ਅਤੇ ਬਾਹਰ ਆਉਣ ਲਈ ਤਰਲੋਮੱਛੀ ਹੁੰਦਾ ਹੈ, ਉਸ ਦਾ ਬਾਇਉਲਾਜੀਕਲ ਪੱਧਰ ਉੱਤੇ ਵਿਕਾਸ ਹੁੰਦਾ ਦਰਸਾਇਆ ਗਿਆ ਹੈ। ਉਹ ਛੋਟੇ ਜਿਹੇ ਦੀਵੇ ਤੋਂ ਸੂਰਜੀ ਆਕਾਰ ਗ੍ਰਹਿਣ ਕਰ ਜਾਂਦਾ ਹੈ ਅਤੇ ਚੁੱਪ ਦੇ ਵਿਹੜੇ ਵਿਚ ਮੂੰਹ ਜ਼ੋਰ ਚੜ੍ਹ ਆਉਂਦਾ ਹੈ। ਉਹ ਬਾਹਰ ਆਉਣ ਲਈ ਪੀੜ ਨਾਲ ਚਿਚਲਾਂਦਾ ਹੈ, ਪਰ ਕੰਜਕਾ ਚੁੱਪ ਧਾਰੀ ਰੱਖਦੀ ਹੈ। ਇਥੇ ਚਾਨਣ ਹਨੇਰੇ ਤੇ ਫੇਰ ਚੁੱਪ ਅਤੇ ਬੋਲ ਦਾ ਤਨਾਉ ਪੇਸ਼ ਕਰਕੇ ਲੇਖਕ ਆਪਾ ਪ੍ਰਗਟਾਉ ਦੀ ਭਾਵਨਾ ਨੂੰ ਹਰ ਪ੍ਰਕਾਰ ਦੇ ਪ੍ਰਤੀਬੰਧਾਂ ਨੂੰ ਨਸ਼ਟ ਭ੍ਰਸ਼ਟ ਕਰ ਕੇ ਨਮੂਦਾਰ ਹੁੰਦਾ ਦਰਸਾਉਂਦਾ ਹੈ। ਕੰਜਕਾ ਜੇਕਰ ਚਾਨਣ ਨੂੰ ਹੁੰਗਾਰਾ ਭਰੇ ਤਾਂ 'ਜਰਵਾਣਾ ਰਾਜਾ' ਡਾਢੇ ਹੁਕਮ ਚੜ੍ਹਾਉਂਦਾ ਹੈ ਅਤੇ ਜੇਕਰ ਨਾ ਬੋਲੇ ਤਾਂ ਚਾਨਣ ਜੋ ਪਲੋ ਪਲੀ ਜੁਆਨ ਹੁੰਦਾ ਜਾ ਰਿਹਾ ਹੈ, ਬਾਹਰਲੀ ਦੁਨੀਆ ਨਾਲ ਸੰਪਰਕ ਪੈਦਾ ਕਰਨ ਲਈ ਚੀਖਦਾ ਚਿਲਾਂਦਾ ਹੈ। ਇਥੇ ਅੰਦਰੂਨੀ ਪ੍ਰਗਟਾਉ ਅਤੇ ਬਾਹਰਲੇ ਦਬਾਅ ਦਾ ਤਨਾਉ ਡੂੰਘੇਰਾ ਹੋ ਜਾਂਦਾ ਹੈ। ਚੁੱਪ ਦੇ ਵਿਹੜੇ ਵਿਚ ਚੜ੍ਹਿਆ ਚਾਨਣ ਹੁਣ ਬੁਝਾਇਆ ਨਹੀਂ ਜਾ ਸਕਦਾ। ਗਹਿਨ ਸੰਰਚਨਾ ਦੀ ਪੱਧਰ ਉੱਤੇ ਇਸ ਨਕਾਰਾਤਮਕ ਕਥਨ ਨੂੰ ਸਤਹ ਦੀ ਪੱਧਰ ਉਪਰ ਪ੍ਰਸ਼ਨਮੂਲਕ ਵਾਕ ਰਾਹੀਂ ਪੇਸ਼ ਕੀਤਾ ਗਿਆ ਹੈ। ਗਹਿਨ ਸੰਰਚਨਾ ਦੀ ਪੱਧਰ ਉੱਤੇ ਨਕਾਰਤਮਕ ਕਥਨ ਵੀ ਇਥੇ ਇਕ ਪ੍ਰਕਾਰ ਦੀ ਸੁਕਾਰਾਤਮਕ ਦ੍ਰਿੜ੍ਹ-ਉਕਤੀ (positive assertion) ਲਈ ਵਰਤਿਆ ਗਿਆ ਹੈ। ਅਗਲੀਆਂ ਪੰਗਤੀਆਂ ਵਿਚ ਮੂੰਹ ਜ਼ੋਰ ਚਾਨਣ ਸਭ ਰੋਕਾਂ ਅਟਕਾਰਾਂ ਭੰਨ ਬਾਹਰ ਵੱਲ ਫੈਲਦਾ ਜਾਂਦਾ ਹੈ। ਪਲਾਂ ਵਿਚ ਇਹ ਹੜ੍ਹ ਦਾ ਰੂਪ ਧਾਰਨ ਕਰ ਜਾਂਦਾ ਹੈ। ਕੰਜਕਾ ਦੇ ਰੋਮਾਂ ਵਿਚ ਸਿੰਮਦਾ ਚਾਨਣ ਘਰ ਦੀ ਦਹਿਲੀਜ਼ ਉਲੰਘਣ ਲਈ ਵਿਆਕੁਲ ਹੈ, ਪਰ ਕੰਜਕਾ ਉਸ ਨੂੰ 'ਜਰਵਾਣੇ ਰਾਜੇ' ਦੇ 'ਡਾਢੇ ਹੁਕਮ' ਕਾਰਨ ਅੰਦਰ ਰੋਕੀ ਰੱਖਣਾ ਚਾਹੁੰਦੀ ਹੈ ਅਤੇ ਇਸ ਵਿਚ ਮਾਂ ਦੀ ਮਦਦ ਮੰਗਦੀ ਹੈ।

ਨਜ਼ਮ ਦੀ ਉਪਰੋਕਤ ਵਿਆਖਿਆ ਤੋਂ ਅਸੀਂ ਨਜ਼ਮ ਦੀਆਂ ਦੋ ਸਪੱਸ਼ਟ ਸੀਮਾਂਟਿਕ ਇਕਾਈਆਂ ਪਛਾਣ ਸਕਦੇ ਹਾਂ। ਪਹਿਲੀ ਇਕਾਈ ਦਬਾਅ ਅਤੇ ਦਮਨ ਦੇ ਯੁੱਗ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਦੂਜੀ ਅੰਦਰੂਨੀ ਪ੍ਰਗਟਾਉ ਦੇ ਮੂੰਹ ਜ਼ੋਰ

ਵੇਗ ਦੀ। ਇਹਨਾਂ ਦੋਹਾਂ ਨੂੰ ਤੁਲਨਾ-ਰੂਪ ਵਿਧੀ ਵਿਚ ਸੰਗਠਿਤ ਕੀਤਾ ਗਿਆ ਹੈ। ਇਸ ਤੁਲਨਾ ਰੂਪ-ਵਿਧੀ ਦੇ ਨੁਕਤੇ ਤੋਂ ਅਸੀਂ ਨਜ਼ਮ ਦੇ ਸਮੁੱਚੇ ਅਰਥਾਂ ਨੂੰ ਗ੍ਰਹਿਣ ਕਰ ਸਕਦੇ ਹਾਂ। ਕਵਿਤਾ ਦੇ ਪਹਿਲੇ ਹਿੱਸੇ ਵਿਚ ਸੰਚਾਰ-ਵਿਹੂਣੀ ਕਬਰਿਸਤਾਨ ਵਰਗੀ ਚੁੱਪ ਦੀ ਦੁਨੀਆ ਦੂਜੇ ਹਿੱਸੇ ਵਿਚ ਚਾਨਣ ਦੇ ਹੜ੍ਹ ਦੇ ਰੂਪ ਵਿਚ ਵਟ ਜਾਂਦੀ ਹੈ, ਜੋ ਘਰ ਦੀਆਂ ਵਲਗਣਾਂ ਤੋਂ ਬਾਹਰ ਵਗਦਾ ਜਾ ਰਿਹਾ ਹੈ।

ਇਹਨਾਂ ਦੋਹਾਂ ਇਕਾਈਆਂ ਦੀ ਰਚਨਾ-ਜੁਗਤ ਵੀ ਵੱਖੋ-ਵੱਖਰੀ ਹੈ। ਹਰ ਇਕਾਈ ਦੀਆਂ 14 ਪੰਗਤੀਆਂ ਹਨ, ਜਿਨ੍ਹਾਂ ਵਿਚ ਕਵੀ ਦੋ ਭਿੰਨ-ਭਿੰਨ ਜੁਗਤਾਂ ਦੀ ਵਰਤੋਂ ਕਰਦਾ ਹੈ। ਪਹਿਲੀਆਂ ਚੌਦਾਂ ਪੰਗਤੀਆਂ ਰਾਜੇ ਦੇ ਹੁਕਮ ਦਾ ਵਿਸਥਾਰ ਦੇਂਦੀਆਂ ਹਨ, ਜਿਨ੍ਹਾਂ ਲਈ ਉਹ ਬ੍ਰਿਤਾਂਤ-ਵਿਧੀ ਵਰਤੋਂ ਵਿਚ ਲਿਆਉਂਦਾ ਹੈ। ਅਗਲੀਆਂ ਚੌਦਾਂ ਪੰਗਤੀਆਂ ਵਿਚ ਪਹਿਲੀਆਂ ਦੋ ਪੰਗਤੀਆਂ ਫੇਰ ਬ੍ਰਿਤਾਂਤ ਨਾਲ ਆਰੰਭ ਹੁੰਦੀਆਂ ਹਨ। ਕੰਜਕਾ ਆਪਣੀ ਮਾਂ ਨੂੰ ਜਗਾਉਂਦੀ ਹੈ, ਕਵੀ ਉਸ ਦਾ ਬਿਆਨ ਕਰਦਾ ਹੈ। ਪਰ ਅਗਲੀਆਂ ਬਾਰਾਂ ਪੰਗਤੀਆਂ ਵਿਚ ਕੰਜਕਾ ਬੋਲਦੀ ਹੈ ਅਤੇ ਮਾਂ ਸੁਣਦੀ ਹੈ, ਪਰ ਮਾਂ ਅੱਗੋਂ ਕੋਈ ਜੁਆਬ ਨਹੀਂ ਦੇਂਦੀ, ਇਥੇ ਕਵੀ ਨੇ ਏਕਾਲਾਪ (monologue) ਦੀ ਜੁਗਤ ਦੀ ਵਰਤੋਂ ਕੀਤੀ ਹੈ।

ਸ਼ੈਲੀ ਵਿਗਿਆਨਕ ਦ੍ਰਿਸ਼ਟੀ ਤੋਂ ਜਦੋਂ ਅਸੀਂ ਇਸ ਨਜ਼ਮ ਦੇ ਕੁਝ ਨਿੱਖੜਵੇਂ ਲੱਛਣਾਂ ਉਪਰ ਵਿਚਾਰ ਕਰਦੇ ਹਾਂ ਤਾਂ ਸਾਨੂੰ ਇਸ ਦੀ ਸੰਰਚਨਾ ਵਿਚ ਰੋਮਨ ਯਾਕੋਬਸਨ ਦਾ ਤੁਲਾਰਥਕਤਾ (equivalence) ਦਾ ਸਿੱਧਾਂਤ ਕੰਮ ਕਰ ਰਿਹਾ ਨਜ਼ਰ ਆਉਂਦਾ ਹੈ। ਇਸ ਰਚਨਾ ਵਿਚ ਪੈਰਾਡਿਗਮੈਟਿਕ ਪੱਧਰ ਉੱਤੇ ਪ੍ਰਤੀਕਾਂ ਦੀ ਚੋਣ ਅਤੇ ਸਿਨਟਿਗਮੈਟਿਕ ਪੱਧਰ ਉੱਤੇ ਉਹਨਾਂ ਦਾ ਸਜੋੜ ਬੜਾ ਦਿਲਚਸਪ ਨੁਕਤਾ ਪੇਸ਼ ਕਰਦਾ ਹੈ, ਇਥੇ ਧੁਨੀ ਅਤੇ ਵਿਆਕਰਣਕ ਪੱਧਰ ਦੋਹਾਂ ਪੱਧਰਾਂ ਉੱਤੇ ਸਾਨੂੰ ਸਮਾਨਾਂਤਰਵਾਦ ਮਿਲਦਾ ਹੈ, ਜੋ ਤੁਲਾਰਥਕਤਾ (equivalence) ਬਣਾਈ ਰੱਖਣ ਵਿਚ ਮਦਦ ਕਰਦਾ ਹੈ। ਨਜ਼ਮ ਦੇ ਕੁਲ 5 ਬੰਦ ਹਨ, ਜਿਨ੍ਹਾਂ ਵਿੱਚੋਂ ਪਹਿਲਾ ਅੰਤ ਵਿਚ ਦੁਹਰਾਇਆ ਗਿਆ ਹੈ। ਇਹਨਾਂ ਦੋਹਾਂ ਦੇ ਵਿਚਾਲੇ ਤਿੰਨ ਹੋਰ ਬੰਦ ਹਨ। ਪਹਿਲੇ ਬੰਦ ਵਿਚ ਰਾਜੇ ਦਾ ਹੁਕਮ ਆਦੇਸ਼ਾਤਮਕ ਵਾਕਾਂ ਵਿਚ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਨਿਸ਼ੇਧ ਸ਼ਬਦ ਨਾਂ ਨੂੰ ਵਰਤਿਆ ਗਿਆ ਹੈ। ਇਸ ਤਰ੍ਹਾਂ ਇਕ ਪਾਸੇ ਸੁਕਾਰਾਤਮਕ (positive affirmative) (+) ਅਤੇ ਦੂਜੇ ਪਾਸੇ ਨਿਸ਼ੇਧਾਤਮਕ (—) ਦੋਹਾਂ ਤੱਤਾਂ ਨੂੰ ਤੁਲਾਰਥੀ ਸੰਬੰਧਾਂ ਵਿਚ ਸੰਗਠਿਤ ਕੀਤਾ ਗਿਆ ਹੈ।

ਸਮਾਨੰਤਰਤਾਵਾਦ ਧੁਨੀ ਅਤੇ ਰੂਪੀਮ ਦੇ ਪੱਧਰ ਉਪਰ ਵੀ ਸਪੱਸ਼ਟ ਰੂਪ ਵਿਚ ਵੇਖਿਆ ਜਾ ਸਕਦਾ ਹੈ। ਤੀਜੇ ਬੰਦ ਵਿਚ ਲਕੀਰੇ ਹੋਏ ਸ਼ਬਦ ਇਸ ਸਮਾਨੰਤਰਤਾਵਾਦ ਦਾ ਪਰਿਚੈ ਦੇਂਦੇ ਹਨ:

(1) **ਨੰਗੀਆਂ** ਜੀਭਾਂ **ਕੱਜੀਆਂ** ਜੀਭਾਂ

(2) **ਸਾਏ** ਤੇ **ਹਮਸਾਏ**

(3) ਅੱਧੀ ਅੱਧੀ ਰਾਤੀਂ ਕੰਜਕਾ **ਜਾਗੀ** ਤੇ ਮਾਂ ਨੂੰ ਪਈ **ਜਗਾਏ**।

ਇਸ ਸਮਾਨੰਤਰਤਾਵਾਦ ਦਾ ਵਿਆਪਕ ਰੂਪ ਵਿਚ ਪ੍ਰਮਾਣ ਸਾਨੂੰ ਇਕ ਪਾਸੇ ਕਵਿਤਾ ਦੇ ਪਹਿਲੇ ਤਿੰਨ ਬੰਦ ਅਤੇ ਦੂਜੇ ਪਾਸੇ ਪਿਛਲੇ ਤਿੰਨ ਬੰਦਾਂ ਦੀ ਤੁਲਨਾ ਵਿਚ ਨਜ਼ਰ ਆਉਂਦਾ ਹੈ। ਪਹਿਲੇ ਤਿੰਨ ਬੰਦਾਂ ਵਿਚ ਸੀਮਾਂਟਿਕ ਪੱਧਰ ਉਪਰ ਦਮਨ ਦੀ ਅਰਥ ਸੂਚਕ ਭਾਸ਼ਕ ਸੰਰਚਨਾ ਮਿਲਦੀ ਹੈ। ਇਉਂ ਲਗਦਾ ਹੈ, ਜਿਵੇਂ ਇਹਨਾਂ ਬੰਦਾਂ ਵਿਚ ਭਿੰਨ-ਭਿੰਨ ਸ਼ਬਦ ਆਈਟਮ ਇਕ ਦੂਜੇ ਨਾਲ ਇਕਾਗਰਤਾ ਪ੍ਰਾਪਤ ਕਰਨ ਲਈ ਜੂਝ ਰਹੇ ਹੋਣ।

ਪਹਿਲੀਆਂ ਅੱਠ ਪੰਗਤੀਆਂ ਵਿਚ ਮਿਲਦੀਆਂ ਸ਼ਬਦ-ਆਈਟਮਾਂ ਦੀਆਂ ਵਿਆਕਰਣਕ ਅਨੁਸੂਚੀਆਂ ਉੱਤੇ ਨਜ਼ਰ ਮਾਰਿਆਂ ਪਤਾ ਲਗਦਾ ਹੈ ਕਿ ਇਹਨਾਂ ਵਿਚ ਨਾਵਾਂ ਦੀ ਬਹੁਲਤਾ ਹੈ। ਉਦਾਹਰਣ ਲਈ ਕੰਜਕਾ, ਰਾਜਾ, ਹੁਕਮ, ਹੱਥ, ਅੱਖ, ਘਰ, ਪਿਉ, ਜਾਈ, ਬਾਪ, ਗੋਦ, ਮਾਂ, ਥਣ, ਮਰਦ, ਦੁੱਧ ਆਦਿ ਨਾਂਵ ਹਨ। ਪਹਿਲੇ ਬੰਦ ਵਿਚ ਤਿੰਨ ਵਾਰੀ ਨਾ (ਨਕਾਰਤਾਮਕ ਸ਼ਬਦ) ਅਤੇ ਲੁੱਚੀ ਤੇ ਸੁੱਚੀ ਦੋ ਵਿਸ਼ੇਸ਼ਣ ਹਨ। ਇਸ ਤੋਂ ਬਿਨਾਂ 'ਦੇ', 'ਨੂੰ', 'ਤੱਕ' ਸੰਬੰਧਕ ਅਤੇ ਯੋਜਕ ਹਨ। ਨਾਵਾਂ ਦੀ ਪ੍ਰਧਾਨਤਾ ਇਹਨਾਂ ਪੰਗਤੀਆਂ ਵਿਚ ਸ਼ਬਦਾਂ ਨੂੰ ਇਕ ਦੂਜੇ ਨਾਲ ਏਕਾ ਪ੍ਰਾਪਤ ਨਹੀਂ ਕਰਨ ਦੇਂਦੀ, ਇਥੇ ਕੇਵਲ ਤਿੰਨ ਕਿਰਿਆ ਸ਼ਬਦ ਹਨ, ਜਿਵੇਂ 'ਹੋਇਆ', 'ਲਾਏ' ਅਤੇ 'ਜਾਏ'। ਇਸੇ ਪ੍ਰਕਾਰ ਦੂਜੇ ਬੰਦ ਵਿਚ 'ਜਾਈ', 'ਖਿਡਾਏ', 'ਚੁੰਘਿਆ', 'ਪਿਆਏ' ਚਾਰ ਕਿਰਿਆਵਾਂ ਹਨ। ਕਿਰਿਆ ਦੀ ਘਾਟ ਅਤੇ ਨਾਵਾਂ ਦੀ ਬਹੁਲਤਾ ਇਹਨਾਂ ਬੰਦਾਂ ਵਿਚ ਇਕ ਪ੍ਰਕਾਰ ਦੀ ਅਕ੍ਰਮਕਤਾ ਦੇ ਭਾਵ ਪੈਦਾ ਕਰਦੇ ਹਨ। ਕਿਰਿਆਵਾਂ ਤੋਂ ਪਹਿਲਾਂ ਨਿਸ਼ੇਧ ਪਦ ਵੀ ਵਹਾਉ ਜਾਂ ਵੇਗ ਵਿਚ ਰੋਕ ਪੈਦਾ ਕਰਦਾ ਹੈ।

ਪਹਿਲੇ ਤਿੰਨ ਬੰਦਾਂ ਵਿਚ ਭਿੰਨ-ਭਿੰਨ ਸ਼ਬਦ-ਆਈਟਮਾਂ ਦੀ ਵਿਆਕਰਣਕ ਕੋਟੀਆਂ ਦੀ ਵਰਗ-ਵੰਡ ਇਸ ਗੱਲ ਦੀ ਸੂਚਕ ਹੈ ਕਿ ਇਸ ਰਚਨਾ ਵਿਚ ਨਾਵਾਂ ਦੀ ਪ੍ਰਧਾਨਤਾ ਅਜਿਹੇ ਅਰਥ ਮੂਲਕ ਲਛਣ (semantic features) ਉਜਾਗਰ ਕਰਦੀ ਹੈ, ਜਿਨ੍ਹਾਂ ਰਾਹੀਂ ਮਨੁੱਖੀ ਸੰਚਾਰ ਦੀ ਸਹਿਜ ਦੁਨੀਆ ਦੇ ਦਮਨ ਦੀ ਸੂਚਨਾ ਮਿਲਦੀ ਹੈ। ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਇਹ ਵੱਖੋ-ਵੱਖਰੇ ਸ਼ਬਦ-ਆਈਟਮ ਇਕ ਦੂਜੇ ਨਾਲ ਸਾਰਥਿਕ ਸੰਬੰਧਾਂ ਵਿਚ ਜੁੜਨ ਲਈ ਤਤਪਰ ਹੋਣ, ਪਰ ਉਹ ਆਪਣੀ ਸੀਮਾਂ ਨਹੀਂ ਉਲੰਘ ਸਕਦੇ। ਇਸ ਦੇ ਉਲਟ ਅਗਲੇ ਚਾਰ ਬੰਦਾਂ ਵਿਚ ਅਸੀਂ ਵੇਖਦੇ ਹਾਂ ਕਿ ਭਿੰਨ-ਭਿੰਨ ਵਿਆਕਰਣਕ ਕੋਟੀਆਂ ਵਾਲੇ ਸ਼ਬਦ ਆਪਸ ਵਿਚ ਸਾਰਥਿਕ ਸੰਬੰਧਾਂ ਵਿਚ ਢਲਦੇ ਨਜ਼ਰ ਆਉਂਦੇ ਹਨ। ਪਹਿਲੇ ਚਾਰ ਬੰਦਾਂ ਵਿਚ ਕਿਰਿਆ ਤੋਂ ਪਹਿਲਾਂ 'ਨਾ ਨਿਸ਼ੇਧ ਪਦ' ਦੀ ਵਰਤੋਂ ਹੋਣ ਨਾਲ ਪ੍ਰਕਿਰਿਆ ਦੀ ਰੋਕ ਪੈਦਾ ਹੁੰਦੀ ਹੈ, ਜਿਵੇਂ :

...ਹੱਥ ਨਾ ਲਾਏ
ਨਾ ਘਰ ਤਕ ਜਾਏ
ਨਾ ਗੋਦ ਖਿਡਾਏ
ਨਾ ਕੂਏ
ਨਾ ਸੁਣੇ ਸੁਣਾਏ

ਇਥੇ ਨਿਸ਼ੇਧ ਪਦ (negative) ਅਤੇ ਸੁਕਾਰਾਤਮਕ ਆਦੇਸ਼-ਮੂਲਕ ਕਿਰਿਆ (positive affirmative) ਬਣਤਰਾਂ ਅਵਰੋਧ ਦੀ ਸਥਿਤੀ ਪੈਦਾ ਕਰਦੀਆਂ ਹਨ। ਪਰ ਅਗਲੇ ਤਿੰਨ ਬੰਦਾਂ ਵਿਚ ਕਿਰਿਆਵਾਂ ਨਿਰੰਤਰ ਪ੍ਰਕਿਰਿਆ ਨੂੰ ਦਰਸਾਉਂਦੀਆਂ ਹਨ। ਪਹਿਲੀ ਪੰਗਤੀ ਵਿਚ ਕਿਰਿਆ ਜਾਗੀ (+ past tense) ਅਤੇ ਫੇਰ ਤੀਜੀ ਵਿਚ ਚੜ੍ਹਿਆ (+ past tense) ਦੁਹਰਾਇਆ ਗਿਆ ਹੈ। ਬਾਕੀ ਸਾਰੀਆਂ ਕਿਰਿਆਵਾਂ (+ present cintriumem) ਦੀਆਂ ਸੂਚਕ ਹਨ, ਜੋ ਅਜਿਹੀ ਪ੍ਰਕਿਰਿਆ ਨੂੰ ਪੇਸ਼ ਕਰਦੀ ਹੈ, ਜੋ ਅਵਰੋਧ ਨਾ ਰੋਕ ਦੇ ਉਲਟ ਹੈ। ਜਿਵੇਂ:

...ਮਾਂ ਨੂੰ ਪਈ ਜਗਾਏ

... ...

...ਮੈਨੂੰ ਪਿਆ ਬੁਲਾਏ

... ...

ਉਸ ਨੂੰ ਕੌਣ ਬੁਲਾਏ

... ...

ਚੀਖੇ ਤੇ ਚਿਚਲਾਏ

ਅਗਲੀਆਂ ਚਾਰ ਪੰਗਤੀਆਂ ਵਿਚ 'ਸਿੰਮਦੇ ਸਿੰਮਦੇ' ਕਿਰਿਆ ਇਸੇ ਨਿਰੰਤਰ ਪ੍ਰਕਿਰਿਆ ਦੀ ਸੂਚਕ ਹੈ। 'ਹੜ੍ਹ ਆਏ' ਫੇਰ + past tense ਦਾ ਲੱਛਣ ਧਾਰਨ ਕਰਦਾ ਹੈ, ਪਰ ਇਹਨਾਂ ਪੰਗਤੀਆਂ ਵਿਚ ਪ੍ਰਵਚਨ ਦੀ ਪੱਧਰ ਉੱਤੇ ਇਹ ਨਿਰੰਤਰਤਾ ਨੂੰ ਹੀ ਪ੍ਰਗਟਾ ਚੁੱਕਾ ਹੈ। 'ਮਤੇ ਦਲੀਜ਼ੋਂ ਬਾਹਰ ਪੈਰ ਟਿਕਾਏ' ਇਕ ਪਾਸੇ ਨਿਰੰਤਰਤਾ ਦਾ ਸੂਚਕ ਹੈ। ਦੂਜੇ ਪਾਸੇ ਮੂੰਹ ਜ਼ੋਰ ਵੱਗਦਾ।

ਉਪਰੋਕਤ ਓਪਰੇ ਜਹੇ ਪੱਧਰ ਉਪਰ ਕੀਤਾ ਗਿਆ, ਵਿਸ਼ਲੇਸ਼ਣ ਹਥਲੀ ਨਜ਼ਮ ਦੀਆਂ ਦੋ ਸੀਮਾਂਟਿਕ ਇਕਾਈਆਂ ਦੇ ਸੰਗਠਨ ਵਿਚ ਸਮਾਨੰਤਰਤਾ ਦੀਆਂ ਰੂਪ-ਵਿਧੀਆਂ ਨੂੰ ਪੇਸ਼ ਕਰਦਾ ਹੈ। ਇਸੇ ਸਮਾਨੰਤਰਤਾ ਦੇ ਆਧਾਰ ਉਪਰ ਹੀ ਤੁਲਨਾਰਥਕਤਾ ਦੀ ਸੰਰਚਨਾ ਰਚੀ ਗਈ ਹੈ।

ਇਸੇ ਤਰ੍ਹਾਂ ਇਸ ਨਜ਼ਮ ਵਿਚ ਕੁਝ ਸ਼ਬਦਾਂ ਦਾ ਦੁਹਰਾਉ ਜਿਥੇ ਧੁਨੀ ਦੀ ਪੱਧਰ ਉੱਤੇ ਅਨੁਪ੍ਰਾਸਕ ਰੂਪ ਵਿਧੀਆਂ ਨੂੰ ਉਘਾੜਦਾ ਹੈ, ਉਥੇ ਵਾਕ ਦੀ ਪੱਧਰ 'ਤੇ ਇਸ ਨਾਲ ਸਮਤਾ ਪੈਦਾ ਹੁੰਦੀ ਹੈ, ਜਿਵੇਂ:

(1) ਨਾ ਅੱਖ ਲੁੱਚੀ ਤੇ ਨਾ ਅੱਖ ਸੁੱਚੀ (ਅੱਖ)
ਨੰਗੀਆਂ ਜੀਭਾਂ ਤੇ ਕੱਜੀਆਂ ਜੀਭਾਂ (ਜੀਭਾਂ)

(2) ਅੱਧੀ ਅੱਧੀ ਰਾਤੀਂ (ਅੱਧੀ)

(3) ਚੁੱਪ ਦੇ ਵਿਹੜੇ...
ਚੁੱਪ ਰਹਾਂ... (ਚੁੱਪ)

(4) ਹੁਕਮ ਹੋਇਆ
ਡਾਢੇ ਹੁਕਮ ਚੜ੍ਹਾਏ (ਹੁਕਮ)

(5) ਸਿੰਮਦੇ ਸਿੰਮਦੇ (ਸਿੰਮਦੇ)

ਨਜ਼ਮ ਦੇ ਦੂਜੇ ਭਾਗ ਵਿਚ 'ਅੱਧੀ ਅੱਧੀ ਰਾਤੀਂ' ਵਾਲੇ ਬੰਦ ਵਿਚ 'ਜਾਗੀ', 'ਜਗਾਏ', 'ਜਗਦਾ', 'ਜਾਗਦੀ' ਥੀਮ-ਸ਼ਬਦ ਹਨ, ਜਿਨ੍ਹਾਂ ਦਾ ਕਵੀ ਅਗ੍ਰਭੂਮਣ ਕਰਦਾ ਹੈ। ਅਗਲੀਆਂ ਪੰਗਤੀਆਂ ਵਿਚ ਚਾਨਣ ਸ਼ਬਦ ਇਕ ਪ੍ਰਕਾਰ ਦਾ ਮੁੱਖ ਸ਼ਬਦ ਬਣਦਾ ਹੈ। ਇਸ ਸ਼ਬਦ ਨੂੰ ਕਵੀ ਦੋ ਵਾਰੀ ਵਰਤਦਾ ਹੈ:

(1) ਚੁੱਪ ਦੇ ਵਿਹੜੇ ਚਾਨਣ ਚੜ੍ਹਿਆ

(2) ਲੂਆਂ ਥਾਣੀਂ ਸਿੰਮਦੇ ਸਿੰਮਦੇ
ਚਾਨਣ ਦੇ ਹੜ੍ਹ ਆਏ

ਇਉਂ ਸਮੁੱਚੀ ਨਜ਼ਮ ਇਕ ਪਾਸੇ ਸਹਿਜ ਸੰਚਾਰ ਅਤੇ ਦੂਜੇ ਪਾਸੇ ਸੰਪੂਰਨ ਸੰਚਾਰ ਅਵਰੋਧ ਦੇ ਪਰਸਪਰ ਵਿਰੋਧ ਦੀ ਸੰਵੇਦਨਾ ਦੀ ਨਿਸਚਿਤ ਸੰਰਚਨਾਕਾਰੀ (structuration) ਦਾ ਰੂਪ ਧਾਰਦੀ ਹੈ। ਸੰਚਾਰ ਅਵਰੋਧ ਦੀ ਸਥਿਤੀ ਅਜਿਹੀ ਦ੍ਰਿਸ਼ਟੀ ਦੁਆਰਾ ਰੂਪਮਾਨ ਕੀਤੀ ਗਈ ਹੈ, ਜੋ ਕੇਵਲ ਅਗ੍ਰਭੂਮੀ ਉਪਰ ਹੀ ਕੇਂਦ੍ਰਿਤ ਨਹੀਂ ਰਹਿੰਦੀ, ਬਲਕਿ ਪਿਠਭੂਮੀ ਬਾਰੇ ਵੀ ਚੇਤੰਨਤਾ ਦਰਸਾਉਂਦੀ ਹੈ। ਕੰਜਕਾ ਚਾਹੇ ਅਜਿਹੀ ਸਥਿਤੀ ਨੂੰ ਪੇਸ਼ ਕਰਦੀ ਹੈ, ਜਿਸ ਵਿਚ ਮਨੁੱਖੀ ਸਹਿਜ ਸੰਚਾਰ ਦੇ ਸਾਰੇ ਚੈਨਲ ਟੁੱਟ ਗਏ ਹੋਣ, ਪਰ ਇਸ ਦੇ ਫੇਰ ਆਮ ਵਰਗੀ ਹਾਲਤ ਵਿਚ ਮੁੜ ਆਉਣ ਦੀ ਸੰਭਾਵਨਾ ਨੂੰ ਵੀ ਕਾਇਮ ਰੱਖਿਆ ਗਿਆ ਹੈ। ਕੰਜਕਾ ਦੇ ਪ੍ਰਸੰਗ ਵਿਚ ਮਨੁੱਖੀ ਰਿਸ਼ਤਿਆਂ ਦੇ ਲੈਣ-ਦੇਣ ਦੀ ਪ੍ਰਕਿਰਿਆ ਦਾ ਭੰਗ ਹੋਣਾ ਇਸ ਗੱਲ ਦਾ ਸੂਚਕ ਹੈ, ਇਹ ਰਿਸ਼ਤੇ ਪਹਿਲਾਂ ਸਹਿਜ ਰੂਪ ਵਿਚ ਚਲ ਰਹੇ ਸਨ। ਇਸੇ ਤਰ੍ਹਾਂ ਇਹਨਾਂ ਦੇ ਭਵਿੱਖ ਵਿਚ ਮੁੜ ਪੈਦਾ ਹੋਣ ਦੀ ਸੰਭਾਵਨਾ ਵੱਲ ਵੀ ਸੰਕੇਤ ਮਿਲਦਾ ਹੈ। ਹੁਣ ਦੀ ਸਥਿਤੀ ਵਿਚ ਨਾ ਚੰਗੇ ਬੰਦੇ ਅਤੇ ਨਾ ਹੀ ਮੰਦੇ ਸੰਚਾਰ-ਪ੍ਰਕਿਰਿਆਵਾਂ ਨੂੰ ਵਰਤੋਂ ਵਿਚ ਲਿਆ ਸਕਦੇ ਹਨ। ਕੰਜਕਾ ਇਕ ਅਜਿਹੇ ਭਾਸ਼ਕ ਚਿਹਨ ਦਾ ਰੂਪ ਧਾਰ ਜਾਂਦੀ ਹੈ, ਜਿਸ ਵਿਚ ਵਿਸ਼ੇਸ਼ ਅਰਥ ਭਰੇ ਗਏ ਹਨ। ਇਹ ਰੂਪਕ ਦੀ ਪੱਧਰ ਉਪਰ ਲੋਕਤੰਤਰੀ ਸਵਤੰਤਰਤਾ ਦੀ ਮੁਅੱਤਲੀ ਦਾ ਰੂਪ ਧਾਰਨ ਕਰ ਜਾਂਦੀ ਹੈ। ਇਸੇ ਤਰ੍ਹਾਂ ਰਾਜਾ ਅੰਨ੍ਹੀ ਸ਼ਕਤੀ ਦੀ ਘੋਰ ਦੁਰਵਰਤੋਂ ਦਾ ਚਿਹਨ ਬਣ ਜਾਂਦਾ ਹੈ, ਜਿਸ ਦੁਆਰਾ ਸਾਰੀਆਂ ਜਮਹੂਰੀ ਸੰਸਥਾਵਾਂ ਭੰਗ ਕਰ ਦਿੱਤੀਆਂ ਜਾਂਦੀਆਂ ਹਨ ਅਤੇ ਸਮਾਜ ਵਿਚ ਨਿਆਂ ਦੀਆਂ ਸਾਰੀਆਂ ਪ੍ਰਕਿਰਿਆਵਾਂ ਉਪਰ ਰੋਕ ਲੱਗਾ ਦਿੱਤੀ ਜਾਂਦੀ ਹੈ।

ਸਮੁੱਚੇ ਤੌਰ 'ਤੇ 'ਕੰਜਕਾ' ਇਸ ਕਵਿਤਾ ਦੇ ਸੰਦਰਭ ਵਿਚ ਵਿਸ਼ੇਸ਼ ਅਰਥ ਧਾਰਨ ਕਰ ਜਾਂਦੀ ਹੈ। ਉਹ ਲੋਕਤੰਤਰੀ ਸਵਤੰਤਰਤਾ ਦੀ ਪ੍ਰਤੀਕ ਬਣ ਜਾਂਦੀ ਹੈ, ਜਿਸ ਨੂੰ ਵੇਲੇ ਦੀ ਹਕੂਮਤ ਨੇ ਨਾ ਕੇਵਲ ਭੰਗ ਕੀਤਾ, ਸਗੋਂ ਉਸ ਨਾਲ ਸੰਬੰਧਿਤ ਸੰਸਥਾਵਾਂ ਅਤੇ ਚੈਨਲਾਂ ਨੂੰ ਵੀ ਫਾਅ ਲਾਈ। ਕੰਜਕਾ ਦਾ ਪਿਉ ਉਸ ਨੂੰ ਗੋਦ ਵਿਚ ਨਹੀਂ ਖਿਡਾ ਸਕਦਾ, ਕਿਉਂਕਿ ਉਹ ਕਾਮੀ ਹੈ। ਉਸ ਦੀ ਮਾਂ ਆਪਣੇ ਥਣ ਵਿੱਚੋਂ ਉਸ ਨੂੰ ਅਣਪੁਣਿਆ ਦੁੱਧ ਨਹੀਂ ਪਿਲਾ ਸਕਦੀ, ਕਿਉਂਕਿ ਉਹ ਕਿਸੇ ਮਰਦ ਨੇ ਚੁੰਘਿਆ ਸੀ। ਇਸੇ ਤਰ੍ਹਾਂ ਦੇਸ਼ ਵਿਚ ਲੋਕਤੰਤਰੀ ਸੰਸਥਾਵਾਂ ਨੂੰ ਜਨਮ ਦੇਣ ਵਾਲੇ ਵਡਿੱਕੇ ਉਹਨਾਂ ਦੀ ਸੰਭਾਲ ਅਤੇ ਪਾਲਣਾ ਨਹੀਂ ਕਰ ਸਕਦੇ। ਕੰਜਕਾ ਆਪਣੇ

ਮਾਪਿਆਂ ਦੇ ਪਿਆਰ ਤੇ ਪਾਲਣਾ ਨਾਲ ਭਿਟ ਜਾਏਗੀ, ਇਸੇ ਤਰ੍ਹਾਂ ਦੇਸ਼ ਦੀਆਂ ਲੋਕਤੰਤਰੀ ਸੰਸਥਾਵਾਂ ਦੇ ਮੋਢੀ ਮਾਪੇ ਉਹਨਾਂ ਦੀ ਹਿਫ਼ਾਜ਼ਤ ਨਹੀਂ ਕਰ ਸਕਦੇ। ਭਿਟੇ ਜਾਣ ਦੇ ਡਰ ਤੋਂ ਕੰਜਕਾ ਆਲੇ-ਦੁਆਲੇ ਦੀ ਦੁਨੀਆ ਤੋਂ ਅਛੂਹ ਤੇ ਵਿਛੁੰਨੀ ਰੱਖੀ ਗਈ ਹੈ, ਇਸੇ ਤਰ੍ਹਾਂ ਲੋਕਤੰਤਰ ਅਤੇ ਇਸ ਦੀਆਂ ਸੰਸਥਾਵਾਂ ਨਾਲ ਲੋਕਾਂ ਦਾ ਸੰਪਰਕ ਅਤੇ ਸਾਂਝ ਤੋੜੀ ਗਈ ਹੈ।

ਕੁਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਕੰਜਕਾ ਕਾਵਿ-ਪ੍ਰਵਚਨ ਦੇ ਰੂਪ ਵਿਚ ਇਕ ਜਟਿਲ ਰਚਨਾ ਪ੍ਰਬੰਧ ਨੂੰ ਪੇਸ਼ ਕਰਦੀ ਹੈ, ਜੋ ਸਤਹ ਦੀ ਪੱਧਰ ਉਪਰ ਬੜਾ ਸਰਲ ਪ੍ਰਤੀਤ ਹੁੰਦਾ ਹੈ। ਕਵਿਤਾ ਦਾ ਪਾਠ ਸਰਲਤਾ ਤੋਂ ਜਟਿਲਤਾ ਵੱਲ ਯਾਤਰਾ ਹੈ। ਸ਼ੈਲੀ ਵਿਗਿਆਨ ਦੀ ਦ੍ਰਿਸ਼ਟੀ ਤੋਂ ਇਸ ਪ੍ਰਬੰਧ ਵਿਚ ਤੁਲਨਾਰਥਕਤਾ ਦੇ ਨੇਮ ਨੂੰ ਬੁਨਿਆਦੀ ਰੂਪ ਵਿਚ ਪਛਾਣਿਆ ਜਾ ਸਕਦਾ ਹੈ। ਇਹ ਤੁਲਨਾਰਥਕਤਾ ਸਮਾਨੰਤਰਤਾਵਾਦ ਦੀਆਂ ਰੂਪ-ਵਿਧੀਆਂ ਦੁਆਰਾ ਪ੍ਰਾਪਤ ਕੀਤੀ ਗਈ ਹੈ।

•

ਰਚਨਾ-ਪਾਠ

ਸਮਕਾਲੀ ਦਰਸ਼ਨ ਅਤੇ ਭਾਸ਼ਾ-ਵਿਗਿਆਨ ਦੋਹਾਂ ਦਾ ਪ੍ਰਮੁੱਖ ਰੁਝਾਣ ਭਾਸ਼ਾ ਸੰਰਚਨਾ ਅਤੇ ਭਾਸ਼ਾ ਪ੍ਰਕਿਰਿਆਵਾਂ ਦਾ ਵਿਸ਼ਲੇਸ਼ਣ ਕਰਨਾ ਹੈ। ਸਾਡੇ ਸਮੇਂ ਦੇ ਪ੍ਰਧਾਨ ਦਾਰਸ਼ਨਿਕ ਸਕੂਲ ਜਿਵੇਂ ਨਿਸ਼ਚੈਵਾਦ (positivism), ਸੰਰਚਨਾਵਾਦ (structuralism), ਪਰਪੰਚ ਵਿਗਿਆਨ (phenomenology) ਅਤੇ ਵਿਸ਼ਲੇਸ਼ਣਾਤਮਕ ਦਰਸ਼ਨ (analytical philosophy) ਸਾਰੇ ਆਪੋ ਆਪਣੇ ਢੰਗਾਂ ਨਾਲ ਭਾਸ਼ਾ-ਰਚਨਾ ਅਤੇ ਇਸ ਦੁਆਰਾ ਅਰਥ ਸਿਰਜਣ ਦੀਆਂ ਪ੍ਰਕਿਰਿਆਵਾਂ ਉਪਰ ਆਪਣਾ ਧਿਆਨ ਕੇਂਦ੍ਰਿਤ ਕਰਦੇ ਹਨ। ਬਹੁਤ ਸਾਰੇ ਆਧੁਨਿਕ ਦਾਰਸ਼ਨਿਕ ਜਿਨ੍ਹਾਂ ਦੇ ਮਤਾਂ ਅਤੇ ਦ੍ਰਿਸ਼ਟੀਕੋਣਾਂ ਵਿਚ ਚਾਹੇ ਮਤ ਏਕਾ ਨਹੀਂ, ਪਰ ਉਹਨਾਂ ਸਾਰਿਆਂ ਦੀ ਰੁਚੀ ਭਾਸ਼ਾ-ਸਿਰਜਣ ਦੇ ਭਿੰਨ-ਭਿੰਨ ਤਜਰਬਿਆਂ ਦੇ ਆਧਾਰ ਉਪਰ ਭਾਸ਼ਾ ਦੁਆਰਾ ਰਚੇ ਪਾਠਾਂ ਨੂੰ ਸਮਝਣ-ਸਮਝਾਉਣ ਵਿਚ ਦਿਨੋਂ ਦਿਨ ਵਧਦੀ ਰਹੀ ਹੈ। ਸਮਕਾਲੀ ਫ਼ਰਾਂਸੀਸੀ ਸਾਹਿਤ ਆਲੋਚਕਾਂ ਅਤੇ ਇਤਿਹਾਸਕਾਰਾਂ ਜਿਵੇਂ ਜੈਕੁਏ ਦੈਰੀਦਾ, ਫ਼ਿਲਿਪ ਸੋਲਰਜ਼, ਪਾਈਰੀ ਮੈਕੇਰੀ ਆਦਿ ਨੇ ਭਾਸ਼ਾ ਸੰਰਚਨਾਵਾਂ ਦੁਆਰਾ ਅਰਥ ਸਿਰਜਣ ਨੂੰ ਨਵੇਂ ਬਿੰਦੂਆਂ ਤੋਂ ਵੇਖਣ ਦੀ ਰੁਚੀ ਸਪੱਸ਼ਟ ਰੂਪ ਵਿਚ ਦਰਸਾਈ ਹੈ। ਸਮਕਾਲੀ ਦਰਸ਼ਨ ਨਾਲ ਸੰਬੰਧਿਤ ਬਹੁਤੇ ਚਿੰਤਕ ਆਧੁਨਿਕ ਭਾਸ਼ਾ ਵਿਗਿਆਨ ਦੀਆਂ ਜੁਗਤਾਂ ਵਿਧੀਆਂ ਨਾਲ ਸਾਹਿਤਕ ਭਾਸ਼ਾ ਦਾ ਵਿਸ਼ਲੇਸ਼ਣ ਕਰ ਰਹੇ ਹਨ। ਭਾਸ਼ਾ-ਵਿਗਿਆਨੀ, ਦਾਰਸ਼ਨਿਕ ਅਤੇ ਸਾਹਿਤ ਵਿਗਿਆਨੀ ਇਹਨੀਂ ਦਿਨੀਂ ਇਕ ਦੂਜੇ ਦੇ ਕਾਫ਼ੀ ਨੇੜੇ ਆ ਗਏ ਹਨ ਅਤੇ ਇਕ ਸਾਂਝਾ ਖੇਤਰ, ਜਿਸ ਨੂੰ ਅਸੀਂ ਰਚਨਾ-ਪਾਠ ਕਹਿ ਸਕਦੇ ਹਾਂ, ਵੱਲ ਰੁਚਿਤ ਹੁੰਦਿਆਂ ਆਪਣੇ ਅਧਿਐਨ ਲਈ ਸਾਂਝੀਆਂ ਵਿਧੀਆਂ, ਸਾਂਝੇ ਸੰਦ ਅਤੇ ਸਾਂਝੀਆਂ ਜੁਗਤਾਂ ਦੀ ਪਛਾਣ ਕਰ ਰਹੇ ਹਨ।

ਪ੍ਰਸ਼ਨ ਪੈਦਾ ਹੁੰਦਾ ਹੈ ਕਿ ਰਚਨਾ-ਪਾਠ ਕੀ ਹੈ ? ਇਸ ਨੂੰ ਭਾਸ਼ਾ-ਵਿਗਿਆਨੀ ਪਰਿਭਾਸ਼ਿਤ ਕਰਦਿਆਂ ਕੋਈ ਅਜਿਹਾ ਉਚਾਰ ਜਾਂ ਲਿਖਤ ਦੱਸਦੇ ਹਨ, ਜੋ ਕਿ ਇਕਾਗਰ ਸਮੁੱਚ ਵਿਚ ਬੱਝਾ ਹੋਵੇ। ਇਸ ਦਾ ਆਕਾਰ ਕਿੰਨਾ ਵੀ ਹੋ ਸਕਦਾ ਹੈ ਅਤੇ ਇਹ ਮੂੰਹ ਤੋਂ ਉਚਾਰਿਆ ਜਾ ਸਕਦਾ ਹੈ ਜਾਂ ਫੇਰ ਕਾਗ਼ਜ਼ ਉਪਰ ਲਿਖ ਕੇ ਤਿਆਰ ਕੀਤਾ ਜਾ ਸਕਦਾ ਹੈ। ਹਰ ਭਾਸ਼ਾ ਬੋਲਣ ਵਾਲਾ ਆਪਣੀ ਭਾਸ਼ਾ ਵਿਚ ਕੀਤੇ ਗਏ ਉਚਾਰ ਜਾਂ ਲਿਖਤ ਨੂੰ ਪਾਠ ਦੇ ਤੌਰ 'ਤੇ ਪਛਾਣਦਾ ਹੈ। ਉਹ ਇਕ ਸਾਮਾਨਯ ਨੇਮ ਦੇ ਤੌਰ 'ਤੇ ਦੱਸ ਸਕਦਾ ਹੈ ਕਿ ਕੋਈ ਉਚਾਰ/ਲਿਖਤ ਪਾਠ ਬਣਨ ਦੀ ਯੋਗਤਾ ਰੱਖਦਾ/ਰੱਖਦੀ ਹੈ ਜਾਂ ਨਹੀਂ। ਪਰ ਇਹ ਪਛਾਣ ਏਨੀ ਸਹਿਜ ਅਤੇ ਸੌਖੀ ਨਹੀਂ। ਕਿਸੇ ਪਾਠ-ਰਚਨਾ ਦਾ ਇਕ ਸਮੁੱਚੀ ਇਕਾਈ ਹੋਣਾ ਉਸ ਦੀ ਇਕਾਗਰਤਾ 'ਤੇ ਨਿਰਭਰ

ਹੈ। ਪਰ ਕਿਸੇ ਪਾਠ ਦੇ ਨਮੂਨੇ ਵਿਚ ਇਹ ਇਕਾਗਰਤਾ ਘੱਟ ਜਾਂ ਵੱਧ ਮਾਤਰਾ ਵਿਚ ਹੋ ਸਕਦੀ ਹੈ, ਇਸ ਲਈ ਪਾਠ ਦੀ ਹੋਂਦ ਨੂੰ ਪਛਾਨਣ ਲਈ ਅਨਿਸਚਿਤਤਾ ਦਾ ਖੇਤਰ ਘੱਟ ਜਾਂ ਵੱਧ ਮਾਤਰਾ ਵਿਚ ਰਹਿੰਦਾ ਹੈ। ਇਕ ਸੁਗਠਿਤ ਪਾਠ ਅਤੇ ਆਪਸ ਵਿਚ ਅਸੰਬੰਧਿਤ ਵਾਕਾਂ ਦੇ ਇਕੱਠ ਦਾ ਨਿਖੇੜਾ ਮਾਤਰਾ ਉੱਤੇ ਨਿਰਭਰ ਹੈ। ਪਰ ਅਸੀਂ ਆਪਣੀ ਭਾਸ਼ਾ ਦੇ ਬੋਲਣਹਾਰਿਆਂ ਦੇ ਤੌਰ 'ਤੇ ਪਾਠ ਅਤੇ ਗ਼ੈਰ-ਪਾਠ ਦਾ ਨਿਖੇੜਾ ਆਪਣੇ ਸਹਿਜ ਗਿਆਨ ਦੇ ਆਧਾਰ ਉੱਤੇ ਕਰ ਲੈਂਦੇ ਹਾਂ।

ਪਰ ਕਿਸੇ ਪਾਠ ਦੇ ਕਿਹੜੇ ਵਸਤੂ-ਮੂਲਕ ਲੱਛਣ ਹਨ, ਜੋ ਗ਼ੈਰ-ਪਾਠ ਵਿਚ ਨਹੀਂ ਮਿਲਦੇ ? ਕੋਈ ਪਾਠ ਉਚਾਰ ਦਾ ਬਣਿਆ ਹੋਇਆ ਹੋਵੇ ਜਾਂ ਲਿਖਤ ਸ਼ਬਦਾਂ ਦਾ ਰਚਿਆ ਹੋਇਆ ਹੋਵੇ, ਉਹ ਛੰਦਾ-ਬੰਦੀ ਵਿਚ ਰਚਿਤ ਹੋਵੇ ਜਾਂ ਗੱਦ ਵਿਚ, ਉਹ ਸੰਬਾਦ ਹੋਵੇ ਜਾਂ ਏਕਾਲਾਪ, ਉਸ ਦੇ ਕੁਝ ਨਿੱਖੜਵੇਂ ਲੱਛਣ ਹੁੰਦੇ ਹਨ, ਜੋ ਉਸ ਨੂੰ ਪਾਠ ਦਾ ਦਰਜਾ ਦੇਂਦੇ ਹਨ! ਪਾਠ ਇਕ ਅਖਾਣ ਜਾਂ ਮੁਹਾਵਰੇ ਤੋਂ ਲੈ ਕੇ ਇਕ ਵੱਡਾ ਨਾਟਕ ਹੋ ਸਕਦਾ ਹੈ, ਕਿਸੇ ਦੀ ਮਦਦ ਲਈ ਨਿਕਲੀ ਇਕ ਚੀਕ ਤੋਂ ਲੈ ਕੇ ਕਿਸੇ ਕਮੇਟੀ ਵਿਚ ਸਾਰੇ ਦਿਨ ਦੇ ਕੀਤੇ ਵਿਚਾਰ-ਵਟਾਂਦਰੇ ਦਾ ਰੂਪ ਧਾਰ ਸਕਦਾ ਹੈ। ਇਉਂ ਪਾਠ ਦੇ ਆਕਾਰ ਬਾਰੇ ਕੋਈ ਨਿਸਚਿਤ ਹੱਦ ਨਹੀਂ ਮਿੱਥੀ ਜਾ ਸਕਦੀ।

ਪਾਠ ਵਿਚ ਭਾਸ਼ਾ-ਪ੍ਰਯੋਗ ਇਕ ਇਕਾਈ ਹੁੰਦਾ ਹੈ। ਇਹ ਵਿਆਕਰਣਕ ਇਕਾਈ ਨਹੀਂ ਹੁੰਦਾ ਅਤੇ ਨਾ ਹੀ ਇਸ ਨੂੰ ਇਸ ਦੇ ਆਕਾਰ ਦੇ ਆਧਾਰ ਉੱਤੇ ਪਰਿਭਾਸ਼ਤ ਕੀਤਾ ਜਾ ਸਕਦਾ ਹੈ। ਪਾਠ ਕਈ ਵਾਰੀ ਇਕ ਪ੍ਰਕਾਰ ਦਾ ਸੁਪਰਵਾਕ ਹੁੰਦਾ ਹੈ—ਇਕ ਅਜਿਹੀ ਵਿਆਕਰਣਕ ਇਕਾਈ ਜੋ ਵਾਕ ਤੋਂ ਵੱਡੀ ਹੁੰਦੀ ਹੈ। ਇਹ ਵਾਕ ਨਾਲ ਉਸੇ ਰਿਸ਼ਤੇ ਨਾਲ ਬੱਝੀ ਹੋਈ ਹੁੰਦੀ ਹੈ, ਜਿਵੇਂ ਵਾਕ ਵਾਕੰਸ਼ (clause) ਨਾਲ ਅਤੇ ਵਾਕੰਸ਼ ਇਕ ਗਰੁੱਪ ਨਾਲ ਅਤੇ ਇਸੇ ਤਰ੍ਹਾਂ ਇਹ ਸੰਬੰਧਾਂ ਦੀ ਲੜੀ ਚਲਦੀ ਜਾਂਦੀ ਹੈ। ਇਸ ਪ੍ਰਕਾਰ ਦੇ ਸੰਬੰਧਾਂ ਦੀ ਲੜੀ ਨੂੰ ਅੰਸ਼ਕੀ (constituency) ਸੰਬੰਧ ਕਿਹਾ ਜਾ ਸਕਦਾ ਹੈ, ਜਿਸ ਤੋਂ ਭਾਵ ਹੈ ਛੋਟੇ ਅੰਸ਼ਾਂ ਨਾਲ ਵੱਡੀਆਂ ਇਕਾਈਆਂ ਦੀ ਰਚਨਾ। ਪਰ ਪਾਠ ਨੂੰ ਇਸ ਦ੍ਰਿਸ਼ਟੀ ਤੋਂ ਦੇਖਣਾ ਯੋਗ ਨਹੀਂ ਹੋਵੇਗਾ, ਕਿਉਂਕਿ ਇਹ ਵਾਕ ਵਰਗਾ ਨਹੀਂ ਹੁੰਦਾ ਜਾਂ ਕੇਵਲ ਵੱਡੇ ਆਕਾਰ ਵਾਲਾ ਨਹੀਂ ਹੁੰਦਾ। ਪਾਠ ਅਤੇ ਵਾਕ ਦੇ ਵਿਚਕਾਰ ਨਿਖੇੜਾ ਮਾਤਰ ਵਾਚਕ ਨਹੀਂ ਗੁਣਵਾਚਕ ਹੈ।

ਪਾਠ ਜਾਂ ਟੈਕਸਟ ਨੂੰ ਅਸੀਂ ਇਕ ਅਰਥ-ਇਕਾਈ (semantic unit) ਦੇ ਤੌਰ 'ਤੇ ਗ੍ਰਹਿਣ ਕਰ ਸਕਦੇ ਹਾਂ। ਇਹ ਇਕਾਈ ਰੂਪ ਮੂਲਕ ਨਹੀਂ, ਸਗੋਂ ਅਰਥ-ਮੂਲਕ ਹੁੰਦੀ ਹੈ। ਇਸ ਕਾਰਨ ਇਸ ਦਾ ਰਿਸ਼ਤਾ ਵਾਕੰਸ਼ ਜਾਂ ਵਾਕ ਨਾਲ ਆਕਾਰ ਦੇ ਆਧਾਰ ਉੱਤੇ ਨਹੀਂ ਜੁੜਦਾ, ਸਗੋਂ ਪ੍ਰਤੱਖੀਕਰਨ (realization) ਦੇ ਆਧਾਰ ਉੱਤੇ ਜੁੜਦਾ ਹੈ। ਦੂਜੇ ਸ਼ਬਦਾਂ ਵਿਚ ਟੈਕਸਟ ਜਾਂ ਪਾਠ ਵਿਚ ਇਕ ਪ੍ਰਤੀਕ ਪ੍ਰਬੰਧ ਨੂੰ ਦੂਜੇ ਵਿਚ ਉਤਾਰਨ ਦੀ ਯੋਗਤਾ ਹੁੰਦੀ ਹੈ। ਪਾਠ ਵਾਕਾਂ ਦੀ ਘਾੜਤ ਨਹੀਂ ਹੁੰਦਾ, ਸਗੋਂ ਵਾਕਾਂ ਦੁਆਰਾ ਗ੍ਰਹਿਣ ਕੀਤਾ ਜਾਂਦਾ ਹੈ ਜਾਂ ਕੋਡਬੱਧ ਕੀਤਾ ਜਾਂਦਾ ਹੈ। ਇਸ ਤਰ੍ਹਾਂ ਪਾਠ ਦੀ ਇਕਾਗਰਤਾ ਵਾਕੰਸ਼ ਅਤੇ ਵਾਕ ਵਾਲੀ ਇਕਾਗਰਤਾ ਨਹੀਂ, ਸਗੋਂ ਇਹ ਭਿੰਨ ਪ੍ਰਕਾਰ ਦੀ ਇਕਾਗਰਤਾ ਹੈ।

ਇਹ ਇਕਾਗਰਤਾ ਉਸ ਦੀ ਬੁਣਤਰ (texture) ਵਿੱਚੋਂ ਪਛਾਣੀ ਜਾ ਸਕਦੀ ਹੈ। ਜੋ ਵੀ ਉਚਾਰ/ਲਿਖਤ ਪਾਠ ਦਾ ਦਰਜਾ ਗ੍ਰਹਿਣ ਕਰਦੀ ਹੈ, ਉਸ ਨੂੰ ਪ੍ਰਗਟਾਉਣ ਵਾਲਾ ਲੱਛਣ ਉਸ ਦੀ ਬੁਣਤਰ ਹੁੰਦਾ ਹੈ। ਦੂਜੇ ਸ਼ਬਦਾਂ ਵਿਚ ਪਾਠ ਦੀ ਆਪਣੀ ਬੁਣਤਰ ਹੁੰਦੀ ਹੈ ਅਤੇ ਇਹੋ ਹੀ ਇਸ ਨੂੰ ਗ਼ੈਰ-ਪਾਠ ਤੋਂ ਨਿਖੇੜਦੀ ਹੈ। ਪਾਠ ਦੀ ਬੁਣਤਰ ਇਸ ਤੱਥ ਵਿਚ ਪਛਾਣੀ ਜਾਂਦੀ ਹੈ ਕਿ ਪਾਠ ਆਪਣੇ ਵਾਤਾਵਰਣ ਦੇ ਪ੍ਰਸੰਗ ਵਿਚ ਇਕ ਇਕਾਗਰਤਾ (unity) ਦੇ ਰੂਪ ਵਿਚ ਕਾਰਜ ਕਰਦਾ ਹੈ।

ਹਰ ਭਾਸ਼ਾ ਦੀਆਂ ਪਾਠ-ਰਚਨਾ ਦੀ ਬੁਣਤਰ ਪੈਦਾ ਕਰਨ ਦੀਆਂ ਆਪਣੀਆਂ ਯੋਗਤਾਵਾਂ ਹੁੰਦੀਆਂ ਹਨ। ਪੰਜਾਬੀ ਭਾਸ਼ਾ ਵੀ ਇਸ ਬੁਣਤਰ ਦੀ ਰਚਨਾ ਕਰਨ ਲੱਗਿਆਂ ਇਹਨਾਂ ਯੋਗਤਾਵਾਂ ਨੂੰ ਦਰਸਾਉਂਦੀ ਹੈ। ਜੇਕਰ ਅਸੀਂ ਪੰਜਾਬੀ ਭਾਸ਼ਾ ਦਾ ਇਕ ਉਚਾਰ ਅੰਸ਼ ਜਾਂ ਲਿਖਤ ਭਾਸ਼ਾ ਦਾ ਇਕ ਪੈਰਾ ਲਈਏ ਤਾਂ ਅਸੀਂ ਵੇਖਾਂਗੇ ਕਿ ਕੁਝ ਭਾਸ਼ਕ ਗੁਣ ਅਜਿਹੇ ਹੋਣਗੇ, ਜੋ ਉਸ ਨੂੰ ਸਮੁੱਚ ਜਾਂ ਇਕਾਗਰਤਾ ਪ੍ਰਦਾਨ ਕਰਦੇ ਹਨ ਅਤੇ ਇਉਂ ਉਸ ਨੂੰ ਬੁਣਤਰ ਦੇਂਦੇ ਹਨ। ਕਿਸੇ ਰਚਨਾ-ਪਾਠ ਨੂੰ ਬੁਣਤਰ ਪ੍ਰਦਾਨ ਕਰਨ ਵਾਲੇ ਭਾਸ਼ਕ ਗੁਣਾਂ ਉਪਰ ਵਿਚਾਰ ਕਰਨੀ ਇਕ ਵੱਖਰਾ ਮਜ਼ਮੂਨ ਹੈ। ਅਸੀਂ ਇਥੇ ਕੇਵਲ ਏਨਾ ਹੀ ਕਹਿਣਾ ਹੈ ਕਿ ਕੋਈ ਪਾਠ ਜੋ ਭਾਸ਼ਾ ਦੁਆਰਾ ਰਚਿਆ ਜਾਂਦਾ ਹੈ, ਆਪਣੀ ਅੰਦਰੂਨੀ ਇਕਾਗਰਤਾ ਲਈ ਬੁਣਤਰ ਦਾ ਗੁਣ ਧਾਰਨ ਕਰਦਾ ਹੈ।

ਸਾਹਿਤਕ ਪਾਠ ਭਾਸ਼ਾ ਦੁਆਰਾ ਰਚਿਤ ਹੁੰਦੇ ਹਨ ਅਤੇ ਉਹ ਆਪਣੇ ਆਪ ਵਿਚ ਖ਼ੁਦਮੁਖ਼ਤਾਰ ਇਕਾਈਆਂ ਵੀ ਹੁੰਦੇ ਹਨ। ਭਾਸ਼ਾ-ਵਿਗਿਆਨੀਆਂ ਨੇ ਜਿਥੇ ਰਚਨਾ-ਪਾਠ ਦੀ ਖ਼ੁਦਮੁਖ਼ਤਾਰੀ, ਅਖੰਡਤਾ ਅਤੇ ਇਕਾਗਰਤਾ ਪ੍ਰਵਾਨ ਕੀਤੀ ਹੈ, ਉਥੇ ਦਾਰਸ਼ਨਿਕਾਂ ਨੇ ਵੀ ਰਚਨਾ-ਪਾਠ ਦੀ ਖ਼ੁਦਮੁਖ਼ਤਾਰੀ ਨੂੰ ਪ੍ਰਵਾਨ ਕੀਤਾ ਹੈ। ਵਿਟਜਿੰਨਸਟੀਨ ਨੇ ਆਪਣੀ ਪੁਸਤਕ 'ਟ੍ਰੈਕਟੇਟਸਲਾਜੀਕੋ-ਫ਼ਿਲਾਸਫ਼ੀਕਸ' ਵਿਚ ਜਿਥੇ ਭਾਸ਼ਾ ਬਾਰੇ ਹੋਰ ਕਈ ਪੱਖਾਂ ਤੋਂ ਬੜੇ ਦਿਲਚਸਪ ਪ੍ਰਸ਼ਨ ਛੇੜੇ ਹਨ, ਉਥੇ ਉਸ ਨੇ ਸਾਹਿਤ ਦੇ ਰਚਨਾ-ਪਾਠ ਬਾਰੇ ਵੀ ਕੁਝ ਬੁਨਿਆਦੀ ਵਿਚਾਰ ਪ੍ਰਗਟਾਏ ਹਨ। ਵਿਟਜਿੰਨਸਟੀਨ ਟ੍ਰੈਕਟੇਟਸ ਨੂੰ ਇਕ ਪਾਠ ਦੇ ਤੌਰ 'ਤੇ ਪੇਸ਼ ਕਰਦਾ ਹੈ ਅਤੇ ਇਸ ਦੀ ਵਿਲੱਖਣ ਹੋਂਦ ਬਾਰੇ ਚੇਤੰਨ ਹੈ। ਉਸ ਦੇ ਅਨੁਸਾਰ ਪਾਠ ਇਕ ਅਜਿਹੀ ਦਸਤਾਵੇਜ਼ ਹੈ, ਜਿਸ ਦੀ ਕਿਸੇ ਮੌਲਿਕ ਰਚਨਾ ਤੋਂ ਪੂਰੀ ਵਫ਼ਾਦਾਰੀ ਨਾਲ ਪੁਨਰ-ਪੇਸ਼ਕਾਰੀ ਕੀਤੀ ਗਈ ਹੋਵੇ। ਇਸ ਤੋਂ ਇਹ ਭਾਵ ਹੈ ਕਿ ਕੋਈ ਪਾਠਕ ਇਸ ਦਸਤਾਵੇਜ਼ ਨੂੰ ਇਸ ਦੇ ਠੀਕ ਹੋਣ ਬਾਰੇ ਯਕੀਨ ਕਰ ਕੇ ਪੜ੍ਹ ਸਕਦਾ ਹੈ ਅਤੇ ਇਸ ਵਿੱਚੋਂ ਹੀ ਇਸ ਦੇ ਵਿਵੇਚਨ ਲਈ ਯੋਗ ਸਹਾਇਤਾ ਲੈ ਸਕਦਾ ਹੈ। ਇਸ ਦ੍ਰਿਸ਼ਟੀ ਤੋਂ ਪਾਠ ਆਪਣੇ ਆਪ ਦੀ ਸਮੁੱਚੀ ਪੇਸ਼ਕਾਰੀ ਹੈ। ਵਿਟਜਿੰਨਸਟੀਨ ਦੇ ਟਰੈਕਟੇਟਸ ਦੀ ਪਾਠ-ਰਚਨਾ ਦੀ ਵਿਲੱਖਣਤਾ ਇਸ ਗੱਲ ਵਿਚ ਹੈ ਕਿ ਇਸ ਵਿਚ ਜੋ ਅਕੱਥ ਹੈ, ਉਹ ਕਥਿਤ ਦਾ ਹੀ ਇਕ ਅੰਗ ਹੈ (the unutterable is a part of what is uttered)। ਵਿਟਜਿੰਨਸਟੀਨ ਆਪਣੇ ਇਸ ਪਾਠ ਬਾਰੇ ਦੋ ਮਹੱਤਵਪੂਰਨ ਸੰਕੇਤ ਕਰਦਾ ਹੈ। ਪਹਿਲਾ ਇਹ ਕਿ ਕਿਸੇ ਪਾਠ ਲਈ ਕੋਈ ਵੀ ਕ੍ਰਮ ਯੋਗ ਹੋ ਸਕਦਾ

ਹੈ। ਉਸ ਵਿਚ ਕੋਈ ਵੀ ਕ੍ਰਮ ਸਥਾਪਤ ਹੋ ਜਾਏ, ਉਹ ਆਪਣੇ ਆਪ ਵਿਚ ਕਿਸੇ ਹੋਰ ਕ੍ਰਮ ਦੇ ਉਤਪੰਨ ਹੋਣ ਦੀ ਸੰਭਾਵਨਾ ਰਖਦਾ ਹੈ। ਦੂਜਾ ਇਹ ਕਿ ਕਿਸੇ ਵੀ ਭਾਸ਼ਕ ਸੰਸਾਰ ਵਿਚ ਟੋਕਨਾਂ ਦਾ ਇੱਕੋ ਸੈੱਟ ਹੁੰਦਾ ਹੈ, ਜਿਸ ਦਾ ਕ੍ਰਮ ਕੋਈ ਵੀ ਹੋ ਸਕਦਾ ਹੈ। ਕਿਸੇ ਵੀ ਭਾਸ਼ਾ ਦੀਆਂ ਸਾਰਥਿਕ ਧੁਨੀਆਂ ਗਿਣੀਆਂ ਮਿੱਥੀਆਂ ਹੁੰਦੀਆਂ ਹਨ, ਜਿਨ੍ਹਾਂ ਨਾਲ ਭਾਸ਼ਾ ਦਾ ਸੰਸਾਰ ਰਚਿਆ ਜਾਂਦਾ ਹੈ, ਪਰ ਇਹ ਧੁਨੀਆਂ ਬਹੁਤ ਸਾਰੇ ਕ੍ਰਮਾਂ ਵਿਚ ਜੋੜੀਆਂ ਜਾਂਦੀਆਂ ਹਨ। ਮੂਲ ਰੂਪ ਵਿਚ ਉਹਨਾਂ ਦਾ ਟੋਕਨਾਂ ਵਜੋਂ ਸੈੱਟ ਇੱਕੋ ਰਹਿੰਦਾ ਹੈ, ਚਾਹੇ ਉਹਨਾਂ ਦਾ ਕ੍ਰਮ ਕੋਈ ਵੀ ਕਿਉਂ ਨਾ ਹੋਵੇ। ਉਹਨਾਂ ਟੋਕਨਾਂ ਦੇ ਅਰਥ ਪਛਾਣੇ ਜਾ ਸਕਦੇ ਹਨ, ਚਾਹੇ ਉਹ ਕਿਸੇ ਵੀ ਕ੍ਰਮ ਵਿਚ ਬੱਝੇ ਕਿਉਂ ਨਾ ਹੋਣ ਅਤੇ ਉਹਨਾਂ ਨੂੰ ਪਾਠਕ ਕਿਸੇ ਵੀ ਢੰਗ ਨਾਲ ਗ੍ਰਹਿਣ ਕਿਉਂ ਨਾ ਕਰੇ। ਪਰ ਜਦੋਂ ਕੋਈ ਲੇਖਕ ਰਚਨਾ ਕਰਦਾ ਹੈ ਤਾਂ ਟੋਕਨਾਂ ਦੇ ਮਿਲਦੇ ਇਸ ਸੈੱਟ ਦੇ ਅਣਗਿਣਤ ਕ੍ਰਮਾਂ ਵਿੱਚੋਂ ਇਕ ਨੂੰ ਚੁਣਦਾ ਹੈ। ਇਹ ਕ੍ਰਮ ਅਜਿਹਾ ਹੁੰਦਾ ਹੈ, ਜੋ ਲੇਖਕ ਦੀ ਰਚਨਾ ਵਿਸ਼ੇਸ਼ ਦੇ ਅਨੁਕੂਲ ਹੁੰਦਾ ਹੈ। ਇਸ ਤੋਂ ਰਚਿਆ ਗਿਆ ਪਾਠ ਜਿਸ ਕ੍ਰਮ ਨੂੰ ਧਾਰਨ ਕਰਦਾ ਹੈ, ਉਸ ਵਿਚ ਹੀ ਨਿਸ਼ਪਾਦਨ ਅਤੇ ਤਰਕ ਦੋਹਾਂ ਨੂੰ ਪ੍ਰਗਟਾਇਆ ਗਿਆ ਹੁੰਦਾ ਹੈ। ਇਹੋ ਹੀ ਕਾਰਨ ਹੈ ਕਿ ਸਾਹਿਤਕ ਪਾਠ ਕਿਸੇ ਪਾਠਕ ਨੂੰ ਸਹਿਜ ਢੰਗ ਨਾਲ ਓਵੇਂ ਹੀ ਸਮਝ ਨਹੀਂ ਆਉਂਦਾ, ਜਿਵੇਂ ਆਮ ਵਿਹਾਰਕ ਗਲਬਾਤ ਦਾ ਪਾਠ। ਸਾਹਿਤ ਪਾਠ ਵਿਚ ਟੋਕਨਾਂ ਨੂੰ ਦਿੱਤਾ ਆਪਣੀ ਕਿਸਮ ਦਾ ਵਿਲੱਖਣ ਕ੍ਰਮ ਪਾਠਕ ਤੋਂ ਇਸ ਗੱਲ ਦੀ ਮੰਗ ਕਰਦਾ ਹੈ ਕਿ ਉਹ ਪਾਠ ਵਿਚਲੇ ਨਿਸ਼ਪਾਦਨ ਅਤੇ ਤਰਕ ਨੂੰ ਗ੍ਰਹਿਣ ਕਰਨ ਲਈ ਉਚੇਚਾ ਜਤਨ ਕਰੇ। ਭਾਸ਼ਾ ਦਾ ਇਹ ਪ੍ਰਬੰਧ ਜੋ ਉਪਰਲੇ ਪੱਧਰ ਉੱਤੇ ਸਿੱਧ-ਪੱਧਰਾ ਨਜ਼ਰ ਆਉਂਦਾ ਹੈ, ਛੇਤੀ ਹੀ ਗਹਿਨ ਪੱਧਰ ਉੱਤੇ ਜਟਿਲ ਅਤੇ ਅਸਾਧਾਰਨ ਰੂਪ ਧਾਰ ਜਾਂਦਾ ਹੈ। ਇਹ ਪਾਠਕ ਤੋਂ ਵਿਵੇਚਨ ਕਿਰਿਆ ਦੀ ਮੰਗ ਕਰਦਾ ਹੈ। ਇਉਂ ਲੇਖਕ ਦਾ ਰਚਿਆ ਪਾਠ ਪਾਠਕ ਵੱਲੋਂ ਇਕ ਤੋਂ ਵੱਧ ਵਿਵੇਚਨ ਦਾ ਮਜ਼ਮੂਨ ਬਣ ਸਕਦਾ ਹੈ। ਅਸਲ ਵਿਚ ਸਹੀ ਅਰਥਾਂ ਵਿਚ ਸਾਹਿਤਕ ਪਾਠ ਨੂੰ ਕਿਸੇ ਇਕ ਅਰਥ ਜਾਂ ਵਿਵੇਚਨ ਤਕ ਸੀਮਿਤ ਨਹੀਂ ਕੀਤਾ ਜਾ ਸਕਦਾ, ਉਸ ਦੀ ਬਹੁ-ਅਰਥਕਤਾ ਉਸ ਦਾ ਨਿੱਖੜਵਾਂ ਲੱਛਣ ਬਣ ਜਾਂਦੀ ਹੈ। ਇਉਂ ਲੇਖਕ ਦੁਆਰਾ ਰਚਿਆ ਪਾਠ ਪਾਠਕ ਦੀ ਸ਼ਮੂਲੀਅਤ ਨਾਲ ਦੁਬਾਰਾ ਆਪਣਾ ਸਿਸਟਮ ਗ੍ਰਹਿਣ ਕਰਦਾ ਹੈ। ਵਿਟਜਿੰਨਸਟੀਨ ਦੇ ਮਤ ਅਨੁਸਾਰ ਜੇਕਰ ਕਿਸੇ ਰਚਨਾ-ਪਾਠ ਨੂੰ ਕਿਸੇ ਪਾਠਕ ਨੇ ਕਿਸੇ ਹੋਰਸ ਨਾਲ ਸਾਂਝਿਆ ਕਰਨਾ ਹੈ ਤਾਂ ਉਸ ਲਈ ਲਾਜ਼ਮੀ ਹੈ ਕਿ ਉਹ ਉਸ ਦਾ ਵਿਵੇਚਨ ਕਰੇ। ਵਿਵੇਚਨ ਦੀ ਇਹ ਵਿਧੀ ਅਧਿਆਤਮਕ ਨਹੀਂ ਹੋ ਸਕਦੀ, ਜਿਵੇਂ ਹੀਗਲ ਦੀ ਵਿਧੀ ਸੀ। ਇਹ ਭਾਵਾਤਮਕ ਵੀ ਨਹੀਂ ਹੋ ਸਕਦੀ, ਜਿਵੇਂ ਗੈਸਟਾਲਟ ਮਨੋ-ਵਿਗਿਆਨ ਦੀ ਹੈ ਅਤੇ ਨਾ ਹੀ ਇਹ ਮਨੋ-ਵਿਗਿਆਨਕ ਹੋ ਸਕਦੀ ਹੈ। ਵਿਟਜਿੰਨਸਟੀਨ ਅਨੁਸਾਰ ਇਹ ਵਿਧੀ ਲੇਖਨ- ਪ੍ਰਤੀਕਾਂ ਨੂੰ ਅਜਿਹੇ ਢੰਗ ਨਾਲ ਗ੍ਰਹਿਣ ਕਰਨ ਦੀ ਹੈ, ਜਿਸ ਨਾਲ ਧਿਆਨ ਕੇਵਲ ਪਾਠ ਦੀ ਆਪਣੀ ਹਕੀਕਤ ਉੱਤੇ ਕੇਂਦ੍ਰਿਤ ਕੀਤਾ ਜਾ ਸਕੇ। ਪਾਠ ਵਿਚ ਮਿਲਦੇ ਲੇਖਨ-ਪ੍ਰਤੀਕ ਕਿਸੇ ਹੋਰ ਹਕੀਕਤ ਵੱਲ ਸੰਕੇਤ ਨਹੀਂ ਕਰਦੇ, ਜੋ ਪਾਠ

ਵਿਚ ਹਾਜ਼ਰ ਨਹੀਂ ਅਤੇ ਨਾ ਹੀ ਲੇਖਕ ਦੇ ਪ੍ਰਾਈਵੇਟ ਫ਼ੈਨਟੇਸੀ ਸਿਸਟਮ ਵੱਲ ਲਿਜਾਂਦੇ ਹਨ। ਇਹ ਸਾਡਾ ਧਿਆਨ ਪਾਠ ਦੀ ਆਪਣੀ ਸੰਰਚਨਾ ਉੱਤੇ ਕੇਂਦ੍ਰਿਤ ਕਰਦੇ ਹਨ ਅਤੇ ਅੰਤਿਮ ਅਰਥਾਂ ਨੂੰ ਪਾਠ ਵਿੱਚੋਂ ਹੀ ਪਛਾਣਨ ਲਈ ਮਜਬੂਰ ਕਰਦੇ ਹਨ। ਇਸੇ ਕਾਰਨ ਵਿਟਜਿੰਨਸਟੀਨ ਨੇ ਟ੍ਰੈਕਟੇਟਸ ਦੇ ਅਰਥਾਂ ਨੂੰ ਉਸ ਦੇ ਪਾਠ ਦੀ ਰਚਨਾ ਕਰਨ ਵਾਲੇ ਲੇਖਨ-ਪ੍ਰਤੀਕਾਂ ਵਿੱਚੋਂ ਹੀ ਗ੍ਰਹਿਣ ਕਰਨ ਉੱਤੇ ਬਲ ਦਿੱਤਾ ਹੈ। ਪਾਠ ਦੀ ਭਾਸ਼ਾ ਜਾਂ ਭਾਸ਼ਾ ਜੋ ਪਾਠ ਜਾਂ ਟੈਕਸਟ ਹੈ, ਆਪਣੇ ਆਪ ਦੀ ਭਾਸ਼ਾ ਹੈ। ਇਸ ਲਈ ਕਿ ਇਹ ਇਸ ਗੱਲ ਦੀ ਭਾਲ ਕਰਦੀ ਹੈ ਕਿ ਕਿਵੇਂ ਅਤੇ ਕਿਹੜੀ ਵਿਧੀ ਨਾਲ ਇਹ ਸਾਨੂੰ ਉਹ ਕੁਝ ਦੇਂਦੀ ਹੈ, ਜਿਸ ਨੂੰ ਅਸੀਂ ਸਾਰਥਿਕ ਕਹਿ ਸਕਦੇ ਹਾਂ। ਵਿਟਜਿੰਨਸਟੀਨ ਇਥੇ ਪਾਠ ਦੀ ਆਪਣੀ ਖ਼ੁਦਮੁਖ਼ਤਾਰੀ ਨੂੰ ਸਥਾਪਤ ਕਰਦਾ ਹੈ। ਪਾਠ ਅਨੇਕ ਹੋ ਸਕਦੇ ਹਨ, ਉਹਨਾਂ ਪਾਠਾਂ ਦੇ ਵਸਤੂ ਅਲੱਗ-ਅਲੱਗ ਹੋ ਸਕਦੇ ਹਨ, ਪਰ ਉਹਨਾਂ ਦੀ ਰਚਨਾ ਭਾਸ਼ਾ-ਰੂਪਾਂ ਨਾਲ ਹੁੰਦੀ ਹੈ ਅਤੇ ਭਾਸ਼ਾ ਚਿਹਨਾਂ ਦੁਆਰਾ ਰਚਿਆ ਹਰ ਸਾਹਿਤਕ ਪਾਠ ਆਪਣੇ ਆਪ ਵਿਚ ਵਿਲੱਖਣ ਹੁੰਦਾ ਹੈ। ਜਿਵੇਂ ਵਿਟਜਿੰਨਸਟੀਨ ਨੇ ਮੂਲ ਭਾਸ਼ਾ ਦੇ ਟੋਕਨ ਇਕ ਦੱਸੇ ਹਨ, ਪਰ ਉਹਨਾਂ ਦੇ ਭਿੰਨ-ਭਿੰਨ ਕ੍ਰਮਾਂ ਵਿਚ ਬੱਝਣ ਨਾਲ ਭਿੰਨ-ਭਿੰਨ ਪਾਠਾਂ ਦੀ ਰਚਨਾ ਹੋਣ ਵੱਲ ਸੰਕੇਤ ਕੀਤਾ ਹੈ, ਓਵੇਂ ਹੀ ਸਾਸਿਊਰ ਅਤੇ ਯਾਕੋਬਸਨ ਵਰਗੇ ਭਾਸ਼ਾ-ਵਿਗਿਆਨੀਆਂ ਨੇ ਵੀ ਸਾਹਿਤ ਪਾਠਾਂ ਦੀ ਰਚਨਾ ਦੇ ਇਸ ਤੱਥ ਨੂੰ ਪੇਸ਼ ਕੀਤਾ ਹੈ। ਉਹਨਾਂ ਅਨੁਸਾਰ ਕਿਸੇ ਭਾਸ਼ਾ ਦੇ ਧੁਨੀ ਅੰਸ਼ ਸੀਮਿਤ ਹੁੰਦੇ ਹਨ, ਪਰ ਉਹਨਾਂ ਨੂੰ ਵੱਖੋ-ਵੱਖਰੇ ਕ੍ਰਮਾਂ ਵਿਚ ਬੰਨ੍ਹ ਕੇ ਭਿੰਨ-ਭਿੰਨ ਪਾਠਾਂ ਦੀ ਰਚਨਾ ਕੀਤੀ ਜਾਂਦੀ ਹੈ, ਜੋ ਕਿਸੇ ਸੰਸਕ੍ਰਿਤੀ ਦੀਆਂ ਭਿੰਨ-ਭਿੰਨ ਘਾੜਤਾਂ ਵਿੱਚੋਂ ਪਛਾਣੀ ਜਾ ਸਕਦੀ ਹੈ। ਕਲਾਡ ਲੈਵੀਸਤ੍ਰਾਸ ਨੇ ਆਦਿਮ ਕਬੀਲਿਆਂ ਦੀਆਂ ਸਾਂਸਕ੍ਰਿਤਕ ਘਾੜਤਾਂ ਜਿਵੇਂ ਮਿੱਥਾਂ, ਸਾਕੇਚਾਰੀ ਸੰਬੰਧਾਂ ਅਤੇ ਧਾਰਮਿਕ ਰਹੁ-ਰੀਤੀਆਂ ਦੇ ਆਧਾਰ ਉੱਤੇ ਇਹ ਮੰਨਿਆ ਹੈ ਕਿ ਕਿਸੇ ਸਮਾਜ ਵਿਚ ਧੁਨੀ ਸਿਸਟਮਾਂ ਦਾ ਉਦੈ ਉਸ ਸਮਾਜ ਜਾਂ ਕਬੀਲੇ ਦੇ ਸਮੂਹਿਕ ਅਵਚੇਤਨ ਵਿੱਚੋਂ ਹੁੰਦਾ ਹੈ। ਇਸੇ ਤਰ੍ਹਾਂ ਸਮਾਜਿਕ ਅਤੇ ਸਭਿਆਚਾਰਕ ਸਿਸਟਮ ਪੈਦਾ ਹੁੰਦੇ ਹਨ। ਇਉਂ ਉਹ ਭਾਸ਼ਾ ਦੇ ਮਾਡਲ ਰਾਹੀਂ ਸਮਾਜ ਦੇ ਭਿੰਨ-ਭਿੰਨ ਰਚੇ ਜਾਂਦੇ ਸਿਸਟਮਾਂ ਦੀ ਵਿਆਖਿਆ ਕਰਦਾ ਹੈ। ਇਹਨਾਂ ਸਾਰੇ ਸਿਸਟਮਾਂ ਨੂੰ ਉਹ ਪਾਠਾਂ ਦੇ ਤੌਰ 'ਤੇ ਗ੍ਰਹਿਣ ਕਰਦਾ ਹੈ ਅਤੇ ਇਹਨਾਂ ਵਿਚਲੀ ਅੰਦਰਲੀ ਸਾਂਝੀ ਵਿਉਂਤ ਨੂੰ ਪਛਾਣ ਕੇ ਸਮੂਹ ਸੰਸਕ੍ਰਿਤੀ ਰਚਨਾ ਨੂੰ ਇਕ ਨੇਮ ਵਿਚ ਬੰਨ੍ਹ ਕੇ ਵੇਖਣ ਦੀ ਕੋਸ਼ਿਸ਼ ਕਰਦਾ ਹੈ। ਇਹ ਸਾਰੇ ਰਚਨਾ ਪਸਾਰੇ ਦੇ ਵੱਖੋ-ਵੱਖਰੇ ਰੂਪਾਂ ਨੂੰ ਉਹ ਭਾਸ਼ਾ ਰੂਪ ਮੰਨਦਾ ਹੈ ਅਤੇ ਇਕ ਘਾੜਤ ਦੇ ਪਾਠ ਦੇ ਦੂਜੀ ਘਾੜਤ ਦੇ ਪਾਠ ਵਿਚ ਬਦਲਣ ਦੀ ਯੋਗਤਾ ਦੱਸਦਾ ਹੈ। ਸਾਕੇਚਾਰੀ ਪ੍ਰਬੰਧ, ਵਿਆਹ ਪ੍ਰਬੰਧ, ਮਿੱਥ ਪ੍ਰਬੰਧ, ਸਭ ਨੂੰ ਉਹ ਧੁਨੀ ਵਿਗਿਆਨਕ ਸਿਸਟਮ ਦੇ ਮਾਡਲ ਨਾਲ ਵੇਖ ਕੇ ਉਹਨਾ ਦੇ ਆਪੋ-ਆਪਣੇ ਨਿੱਖੜਵੇਂ ਪ੍ਰਬੰਧਾਂ ਨੂੰ ਉਜਾਗਰ ਕਰ ਦੇਂਦਾ ਹੈ ਅਤੇ ਭਾਸ਼ਾ-ਪਾਠਾਂ ਦੇ ਤੌਰ 'ਤੇ ਉਹਨਾਂ ਦੀਆਂ ਵੱਖੋ-ਵੱਖਰੀਆਂ ਬੁਣਤਰਾਂ ਅਤੇ ਸੰਜੋਗਸ਼ੀਲਤਾ ਲਿਆਉਣ ਵਾਲੇ ਭਿੰਨ-ਭਿੰਨ ਸਾਧਨਾਂ ਨੂੰ ਰੂਪਮਾਨ ਕਰਦਾ ਹੈ।

ਸਾਹਿਤਕ ਪਾਠਾਂ ਨੂੰ ਵੀ ਅਸੀਂ ਵਸਤ ਜਾਂ ਸਾਮਗਰੀ ਨਾ ਮੰਨ ਕੇ ਭਾਸ਼ਾ ਰੂਪਾਂ ਦੇ ਤੌਰ 'ਤੇ ਗ੍ਰਹਿਣ ਕਰਦੇ ਹਾਂ। ਇਹਨਾਂ ਪਾਠਾਂ ਨੂੰ ਆਧੁਨਿਕ ਸੰਰਚਨਾਵਾਦੀ ਚਿੰਤਨ ਵਿਅੱਕਤ (manifest) ਅਤੇ ਅਪ੍ਰਗਟ (latent) ਪੱਧਰਾਂ ਉੱਤੇ ਗ੍ਰਹਿਣ ਕਰਦਾ ਹੈ, ਲੇਖਕ ਦੁਆਰਾ ਰਚਿਆ ਪਾਠ ਵਿਅੱਕਤ ਹੈ, ਪਰ ਜਦੋਂ ਪਾਠਕ ਇਸ ਪਾਠ ਨੂੰ ਗ੍ਰਹਿਣ ਕਰਦਾ ਹੈ ਅਤੇ ਇਸ ਦਾ ਵਿਵੇਚਨ ਕਰਦਾ ਹੈ ਤਾਂ ਇਸ ਵਿਚ ਕਈ ਅਵਿਅੱਕਤ ਪਾਠ ਲੁਕੇ ਹੋਏ ਉਭਰ ਆਉਂਦੇ ਹਨ। ਵਿਅੱਕਤ ਪਾਠ ਲੇਖਕ ਵੱਲੋਂ ਪ੍ਰਗਟਾਇਆ ਜਗਤ ਹੈ, ਪਰ ਜਦੋਂ ਇਹ ਪਾਠਕ ਦੇ ਅਨੁਭਵ ਵਿਚ ਉਤਰਦਾ ਹੈ ਤਾਂ ਉਸ ਵਿੱਚੋਂ ਅਵਿਅੱਕਤ ਅਰਥਾਂ ਦੀ ਲੜੀ ਜਾਗ ਪੈਂਦੀ ਹੈ। ਮਾਨੋ ਇਕ ਵਿਅੱਕਤ ਪਾਠ ਅਣਗਿਣਤ ਅਵਿਅੱਕਤ ਪਾਠਾਂ ਨੂੰ ਉਜਾਗਰ ਕਰਦਾ ਹੈ। ਲੇਖਕ ਆਪਣੇ ਆਪ ਨੂੰ ਪ੍ਰਾਪਤ ਭਾਸ਼ਾ ਸਿਸਟਮ ਵਿਚ ਆਪਣਾ ਪੈਗ਼ਾਮ ਦੇਂਦਾ ਹੈ, ਪਰ ਉਸੇ ਹੀ ਭਾਸ਼ਾ ਸਿਸਟਮ ਰਾਹੀਂ ਜਦੋਂ ਪਾਠਕ ਉਸ ਨੂੰ ਗ੍ਰਹਿਣ ਕਰਦਾ ਹੈ ਤਾਂ ਉਸ ਵਿੱਚੋਂ ਅਨੇਕ ਹੋਰ ਵਿਅੱਕਤ ਪਾਠਾਂ ਦੀ ਲੜੀ ਪੈਦਾ ਹੋ ਜਾਂਦੀ ਹੈ। ਵਿਅੱਕਤ ਜਾਂ ਪ੍ਰਗਟ ਪੱਧਰ ਉੱਤੇ ਭਾਸ਼ਾ ਦੁਆਰਾ ਰਚਿਤ ਪਾਠ ਆਪਣੇ ਤੋਂ ਬਹੁਤ ਕੁਝ ਵੱਧ ਕਹਿਣ ਦੀ ਯੋਗਤਾ ਰੱਖਦਾ ਹੈ। ਇਸ ਤਰ੍ਹਾਂ ਹਰ ਸਾਹਿਤ ਪਾਠ ਇਕ ਆਪਣੇ ਅੰਦਰ ਕਈ ਅੰਤਰ-ਪਾਠਾਂ ਨੂੰ ਸਾਂਭੀ ਬੈਠਾ ਹੁੰਦਾ ਹੈ। ਇਸੇ ਨੂੰ ਜੂਲੀਆ ਕ੍ਰਿਸਤੀਵਾ ਤੋਂ ਸੰਕਲਪ ਉਧਾਰ ਲੈ ਕੇ ਡਾਕਟਰ ਹਰਿਭਜਨ ਸਿੰਘ ਅੰਤਰ-ਪਾਠ (inter-textuality) ਦਾ ਨਾਂ ਦੇਂਦਾ ਹੈ। ਇਸ ਦ੍ਰਿਸ਼ਟੀ ਤੋਂ ਹਰ ਸਾਹਿਤ-ਕਿਰਤ ਇਕ ਪ੍ਰੇਰਿਤ ਪਾਠ ਵੀ ਹੈ, ਜੋ ਪੂਰਬਲੇ ਪ੍ਰਗਟ ਪਾਠਾਂ ਵਿੱਚੋਂ ਉਪਜਦਾ ਹੈ। ਇਕ ਵਿਅੱਕਤ ਪਾਠ ਅਨੇਕ ਪ੍ਰੇਰਿਤ ਪਾਠਾਂ ਨੂੰ ਉਕਸਾਉਣ ਦੀ ਯੋਗਤਾ ਰੱਖਦਾ ਹੈ। ਕੋਈ ਵੀ ਸਾਹਿਤ-ਪਾਠ ਕਿੰਨਾ ਹੀ ਮੌਲਿਕ ਕਿਉਂ ਨਾ ਹੋਵੇ, ਉਹ ਆਪਣੇ ਤੋਂ ਪਹਿਲਾਂ ਦੇ ਵਿਅੱਕਤ ਪਾਠਾਂ ਤੋਂ ਪੂਰੀ ਤਰ੍ਹਾਂ ਸਵਤੰਤਰ ਨਹੀਂ ਹੋ ਸਕਦਾ। ਇਉਂ ਪੁਸਤਕ-ਪਾਠ ਜੋ ਕੁਝ ਵੀ ਅੰਤਿਮ ਰੂਪ ਵਿਚ ਪੇਸ਼ ਕਰਦੇ ਹਨ, ਉਹ ਵਾਸਤਵਿਕ ਸੰਸਾਰ ਨਹੀਂ, ਬਲਕਿ ਅਜਿਹਾ ਸੰਸਾਰ ਜੋ ਭਾਸ਼ਾ ਦੇ ਪਾਸਾਰਾਂ ਵਿਚ ਘਟਾਇਆ ਗਿਆ ਹੋਵੇ। ਦੂਜੇ ਸ਼ਬਦਾਂ ਵਿਚ ਪੁਸਤਕ-ਪਾਠ ਦਾ ਸੰਸਾਰ ਲੇਖਨ (writing) ਦੀ ਗਤੀਵਿਧੀ ਦੇ ਅਨੁਸਾਰ ਰੂਪ ਅਤੇ ਸੰਰਚਨਾਵਾਂ ਧਾਰਨ ਕਰਦਾ ਹੈ। ਇਸ ਨੂੰ ਹੀ ਅਸੀਂ ਪਾਠ ਦਾ ਸੰਸਾਰ ਕਹਿ ਸਕਦੇ ਹਾਂ। ਪੱਛਮੀ ਸੰਸਕ੍ਰਿਤੀ ਦੇ ਭਿੰਨ-ਭਿੰਨ ਘਾੜਤ-ਰੂਪਾਂ ਉੱਤੇ ਜਦੋਂ ਅਸੀਂ ਨਜ਼ਰ ਮਾਰਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸਾਹਿੱਤ ਹੋਰ ਸਾਂਸਕ੍ਰਿਤਕ ਘਾੜਤਾਂ ਦੇ ਮੁਕਾਬਲੇ ਵਿਚ ਚਿਹਨਕਾਰੀ ਦੇ ਰੂਪ ਦੇ ਤੌਰ 'ਤੇ ਕੇਂਦਰੀ ਸਥਾਨ ਰਖਦਾ ਹੈ। ਪੱਛਮ ਵਾਂਗੂੰ ਹੀ ਪੂਰਬੀ ਦੇਸ਼ਾਂ ਵਿਚ ਜੋ ਵਿਦਿਅਕ ਸਿਸਟਮ ਅਤੇ ਨਾਲ ਹੀ ਰਾਜਨੀਤਕ ਸਿਸਟਮ ਪ੍ਰਧਾਨ ਰਿਹਾ ਹੈ (ਜੋ ਇਸ ਵਿਦਿਅਕ ਸਿਸਟਮ ਨੂੰ ਪ੍ਰਮਾਣਿਤ ਕਰਦਾ ਹੈ ਅਤੇ ਇਸ ਦੁਆਰਾ ਪੱਕਾ ਪੀਡਾ ਰੂਪ ਧਾਰਨ ਕਰਦਾ ਹੈ) ਲਗਾਤਾਰ ਸੰਸਾਰ ਦੇ ਸਾਹਿਤਕ ਰੂਪ ਪ੍ਰਫੁਲਿਤ ਕਰਦਾ ਰਿਹਾ ਹੈ। ਅੱਖਰ ਸੰਸਕ੍ਰਿਤੀ ਵੱਲ ਦੁਨੀਆ ਦਾ ਹਰ ਵਿਦਿਅਕ ਸਿਸਟਮ ਵਧਣ ਦੀ ਕੋਸ਼ਿਸ਼ ਕਰ ਰਿਹਾ ਹੈ। ਅਜਿਹੀ ਹਾਲਤ ਵਿਚ ਸੰਸਾਰ ਦਾ ਸਾਹਿਤਕ ਰੂਪ ਸਭ ਤੋਂ ਵੱਧ ਮਹੱਤਵਪੂਰਨ ਅਤੇ ਰਚਨਾਕਾਰੀ ਮੰਨਿਆ ਗਿਆ ਹੈ ਅਤੇ ਸੰਸਕ੍ਰਿਤੀ ਦੀਆਂ ਹੋਰ

ਵੰਨਵੰਨੀਆਂ ਘਾੜਤਾਂ ਨੂੰ ਆਪਣੇ ਨੈਣ-ਨਕਸ਼ਾਂ ਨੂੰ ਅਨੁਕੂਲ ਢਲਣ ਲਈ ਮਜਬੂਰ ਕਰਦਾ ਹੈ। ਨਤੀਜੇ ਦੇ ਤੌਰ 'ਤੇ ਅਸੀਂ ਆਪਣੇ ਅਨੁਭਵ ਨੂੰ ਸਦਾ ਸ਼ਾਬਦਿਕ ਰੂਪ ਵਿਚ ਢਾਲਣ ਦੀ ਰੁਚੀ ਰਖਦੇ ਹਾਂ। ਰਚਨਾ-ਪਾਠ ਦੇ ਕਈ ਲੱਛਣਾਂ ਨੂੰ ਸਮਝਣ ਲਈ ਸੰਰਚਨਾਵਾਦੀ ਵਿਚਾਰਵਾਨਾਂ ਨੇ ਲਿਖਤ ਚਿਹਨ (written sign) ਦੇ ਕੁਝ ਵਿਸ਼ੇਸ਼ ਸੰਰਚਨਾਤਮਕ ਲੱਛਣਾਂ ਵੱਲ ਧਿਆਨ ਦਿੱਤਾ ਹੈ।

ਲਿਖਤ ਚਿਹਨ ਦਾ ਆਪਣਾ ਵਿਗਿਆਨ ਹੈ, ਜਿਸ ਨੂੰ ਗ੍ਰਾਮੋਟਾਲੋਜੀ ਕਿਹਾ ਜਾਂਦਾ ਹੈ। ਇਸ ਬਾਰੇ ਪਹਿਲੀ ਵਾਰੀ ਚਰਚਾ ਜੈਕੁਏ ਦੈਰੀਦਾ ਨੇ ਕੀਤੀ ਹੈ। ਉਸ ਦਾ ਇਹ ਕਹਿਣਾ ਹੈ ਕਿ ਲਿਖਤ ਅੱਖਰ ਦਾ ਸਾਡੀ ਸੰਸਕ੍ਰਿਤੀ ਵਿਚ ਕੇਂਦਰੀ ਮਹੱਤਵ ਹੈ। ਜਿਥੇ ਪਰੰਪਰਾਮੂਲਕ ਭਾਸ਼ਾ-ਵਿਗਿਆਨ ਲਿਖਤ ਅੱਖਰ ਨਾਲੋਂ ਮੌਖਿਕ ਉਚਾਰ ਉੱਤੇ ਵਧੇਰੇ ਜ਼ੋਰ ਦੇਂਦਾ ਹੈ, ਉਥੇ ਦੈਰੀਦਾ ਪਹਿਲੀ ਵਾਰੀ ਅੱਖਰ ਚਿਹਨ ਦੀ ਪ੍ਰਾਥਮਿਕਤਾ ਮੰਨਣ ਉੱਤੇ ਜ਼ੋਰ ਦੇਂਦਾ ਹੈ। ਉਸ ਦੇ ਕਥਨ ਅਨੁਸਾਰ ਲਿਖਤ ਨੂੰ ਅਸੀਂ ਉਚਾਰ ਦਾ ਓਪਰਾ ਪਹਿਰਾਵਾ ਨਹੀਂ ਮੰਨ ਸਕਦੇ। ਇਹ ਮਨੁੱਖੀ ਧੁਨੀ-ਬੋਲਾਂ ਦਾ ਕੋਡ ਵਿਚ ਘਟਾਇਆ ਰੂਪ ਨਹੀਂ, ਜਿਸ ਦਾ ਮੌਖਿਕ-ਸ਼ਰੁਤੀਗਤ ਪ੍ਰਗਟਾਵਾ ਆਮ ਤੌਰ 'ਤੇ ਮੁੱਢਲਾ ਮੰਨਿਆ ਜਾਂਦਾ ਰਿਹਾ ਹੈ।

ਦੈਰੀਦਾ ਅਨੁਸਾਰ ਬੋਲ ਨੂੰ ਮੁੱਢਲੇ ਸੰਚਾਰ ਸਾਧਨ ਦੇ ਤੌਰ 'ਤੇ ਮੰਨਦੇ ਤੁਰੇ ਆਉਣ ਕਰਕੇ ਅਸੀਂ ਉਪਸਥਿਤੀ ਦੇ ਅਧਿਆਤਮ (metaphysics of presence) ਨੂੰ ਵੀ ਝੁਠਲਾਉਂਦੇ ਰਹੇ ਹਾਂ। ਸਾਡਾ ਇਹ ਭਰਮ ਬਣਿਆ ਰਿਹਾ ਕਿ ਅਸੀਂ ਅੰਤਿਮ ਰੂਪ ਵਿਚ ਇੱਕੋ ਵਾਰੀ ਵਸਤਾਂ ਦੇ ਮੂੰਹ-ਦਰ-ਮੂੰਹ ਹੁੰਦੇ ਹਾਂ। ਇਸ ਤੋਂ ਭਾਵ ਹੈ ਕਿ ਸਾਡੇ ਲਈ ਕੋਈ ਅੰਤਿਮ, ਵਸਤੂ-ਮੂਲਕ ਅਣਜਾਣਿਆ 'ਵਸਤੂ ਸੰਸਾਰ' ਹੈ, ਜਿਸ ਬਾਰੇ ਅਸੀਂ ਠੋਸ ਗਿਆਨ ਪ੍ਰਾਪਤ ਕਰ ਸਕਦੇ ਹਾਂ। ਦੈਰੀਦਾ ਦੇ ਖ਼ਿਆਲ ਵਿਚ ਸਾਡਾ ਇਹ ਉਪਸਥਿਤੀ (presence) ਵਿਚ ਵਿਸ਼ਵਾਸ ਸਾਡੀ ਆਪਣੇ ਜਗਤ ਨੂੰ ਜਾਣਨ ਦੀ ਯੋਗਤਾ ਨੂੰ ਸੀਮਿਤ ਰੱਖਣ ਦਾ ਵੱਡਾ ਕਾਰਨ ਹੈ। ਦੈਰੀਦਾ ਅਨੁਸਾਰ ਸੰਸਾਰ ਨੂੰ ਇਸ ਦੇ ਸਮੁੱਚ ਵਿਚ ਨਾ ਵੇਖ ਸਕਣ ਵਿਚ ਇਹ 'ਉਪਸਥਿਤੀ' ਦਾ ਵਿਸ਼ਵਾਸ ਬਹੁਤ ਵੱਡਾ ਵਿਘਨ ਹੈ। ਇਸੇ ਕਾਰਨ ਧੁਨੀ-ਕੇਂਦ੍ਰਿਤ (phonocenteric) ਵਿਚ ਸ਼ਬਦ/ਅਰਥ ਦੇ ਪਰੰਪਰਾ ਮੂਲਕ ਸੰਕਲਪ ਨੂੰ ਤਿਆਗ ਕੇ ਲਿਖਤ ਦੇ ਵਿਸ਼ਲੇਸ਼ਣ ਦਾ ਮਸ਼ਵਰਾ ਦੇਂਦਾ ਹੈ। ਇਸ ਤਰ੍ਹਾਂ ਅੱਜ ਦੇ ਯੁੱਗ ਵਿਚ ਲਿਖਤ ਨੂੰ ਵਿਲੱਖਣ ਅਤੇ ਵਿਸਤ੍ਰਿਤ ਸਥਾਨ ਮਿਲਿਆ ਹੋਇਆ ਹੈ। ਇਹ ਲਿਖਤ ਦਾ ਚਿਹਨ ਵਿਗਿਆਨ ਪਹਿਲਾਂ ਤੋਂ ਸਥਾਪਤ ਵਾਸਤਵਿਕਤਾ ਨੂੰ ਪੇਸ਼ ਕਰਨ ਵਾਲਾ ਪਾਰਦਰਸ਼ੀ ਝਰੋਖਾ ਨਹੀਂ। ਅਸੀਂ ਇਸ ਨੂੰ ਆਪਣੇ ਆਪ ਵਿਚ ਇਕ ਵਿਲੱਖਣ ਚਿਹਨ-ਸਿਸਟਮ ਦਾ ਦਰਜਾ ਦੇ ਸਕਦੇ ਹਾਂ ਅਤੇ ਇਸ ਦੇ ਨਿੱਖੜਵੇਂ ਗੁਣਾਂ-ਲੱਛਣਾਂ ਨੂੰ ਪਛਾਣ ਸਕਦੇ ਹਾਂ।

ਲਿਖਤ ਚਿਹਨ ਉਪਰ ਦਿੱਤੇ ਜਾ ਰਹੇ ਇਸ ਬਲ ਨੇ ਸਾਹਿਤ-ਪਾਠ ਦੇ ਸੰਕਲਪ ਨੂੰ ਵੀ ਪ੍ਰਭਾਵਿਤ ਕੀਤਾ ਹੈ। ਰੋਲਾਂ ਬਾਰਤ ਦੋ ਪ੍ਰਕਾਰ ਦੇ ਸਾਹਿਤ-ਪਾਠਾਂ ਵਿਚ ਨਿਖੇੜਾ ਕਰਦਾ ਹੈ। ਇਕ ਪ੍ਰਕਾਰ ਦੇ ਸਾਹਿਤ-ਪਾਠ ਨੂੰ ਉਹ readerly ਕਹਿੰਦਾ ਹੈ। ਅਜਿਹਾ ਪਾਠ ਜਾਂ ਲਿਖਤ ਕੇਵਲ ਇਕ ਸਾਧਨ ਹੁੰਦੇ ਹਨ। ਅਜਿਹੇ ਪਾਠ ਕਿਸੇ ਹੋਰ ਉਦੇਸ਼

ਦੀ ਪ੍ਰਾਪਤੀ ਦਾ ਉਪਕਰਣ ਮਾਤਰ ਹੁੰਦੇ ਹਨ। ਦੂਜੇ ਸ਼ਬਦਾਂ ਵਿਚ ਇਸ ਪਾਠ ਵਿਚ ਭਾਸ਼ਾ ਇਕ ਬਾਹਰਲਾ ਪਹਿਰਾਵਾ ਹੁੰਦੀ ਹੈ। ਪਰ ਦੂਜੀ ਪ੍ਰਕਾਰ ਦੇ ਸਾਹਿਤ-ਪਾਠਾਂ ਨੂੰ ਉਹ writerly ਪਾਠ ਕਹਿੰਦਾ ਹੈ। ਉਸ ਦੇ ਕਹਿਣ ਮੁਤਾਬਿਕ ਕੁਝ ਲੇਖਕ ਅਜਿਹੇ ਹੁੰਦੇ ਹਨ, ਜੋ ਹੋਰ ਵਸਤਾਂ ਬਾਰੇ ਲਿਖਦੇ ਹਨ, ਪਰ ਕੁਝ ਅਜਿਹੇ ਲੇਖਕ ਵੀ ਹੁੰਦੇ ਹਨ, ਜਿਨ੍ਹਾਂ ਲਈ ਕਿਰਿਆ 'To write' ਅਕਰਮਕ (intransitive) ਹੈ। ਅਜਿਹੇ ਲੇਖਕ ਆਪਣੇ ਰਚਨਾ-ਪਾਠ ਦੇ ਮਾਧਿਅਮ ਰਾਹੀਂ ਕਿਸੇ ਹੋਰ ਪਾਰਗਾਮੀ ਸੰਸਾਰ ਵੱਲ ਨਹੀਂ ਲਿਜਾਂਦੇ, ਸਗੋਂ ਲਿਖਤ ਪੈਦਾ ਕਰਦੇ ਹਨ। ਲਿਖਤ ਨੂੰ ਮਹੱਤਵ ਦੇਣਾ ਦੈਰੀਦਾ ਦੇ ਅੱਖਰ ਸੰਸਕ੍ਰਿਤੀ ਨੂੰ ਪਹਿਲ ਦੇਣ ਵਾਲੀ ਗੱਲ ਨੂੰ ਹੀ ਦ੍ਰਿੜ੍ਹ ਕਰਦਾ ਹੈ। ਜੋ ਲੇਖਕ ਆਪਣੀ ਲਿਖਤ ਰਾਹੀਂ ਲਿਖਤ ਤੋਂ ਬਾਹਰਲਾ ਸੁਨੇਹਾ ਦੇਂਦਾ ਹੈ, ਉਹ ਅਜੇ ਉਚਾਰ ਸੰਸਕ੍ਰਿਤੀ ਦੇ ਪਾਠਾਂ ਦਾ ਹੀ ਅਭਿਆਸੀ ਹੈ, ਲਿਖਤ ਨੂੰ ਲਿਖਤ ਮੰਨ ਕੇ ਉਸ ਦੀ ਰਚਨਾ ਕਰਨੀ ਸਹੀ ਅਰਥਾਂ ਵਿਚ ਅੱਖਰ ਸੰਸਕ੍ਰਿਤੀ ਦੇ ਮੰਡਲ ਵਿਚ ਪ੍ਰਵੇਸ਼ ਕਰਨਾ ਹੈ। ਇਸ ਤਰ੍ਹਾਂ ਸਹੀ ਅਰਥਾਂ ਵਿਚ ਰਚਨਾ-ਪਾਠ ਤਿਆਰ ਕਰਨਾ ਪਾਠ ਦੇ ਆਪਣੇ ਅੰਤਰੀਵ ਮਹੱਤਵ ਨੂੰ ਪਛਾਣਨਾ ਹੈ, ਇਸ ਦੀ ਖ਼ੁਦਮੁਖ਼ਤਾਰ ਹੋਂਦ ਨੂੰ ਸਵੀਕਾਰ ਕਰਨਾ ਹੈ।

•

ਪੰਜਾਬੀ ਦੀਆਂ ਸਮਾਜਿਕ ਸ਼ੈਲੀਆਂ

ਪਿਛਲੇ ਕੁਝ ਵਰ੍ਹਿਆਂ ਵਿਚ ਭਾਸ਼ਾ ਨੂੰ ਜਿਥੇ ਇਕ ਵਿਆਕਰਣਕ ਹੋਂਦ ਦੇ ਤੌਰ 'ਤੇ ਗ੍ਰਹਿਣ ਕੀਤਾ ਜਾ ਰਿਹਾ ਹੈ, ਉਥੇ ਉਸ ਨੂੰ ਇਕ ਸਮਾਜਿਕ ਪ੍ਰਪੰਚ ਦੇ ਰੂਪ ਵਿਚ ਵੀ ਸਮਝੇ ਜਾਣ ਦੇ ਜਤਨ ਕੀਤੇ ਜਾ ਰਹੇ ਹਨ। ਭਾਸ਼ਾ ਦਾ ਗਿਆਨ ਹੋਣ ਤੋਂ ਭਾਵ ਕੇਵਲ ਇਹ ਨਹੀਂ ਲਿਆ ਜਾਂਦਾ ਕਿ ਕੋਈ ਵਿਅਕਤੀ ਕਿਸੇ ਭਾਸ਼ਾ ਦੇ ਬੋਲਣਹਾਰੇ ਦੇ ਰੂਪ ਵਿਚ ਅਸੀਮ ਗਿਣਤੀ ਵਿਚ ਚੰਗੀ ਤਰ੍ਹਾਂ ਘੜੇ ਹੋਏ ਵਾਕ ਰਚ ਸਕਦਾ ਹੈ, ਬਲਕਿ ਉਸ ਦਾ ਇਹ ਜਾਣਨਾ ਵੀ ਜ਼ਰੂਰੀ ਹੈ ਕਿ ਇਨ੍ਹਾਂ ਵਾਕਾਂ ਨੂੰ ਭਿੰਨ-ਭਿੰਨ ਸਥਿਤੀਆਂ ਵਿਚ ਕਿਵੇਂ ਵਰਤੋਂ ਵਿਚ ਲਿਆਉਣਾ ਹੈ। ਇਸ ਗੱਲ ਵਿਚ ਕੋਈ ਸ਼ੱਕ ਨਹੀਂ ਕਿ ਭਾਸ਼ਾ ਦਾ ਗਿਆਨ ਕਿਸੇ ਭਾਸ਼ਾ ਦੇ ਬੋਲਣਹਾਰੇ ਦਾ ਵਿਆਕਰਣਕ ਗਿਆਨ ਵੀ ਹੈ, ਜਿਸ ਰਾਹੀਂ ਉਹ ਨਾ ਕੇਵਲ ਸੰਰਚਨਾਤਮਕ ਪੱਖ ਤੋਂ ਠੀਕ ਵਾਕ ਰਚ ਸਕਦਾ ਹੈ, ਸਗੋਂ ਦੂਜੇ ਬੋਲਣਹਾਰਿਆਂ ਦੇ ਕੇਵਲ ਚੰਗੀ ਤਰ੍ਹਾਂ ਘੜੇ ਹੋਏ ਜਾਂ ਸੰਰਚਨਾਤਮਕ ਤੌਰ 'ਤੇ ਠੀਕ ਵਾਕ ਹੀ ਪ੍ਰਵਾਨ ਕਰਦਾ ਹੈ, ਦੂਜੇ ਨਹੀਂ। ਪਰ ਕੇਵਲ ਵਿਆਕਰਣਕ ਨੇਮਾਂ ਤਕ ਹੀ ਭਾਸ਼ਾ-ਗਿਆਨ ਨੂੰ ਸੀਮਤ ਕਰਨਾ ਭਾਸ਼ਾ ਨੂੰ ਸਮਾਜਿਕ ਸੰਦਰਭਾਂ ਤੋਂ ਵਾਂਝਿਆਂ ਰੱਖ ਕੇ ਵੇਖਣਾ ਹੈ। ਭਾਸ਼ਾ ਦਾ ਮੂਲ ਚਰਿੱਤਰ ਉਸ ਦਾ ਸੰਚਾਰ ਮਾਧਿਅਮ ਹੋਣ ਵਿਚ ਹੈ। ਭਾਸ਼ਾ ਰਾਹੀਂ ਲੋਕੀਂ ਸਮਾਜਿਕ ਲੈਣ-ਦੇਣ ਦੇ ਸੰਬੰਧਾਂ ਵਿਚ ਜੁੜਦੇ ਹਨ। ਇਉਂ ਕਿਸੇ ਭਾਸ਼ਾ ਦੇ ਗਿਆਨ ਹੋਣ ਤੋਂ ਭਾਵ ਉਸ ਦੇ ਸੰਚਾਰ ਪ੍ਰਯੋਜਨ ਨੂੰ ਪੂਰਿਆਂ ਕਰਨ ਦੇ ਢੰਗ ਤੋਂ ਜਾਣੂੰ ਹੋਣਾ ਹੈ। ਕੇਵਲ ਵਾਕ-ਰਚਨਾ ਦਾ ਗਿਆਨ ਓਦੋਂ ਤਕ ਅਧੂਰਾ ਰਹਿੰਦਾ ਹੈ, ਜਦ ਤਕ ਅਸੀਂ ਇਸ ਗੱਲ ਤੋਂ ਜਾਣੂੰ ਨਾ ਹੋਈਏ ਕਿ ਰਚਿਤ ਵਾਕਾਂ ਨੂੰ ਯੋਗ ਸਮਾਜਿਕ ਸਥਿਤੀਆਂ ਵਿਚ ਕਿਵੇਂ ਵਰਤਣਾ ਹੈ। ਇਸ ਤਰ੍ਹਾਂ ਭਾਸ਼ਾ ਦਾ ਗਿਆਨ ਦੋ ਪੱਧਰਾਂ 'ਤੇ ਹੁੰਦਾ ਮੰਨਿਆ ਜਾ ਸਕਦਾ ਹੈ। ਪਹਿਲਾ ਰੂਪਾਤਮਕ ਪੱਧਰ ਉੱਤੇ, ਜਿਥੇ ਅਸੀਂ ਵਾਕ-ਰਚਨਾ ਦੇ ਨੇਮਾਂ ਦਾ ਗਿਆਨ ਰੱਖਦੇ ਹਾਂ ਅਤੇ ਦੂਜਾ ਸਮਾਜਿਕ ਆਦਾਨ-ਪ੍ਰਦਾਨ ਦੀ ਪੱਧਰ ਉੱਤੇ, ਜਿਥੇ ਸਾਨੂੰ ਉਹਨਾਂ ਰੂੜ੍ਹੀਆਂ ਦਾ ਗਿਆਨ ਹੋਣਾ ਚਾਹੀਦਾ ਹੈ, ਜਿਨ੍ਹਾਂ ਦੇ ਆਧਾਰ ਉਪਰ ਅਸੀਂ ਚੰਗੀ ਤਰ੍ਹਾਂ ਘੜੇ ਹੋਏ ਵਾਕਾਂ ਦੀ ਕਿਸੇ ਵਿਸ਼ੇਸ਼ ਸਮਾਜਿਕ ਸਥਿਤੀ ਵਿਚ ਚੋਣ ਕਰਕੇ ਵਰਤੋਂ ਵਿਚ ਲਿਆਉਂਦੇ ਹਾਂ। ਇਉਂ ਅਸੀਂ ਇਕ ਪਾਸੇ ਭਾਸ਼ਾ ਦੇ ਵਿਆਕਰਣਕ ਨੇਮਾਂ ਅਤੇ ਦੂਜੇ ਪਾਸੇ ਉਸ ਦੀ ਵਰਤੋਂ ਦਾ ਨਿਅੰਤ੍ਰਣ ਕਰਨ ਵਾਲੀਆਂ ਰੂੜ੍ਹੀਆਂ ਦਾ ਅੰਤਰ ਕਰ ਸਕਦੇ ਹਾਂ।

ਭਾਸ਼ਾ ਸਿੱਖਿਆ ਦਾ ਕੰਮ ਕੇਵਲ ਏਨਾ ਹੀ ਨਹੀਂ ਕਿ ਕੇਵਲ ਕਿਸੇ ਭਾਸ਼ਾ-ਵਿਆਕਰਣ ਦੇ ਨੇਮ ਹੀ ਸਿੱਖਾ ਦਿੱਤੇ ਜਾਣ। ਕਿਸੇ ਸਿਖਿਆਰਥੀ ਨੂੰ ਭਾਸ਼ਾ-ਵਰਤੋਂ

ਦੇ ਨੇਮ ਵੀ ਸਿਖਾਏ ਜਾਣੇ ਲਾਜ਼ਮੀ ਹਨ। ਉਹ ਵਾਸਤਵਿਕ ਜੀਵਨ-ਸਥਿਤੀਆਂ ਵਿਚ ਸਾਰਥਿਕ ਸੰਦੇਸ਼ਾਂ ਦਾ ਸੰਚਾਰ ਤਾਂ ਹੀ ਕਰ ਸਕਦਾ ਹੈ, ਜੇਕਰ ਭਾਸ਼ਾ-ਵਰਤੋਂ ਦੇ ਸਮਾਜਿਕ ਸੰਦਰਭਾਂ ਦਾ ਵੀ ਸੰਤੋਖ-ਜਨਕ ਗਿਆਨ ਰੱਖਦਾ ਹੋਵੇ। ਉਸ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਿਸ ਸਥਿਤੀ ਵਿਚ ਕਿਸ ਭਾਸ਼ਾ ਵੰਨਗੀ ਦੀ ਵਰਤੋਂ ਕਰਨੀ ਚਾਹੀਦੀ ਹੈ। ਬੰਦੇ ਕੁ ਬੰਦੇ ਨੂੰ ਸੰਬੋਧਨ ਕਰਨ ਦੇ ਮੁਤਾਬਿਕ ਉਸ ਨੇ ਕਿਵੇਂ ਆਪਣੀ ਸ਼ੈਲੀ ਵਿਚ ਪਰਿਵਰਤਨ ਲਿਆਉਣਾ ਹੈ। ਕਦੋਂ ਬੋਲਣਾ ਹੈ, ਕਦੋਂ ਚੁੱਪ ਰਹਿਣਾ ਹੈ। ਕਿਸ ਪ੍ਰਕਾਰ ਦੇ ਉਚਾਰ ਨਾਲ ਕਿਸ ਪ੍ਰਕਾਰ ਦੀ ਭਾਵ-ਭੰਗਿਮਾ ਦੀ ਲੋੜ ਹੈ। ਇਹਨਾਂ ਸਭ ਗੱਲਾਂ ਦਾ ਧਿਆਨ ਹੋਣਾ ਉਸ ਲਈ ਅਨਿਵਾਰੀ ਹੈ। ਇਸ ਦੀ ਅਣਹੋਂਦ ਦੀ ਸੂਰਤ ਵਿਚ ਉਸ ਦਾ ਭਾਸ਼ਾ ਗਿਆਨ ਅਧੂਰਾ ਅਤੇ ਉਸ ਦੇ ਸੰਦੇਸ਼ ਤੇ ਉਹਨਾਂ ਲਈ ਵਰਤੋਂ ਵਿਚ ਲਿਆਂਦੇ ਕੋਡ ਅਰਥਹੀਣ ਰਹਿਣਗੇ।

ਕਿਸੇ ਸਮਾਜ ਵਿਚ ਭਾਸ਼ਾ-ਵਰਤੋਂ ਦੋ ਦ੍ਰਿਸ਼ਟੀਆਂ ਤੋਂ ਵੇਖੀ ਜਾ ਸਕਦੀ ਹੈ। ਪਹਿਲੀ ਦ੍ਰਿਸ਼ਟੀ ਤੋਂ ਅਸੀਂ ਸਮਾਜ ਅਤੇ ਉਸ ਦੀਆਂ ਭਿੰਨ-ਭਿੰਨ ਸੰਸਥਾਵਾਂ ਉਪਰ ਵਿਚਾਰ ਕਰਦੇ ਹਾਂ ਤਾਂ ਕਿ ਇਹ ਸਮਝਿਆ ਜਾ ਸਕੇ ਕਿ ਭਾਸ਼ਾ ਜਾਂ ਭਾਸ਼ਾ-ਵੰਨਗੀਆਂ ਕਿਹੜੀਆਂ ਸੰਸਥਾਵਾਂ ਨਾਲ ਸੰਬੰਧਿਤ ਹਨ। ਦੂਜੇ ਸ਼ਬਦਾਂ ਵਿਚ ਅਸੀਂ ਵੇਖਦੇ ਹਾਂ ਕਿ ਕੋਈ ਭਾਸ਼ਾ ਸਮਾਜ ਵਿਚ ਕਿਵੇਂ ਕੰਮ ਕਰਦੀ ਹੈ ਅਤੇ ਭਿੰਨ-ਭਿੰਨ ਸਮਾਜਿਕ ਸੰਸਥਾਵਾਂ ਜਿਵੇਂ ਪਰਿਵਾਰ, ਧਰਮ, ਰਾਜਨੀਤੀ ਆਦਿ ਇਸ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਭਾਸ਼ਾ ਨੂੰ ਇਸ ਦ੍ਰਿਸ਼ਟੀ ਤੋਂ ਵੇਖਣ ਤੋਂ ਭਾਵ ਹੈ ਸਮੁੱਚੇ ਸਮਾਜ ਉਪਰ ਝਾਤ ਮਾਰ ਕੇ ਉਸ ਨੂੰ ਭਿੰਨ-ਭਿੰਨ ਸਮਾਜਿਕ ਸੰਸਥਾਵਾਂ ਅਤੇ ਉਹਨਾਂ ਦੇ ਮੁੱਲਾਂ ਨਾਲ ਸੰਬੰਧਿਤ ਕਰਕੇ ਵੇਖਣਾ। ਪਰ ਸਾਨੂੰ ਇਕ ਹੋਰ ਦ੍ਰਿਸ਼ਟੀ ਵੀ ਅਪਣਾਉਣੀ ਚਾਹੀਦੀ ਹੈ, ਜਿਸ ਨਾਲ ਅਸੀਂ ਸਮਾਜ ਨੂੰ ਉਸ ਦੇ ਇਕ ਮੈਂਬਰ ਦੀ ਨਜ਼ਰ ਨਾਲ ਵੇਖੀਏ, ਜੋ ਉਸ ਵਿਚ ਵਿਚਰਦਾ ਹੈ। ਇਥੇ ਸਾਡਾ ਧਿਆਨ ਉਹਨਾਂ ਭਿੰਨ-ਭਿੰਨ ਚੋਣਾਂ ਵੱਲ ਜਾਂਦਾ ਹੈ, ਜੋ ਵਿਅਕਤੀ ਆਪਣੇ ਸਮਾਜ ਵਿਚ ਭਾਸ਼ਾ-ਵਿਹਾਰ ਸਮੇਂ ਕਰਦਾ ਹੈ ਅਤੇ ਜਿਨ੍ਹਾਂ ਚੋਣਾਂ ਦੀ ਗੁੰਜਾਇਸ਼ ਉਸ ਕੋਲ ਸਮਾਜ ਵਿਚ ਪਈ ਹੁੰਦੀ ਹੈ। ਕਿਸੇ ਵਿਸ਼ੇਸ਼ ਸਥਿਤੀ ਵਿਚ ਬਹੁਤ ਸਾਰੇ ਵਿਕਲਪਾਂ ਵਿੱਚੋਂ ਇਕ ਦੀ ਚੋਣ ਕਰਨ ਲਈ ਉਸ ਨੂੰ ਕਿਹੜੀਆਂ-ਕਿਹੜੀਆਂ ਗੱਲਾਂ ਦਾ ਧਿਆਨ ਰੱਖਣਾ ਪੈਂਦਾ ਹੈ ? ਇਸ ਤਰ੍ਹਾਂ ਦੇ ਸਮਾਜਿਕ ਪੱਖਾਂ ਨੂੰ ਵੇਖਣ ਲਈ ਅਸੀਂ ਸਮਾਜ ਨੂੰ ਦੋ ਦ੍ਰਿਸ਼ਟੀਆਂ ਤੋਂ ਵੇਖਦੇ ਹਾਂ। ਪਹਿਲੀ ਦ੍ਰਿਸ਼ਟੀ ਨੂੰ ਅਸੀਂ ਬਿਹੰਗਮ ਦ੍ਰਿਸ਼ਟੀ (Bird's eye view) ਕਹਿ ਸਕਦੇ ਹਾਂ ਅਤੇ ਦੂਜੀ ਨੂੰ ਕੀਟ-ਦ੍ਰਿਸ਼ਟੀ (Worm's eye view)। ਇਹ ਦੋਵੇਂ ਦ੍ਰਿਸ਼ਟੀਆਂ ਇਕ ਦੂਜੇ ਦੀਆਂ ਵਿਰੋਧੀ ਹੋਣ ਦੀ ਬਜਾਏ ਪਰਸਪਰ ਤੌਰ 'ਤੇ ਪੂਰਕ ਹਨ। ਪਹਿਲੀ ਦ੍ਰਿਸ਼ਟੀ ਤੋਂ ਅਸੀਂ ਭਾਸ਼ਾ ਦੇ ਸਮਾਜਿਕ-ਸ਼ਾਸਤਰ ਦੀ ਗੱਲ ਕਰਦੇ ਹਾਂ ਅਤੇ ਦੂਜੀ ਦ੍ਰਿਸ਼ਟੀ ਅਪਣਾਉਣ ਦੀ ਸੂਰਤ ਵਿਚ ਅਸੀਂ ਵਿਅਕਤੀ ਉਪਰ ਧਿਆਨ ਕੇਂਦ੍ਰਿਤ ਕਰਕੇ ਉਹਨਾਂ ਬੰਦਸ਼ਾਂ (Constraints) ਉਪਰ ਵਿਚਾਰ ਕਰਦੇ ਹਾਂ, ਜੋ ਉਸ ਦੇ ਭਾਸ਼ਾ ਵਿਹਾਰ ਨੂੰ ਨਿਅੰਤ੍ਰਿਤ ਕਰਦੀਆਂ ਹਨ ਅਤੇ ਨਤੀਜੇ ਤੇ ਤੌਰ 'ਤੇ ਭਿੰਨ-ਭਿੰਨ ਸਮਾਜਿਕ ਸ਼ੈਲੀਆਂ ਨੂੰ ਜਨਮ ਦੇਂਦੀਆਂ ਹਨ। ਇਹ ਸਮਾਜ ਭਾਸ਼ਾ ਵਿਗਿਆਨ ਦਾ ਆਪਣਾ ਖੇਤਰ ਮੰਨਿਆ ਜਾ ਸਕਦਾ ਹੈ।

ਆਪਣੇ ਇਸ ਪਰਚੇ ਵਿਚ ਅਸੀਂ ਦੂਜੀ ਪ੍ਰਕਾਰ ਦੀ ਦ੍ਰਿਸ਼ਟੀ ਨੂੰ ਧਿਆਨ ਵਿਚ ਰੱਖ ਕੇ ਵਿਅਕਤੀ ਦੇ ਸਮਾਜ ਵਿਚ ਭਾਸ਼ਾ ਵਿਹਾਰ ਦੇ ਪ੍ਰਪੰਚ ਨੂੰ ਸਮਝਣ ਦੀ ਕੋਸ਼ਿਸ਼ ਕਰਾਂਗੇ। ਅਸੀਂ ਆਪਣੀ ਗੱਲ ਭਾਸ਼ਾਈ ਉਚਾਰ 'ਸਪੀਚ ਈਵੈਂਟ' ਤੋਂ ਅਰੰਭ ਕਰਦੇ ਹਾ। 'ਭਾਸ਼ਾਈ ਉਚਾਰ' ਇਕ ਪ੍ਰਕਾਰ ਦੇ ਭਾਸ਼ਾਈ ਆਦਾਨ-ਪ੍ਰਦਾਨ ਦਾ ਖੰਡ ਮੰਨਿਆ ਜਾ ਸਕਦਾ ਹੈ, ਜਿਸ ਵਿਚ ਇਕ ਜਾਂ ਇਕ ਤੋਂ ਵੱਧ ਸੰਚਾਰ ਵਪਾਰ ਹੋ ਸਕਦੇ ਹਨ। ਟਿਕਟ ਚੈਕ ਕਰਨ ਵਾਲੇ ਅਤੇ ਯਾਤਰੀ ਵਿਚਕਾਰ, ਘਰੋ-ਘਰੀ ਚੀਜ਼ਾਂ ਵੇਚਣ ਵਾਲੇ ਅਤੇ ਉਸ ਦੇ ਗਾਹਕ ਵਿਚਕਾਰ ਅਤੇ ਦੋ ਗੁਆਂਢਣਾਂ ਵਿਚਕਾਰ ਸਾਂਝੀ ਕੰਧ ਕੋਲ ਖਲੋਤਿਆਂ ਗਪਸ਼ਪ ਸਭ 'ਭਾਸ਼ਾਈ ਉਚਾਰ' ਮੰਨੇ ਜਾਣਗੇ, ਜਿਨ੍ਹਾਂ ਦੇ ਆਕਾਰ ਇੱਕੋ ਜਿਹੇ ਨਹੀਂ ਹੁੰਦੇ। ਇਸੇ ਤਰ੍ਹਾਂ ਕੋਈ 'ਭਾਸ਼ਾਈ ਉਚਾਰ' ਅਜਿਹਾ ਹੋ ਸਕਦਾ ਹੈ, ਜਿਥੇ ਬੋਲਣ ਦਾ ਕੰਮ ਲਗਪਗ ਇੱਕੋ ਬੋਲਣਹਾਰੇ ਦੀ ਮੋਨੋਪਲੀ ਬਣ ਜਾਂਦਾ ਹੈ। ਜਿਵੇਂ ਕਿਸੇ ਧਾਰਮਿਕ ਸਥਾਨ ਵਿਚ ਕਿਸੇ ਪੁਜਾਰੀ ਦਾ ਉਪਦੇਸ਼ ਜਾਂ ਫੇਰ ਰਾਜਸੀ ਭਾਸ਼ਣ ਜਾਂ ਫੇਰ ਦੋਹਾਂ ਬੋਲਣਹਾਰਿਆਂ ਦਾ ਬੋਲਣ ਦਾ ਹਿੱਸਾ ਇੱਕੋ ਜਿਹਾ ਹੁੰਦਾ ਹੈ, ਜਿਵੇਂ ਦੋ ਮਰਾਸੀਆਂ ਵਿਚਕਾਰ ਜਦੋਂ ਕਿ ਉਹ ਕੋਈ ਮਜ਼ਾਕ ਪੇਸ਼ ਕਰ ਰਹੇ ਹੋਣ। ਇਸ ਤਰ੍ਹਾਂ ਭਾਸ਼ਾਈ ਉਚਾਰ ਦੀਆਂ ਕਈ ਵੰਨਗੀਆਂ ਹੋ ਸਕਦੀਆਂ ਹਨ, ਜਿਨ੍ਹਾਂ ਦੇ ਵਿਸਥਾਰ ਵਿਚ ਜਾਣਾ ਇਥੇ ਬੇਲੋੜਾ ਹੈ। ਇਥੇ ਏਨਾ ਹੀ ਕਹਿਣਾ ਕਾਫ਼ੀ ਹੈ ਕਿ 'ਸਪੀਚ ਈਵੈਂਟ' ਬਹੁ-ਭਾਂਤੀ ਹੋਣ ਦੇ ਬਾਵਜੂਦ ਆਪਣੇ ਅੰਦਰ ਇਕ ਸਹਿਜ ਯਥਾਰਥ (intutive reality) ਰੱਖਦੇ ਹਨ, ਜਿਸ ਦੇ ਆਧਾਰ ਉਪਰ ਉਹਨਾਂ ਨੂੰ ਬਿਨਾਂ ਕਿਸੇ ਜਤਨ ਦੇ ਪਛਾਣ ਕੇ ਵੱਖੋ-ਵੱਖਰੇ ਲੇਬਲ ਦਿੱਤੇ ਜਾ ਸਕਦੇ ਹਨ। ਜਿਵੇਂ 'ਵਾਅਜ਼' ਜਾਂ ਧਾਰਮਿਕ ਸਿੱਖਿਆ, ਕੀਮਤਾਂ ਘਟਾਉਣ ਵਧਾਉਣ ਲਈ ਝਗੜਨਾ, ਸਲਾਹ-ਮਸ਼ਵਰਾ ਕਰਨਾ ਆਦਿ। ਇਸ ਤਰ੍ਹਾਂ ਅਸੀਂ ਕਿਸੇ ਭਾਸ਼ਾਈ ਉਚਾਰ ਨੂੰ ਉਸ ਦੇ ਰਚਨਾ-ਤੱਤਾਂ ਦੇ ਆਧਾਰ ਉਪਰ ਪਰਿਭਾਸ਼ਿਤ ਕਰ ਸਕਦੇ ਹਾਂ।

ਅਸੀਂ ਕਿਸੇ 'ਭਾਸ਼ਾਈ ਉਚਾਰ' ਦਾ ਮਾਡਲ ਉਹਨਾਂ ਭਿੰਨ-ਭਿੰਨ ਗੱਲਾਂ ਨੂੰ ਧਿਆਨ ਵਿਚ ਰੱਖ ਕੇ ਤਿਆਰ ਕਰ ਸਕਦੇ ਹਾਂ, ਜੋ ਸੰਚਾਰ-ਘਟਨਾ ਸਮੇਂ ਕੰਮ ਕਰਦੀਆਂ ਹਨ। ਸਪੀਚ ਈਵੈਂਟ ਵਿਚ ਇਹ ਤੱਤ ਸੰਦੇਸ਼ ਭੇਜਣ ਵਾਲਾ ਸੰਦੇਸ਼ ਗ੍ਰਹਿਣ ਕਰਨ ਵਾਲਾ ਅਤੇ ਸੰਦੇਸ਼ ਦੇ ਰੂਪਾਂ ਵਿਚ ਪਛਾਣੇ ਜਾ ਸਕਦੇ ਹਨ। ਇਸ ਤੋਂ ਬਿਨਾਂ ਚੈਨਲ, ਸੈਟਿੰਗ, ਟਾਪਿਕ ਅਤੇ ਕੋਡ ਹੋਰ ਅਜਿਹੇ ਤੱਤ ਹਨ, ਜੋ ਕਿਸੇ 'ਭਾਸ਼ਾਈ ਉਚਾਰ' ਦਾ ਅਨਿਖੜ ਅੰਗ ਹੁੰਦੇ ਹਨ ਅਤੇ ਇਹ ਸਾਰੇ ਅੰਤਰ-ਸੰਬੰਧਿਤ ਹੋ ਕੇ ਇਕ ਜਟਿਲ ਰਚਨਾ ਦਾ ਰੂਪ ਧਾਰਦੇ ਹਨ। ਇਹ ਸਪੀਚ ਈਵੈਂਟ ਵਿਚ ਇਕ ਦੂਜੇ ਨੂੰ ਪ੍ਰਭਾਵਿਤ ਵੀ ਕਰਦੇ ਹਨ। ਉਦਾਹਰਣ ਲਈ ਕੋਈ ਵਿਸ਼ੇਸ਼ ਸੈਟਿੰਗ ਉਚਾਰ-ਘਟਨਾ ਦੇ ਮਾਧਿਅਮ (channel) ਨੂੰ ਪ੍ਰਭਾਵਿਤ ਕਰ ਸਕਦੀ ਹੈ। ਉਦਾਹਰਣ ਲਈ ਕਿਸੇ ਥਾਂ ਉਪਰ ਬਹੁਤ ਰੌਲਾ-ਗੌਲਾ ਹੋਣ ਦੀ ਸੂਰਤ ਵਿਚ ਜਾਂ ਫੇਰ ਕਿਸੇ ਗੱਲ ਦਾ ਰਾਜ਼ ਕਾਇਮ ਰੱਖਣ ਲਈ ਇਸ਼ਾਰਿਆਂ ਦੀ ਭਾਸ਼ਾ ਵਰਤੀ ਜਾਂਦੀ ਹੈ। ਕਈ ਵਾਰੀ ਬਾਹਰਲੀਆਂ ਪਰਿਸਥਿਤੀਆਂ ਦੇ ਕਾਰਨ ਹੀ ਨਹੀਂ, ਬਲਕਿ ਵਿਹਾਰ ਦੀਆਂ ਪ੍ਰਵਾਨਿਤ ਰੂੜ੍ਹੀਆਂ ਦੇ ਕਾਰਨ ਵੀ ਚੈਨਲ ਵਿਚ ਤਬਦੀਲੀ ਹੁੰਦੀ ਹੈ, ਜਿਵੇਂ ਕਿਸੇ ਕਾਨਫ਼ਰੰਸ ਵਿਚ ਬੈਠੇ ਕਿਸੇ ਮਿੱਤਰ ਨੂੰ ਸੰਦੇਸ਼ ਦੇਣ ਲਈ ਅਸੀਂ ਕੋਈ ਰੁਕਾ ਲਿਖ ਕੇ ਭੇਜਦੇ ਹਾਂ।

ਸੈਟਿੰਗ ਸੰਦੇਸ਼ ਦੇ ਵਿਸ਼ੇਸ਼ ਰੂਪ ਨੂੰ ਵੀ ਨਿਸਚਿਤ ਕਰ ਸਕਦੀ ਹੈ। ਕਈ ਸਮਾਜਾਂ ਵਿਚ ਖ਼ਾਸ ਕਰਕੇ ਧਾਰਮਿਕ ਰੀਤੀਆਂ ਸਮੇਂ ਸੰਦੇਸ਼ ਕਥਾ-ਵਰਣਨ ਜਾਂ ਕਾਵਿ-ਉਚਾਰਣ ਦੁਆਰਾ ਦਿੱਤਾ ਜਾਂਦਾ ਹੈ। ਸਾਡੇ ਧਾਰਮਿਕ ਸਥਾਨਾਂ ਉਪਰ ਕਈ ਵਾਰੀ ਭਾਸ਼ਾ ਮੰਤਰਾਂ ਦੀਆਂ ਰੂਪ ਵਿਧੀਆਂ ਵਿਚ ਢਾਲੀ ਜਾਂਦੀ ਹੈ।

ਸੈਟਿੰਗ, ਕੋਡ ਅਤੇ ਟਾਪਿਕ ਬਹੁਤੀ ਵਾਰੀ ਅੰਤਰ ਸੰਬੰਧਿਤ ਹੁੰਦੇ ਹਨ। ਗੱਲ-ਬਾਤ ਲਈ ਕੁਝ ਟਾਪਿਕ ਅਜਿਹੇ ਹੁੰਦੇ ਹਨ, ਜੋ ਵਿਸ਼ੇਸ਼ ਮੌਕਿਆਂ ਉਪਰ ਅਯੋਗ ਮੰਨੇ ਜਾਂਦੇ ਹਨ। ਵਪਾਰ ਦੀ ਗੱਲ-ਬਾਤ ਹਰ ਮੌਕੇ 'ਤੇ ਨਹੀਂ ਹੋ ਸਕਦੀ ਅਤੇ ਕਈ ਵਾਰੀ ਘਰੋਗੀ ਮੁਆਮਲਿਆਂ ਉਪਰ ਗੱਲ-ਬਾਤ ਦਫ਼ਤਰ ਦੇ ਮਾਹੌਲ ਵਿਚ ਪ੍ਰਤੀਕੂਲ ਲੱਗਦੀ ਹੈ। ਸੈਟਿੰਗ ਦੁਭਾਸ਼ੀ ਸਥਿਤੀਆਂ ਵਿਚ 'ਕੋਡ' ਨਾਲ ਵੀ ਸੰਬੰਧਿਤ ਹੁੰਦੀ ਹੈ। ਅਸੀਂ ਜਿਥੇ ਘਰ ਵਿਚ ਆਪਣੀ ਭਾਸ਼ਾ ਜਾਂ ਬੋਲੀ ਵਿਚ ਗੱਲ ਕਰਦੇ ਹਾਂ, ਵਪਾਰ ਦੇ ਮੌਕੇ 'ਤੇ ਦਫ਼ਤਰ ਵਿਚ ਜਾਂ ਹੋਰ ਉਪਚਾਰਿਕ ਵਿਹਾਰਾਂ ਵਿਚ ਹਿੰਦੀ-ਅੰਗਰੇਜ਼ੀ ਜਾਂ ਹੋਰ ਭਾਸ਼ਾ ਕੋਡਾਂ ਵਿਚ ਗੱਲ-ਬਾਤ ਕਰਦੇ ਹਾਂ। ਮੱਧ ਯੁੱਗ ਵਿਚ ਜਿਥੇ ਆਮ ਵਿਹਾਰ ਸਮੇਂ ਲੋਕੀਂ ਆਪਣੀਆਂ ਬੋਲਚਾਲ ਦੀਆਂ ਭਾਸ਼ਾਵਾਂ ਵਿਚ ਗੱਲ-ਬਾਤ ਕਰਦੇ ਸਨ, ਉਥੇ ਧਾਰਮਿਕ ਸੰਬਾਦ ਲਾਤੀਨੀ ਵਿਚ ਕਰਦੇ ਸਨ। ਇਸੇ ਤਰ੍ਹਾਂ ਪੰਜਾਬ ਵਿਚ ਆਮ ਕਾਰੋਬਾਰ ਲਈ ਆਪਣੀ ਬੋਲੀ, ਕੇਂਦਰੀ ਪੰਜਾਬੀ, ਹਿੰਦੀ ਜਾਂ ਹਿੰਦੁਸਤਾਨੀ ਜਾਂ ਫੇਰ ਅੰਗਰੇਜ਼ੀ ਸਭ ਦੀ ਵਾਰੋ-ਵਾਰੀ ਵਰਤੋਂ ਕੀਤੀ ਜਾਂਦੀ ਹੈ, ਉਥੇ ਧਾਰਮਿਕ ਰੀਤੀ ਰਿਵਾਜ ਲਈ ਸੰਸਕ੍ਰਿਤ, ਹਿੰਦੀ, ਅਰਬੀ, ਉਰਦੂ ਆਦਿ ਕੋਡਾਂ ਰਾਹੀਂ ਸੰਚਾਰ ਕੀਤਾ ਜਾਂਦਾ ਹੈ। ਇਉਂ ਅਸੀਂ ਭਾਸ਼ਾ ਵੰਨਗੀਆਂ ਨੂੰ ਸੈਟਿੰਗ ਕੋਡ, ਟਾਪਿਕ, ਸੰਦੇਸ਼ ਦੇਣ ਵਾਲੇ ਅਤੇ ਗ੍ਰਹਿਣ ਕਰਨ ਵਾਲੇ ਦੀ ਸਥਿਤੀ ਆਦਿ ਕਈ ਆਧਾਰਾਂ ਉਪਰ ਪਛਾਣ ਸਕਦੇ ਹਾਂ। ਹਰ 'ਭਾਸ਼ਾਈ ਉਚਾਰ' ਦੀ ਆਪਣੀ ਸ਼ੈਲੀ ਹੁੰਦੀ ਹੈ, ਜਿਸ ਤੋਂ ਭਾਵ ਵਿਅਕਤੀ ਦਾ ਵਿਸ਼ੇਸ਼ ਸਾਮਾਨਯ ਪਰਿਸਥਿਤੀਆਂ ਵਿਚ ਵੱਖੋ-ਵੱਖਰੇ ਰੂਪਾਂ ਵਿਚ ਬੋਲਣਾ ਹੈ। ਉਦਾਹਰਣ ਲਈ ਜਦੋਂ ਅਸੀਂ ਨਾਵਾਕਿਫ਼ ਬੰਦੇ ਨਾਲ ਗੱਲ ਕਰਦੇ ਹਾਂ ਜਾਂ ਕਿਸੇ ਗੂੜ੍ਹੇ ਮਿੱਤਰ ਨਾਲ ਗੱਲ ਕਰਦੇ ਹਾਂ ਤਾਂ ਦੋਹਾਂ ਸਥਿਤੀਆਂ ਵਿਚ ਸਾਡੀ ਗੱਲ-ਬਾਤ ਦਾ ਰੂਪ ਵੱਖਰਾ-ਵੱਖਰਾ ਹੋਏਗਾ। ਇਸੇ ਤਰ੍ਹਾਂ ਅਫ਼ਸਰ ਦਾ ਆਪਣੇ ਮਾਤਿਹਤਾਂ ਨਾਲ ਗੱਲ ਕਰਨੀ, ਦੁਕਾਨਦਾਰ ਦੀ ਆਪਣੇ ਗਾਹਕ ਨਾਲ, ਘਰ ਵਿਚ ਪਤੀ-ਪਤਨੀ, ਭੈਣਾਂ-ਭਰਾਵਾਂ ਦੇ ਬੱਚਿਆਂ ਤੇ ਮਾਪਿਆਂ ਦੀ ਆਪਸੀ ਗੱਲ-ਬਾਤ ਵਿਚ ਭਾਸ਼ਾ ਪ੍ਰਯੋਗ ਸਮੇਂ ਜੋ ਪਰਿਵਰਤਨ ਹੁੰਦੇ ਰਹਿੰਦੇ ਹਨ, ਉਹਨਾਂ ਨੂੰ ਅਸੀਂ ਸ਼ੈਲੀ ਦੇ ਭਿੰਨ-ਭਿੰਨ ਰੂਪ ਮੰਨ ਸਕਦੇ ਹਾਂ।

ਸਮਾਜ ਭਾਸ਼ਾ ਵਿਗਿਆਨੀਆਂ ਨੇ ਇਕ ਪਾਸੇ ਸਮਾਜ ਵਿਗਿਆਨ ਅਤੇ ਦੂਜੇ ਪਾਸੇ ਭਾਸ਼ਾ ਵਿਗਿਆਨ ਦੇ ਇਕ ਦੂਜੇ ਨਾਲ ਸੰਬੰਧਾਂ ਦੇ ਆਧਾਰ ਉਪਰ ਕੁਝ ਨੇਮਾਂ ਦੀ ਖੋਜ ਕਰਨ ਦੇ ਜਤਨ ਕੀਤੇ ਹਨ, ਜੋ ਨਾ ਤਾਂ ਭਾਸ਼ਾ ਵਿਗਿਆਨ ਨੂੰ ਮਨੁੱਖੀ ਮਨ ਦੀ ਅੰਦਰੂਨੀ ਪ੍ਰਕਿਰਤੀ ਦੇ ਸੰਦਰਭ ਵਿਚ ਵੇਖਦੇ ਹਨ ਅਤੇ ਨਾ ਹੀ ਉਹਨਾਂ ਨੂੰ ਕੇਵਲ ਪ੍ਰਯੋਜਨ-ਸਿੱਧੀ ਅਤੇ ਸਮਾਜਿਕ ਨਿਅੰਤ੍ਰਣਾਂ ਦਾ ਪ੍ਰਤੀਫਾਲਣ ਰੂਪ ਮੰਨਦੇ ਹਨ। ਸਮਾਜ ਭਾਸ਼ਾ ਵਿਗਿਆਨੀਆਂ ਦੀ ਇਹ ਧਾਰਨਾ ਹੈ ਕਿ ਭਾਸ਼ਾ ਉਸ ਮਾਨਵ ਮਨ ਦੀ


ਪ੍ਰਤੀਕੀਕਰਣ ਪ੍ਰਕਿਰਿਆ ਨਾਲ ਜੁੜੀ ਹੁੰਦੀ ਹੈ, ਜੋ ਸਮਾਜਿਕ ਵਿਅਕਤੀ ਦੇ ਸਮਾਜਿਕ ਵਿਹਾਰ ਵਿਚ ਆਪਣੀ ਸਿੱਧੀ ਪ੍ਰਾਪਤ ਕਰਦਾ ਹੈ ਅਤੇ ਉਸ ਦਾ ਸਮਾਜਿਕ ਵਿਹਾਰ ਵਿਸ਼ੇਸ਼ ਸਮਾਜਿਕ ਹਾਲਾਤ ਦੁਆਰਾ ਨਿਅੰਤ੍ਰਿਤ ਹੁੰਦਾ ਹੈ। ਇਸ ਲਈ ਜ਼ਰੂਰੀ ਹੈ ਕਿ ਭਾਸ਼ਾ ਵੀ ਆਪਣੇ ਵਿਅਕਤ ਰੂਪ ਵਿਚ ਵਿਵਿਧ ਅਤੇ ਵੰਨ- ਸੁਵੰਨੀ ਹੋਏ।

ਭਾਸ਼ਾ ਦੀ ਇਹ ਵੰਨਗੀ ਜਿਸ ਸ਼ੈਲੀ ਨੂੰ ਜਨਮ ਦੇਂਦੀ ਹੈ, ਉਹ ਨਿਸ਼ਚੈ ਹੀ ਉਹਨਾਂ ਅਰਥਾਂ ਨੂੰ ਵੀ ਪ੍ਰਗਟਾਏਗੀ, ਜਿਨ੍ਹਾਂ ਦੀ ਪ੍ਰਕਿਰਤੀ ਮੂਲ ਰੂਪ ਵਿਚ ਸਮਾਜਿਕ ਹੋਵੇ। ਇਸ ਤਰ੍ਹਾਂ ਹਰ ਭਾਸ਼ਾਈ ਉਚਾਰ ਵਿਚ ਚੁਣੀ ਗਈ ਸ਼ੈਲੀ ਦਾ ਸਮਾਜਿਕ ਸੰਦਰਭ ਹੁੰਦਾ ਹੈ। ਇਹ ਸੰਦਰਭ ਉਚਾਰਾਂ ਨੂੰ ਸਮਾਜਿਕ ਅਰਥ ਵੀ ਪ੍ਰਦਾਨ ਕਰਦੇ ਹਨ। ਅਸੀਂ ਆਪਣੀ ਗੱਲ ਨੂੰ ਕੁਝ ਉਦਾਹਰਣਾਂ ਨਾਲ ਸਪੱਸ਼ਟ ਕਰ ਸਕਦੇ ਹਾਂ। ਭਾਰਤ ਦੀਆਂ ਆਧੁਨਿਕ ਜ਼ਬਾਨਾਂ ਵਿਚ ਮੱਧਮ ਪੁਰਖ ਪੜਨਾਂਵਾਂ ਨੂੰ ਹੀ ਲੈ ਸਕਦੇ ਹਾਂ। ਹਿੰਦੀ ਵਿਚ 'ਆਪ', 'ਤੁਮ' ਅਤੇ 'ਤੂ' ਤਿੰਨ ਪੜਨਾਂਵਾਂ ਦੀ ਵਰਤੋਂ ਹੁੰਦੀ ਹੈ। ਪੰਜਾਬੀ ਵਿਚ ਵੀ 'ਤੂੰ', 'ਤੁਸੀਂ', 'ਆਪ' ਅਤੇ 'ਆਪ ਜੀ' ਆਦਿ ਮੱਧਮ ਪੁਰਖ ਪੜਨਾਂਵ ਪ੍ਰਯੋਗ ਮਿਲਦੇ ਹਨ। ਜੇਕਰ ਸ੍ਰੋਤਾ ਇਕ ਵਚਨ ਹੋਵੇ। ਅਸੀਂ ਉਸ ਲਈ 'ਤੁਸੀਂ', 'ਆਪ' ਆਦਿ ਦੀ ਵਰਤੋਂ ਕਰ ਰਹੇ ਹਾਂ ਤਾਂ ਨਿਸ਼ਚੈ ਹੀ ਬੋਲਣਹਾਰੇ ਅਤੇ ਸੁਣਨ ਵਾਲੇ ਦੀ ਪਦਵੀ ਇੱਕੋ ਜਿਹੀ ਨਹੀਂ। 'ਤੁਸੀਂ' ਜਾਂ 'ਆਪ' ਦੀ ਵਰਤੋਂ 'ਤੂੰ' ਦੇ ਮੁਕਾਬਲੇ ਵਿਚ ਵਧੇਰੇ ਸਨਮਾਨ, ਸਿਸ਼ਟਾਚਾਰ ਜਾਂ ਉਪਚਾਰਕਤਾ ਦੇ ਨਾਤੇ ਹੁੰਦੀ ਹੈ। ਪਰਿਵਾਰਕ ਸੰਬੰਧਾਂ, ਕੰਮਕਾਰ ਦੇ ਪੱਖੋਂ ਪੱਧਰ, ਉਮਰ ਆਦਿ ਵਿਚ ਉਚੇਰੀ ਪਦਵੀ ਵਾਲੇ ਵਿਅਕਤੀ ਲਈ ਜਿਥੇ 'ਤੁਸੀਂ' ਵਰਤਿਆ ਜਾਂਦਾ ਹੈ, ਉਥੇ ਇਹਨਾਂ ਹੀ ਪੱਖਾਂ ਤੋਂ ਨੀਵੇਂ ਪਦ ਵਾਲੇ ਵਿਅਕਤੀ ਨੂੰ 'ਤੂੰ' ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਜੇਕਰ ਵਕਤੇ ਅਤੇ ਸ੍ਰੋਤੇ ਵਿਚਕਾਰ ਆਤਮੀਅਤਾ ਦਾ ਸੰਬੰਧ ਹੋਵੇ ਤਾਂ ਉਪਚਾਰਕਤਾ ਅਤੇ ਸ੍ਰਿਸ਼ਟਾਚਾਰ ਦੇ ਬੰਧੇਜਾਂ ਨੂੰ ਤਿਆਗ ਕੇ 'ਤੂੰ' ਦੀ ਵਰਤੋਂ ਹੁੰਦੀ ਹੈ। ਬਰਾਊਨ ਅਤੇ ਗਿਲਮੈਨ ਨੇ ਇਸ ਸੰਬੰਧ ਵਿਚ ਦੋ ਪ੍ਰਕਾਰ ਦੇ ਪੜਨਾਂਵ ਵਰਤੋਂ ਦੇ ਪੈਰਾਮੀਟਰ ਬਣਾਏ ਹਨ। ਪਹਿਲੀ ਪ੍ਰਕਾਰ ਦੇ ਪੜਨਾਂਵਾਂ ਨੂੰ ਉਹ ਆਤਮੀਅਤਾ ਪੜਨਾਂਵ (Pronouns of Solidarity) ਕਹਿੰਦਾ ਹੈ ਅਤੇ ਦੂਜੀ ਪ੍ਰਕਾਰ ਦੇ ਨੂੰ ਉਹ ਸ਼ਕਤੀ ਪੜਨਾਂਵ (Pronouns of Power) ਦਾ ਨਾਂ ਦੇਂਦਾ ਹੈ।

ਸ਼ਕਤੀ ਤੋਂ ਉਸ ਦਾ ਭਾਵ ਇਹ ਹੈ ਕਿ ਇਕ ਵਿਅਕਤੀ ਦੂਜੇ ਵਿਅਕਤੀ ਉਪਰ ਉਸ ਮਾਤਰਾ ਵਿਚ ਸ਼ਕਤੀ ਜਾਂ ਅਧਿਕਾਰ ਰੱਖਦਾ ਹੈ, ਜਿਸ ਮਾਤਰਾ ਵਿਚ ਉਹ ਉਸ ਦੇ ਵਿਹਾਰ ਦਾ ਨਿਅੰਤ੍ਰਣ ਕਰ ਸਕਦਾ ਹੈ। ਇਸ ਸੰਬੰਧ ਨੂੰ ਉਹ ਅਸਮਭਾਵੀ ਸੰਬੰਧ (Asymmetrical-relationship) ਕਹਿੰਦਾ ਹੈ, ਜਿਸ ਤੋਂ ਇਹ ਭਾਵ ਲਿਆ ਜਾ ਸਕਦਾ ਹੈ ਕਿ ਦੋ ਵਿਅਕਤੀ ਕਿਸੇ ਖ਼ਾਸ ਵਿਹਾਰ ਦੇ ਖੇਤਰ ਵਿਚ ਸਮਾਨ ਸ਼ਕਤੀ ਜਾਂ ਅਧਿਕਾਰ ਨਹੀਂ ਰੱਖਦੇ। ਇਸ ਅਧਿਕਾਰ ਜਾਂ ਸ਼ਕਤੀ ਦੇ ਕਈ ਆਧਾਰ ਹੋ ਸਕਦੇ ਹਨ, ਜਿਵੇਂ ਸਰੀਰਕ ਸ਼ਕਤੀ, ਦੌਲਤ, ਉਮਰ, ਲਿੰਗ, ਧਰਮ, ਰਾਜ, ਫ਼ੌਜ ਜਾਂ ਪਰਿਵਾਰ ਵਿਚ ਸੰਸਥਾਕਿਰਤ ਕਿਰਦਾਰ। ਇਹ ਸੰਬੰਧ ਕਿਉਂਕਿ ਅਸਮਭਾਵੀ (non-reciprocal) ਹੈ, ਇਸ ਲਈ ਇਸ ਵਿਚ ਇਕ ਧਿਰ ਉਚੀ ਅਤੇ ਦੂਜੀ ਨੀਵੀਂ ਮੰਨੀ ਜਾਂਦੀ ਹੈ ਅਤੇ ਇਹ ਅਜਿਹੀ ਸਮਾਜਿਕ ਸੰਰਚਨਾ ਦੀ ਮੰਗ ਕਰਦੀ ਹੈ, ਜਿਸ ਵਿਚ ਹਰ ਵਿਅਕਤੀ ਲਈ ਸ਼ਕਤੀ ਦੇ ਆਪੋ-ਆਪਣੇ ਪੱਧਰ ਹੁੰਦੇ ਹਨ।

ਇਸ ਦੇ ਉਲਟ ਆਤਮੀਅਤਾ ਜਾਂ ਸਮਭਾਵ ਦੇ ਸੀਮਾਂਟਿਕ ਵਿਚ ਸਥਿਤੀ ਵੱਖਰੀ ਮਿਲਦੀ ਹੈ। ਮੂਲ ਰੂਪ ਵਿਚ ਸਭ ਭਾਸ਼ਾਵਾਂ ਵਿਚ ਇਕ-ਵਚਨ ਮੱਧਮ ਪੁਰਖ ਪੜਨਾਂਵ 'ਤੂੰ' ਦੇ ਅਰਥਾਂ ਵਾਲਾ ਹੁੰਦਾ ਹੈ। 'ਤੁਸੀਂ' ਜਾਂ 'ਆਪ' ਓਦੋਂ ਵਿਕਸਿਤ ਹੋਇਆ, ਜਦੋਂ ਵਧੇਰੇ ਉਤਮ ਸ਼ਕਤੀ ਜਾਂ ਪਦ ਵਾਲੇ ਵਿਅਕਤੀ ਨੂੰ ਸੰਬੋਧਨ ਕਰਨ ਦੀ ਲੋੜ ਪਈ। 'ਤੁਸੀਂ' ਜਾਂ 'ਆਪ' ਅਖਵਾਉਣ ਵਾਲਾ ਵਿਅਕਤੀ 'ਤੂੰ' ਅਖਵਾਉਣ ਵਾਲੇ ਨਾਲੋਂ ਭਿੰਨ ਹੋ ਜਾਂਦਾ ਹੈ ਅਤੇ ਇਸ ਭਿੰਨਤਾ ਦਾ ਆਧਾਰ ਤਾਕਤ, ਉਮਰ, ਦੌਲਤ, ਜਨਮ, ਲਿੰਗ ਜਾਂ ਪੇਸ਼ਾ ਕੋਈ ਵੀ ਹੋ ਸਕਦੇ ਹਨ। ਜਦੋਂ ਦੋ ਵਿਅਕਤੀ ਇਹਨਾਂ ਸ਼ਕਤੀ ਮੁਖੀ ਪਾਸਾਰਾਂ ਦੇ ਆਧਾਰ ਉਪਰ ਇਕ ਦੂਜੇ ਨਾਲੋਂ ਨਿਖੜਦੇ ਹਨ ਤਾਂ ਉਹਨਾਂ ਵਿੱਚੋਂ ਇਕ 'ਤੁਸੀਂ' ਜਾਂ 'ਆਪ' ਵਰਗੇ ਅਰਥ ਦੇਣ ਵਾਲੇ ਸ਼ਬਦ ਵਰਤਣ ਲੱਗ ਜਾਂਦਾ ਹੈ। ਇਸ ਤਰ੍ਹਾਂ 'ਤੁਸੀਂ' ਜਾਂ 'ਆਪ' ਦੋ ਵਿਅਕਤੀਆਂ ਦੇ ਅੰਤਰ ਨਾਲ ਜੁੜਿਆ ਹੋਇਆ ਹੈ। ਜਦੋਂ ਦੋ ਵਿਅਕਤੀਆਂ ਵਿਚ 'ਤੂੰ' ਅਤੇ 'ਤੁਸੀਂ', 'ਆਪ' ਦੀ ਨਿਖੇੜਵੀਂ ਵਰਤੋਂ ਲਈ ਕੋਈ ਨੇਮ ਬਣਾਉਣਾ ਹੋਏ ਤਾਂ ਸ਼ਕਤੀ ਸੀਮਾਂਟਿਕ ਦਾ ਸਾਮਾਨੀਕਰਣ ਕੀਤਾ ਜਾ ਸਕਦਾ ਹੈ, ਪਰ ਆਤਮੀਅਤਾ (Solidarity) ਉਹ ਸਾਮਾਨਯ ਸੰਬੰਧ ਦਾ ਨਾਂ ਹੈ, ਜਿਸ ਵਿਚ ਸਮਭਾਵਨਾ ਮਿਲਦੀ ਹੈ। ਸੰਬੋਧਨ ਦੇ ਅਨੁਰੂਪੀ ਪ੍ਰਤੀਮਾਨ ਸਮਭਾਵੀ (Symmetrical) ਜਾਂ ਪਰਸਪਰ ਭਾਵੀ (Reciprocal) ਹੁੰਦੇ ਹਨ, ਜਿਨ੍ਹਾਂ ਵਿਚ 'ਤੁਸੀਂ' ਜਾਂ 'ਆਪ' ਦੀ ਵਰਤੋਂ ਘੱਟਦੀ ਜਾਂਦੀ ਹੈ।


ਪੰਜਾਬੀ ਪੇਂਡੂ ਸਮਾਜ ਦੇ ਪੱਧਰ ਉੱਤੇ ਕਾਫ਼ੀ ਹਦ ਤਕ ਆਤਮੀਅਤਾ ਦੇ ਸੰਬੰਧ ਤੁਰੇ ਆਉਂਦੇ ਹਨ, ਪਰ ਉਸ ਦੀ ਸ਼ਹਿਰੀ ਸਮਾਜ ਵੱਲ ਯਾਤਰਾ ਸ਼ਕਤੀ ਸੀਮਾਂਟਿਕ ਵੱਲ ਮੋੜ ਰਹੀ ਹੈ। ਇਸ ਪਰਚੇ ਵਿਚ ਅਸੀਂ ਕੇਵਲ ਸ਼ਹਿਰੀ ਸਮਾਜ ਤਕ ਆਪਣੇ ਆਪ ਨੂੰ ਸੀਮਤ ਕਰ ਕੇ ਇਸ ਖੇਤਰ ਦੇ ਕੁਝ-ਕੁਝ ਮੋਟੇ ਪੱਖਾਂ ਉਪਰ ਧਿਆਨ ਕੇਂਦ੍ਰਿਤ ਕਰਾਂਗੇ। ਪੰਜਾਬੀ ਸਮਾਜ ਦੀਆਂ ਬਦਲਦੀਆਂ ਰੂਪ-ਵਿਧੀਆਂ ਦੇ ਪ੍ਰਸੰਗ ਵਿਚ ਵੇਖਿਆਂ ਅਸੀਂ 'ਤੂੰ', 'ਤੁਸੀਂ' ਅਤੇ 'ਆਪ' ਦੀ ਵਰਤੋਂ ਨੂੰ ਹੇਠ-ਲਿਖੇ ਰੇਖਾ-ਚਿੱਤਰ ਰਾਹੀਂ ਪੇਸ਼ ਕਰ ਸਕਦੇ ਹਾਂ :




ਇਸ ਰੇਖਾ-ਚਿੱਤਰ ਤੋਂ ਸਹਿਜੇ ਹੀ ਅਨੁਮਾਨ ਲਗਾਇਆ ਜਾ ਸਕਦਾ ਹੈ ਕਿ ਕਿਵੇਂ ਬੋਲਣਹਾਰੇ ਅਤੇ ਸ੍ਰੋਤੇ ਦੋਹਾਂ ਦੇ ਸਮਾਜਿਕ ਪੱਧਰ ਵਿੱਚੋਂ ਜਿਥੇ ਭਾਸ਼ਾਈ ਵੰਨਗੀ ਪੈਦਾ ਹੁੰਦੀ ਹੈ, ਉਥੇ ਸ਼ੈਲੀ ਸਮਾਜਿਕ ਸ਼ੈਲੀ ਦਾ ਰੂਪ ਧਾਰਨ ਕਰਦੀ ਹੈ।

ਸਮਾਜਿਕ ਦ੍ਰਿਸ਼ਟੀ ਤੋਂ ਪੱਧਰ, ਹਾਲਾਤ ਅਤੇ ਸਮਾਜਿਕ ਪਿਛੋਕੜ ਦੇ ਅੰਤਰਗਤ ਸ਼ੈਲੀ ਵਿਚ ਪਰਿਵਰਤਨ ਹੁੰਦੇ ਰਹਿੰਦੇ ਹਨ। ਪਿਉ-ਪੁੱਤਰ, ਅਧਿਆਪਕ-ਵਿਦਿਆਰਥੀ, ਮਾਲਕ-ਨੌਕਰ, ਦੁਕਾਨਦਾਰ-ਗਾਹਕ, ਬਸ ਸਵਾਰੀ-ਕੰਡਕਟਰ, ਸਾਰਿਆਂ ਦੀ ਪਰਸਪਰ ਗੱਲਬਾਤ ਵਿਚ ਭਾਸ਼ਾ ਬਦਲਦੀ ਜਾਂਦੀ ਹੈ। ਉਦਾਹਰਣ ਲਈ ਇਕ ਯੂਨੀਵਰਸਿਟੀ ਅਧਿਆਪਕ ਨੂੰ ਕਈ ਭੂਮਿਕਾਵਾਂ ਵਿਚ ਭਾਸ਼ਾ ਵਰਤਣੀ ਪੈਂਦੀ ਹੈ। ਇਕ ਛਿੰਨ ਉਹ ਆਪਣੇ ਵਿਦਿਆਰਥੀ ਨਾਲ ਗੱਲਬਾਤ ਕਰਦਾ ਹੈ, ਦੂਜੇ ਛਿੰਨ ਆਪਣੇ ਬਰਾਬਰ ਦੇ ਸਹਿਯੋਗੀਆਂ ਨਾਲ। ਉਹ ਸਾਰੀਆਂ ਸਥਿਤੀਆਂ ਵਿਚ ਵੱਖੋ- ਵੱਖਰੀਆਂ ਭਾਸ਼ਾ-ਸ਼ੈਲੀਆਂ ਦੀ ਵਰਤੋਂ ਕਰੇਗਾ। ਇਹ ਸਾਰੀਆਂ ਭੂਮਿਕਾਵਾਂ ਇਕ ਪ੍ਰਕਾਰ ਦੀਆਂ ਯੂਨੀਵਰਸਿਟੀ ਦੀ ਵਿਹਾਰ-ਭਾਸ਼ਾ ਦੇ 'ਰਜਿਸਟਰ' ਹਨ। ਉਹੀ ਅਧਿਆਪਕ ਜਦੋਂ ਆਪਣੇ ਘਰ ਵਿਚ ਪਰਿਵਾਰ ਦੇ ਭਿੰਨ-ਭਿੰਨ ਮੈਂਬਰਾਂ ਜਿਵੇਂ ਮਾਪੇ, ਪਤਨੀ, ਬਾਲ-ਬੱਚੇ, ਨੌਕਰ ਆਦਿ ਨਾਲ ਗੱਲਬਾਤ ਕਰੇਗਾ ਤਾਂ ਉਸ ਦਾ ਰਜਿਸਟਰ ਯੂਨੀਵਰਸਿਟੀ ਦੀ ਵਿਹਾਰ ਭਾਸ਼ਾ ਨਾਲੋਂ ਵੱਖਰਾ ਹੋਏਗਾ। ਯੂਨੀਵਰਸਿਟੀ ਅਤੇ ਘਰ ਦੀ ਭੂਮਿਕਾ ਵਿਚ ਵਾਰੋਵਾਰੀ 'ੳ' ਅਤੇ 'ਅ' ਰੇਖਾ-ਚਿੱਤਰ ਰਾਹੀਂ ਉਸ ਦੇ ਵਰਤੋਂ ਵਿਚ ਆਉਣ ਵਾਲੇ ਮੱਧਮ ਪੁਰਖੀ ਪੜਨਾਵਾਂ ਨੂੰ ਦਿਖਾਇਆ ਜਾ ਸਕਦਾ ਹੈ।

(ੳ) ਯੂਨੀਵਰਸਿਟੀ ਵਿਚ



(ਅ) ਘਰ ਵਿਚ



ਇਥੇ ਵੇਖਣ ਵਾਲੀ ਗੱਲ ਇਹ ਹੈ ਕਿ ਮੱਧਮ ਪੁਰਖ ਪੜਨਾਂਵ ਦੀ ਵਰਤੋਂ ਏਨੀ ਸਰਲ ਨਹੀਂ ਹੁੰਦੀ, ਜਿੰਨੀ ਉਪਰਲੇ ਰੇਖਾ-ਚਿੱਤਰਾਂ ਵਿਚ ਨਜ਼ਰ ਆਉਂਦੀ ਹੈ। ਉਦਾਹਰਣ ਲਈ ਯੂਨੀਵਰਸਿਟੀ ਵਿਚ ਸਹਿਯੋਗੀ ਉਪਚਾਰਕਤਾ ਦੇ ਨਾਤੇ 'ਤੁਸੀਂ' ਦੀ ਵਰਤੋਂ ਵੀ ਕਰਦੇ ਹਨ। ਸਕੂਲਾਂ ਦੀ ਦ੍ਰਿਸ਼ਟੀ ਤੋਂ ਵੇਖਿਆਂ ਪਿੰਡਾਂ ਦੇ ਸਕੂਲਾਂ ਅਤੇ ਸ਼ਹਿਰਾਂ ਦੇ ਸਕੂਲਾਂ ਵਿਚ ਵੀ ਸਮਾਨਤਾ ਨਹੀਂ ਮਿਲਦੀ। ਵੱਡੇ ਸਕੂਲਾਂ ਅਤੇ ਮੁੱਢਲੇ ਸਕੂਲਾਂ ਵਿਚ ਵੀ ਅੰਤਰ ਵੇਖਿਆ ਜਾਂਦਾ ਹੈ। ਪਿੰਡ ਦੇ ਪ੍ਰਾਇਮਰੀ ਸਕੂਲ ਦਾ ਹੈੱਡ-ਮਾਸਟਰ ਅਧਿਆਪਕਾਂ ਨੂੰ 'ਤੂੰ' ਬੁਲਾਂਦਾ ਹੈ, ਪਰ ਹਾਇਰ ਸੈਕੰਡਰੀ ਸਕੂਲਾਂ ਦੇ ਪ੍ਰਿੰਸੀਪਲ ਬਹੁਤਾ ਕਰਕੇ 'ਤੁਸੀਂ' ਬੁਲਾਂਦੇ ਹਨ। ਪਿੰਡਾਂ ਵਿਚ ਬੱਚੇ ਵੀ ਅਧਿਆਪਕ/ਅਧਿਆਕਾਵਾਂ ਨੂੰ 'ਤੂੰ' ਨਾਲ ਸੰਬੋਧਨ ਕਰਦੇ ਹਨ। ਮਾਂ ਲਈ ਸ਼ਹਿਰਾਂ ਵਿਚ ਅਜੇ ਵੀ ਬਹੁਤ ਸਾਰੇ ਪਰਿਵਾਰਾਂ ਵਿਚ 'ਤੂੰ' ਹੀ ਵਰਤਿਆ ਜਾਂਦਾ ਹੈ, ਕਿਉਂਕਿ ਇਹ ਨਿਕਟਤਾ ਅਤੇ ਆਤਮੀਅਤਾ ਦਾ ਸੂਚਕ ਹੈ। ਪਤੀ-ਪਤਨੀ ਦੇ ਇਕ ਦੂਜੇ ਨਾਲ ਅਤਿ ਆਤਮੀਯ ਸੰਬੰਧਾਂ ਦੀਆਂ ਘੜੀਆਂ ਵਿਚ 'ਤੂੰ' ਦੀ ਵਰਤੋਂ ਹੁੰਦੀ ਹੈ, ਪਰ ਉਪਚਾਰਕ ਘੜੀਆਂ ਵਿਚ 'ਤੁਸੀਂ' ਪਤਨੀ ਵੱਲੋਂ ਅਤੇ 'ਤੂੰ/ਤੁਸੀਂ' ਪਤੀ ਵੱਲੋਂ ਪ੍ਰਯੋਗ ਕੀਤੇ ਜਾਂਦੇ ਹਨ। ਰੱਬ ਲਈ ਵੀ ਅਤਿ ਡੂੰਘੀ ਆਤਮੀਅਤਾ ਦੇ ਕਾਰਨ 'ਤੂੰ' ਦੀ ਵਰਤੋਂ ਹੁੰਦੀ ਹੈ। ਸ਼ਹਿਰੀ ਸੰਦਰਭਾਂ ਵਿਚ ਕਈ ਵਾਰ ਇਹ ਵੀ ਹੁੰਦਾ ਹੈ ਕਿ ਸਮਾਜਿਕ ਉਪਚਾਰਕਤਾ ਦੇ ਨਾਤੇ ਬੋਲਣਹਾਰੇ 'ਤੁਸੀਂ' ਜਾਂ 'ਆਪ' ਦੀ ਵਰਤੋਂ ਕਰਦੇ ਹਨ, ਪਰ ਇਹ ਵਰਤੋਂ 'ਤੂੰ' ਦੀ ਸੂਚਕ ਹੁੰਦੀ ਹੈ। ਕ੍ਰੋਧ ਜਾਂ ਵਿਅੰਗ ਦੀ ਸੂਰਤ ਵਿਚ ਦੋ ਨਿਕਟ ਵਿਅਕਤੀ ਵੀ ਕਈ ਵਾਰੀ ਇਕ ਦੂਜੇ ਤੋਂ ਦੂਰੀ ਪ੍ਰਗਟਾਉਣ ਲਈ 'ਤੁਸੀਂ' ਦੀ ਵਰਤੋਂ ਕਰਦੇ ਹਨ। ਬੱਚੇ ਨੂੰ ਕਈ ਵਾਰੀ ਪੁਚਾਰਕਨ ਲਈ ਜਾਂ ਵਿਅੰਗ ਨਾਲ ਕੋਈ ਗੱਲ ਕਹਿਣ ਲਈ ਵੀ 'ਤੂੰ' ਦੀ ਥਾਵੇਂ 'ਤੁਸੀਂ' ਦੀ ਵਰਤੋਂ ਹੁੰਦੀ ਹੈ।

ਇਸ ਤਰ੍ਹਾਂ ਡਾ. ਕ੍ਰਿਸ਼ਣ ਕੁਮਾਰ ਗੋਸਵਾਮੀ ਦੇ ਸ਼ਬਦਾਂ ਦੀ ਵਰਤੋਂ ਕਰਦਿਆਂ "ਸਮਾਜਿਕ ਸ਼ੈਲੀ ਕਿਸੇ ਖ਼ਾਸ ਪਰਿਸਥਿਤੀ ਵਿਚ ਵਾਰਤਾ ਦੀ ਇਕ ਅਜਿਹੀ ਵੰਨਗੀ ਹੈ, ਜੋ ਕਿਸੇ ਖ਼ਾਸ ਪੱਧਰ ਉੱਤੇ ਸਮਾਜਿਕ ਬੰਧੇਜਾਂ ਵਿਚ ਬਝ ਕੇ ਸਵੈਚਾਲਿਤ ਹੁੰਦੀ ਹੈ।" ਕਿਸੇ ਭਾਸ਼ਾ ਸਮੁਦਾਏ ਵਿਚ ਕੋਈ ਵੀ ਵਿਅਕਤੀ ਭਾਸ਼ਾ ਦੀ ਸਮਾਜਿਕ ਸ਼ੈਲੀ ਤੋਂ ਬਚਿਆ ਨਹੀਂ ਰਹਿ ਸਕਦਾ। ਮਨੁੱਖ ਨੇ ਸਮਾਜ ਦੇ ਭਿੰਨ-ਭਿੰਨ ਵਾਤਾਵਰਣਾਂ ਵਿਚ ਰਹਿਣਾ ਹੁੰਦਾ ਹੈ, ਇਸ ਲਈ ਉਸ ਦਾ ਭਾਸ਼ਾ ਵਰਤੋਂ ਵਿਚ ਸਮਾਜਿਕ ਸੰਦਰਭਾਂ ਤੋਂ ਮੁਕਤ ਹੋਣ ਦਾ ਪ੍ਰਸ਼ਨ ਹੀ ਪੈਦਾ ਨਹੀਂ ਹੁੰਦਾ। ਇਕ ਵਿਅਕਤੀ ਨੇ ਜਦੋਂ ਗੁਰਦੁਆਰੇ ਦੀ ਸਟੇਜ 'ਤੇ ਬੋਲਣਾ ਹੈ ਜਾਂ ਚੋਣ ਮੀਟਿੰਗ ਵਿਚ ਭਾਸ਼ਣ ਦੇਣਾ ਹੈ, ਮਜ਼ਦੂਰਾਂ ਦੇ ਜਲਸੇ ਨੂੰ ਮੁਖ਼ਾਤਿਬ ਹੋਣਾ ਹੈ ਜਾਂ ਕਿਸੇ ਕਲੱਬ ਵਿਚ ਬੋਲਣਾ ਹੈ ਤਾਂ ਸਭ ਥਾਵਾਂ 'ਤੇ ਉਸ ਦਾ ਸੰਬੋਧਨ ਵੱਖੋ-ਵੱਖਰਾ ਹੋਵੇਗਾ। ਪਹਿਲੀ ਹਾਲਤ ਵਿਚ 'ਗੁਰੂ ਸੁਆਰੀ ਸਾਧ ਸੰਗਤ ਜੀ' ਨਾਲ ਉਹ ਆਪਣੀ ਗੱਲ ਆਰੰਭ ਕਰੇਗਾ, ਦੂਜੀ ਹਾਲਤ ਵਿਚ 'ਭੈਣੋ ਤੇ ਭਰਾਓ', ਤੀਜੀ ਵਿਚ 'ਸਾਥੀਓ', ਚੌਥੀ ਵਿਚ 'ਲੇਡੀਜ਼ ਐਂਡ ਜੈਂਟਲਮੈਨ' ਆਦਿ। ਇਸ ਸਥਿਤੀ ਵਿਚ ਸ਼ੈਲੀ ਕੇਵਲ ਬੋਲਣਹਾਰੇ ਦੇ ਪੱਧਰ ਨਾਲ ਹੀ ਸੰਬੰਧਿਤ ਨਹੀਂ ਹੁੰਦੀ, ਬਲਕਿ ਸਮਾਜਿਕ ਸੰਦਰਭ ਦੇ ਹੋਰ ਪੱਖਾਂ ਜਿਵੇਂ ਹਾਲਾਤ, ਪ੍ਰਯੋਜਨ ਅਤੇ ਬੌਧਿਕ ਪੱਧਰ ਨਾਲ ਵੀ ਜੁੜੀ ਹੁੰਦੀ ਹੈ।

ਪੰਜਾਬੀ ਭਾਸ਼ਾ ਦੀ ਵਰਤੋਂ ਕਰਦਿਆਂ ਇਸ ਦੇ ਬੋਲਣਹਾਰੇ ਬਿਨਾਂ ਸੁਚੇਤ ਹੋਏ ਅਨੇਕ ਕੋਡ-ਪਰਿਵਰਤਨ ਕਰ ਜਾਂਦੇ ਹਨ। ਕਈ ਧਨਾਢ ਵਪਾਰੀ ਆਪਣੇ ਨੌਕਰਾਂ-ਚਾਕਰਾਂ ਨਾਲ ਗੱਲ ਕਰਦਿਆਂ ਹੋਰ ਭਾਸ਼ਾ-ਸ਼ੈਲੀ ਦੀ ਵਰਤੋਂ ਕਰਦੇ ਹਨ, ਪਰ ਜਦੋਂ ਉਹਨਾਂ ਦੇ ਆਪਣੇ ਬਰਾਬਰ ਦੇ ਲੋਕਾਂ ਜਾਂ ਸਰਕਾਰੀ ਅਧਿਕਾਰੀਆਂ ਲਾਲ ਗੱਲਬਾਤ ਕਰਨੀ ਹੁੰਦੀ ਹੈ ਤਾਂ ਉਹਨਾਂ ਦਾ ਭਾਸ਼ਾ-ਵਿਹਾਰ ਬਦਲ ਜਾਂਦਾ ਹੈ। ਨੌਕਰਾਂ-ਚਾਕਰਾਂ ਨੂੰ ਕਈ ਵਾਰੀ ਉਹ ਗਾਲ੍ਹਾਂ ਵੀ ਕੱਢ ਰਹੇ ਹੁੰਦੇ ਹਨ, ਪਰ ਸਰਕਾਰੀ ਕਰਮਚਾਰੀ, ਜਿਸ ਕੋਲ ਜ਼ਰਾ ਵੀ ਸ਼ਕਤੀ ਹੈ, ਉਸ ਨਾਲ ਗੱਲਬਾਤ ਕਰਦਿਆਂ ਉਹ ਅਤਿਅੰਤ ਸ਼ਿਸ਼ਟ ਨਿਮਰਤਾ ਵਾਲਾ ਰੂਪ ਧਾਰਨ ਕਰ ਜਾਂਦੇ ਹਨ। ਦੁਕਾਨਦਾਰ ਵੀ ਮੁਕਾਬਲਤਨ ਚੰਗੇ ਕਪੜਿਆਂ ਵਾਲੇ ਪੜ੍ਹੇ-ਲਿਖੇ ਗਾਹਕਾਂ ਨਾਲ ਹੋਰ ਭਾਸ਼ਾ ਵਿਚ ਵਿਹਾਰ ਕਰਦੇ ਹਨ ਅਤੇ ਸਾਧਾਰਨ ਕਪੜਿਆਂ ਵਾਲੇ ਮੁਕਾਬਲਤਨ ਅਨਪੜ੍ਹ ਅਤੇ ਗ਼ਰੀਬ ਗਾਹਕਾਂ ਨਾਲ ਹੋਰ ਤਰ੍ਹਾਂ ਗੱਲਬਾਤ ਕਰਦੇ ਹਨ। ਇਹ ਅੰਤਰ ਸਾਨੂੰ ਉਹਨਾਂ ਲਈ ਵਰਤੀਆਂ ਭਾਸ਼ਾ-ਸ਼ੈਲੀਆਂ ਤੋਂ ਵੀ ਨਜ਼ਰ ਆਉਂਦਾ ਹੈ। ਬੱਸਾਂ ਵਿਚ ਕੰਡਕਟਰ-ਯਾਤਰੀ ਦੇ ਸੰਬਾਦ ਵਿਚ ਵੀ ਅੰਤਰ ਵੇਖਣ ਨੂੰ ਮਿਲਦਾ ਹੈ। ਪੜ੍ਹੀ-ਲਿਖੀ ਪਦਵੀ ਵਾਲੀ ਸਵਾਰੀ ਨੂੰ ਕੰਡਕਟਰ ਪੋਸ਼ਾਕ ਤੋਂ ਪਛਾਣ ਕੇ ਕਹੇਗਾ, 'ਸ਼੍ਰੀਮਾਨ ਜੀ! ਕੀ ਤੁਸੀਂ ਟਿਕਟ ਲੈ ਲਿਆ ਹੈ?', ਪਰ ਉਸੇ ਘੜੀ ਮੁਕਾਬਲਤਨ ਘੱਟ ਪਦਵੀ ਵਾਲੇ ਵਿਅਕਤੀ ਨੂੰ ਕਹੇਗਾ, 'ਓਏ, ਤੂੰ ਟਿਕਟ ਨਹੀਂ ਲੈਣਾ?' ਇਹਨਾਂ ਦੋਹਾਂ ਉਚਾਰਾਂ ਵਿਚ ਕੱਥ ਇੱਕੋ ਹੈ, ਪਰ ਸ਼ੈਲੀ ਭਿੰਨ-ਭਿੰਨ।

ਭਾਸ਼ਾ ਵਿਗਿਆਨੀਆਂ ਨੇ ਕਿਸੇ ਭਾਸ਼ਾ ਵਿਚ ਕੁਝ ਸ਼ੈਲੀਆਂ ਦੇ ਸਥਿਰ ਰੂਪ ਧਾਰਨ ਕਰਨ ਵੱਲ ਵੀ ਸੰਕੇਤ ਕੀਤੇ ਹਨ। ਇਸ ਵਿਚ ਇਕ ਵਿਸ਼ੇਸ਼ ਸਮਾਜਿਕ ਸੰਦਰਭ ਦਾ ਇਕ ਆਪਣਾ ਗੁਛਾ (Cluster) ਰੂਪ ਧਾਰ ਜਾਂਦਾ ਹੈ। ਇਕ ਸਮਾਜਿਕ ਸਥਿਤੀ ਵਿਚ ਇਕ ਸ਼ੈਲੀ ਦੀ ਵਰਤੋਂ ਹੁੰਦੀ ਹੈ ਅਤੇ ਦੂਜੀ ਵਿਚ ਹੋਰ ਅਤੇ ਕਾਫ਼ੀ ਹਦ ਤਕ ਇਹ ਵਰਤੋਂ ਸਥਾਈ ਰੂਪ ਧਾਰਨ ਕਰ ਜਾਂਦੀ ਹੈ। ਏਸ਼ੀਆਈ ਭਾਸ਼ਾਵਾਂ ਦਾ ਇਕ ਪ੍ਰਮੁੱਖ ਲਛਣ ਫ਼ਰਗੂਸਨ ਨੇ ਇਸ ਦੀ ਡਾਈਗਲੋਸੀਆ ਸਥਿਤੀ ਵਿਚ ਦੱਸਿਆ ਹੈ, ਜਿਸ ਤੋਂ ਭਾਵ ਇਹ ਹੈ ਕਿ ਏਸ਼ੀਆਈ ਭਾਸ਼ਾ ਸਮੁਦਾਏ ਘਰ ਅਤੇ ਬਾਹਰ ਇੱਕੋ ਭਾਸ਼ਾ ਦੀਆਂ ਦੋ ਭਿੰਨ-ਭਿੰਨ ਸ਼ੈਲੀਆਂ ਦੀ ਵਰਤੋਂ ਕਰਦੇ ਹਨ। ਜੋ ਇਕ ਦੂਜੇ ਨਾਲੋਂ ਏਨੀਆਂ ਭਿੰਨ ਹੁੰਦੀਆਂ ਹਨ ਕਿ ਵਰਤੋਂ ਕਰਨ ਵਾਲੇ ਬੋਲਣਹਾਰੇ ਇਹਨਾਂ ਨੂੰ ਦੋ ਅਲੱਗ ਭਾਸ਼ਾਵਾਂ ਹੀ ਸਮਝਣ ਲੱਗ ਪੈਂਦੇ ਹਨ। ਬੰਗਾਲੀ ਭਾਸ਼ਾ ਵਿਚ ਇਹ ਅੰਤਰ ਸਾਧੂ ਭਾਸ਼ਾ ਤੇ ਆਮ ਚਲਿਤ ਵਿਚ ਵੇਖਿਆ ਜਾ ਸਕਦਾ ਹੈ। ਭਾਰਤੀ ਭਾਸ਼ਾਵਾਂ ਦੇ ਸੰਦਰਭ ਵਿਚ ਇਹ ਸਥਿਤੀ ਹੋਰ ਵੀ ਵੱਖਰੀ ਹੈ। ਹਿੰਦੀ-ਪੰਜਾਬੀ ਦੀ ਸਥਿਤੀ ਵਿਚ ਤਾਂ ਇਕ ਪ੍ਰਕਾਰ ਦਾ ਟ੍ਰਾਈਗਲੋਸੀਆ ਨਜ਼ਰ ਆਉਂਦਾ ਹੈ, ਜਿਥੇ ਹਿੰਦੀ, ਉਰਦੂ ਅਤੇ ਪੰਜਾਬੀ ਤਿੰਨਾਂ ਦਾ ਸਥਿਰ ਰੂਪ ਕੰਮ ਕਰਦਾ ਨਜ਼ਰ ਆਉਂਦਾ ਹੈ। ਪੰਜਾਬੀ ਘਰ ਵਿਚ ਬੈਠਾ ਸ਼ੁੱਧ ਰੂਪ ਵਿਚ ਆਪਣੀ ਬੋਲੀ ਵਿਚ ਗੱਲ ਕਰਦਾ ਹੈ। ਸਰਕਾਰੀ ਦਫ਼ਤਰਾਂ ਜਾਂ ਕੰਮ ਦੇ ਹੋਰ ਖੇਤਰਾਂ ਵਿਚ, ਜਿਥੇ ਸੰਸਕ੍ਰਿਤ ਪ੍ਰਧਾਨ ਹਿੰਦੀ ਦੀ ਵਰਤੋਂ ਹੋਣ ਲੱਗ ਪਈ ਹੈ, ਉਹ ਜਿਸ ਸ਼ੈਲੀ ਨੂੰ ਅਪਣਾਉਂਦਾ ਹੈ, ਉਹ

ਸੰਸਕ੍ਰਿਤ-ਗਰਭਿਤ ਹੈ ਅਤੇ ਫੇਰ ਉਸ ਦਾ ਵਾਹ ਕਈ ਵਾਰੀ ਅਜਿਹੇ ਬਜ਼ੁਰਗਾਂ ਨਾਲ ਪੈਂਦਾ ਹੈ, ਜੋ ਅਰਬੀ- ਫ਼ਾਰਸੀ ਉਰਦੂ ਪਰੰਪਰਾ ਵਿਚ ਸੁਸਿੱਖਿਅਤ ਹਨ। ਇਸ ਮੌਕੇ 'ਤੇ ਉਹ ਅਜਿਹੀ ਪੰਜਾਬੀ ਵਰਤਦਾ ਹੈ, ਜਿਸ ਵਿਚ ਅਰਬੀ-ਫ਼ਾਰਸੀ ਸ਼ਬਦ ਪ੍ਰਧਾਨ ਹੁੰਦੇ ਹਨ। ਇਸ ਤਰ੍ਹਾਂ ਆਧੁਨਿਕ ਪੜ੍ਹੇ ਲਿਖੇ ਪੰਜਾਬੀ ਵਕਤੇ ਨੂੰ ਇੱਕੋ ਵੇਲੇ ਕਈ ਵਾਰੀ ਤਿੰਨ ਭਾਸ਼ਾ-ਸ਼ੈਲੀਆਂ ਦੀ ਵਰਤੋਂ ਕਰਨੀ ਪੈਂਦੀ ਹੈ। ਇਹਨਾਂ ਤਿੰਨਾਂ ਸ਼ੈਲੀਆਂ ਦੀਆਂ ਸੰਸਕਾਰ-ਮੁਖ ਵਿਸ਼ੇਸ਼ਤਾਵਾਂ ਸਪੱਸ਼ਟ ਰੂਪ ਵਿਚ ਵੇਖੀਆਂ ਜਾ ਸਕਦੀਆਂ ਹਨ। ਉਰਦੂ-ਪੰਜਾਬੀ ਫ਼ਾਰਸੀ ਤੋਂ ਪ੍ਰਭਾਵਿਤ ਵਰਗ, ਜਿਥੇ ਅੱਲ੍ਹਾ, ਖ਼ੁਦਾ, ਕਿਆਮਤ, ਦੁਆ ਹੈ ਆਦਿ ਸ਼ਬਦਾਂ ਦੀ ਵਰਤੋਂ ਕਰਦਾ ਹੈ, ਉਥੇ ਹਿੰਦੀ ਸੰਸਕ੍ਰਿਤ ਤੋਂ ਪ੍ਰਭਾਵਿਤ ਵਰਗ ਈਸ਼ਵਰ, ਪ੍ਰਭੂ, ਭਗਵਾਨ ਕਿਰਪਾ ਆਦਿ ਸ਼ਬਦਾਂ ਦੀ ਵਰਤੋਂ ਕਰਦਾ ਹੈ। ਬੋਲੀ ਦੀ ਪੱਧਰ ਉੱਤੇ ਪੰਜਾਬੀ ਵਰਤੋਂ ਕਰਨ ਵਾਲੇ ਇਹਨਾਂ ਦੋਹਾਂ ਪ੍ਰਕਾਰ ਦੇ ਸ਼ਬਦਾਂ ਦੀ ਵਰਤੋਂ ਨਹੀਂ ਕਰਦੇ। ਉਹ ਬਾਬੇ ਦੀਆਂ ਮੇਹਰਾਂ ਨੇ, ਸਾਈਂ, ਰੱਬ, ਦਾਤਾ ਆਦਿ ਸ਼ਬਦ ਉਹਨਾਂ ਦੇ ਉਚਾਰ ਦਾ ਸਹਿਜ ਭਾਗ ਬਣਦੇ ਹਨ। ਪੜ੍ਹੇ ਲਿਖੇ ਵਰਗਾਂ ਨਾਲ ਜਿਥੇ ਹਿੰਦੀ ਪ੍ਰਧਾਨ ਜਾਂ ਅਰਬੀ-ਫ਼ਾਰਸੀ ਪ੍ਰਧਾਨ ਸ਼ੈਲੀ ਵਿਚ ਗੱਲਬਾਤ ਹੁੰਦੀ ਹੈ, ਉਥੇ ਨੀਵੇਂ ਵਰਗਾਂ ਨਾਲ ਸਾਧਾਰਨ ਆਪਣੀ ਬੋਲੀ ਵਿਚ। ਭਾਸ਼ਾ ਵਰਤੋਂ ਦੀਆਂ ਇਹ ਸ਼ੈਲੀਆਂ ਲਗਭਗ ਸਥਿਰ ਰੂਪ ਧਾਰਨ ਕਰ ਚੁੱਕੀਆਂ ਹਨ।

ਇਉਂ ਅਸੀਂ ਕਹਿ ਸਕਦੇ ਹਾਂ ਕਿ ਭਾਸ਼ਾ ਦੇ ਸਮਾਜਿਕ ਸੰਦਰਭਾਂ, ਪ੍ਰਯੋਜਨਾਂ, ਬੋਲਣ ਅਤੇ ਸੁਣਨ ਵਾਲਿਆਂ ਦੀਆਂ ਪਦਵੀਆਂ ਆਦਿ ਦੀ ਦ੍ਰਿਸ਼ਟੀ ਤੋਂ ਕਈ ਸਮਾਜਿਕ ਸ਼ੈਲੀਆਂ ਹਨ, ਜਿਨ੍ਹਾਂ ਵੱਲ ਸਾਡੇ ਭਾਸ਼ਾ ਵਿਗਿਆਨੀਆਂ ਦਾ ਧਿਆਨ ਜਾਣਾ ਚਾਹੀਦਾ ਹੈ। ਇਸ ਖੇਤਰ ਵਿਚ ਅਜੇ ਬਹੁਤ ਕੰਮ ਹੋਣ ਵਾਲਾ ਹੈ। ਇਹ ਕੰਮ ਸਿਧਾਂਤ-ਚਿੰਤਨ ਅਤੇ ਖੇਤਰ ਵਿਧੀਆਂ ਦੋਹਾਂ ਦੇ ਸੰਜੋਗ ਨਾਲ ਕੀਤਾ ਜਾ ਸਕਦਾ ਹੈ।

•

ਪੰਜਾਬ ਵਿਚ ਭਾਸ਼ਾ ਵਿਵਾਦ ਅਤੇ ਪੰਜਾਬੀ ਸੰਸਕ੍ਰਿਤੀ

ਆਧੁਨਿਕ ਯੁੱਗ ਵਿਚ ਭਾਰਤ, ਪਾਕਿਸਤਾਨ, ਨਾਈਜੀਰੀਆ, ਕੈਨੇਡਾ ਅਤੇ ਬੈਲਜੀਅਮ ਵਰਗੇ ਮੁਲਕਾਂ ਵਿਚ ਭਾਸ਼ਾ ਵਿਵਾਦ ਇਸ ਗੱਲ ਦਾ ਸੂਚਕ ਹੈ ਕਿ ਲੋਕੀਂ ਆਪਣੀ ਸਮੂਹਿਕ ਆਈਡਿਓਲੋਜੀ ਨਾਲੋਂ ਵਧੇਰੇ ਭਾਸ਼ਾ ਨਾਲ ਜੁੜ ਕੇ ਆਪਣੀ ਵੱਖਰੀ ਪਛਾਣ ਜਤਾਉਂਦੇ ਹਨ। ਇਸ ਵੇਲੇ ਸਮਾਜਿਕ ਗਰੁੱਪ ਨਾਲੋਂ ਭਾਸ਼ਾ ਰਾਜਸੀ ਉਭਾਰ ਲਈ ਵਧੇਰੇ ਕਾਰਗਰ ਹਥਿਆਰ ਸਿੱਧ ਹੋ ਰਹੀ ਹੈ। ਭਾਸ਼ਾ ਆਪਣੀ ਸੰਭਾਵੀ ਸ਼ਕਤੀ ਅਤੇ ਭਰਪੂਰ ਤਾਕਤ ਕਾਰਨ ਇਕ ਅਜਿਹਾ ਹਥਿਆਰ ਬਣ ਗਈ ਹੈ, ਜਿਸ ਦੀ ਵਰਤੋਂ ਭਿੰਨ-ਭਿੰਨ ਸਮਾਜਾਂ ਵਿਚ ਵਿਚਰਨ ਵਾਲਾ ਮਨੁੱਖ ਤਾਕਤ ਹਾਸਲ ਕਰਨ ਲਈ ਕਰ ਰਿਹਾ ਹੈ।

ਇਕ ਸਮਾਜਿਕ ਜੀਵ ਹੋਣ ਦੇ ਨਾਤੇ ਮਨੁੱਖ ਨੇ ਭਾਸ਼ਾ ਵਿਚ ਜੀਊਣਾ ਹੁੰਦਾ ਹੈ। ਉਹ ਚਾਹੇ ਆਪ ਭਾਸ਼ਾ ਦੀ ਹੀ ਰਚਨਾ ਹੈ, ਪਰ ਉਹ ਭਾਸ਼ਾ ਨੂੰ ਆਪਣੇ ਸੰਚਾਰ ਦਾ ਸਾਧਨ ਬਣਾ ਕੇ ਆਪਣੇ ਤੋਂ ਬਾਹਰਲੀ ਵਾਸਤਵਿਕਤਾ ਉਪਰ ਆਪਣਾ ਅਧਿਕਾਰ ਕਾਇਮ ਕਰਦਾ ਹੈ। ਭਾਸ਼ਾ ਨਿਰੋਲ ਮਨੁੱਖੀ ਮਨ ਦਾ ਬਾਇਉਲਾਜੀਕਲ ਲੱਛਣ ਨਹੀਂ। ਭਾਸ਼ਾ ਬਾਰੇ ਪ੍ਰਕਾਰਜੀ ਦ੍ਰਿਸ਼ਟੀ ਭਾਸ਼ਾ ਨੂੰ ਇਕ ਸਮਾਜਿਕ ਸੱਚ ਦੇ ਤੌਰ 'ਤੇ ਗ੍ਰਹਿਣ ਕਰਦੀ ਹੈ ਅਤੇ ਮਨੁੱਖ ਨੂੰ ਉਸ ਦੇ ਸਮੁੱਚ (totality) ਵਿਚ ਵੇਖਣ ਦੀ ਕੋਸ਼ਿਸ਼ ਕਰਦੀ ਹੈ। ਇਹ ਦ੍ਰਿਸ਼ਟੀ ਮਨੁੱਖ ਨੂੰ ਉਸ ਦੇ ਸਮਾਜੀਕਰਣ ਦੇ ਅਮਲ ਵਿਚ ਪੇਸ਼ ਕਰਦੀ ਹੈ। ਇਹ ਅਮਲ ਉਸ ਨੂੰ ਇਕ ਬਾਇਉਲਾਜੀਕਲ ਹੋਂਦ ਤੋਂ ਬਦਲ ਕੇ ਮਾਨਵੀ ਚਰਿੱਤਰ ਵਿਚ ਪਲਟਾਉਣ ਵਿਚ ਰੁਚਿਤ ਹੁੰਦਾ ਹੈ ਅਤੇ ਉਹ ਨਿਰੋਲ ਪ੍ਰਕਿਰਤਿਕ ਜੀਵ ਨਾ ਰਹਿ ਕੇ ਇਕ ਸਾਂਸਕ੍ਰਿਤਿਕ ਵਿਅਕਤੀ ਦੀ ਹੋਂਦ ਧਾਰਨ ਕਰਦਾ ਹੈ। ਇਹ ਦ੍ਰਿਸ਼ਟੀਕੋਣ ਭਾਸ਼ਾ ਨੂੰ ਮਨੁੱਖੀ ਉਚਾਰ ਅੰਗਾਂ ਦਾ ਇਕ ਕ੍ਰਿਸ਼ਮਾ ਨਾ ਮੰਨ ਕੇ ਉਸ ਨੂੰ ਮਨ ਅਤੇ ਸਮਾਜਿਕ ਵਾਤਾਵਰਣ ਵਿਚਾਲੇ ਪਰਸਪਰ ਵਿਚੋਲਗੀ ਦੇ ਅਮਲ ਦੇ ਰੂਪ ਵਿਚ ਸਮਝਣ ਦਾ ਜਤਨ ਕਰਦਾ ਹੈ। ਇਸੇ ਕਰਕੇ ਭਾਸ਼ਾ ਅਧਿਐਨ ਵੱਲ ਪ੍ਰਕਾਰਜੀ ਪਹੁੰਚ, ਭਾਸ਼ਾ ਦੀ ਚਿੰਤਨ ਵਿਚ ਵਰਤੋਂ ਤੋਂ ਬਿਨਾਂ ਇਕ ਦੂਜੇ ਨਾਲ ਸੰਚਾਰ ਅਤੇ ਸੰਸਥਾ ਦੀ ਪੱਧਰ ਉਪਰ ਲੈਣ ਦੇ ਸਿਲਸਿਲੇ ਵਿਚ ਭਾਸ਼ਾ ਪ੍ਰਯੋਗ ਉਪਰ ਵੀ ਧਿਆਨ ਟਿਕਾਉਂਦੀ ਹੈ। ਇਹ ਗੱਲ ਨਿਰ-ਵਿਵਾਦ ਰੂਪ ਵਿਚ ਮੰਨੀ ਜਾਂਦੀ ਹੈ ਕਿ ਭਾਸ਼ਾ ਮਨੁੱਖ ਦੇ ਸਮਾਜਿਕ ਜੀਵਨ ਵਿਚ ਕੇਂਦਰੀ ਮਹੱਤਵ ਰੱਖਦੀ ਹੈ। ਇਹ ਇਕ ਅਜਿਹਾ ਸਮਾਜਿਕ ਸੱਚ ਹੈ, ਜਿਸ ਵਿਚ ਇੱਕੋ ਵੇਲੇ ਇਕਾਗਰਕਾਰੀ ਅਤੇ ਫੁੱਟ ਪੈਦਾ ਕਰਨ ਵਾਲੇ ਦੋਵੇਂ ਗੁਣ ਮੌਜੂਦ ਹੁੰਦੇ ਹਨ। ਭਾਸ਼ਾ ਸਮੁਦਾਏ ਇਕ ਸਮਾਜਿਕ ਇਕਾਈ ਹੈ ਅਤੇ ਭਾਸ਼ਾ ਇਸ ਦੀ ਸਥਾਨਕ ਪਛਾਣ ਕਾਇਮ ਕਰਦੀ ਹੈ ਅਤੇ ਸਮੂਹ ਵਿਚ ਅੰਦਰੂਨੀ

ਏਕਤਾ ਪੈਦਾ ਕਰਦੀ ਹੈ। ਇਸ ਗੱਲ ਵਿਚ ਵੀ ਕੋਈ ਸ਼ੱਕ ਨਹੀਂ ਕਿ ਇਹ ਕੇਵਲ ਭਾਸ਼ਾ ਹੀ ਹੈ, ਜੋ ਕਿਸੇ ਭਾਸ਼ਾ ਸਮੁਦਾਏ ਦੇ ਬਾਹਰਲੇ ਨਿਖੇੜੇ ਨੂੰ ਸਥਾਪਤ ਕਰਨ ਦਾ ਪ੍ਰਤੀਕ ਬਣਦੀ ਹੈ। ਇਸੇ ਨਾਲ ਹੀ 'ਅਸੀਂ-ਉਹ' ਦਾ ਅੰਤਰ ਪੱਕਾ ਹੁੰਦਾ ਹੈ ਅਤੇ ਟਕਰਾਉ ਦੀ ਭਾਵਨਾ ਵਧਦੀ ਹੈ। ਮਨੁੱਖ ਦੀ ਸਮਾਜਿਕ ਹੋਂਦ ਲਈ ਭਾਸ਼ਾ ਦੀ ਥਾਂ ਬੁਨਿਆਦੀ ਹੈ ਅਤੇ ਭਾਸ਼ਾ ਵਿਵਾਦ ਇਹੋ ਜਿਹੀਆਂ ਵਿਨਾਸ਼ਕਾਰੀ ਸ਼ਕਤੀਆਂ ਨੂੰ ਜਨਮ ਦੇ ਸਕਦਾ ਹੈ, ਜੋ ਮਨੁੱਖ ਦੀ ਸਮਾਜਿਕ ਹੋਂਦ ਨੂੰ ਨੇਸਤੋ ਨਾਬੂਦ ਕਰ ਦੇਣ ਦਾ ਖ਼ਤਰਾ ਬਣ ਸਕਦੀਆਂ ਹਨ। ਇਸੇ ਕਰਕੇ ਪਿਛਲੇ ਕੁਝ ਸਮੇਂ ਤੋਂ ਭਾਸ਼ਾ-ਵਿਗਿਆਨੀ ਅਤੇ ਸਮਾਜ-ਵਿਗਿਆਨੀ ਸਮਾਜ ਭਾਸ਼ਾ ਵਿਗਿਆਨਕ ਦ੍ਰਿਸ਼ਟੀ ਤੋਂ ਭਾਸ਼ਾ ਗਤੀਸ਼ੀਲਤਾ (language dynamics) ਅਤੇ ਭਾਸ਼ਾ-ਵਿਉਂਤ (language planning) ਦੇ ਖੇਤਰ ਵਿਚ ਕੰਮ ਕਰਨ ਵੱਲ ਰੁਚਿਤ ਹੋਏ ਹਨ।

ਕਾਰਲ ਦਿਉਤਸ਼ ਵਰਗੇ ਭਾਸ਼ਾ ਚਿੰਤਕਾਂ ਦਾ ਇਹ ਖ਼ਿਆਲ ਹੈ ਕਿ ਦੂਜੇ ਮਹਾਂ ਯੁੱਧ ਤੋਂ ਪਿੱਛੋਂ ਕਈ ਦਹਾਕਿਆਂ ਵਿਚ ਭਾਸ਼ਾ ਟਕਰਾਉ ਦਾ ਨਵਾਂ ਪਾਸਾਰ ਵੇਖਣ ਵਿਚ ਮਿਲਦਾ ਹੈ। ਨਵੇਂ ਰਾਸ਼ਟਰ ਅਤੇ ਰਾਸ਼ਟਰੀ ਭਾਸ਼ਾਵਾਂ ਦੇ ਪੈਦਾ ਹੋ ਜਾਣ ਨਾਲ ਭਾਸ਼ਾ ਟਕਰਾਉ ਦੇ ਕਈ ਪੱਖ ਏਸ਼ੀਆਈ ਅਤੇ ਅਫ਼ਰੀਕੀ ਦੇਸ਼ਾਂ ਵਿਚ ਉਭਰ ਕੇ ਆਏ, ਜਿਥੇ ਕਿ ਬਹੁਤ ਸਾਰੀਆਂ ਭਾਸ਼ਾਵਾਂ ਬੋਲੀਆਂ ਜਾਂਦੀਆਂ ਸਨ। ਭਾਰਤ ਜਿਹੇ ਬਹੁ-ਭਾਸ਼ਾਈ ਦੇਸ਼ ਬਾਰੇ ਉਸ ਦਾ ਇਹ ਕਥਨ ਸੱਚਾ ਸਾਬਿਤ ਹੋਇਆ। ਪਰ ਕੈਨੇਡਾ ਅਤੇ ਬੈਲਜੀਅਮ ਵਰਗੇ ਉੱਨਤ ਦੇਸ਼ਾਂ ਵਿਚ ਵੀ ਭਾਸ਼ਾ ਟਕਰਾਉ ਮਿਲਦਾ ਹੈ, ਇਸ ਬਾਰੇ ਖੋਜ ਕਰਨ ਲਈ ਭਾਸ਼ਾ ਦੇ ਇਸ ਸੰਕਟ ਨੂੰ ਵਧੇਰੇ ਵਿਸ਼ਾਲ ਪਿਛੋਕੜ ਵਿਚ ਵੇਖਣ ਦੀ ਲੋੜ ਹੈ।

ਭਾਸ਼ਾ ਟਕਰਾਉ ਦੇ ਕੁਝ ਬਾਰ-ਬਾਰ ਉਭਰਨ ਵਾਲੇ ਪੱਖਾਂ ਉਪਰ ਜਦੋਂ ਅਸੀਂ ਆਪਣਾ ਧਿਆਨ ਕੇਂਦ੍ਰਿਤ ਕਰਦੇ ਹਾਂ ਤਾਂ ਇਕ ਗੱਲ ਬੜੇ ਸਪੱਸ਼ਟ ਰੂਪ ਵਿਚ ਦਿੱਸ ਆਉਂਦੀ ਹੈ ਕਿ ਭਾਸ਼ਾ ਸਮਾਜਿਕ ਵੰਡੀਆਂ, ਵੱਖਰੇਵਾਂ-ਬਿਰਤੀਆਂ ਅਤੇ ਭਿੰਨ-ਭਿੰਨ ਸਮੂਹਾਂ ਪ੍ਰਤੀ ਵਫ਼ਾ ਨੂੰ ਦਰਸਾਉਂਦੀ ਹੈ। ਜਦੋਂ ਵੀ ਕਿਸੇ ਦੇਸ਼ ਵਿਚ ਰਾਸ਼ਟਰ ਭਾਸ਼ਾ ਜਾਂ ਕੌਮੀ ਜ਼ਬਾਨ ਦਾ ਮਸਲਾ ਰਾਜਸੀ ਰੂਪ ਧਾਰ ਜਾਂਦਾ ਹੈ, ਭਾਸ਼ਾ ਟਕਰਾਉ ਵੀ ਬੜਾ ਡਰਾਉਣਾ ਰੂਪ ਧਾਰਨ ਕਰ ਜਾਂਦਾ ਹੈ। ਭਾਸ਼ਾ ਵਫ਼ਾਵਾਂ ਉਪਰ ਆਧਾਰਿਤ ਰਾਜਸੀ ਟਕਰਾਉ ਕਿਸੇ ਸਮਾਜ ਜਾਂ ਰਾਸ਼ਟਰ ਉਪਰ ਵੰਡ-ਮੁੱਖ ਅਤੇ ਵਿਨਾਸ਼ਕਾਰੀ ਪ੍ਰਭਾਵ ਪਾਉਂਦਾ ਹੈ। ਇਹਨਾਂ ਭਾਸ਼ਾ ਵਫ਼ਾਵਾਂ ਨੂੰ ਆਮ ਤੌਰ 'ਤੇ ਗ਼ੈਰ-ਕੌਮੀ ਅਤੇ ਰਾਸ਼ਟਰ ਵਿਰੋਧੀ ਮੰਨਣ ਦੀ ਰੁਚੀ ਵੀ ਪ੍ਰਬਲ ਰਹਿੰਦੀ ਹੈ।

ਆਧੁਨਿਕ ਕੌਮਾਂਤਰੀ ਦੁਨੀਆ ਵਿਚ ਕਿਸੇ ਕੌਮ ਨੂੰ ਸਾਂਸਕ੍ਰਿਤਿਕ-ਰਾਜਨੀਤਕ (ethno political) ਇਕਾਈ ਮੰਨਿਆ ਜਾਂਦਾ ਹੈ। ਇਸ ਤੋਂ ਭਾਵ ਇਹ ਹੈ ਕਿ ਐਥਨੋਰਾਜਸੀ ਰੂਪ ਵਿਚ ਕੋਈ ਕੌਮ ਅੰਦਰੂਨੀ ਏਕਤਾ ਰਖਦੀ ਹੈ ਅਤੇ ਨਾਲ ਹੀ ਹੋਰ ਕੌਮਾਂ ਦੇ ਮੁਕਾਬਲੇ ਵਿਚ ਉਸ ਦੀ ਵੱਖਰੀ ਨਿੱਖੜਵੀਂ ਪਛਾਣ ਹੁੰਦੀ ਹੈ। ਕਿਸੇ ਕੌਮ ਦੀਆਂ ਰਾਜਸੀ ਲੋੜਾਂ ਨੂੰ ਮੁੱਖ ਰੱਖ ਕੇ ਕਿਸੇ ਸਾਂਝੀ ਪ੍ਰਭਾਵਸ਼ਾਲੀ ਕਾਰਗਰ ਭਾਸ਼ਾ ਦੀ ਲੋੜ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇਹ ਭਾਸ਼ਾ ਉਸ ਕੌਮ ਵਿਚ ਰਹਿਣ ਵਾਲੇ

ਲੋਕਾਂ ਦੀ ਆਪਣੀ ਮਾਤ-ਭਾਸ਼ਾ ਵੀ ਹੋ ਸਕਦੀ ਹੈ ਅਤੇ ਜਾਂ ਫੇਰ ਕਿਸੇ ਹੋਰ ਸਮੂਹ ਦੀ ਭਾਸ਼ਾ ਵੀ। ਪਰ ਅਜਿਹੀ ਕੌਮ ਦੇ ਸਮਾਜਿਕ ਅਤੇ ਸਾਂਸਕ੍ਰਿਤਿਕ ਆਦਰਸ਼ਾਂ ਦੀ ਪੂਰਤੀ ਇਸ ਗੱਲ ਦੀ ਮੰਗ ਕਰਦੀ ਹੈ ਕਿ ਇਹ ਭਾਸ਼ਾ ਉਹ ਹੋਵੇ, ਜੋ ਉਸ ਦੀ ਆਪਣੀ ਹੈ ਅਤੇ ਜਿਸ ਰਾਹੀਂ ਉਹ ਆਪਣੀ ਵੱਖਰੀ ਨਿੱਖੜਵੀਂ ਪਛਾਣ ਸਥਾਪਤ ਕਰ ਸਕੇ। ਕਿਸੇ ਬਹੁ-ਭਾਸ਼ਾਈ ਕੌਮ ਦੇ ਸੰਦਰਭ ਵਿਚ ਅੰਤਰ-ਇਲਾਕਾਈ ਅਤੇ ਅੰਤਰ-ਜਾਤੀ ਸੰਸਾਰ ਦੀਆਂ ਲੋੜਾਂ ਪੂਰੀਆਂ ਕਰਨ ਲਈ ਦੇਸ਼ ਦੀਆਂ ਬਹੁਤ ਸਾਰੀਆਂ ਭਾਸ਼ਾਵਾਂ ਵਿੱਚੋਂ ਕੋਈ ਇਕ ਰਾਜਸੀ ਭਾਸ਼ਾ ਜਾਂ ਰਾਸ਼ਟਰ ਭਾਸ਼ਾ ਦੇ ਰੂਪ ਵਿਚ ਕੰਮ ਕਰਨ ਲੱਗ ਜਾਂਦੀ ਹੈ। ਅਜਿਹੀ ਰਾਜਸੀ ਭਾਸ਼ਾ ਦਾ ਸੰਬੰਧ ਰਾਸ਼ਟਰਵਾਦ (nationalism) ਨਾਲ ਹੁੰਦਾ ਹੈ। ਇਹ ਭਾਸ਼ਾ ਆਪਣੇ ਪ੍ਰਬੰਧਕੀ ਆਦਰਸ਼ਾਂ ਦੁਆਰਾ ਕਿਸੇ ਕੌਮ ਵਿਚ ਰਾਜਸੀ ਅਤੇ ਆਰਥਿਕ ਏਕਤਾ ਲਿਆਉਂਦੀ ਹੈ। ਇਕ ਕੌਮੀ ਭਾਸ਼ਾ ਜਾਂ ਰਾਸ਼ਟਰ-ਭਾਸ਼ਾ ਦੀਆਂ ਜੜ੍ਹਾਂ ਕਿਸੇ ਕੌਮ ਦੀ ਪ੍ਰਮਾਣਿਕਤਾ ਅਤੇ ਮਹਾਨ ਪਰੰਪਰਾਵਾਂ ਵਿਚ ਹੁੰਦੀਆਂ ਹਨ, ਜਿਨ੍ਹਾਂ ਰਾਹੀਂ ਅਜਿਹੀ ਭਾਸ਼ਾ ਕਿਸੇ ਕੌਮ ਵਿਚ ਸਮਾਜਿਕ ਅਤੇ ਸਭਿਆਚਾਰਕ ਪੱਧਰ ਉੱਤੇ ਏਕਤਾ ਪ੍ਰਦਾਨ ਕਰਦੀ ਹੈ।

ਜਦੋਂ ਅਸੀਂ ਭਾਰਤੀ ਕੌਮ ਨੂੰ ਉਪਰੋਕਤ ਦ੍ਰਿਸ਼ਟੀ ਤੋਂ ਵੇਖਦੇ ਹਾਂ ਤਾਂ ਸਾਨੂੰ ਪਤਾ ਲਗਦਾ ਹੈ ਕਿ ਭਾਰਤੀ ਰਾਜਸੀ ਸਿਸਟਮ ਅਜਿਹਾ ਰਾਹ ਲੱਭਦਾ ਪ੍ਰਤੀਤ ਹੁੰਦਾ ਹੈ, ਜਿਸ ਵਿਚ ਸੈਂਟਰੀਪੀਟਲ ਸ਼ਕਤੀਆਂ ਅਤੇ ਸੈਂਟਰ ਫ਼ਿਊਗਲ ਸ਼ਕਤੀਆਂ ਦੇ ਵਿਚਕਾਰ ਸਮਝੌਤਾ ਹੋ ਸਕੇ। ਇਕ ਪਾਸੇ ਕੇਂਦਰ ਦੇ ਪੱਧਰ ਉੱਤੇ ਵੱਧ ਤੋਂ ਵੱਧ ਅੰਤਰ ਇਲਾਕਾਈ ਸਾਂਝ ਤੇ ਰਵਾਦਾਰੀ ਲਿਆਉਣ ਦੇ ਜਤਨ ਕੀਤੇ ਜਾ ਰਹੇ ਹਨ ਅਤੇ ਦੂਜੇ ਪਾਸੇ ਵੱਖੋ-ਵੱਖਰੇ ਪ੍ਰਦੇਸ਼ਾਂ ਦੀ ਆਪਣੀ ਮੌਲਿਕ ਪਛਾਣ ਨੂੰ ਵੀ ਉਹਨਾਂ ਦੀਆਂ ਆਪਣੀਆਂ ਭਾਸ਼ਾਵਾਂ ਰਾਹੀਂ ਉਭਾਰਿਆ ਜਾ ਰਿਹਾ ਹੈ।

ਭਾਰਤ ਵਰਗੇ ਪਰੰਪਰਾਮੂਲਕ ਅਤੇ ਬਹੁ-ਪੱਧਰੀ ਰੂਪ ਵਿਚ ਸੰਗਠਿਤ ਸਮਾਜ ਵਿਚ ਸਾਨੂੰ ਪੌੜੀ-ਪ੍ਰਬੰਧ ਵਿਚ ਬੱਝੇ ਹੋਏ ਸਮਾਜਿਕ ਪਛਾਣਾਂ ਦੇ ਸਿਲਸਿਲੇ ਨਜ਼ਰ ਆਉਂਦੇ ਹਨ, ਜੋ ਅੱਗੋਂ ਭਾਸ਼ਾ ਵਫ਼ਾਵਾਂ ਦੀਆਂ ਵੱਖੋ-ਵੱਖਰੀਆਂ ਤੈਹਾਂ ਵਿਚ ਰੂਪਮਾਨ ਹੁੰਦੇ ਹਨ। ਭਾਸ਼ਾਵਾਂ ਦਾ ਇਹ ਤਹਿ ਦਰ ਤਹਿ ਬੱਝਿਆ ਹੋਇਆ ਸਿਲਸਿਲਾ ਰਾਜਸੀ ਤੌਰ 'ਤੇ ਸੰਗਠਿਤ ਸਿਸਟਮ ਵਾਂਗੂੰ ਹੀ ਕੰਮ ਕਰਦਾ ਹੈ, ਜਿਵੇਂ ਕਿ ਅੰਤਰ-ਰਾਸ਼ਟਰੀ ਭਾਸ਼ਾ, ਰਾਸ਼ਟਰੀ ਭਾਸ਼ਾ, ਪ੍ਰਾਦੇਸ਼ਕ (ਰਾਜ) ਭਾਸ਼ਾ, ਸਥਾਨਕ (ਜ਼ਿਲ੍ਹਾ) ਭਾਸ਼ਾ ਆਦਿ। ਭਾਸ਼ਾ ਟਕਰਾਉ ਉਪਰੋਕਤ ਦੱਸੀਆਂ ਕਿਸੇ ਦੋ ਪੱਧਰ ਦੀਆਂ ਪਛਾਣਾਂ ਅਤੇ ਵਫ਼ਾਵਾਂ ਦੇ ਵਿਚਕਾਰ ਹੋ ਸਕਦਾ ਹੈ। ਉਦਾਹਰਣ ਲਈ ਹਿੰਦੀ ਰਾਜਕੀ ਭਾਸ਼ਾ ਦੇ ਤੌਰ 'ਤੇ ਅੰਗਰੇਜ਼ੀ ਦੇ ਅੰਤਰ-ਰਾਸ਼ਟਰੀ ਭਾਸ਼ਾ ਰੂਪ ਨਾਲ ਟਕਰਾਂਦੀ ਹੈ, ਇਸੇ ਤਰ੍ਹਾਂ ਉਸ ਦਾ ਪ੍ਰਾਦੇਸ਼ਕ ਭਾਸ਼ਾਵਾਂ ਦੇ ਆਪੋ ਆਪਣੇ ਇਲਾਕੇ ਵਿਚ ਵੀ ਟਕਰਾਉ ਮਿਲਦਾ ਹੈ। ਕਿਸੇ ਭਾਸ਼ਾ ਦੀਆਂ ਆਪਣੀਆਂ ਬੋਲੀਆਂ ਵੀ ਉਸ ਨਾਲ ਉਲਝਾਉ ਵਿਚ ਆਉਂਦੀਆਂ ਹਨ, ਜਦੋਂ ਕਿ ਉਹ ਆਪਣੀ ਵੱਖਰੀ ਪਛਾਣ ਸਥਾਪਤ ਕਰਨ ਲਈ ਉਮਲ੍ਹਦੀਆਂ ਹੋਣ। ਉਦਾਹਰਣ ਲਈ ਮੈਥਿਲੀ, ਭੋਜਪੁਰੀ, ਬ੍ਰਜ, ਆਦਿ ਹਿੰਦੀ ਨਾਲ ਟਕਰਾਉਂਦੀਆਂ ਹਨ, ਪੰਜਾਬ ਵਿਚ ਪੰਜਾਬੀ ਦੇ ਰਾਜ ਭਾਸ਼ਾ ਬਣਨ ਨਾਲ ਮਲਵਈ, ਮਾਝੀ, ਦੁਆਬੀ ਆਦਿ ਪੰਜਾਬੀ ਨਾਲ ਵਿਵਾਦ ਮੂਲਕ ਰਿਸ਼ਤੇ ਵਿਚ ਬੱਝਦੀਆਂ ਹਨ।

ਭਾਸ਼ਾ ਟਕਰਾਉ ਦਾ ਮੂਲ ਕਿਸੇ ਭਾਸ਼ਾ ਸਮੁਦਾਏ ਦੇ ਮੈਂਬਰਾਂ ਦੀਆਂ ਸਮਾਜਿਕ ਅਤੇ ਆਰਥਿਕ ਵਿਕਾਸ ਦੀਆਂ ਸਮੱਸਿਆਵਾਂ ਵਿਚ ਵੇਖਿਆ ਜਾ ਸਕਦਾ ਹੈ। ਰਾਜਸੀ ਅਲਗਾਉ ਦੀ ਸੈਂਟਰੀਫ਼ਿਊਗਲ ਸ਼ਕਤੀ ਓਦੋਂ ਜ਼ੋਰ ਫੜਦੀ ਹੈ, ਜਦੋਂ ਕਿਸੇ ਭਾਸ਼ਾ-ਸਮੂਹ ਵਿਚ ਭਿੰਨ-ਭਿੰਨ ਛੋਟੇ ਸਮੂਹਾਂ ਦੀ ਸਮਾਜਿਕ ਗਤੀਸ਼ੀਲਤਾ ਵਿਚ ਰੁਕਾਵਟ ਪੈਦਾ ਹੋ ਜਾਏ।

ਭਾਰਤੀ ਬਹੁ-ਭਾਸ਼ਾਵਾਦ ਦਾ ਉਘੜਵਾਂ ਲੱਛਣ ਇਸ ਗੱਲ ਵਿਚ ਹੈ ਕਿ ਇਸ ਨੇ ਭਿੰਨ-ਭਿੰਨ ਭਾਸ਼ਾਵਾਂ ਨੂੰ ਭਾਈਚਾਰੇ ਵਿਚ ਵੱਖੋ-ਵੱਖਰੇ ਸਮਾਜਿਕ ਰੋਲ ਦਿੱਤੇ ਹੋਏ ਹਨ। ਇਹ ਰੋਲ ਸਮਾਜਿਕ ਅਤੇ ਸਾਂਸਕ੍ਰਿਤਿਕ ਵਤੀਰੇ ਦਾ ਇਕ ਜਟਿਲ ਸਮੁੱਚ ਪੇਸ਼ ਕਰਦੇ ਹਨ। ਵੱਖੋ-ਵੱਖਰੀਆਂ ਭਾਸ਼ਾਵਾਂ ਇਕ ਪ੍ਰਕਾਰ ਦੇ ਡਾਈਗਲਾਸਿਕ ਸੰਬੰਧਾਂ ਦਾ ਰੂਪ ਧਾਰਨ ਕਰਦੀਆਂ ਹਨ, ਜਿਸ ਕਾਰਨ ਉਹਨਾਂ ਦੇ ਆਪੋ ਆਪਣੇ ਸੀਮਿਤ ਕਿਰਦਾਰ ਬਣੇ ਰਹਿੰਦੇ ਹਨ। ਇਹਨਾਂ ਕਿਰਦਾਰਾਂ ਦਾ ਆਪਸ ਵਿਚ ਕੋਈ ਵਿਰੋਧ ਨਹੀਂ ਹੁੰਦਾ, ਜਿਸ ਕਾਰਨ ਭਾਰਤ ਵਿਚ ਬਹੁ-ਭਾਸ਼ਾਵਾਦ ਦੇ ਮੁਕਾਬਲਤਨ ਪਰਸਪਰ ਵਿਵਾਦ ਤੋਂ ਹੀਣ ਰੋਲ ਸਥਾਈ ਰੂਪ ਵਿਚ ਕਾਇਮ ਰਹਿੰਦੇ ਹਨ। ਪਰ ਦੇਸ਼ ਵਿਚ ਭਾਸ਼ਾ ਦੇ ਆਧਾਰ ਉਪਰ ਸੂਬਿਆਂ ਦੇ ਬਣਨ ਨਾਲ, ਜਿਨ੍ਹਾਂ ਵਿਚ ਪ੍ਰਧਾਨਤਾ ਉਥੋਂ ਦੀਆਂ ਇਲਾਕਾਈ ਭਾਸ਼ਾਵਾਂ ਨੂੰ ਦਿੱਤੀ ਗਈ, ਸਥਿਤੀ ਵਿਚ ਪਰਿਵਰਤਨ ਆਇਆ। ਇਹਨਾਂ ਨਵੇਂ ਬਣੇ ਸੂਬਿਆਂ ਵਿਚ ਕਿਉਂਕਿ ਸਰਕਾਰ ਹੀ ਨੌਕਰੀਆਂ ਦੇਣ ਦੀ ਮੁੱਖ ਸਾਧਨ ਬਣਦੀ ਹੈ ਅਤੇ ਇਹ ਨੌਕਰੀਆਂ ਹੀ ਸਮਾਜਿਕ ਗਤੀਸ਼ੀਲਤਾ ਅਤੇ ਪਦਵੀ ਵਿਸਥਾਰ ਦਾ ਸੋਮਾ ਬਣਦੀਆਂ ਹਨ। ਅਜਿਹੀਆਂ ਹਾਲਤਾਂ ਵਿਚ ਭਾਸ਼ਾ ਸਮੁਦਾਏ 'ਤੇ ਕਾਬਿਜ਼ ਸਮੂਹ ਦੇ ਦਬਾਉ-ਪੈਂਤੜਿਆਂ ਕਾਰਨ ਅਸ਼ਾਂਤੀ ਪੈਦਾ ਹੁੰਦੀ ਹੈ। ਇਸ ਸੰਬੰਧ ਵਿਚ ਪ੍ਰੋਫ਼ੈਸਰ ਜਯੋਤੀਰਇੰਦਰ ਦਾਸ ਗੁਪਤਾ ਦੇ ਸ਼ਬਦਾਂ ਵਿਚ ਇਹ ਕਿਹਾ ਜਾ ਸਕਦਾ ਹੈ ਕਿ ਭਾਰਤ ਵਿਚ ਭਾਸ਼ਾਈ ਵੰਨਵੰਨਤਾ ਮੁੱਢ ਕਦੀਮਾਂ ਤੋਂ ਤੁਰੀ ਆਉਂਦੀ ਹੈ, ਪਰ ਰਾਜਸੀ ਅਧਿਐਨ ਵਿਚ ਜੋ ਕੁਝ ਨਵਾਂ ਅਤੇ ਅਰਥ ਪੂਰਨ ਹੈ, ਉਹ ਹੈ ਭਾਸ਼ਾ ਸਮੂਹਾਂ, ਸਮਾਜਿਕ ਅਤੇ ਰਾਜਸੀ ਮਨੋਰਥਾਂ ਦੀ ਪੂਰਤੀ ਲਈ ਜੁੰਬਸ਼ ਵਿਚ ਆਉਣਾ। ਜੁੰਬਸ਼ ਵਿਚ ਆਉਣ ਦੇ ਇਹ ਅਮਲ ਭਾਰਤੀ ਸਮਾਜ ਵਿਚ ਭਿੰਨ-ਭਿੰਨ ਸ਼ਕਤੀਆਂ ਦੇ ਨਵੇਂ ਸਿਰਿਓਂ ਘਾੜਤਾਂ ਵਿਚ ਬੱਝਣ ਨੂੰ ਦਰਸਾਉਂਦੇ ਹਨ।

ਭਾਸ਼ਾ ਦੇ ਆਧਾਰ ਉੱਤੇ ਸਮੂਹਾਂ ਦੇ ਵਿਚਕਾਰ ਟੱਕਰਾਂ ਜੋ ਰਾਜਸੀ ਬਖੇੜਿਆਂ ਨੂੰ ਜਨਮ ਦੇਂਦੀਆਂ ਰਹੀਆਂ ਹਨ, ਆਰਥਿਕ ਅਤੇ ਸਮਾਜਿਕ ਹਿੱਤਾਂ ਦੀ ਟੱਕਰ ਤੋਂ ਇਲਾਵਾ ਹੋਰ ਕਈ ਸਮਾਜਿਕ ਅਤੇ ਸਭਿਆਚਾਰਕ ਕਾਰਨਾਂ ਕਰਕੇ ਵੀ ਉਤਪੰਨ ਹੁੰਦੀਆਂ ਰਹੀਆਂ ਹਨ। ਭਾਰਤ ਵਿਚ ਇਕ ਸਭ ਤੋਂ ਮਹੱਤਵਪੂਰਨ ਕਾਰਨ ਧਾਰਮਿਕ ਸੰਬੰਧ ਰਹੇ ਹਨ, ਜੋ ਕਾਫ਼ੀ ਹੱਦ ਤਕ ਐਥਨਿਕ ਇਕੱਲਤਾਵਾਂ (ethnic isolates) ਦਾ ਰੂਪ ਧਾਰਦੇ ਹਨ। ਪੰਜਾਬ ਵਿਚ ਭਾਸ਼ਾ ਵੱਖੋ-ਵੱਖਰੇ ਧਾਰਮਿਕ ਸਮੂਹਾਂ ਦੀ ਪਛਾਣ ਦਾਂ ਮਾਧਿਅਮ ਬਣੇ ਰਹਿਣ ਕਰਕੇ ਪੰਜਾਬੀ ਬੋਲਣਹਾਰਿਆਂ ਵਿਚ ਲਗਾਤਾਰ ਖਿੱਚੋਤਾਣ ਦਾ ਸੋਮਾ ਬਣੀ ਰਹੀ ਹੈ। ਪੰਜਾਬ ਦੇ ਵਾਸੀਆਂ ਦੀਆਂ ਭਾਸ਼ਾਵਾਂ ਪ੍ਰਤੀ ਵਫ਼ਾਵਾਂ ਦੇ ਪਿੱਛੇ ਉਹਨਾਂ ਦੇ ਧਾਰਮਿਕ ਸਮੂਹ ਸਿਲਸਿਲੇਵਾਰ ਬਹੁਤ ਵੱਡਾ ਹਿੱਸਾ

ਪਾਂਦੇ ਰਹੇ ਹਨ। ਇਸ ਲਈ ਸਾਨੂੰ ਧਾਰਮਿਕ ਸਮੂਹਾਂ ਪ੍ਰਤੀ ਵਫ਼ਾਵਾਂ ਦੇ ਵੱਖੋ-ਵੱਖਰੀਆਂ ਭਾਸ਼ਾਵਾਂ ਨਾਲ ਜੁੜਨ ਦੇ ਪਿਛੋਕੜ ਵਿਚ ਪੰਜਾਬ ਦੇ ਭਾਸ਼ਾ-ਵਿਵਾਦ ਦੀ ਗੱਲ ਕਰਨੀ ਉਚਿਤ ਪ੍ਰਤੀਤ ਹੁੰਦੀ ਹੈ।

ਪੰਜਾਬ ਵਿਚ ਬੋਲਣ ਦੀ ਭਾਸ਼ਾ ਚਾਹੇ ਪੰਜਾਬੀ ਸੀ, ਪਰ ਬਰਤਾਨਵੀ ਰਾਜ ਦੇ ਜ਼ਮਾਨੇ ਵਿਚ ਇਥੋਂ ਦੀ ਸਾਹਿਤਕ ਭਾਸ਼ਾ ਉਰਦੂ ਸੀ। ਜਿਥੇ ਪੰਜਾਬੀਆਂ ਵਿਚ ਮੂੰਹ-ਦਰ-ਮੂੰਹ ਸੰਚਾਰ ਪੰਜਾਬੀ ਭਾਸ਼ਾ ਦੁਆਰਾ ਕੀਤਾ ਜਾਂਦਾ ਸੀ, ਚਿੱਠੀ-ਪੱਤਰ, ਪੜ੍ਹਾਈ, ਲਿਖਾਈ ਅਤੇ ਸਰਕਾਰੇ ਦਰਬਾਰੇ ਚਿੱਠੀ ਪੱਤਰ, ਉਰਦੂ ਰਾਹੀਂ ਕੀਤਾ ਜਾਂਦਾ ਸੀ। ਉਰਦੂ ਵਰਨੈਕੂਲਰ ਦੇ ਤੌਰ 'ਤੇ ਸਕੂਲਾਂ ਦੀ ਪੜ੍ਹਾਈ ਲਈ ਵਰਤੀ ਜਾਂਦੀ ਸੀ ਅਤੇ ਇਸੇ ਭਾਸ਼ਾ ਰਾਹੀਂ ਹੇਠਲੇ ਪੱਧਰ ਉੱਤੇ ਪ੍ਰਸ਼ਾਸ਼ਨ ਦਾ ਕੰਮ ਚਲਦਾ ਸੀ।

ਦੇਸ਼ ਦੀ ਆਜ਼ਾਦੀ ਤੋਂ ਪਹਿਲਾਂ ਜਦੋਂ ਦੇਸ਼ ਦੀ ਹੁਬੇਵਤਨੀ ਅਤੇ ਆਜ਼ਾਦੀ ਦੀ ਲਹਿਰ ਜ਼ੋਰਾਂ 'ਤੇ ਸੀ; ਦੇਸ਼ ਦੇ ਭਿੰਨ-ਭਿੰਨ ਭਾਗਾਂ ਵਿਚ ਭਾਰਤੀ ਭਾਸ਼ਾਵਾਂ ਦੇ ਗੌਰਵ ਨੂੰ ਮੁੜ ਜਗਾਉਣ ਦੀ ਰੁਚੀ ਵੱਧ ਰਹੀ ਸੀ। ਜਿਥੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਭਿੰਨ-ਭਿੰਨ ਭਾਸ਼ਾ ਸਮੁਦਾਵਾਂ ਨੇ ਸਾਂਝੇ ਤੌਰ 'ਤੇ ਆਪਣੀ ਮਾਤ ਭਾਸ਼ਾ ਨੂੰ ਰਾਜ ਪੱਧਰ ਉੱਤੇ ਸ਼ਸ਼ੋਭਿਤ ਕਰਨ ਲਈ ਜਦੋ-ਜਹਿਦ ਕੀਤੀ, ਉਥੇ ਉੱਤਰੀ ਭਾਰਤ ਦੇ ਸੂਬਿਆਂ ਵਿਚ ਹਿੰਦੂ ਅਤੇ ਮੁਸਲਿਮ ਰਾਸ਼ਟਰਵਾਦ ਦੇ ਉਭਰਨ ਨਾਲ ਭਾਸ਼ਾ ਨੂੰ ਧਰਮ ਸਮੂਹਾਂ ਨਾਲ ਜੋੜ ਕੇ ਵੇਖਿਆ ਜਾਣ ਲੱਗਾ। ਇਹ ਰੁਚੀ ਉੱਤਰ ਪ੍ਰਦੇਸ਼ ਅਤੇ ਪੰਜਾਬ ਦੇ ਖੇਤਰਾਂ ਵਿਚ ਏਨਾ ਜ਼ੋਰ ਫੜ ਗਈ ਕਿ ਇਸ ਸਾਰੇ ਇਲਾਕੇ ਵਿਚ ਸਭਿਆਚਾਰਕ ਅਮਲ ਅਜਿਹੇ ਸੰਕਟ ਵੱਲ ਵਧੇ, ਜਿਸ ਨੇ ਇਹਨਾਂ ਪ੍ਰਦੇਸ਼ਾਂ ਦੀ ਰਾਜਨੀਤੀ ਨੂੰ ਡੂੰਘੀ ਤਰ੍ਹਾਂ ਪ੍ਰਭਾਵਿਤ ਕੀਤਾ। ਇਸ ਤੋਂ ਬਿਨਾਂ ਅੰਗਰੇਜ਼ੀ ਭਾਸ਼ਾ ਜੋ ਉਚੇਰੀ ਵਿੱਦਿਆ ਦੇ ਮਾਧਿਅਮ ਦੇ ਤੌਰ 'ਤੇ ਵਰਤੋਂ ਵਿਚ ਲਿਆਂਦੀ ਜਾ ਰਹੀ ਸੀ, ਨੇ ਵੀ ਇਸ ਭਾਸ਼ਾ ਸਥਿਤੀ ਨੂੰ ਮਜ਼ਬੂਤ ਕੀਤਾ। ਅੰਗਰੇਜ਼ਾਂ ਨੇ ਅੰਗਰੇਜ਼ੀ ਭਾਸ਼ਾ ਦਾ ਪੜ੍ਹਨਾ ਸਭ ਲਈ ਖੁਲ੍ਹਾ ਰੱਖਿਆ ਸੀ। ਜਿਨ੍ਹਾਂ ਕੋਲ ਵੀ ਅੰਗਰੇਜ਼ੀ ਪੜ੍ਹਨ ਪੜ੍ਹਾਉਣ ਦੀ ਸਮਰੱਥਾ ਤੇ ਸਾਧਨ ਸਨ, ਉਹਨਾਂ ਲਈ ਕਿਸੇ ਜਾਤ ਧਰਮ ਜਾਂ ਪਦਵੀ ਦੀ ਰੋਕ ਟੋਕ ਨਹੀਂ ਸੀ। ਇਸ ਦੇ ਨਾਲ ਹੀ ਸਰਕਾਰੀ ਅਫ਼ਸਰਸ਼ਾਹੀ ਨੇ ਸਾਹਿਤਕ ਯੋਗਤਾਵਾਂ ਵਾਲੇ ਬੰਦਿਆਂ ਲਈ ਖੁਲ੍ਹੇ ਰੂਪ ਵਿਚ ਨੌਕਰੀਆਂ ਦੇ ਅਵਸਰ ਪੈਦਾ ਕਰ ਦਿੱਤੇ ਸਨ। ਇਸ ਦਾ ਨਤੀਜਾ ਇਹ ਹੋਇਆ ਕਿ ਪਰੰਪਰਾ ਮੂਲਕ ਕਿੱਤਿਆਂ ਦੇ ਸਿਸਟਮ ਤੋਂ ਬਾਹਰ ਬੈਠੇ ਲੋਕਾਂ ਵਿੱਚੋਂ ਪੜ੍ਹੇ ਲਿਖੇ ਵਰਗ ਦੇ ਕਈ ਨਵੇਂ ਸਮੂਹ ਉਭਰਨ ਲੱਗੇ। ਇਹਨਾਂ ਨਵੇਂ ਸਮੂਹਾਂ ਦੇ ਪ੍ਰਭਾਵ ਥੱਲੇ ਅੰਗਰੇਜ਼ੀ ਮਾਡਲਾਂ ਦੇ ਆਧਾਰ ਉੱਤੇ ਨਵੀਆਂ ਵਰਨੈਕੂਲਰ ਗੱਦ ਸ਼ੈਲੀਆਂ ਦਾ ਉਦੈ ਹੋਇਆ। ਹੌਲੀ-ਹੌਲੀ ਜਦੋਂ ਇਹਨਾਂ ਨੂੰ ਸਰਕਾਰੀ ਮਾਧਿਅਮ ਦੇ ਤੌਰ 'ਤੇ ਹੇਠਲੇ ਪ੍ਰਸ਼ਾਸਕੀ ਪ੍ਰਬੰਧ ਦੀ ਪੱਧਰ ਉੱਤੇ ਵਰਤਿਆ ਜਾਣ ਲੱਗਾ, ਉਹ ਆਮ ਲੋਕਾਂ ਵਿਚ ਵਧੇਰੇ ਪ੍ਰਵਾਨਗੀ ਹਾਸਲ ਕਰਨ ਲੱਗੇ। ਇਹਨਾਂ ਨਾਲ ਪੁਰਾਣੀਆਂ ਕਲਾਸੀਕਲ ਭਾਸ਼ਾਵਾਂ ਅਤੇ ਵਿਸ਼ੇਸ਼ ਪ੍ਰਗਟਾਊ ਮੁਹਾਵਰੇ ਅਲੋਪ ਹੋਣ ਲੱਗੇ। ਜੋ ਹਿੰਦੀ-ਭਾਸ਼ੀ ਇਲਾਕੇ ਅਖਵਾਉਂਦੇ ਸਨ, ਉਥੇ ਦੋ ਪ੍ਰਕਾਰ ਦੀਆਂ ਵਰਨੈਕੂਲਰਾਂ ਹਿੰਦੀ ਅਤੇ ਉਰਦੂ ਉਭਰਨ ਲੱਗੀਆਂ। ਆਪਣੇ ਵਿਕਾਸ ਦੇ ਮੁੱਢਲੇ ਪੜਾਵਾਂ ਤੇ ਉਹਨਾਂ

ਵਿਚਲਾ ਆਪਸੀ ਅੰਤਰ ਕੇਵਲ ਲਿੱਪੀ ਦਾ ਸੀ—ਹਿੰਦੀ ਦੇਵਨਾਗਰੀ ਅੱਖਰਾਂ ਵਿਚ ਲਿਖੀ ਜਾਂਦੀ ਸੀ ਅਤੇ ਉਰਦੂ ਫ਼ਾਰਸੀ ਅੱਖਰਾਂ ਵਿਚ। ਦੋਹਾਂ ਭਾਸ਼ਾਵਾਂ ਦਾ ਵਿਆਕਰਣਿਕ ਅਤੇ ਸ਼ਾਬਦਿਕ ਆਧਾਰ ਲਗਪਗ ਸਮਾਨ ਸੀ। ਇਹ ਵਧੇਰੇ ਕਰਕੇ ਹਿੰਦੁਸਤਾਨੀ ਵਿੱਚੋਂ ਗ੍ਰਹਿਣ ਕੀਤਾ ਜਾਂਦਾ ਸੀ, ਜੋ ਕਿ ਮੁਗ਼ਲਾਂ ਦੇ ਜ਼ਮਾਨੇ ਤੋਂ ਲੈ ਕੇ ਸਾਰੇ ਉੱਤਰੀ ਭਾਰਤ ਵਿਚ ਇਕ ਬਾਜ਼ਾਰ ਭਾਸ਼ਾ ਦੇ ਤੌਰ 'ਤੇ ਪ੍ਰਚਲਿਤ ਸੀ।

ਸੰਚਾਰ ਸਿਸਟਮ ਦੇ ਵਿਸਥਾਰ ਨਾਲ ਅਤੇ ਨੀਵੀਆਂ ਸ਼੍ਰੇਣੀਆਂ ਦੇ ਉਪਰਲੇ ਦਰਜੇ ਤਕ ਪਹੁੰਚਣ ਵਿਚ ਵਧੇਰੇ ਖੁਲ੍ਹ ਹੋ ਜਾਣ ਕਾਰਨ ਅਤੇ ਨਾਲ ਹੀ ਚੰਗੇਰੇ ਵਿਦਿਅਕ ਸਾਧਨਾਂ ਦੇ ਮੁਹੱਈਆ ਹੋ ਜਾਣ ਕਾਰਨ ਗਤੀਮਾਨ ਜਨਸੰਖਿਆ (mobilized population) ਦਾ ਆਕਾਰ ਵੱਧ ਗਿਆ। ਇਹ ਰਾਸ਼ਟਰਵਾਦ ਦੇ ਪ੍ਰਸਾਰ ਦਾ ਆਧਾਰ ਬਣਿਆ, ਜਿਸ ਨਾਲ ਭਾਸ਼ਾਈ ਸੁਧਾਰ ਦੀ ਮੰਗ ਹੋਰ ਵਧੀ। ਰਾਜਸੀ ਅਤੇ ਸਮਾਜਿਕ ਸੰਘਰਸ਼ ਵਿਚ ਹੌਲ-ਹੌਲੀ ਜਨ-ਸਮੂਹ ਦੀ ਵਧਦੀ ਸ਼ਮੂਲੀਅਤ ਨੇ ਮੋਟੇ ਰੂਪ ਵਿਚ ਲੋਕਾਂ ਦੇ ਦਿਲਾਂ ਵਿਚ ਇਹ ਗੱਲ ਪੱਕੀ ਕਰ ਦਿੱਤੀ ਕਿ ਅੰਗਰੇਜ਼ੀ ਦੀ ਥਾਂ 'ਤੇ ਭਾਰਤੀ ਵਰਨੈਕੂਲਰ ਭਾਸ਼ਾਵਾਂ ਦਾ ਆਉਣਾ ਲਾਜ਼ਮੀ ਹੈ, ਕਿਉਂਕਿ ਕੋਈ ਵਿਦੇਸ਼ੀ ਭਾਸ਼ਾ ਨਵੀਂ ਭਾਰਤੀ ਕੌਮ ਦਾ ਪ੍ਰਤੀਕ ਨਹੀਂ ਬਣ ਸਕਦੀ।

ਹਿੰਦੁਸਤਾਨੀ ਅਤੇ ਉਸ ਵਿੱਚੋਂ ਨਿਕਲੀਆਂ ਭਾਸ਼ਾਵਾਂ ਹਿੰਦੀ ਅਤੇ ਉਰਦੂ ਦਾ ਹੁਣ ਵਿਆਪਕ ਤੌਰ 'ਤੇ ਵਰਤੋਂ ਵਿਚ ਲਿਆਂਦਾ ਜਾਣਾ ਸੀ, ਪਰ ਇਹਨਾਂ ਭਾਸ਼ਾਵਾਂ ਦਾ ਅਜੇ ਅੰਗਰੇਜ਼ੀ ਵਾਲਾ ਸਾਹਿਤਕ ਗੌਰਵ ਅਤੇ ਸਨਮਾਨ ਪੈਦਾ ਨਹੀਂ ਹੋਇਆ ਸੀ। ਇਸ ਕਰਕੇ ਇਸ ਗੱਲ ਦੀ ਲੋੜ ਭਾਸੀ ਕਿ ਇਹਨਾਂ ਨਵੀਆਂ ਭਾਸ਼ਾਵਾਂ ਦਾ ਵਿਕਾਸ ਕੀਤਾ ਜਾਏ, ਤਾਂ ਕਿ ਕੌਮ ਦੀ ਪ੍ਰਤਿਭਾ ਦੀ ਝਲਕ ਇਹਨਾਂ ਵਿਚ ਪਛਾਣੀ ਜਾ ਸਕੇ ਅਤੇ ਪ੍ਰਗਟਾਊ ਮੁਹਾਵਰੇ ਦੇ ਪੱਖੋਂ ਇਹ ਅੰਗਰੇਜ਼ੀ ਦੇ ਬਰਾਬਰ ਹੋ ਜਾਣ।

ਇਹਨਾਂ ਭਾਸ਼ਾਵਾਂ ਦਾ ਵਿਕਾਸ ਉੱਤਰ ਪ੍ਰਦੇਸ਼ ਵਿਚ ਦੋ ਧਾਰਮਿਕ ਸਮੂਹਾਂ ਹਿੰਦੂ ਅਤੇ ਮੁਸਲਿਮ ਟੱਕਰ ਦੇ ਆਧਾਰ ਉੱਤੇ ਹੋਣਾ ਸ਼ੁਰੂ ਹੋਇਆ। ਜਿਸ ਦੇ ਫਲਸਰੂਪ 'ਪ੍ਰਯਾਗ ਦੇ ਹਿੰਦੀ ਪੰਡਿਤਾਂ' ਅਤੇ ਅਲੀਗੜ੍ਹ ਦੇ 'ਉਰਦੂ ਮੌਲਵੀਆਂ' ਦੇ ਹੱਥਾਂ ਵਿਚ ਦੋਵੇਂ ਜ਼ਬਾਨਾਂ ਧਾਰਮਿਕ ਤੁਅੱਸਬ ਕਾਰਨ ਇਕ ਦੂਜੇ ਤੋਂ ਦੂਰ ਜਾਣ ਲੱਗੀਆਂ ਅਤੇ ਅੱਜ ਵੀ ਉਰਦੂ ਅਤੇ ਹਿੰਦੀ ਦੀ ਆਪਸੀ ਲੜਾਈ ਮੁਸਲਮਾਨ ਅਤੇ ਹਿੰਦੂ ਧਰਮ ਸਮੂਹਾਂ ਦੀ ਆਪੋ ਆਪਣੀ ਪਛਾਣ ਨਾਲ ਜੁੜੀ ਹੋਈ ਹੈ।

ਏਧਰ ਪੰਜਾਬ ਵਿਚ ਵੀ ਹਿੰਦੂਆਂ ਅਤੇ ਮੁਸਲਮਾਨਾਂ ਨੇ ਧਾਰਮਿਕ ਸਮੂਹਾਂ ਦੇ ਰੂਪ ਵਿਚ ਲੜੀ ਭਾਸ਼ਾ-ਲੜਾਈ ਵਿਚ ਹਿੰਦੀ ਅਤੇ ਉਰਦੂ ਨੂੰ ਆਪਣੀ ਸੰਪ੍ਰਦਾਇਕ ਹੋਂਦ ਦਾ ਚਿੰਨ੍ਹ ਬਣਾ ਲਿਆ।

ਹਿੰਦੂ ਅਤੇ ਮੁਸਲਮਾਨ ਰਾਸ਼ਟਰਵਾਦ ਜੋ ਦੇਸ਼ ਦੀ ਆਜ਼ਾਦੀ ਤੋਂ ਕਾਫ਼ੀ ਵਰ੍ਹੇ ਪਹਿਲਾਂ ਉਭਰ ਰਿਹਾ ਸੀ, ਪੰਜਾਬ ਦੇ ਸਮਾਜਿਕ ਜੀਵਨ ਵਿਚ ਕਈ ਤਰ੍ਹਾਂ ਦੇ ਤਨਾਉ ਪੈਦਾ ਕਰਨ ਦਾ ਜ਼ਿੰਮੇਵਾਰ ਬਣਿਆ। ਪੰਜਾਬ ਦੇ ਹਿੰਦੂ ਪੰਜਾਬੀ ਬੋਲਦੇ ਸਨ, ਪਰ ਵਾਪਾਰ ਅਤੇ ਸਭਿਆਚਾਰਕ ਸਰਗਰਮੀਆਂ ਦੀ ਪੱਧਰ ਉੱਤੇ ਸੰਚਾਰ ਲਈ ਉਰਦੂ ਭਾਸ਼ਾ ਨੂੰ ਆਪਣਾ ਮਾਧਿਅਮ ਬਣਾਈ ਬੈਠੇ ਸਨ। ਭਾਰਤ ਦੀ ਵੰਡ ਤੋਂ ਪਿੱਛੋਂ ਜਦੋਂ

ਉਰਦੂ ਕੇਵਲ ਮੁਸਲਮਾਨਾਂ ਦੀ ਸਭਿਆਚਾਰਕ ਬੋਲੀ ਮੰਨੀ ਜਾਣ ਲੱਗੀ ਅਤੇ ਮੁਸਲਮਾਨ ਭਾਰਤੀ ਪੰਜਾਬ ਵਿੱਚੋਂ ਪਾਕਿਸਤਾਨ ਚਲੇ ਗਏ ਤਾਂ ਹਿੰਦੂਆਂ ਨੇ ਆਰੀਆ ਸਮਾਜ ਦੇ ਪ੍ਰਭਾਵ ਥੱਲੇ ਪੰਜਾਬੀ ਦੀ ਬਜਾਏ ਹਿੰਦੀ ਨੂੰ ਸਭਿਆਚਾਰਕ ਲੈਣ-ਦੇਣ ਦੀ ਭਾਸ਼ਾ ਤੌਰ 'ਤੇ ਅਪਨਾਉਣਾ ਸ਼ੁਰੂ ਕੀਤਾ। ਇਸ ਤਰ੍ਹਾਂ ਉਰਦੂ ਮੁਸਲਮਾਨਾਂ ਦੀ ਵੱਖਰੀ ਪਛਾਣ ਨਾਲ ਜੁੜ ਗਈ ਅਤੇ ਹਿੰਦੀ ਹਿੰਦੂਆਂ ਦੀ ਸੁਤੰਤਰ ਪਛਾਣ ਦੀ ਸੂਚਕ ਬਣਨ ਲੱਗੀ। ਇਸ ਤਰ੍ਹਾਂ ਮੁਸਲਮਾਨਾਂ ਅਤੇ ਹਿੰਦੂਆਂ ਦੋਹਾਂ ਨੇ ਪੰਜਾਬੀ ਨੂੰ ਆਪਣੀ ਮਾਤ-ਬੋਲੀ ਦੇ ਤੌਰ 'ਤੇ ਤਿਆਗ ਦਿੱਤਾ। ਪੰਜਾਬੀ ਕੇਵਲ ਸਿੱਖਾਂ ਦੀ ਜ਼ਬਾਨ ਬਣ ਕੇ ਰਹਿ ਗਈ। ਸਿੱਖ ਗੁਰੂਆਂ ਦੀ ਬਾਣੀ, ਕਿਉਂਕਿ ਪੰਜਾਬੀ ਦੀ ਆਪਣੀ ਲਿੱਪੀ ਗੁਰਮੁਖੀ ਵਿਚ ਪਹਿਲਾਂ ਹੀ ਅੰਕਿਤ ਸੀ, ਇਸ ਕਾਰਨ ਸਿੱਖਾਂ ਦਾ ਪੰਜਾਬੀ ਜ਼ਬਾਨ ਨਾਲ ਸੰਬੰਧ ਇਕ ਧਾਰਮਿਕ ਸਮੁਦਾਏ ਦੇ ਤੌਰ 'ਤੇ ਪੱਕਾ ਹੋ ਗਿਆ। ਸਿੱਖ ਅਣਵੰਡੇ ਪੰਜਾਬ ਵਿਚ ਅਤਿ ਅਲਪ ਸੰਖਿਅਕ ਸਮੁਦਾਏ ਸੀ, ਜਿਸ ਦੀ ਕੁਲ ਗਿਣਤੀ ਪੂਰੇ ਪੰਜਾਬ ਦੀ ਲਗਪਗ 18 ਫ਼ੀਸਦੀ ਸੀ। ਪੰਜਾਬੀ, ਸਿੱਖ ਧਰਮ ਸਮੂਹ ਦੀ ਜ਼ਬਾਨ ਬਣ ਜਾਣ ਕਾਰਨ ਸਿੱਖਾਂ ਦੀ ਆਪਣੀ ਵੱਖਰੀ ਸਭਿਆਚਾਰਕ ਅਤੇ ਰਾਜਸੀ ਪਛਾਣ ਦਾ ਚਿੰਨ੍ਹ ਬਣ ਗਈ। ਇਸ ਪੱਖ ਤੋਂ ਵੇਖਿਆਂ ਪੰਜਾਬੀ ਭਾਸ਼ਾ ਪੰਜਾਬ ਦੀ ਇਕ ਅਲਪ-ਸੰਖਿਅਕ ਗਿਣਤੀ ਦੇ ਸੁਫ਼ਨਿਆਂ ਅਤੇ ਆਕਾਂਖਿਆਵਾਂ ਨੂੰ ਰੂਪਮਾਨ ਕਰਨ ਦਾ ਮਾਧਿਅਮ ਬਣ ਗਈ। ਇਸ ਭਾਸ਼ਾ ਵਿਚ ਰਚਿਆ ਜਾਣ ਵਾਲਾ ਸਾਹਿਤ ਵੀ ਉਹਨਾਂ ਦੀਆਂ ਆਕਾਂਖਿਆਵਾਂ ਨੂੰ ਪੇਸ਼ ਕਰਨ ਲੱਗਾ, ਜੋ ਸਿੱਖ ਅਲਪ-ਸੰਖਿਅਕ ਸਮੂਹ ਨਾਲ ਜੁੜੀਆਂ ਹੋਈਆਂ ਸਨ। ਆਧੁਨਿਕ ਪੰਜਾਬੀ ਸਾਹਿਤ ਦਾ ਮੁੱਢ ਸਿੱਖ ਧਰਮ ਦੀ ਰੰਗਣ ਨਾਲ ਰੰਗਿਆ ਹੋਇਆ ਹੈ ਅਤੇ ਸਾਂਸਕ੍ਰਿਤਿਕ ਤੌਰ 'ਤੇ ਸਿੱਖ ਸਮੁਦਾਏ ਵੀ ਆਪਣੀ ਨਿੱਖੜਵੀਂ ਪਛਾਣ ਕਾਇਮ ਕਰਨ ਦੇ ਆਹਰ ਵਿਚ ਹੈ। ਪੰਜਾਬੀ ਸਾਹਿਤ ਦਾ ਆਪਣੇ ਮੂਲ ਰੂਪ ਵਿਚ ਸਿੱਖ ਘੱਟ ਗਿਣਤੀ ਦੇ ਜੀਵਨ ਅਤੇ ਆਦਰਸ਼ਾਂ ਨਾਲ ਜੁੜਨਾ ਇਸ ਨੂੰ ਵਿਲੱਖਣ ਚਰਿੱਤਰ ਪ੍ਰਦਾਨ ਕਰਦਾ ਹੈ। ਇਹ ਸਾਹਿਤ ਨਾ ਤਾਂ ਪੰਜਾਬੀ ਕੌਮ ਦੇ ਸਮੁੱਚੇ ਸਾਂਝੇ ਰੂਪ ਨੂੰ ਪੇਸ਼ ਕਰਦਾ ਹੈ ਅਤੇ ਨਾ ਹੀ ਪੰਜਾਬ ਤੋਂ ਬਾਹਰਲੇ ਭਾਰਤੀ ਅਤੇ ਭਾਰਤ ਤੋਂ ਬਾਹਰਲੇ ਪ੍ਰਭਾਵਾਂ ਨੂੰ ਸਹਿਜ ਰੂਪ ਵਿਚ ਗ੍ਰਹਿਣ ਕਰਨ ਲਈ ਉਦਾਰ ਰੂਪ ਧਾਰਨ ਕਰਦਾ ਹੈ। ਫਲਸਰੂਪ ਪੰਜਾਬੀ ਜ਼ਬਾਨ ਅਤੇ ਸਾਹਿਤ ਦੋਵੇਂ ਇਕ ਤਰ੍ਹਾਂ ਦੀ ਸੌੜ ਦਾ ਸ਼ਿਕਾਰ ਹੋ ਜਾਂਦੇ ਹਨ, ਜਿਸ ਕਾਰਨ ਭਾਰਤ ਵਿਚ ਸਭਿਆਚਾਰਕ ਬਹੁ-ਏਕਾਧ ਦੇ ਵਿਆਪਕ ਪ੍ਰਭਾਵ ਤੋਂ ਵੰਚਿਤ ਰਹਿੰਦੇ ਹਨ। ਡਾਕਟਰ ਅਤਰ ਸਿੰਘ ਪੰਜਾਬੀ ਜ਼ਬਾਨ ਅਤੇ ਸਾਹਿਤ ਦੇ ਪੰਜਾਬ ਦੇ ਵਿਸ਼ਾਲਤਰ ਸਭਿਆਚਾਰਕ ਦ੍ਰਿਸ਼ ਦੇ ਸੰਦਰਭ ਵਿਚ ਰੋਲ ਉਪਰ ਚਰਚਾ ਕਰਦੇ ਕੁਝ ਦਿਲਚਸਪ ਨੁਕਤੇ ਬਣਾਉਂਦੇ ਹਨ। ਉਹਨਾਂ ਦਾ ਕਹਿਣਾ ਹੈ ਕਿ ਪੰਜਾਬੀ ਭਾਸ਼ਾ ਅਤੇ ਸਾਹਿਤ ਦੋਵੇਂ ਸਿੱਖ ਅਲਪ-ਸੰਖਿਅਕਾਂ ਦੇ ਪ੍ਰਤੀਨਿਧ ਹੋ ਜਾਣ ਕਾਰਨ ਪੰਜਾਬ ਦੀ ਪ੍ਰਧਾਨ ਸਾਂਸਕ੍ਰਿਤਿਕ ਧਾਰਾ ਨਾਲੋਂ ਵਿਛੁੰਨੇ ਜਾਂਦੇ ਹਨ। ਵੰਡ ਤੋਂ ਪਹਿਲਾਂ ਦੇ ਪੰਜਾਬ ਨੇ ਆਜ਼ਾਦੀ ਦੀ ਲੜਾਈ ਵਿਚ ਅਤਿਅੰਤ ਸਾਰਥਿਕ ਹਿੱਸਾ ਪਾਇਆ ਹੈ, ਪਰ ਇਹ ਹੈਰਾਨੀ ਦੀ ਗੱਲ ਹੈ ਕਿ ਜੰਗੇ-ਆਜ਼ਾਦੀ ਪੰਜਾਬੀ ਸਾਹਿਤ ਦਾ ਕੇਂਦਰੀ ਵਿਸ਼ਾ ਕਿਸੇ ਸਮੇਂ ਵੀ ਨਹੀਂ ਬਣਦੀ। ਇਹ ਕੇਵਲ

ਕੁਝ ਕੁ ਕਵੀਆਂ ਦੀਆਂ ਵੇਲੇ-ਕੁਵੇਲੇ ਲਿਖੀਆਂ ਕਵਿਤਾਵਾਂ ਵਿਚ ਝਲਕਦੀ ਹੈ, ਜੋ ਪੰਜਾਬੀ ਸਾਹਿਤ ਦੀ ਪ੍ਰਧਾਨਧਾਰਾ ਤੋਂ ਬਾਹਰ ਰਹਿੰਦੀਆਂ ਹਨ।

ਦੇਸ਼ ਦੀ ਵੰਡ ਤੋਂ ਪਿੱਛੋਂ ਪੰਜਾਬ ਵਿਚ ਭਾਸ਼ਾ-ਵਿਵਾਦ ਇਕ ਹੋਰ ਨਵਾਂ ਮੋੜ ਲੈਂਦਾ ਹੈ। ਮੁਸਲਮਾਨਾਂ ਦੇ ਪੂਰਬੀ ਪੰਜਾਬ ਨੂੰ ਛੱਡ ਕੇ ਪਾਕਿਸਤਾਨੀ ਪੰਜਾਬ ਵਿਚ ਵਸ ਜਾਣ ਨਾਲ ਭਾਸ਼ਾ ਟਕਰਾਉ ਹਿੰਦੂ ਅਤੇ ਸਿੱਖਾਂ ਵਿਚਕਾਰ ਵੱਧ ਜਾਂਦਾ ਹੈ। ਹਿੰਦੂ ਅਤੇ ਸਿੱਖ ਦੋਹਾਂ ਧਰਮ ਸਮੂਹਾਂ ਦੇ ਹੱਥਾਂ ਵਿਚ ਹਿੰਦੀ ਅਤੇ ਪੰਜਾਬੀ ਕ੍ਰਮਵਾਰ ਰਾਜਸੀ ਸ਼ਕਤੀ ਪ੍ਰਾਪਤ ਕਰਨ ਲਈ ਸ਼ਕਤੀਵਰ ਹਥਿਆਰ ਬਣਨ ਲੱਗੀਆਂ। ਸਿੱਖਾਂ ਵੱਲੋਂ ਪੰਜਾਬੀ ਸੂਬੇ ਦੀ ਅਤੇ ਹਿੰਦੂ ਵੱਲੋਂ ਮਹਾਂ ਪੰਜਾਬ ਦੀ ਮੰਗ ਦੋਵੇਂ ਜ਼ਬਾਨ ਰਾਹੀਂ ਰਾਜਸੀ ਲੜਾਈ ਲੜਨ ਦੀਆਂ ਉਦਾਹਰਣਾਂ ਹਨ। ਲਗਪਗ ਦੋ ਦਹਾਕੇ ਪੰਜਾਬ ਵਿਚ ਫ਼ਿਰਕੂ ਤਨਾਉ ਬਣੇ ਰਹੇ। ਹਿੰਦੀ ਅਤੇ ਪੰਜਾਬੀ ਜ਼ਬਾਨਾਂ ਰਾਜਸੀ ਹਿੱਤਾਂ ਨੂੰ ਪ੍ਰਾਪਤ ਕਰਨ ਲਈ ਵਰਤੀਆਂ ਗਈਆਂ ਅਤੇ ਅੰਤ ਵਿਚ 1966 ਵਿਚ ਪੰਜਾਬੀ ਜ਼ਬਾਨ ਦੇ ਆਧਾਰ ਉੱਤੇ ਪੰਜਾਬੀ ਸੂਬਾ ਕਾਇਮ ਕੀਤਾ ਗਿਆ, ਜੋ 1947 ਤੋਂ ਪਹਿਲਾਂ ਦੇ ਪੰਜਾਬ ਦੇ ਮੁਕਾਬਲੇ ਵਿਚ ਬਹੁਤ ਹੀ ਛੋਟਾ ਸੀ। ਜਿਥੇ ਪੰਜਾਬੀ ਜ਼ਬਾਨ ਦਾ ਆਪਣਾ ਸੂਬਾ ਬਣ ਗਿਆ, ਉਥੇ ਪੰਜਾਬ ਦੇ ਗੁਆਂਢੀ ਪ੍ਰਦੇਸ਼ਾਂ ਹਰਿਆਣਾ, ਹਿਮਾਚਲ, ਜੰਮੂ ਅਤੇ ਕਸ਼ਮੀਰ, ਰਾਜਸਥਾਨ ਅਤੇ ਦਿੱਲੀ, ਆਦਿ ਵਿਚ ਪੰਜਾਬੀ ਜ਼ਬਾਨ ਅਤੇ ਸਾਹਿਤ ਫੇਰ ਅਤਿ ਅਲਪ-ਸੰਖਿਅਕ ਸਮੂਹਾਂ ਨਾਲ ਜੁੜ ਜਾਣ ਕਰਕੇ ਆਪਣੀ ਨਿੱਖੜਵੀਂ ਪਛਾਣ ਤੋਂ ਮਹਿਰੂਮ ਹੋਣ ਲੱਗੇ। ਹਿਮਾਚਲ ਪ੍ਰਦੇਸ਼ ਵਿਚ ਪਹਾੜੀ ਬੋਲੀਆਂ, ਜੰਮੂ ਵਿਚ ਡੋਗਰੀ ਅਤੇ ਹਰਿਆਣੇ ਵਿਚ ਪੁਆਧੀ ਬੋਲੀ, ਜੋ ਪਹਿਲਾਂ ਪੰਜਾਬੀ ਦੀਆਂ ਹੀ ਉਪ-ਬੋਲੀਆਂ ਮੰਨੀਆਂ ਜਾਂਦੀਆਂ ਸਨ, ਹੌਲੀ-ਹੌਲੀ ਪੰਜਾਬੀ ਨਾਲੋਂ ਰਿਸ਼ਤਾ ਤੋੜਕੇ ਆਪੋ ਆਪਣੀ ਸੁਤੰਤਰ ਪਛਾਣ ਕਾਇਮ ਕਰਨ ਲੱਗੀਆਂ। ਡਾਕਟਰ ਅਤਰ ਸਿੰਘ ਅਨੁਸਾਰ ਲੱਖਾਂ ਪੰਜਾਬੀ, ਜੋ ਨਵੇਂ ਪੰਜਾਬ ਤੋਂ ਆਪਣੀ ਮਰਜ਼ੀ ਨਾਲ ਜਾਂ ਮਜਬੂਰਨ ਬਾਹਰ ਰਹੇ ਅਤੇ ਪੰਜਾਬ ਦੇ ਜੀਵਨ ਦੀ ਮੁੱਖਧਾਰਾ ਨਾਲ ਆਪਣੇ ਆਪ ਨੂੰ ਜੋੜ ਕੇ ਨਾ ਰੱਖ ਸਕੇ, ਸਭਿਆਚਾਰਕ ਤੌਰ 'ਤੇ ਬੇਘਰੇ ਅਤੇ ਪਰਦੇਸੀ ਮਹਿਸੂਸ ਕਰਨ ਲੱਗੇ। ਪੰਜਾਬ ਵਿਚ ਰਹਿਣ ਵਾਲੇ ਲੋਕੀਂ ਵੀ ਹੌਲੀ-ਹੌਲੀ ਰਾਸ਼ਟਰੀ ਜੀਵਨ ਦੀ ਮੁੱਖਧਾਰਾ ਤੋਂ ਹੌਲੀ-ਹੌਲੀ ਪਿੱਛੇ ਹਟਣ ਲੱਗੇ, ਜਿਸ ਨਾਲ ਪੰਜਾਬੀ ਜੀਵਨ ਅਤੇ ਸਭਿਆਚਾਰ ਕੁਦਰਤੀ ਤੌਰ 'ਤੇ ਸੀਮਿਤ ਹੋਣ ਲੱਗਾ।

ਇਸ ਤਰ੍ਹਾਂ ਪੰਜਾਬ ਵਿਚ ਭਾਸ਼ਾ ਵਿਵਾਦ ਨੇ ਲੰਮੇ ਅਰਸੇ ਲਈ ਪੰਜਾਬ ਦੀਆਂ ਸਾਂਸਕ੍ਰਿਤਿਕ ਪ੍ਰਕਿਰਿਆਵਾਂ ਨੂੰ ਰਾਸ਼ਟਰੀ ਜੀਵਨ ਦੀ ਵਿਸ਼ਾਲ ਧਾਰਾ ਦਾ ਅਨਿੱਖੜ ਅੰਗ ਬਣ ਕੇ ਪ੍ਰਫੁੱਲਿਤ ਹੋਣ ਦੇ ਅਵਸਰ ਤੋਂ ਵਾਂਝਿਆ ਰੱਖਿਆ। ਪੰਜਾਬੀ ਭਾਸ਼ਾ ਅਤੇ ਸਾਹਿਤ ਦੋਵੇਂ ਹੀ ਕਿਸੇ ਨਾ ਕਿਸੇ ਰੂਪ ਵਿਚ ਸਿੱਖ ਅਲਪ-ਸੰਖਿਅਕ ਸਮੂਹ ਨਾਲ ਜੁੜੇ ਰਹੇ ਹਨ, ਜਿਸ ਕਾਰਨ ਪੰਜਾਬੀ ਸਾਹਿਤ ਮੁੜ-ਘਿਸ ਕੇ ਸਿੱਖ ਪੁਨਰ ਸਥਾਪਤੀ ਨਾਲ ਹੀ ਜੁੜਿਆ ਰਿਹਾ ਹੈ। ਇਸ ਦਾ ਨਤੀਜਾ ਇਹ ਹੋਇਆ ਕਿ ਪੰਜਾਬੀ ਸੰਸਕ੍ਰਿਤੀ ਦਾ ਪ੍ਰਸਾਰ ਉਹਨਾਂ ਦਿਸ਼ਾਵਾਂ ਵੱਲ ਨਹੀਂ ਹੋ ਸਕਿਆ, ਜੋ ਇਸ ਦਾ ਸਮੁੱਚੀ ਭਾਰਤੀ ਸੰਸਕ੍ਰਿਤੀ ਦੇ ਬਹੁ-ਏਕਾਧ ਵਿਚ ਮਹੱਤਵਪੂਰਨ ਸਥਾਨ ਨਿਸਚਿਤ ਕਰ

ਸਕਦੀਆਂ। ਪੰਜਾਬੀ ਸਾਹਿਤ ਵਿਆਪਕ ਭਾਰਤੀ ਪ੍ਰਭਾਵਾਂ ਤੋਂ ਅਭਿੱਜ ਰਿਹਾ ਹੈ। ਇਸ ਕਾਰਨ ਇਹ ਸਾਹਿਤ, ਡਾਕਟਰ ਅਤਰ ਸਿੰਘ ਦੇ ਸ਼ਬਦਾਂ ਵਿਚ 'ਇਕ ਧਾਰਮਿਕ ਘੱਟ ਗਿਣਤੀ ਦਾ ਆਪਣੇ ਆਪ ਨਾਲ ਹੀ ਏਕਾਲਾਪ ਬਣਦਾ ਹੈ।' ਹਿੰਦੂਆਂ ਅਤੇ ਮੁਸਲਮਾਨਾਂ ਦੇ ਸਾਂਸਕ੍ਰਿਤਿਕ ਮੋਟਿਫ਼ਾਂ ਦੇ ਸਾਹਿਤ ਵਿੱਚੋਂ ਅਲੋਪ ਹੋ ਜਾਣ ਕਾਰਨ ਇਸ ਦਾ ਅਲਪ-ਸੰਖਿਅਕ ਧਾਰਮਿਕ ਚਰਿੱਤਰ ਹੋਰ ਵੀ ਉਘੜਵਾਂ ਰੂਪ ਧਾਰਨ ਕਰ ਜਾਂਦਾ ਹੈ। ਇਸ ਦਾ ਮਾਰੂ ਪ੍ਰਭਾਵ ਇਸ ਗੱਲ ਵਿਚ ਵੇਖਿਆ ਜਾ ਸਕਦਾ ਹੈ ਕਿ ਆਧੁਨਿਕ ਪੰਜਾਬੀ ਸਾਹਿਤ ਵਿਚ ਸਾਨੂੰ ਭਰਪੂਰ, ਜਟਿਲ ਅਤੇ ਸਾਰਥਿਕ ਬੁਣਤਰ ਦੀ ਵੀ ਘਾਟ ਮਹਿਸੂਸ ਹੁੰਦੀ ਹੈ।

ਥੋੜ੍ਹੇ ਸ਼ਬਦਾਂ ਵਿਚ ਪੰਜਾਬ ਵਿਚ ਭਾਸ਼ਾ ਵਿਵਾਦ ਨੇ ਪੰਜਾਬੀ ਸੰਸਕ੍ਰਿਤੀ ਦੇ ਬਹੁ-ਏਕਾਧ ਰੂਪ ਨੂੰ ਪੂਰੀ ਤਰ੍ਹਾਂ ਵਿਕਸਿਤ ਨਹੀਂ ਹੋਣ ਦਿੱਤਾ, ਜਿਸ ਕਾਰਨ ਪੰਜਾਬ ਵਿਚ ਇਕਾਗਰ ਅਤੇ ਭਰਪੂਰ ਸੰਸਕ੍ਰਿਤੀ ਦਾ ਰੂਪ ਧਾਰਨ ਕਰਨ ਦੀ ਬਜਾਏ ਭਿੰਨ-ਭਿੰਨ ਉਪ-ਸੰਸਕ੍ਰਿਤੀਆਂ ਦਾ ਇਕੱਠ ਬਣ ਕੇ ਰਹਿ ਗਿਆ ਹੈ।

•

ਪੰਜਾਬੀ ਰਿਸ਼ਤੇਨਾਤੇ ਦੀ ਸ਼ਬਦਾਵਲੀ : ਇਕ ਟੈਕਸਟ ਦੇ ਰੂਪ ਵਿਚ

ਅਸੀਂ ਇਸ ਸੰਖੇਪ ਜਿਹੇ ਨਿਬੰਧ/ਲੇਖ ਵਿਚ ਪੰਜਾਬੀ ਰਿਸ਼ਤੇਨਾਤੇ ਦੀ ਸ਼ਬਦਾਵਲੀ ਨੂੰ ਇਕ ਸੰਚਾਰ ਸਿਸਟਮ ਦੇ ਰੂਪ ਵਿਚ ਗ੍ਰਹਿਣ ਕਰਨ ਦਾ ਯਤਨ ਕਰਾਂਗੇ। ਕਿਸੇ ਸੰਸਕ੍ਰਿਤੀ ਵਿਚ ਮਿਲਦੇ ਭਿੰਨ-ਭਿੰਨ ਪ੍ਰਬੰਧ ਆਪਣੇ ਆਪ ਵਿਚ ਸੰਚਾਰ ਸਿਸਟਮ ਬਣਦੇ ਹਨ ਅਤੇ ਇਕ ਸਿਸਟਮ ਦੇ ਸੁਨੇਹੇ ਨੂੰ ਅਸੀਂ ਕਿਸੇ ਹੋਰ ਸਿਸਟਮ ਦੇ ਕੋਡ ਵਿਚ ਸਹਿਜੇ ਹੀ ਤਬਦੀਲ ਕਰ ਸਕਦੇ ਹਾਂ। ਕਿਸੇ ਸਮਾਜਿਕ ਭਾਈਚਾਰੇ ਦੇ ਸਾਕੇਚਾਰੀ ਸਿਸਟਮ ਨੂੰ ਹੋਰ ਸਿਸਟਮ ਵਾਂਗ ਜਦੋਂ ਅਸੀਂ ਇਕ ਭਾਸ਼ਾ ਦੇ ਰੂਪ ਵਿਚ ਗ੍ਰਹਿਣ ਕਰਦੇ ਹਾਂ ਤਾਂ ਸਾਨੂੰ ਇਸ ਨੂੰ ਇਕ 'ਟੈਕਸਟ' ਦੇ ਰੂਪ ਵਿਚ ਲੈਣਾ ਪਏਗਾ। ਇਥੇ 'ਟੈਕਸਟ' ਤੋਂ ਸਾਡਾ ਭਾਵ ਸ਼ਬਦ ਦੇ ਸਾਧਾਰਨ ਅਰਥਾਂ ਨਾਲੋਂ ਵੱਖਰਾ ਹੈ। ਟੈਕਸਟ ਦਾ ਅੱਖਰਾਂ ਦੇ ਰੂਪ ਵਿਚ ਲਿਖਤ ਹੋਣਾ ਲਾਜ਼ਮੀ ਨਹੀਂ। ਸਾਡੇ ਲਈ 'ਟੈਕਸਟ' ਕਿਸੇ ਰਚਨਾ ਵਿਚ ਭਿੰਨ-ਭਿੰਨ ਤੱਤਾਂ ਦਾ ਅਜਿਹਾ ਜੋੜ ਹੈ, ਜੋ ਦ੍ਰਸ਼ਟੇ ਨੂੰ ਤੱਤਾਂ ਦੇ ਆਪਸ ਵਿਚ ਜਟਿਲ ਸੰਬੰਧਾਂ ਨਾਲ ਅਵਗਤ ਕਰਾਉਂਦਾ ਹੈ। ਇਸ ਤਰ੍ਹਾਂ 'ਟੈਕਸਟ' ਇਕ ਦੂਜੇ ਨਾਲ ਸੰਬੰਧਿਤ ਤੱਤਾਂ ਨਾਲ ਰਚਿਆ ਹੋਇਆ ਉਹ ਰੂਪ ਹੈ, ਜਿਸ ਵਿੱਚੋਂ ਦ੍ਰਸ਼ਟਾ ਉਸ ਵਿਚਲੇ ਵੱਖੋ-ਵੱਖਰੇ ਅੰਤਰ ਸੰਬੰਧਾਂ ਰਾਹੀਂ ਕੋਈ ਸਿਸਟਮ ਪਛਾਣ ਲੈਂਦਾ ਹੈ। ਇਸ ਦਾ ਅਰਥ ਇਹ ਹੋਇਆ ਕਿ ਟੈਕਸਟ ਸਾਮਗਰੀ ਦਾ ਇਕ ਅਜਿਹਾ ਰੂਪ ਹੈ, ਜਿਸ ਦੀ ਰਚਨਾ ਕਰਨ ਵਾਲੀਆਂ ਇਕਾਈਆਂ ਕਿਸੇ ਵੀ ਪ੍ਰਕਾਰ ਦੀਆਂ ਹੋ ਸਕਦੀਆਂ ਹਨ। ਇਹ ਕੁਝ ਧੁਨੀਆਂ ਦਾ ਪ੍ਰਬੰਧ, ਕੁਝ ਉਚਾਰਾਂ ਦਾ ਜੋੜ, ਕੁਝ ਰੀਤੀਆਂ ਦਾ ਪਾਲਣ, ਕੁਝ ਰੰਗਾਂ ਦੀ ਵਰਤੋਂ, ਕੁਝ ਵਾਕਾਂ ਦਾ ਲੇਖਣ ਜਾਂ ਕੁਝ ਸਾਕੇਚਾਰੀ ਸੰਬੰਧਾਂ ਦੀ ਪਛਾਣ—ਕੁਝ ਵੀ ਹੋ ਸਕਦੀ ਹੈ। ਇਹਨਾਂ ਸਾਰਿਆਂ ਦਾ ਟੈਕਸਟ ਦੀ ਕਸਵੱਟੀ 'ਤੇ ਪੂਰਾ ਉਤਰਨ ਲਈ ਲਾਜ਼ਮੀ ਹੈ ਕਿ ਜਦੋਂ ਕੋਈ ਦ੍ਰਸ਼ਟਾ ਇਹਨਾਂ ਰੂਪਾਂ ਥਾਣੀਂ ਲੰਘਣ ਦਾ ਜਤਨ ਕਰੇ ਤਾਂ ਇਹ ਸਭ ਇਕ ਪ੍ਰਕਾਰ ਦੇ ਸਿਸਟਮ ਦਾ ਪ੍ਰਮਾਣ ਦੇਣ। ਜੇਕਰ ਅਜਿਹੇ ਸਿਸਟਮ ਦਾ ਬੰਧੇਜ ਇਹਨਾਂ ਵਿੱਚੋਂ ਨਹੀਂ ਪਛਾਣਿਆ ਜਾ ਸਕਦਾ ਤਾਂ ਫੇਰ ਇਹ ਟੈਕਸਟ ਦਾ ਦਰਜਾ ਧਾਰਨ ਕਰਨ ਦੀਆਂ ਅਧਿਕਾਰੀ ਵੀ ਨਹੀਂ ਰਹਿੰਦੀਆਂ। ਇਸ ਲਈ ਮਨੁੱਖੀ ਸੰਸਕ੍ਰਿਤੀ ਦੇ ਜਗਤ ਵਿਚ ਕਿਸੇ ਵੀ ਰਚਨਾ ਦੇ ਸਾਰਥਿਕ ਰੂਪ ਨੂੰ ਪਛਾਨਣ ਲਈ ਉਸ ਦੇ ਟੈਕਸਟ ਰੂਪ ਹੋਣ ਦੀ ਕਲਪਨਾ ਕੀਤੀ ਜਾ ਸਕਦੀ ਹੈ। ਇਥੇ ਖ਼ਾਸ ਗੱਲ ਇਹੋ ਹੀ ਹੈ ਕਿ ਬਾਹਰੋਂ ਵੇਖਿਆਂ ਅਜਿਹੀ ਰਚਨਾ ਦੇ ਸਿਸਟੇਮੈਟਿਕ ਆਧਾਰ ਦੀ ਪਛਾਣ ਹੋਣੀ ਜ਼ਰੂਰੀ ਹੈ।

ਪੰਜਾਬੀ ਸਾਕਾਚਾਰੀ ਦੇ ਪ੍ਰਬੰਧ ਨੂੰ ਜਦੋਂ ਅਸੀਂ ਇਕ 'ਟੈਕਸਟ' ਦੇ ਰੂਪ ਵਿਚ ਗ੍ਰਹਿਣ ਕਰਨ ਦੀ ਕੋਸ਼ਿਸ਼ ਕਰਦੇ ਹਾਂ ਤਾਂ ਇਹ ਠੋਸ ਅਤੇ ਸਮੂਰਤ ਪਰਪੰਚ ਬਣਨ ਦੀ ਬਜਾਏ ਸੈਂਸਰੀ ਸਿਸਟਮਾਂ ਦੇ ਰੂਪ ਵਿਚ ਹੀ ਮਿਲਦਾ ਹੈ। ਇਹਨਾਂ ਨੂੰ ਵਿਉਂਤਬੱਧ ਢੰਗ ਨਾਲ ਗ੍ਰਹਿਣ ਕਰਨ ਲਈ ਕਲਾਡ ਲੈਵੀਸਤ੍ਰਾਸ ਦੀ ਸੰਰਚਨਾਵਾਦੀ ਵਿਧੀ ਸਾਡੀ ਸਹਾਇਤਾ ਕਰ ਸਕਦੀ ਹੈ। ਲੈਵੀਸਤ੍ਰਾਸ ਆਪਣੀ ਪੁਸਤਕ (The Savage Mind) ਵਿਚ ਇਹ ਦਲੀਲ ਪੇਸ਼ ਕਰਦਾ ਹੈ ਕਿ ਆਦਿਮ ਸਮਾਜਾਂ (primitive societies) ਵਿਚ ਮਨੁੱਖੀ ਵਿਚਾਰ ਅਤੇ ਵਤੀਰੇ ਦੀਆਂ ਸਿਸਟੇਮੈਟਿਕ ਸੰਰਚਨਾਵਾਂ ਪਛਾਣੀਆਂ ਜਾ ਸਕਦੀਆਂ ਹਨ। ਉਸ ਦਾ ਇਹ ਵਿਚਾਰ ਹੈ ਕਿ ਇਹ ਸੰਰਚਨਾਵਾਂ ਸਮਾਜਿਕ ਜੀਵਨ ਦੇ ਹਰ ਪੱਖੋਂ ਕਾਫ਼ੀ ਉੱਚ ਪੱਧਰ ਦੀ ਤਰਤੀਬ (symmetry) ਅਤੇ ਪ੍ਰਬੰਧ (order) ਨੂੰ ਦਰਸਾਉਂਦੀਆਂ ਹਨ। ਇਹ ਤਰਤੀਬ ਅਤੇ ਪ੍ਰਬੰਧ ਸੰਚਾਰ ਸਿਸਟਮਾਂ ਦੇ ਕੁਝ ਲੱਛਣਾਂ ਨਾਲ ਜੁੜੇ ਹੋਏ ਹੁੰਦੇ ਹਨ। ਸਾਰੇ ਹੀ ਸਮਾਜ ਸਿਸਟਮਬੱਧ ਰੂਪ ਵਿਚ ਕਾਰਜ ਕਰਦੇ ਹਨ, ਕਿਉਂਕਿ ਮਨੁੱਖੀ ਮਨ ਸਦਾ ਤਜਰਬਿਆਂ ਦੇ ਰੋਲ-ਘਚੋਲ ਵਿੱਚੋਂ ਪ੍ਰਬੰਧ ਪੈਦਾ ਕਰਨ ਵੱਲ ਜਾਂ ਦੂਜੇ ਸ਼ਬਦਾਂ ਵਿਚ ਸਾਂਸਕ੍ਰਿਤਿਕ ਰੂਪ ਵਿਧੀਆਂ ਘੜਨ ਵੱਲ ਰੁਚਿਤ ਰਹਿੰਦਾ ਹੈ। ਲੈਵੀਸਤ੍ਰਾਸ ਦਾ ਇਹ ਵੀ ਕਹਿਣਾ ਹੈ ਕਿ ਇਹ ਸਿਸਟਮ ਇਤਿਹਾਸ ਦੇ ਵਹਿਣ ਵਿਚ ਮਿਲਦੇ ਹਨ, ਇਸ ਲਈ ਕਿਸੇ ਸਮਾਜ ਵਿਚ ਸਥਿਰ ਤਰਤੀਬ ਜਾਂ ਪ੍ਰਬੰਧ ਦੇ ਹੋਣ ਦੀ ਆਸ ਕਰਨੀ ਬੇਅਰਥ ਹੈ। ਇਤਿਹਾਸਕ ਘਟਨਾਵਾਂ ਆਮ ਤੌਰ 'ਤੇ ਪ੍ਰਬੰਧ ਵਿਚ ਬੱਝੇ ਹੋਏ ਸਿਸਟਮਾਂ ਨੂੰ ਤੋੜਦੀਆਂ ਹਨ। ਇਸੇ ਕਰਕੇ ਪ੍ਰਬੰਧ ਅਤੇ ਰੋਲ-ਘਚੋਲ ਵਿਚ ਹਰ ਸਮੇਂ ਵਿਰੋਧ ਪਛਾਣਿਆ ਜਾ ਸਕਦਾ ਹੈ।

ਕਿਸੇ ਸਮਾਜ ਦੇ ਕੁਝ ਤੱਤ ਦੂਜਿਆਂ ਦੀ ਤੁਲਨਾ ਵਿਚ ਇਤਿਹਾਸਕ ਘਟਨਾਵਾਂ ਦੀ ਢਾਅ ਦਾ ਸ਼ਿਕਾਰ ਛੇਤੀ ਹੋ ਜਾਂਦੇ ਹਨ। ਉਦਾਹਰਣ ਲਈ ਰਾਜਨੀਤਕ ਸੰਸਥਾਵਾਂ ਸਮਾਜਿਕ ਸੰਸਥਾਵਾਂ ਦੇ ਮੁਕਾਬਲੇ ਵਿਚ ਛੇਤੀ ਬਦਲ ਜਾਂਦੀਆਂ ਹਨ ਅਤੇ ਕਈ ਵਾਰੀ ਨਸ਼ਟ ਵੀ ਹੋ ਜਾਂਦੀਆਂ ਹਨ। ਇਤਿਹਾਸ ਵਿਚ ਇਹ ਵੇਖਿਆ ਗਿਆ ਹੈ ਕਿ ਕਈ ਸਮਾਜਾਂ ਵਿਚ ਅਤਿਅੰਤ ਸੰਗਠਿਤ ਰਾਜਸੀ ਸੰਸਥਾਵਾਂ ਰਾਜਸੀ ਜੁਗ-ਗਰਦੀ ਅਤੇ ਉਥਲ-ਪੁਥਲ ਦਾ ਸ਼ਿਕਾਰ ਬਣ ਗਈਆਂ। ਪਰ ਰਾਜਸੀ ਸੰਸਥਾਵਾਂ ਦੀ ਤੁਲਨਾ ਪਰਿਵਾਰ ਅਤੇ ਰਿਸ਼ਤੇ-ਨਾਤਿਆਂ ਨਾਲ ਸੰਬੰਧਿਤ ਕਈ ਸੰਸਥਾਵਾਂ ਵਧੇਰੇ ਸਥਿਰ ਅਤੇ ਚਿਰਜੀਵ ਹੁੰਦੀਆਂ ਹਨ। ਇਹ ਸੰਸਥਾਵਾਂ ਆਪਣੇ ਖ਼ਾਸ ਲੱਛਣਾਂ ਕਰਕੇ ਪਰਿਵਰਤਨ ਦਾ ਵਿਰੋਧ ਕਰਦੀਆਂ ਹਨ। ਇਸ ਦਾ ਵੱਡਾ ਕਾਰਨ ਤਾਂ ਇਹ ਹੈ ਕਿ ਪਰਿਵਾਰ ਤੇ ਵਿਆਹ-ਪ੍ਰਥਾ ਨਾਲ ਜੁੜੀਆਂ ਸੰਸਥਾਵਾਂ ਹੋਰ ਸਮਾਜਿਕ ਅਤੇ ਰਾਜਸੀ ਸੰਸਥਾਵਾਂ ਦੇ ਟਾਕਰੇ ਵਿਚ ਵਧੇਰੇ ਬੁਨਿਆਦੀ ਹਨ ਅਤੇ ਇਹਨਾਂ ਦੀਆਂ ਭਾਵਨਾ ਮੂਲਕ ਜੜ੍ਹਾਂ ਵੀ ਡੂੰਘੀਆਂ ਹੁੰਦੀਆਂ ਹਨ। ਇਸੇ ਕਾਰਨ ਕਿਸੇ ਵੀ ਸਮਾਜ ਵਿਚ ਸਾਕੇਚਾਰੀ ਪ੍ਰਬੰਧ ਅਤਿਅੰਤ ਸੰਗਠਿਤ, ਨਿਰੰਤਰ ਅਤੇ ਪਰੰਪਰਕ ਬਣਿਆ ਰਹਿੰਦਾ ਹੈ ਅਤੇ ਇਤਿਹਾਸ ਦੀਆਂ ਸਮੇਂ-ਸਮੇਂ ਸਿਰ ਪੈਦਾ ਹੋਣ ਵਾਲੀਆਂ ਰੌਆਂ ਦਾ ਇਸ ਉੱਤੇ ਬਹੁਤ ਘੱਟ ਢਾਊ ਪ੍ਰਭਾਵ ਪੈਂਦਾ ਹੈ।


ਲੈਵੀਸਤ੍ਰਾਸ ਨੇ ਆਪਣੀ ਇਕ ਹੋਰ ਪੁਸਤਕ 'The Elementary Structures of Kinship' ਵਿਚ ਕੁਝ ਆਦਿਮ ਕਬੀਲਿਆਂ ਦੇ ਸਾਕੇਚਾਰੀ ਪ੍ਰਬੰਧ ਨੂੰ ਇਕ ਸੰਚਾਰ-ਸਿਸਟਮ ਦੇ ਰੂਪ ਵਿਚ ਵੇਖਣ ਦਾ ਜਤਨ ਕੀਤਾ ਹੈ। ਉਸ ਦਾ ਇਹ ਵਿਚਾਰ ਹੈ ਕਿ ਇਹਨਾਂ ਕਬੀਲਿਆਂ ਦਾ ਪਰਿਵਾਰ-ਗਠਨ, ਵਿਆਹ-ਸੰਧੀਆਂ ਅਤੇ ਸਾਕੇਚਾਰੀ ਆਦਿ ਇਕ ਪ੍ਰਕਾਰ ਦੀ ਭਾਸ਼ਾ ਦਾ ਰੂਪ ਧਾਰਨ ਕਰਦੇ ਹਨ। ਇਸ ਤੋਂ ਪਹਿਲਾਂ ਆਪਣੀ ਪੁਸਤਕ 'Structural Anthropology' ਵਿਚ ਉਸ ਨੇ ਕੁਝ ਅਜਿਹੇ ਕਬੀਲਿਆਂ ਦੀਆਂ ਮਿੱਥਾਂ ਦਾ ਅਧਿਐਨ ਕੀਤਾ ਹੈ ਅਤੇ ਉਹਨਾਂ ਦਾ ਵਿਸ਼ਲੇਸ਼ਣ ਕਰਨ ਲਈ ਧੁਨੀ ਵਿਗਿਆਨ ਦੇ ਖੇਤਰ ਵਿੱਚੋਂ ਕੁਝ ਅਨੁਭਵ ਅਤੇ ਸੰਦ ਉਧਾਰੇ ਲਏ ਹਨ, ਜਿਨ੍ਹਾਂ ਦੀ ਵਰਤੋਂ ਦਾ ਖੇਤਰ ਵਿਸਤ੍ਰਿਤ ਕਰਕੇ ਉਸ ਨੇ ਸਮਾਜਿਕ ਵਰਤ-ਵਿਹਾਰ ਨੂੰ ਇਕ ਭਾਸ਼ਾ ਸਿਸਟਮ ਦੇ ਤੌਰ 'ਤੇ ਸਮਝਣ ਦਾ ਜਤਨ ਕੀਤਾ। ਇਸ ਸੰਬੰਧ ਵਿਚ ਉਹ ਸਭ ਤੋਂ ਜ਼ਿਆਦਾ ਰੋਮਨ ਯਾਕੋਬਸਨ ਤੋਂ ਪ੍ਰਭਾਵਿਤ ਹੋਇਆ, ਜਿਸ ਨੇ ਕਿਸੇ ਵੀ ਭਾਸ਼ਾ ਸਿਸਟਮ ਦੀਆਂ ਦੋ ਬੁਨਿਆਦੀ ਪ੍ਰਕਿਰਿਆਵਾਂ—ਮੈਟੋਨਮੀ ਅਤੇ ਮੈਟਾਫ਼ਰ—ਦਸੀਆਂ। ਯਾਕੋਬਸਨ ਦੇ ਅਨੁਸਾਰ ਭਾਸ਼ਾ—ਵਰਤੋਂ ਦੇ ਇਹ ਦੋ ਬੁਨਿਆਦੀ ਢੰਗ ਹਨ, ਜਿਨ੍ਹਾਂ ਤੋਂ ਬਿਨਾਂ ਕੋਈ ਭਾਸ਼ਾ ਆਪਣੇ ਸਿਸਟਮ ਨੂੰ ਧਾਰਨ ਨਹੀਂ ਕਰ ਸਕਦੀ। ਯਾਕੋਬਸਨ ਅਨੁਸਾਰ ਮੈਟਾਫ਼ਰ ਦੋ ਸ਼ਬਦਾਂ ਜਾਂ ਦੋ ਵਸਤਾਂ ਨੂੰ ਇਕ ਦੂਜੇ ਨਾਲ ਸੰਬੰਧਿਤ ਕਰਨ ਦਾ ਇਕ ਸਾਧਨ ਹੈ। ਅਜਿਹੇ ਸੰਬੰਧ ਕਾਇਮ ਕਰਨ ਦਾ ਆਧਾਰ ਸਮਾਨਤਾ ਮੰਨੀ ਜਾ ਸਕਦੀ ਹੈ, ਜੋ ਸ਼ਬਦਾਂ ਜਾਂ ਵਸਤਾਂ ਵਿਚ ਪਛਾਣੀ ਜਾਂਦੀ ਹੈ। ਅਸਲ ਵਿਚ ਅਸੀਂ ਆਪਣੀ ਭਾਸ਼ਾ ਵਿਚ ਸੰਚਾਰ ਕਰਦਿਆਂ ਮੈਟਾਫ਼ਰ ਦਾ ਪ੍ਰਯੋਗ ਬਹੁਤ ਜ਼ਿਆਦਾ ਕਰਦੇ ਹਾਂ। ਇਸ ਦੀ ਮਦਦ ਨਾਲ ਅਸੀਂ ਵਸਤਾਂ ਨੂੰ ਵਸਤਾਂ ਨਾਲ, ਸੰਬੰਧਾਂ ਨੂੰ ਸੰਬੰਧਾਂ ਨਾਲ, ਪੱਧਰ ਨੂੰ ਪੱਧਰਾਂ ਨਾਲ, ਖੇਤਰ ਨੂੰ ਖੇਤਰਾਂ ਨਾਲ, ਵਸਤਾਂ ਨੂੰ ਖੇਤਰਾਂ ਨਾਲ, ਮਨੁੱਖਾਂ ਨੂੰ ਪੰਛੀਆਂ ਨਾਲ ਅਤੇ ਮਨੁੱਖ ਨੂੰ ਮਨੁੱਖਾਂ ਨਾਲ ਸੰਬੰਧਿਤ ਕਰਦੇ ਹਾਂ। ਉਦਾਹਰਣ ਦੇ ਲਈ ਜਦੋਂ ਅਸੀਂ ਕੁਰਸੀ ਅਤੇ ਰਾਜਸੀ ਤਾਕਤ ਨੂੰ ਇਕ ਦੂਜੇ ਨਾਲ ਸੰਬੰਧਿਤ ਕਰਦੇ ਹਾਂ ਤਾਂ ਅਸੀਂ ਮੈਟਾਫ਼ਰ ਹੀ ਵਰਤਦੇ ਹਾਂ। ਵਾਈਟ ਹਾਊਸ ਵਿਚ ਸਫ਼ੈਦ ਘਰ ਅਤੇ ਅਮਰੀਕਾ ਦੇ ਪ੍ਰਧਾਨ ਦੀ ਰਿਹਾਇਸ਼ ਦੇ ਅਰਥਾਂ ਵਿਚ ਵਰਤੀਣਾ ਮੈਟਾਫ਼ਰ ਦਾ ਹੀ ਨਮੂਨਾ ਹੈ। ਕਿਸੇ ਦਾ ਜ਼ਿੰਦਗੀ ਵਿਚ ਉੱਨਤੀ ਕਰਨਾ, ਇਕ ਪੌੜੀ ਦੇ ਡੰਡਿਆਂ ਉਪਰ ਚੜ੍ਹਨ ਦੇ ਸਮਾਨ ਦਿਖਾਉਣਾ, ਇਕ ਖੇਤਰ ਨੂੰ ਇਕ ਵਸਤ ਨਾਲ ਜੋੜਨ ਦੇ ਬਰਾਬਰ ਹੈ। ਇਸੇ ਤਰ੍ਹਾਂ ਆਤਮਾ ਤੇ ਪਰਮਾਤਮਾ ਦਾ ਪਿਆਰ ਪਤੀ ਅਤੇ ਪਤਨੀ ਦੇ ਸੰਬੰਧਾਂ ਜਾਂ ਪ੍ਰੇਮੀ ਤੇ ਪ੍ਰੇਮਿਕਾ ਦੇ ਸੰਬੰਧਾਂ ਨਾਲ ਜੋੜਨਾ ਵੀ ਅਧਿਆਤਮ ਦੇ ਖੇਤਰ ਨੂੰ ਗ੍ਰਹਿਸਥ ਦੇ ਖੇਤਰ ਨਾਲ ਜੋੜਨਾ ਹੈ। ਮੈਟਾਫ਼ਰ ਵਿਚ ਇਕ ਧਿਰ ਨੂੰ ਦੂਜੀ ਨਾਲ ਜੋੜਿਆ ਜਾਂਦਾ ਹੈ ਅਤੇ ਇਸ ਜੋੜ ਦੇ ਪਿੱਛੇ ਕੰਮ ਕਰ ਰਿਹਾ ਨੇਮ ਸਮਾਨਤਾ (identity) ਦਾ ਹੈ। ਇਸ ਦੇ ਉਲਟ ਮੈਟੋਨਿਮੀ ਰਾਹੀਂ ਵੀ ਦੋ ਵਸਤਾਂ ਨੂੰ ਇਕ ਦੂਜੇ ਨਾਲ ਸੰਬੰਧਿਤ ਕੀਤਾ ਜਾਂਦਾ ਹੈ, ਪਰ ਇਸ ਦਾ ਆਧਾਰ ਸਮੀਪਤਾ (contiguity) ਬਣਦਾ ਹੈ। ਇਹ ਸਮੀਪਤਾ ਕਾਲਕ੍ਰਮ ਦੀ ਪਾਸਾਰਮੁਖੀ ਹੋ ਸਕਦੀ ਹੈ। ਉਦਾਹਰਣ ਲਈ ਇਕ ਮੇਜ ਪਾਸਾਰਗਤ ਕੁਰਸੀ ਨਾਲ ਸੰਬੰਧਿਤ ਹੈ। ਖਾਣਾ ਖਾਣ ਤੋਂ ਪਿੱਛੋਂ ਡਕਾਰ ਆਉਣਾ ਕਾਲ-ਕ੍ਰਮਵਤ ਇਕ ਦੂਜੇ ਨਾਲ ਸੰਬੰਧਿਤ ਹਨ।

ਪਰ ਇਹ ਸੰਬੰਧ ਮੈਟਾਨਿਮੀ 'ਤੇ ਆਧਾਰਿਤ ਹੈ। ਇਸੇ ਤਰ੍ਹਾਂ ਜੇਕਰ 'ਛੁਰੀ' ਸ਼ਬਦ ਨੂੰ ਸੁਣ ਕੇ 'ਕਾਂਟਾ' ਸ਼ਬਦ ਉਚਾਰਿਆ ਜਾਏ ਤਾਂ ਦੋਹਾਂ ਦਾ ਆਪਸ ਵਿਚ ਸੰਬੰਧ ਮੈਟਾਨਿਮੀ ਦੁਆਰਾ ਬਣੇਗਾ, ਪਰ ਜੇ 'ਛੁਰੀ' ਦੇ ਉੱਤਰ ਵਿਚ 'ਤਲਵਾਰ' ਸ਼ਬਦ ਉਚਾਰਿਆ ਜਾਏ ਤਾਂ ਦੋਹਾਂ ਸ਼ਬਦਾਂ ਦਾ ਆਪਸੀ ਸੰਬੰਧ ਮੈਟਾਫ਼ਰ ਵਾਲਾ ਹੋਵੇਗਾ। ਥੋੜ੍ਹੇ ਸ਼ਬਦਾਂ ਵਿਚ ਅਸੀਂ ਕਹਿ ਸਕਦੇ ਹਾਂ ਕਿ ਕਿਸੇ ਵੀ ਭਾਸ਼ਾ ਵਿਚ ਕਿਸੇ ਵੀ ਸ਼ਾਬਦਿਕ ਅਦਲਾ-ਬਦਲੀ ਸੈਟ (lexical substitution set) ਵਿਚ ਕੰਮ ਕਰਨ ਵਾਲੇ ਬੁਨਿਆਦੀ ਨੇਮ ਮੈਟਾਫ਼ਰ ਅਤੇ ਮੈਟੋਨਿਮੀ ਦੇ ਹੁੰਦੇ ਹਨ। ਪਰ ਇਸ ਤੋਂ ਵੱਧ ਇਹ ਕਿਹਾ ਜਾ ਸਕਦਾ ਹੈ ਕਿ ਕਿਸੇ ਭਾਸ਼ਾਈ ਉਚਾਰ ਵਿਚ ਓਨੀ ਦੇਰ ਤਕ ਕੋਈ ਸਿਸਟਮ ਦੀ ਘਾੜਤ ਨਹੀਂ ਹੋ ਸਕਦੀ, ਜਿੰਨੀ ਦੇਰ ਤਕ ਇਹਨਾਂ ਦੀ ਹੋਂਦ ਨਾ ਹੋਵੇ। ਇਸ ਤਰ੍ਹਾਂ ਕਿਸੇ ਸਿਸਟਮ ਰਚਨਾ ਦੀ ਇਹ ਬੁਨਿਆਦੀ ਸ਼ਰਤ ਬਣਦੇ ਹਨ।


ਲੈਵੀਸਤ੍ਰਾਸ ਇਹਨਾਂ ਦੋ ਨੇਮਾਂ ਨੂੰ ਕਿਸੇ ਵੀ ਸਿਸਟਮ ਦੀ ਪਹਿਲੀ ਮੰਗ (apriori) ਮੰਨਦਾ ਹੈ। ਅਜਿਹੇ ਸਿਸਟਮ ਦੀਆਂ ਮੂਲ ਇਕਾਈਆਂ ਚਾਹੇ ਉਹ ਕਿਸੇ ਭਾਸ਼ਾ ਦੀਆਂ ਧੁਨੀਆਂ ਹਨ, ਚਾਹੇ ਕਿਸੇ ਚਿੱਤਰ ਦੇ ਰੰਗ, ਚਾਹੇ ਰਿਸ਼ਤੇਨਾਤੇ ਵਿਚ ਬੱਝੇ ਸੰਬੰਧ, ਜਦੋਂ ਵੀ ਕਿਸੇ ਟੈਕਸਟ ਦੇ ਵਿਚ ਸੰਗਠਿਤ ਹੁੰਦੇ ਹਨ, ਉਹਨਾਂ ਵਿਚ ਮੈਟਾਫ਼ਰ ਅਤੇ ਮੈਟੋਨਿਮੀ ਦੀਆਂ ਪ੍ਰਕਿਰਿਆਵਾਂ ਕਾਰਜ ਕਰਨ ਲੱਗ ਜਾਂਦੀਆਂ ਹਨ। ਇਹ ਇਕਾਈਆਂ ਓਨੀ ਦੇਰ ਤਕ ਕਿਸੇ ਸਿਸੱਟਮ ਨਾਲ ਸੰਬੰਧਿਤ ਵੇਖੀਆਂ ਹੀ ਨਹੀਂ ਜਾ ਸਕਦੀਆਂ, ਜਦ ਤਕ ਉਹਨਾਂ ਵਿਚ ਇਹ ਪ੍ਰਕਿਰਿਆਵਾਂ ਦੀ ਹੋਂਦ ਦੀ ਕਲਪਨਾ ਨਾ ਕੀਤੀ ਜਾਏ। ਲੈਵੀਸਤ੍ਰਾਸ ਦੇ ਮੁਤਾਬਿਕ ਕਿਸੇ ਵੀ ਪੱਧਰ ਦਾ ਸਮਾਜਿਕ ਸੰਵਾਦ (social discourse) ਕਲਪਿਆ ਹੀ ਨਹੀਂ ਜਾ ਸਕਦਾ, ਜਦ ਤਕ ਅਸੀਂ ਮੈਟਾਫ਼ਰ ਅਤੇ ਮੈਟੋਨਿਮੀ ਦੀ ਹੋਂਦ ਉਸ ਵਿਚ ਨਾ ਮੰਨੀਏ। ਆਪਣੀ ਪੁਸਤਕ (The Elementary Structures of Kinship) ਦੇ ਆਰੰਭਲੇ ਹਿੱਸਿਆਂ ਵਿਚ ਉਸ ਨੇ ਆਪਣੀ ਇਸ ਗੱਲ ਨੂੰ ਬੜੇ ਨਾਟਕੀ ਢੰਗ ਨਾਲ ਦਰਸਾਇਆ ਹੈ। ਸਾਦੇ ਤੋਂ ਸਾਦੇ ਸਿਸਟਮ ਦੀ ਕੋਈ ਉਦਾਹਰਣ ਲੈ ਕੇ ਵੀ ਅਸੀਂ ਇਹਨਾਂ ਪ੍ਰਕਿਰਿਆਵਾਂ ਦੇ ਕਾਰਜਸ਼ੀਲ ਹੋਣ ਦਾ ਪ੍ਰਮਾਣ ਦੇਖ ਸਕਦੇ ਹਾਂ। ਸੰਸਾਰ ਦੇ ਲਗਪਗ ਸਾਰੇ ਭਾਈਚਾਰਿਆਂ ਵਿਚ ਮਿਲਦੇ ਰਿਸ਼ਤੇਨਾਤੇ ਦੇ ਸਿਸਟਮਾਂ ਵਿਚ ਸਾਨੂੰ ਇਕ ਦੁਵੱਲੀ ਵਿਰੋਧ ਮਿਲਦਾ ਹੈ। ਇਹ ਵਿਰੋਧ ਅਸੀਂ/ਉਹ ਵਿਚਕਾਰ ਹੈ। 'ਅਸੀਂ' ਤੇ 'ਉਹ' ਵਿਚਕਾਰ ਭੋਗ-ਵਿਵਰਜਣ (incest faboo) ਦੇ ਨੇਮਾਂ ਅਤੇ ਪਰਸਪਰ ਦੇ ਵਿਧਾਨ (law of reciprocity) ਉਪਰ ਆਧਾਰਿਤ ਹੈ।

ਭੋਗ ਵਰਜਨ ਦੇ ਨੇਮ ਦੇ ਆਧਾਰ ਉੱਤੇ ਕਿਸੇ ਪਰਿਵਾਰ ਦੀਆਂ ਲੜਕੀਆਂ ਵਿਆਹ ਵਿਚ ਕਿਸੇ ਹੋਰ ਪਰਿਵਾਰ ਨੂੰ ਦਿੱਤੀਆਂ ਜਾਣੀਆਂ ਲਾਜ਼ਮੀ ਹਨ। ਕਿਸੇ ਸਮਾਜ ਵਿਚ ਜਦੋਂ ਭੋਗ ਵਰਜਨ ਦੇ ਨੇਮਾਂ ਅਤੇ ਨਾਲ ਪਰਸਪਰਤਾ ਦੇ ਨੇਮਾਂ ਦੋਹਾਂ ਨੂੰ ਰਲ ਕੇ ਕਾਰਜ ਕਰਦਾ ਵੇਖੀਏ ਤਾਂ ਸਪੱਸ਼ਟ ਹੁੰਦਾ ਹੈ ਕਿ ਅਜਿਹੇ ਸਮਾਜ ਵਿਚ ਅਸੀਂ/ਉਹ ਵਰਗੇ ਸੰਬੰਧਾਂ ਦਾ ਨਿਖੇੜਾ ਉਤਪੰਨ ਹੁੰਦਾ ਹੈ। ਇਉਂ ਰਿਸ਼ਤੇਨਾਤਿਆਂ ਦਾ ਇਕ ਅਜਿਹਾ ਸੰਸਾਰ ਜਨਮ ਲੈਂਦਾ ਹੈ, ਜਿਸ ਵਿਚ ਇਕ ਪਾਸੇ 'ਅਸੀਂ' ਅਤੇ ਦੂਜੇ ਪਾਸੇ ਇਸ ਦੇ ਵਿਰੋਧ ਵਿਚ 'ਉਹ' ਹੋਂਦ ਵਿਚ ਆਉਂਦੇ ਹਨ। ਪਰ ਇਹਨਾਂ ਸੰਬੰਧ-ਨਿਖੇੜਿਆਂ ਵਿਚ ਮੈਟਾਨਿਮੀ ਅਤੇ ਮੈਟਾਫ਼ਰ ਦੇ ਨਿਯਮ ਕੰਮ ਕਰਨਾ ਸ਼ੁਰੂ ਕਰ ਦੇਂਦੇ ਹਨ।

ਪੰਜਾਬੀ ਸਾਕੇਚਾਰੀ ਪ੍ਰਬੰਧ ਦੀ



ਸ਼ਬਦਾਵਲੀ ਦਾ ਸੀਮਾਂਟਿਕ ਖਾਕਾ



ਜਦੋਂ ਅਸੀਂ ਪੰਜਾਬੀ ਰਿਸ਼ਤੇਨਾਤੇ ਦੀ ਸ਼ਬਦਾਵਲੀ ਦੇ ਸੀਮਾਂਟਿਕ ਖਾਕੇ ਉਪਰ ਨਜ਼ਰ ਮਾਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਆਪ (Ego) ਤੋਂ ਆਰੰਭ ਕਰ ਕੇ ਸਿਫ਼ਰ ਲਾਈਨ ਉੱਤੇ ਸੱਜੇ ਖੱਬੇ ਅਤੇ ਉਪਰ ਹੇਠਾਂ ਛੇ ਅਜਿਹੇ ਰਿਸ਼ਤੇ ਹਨ, ਜੋ ਉਸ ਵੱਲ ਸਿੱਧੀ ਤਰ੍ਹਾਂ ਸੰਬੰਧਿਤ ਹਨ। ਇਹ ਹਨ—ਮਾਂ, ਬਾਪ, ਭਰਾ, ਭੈਣ, ਪੁੱਤਰ ਅਤੇ ਧੀ। ਇਹ ਸੰਬੰਧ ਮੂਲ ਰੂਪ ਵਿਚ ਮੈਟਾਨਿਮੀ ਦੇ ਨੇਮ ਦੁਆਰਾ ਹੋਂਦ ਵਿਚ ਆਉਂਦੇ ਹਨ। ਜਦੋਂ ਆਪ (Ego) ਆਪਣੀ ਧੀ ਨੂੰ ਭੋਗ ਵਰਜਨ ਦੇ ਆਧਾਰ ਉੱਤੇ ਵਿਆਹ ਵਿਚ ਕਿਸੇ ਹੋਰ ਪਰਿਵਾਰ ਨੂੰ ਦੇ ਦੇਂਦਾ ਹੈ ਅਤੇ ਪਰਸਪਰਤਾ (reciprocity) ਦੇ ਨੇਮ ਦੇ ਆਧਾਰ ਉੱਤੇ ਕਿਸੇ ਹੋਰ ਪਰਿਵਾਰ ਦੀ ਧੀ ਨੂੰ ਆਪਣੇ ਘਰ ਲੈ ਆਉਂਦਾ ਹੈ ਤਾਂ ਅਜਿਹੀ ਹਾਲਤ ਵਿਚ ਸੰਬੰਧਾਂ ਦਾ ਮੈਟਾਫ਼ੋਰਿਕ ਵਿਸਥਾਰ ਹੁੰਦਾ ਹੈ। ਇਹ ਵਿਸਥਾਰ ਇਕ ਪ੍ਰਕਾਰ ਦਾ ਲੜੀ ਦੇ ਰੂਪ ਵਿਚ ਹੁੰਦਾ ਹੈ, ਜਿਸ ਦਾ ਆਧਾਰ ਸਮੀਪਤਾ ਦਾ ਨੇਮ (principle of contiguity) ਮੰਨਿਆ ਜਾ ਸਕਦਾ ਹੈ। ਦੋਹਾਂ ਪਰਿਵਾਰਾਂ ਵਿਚ ਭੋਗ ਵਰਜਨ ਆਪੋ ਆਪਣੇ ਪੁਰਾਚਾਰ ਵਿਚ ਵਿਆਹ ਕਰਨ ਉੱਤੇ ਰੋਕ ਲਗਾਂਦਾ ਹੈ। ਇਸ ਦੇ ਨਤੀਜੇ ਵਜੋਂ ਇਕ ਪਰਿਵਾਰ ਦੀ ਧੀ ਦੂਜੇ ਪਰਿਵਾਰ ਵਿਚ ਜਾਂਦੀ ਹੈ ਅਤੇ ਕਿਸੇ ਹੋਰ ਪਰਿਵਾਰ ਦੀ ਧੀ ਪਹਿਲੇ ਪਰਿਵਾਰ ਵਿਚ ਆਉਂਦੀ ਹੈ। ਦੂਜੇ ਸ਼ਬਦਾਂ ਵਿਚ ਇਕ ਪਰਿਵਾਰ ਵਿੱਚੋਂ ਇਕ ਧੀ ਜਾਂਦੀ ਹੈ ਅਤੇ ਉਸ ਦੀ ਥਾਂ 'ਤੇ ਨੂੰਹ ਦੇ ਰੂਪ ਵਿਚ ਕਿਸੇ ਹੋਰ ਪਰਿਵਾਰ ਦੀ ਧੀ ਆਉਂਦੀ ਹੈ। ਇਸ ਤਰ੍ਹਾਂ ਪਰਿਵਾਰਾਂ ਵਿੱਚੋਂ 'ਧੀਆਂ ਦੇ ਜਾਣ' ਅਤੇ 'ਧੀਆਂ ਦੇ ਆਣ' ਦਾ ਸਿਲਸਿਲਾ ਇਕ ਲੜੀ ਦੇ ਰਿਸ਼ਤੇ ਵਿਚ ਬੱਝਦਾ ਹੈ ਅਤੇ ਇਥੋਂ ਹੀ ਮੈਟਾਫ਼ਰ ਦੇ ਨੇਮਾਂ ਦੇ ਆਧਾਰ ਉੱਤੇ ਰਿਸ਼ਤਿਆਂ ਦੀ ਲੜੀ ਦਾ ਆਰੰਭ ਹੁੰਦਾ ਹੈ।

ਹੁਣ ਇੱਕੋ ਪਰਿਵਾਰ ਵਿਚ ਦੋ ਜਾਂ ਦੋ ਤੋਂ ਵੱਧ ਭਰਾਵਾਂ ਦੀ ਸੰਤਾਨ ਦਾ ਪਰਸਪਰ ਰਿਸ਼ਤਾ ਭੈਣ-ਭਰਾਵਾਂ ਵਾਲਾ ਰਹਿੰਦਾ ਹੈ। ਪਰ ਉਹ ਸਕੇ ਭੈਣ ਭਰਾ ਨਹੀਂ ਹੁੰਦੇ, ਸਗੋਂ ਚਾਚੇ-ਤਾਏ ਦੇ ਪੁੱਤ-ਭਰਾ ਹੁੰਦੇ ਹਨ, ਇਹ ਭਰਾਵਾਂ ਦਾ ਸੰਬੰਧ ਵੀ ਮੈਟਾਨਿਮੀ ਦੇ ਨੇਮ ਉੱਤੇ ਆਧਾਰਿਤ ਨਹੀਂ, ਸਗੋਂ ਮੈਟਾਫ਼ਰ 'ਤੇ ਆਧਾਰਿਤ ਹੈ। ਅੰਗਰੇਜ਼ੀ ਵਿਚ ਅਜਿਹੇ ਭੈਣ-ਭਰਾਵਾਂ ਨੂੰ ਸਹੋਦਰ (still) ਕਿਹਾ ਜਾਂਦਾ ਹੈ, ਜੋ ਰੂਪਕੀ ਪੱਧਰ ਉੱਤੇ ਜਾਂ ਮੈਟਾਫ਼ਰ ਦੇ ਪੱਧਰ ਉੱਤੇ ਇਕ ਦੂਜੇ ਨਾਲ ਸੰਬੰਧਿਤ ਹੁੰਦੇ ਹਨ। ਇਉਂ ਪੰਜਾਬੀ ਰਿਸ਼ਤੇਨਾਤੇ ਦੀ ਸ਼ਬਦਾਵਲੀ ਨੂੰ ਉਸ ਦੇ ਅਤਿ ਸਰਲ ਪੱਧਰ ਉੱਤੇ ਵੇਖਿਆਂ ਵੀ ਸਾਨੂੰ ਇਸ ਦੀ ਤੈਹ ਵਿਚ ਮੈਟਾਫ਼ਰ ਅਤੇ ਮੈਟਾਨਿਮੀ ਦੇ ਨੇਮ ਕੰਮ ਕਰਦੇ ਨਜ਼ਰ ਆਉਂਦੇ ਹਨ। ਪੰਜਾਬ ਦੇ ਆਮ ਵਿਆਹ ਨੇਮਾਂ ਦੇ ਮੁਤਾਬਿਕ ਆਪਣੇ ਪਿੰਡ ਵਿਚ ਮੁੰਡੇ-ਕੁੜੀਆਂ ਦੇ ਵਿਆਹ ਦੀ ਆਗਿਆ ਨਹੀਂ ਹੁੰਦੀ। ਉਂਜ ਵੀ ਵਿਆਹ ਤੋਂ ਬਾਅਦ ਪੈਟਰੀਲੋਕਲ ਘਰ ਸਥਾਪਤ ਹੁੰਦਾ ਹੈ। ਇਸ ਕਾਰਨ ਹਰ ਪਿੰਡ ਵਿਚ ਰਿਸ਼ਤੇਨਾਤੇ ਦੇ ਸਹੋਦਰ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ। ਜੇਕਰ ਕਿਸੇ ਵਿਅਕਤੀ ਦਾ ਘਰ- ਠਿਕਾਣਾ ਨਾ ਪਤਾ ਹੋਵੇ, ਇਹ ਆਮ ਨੇਮ ਹੈ ਕਿ ਉਸ ਨੂੰ ਆਦਰ ਨਾਲ ਸੰਬੰਧੋਤਿ ਕਰਨ ਲਈ ਭਰਾ ਜੀ, ਭੈਣ ਜੀ, ਬਾਈ ਜੀ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਜਾਂਦੀ ਹੈ, ਜੋ ਪਿਤਾ-ਵੰਸ਼ੀ (patrilateral) ਸ਼ਬਦਾਵਲੀ ਹੈ। ਇਹ ਇਕ ਪ੍ਰਕਾਰ ਦੇ ਮੂਲ ਰਿਸ਼ਤੇਨਾਤੇ ਦੀ ਸ਼ਬਦਾਵਲੀ ਦਾ ਰੂਪਕੀ ਜਾਂ ਮੈਟਾਫ਼ੋਰੀਕਲ ਵਿਸਥਾਰ ਹੈ। ਪਿੰਡ ਦਾ ਸਾਰਾ ਸਮੁਦਾਏ 'ਭਾਈਚਾਰਾ' ਮੰਨਿਆ

ਜਾਂਦਾ ਹੈ। ਕਿਸੇ ਹੋਰ ਪਿੰਡ ਤੋਂ ਵਿਆਹ ਕੇ ਲਿਆਂਦੀ ਕੁੜੀ 'ਪਿੰਡ ਦੀ ਨੂੰਹ' ਬਣ ਜਾਂਦੀ ਹੈ ਅਤੇ ਆਪਣੇ ਪਿੰਡ ਸਮੁਦਾਏ ਵਿਚ 'ਪਿੰਡ ਦੀ ਧੀ' ਅਖਵਾਉਂਦੀ ਹੈ। ਉਥੇ ਉਸ ਲਈ ਵਰਤੀ ਜਾਂਦੀ ਸਾਰੀ ਸ਼ਬਦਾਵਲੀ ਮਾਂ-ਵੰਸ਼ੀ (matri-lateral) ਸਮੂਹ ਦੀ ਹੁੰਦੀ ਹੈ ਅਤੇ ਇਸ ਵਰਤੋਂ ਦਾ ਆਧਾਰ ਵੀ ਰੂਪਕ ਹੁੰਦਾ ਹੈ। ਇਉਂ ਸਿਲਵੀਆ ਵਟੂਕ ਦੇ ਸ਼ਬਦਾਂ ਵਿਚ ਗਾਲਪਨਿਕ ਸਾਕੇਚਾਰੀ ਸੰਬੰਧਾਂ (fictive kinship relationship) ਨੂੰ ਸਾਡੇ ਸਮਾਜ ਵਿਚ ਰੂਪਕ ਦੇ ਨੇਮ ਦੇ ਆਧਾਰ ਉੱਤੇ ਵਿਆਪਕ ਰੂਪ ਵਿਚ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਕਿਸੇ ਸਮਾਜ ਵਿਚ ਅਜਿਹੇ ਮੈਕਾਨਿਜ਼ਮ ਦਾ ਕੰਮ ਕਰਨਾ, ਜੋ ਸਮ-ਆਕਾਰਾਂ (con-figuration) ਵਿਚ ਦੂਰ ਦੇ ਰਿਸ਼ਤਿਆਂ (distantkin) ਨੂੰ ਨੇੜੇ ਦਾ ਬਣਾ ਦੇਵੇ, ਵਿਚ ਮੈਟਾਨਿਮੀ ਦੇ ਨਾਲ-ਨਾਲ ਵਿਆਪਕ ਪੱਧਰ ਉੱਤੇ ਮੈਟਾਫ਼ਰ ਦੇ ਨੇਮ ਕੰਮ ਕਰਨ ਦਾ ਸੂਚਕ ਹੈ। ਉਪਰ ਦਿੱਤੇ ਖਾਕੇ ਵਿਚ 'ਆਪ' (Ego) ਤੋਂ ਪੀੜ੍ਹੀ +2 ਵਿਚ ਪਿਤਾ ਵੰਸ਼ ਦੇ ਪਾਸਿਓਂ ਸ਼ਬਦ 'ਦਾਦੀ' ਕੇਵਲ ਸੱਕੀ ਦਾਦੀ ਲਈ ਹੀ ਨਹੀਂ ਵਰਤਿਆ ਜਾਂਦਾ, ਸਗੋਂ ਰੂਪਕੀ ਵਿਸਥਾਰ (metaphorical extension) ਦੇ ਨੇਮ ਅਨੁਸਾਰ ਦਾਦੇ ਦੀਆਂ ਸਾਰੀਆਂ ਭੈਣਾਂ ਅਤੇ ਉਸ ਦੇ ਭਰਾਵਾਂ ਦੀਆਂ ਪਤਨੀਆਂ ਦਾਦੀ ਅਖਵਾਉਣਗੀਆਂ। ਪ੍ਰੋਫ਼ੈਸਰ ਮਰੇ ਲੀਫ਼ ਅਨੁਸਾਰ ਇਸ ਨੂੰ ਇਕ ਪ੍ਰਕਾਰ ਦੀ ਤਾਰਕਿਕ ਚੱਕਰ ਮੂਲਕਤਾ (logical circularity) ਦੇ ਰੂਪ ਵਿਚ ਸਮਝਿਆ ਜਾ ਸਕਦਾ ਹੈ, ਜੋ ਗਲਪ ਪੱਧਰ ਉੱਤੇ ਪਿਤਾ ਵੰਸ਼ (patrilateral) ਸੰਬੰਧਾਂ ਦੀ ਇਕ ਨਾ ਮੁੱਕਣ ਵਾਲੀ ਲੜੀ ਨੂੰ ਜਨਮ ਦੇਂਦਾ ਹੈ। ਰਿਸ਼ਤਿਆਂ ਦਾ ਇਹ ਗਾਲਪਨਿਕ ਵਿਸਥਾਰ ਪੀੜ੍ਹੀਆਂ ਦੇ ਕੇਵਲ +2 ਪੱਧਰ ਉੱਤੇ ਹੀ ਨਹੀਂ ਵਾਪਰਦਾ, ਬਲਕਿ ਸਭ ਉਚੇਰੇ ਪੱਧਰਾਂ ਉੱਤੇ ਪਛਾਣਿਆ ਜਾ ਸਕਦਾ ਹੈ, ਜਿਸ ਤੋਂ ਮੈਟਾਨਿਮੀ ਤੋਂ ਮੈਟਾਫ਼ਰ ਵੱਲ ਅਮੁੱਕ ਯਾਤਰਾ ਵੇਖੀ ਜਾ ਸਕਦੀ ਹੈ।

ਰੂਪਕ ਜਾਂ ਮੈਟਾਫ਼ਰ ਦਾ ਨੇਮ ਕੇਵਲ ਗਾਲਪਨਿਕ ਪੱਧਰ ਉੱਤੇ ਰਿਸ਼ਤੇਨਾਤਿਆਂ ਦੀ ਸ਼ਬਦਾਵਲੀ ਵਿਚ ਕੰਮ ਕਰਦਾ ਹੀ ਨਹੀਂ ਵੇਖਿਆ ਜਾ ਸਕਦਾ, ਸਗੋਂ ਪੰਜਾਬੀ ਭਾਈਚਾਰੇ ਵਿਚ ਸਾਕੇਚਾਰੀ ਸ਼ਬਦਾਵਲੀ ਦਾ ਗ਼ੈਰ-ਰਿਸ਼ਤੇਦਾਰੀ ਦੇ ਖੇਤਰ ਵਿਚ ਵਿਸਥਾਰ ਇਕ ਪਾਸੇ ਰਿਸ਼ਤੇਨਾਤੇ ਦੀ ਸ਼ਬਦਾਵਲੀ ਅਤੇ ਦੂਜੇ ਪਾਸੇ ਸੰਬੋਧਨ ਵਿਧੀਆਂ (modes of address) ਦੇ ਵਿਚਕਾਰ ਪਰਸਪਰ ਤਨਾਉ ਦਾ ਵੀ ਵਿਘਟਨ ਕਰਦਾ ਹੈ। ਪੰਜਾਬੀ ਵਿਚ ਬਹੁਤ ਸਾਰੇ ਰਿਸ਼ਤੇਨਾਤੇ ਦੇ ਸ਼ਬਦ ਅਜਿਹੇ ਹਨ, ਜਿਨ੍ਹਾਂ ਦੀ ਸੰਬੋਧਨ-ਰੂਪਾਂ ਵਿਚ ਵਰਤੋਂ ਗਾਲ੍ਹ ਜਾਂ ਮਖ਼ੌਲ ਵਰਗੀ ਗਿਣੀ ਜਾਂਦੀ ਹੈ। ਉਦਾਹਰਣ ਲਈ ਸਹੁਰਾ, ਜਵਾਈ, ਸੱਸ, ਸਾਲਾ, ਸਾਂਢੂ, ਰੰਨ, ਖਸਮ ਆਦਿ ਰਿਸ਼ਤੇਨਾਤੇ ਦੀ ਸ਼ਬਦਾਵਲੀ ਵਿੱਚੋਂ ਅਜਿਹੇ ਸ਼ਬਦ ਹਨ, ਜਿਨ੍ਹਾਂ ਨੂੰ ਪੰਜਾਬੀ ਭਾਈਚਾਰੇ ਵਿਚ ਸੰਬੋਧਨ ਦੇ ਤੌਰ 'ਤੇ ਨਹੀਂ ਵਰਤਿਆ ਜਾਂਦਾ। ਜੇਕਰ ਵਰਤਿਆ ਵੀ ਜਾਂਦਾ ਹੈ ਤਾਂ ਗਾਲ੍ਹ ਜਾਂ ਤ੍ਰਿਸਕਾਰ ਦੇ ਰੂਪ ਵਿਚ ਹੀ। ਇਹਨਾਂ ਵਿੱਚੋਂ ਕੁਝ ਸ਼ਬਦ ਅਜਿਹੇ ਵੀ ਹਨ, ਜੋ ਪਿਆਰ ਅਤੇ ਫਿਟਕਾਰ ਦੋਹਾਂ ਲਈ ਵਰਤੇ ਜਾਂਦੇ ਹਨ। ਇਹਨਾਂ ਸਾਰੇ ਸ਼ਬਦਾਂ ਵਿੱਚੋਂ ਸਹੁਰਾ ਅਤੇ ਜਵਾਈ ਅਤਿਅੰਤ ਕੋਹਜੇ ਗਿਣੇ ਗਏ ਹਨ। ਕਿਸੇ ਵੀ ਪਰਿਵਾਰ ਵਿਚ ਜਵਾਈ ਨੂੰ 'ਜਵਾਈ ਜੀ' ਅਤੇ ਸਹੁਰੇ ਨੂੰ 'ਸਹੁਰਾ ਜੀ' ਕਰਕੇ ਸੰਬੋਧਿਤ ਨਹੀਂ ਕੀਤਾ ਜਾਂਦਾ। ਪੰਜਾਬੀ ਵਿਚ ਅਨੇਕਾਂ ਅਜਿਹੇ ਅਖਾਣ ਮੁਹਾਵਰੇ ਹਨ, ਜੋ ਜਵਾਈ ਅਤੇ

ਸਹੁਰੇ ਲਈ ਗਾਲ੍ਹ ਵਜੋਂ ਵਰਤੇ ਜਾਂਦੇ ਹਨ, ਜਿਵੇਂ : 'ਸਹੁਰੇ ਘਰ ਜਵਾਈ ਕੁੱਤਾ'। ਇਹਨਾਂ ਦੋਹਾਂ ਸ਼ਬਦਾਂ ਦੀ ਪੰਜਾਬੀ ਸੰਬੋਧਨ ਸਿਸਟਮ ਵਿਚ ਵਰਤੋਂ ਬਾਰੇ ਗੁਰਜ਼ ਕਰਨਾ ਸ਼ਾਇਦ ਇਸ ਟੈਬੂ ਦਾ ਨਤੀਜਾ ਹੈ, ਜੋ ਲੋਕਾਂ ਦੇ ਅਵਚੇਤਨ ਵਿਚ ਵਸਿਆ ਹੋਇਆ ਹੈ। ਪੰਜਾਬੀ ਸਮਾਜ ਵਿਚ ਧੀਆਂ ਦੂਜਿਆਂ ਪਰਿਵਾਰਾਂ ਨੂੰ ਦਿੱਤੀਆਂ ਤਾਂ ਜਾਂਦੀਆਂ ਹਨ ਅਤੇ ਸਚੇਤ ਪੱਧਰ ਉੱਤੇ ਇਸ ਨੂੰ ਪ੍ਰਵਾਨ ਵੀ ਕਰ ਲਿਆ ਗਿਆ ਹੈ, ਪਰ ਅਚੇਤ ਜਾਂ ਅਵਿਅਕਤ ਪੱਧਰ (latent) ਉੱਤੇ ਭਾਈਚਾਰੇ ਵਿਚ ਇਸ ਸਥਿਤੀ ਨਾਲ ਪੂਰੀ ਤਰ੍ਹਾਂ ਸਮਝੌਤਾ ਹੋਇਆ ਨਹੀਂ ਲਗਦਾ। ਪਰਾਏ ਘਰ ਧੀ ਦੇਣ ਨਾਲ ਅਵਿਅਕਤ ਅਤੇ ਅਚੇਤ ਪੱਧਰ ਉੱਤੇ ਲਜਿਆ ਦਾ ਭਾਵ ਜੁੜਿਆ ਹੋਇਆ ਹੈ। ਧੀਆਂ ਧਿਆਣੀਆਂ ਦੇ ਵਿਆਹ ਨਾਲ ਜੁੜੇ ਹੋਏ ਸਾਰੇ ਫੋਕਲੋਰ ਵਿਚ ਇਸ ਗੱਲ 'ਤੇ ਜ਼ੋਰ ਦਿੱਤਾ ਗਿਆ ਹੈ ਕਿ ਧੀਆਂ ਘਰ ਰੱਖੀਆਂ ਨਹੀਂ ਜਾ ਸਕਦੀਆਂ ਅਤੇ ਰਾਜੇ ਰਾਣਿਆਂ ਨੂੰ ਵੀ ਦੇਣੀਆਂ ਪੈਂਦੀਆਂ ਹਨ। ਇਥੇ ਇਕ ਮਜਬੂਰੀ ਹੈ, ਜਿਸ ਨਾਲ ਧਰਮੀ ਬਾਬਲ ਨੂੰ ਧੀ ਦੂਜੇ ਪਰਿਵਾਰ ਨੂੰ ਦੇਣੀ ਪੈਂਦੀ ਹੈ। ਧੀ ਦਾ ਦੇਣਾ ਇਕ ਪ੍ਰਕਾਰ ਦਾ 'ਕੰਨਿਆ ਦਾਨ' ਹੈ, ਜੋ 'ਧਰਮੀ ਬਾਬਲ' ਕਰਦਾ ਹੈ। ਇਉਂ ਪ੍ਰਤੀਤ ਹੁੰਦਾ ਹੈ, ਜਿਵੇਂ ਵਿਆਹ ਸੰਸਥਾ ਨਾਲ ਅਚੇਤ ਦੀ ਪੱਧਰ (unconscious level) ਪੰਜਾਬੀ ਮਨ ਵਿਚ ਇੱਜ਼ਤ ਅਤੇ ਨਮੋਸ਼ੀ ਦੇ ਭਾਵ ਜੁੜੇ ਹੋਏ ਹਨ, ਜਦੋਂ ਕਿਸੇ ਹੋਰ ਦੇ ਘਰੋਂ ਆਪਣੇ ਪੁੱਤਰ ਲਈ ਪਰਾਈ ਧੀ ਲਿਆਈ ਜਾਂਦੀ ਹੈ ਤਾਂ ਇਹ ਲਿਆਉਣ ਵਾਲੇ ਪਰਿਵਾਰ ਲਈ ਉਚੇਚੇ ਸਨਮਾਨ ਵਾਲੀ ਘਟਨਾ ਹੁੰਦੀ ਹੈ, ਪਰ ਜਦੋਂ ਆਪਣੇ ਪਰਿਵਾਰ ਦੀ ਧੀ ਕਿਸੇ ਹੋਰ ਪਰਿਵਾਰ ਦੇ ਮੁੰਡੇ ਨੂੰ ਦਿੱਤੀ ਜਾਂਦੀ ਹੈ ਤਾਂ ਅਵਿਅਕਤ ਪੱਧਰ ਉੱਤੇ ਲਜਿਆ ਦੇ ਭਾਵ ਉਤਪੰਨ ਹੁੰਦੇ ਹਨ। ਇਸ ਤਨਾਉ ਨੂੰ ਦਬਾਉਣ ਲਈ 'ਧਰਮੀ ਬਾਬਲ' ਅਤੇ 'ਕੰਨਿਆ ਦਾਨ' ਦੀਆਂ ਰੀਤੀਆਂ ਵਰਤੋਂ ਵਿਚ ਲਿਆਂਦੀਆਂ ਜਾਂਦੀਆਂ ਹਨ। ਇਹ ਸਨਮਾਨ ਅਤੇ ਲਜਿਆ ਦੇ ਭਾਵ ਜੋ ਪੰਜਾਬੀ ਸਮੂਹਕ ਅਵਚੇਤਨ (racial unconscious) ਦੀਆਂ ਡੂੰਘਾਣਾਂ ਵਿਚ ਉਤਰੇ ਹੋਏ ਹਨ, ਸ਼ਾਇਦ ਵਿਆਹ ਤੋਂ ਬਾਅਦ ਸਹੁਰੇ ਰਿਸ਼ਤੇਦਾਰੀ ਨਾਲ ਸੰਬੰਧਿਤ ਸ਼ਬਦਾਵਲੀ ਦੇ ਹਾਸੇ ਮਖ਼ੌਲ ਨਾਲ ਜੁੜੇ ਹੋਣ ਦਾ ਕਾਰਨ ਬਣਦੇ ਹਨ। ਆਪਣੀ ਇਸ ਦਲੀਲ ਦੀ ਪੁਸ਼ਟੀ ਵਿਚ ਅਸੀਂ ਇਕ ਲੋਕ-ਗੀਤ ਪੇਸ਼ ਕਰ ਸਕਦੇ ਹਾਂ, ਜੋ 'ਸਾਲਾ' ਅਤੇ 'ਜਵਾਈ' ਦੇ ਹਾਸਾ ਮਖ਼ੌਲੀ (pejorative) ਰੂਪ ਨੂੰ ਪ੍ਰਗਟਾਉਂਦਾ ਹੈ :

ਪਾਲਾ ਪਾਲਾ ਪਾਲਾ
ਮੁੰਡਿਆਂ ਦਾ ਸਾਲਾ
ਜਵਾਨਾਂ ਦਾ ਭਾਈ
ਬੁੱਢਿਆਂ ਦਾ ਜਵਾਈ

ਇਸ ਲੋਕ-ਗੀਤ ਵਿਚ 'ਭਾਈ' ਬਰਾਬਰੀ ਦੇ ਰਿਸ਼ਤੇ ਦਾ ਸੂਚਕ ਹੈ, ਪਰ 'ਸਾਲਾ' ਅਤੇ 'ਜਵਾਈ' ਸੰਬੰਧਿਤ ਵਿਅਕਤੀਆਂ ਨਾਲ ਉੱਚੇ ਅਤੇ ਨੀਵੇਂ ਸੰਬੰਧਾਂ ਨੂੰ ਪ੍ਰਗਟਾਉਂਦੇ ਹਨ। ਪਾਲਾ ਮੁੰਡਿਆਂ ਦਾ ਸਾਲਾ ਹੈ, ਜਿਸ ਨਾਲ ਠੁਲ੍ਹਾ ਵਰਤਾਉ ਵੀ ਕਰ ਸਕਦਾ ਹੈ, ਜੁਆਨ ਲਈ ਉਹ ਇਕ ਭਰਾ ਹੈ, ਜਿਸ ਨਾਲ ਉਹ ਬਰਾਬਰੀ ਦੀ

ਪੱਧਰ ਉੱਤੇ ਉਲਝ ਸਕਦਾ ਹੈ, ਪਰ ਬੁੱਢਿਆਂ ਲਈ ਉਹ ਜਵਾਈ ਵਾਂਗੂੰ ਹੈ, ਭਾਵ ਉਹਨਾਂ ਦਾ ਜੀਵਨ ਦੁਖਦਾਈ ਬਣਾ ਸਕਦਾ ਹੈ।

ਪੰਜਾਬੀ ਸਮਾਜ ਵਿਚ ਜਦੋਂ ਇਹਨਾਂ ਰਿਸ਼ਤੇਨਾਤੇ ਦੇ ਸ਼ਬਦਾਂ ਦੀ ਆਪਸ ਵਿਚ ਵਰਤੋਂ ਤੋਂ ਕਤਰਾਇਆ ਵੀ ਜਾਂਦਾ ਹੈ, ਉਸ ਸਮੇਂ ਮੈਟਾਫ਼ਰ ਜਾਂ ਰੂਪਕ ਦਾ ਨਾਮ ਹੀ ਬੋਲਣਹਾਰਿਆਂ ਦੀ ਸਹਾਇਤਾ ਵਿਚ ਆਉਂਦਾ ਹੈ। ਮੈਟਾਫ਼ਰ ਦੀ ਮਦਦ ਨਾਲ ਅਸੀਂ ਬਦਲਵੇਂ (alternative) ਸੰਬੋਧਨ ਅਤੇ ਸੰਕੇਤ ਸ਼ਬਦ ਆਪਣੀ ਵਰਤੋਂ ਲਈ ਲਿਆਉਂਦੇ ਹਾਂ। ਪਤਨੀ ਦੇ ਮਾਪਿਆਂ ਲਈ ਉਹ ਹੀ ਸ਼ਬਦ ਵਰਤੋਂ ਵਿਚ ਲਿਆਂਦੇ ਜਾਂਦੇ ਹਨ, ਜੋ ਆਪਣੇ ਮਾਪਿਆਂ ਲਈ (ਜਿਵੇਂ ਮਾਤਾ ਜੀ, ਪਿਤਾ ਜੀ) ਅਤੇ ਜਵਾਈ ਲਈ ਸੰਬੋਧਨ ਸ਼ਬਦ ਪੁੱਤਰ ਅਤੇ ਸੰਕੇਤ ਸ਼ਬਦ 'ਭਾਈ' ਜਾਂ 'ਪਰਾਹੁਣਾ' ਵਰਤੇ ਜਾਂਦੇ ਹਨ। ਸੰਕੇਤ ਲਈ ਕਈ ਵਾਰ ਦੋਹਾਂ ਸ਼ਬਦਾਂ ਦੀ ਇਕੱਠੀ ਵਰਤੋਂ ਵੀ ਕੀਤੀ ਜਾਂਦੀ ਹੈ, ਜਿਵੇਂ : 'ਜਵਾਈ-ਭਾਈ'।

ਚਾਹੇ ਗਾਲਪਨਿਕ ਸਾਕੇਚਾਰੀ ਸ਼ਬਦਾਵਲੀ ਦਾ ਪਿੰਡ ਵਿਚ ਵਿਸਥਾਰ ਗ਼ੈਰ-ਸਾਕੇਚਾਰੀ ਦੇ ਖੇਤਰ ਵਿਚ ਮੈਟਾਫ਼ਰ ਦੀ ਪੱਧਰ ਉੱਤੇ ਕੀਤਾ ਜਾਂਦਾ ਹੈ, ਇਸ ਦਾ ਇਕ ਹੋਰ ਦਿਲਚਸਪ ਪਹਿਲੂ ਹੈ, ਜਿਸ ਵੱਲ ਧਿਆਨ ਲਿਜਾਣਾ ਬੜਾ ਜ਼ਰੂਰੀ ਹੈ। ਪਿੰਡ ਵਿਚ ਕਸਬੀ ਜ਼ਾਤਾਂ ਵਿਚ ਉਹਨਾਂ ਦੇ ਕਿੱਤੇ ਜਾਂ ਜ਼ਾਤ ਦੇ ਨਾਂ ਲੈਣ ਤੋਂ ਮੁਕੰਮਲ ਸੰਕੋਚ ਕੀਤਾ ਜਾਂਦਾ ਹੈ। ਜ਼ਾਤਾਂ ਦੇ ਨਾਵਾਂ ਦਾ ਆਦਰ ਮੂਲਕ ਸੰਬੋਧਨ ਕਰਨ ਲਈ ਇਕ ਗਾਲਪਨਿਕ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ ਅਤੇ ਉਸ ਦੇ ਉਪਰ ਇਕ ਹੋਰ ਗਾਲਪਨਿਕ ਰਿਸ਼ਤੇਨਾਤੇ ਦਾ ਸ਼ਬਦ ਵਰਤੋਂ ਵਿਚ ਲਿਆਂਦਾ ਜਾਂਦਾ ਹੈ। ਹੇਠਾਂ ਕੁਝ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ :

ਕਸਬ/ਜਾਤ	**ਗਾਲਨਿਕ ਕਸਬੀ ਸ਼ਬਦ**	**ਗਾਲਪਨਿਕ ਸਾਕਾਚਾਰੀ ਸ਼ਬਦ ਜੋ ਪਿੱਛੋਂ ਜੋੜਿਆ ਜਾਂਦਾ ਹੈ**
1. ਚੂੜ੍ਹਾ	ਜਮਾਂਦਾਰ	ਤਾਇਆ/ਚਾਚਾ ਜਮਾਂਦਰ
2. ਕੁਮ੍ਹਾਰ	ਪਰਜਾਪਤਿ	ਤਾਇਆ/ਚਾਚਾ ਪਰਜਾਪਤਿ
3. ਨਾਈ	ਰਾਜਾ	ਤਾਇਆ/ਚਾਚਾ ਰਾਜਾ
4. ਜੱਟ	ਚੌਧਰੀ	ਤਾਇਆ/ਚਾਚਾ ਚੌਧਰੀ
5. ਤਰਖਾਣ	ਮਿਸਤਰੀ	ਤਾਇਆ/ਚਾਚਾ ਮਿਸਤਰੀ
6. ਮਾਸ਼ਕੀ	ਭਿਸ਼ਤੀ	ਤਾਇਆ/ਚਾਚਾ ਭਿਸ਼ਤੀ
7. ਝੀਊਰ	ਪੰਚ	ਤਾਇਆ/ਚਾਚਾ ਪੰਚ

ਪੰਜਾਬ ਦੇ ਪਿੰਡਾਂ ਵਿਚ ਜਾਤਾਂ ਸਜਾਤੀ (endogomous) ਸਮਝੀਆਂ ਜਾਂਦੀਆਂ ਹਨ, ਇਸ ਕਾਰਨ ਕੋਈ ਵੀ ਦੋ ਜਾਤਾਂ ਦੀ ਪਦਵੀ ਇੱਕੋ ਜੇਹੀ ਨਹੀਂ। ਕੋਈ ਦੋ ਕਸਬ ਇੱਕੋ ਜੇਹੀ ਕਮਾਈ ਨਹੀਂ ਮੁਹੱਈਆ ਕਰਦੇ, ਇਸ ਕਾਰਨ ਇਹਨਾਂ ਦੇ ਪਦ ਸਾਮਾਨ ਨਹੀਂ ਹੁੰਦੇ।

ਉਪਰੋਕਤ ਸਾਰੇ ਵਿਚਾਰ ਵਟਾਂਦਰੇ ਤੋਂ ਅਸੀਂ ਇਸ ਨਤੀਜੇ 'ਤੇ ਪਹੁੰਚਦੇ ਹਾਂ ਕਿ ਪੰਜਾਬੀ ਰਿਸ਼ਤੇਨਾਤੇ ਦੀ ਸ਼ਬਦਾਵਲੀ ਆਪਣੇ ਆਪ ਵਿਚ ਇਕ ਸੰਪੂਰਨ ਸਿਸਟਮ

ਹੈ, ਜਿਸ ਨੂੰ ਅਸੀਂ ਇਕ ਟੈਕਸਟ ਜਾਂ ਪਾਠ ਦੇ ਰੂਪ ਵਿਚ ਗ੍ਰਹਿਣ ਕਰ ਸਕਦੇ ਹਾਂ। ਇਸ ਵਿਚ ਮੈਟਾਨਮਿਕ ਅਤੇ ਮੈਟਾਫ਼ਾਰਿਕ ਦੋਹਾਂ ਪ੍ਰਕਾਰ ਦੀਆਂ ਪ੍ਰਕਿਰਿਆਵਾਂ ਕੰਮ ਕਰਦੀਆਂ ਹਨ, ਜਿਨ੍ਹਾਂ ਨਾਲ ਇਹ ਸਾਕੇਚਾਰੀ ਪ੍ਰਬੰਧ ਨਿਰੋਲ ਬਾਇਉਲੋਜੀਕਲ ਜਾਂ ਪ੍ਰਕਿਰਤਕ ਪ੍ਰਬੰਧ ਨੂੰ ਭੰਗ ਕਰਕੇ ਆਪਣੇ ਆਪ ਨੂੰ ਇਕ ਨਵੇਂ ਸਾਂਸਕ੍ਰਿਤਿਕ ਪ੍ਰਬੰਧ ਵਿਚ ਪੁਨਰ-ਗਠਿਤ ਕਰਦਾ ਹੈ। ਕੁਲ ਮਿਲਾ ਕੇ ਸੰਸਕ੍ਰਿਤੀ ਆਪ ਵੀ ਪ੍ਰਕਿਰਤਕ ਪ੍ਰਬੰਧ ਦੇ ਉਲਟ ਮੈਟਾਨਿਮੀ ਅਤੇ ਮੈਟਾਫ਼ਰ ਦੇ ਪ੍ਰਕਾਰਜਾਂ ਦਾ ਹੀ ਪ੍ਰਕਾਰਜ ਨਿਭਾਹੁੰਦੀ ਹੈ।

ਧੁਨੀ ਦੇ ਪੱਧਰ ਉੱਤੇ ਵੇਖਿਆਂ ਵੀ ਇਸ ਸ਼ਬਦਾਵਲੀ ਦੀ ਬਣਤਰ ਅਤੇ ਇਸ ਦੀ ਭਿੰਨ-ਭਿੰਨ ਦਿਸ਼ਾਵਾਂ ਵੱਲ ਧੁਨੀ ਸਮਾਨਤਾ ਅਤੇ ਤੁਕਾਂਤ ਦੀ ਪੱਧਰ ਉੱਤੇ ਭਿੰਨ-ਭਿੰਨ ਪੈਟਰਨਾਂ ਨੂੰ ਧਾਰਨ ਕਰਨ ਦੀ ਪ੍ਰਕਿਰਿਆ ਪਿੱਛੇ ਇਕ ਮੁਕੰਮਲ ਸਿਸਟਮ ਕੰਮ ਕਰਦਾ ਦਿੱਸ ਆਉਂਦਾ ਹੈ। ਇਸ ਦੇ ਸਿੱਟੇ ਵਜੋਂ ਹੀ ਨਿਪਟ ਬਾਇਉਲੋਜੀਕਲ ਪੱਧਰ ਦਾ ਸਿਸਟਮ ਸਾਂਸਕ੍ਰਿਤਿਕ ਚਿਹਨ ਸਿਸਟਮ ਵਿਚ ਰੂਪ ਵਟਾ ਲੈਂਦਾ ਹੈ। ਇਸ ਦੇ ਅਰਥਾਂ ਦਾ ਘੇਰਾ ਵਿਸਤ੍ਰਿਤ ਹੋ ਜਾਂਦਾ ਹੈ ਅਤੇ ਇਹ ਪੰਜਾਬੀ ਭਾਈਚਾਰੇ ਦੇ ਸਮਾਜਿਕ ਅਤੇ ਸਾਂਸਕ੍ਰਿਤਿਕ ਪਰਪੰਚ (phenomenon) ਨੂੰ ਰੂਪਮਾਨ ਕਰਨ ਵੱਲ ਯਾਤਰਾ ਕਰਦਾ ਹੈ। ਅਸੀਂ ਉਪਰੋਕਤ ਰਿਸ਼ਤੇਨਾਤੇ ਦੀ ਸ਼ਬਦਾਵਲੀ ਦੇ ਖਾਕੇ ਨੂੰ ਜਦੋਂ ਖੜੇ- ਦਾਅ ਅਤੇ ਪੜੇ-ਦਾਅ (vertically and horizontally) ਦੋਹਾਂ ਦਿਸ਼ਾਵਾਂ ਵੱਲ ਵੇਖਦੇ ਹਾਂ ਤਾਂ ਪਤਾ ਲਗਦਾ ਹੈ ਕਿ ਕੁਝ ਰਿਸ਼ਤੇ ਨਾਤੇ ਪ੍ਰਕਾਰਜ ਦੇ ਪੱਖੋਂ ਮਹੱਤਵਪੂਰਨ ਨਹੀਂ ਰਹਿੰਦੇ ਜਾਂ ਅਰਥ ਦੀ ਦ੍ਰਿਸ਼ਟੀ ਤੋਂ ਫ਼ਾਲਤੂ-ਅੰਸ਼ (redundant) ਹੋ ਜਾਂਦੇ ਹਨ। 'ਆਪ (Ego) ਤੋਂ ਵੇਖਿਆਂ ਇਹ ਰਿਸ਼ਤੇ ਨਾਤੇਂ ਬਹੁਤ ਫ਼ਾਸਲਾ ਧਾਰਨ ਕਰ ਜਾਂਦੇ ਹਨ ਅਤੇ ਸਾਰਥਿਕ ਨਹੀਂ ਰਹਿੰਦੇ। ਇਸ ਪੱਖੋਂ 'ਆਪ' (Ego) ਤੋਂ ਉਪਰ ਵੱਲ ਅਤੇ ਥੱਲੇ ਵੱਲ ਜਿਥੇ ਪੜ-ਅਗੇਤਰ ਲਗਣ ਅਤੇ ਉਸ ਤੋਂ ਉਪਰ ਨਕੜ-ਅਗੇਤਰ ਲਗਣ ਵਾਲੀ ਸ਼ਬਦਾਵਲੀ ਦੇ ਕੋਈ ਅਰਥ ਨਹੀਂ ਰਹਿੰਦੇ। ਪੰਜਾਬੀ ਵਿਚ ਇਹ ਕਹਾਵਤ ਹੈ ਕਿ 'ਪੜ ਪਿਆ ਤੇ ਸਾਕ ਗਿਆ'। ਦਾਦੀ ਤੋਂ ਉਪਰ ਰਿਸ਼ਤੇ ਦੇ ਵਿਛੜ ਜਾਣ ਉੱਤੇ ਇਹ ਮੰਨਿਆ ਜਾਂਦਾ ਹੈ ਕਿ 'ਸੋਨੇ ਦੀ ਪੌੜੀ ਚੜ੍ਹ ਗਈ ਹੈ'। ਇਕ ਪਾਠ ਦੇ ਤੌਰ 'ਤੇ ਇਸ ਸ਼ਬਦਾਵਲੀ ਵਿਚ ਇਹ ਫ਼ਾਲਤੂ ਅੰਸ਼ ਪਾਠ ਦੇ ਅਰਥਾਂ ਨੂੰ ਰੂਪਮਾਨ ਕਰਨ ਵਿਚ ਆਪਣਾ ਰੋਲ ਅਦਾ ਕਰਦਾ ਹੈ। ਉਥੇ ਧੁਨੀ ਦੇ ਪੱਧਰ ਉੱਤੇ ਚੌਹਾਂ ਦਿਸ਼ਾਵਾਂ ਵੱਲ ਫੈਲਦੀ ਇਹ ਸ਼ਬਦਾਵਲੀ ਇਕ ਨਿਰੰਤਰ ਸੈਲਫ਼ ਜੈਨਰੇਟਿੰਗ ਸਿਸਟਮ ਦਾ ਰੂਪ ਧਾਰਦੀ ਹੈ।

ਕੁਲ ਮਿਲਾ ਕੇ ਅਸੀਂ ਕਹਿ ਸਕਦੇ ਹਾਂ ਕਿ ਪੰਜਾਬੀ ਸਾਕੇਚਾਰੀ ਪ੍ਰਬੰਧ ਨਾਲ ਜੁੜੀ ਹੋਈ ਸ਼ਬਦਾਵਲੀ ਦਾ ਇਕ ਆਪਣਾ ਅੰਦਰੂਨੀ ਸਿਸਟਮ ਹੈ, ਜਿਸ ਨਾਲ ਇਹ ਪਾਠ ਜਾਂ ਟੈਕਸਟ ਵਰਗੀ ਸੰਜੋਗਸ਼ੀਲਤਾ (cohension) ਧਾਰਨ ਕਰਦੀ ਹੈ। ਇਸ ਵਿਚ ਭਾਸ਼ਾ ਦੀਆਂ ਦੋ ਮੂਲ ਪ੍ਰਕਿਰਿਆਵਾਂ ਮੈਟਾਨਿਮੀ ਅਤੇ ਮੈਟਾਫ਼ਰ ਵੱਖ-ਵੱਖ ਪੱਧਰਾਂ ਉੱਤੇ ਕਾਰ਼ਜ ਕਰਦੀਆਂ ਹਨ ਅਤੇ ਇਸ ਨੂੰ ਇਕ ਟੈਕਸਟ ਦੇ ਰੂਪ ਵਿਚ ਬੰਨ੍ਹਦੀਆਂ ਹਨ। ਇਸ ਸਿਸਟਮ ਅਤੇ ਇਸ ਦੀ ਜਟਿਲਤਾ ਨੂੰ ਇਕ ਟੈਕਸਟ ਦੇ ਰੂਪ ਵਿਚ ਸਵੀਕਾਰ ਕੀਤਾ ਜਾ ਸਕਦਾ ਹੈ, ਕਿਉਂਕਿ ਇਹ ਭਾਸ਼ਾ ਵਾਂਗੂੰ ਹੀ ਸੰਚਾਰ ਸਿਸਟਮ ਦਾ ਰੂਪ ਧਾਰਨ ਕਰਦੀ ਹੈ।

•

ਗੁਰਬਾਣੀ ਵਿਆਕਰਣ ਬਾਰੇ

ਗੁਰਬਾਣੀ ਦਾ ਸਰਲ ਵਿਆਕਰਣ-ਬੋਧ ਭਾਈ ਜੋਗਿੰਦਰ ਸਿੰਘ ਤਲਵਾੜਾ ਜੀ ਦਾ ਸਿੱਖ ਜਗਤ ਨੂੰ ਅਤਿਅੰਤ ਮੁੱਲਵਾਨ ਤੋਹਫ਼ਾ ਹੈ। ਸਿੱਖ ਗੁਰੂ ਸਾਹਿਬਾਨ ਦੀ ਇਲਾਹੀ ਬਾਣੀ ਦੇ ਰਸੀਏ ਅਤੇ ਮਹਾਨ ਵਿਆਖਿਆਕਾਰ ਤਲਵਾੜਾ ਜੀ, ਨੇ ਪਿਛਲੇ ਪੰਜਾਹ ਸਾਲਾਂ ਤੋਂ ਬਾਣੀ ਦੀ ਭਰਪੂਰ ਅਤੇ ਸੁਚੱਜੀ ਵਿਆਖਿਆ ਕੀਤੀ ਹੈ।

ਇਸ ਅਦੁੱਤੀ ਰਚਨਾ ਵਿਚ ਪਹਿਲੀ ਵਾਰੀ ਤਲਵਾੜਾ ਜੀ ਨੇ ਗੁਰਬਾਣੀ ਵਿਆਕਰਣ ਦੇ ਸਿਸਟਮ ਨੂੰ ਇਸ ਦੀ ਸਮੱਗ੍ਰਤਾ ਵਿਚ ਪਛਾਣਨ ਅਤੇ ਇਸ ਦੀ ਵਿਸਤ੍ਰਿਤ ਵਿਆਖਿਆ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ ਹੈ। ਉਹਨਾਂ ਨੇ ਸੰਨ 1972 ਤੋਂ ਲੈ ਕੇ ਹੁਣ ਤਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਹੱਥ-ਲਿਖਤ ਅਤੇ ਛਾਪੇ ਦੇ ਵੱਖ-ਵੱਖ ਸਰੂਪਾਂ ਦੀ ਸਮੁੱਚੀ ਬਾਣੀ ਦਾ ਮੇਲਾਨ ਕੀਤਾ ਅਤੇ ਇਸ ਖੇਤਰ ਨਾਲ ਜੁੜੇ ਹੋਏ ਹੋਰ ਵਿਦਵਾਨਾਂ ਨਾਲ ਵਿਚਾਰ-ਵਟਾਂਦਰਾ ਕਰ ਕੇ ਇਹ ਤੱਥ ਸਾਹਮਣੇ ਲਿਆਂਦਾ ਕਿ ਗੁਰਬਾਣੀ ਦੀ ਲਿਖਤ ਵਿਚ ਸ਼ਬਦਾਂਤਿਕ ਲਗਾਂ ਮਾਤਰਾਂ ਵਿਆਪਕ ਰੂਪ ਵਿਚ ਕੰਮ ਕਰਦੀਆਂ ਹਨ ਅਤੇ ਇਹਨਾਂ ਦੀ ਟੋਹ ਲਾਉਣ ਦਾ ਕਾਰਜ ਨਿਰੰਤਰ ਜਾਰੀ ਰਹਿਣਾ ਚਾਹੀਦਾ ਹੈ। ਉਹਨਾਂ ਅਨੁਸਾਰ ਜੇ ਇਸ ਦਿਸ਼ਾ ਵਿਚ ਖੋਜ-ਕਾਰਜ ਚੱਲਦਾ ਰਹੇ ਤਾਂ ਇਸ ਸਦਕਾ ਅਸੀਂ ਜੁਗਾਂ ਤਕ ਗੁਰਬਾਣੀ ਦੇ ਅਰਥਾਂ ਨੂੰ ਸਮਝਣ-ਸਮਝਾਉਣ ਦੇ ਅਮਲ ਵਿਚ ਦਿਨੋ-ਦਿਨ ਨਵੇਂ ਪਾਸਾਰ ਨਿਸਚਿਤ ਕਰਦੇ ਰਹਾਂਗੇ। ਉਹਨਾਂ ਨੂੰ ਇਸ ਗੱਲ ਦਾ ਵੀ ਅਹਿਸਾਸ ਸੀ ਕਿ ਕੁਝ ਵਿਆਕਰਣਿਕ ਨਿਯਮ ਸਾਰੀਆਂ ਸਥਿਤੀਆਂ ਵਿਚ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ, ਜਿਨ੍ਹਾਂ ਦੇ ਕਈ ਕਾਰਨ ਹਨ। ਇਹਨਾਂ ਦੇ ਕੁਝ ਸੰਭਾਵੀ ਕਾਰਨਾਂ ਵੱਲ ਸੰਕੇਤ ਕਰਦਿਆਂ, ਉਹ ਸਦੀਆਂ ਤੋਂ ਉਤਾਰੇ ਕਰਨ ਜਾਂ ਵਪਾਰਕ ਪ੍ਰਕਾਸ਼ਕਾਂ ਵੱਲੋਂ ਲਗਾਂ ਮਾਤਰਾਂ ਪ੍ਰਤਿ ਕੀਤੀ ਗਈ ਅਣਗਹਿਲੀ ਸਮਝਦੇ ਸਨ, ਜਿਸ ਸਦਕਾ ਇਹ ਲਗਾਂ ਮਾਤਰਾਂ ਜਾਂ ਤਾਂ ਅਲੋਪ ਹੋ ਗਈਆਂ ਹਨ ਜਾਂ ਉਹਨਾਂ ਵਿਚ ਅਸ਼ੁੱਧੀਆਂ ਆ ਗਈਆਂ ਹਨ। ਗੁਰਬਾਣੀ ਦਾ ਵਿਸਤ੍ਰਿਤ ਵਿਆਕਰਣ ਲਿਖਣ ਦੇ ਮਾਰਗ ਵਿਚ ਹੋਰ ਸਫਲਤਾਵਾਂ ਪ੍ਰਾਪਤ ਕਰਨ ਲਈ ਇਸ ਖੇਤਰ ਵਿਚ ਲਗਾਤਾਰ ਖੋਜ ਦੇ ਜਤਨ ਜਾਰੀ ਰਹਿਣੇ ਚਾਹੀਦੇ ਹਨ।

ਤਲਵਾੜਾ ਜੀ ਨੇ ਇਸ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਜੋ ਵਿਉਂਤ ਬਣਾਈ ਸੀ, ਉਸ ਦੇ ਦੋ ਹਿੱਸੇ ਹਨ:

- ਵਿਆਕਰਣ ਦੇ ਨਿਯਮਾਂ ਅਤੇ ਮੁੱਖ-ਸਿਧਾਂਤਾਂ ਦਾ ਸੰਖੇਪ ਜਿਹਾ ਵਰਣਨ ਅਤੇ ਉਸ ਦੀ ਰੌਸ਼ਨੀ ਵਿਚ ਗੁਰਬਾਣੀ ਵਿਆਕਰਣ ਦਾ ਪਰਿਭਾਸ਼ਕ ਚਿਹਰਾ-ਮੁਹਰਾ ਉਸਾਰਨਾ।

- ਗੁਰਬਾਣੀ ਦੇ ਵਿਆਕਰਣ ਨਾਲ ਸੰਬੰਧਿਤ ਵੱਖੋ-ਵੱਖਰੇ ਪੱਖਾਂ ਨੂੰ ਉਜਾਗਰ ਕਰਨਾ ਅਤੇ ਇਸ ਦਾ ਸਚਿੱਤਰਣ ਕਰਨ ਲਈ ਬਾਣੀ ਵਿੱਚੋਂ ਉਦਾਹਰਣਾਂ ਦੇ ਕੇ ਉਸ ਦੀ ਸੰਘਣੀ ਵਿਆਖਿਆ ਕਰਨੀ।

ਲਗਪਗ ਪਿਛਲੀ ਅੱਧੀ ਸਦੀ ਤੋਂ ਭਾਈ ਤਲਵਾੜਾ ਜੀ ਸਤਿਗੁਰਾਂ ਦੇ ਬਖ਼ਸ਼ੇ ਹੋਏ ਇਸ ਅਨਮੋਲ ਖ਼ਜ਼ਾਨੇ ਦੇ ਅਭਿਲਾਸ਼ੀ ਸਨ ਅਤੇ ਇਸ ਨੂੰ ਗਾਉਣ-ਸੁਣਨ ਅਤੇ ਆਪਣੇ ਹਿਰਦੇ ਵਿਚ ਵਸਾਉਣ ਦੇ ਅਮਲ ਵਿਚ ਉਹ ਲਗਾਤਾਰ ਭਿੱਜੇ ਹੋਏ ਸਨ। ਇਸ ਦੇ ਵਿਆਕਰਣਿਕ ਸਿਸਟਮ ਦੀ ਪਛਾਣ ਕਰਨ ਦੀ ਦਿਸ਼ਾ ਵੱਲ ਵੀ ਉਹ ਲੰਮੇ ਸਮੇਂ ਤੋਂ ਉਮ੍ਰਲ ਰਹੇ ਸਨ। ਕੁਝ ਟੋਹਾਂ ਉਹਨਾਂ ਨੇ ਪੜ੍ਹਨ, ਗਾਉਣ-ਸੁਣਨ ਦੇ ਵਿਹਾਰ ਵਿੱਚੋਂ ਪ੍ਰਾਪਤ ਕੀਤੀਆਂ ਲੱਗਦੀਆਂ ਹਨ ਅਤੇ ਕੁਝ ਅਗਵਾਈ ਆਪਣੇ ਤੋਂ ਪਹਿਲੇ ਗੁਰਬਾਣੀ ਵਿਆਕਰਣ ਸ਼ਾਸਤਰੀਆਂ ਦੁਆਰਾ ਉਲੀਕੇ ਹੋਏ ਸ਼ਾਸਤਰ ਅਤੇ ਉਸ ਦੀ ਵਿਆਖਿਆ ਵਿੱਚੋਂ ਹਾਸਲ ਕੀਤੀ ਹੈ। ਇਹ ਵਿਆਕਰਣ ਸ਼ਾਸਤਰ ਕੋਈ ਬਹੁਤ ਪੁਰਾਣਾ ਨਹੀਂ, ਚਾਹੇ ਇਸ ਦੇ ਸਾਰਥਿਕ ਅਤੇ ਬੱਝਵੇਂ ਗੰਭੀਰ ਜਤਨ ਗੁਰਬਾਣੀ ਦੇ ਪਾਣਿਨੀ ਪ੍ਰੋਫ਼ੈਸਰ ਸਾਹਿਬ ਸਿੰਘ ਨੇ ਆਪਣੀ ਪੁਸਤਕ **ਗੁਰਬਾਣੀ ਵਿਆਕਰਣ** (1939) ਰਾਹੀਂ ਕੀਤੇ, ਪਰ ਇਸ ਖੇਤਰ ਵਿਚ ਵਾਦ-ਵਿਵਾਦ ਉਸਾਰਨ ਦੇ ਜਤਨਾਂ ਵਿਚ ਅਤੇ ਇਸ ਦੀ ਮੁੱਢਲੀ ਅਹਿਮੀਅਤ ਬਿਆਨ ਕਰਨ ਵਿਚ ਪ੍ਰਿੰਸੀਪਲ ਤੇਜਾ ਸਿੰਘ (**ਸ਼ਬਦਾਂਤਿਕ ਲਗਾਂ-ਮਾਤਰਾਂ ਦੇ ਗੁੱਝੇ ਭੇਦ**), ਭਾਈ ਰਣਧੀਰ ਸਿੰਘ (**ਗੁਰਬਾਣੀ ਦੀਆਂ ਲਗਾਂ ਮਾਤਰਾਂ ਦੀ ਵਿਲੱਖਣਤਾ**) ਆਦਿ ਦਾ ਮਹੱਤਵਪੂਰਨ ਰੋਲ ਸੀ।

ਉਹਨਾਂ ਦਿਨਾਂ ਵਿਚ ਹੀ ਕਈ ਵਿਦਵਾਨਾਂ ਨੇ ਗੁਰਬਾਣੀ ਦੇ ਵਿਆਕਰਣਿਕ ਸਿਸਟਮ ਰਾਹੀਂ ਸਿੱਖਾਂ ਦੀ ਇਸ ਪਾਵਨ ਭਾਸ਼ਾ ਦਾ ਅਧਿਐਨ ਕਰਨ ਦਾ ਕਰੜਾ ਵਿਰੋਧ ਕੀਤਾ ਸੀ। ਉਹਨਾਂ ਦਾ ਇਹ ਕਹਿਣਾ ਸੀ ਕਿ ਗੁਰਬਾਣੀ ਧੁਰ ਕੀ ਬਾਣੀ ਹੈ ਅਤੇ ਉਸ ਨੂੰ ਸਮਝਣ ਲਈ ਸੰਸਾਰਕ ਭਾਸ਼ਾ ਦੀ ਵਿਆਕਰਣ ਦੇ ਨਿਯਮ ਲਾਗੂ ਕਰਨੇ ਦਰੁਸਤ ਨਹੀਂ। ਡਾਕਟਰ ਮੋਹਨ ਸਿੰਘ ਦੀਵਾਨੇ ਨੇ ਓਰੀਐਂਟਲ ਕਾਲਜ ਲਾਹੌਰ ਦੇ ਮੈਗਜ਼ੀਨ ਵਿਚ ਕਈ ਲੇਖ ਲਿਖੇ, ਜਿਨ੍ਹਾਂ ਰਾਹੀਂ ਉਹਨਾਂ ਨੇ ਇਸ ਗੱਲ ਉਪਰ ਜ਼ੋਰ ਦਿੱਤਾ ਕਿ ਗੁਰਬਾਣੀ ਦੇ ਅਰਥਾਂ-ਪਰਮਾਰਥਾਂ ਲਈ ਕਿਸੇ ਵਿਆਕਰਣਿਕ ਸੂਤਰ ਦਾ ਸਹਾਰਾ ਨਹੀਂ ਲਿਆ ਜਾਣਾ ਚਾਹੀਦਾ। ਪਰੰਤੂ ਪ੍ਰੋਫ਼ੈਸਰ ਸਾਹਿਬ ਸਿੰਘ ਹੁਰਾਂ ਦਾ ਵਿਆਕਰਣ ਏਨਾ ਪਾਏਦਾਰ ਅਤੇ ਸਾਰਥਿਕ ਸਿੱਧ ਹੋਇਆ ਕਿ ਇਹ ਇਕ ਨਵੀਨ ਲਭਤ ਦੇ ਰੂਪ ਵਿਚ ਸਰਬ-ਪ੍ਰਵਾਨਤ ਸੱਚ ਵਜੋਂ ਜਾਣਿਆ ਜਾਣ ਲੱਗਾ, ਚਾਹੇ ਗੁਰਬਾਣੀ ਦੇ ਅਰਥ ਬਿਆਨ ਕਰਨ ਦੀਆਂ ਕੁਝ ਉਦਾਹਰਣਾਂ ਨੂੰ ਲੈ ਕੇ ਵਿਦਵਾਨਾਂ ਨੇ ਪ੍ਰੋਫ਼ੈਸਰ ਸਾਹਿਬ ਸਿੰਘ ਨਾਲ ਇਖ਼ਤਲਾਫ਼ ਵੀ ਜ਼ਾਹਿਰ ਕੀਤਾ। ਹੌਲੀ-ਹੌਲੀ ਪ੍ਰੋਫ਼ੈਸਰ ਸਾਹਿਬ ਸਿੰਘ ਹੁਰਾਂ ਦਾ ਸਥਾਪਤ **ਗੁਰਬਾਣੀ ਵਿਆਕਰਣ** ਬਾਣੀ ਦੇ ਅਧਿਐਨ ਦੀ ਵਿਧੀਮੂਲਕ ਅਤੇ ਵਿਗਿਆਨਕ ਜੁਗਤ ਵਜੋਂ ਪ੍ਰਵਾਨ ਚੜ੍ਹਿਆ ਅਤੇ ਸਠਵਿਆਂ ਵਿਚ ਪ੍ਰੋਫ਼ੈਸਰ ਸਾਹਿਬ ਨੇ ਦਸ ਜਿਲਦਾਂ ਵਿਚ **ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ** ਬਾਣੀ ਦਾ ਸੰਪੂਰਨ ਟੀਕਾ ਅਤੇ ਵਿਆਕਰਣਿਕ ਵਿਆਖਿਆ ਕਰ ਕੇ ਗੁਰਬਾਣੀ ਵਿਆਕਰਣ ਵਿੱਦਿਆ ਦੀ ਨਿਖੜਵੀਂ ਸਾਖ਼ ਸਥਾਪਤ ਕਰ ਦਿੱਤੀ। ਵਿਦਵਾਨਾਂ ਨੇ

ਬਾਣੀ ਦੇ ਅਧਿਐਨ ਲਈ ਇਸ ਦੀਂ ਵਰਤੋਂ ਕੀਤੀ ਅਤੇ ਪੰਜਾਬੀ ਸਾਹਿਤ ਦੇ ਅਨਿੱਖੜ ਅੰਗ ਦੇ ਰੂਪ ਵਿਚ ਬਾਣੀ ਅਧਿਐਨ ਅਤੇ ਧਾਰਮਿਕ ਸਾਹਿਤ ਦੀ ਵਿਆਖਿਆ ਅਤੇ ਪ੍ਰਚਾਰ-ਪ੍ਰਸਾਰ ਲਈ ਇਸ ਨੂੰ ਇਕ ਮੁੱਖ ਜੁਗਤ ਵਜੋਂ ਵਰਤਿਆ ਜਾਣ ਲੱਗਾ। ਉੱਨੀਵੀਂ ਸਦੀ ਦੇ ਅੰਤ ਤੋਂ ਹੀ ਗੁਰਬਾਣੀ ਦੀ ਅਨਯ-ਮਤੀ ਵਿਆਖਿਆ ਸ਼ੁਰੂ ਹੋ ਗਈ ਸੀ ਅਤੇ ਕਈ ਧਾਰਮਿਕ ਸੰਪ੍ਰਦਾਵਾਂ ਦੁਆਰਾ ਗੁਰਬਾਣੀ ਨੂੰ ਆਪਣੇ-ਆਪਣੇ ਸਵਾਰਥੀ ਮਨੋਰਥਾਂ ਲਈ ਵਰਤਣਾ ਸ਼ੁਰੂ ਕੀਤਾ ਜਾ ਚੁੱਕਾ ਸੀ। ਉਸ ਨੂੰ ਠਲ੍ਹ ਪਾਉਣ ਲਈ ਗੁਰਬਾਣੀ ਵਿਆਕਰਣ ਦੀ ਅਨੁਸ਼ਾਸਨੀ ਪਕੜ ਨੇ ਬਾਣੀ ਦੇ ਪਾਠ ਅਤੇ ਵਿਆਖਿਆ ਨੂੰ ਗੁਰ-ਆਸ਼ਿਆਂ ਮੁਤਾਬਿਕ ਸਮਝਣ-ਸਮਝਾਉਣ ਵਿਚ ਬਹੁਤ ਮਦਦ ਕੀਤੀ।

ਤਲਵਾੜਾ ਜੀ ਨੇ ਇਸ ਤੱਥ ਨੂੰ ਵੀ ਭਲੀ-ਭਾਂਤ ਪਛਾਣਿਆ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਕੋਈ ਪੰਜ ਸੌ ਸਾਲਾਂ ਦੇ ਸਮੇਂ ਦੌਰਾਨ ਰਚੇ ਬਾਣੀ- ਸਾਹਿਤ, ਜਿਸ ਦਾ ਪਾਸਾਰ ਦੇ ਪੱਖੋਂ ਸਾਰੇ ਭਾਰਤ ਦੇ ਵੱਖੋ-ਵੱਖਰੇ ਇਲਾਕਿਆਂ ਅਤੇ ਅਣਗਿਣਤ ਸਭਿਆਚਾਰਕ ਇਕਾਈਆਂ ਨਾਲ ਅਟੁੱਟ ਸੰਬੰਧ ਹੈ, ਦੀ ਭਾਸ਼ਾ-ਵੰਨਗੀ ਦਾ ਮਹਾਨ ਖ਼ਜ਼ਾਨਾ ਹੈ। ਗੁਰਬਾਣੀ ਦਾ ਇਹ ਅਥਾਹ ਸਾਗਰ ਭਾਰਤ ਦੀਆਂ ਭਿੰਨ-ਭਿੰਨ ਭਾਸ਼ਾਵਾਂ, ਬੋਲੀਆਂ, ਉਹਨਾਂ ਦੀਆਂ ਇਲਾਕਾਈ ਵੰਨਗੀਆਂ, ਉਪ-ਵੰਨਗੀਆਂ ਅਤੇ ਵੱਖੋ-ਵੱਖਰੇ ਪੱਧਰਾਂ ਉਪਰ ਵਰਤੀਆਂ ਜਾਂਦੀਆਂ ਸੰਚਾਰ-ਸ਼ੈਲੀਆਂ ਦੇ ਆਪਣੇ ਨਿਖੜਵੇਂਪਨ ਨੂੰ ਓਵੇਂ ਦਾ ਓਵੇਂ ਸਾਂਭੀਂ ਬੈਠਾ ਹੈ। ਪਰ ਗੁਰਬਾਣੀ ਦੇ ਮੰਚ ਉਪਰ ਇਹ ਵਿਸਤ੍ਰਿਤ ਵੰਨਗੀ ਆਪਣੇ ਵੱਖਰੇਪਨ ਨੂੰ ਸਾਂਭ ਕੇ ਰੱਖਦੀ ਹੋਈ ਵੀ ਗੁਰਮੁਖੀ ਆਧਾਰਿਤ ਲਗਾਂ ਮਾਤਰਾਂ ਦੇ ਸਿਸਟਮ ਨਾਲ, ਆਪਸ ਵਿਚ ਖਹਿਸਰਦੇ ਮੱਧਯੁਗੀ ਭਾਰਤ ਦੇ ਬੋਲੀਆਂ ਦੇ ਰੌਲੇ-ਗੌਲੇ ਨੂੰ ਇਕ ਬੱਝਵੇਂ ਇਕਾਗਰ ਰੂਪ ਵਿਚ ਵਿਚਰਦੇ ਪ੍ਰਪੰਚ ਵਜੋਂ ਪੇਸ਼ ਕਰਦੀ ਹੈ। ਇਸ ਵਿਆਪਕ ਬਹੁ-ਰੰਗੇਪਨ ਦੇ ਪਿੱਛੇ ਕੰਮ ਕਰਦੇ, ਜੋੜਨ ਵਾਲੇ ਸੂਤਰ ਨੂੰ ਫੜਨ ਦੀ ਦਿਸ਼ਾ ਵਿਚ ਗੁਰਬਾਣੀ ਦੇ ਵਿਆਕਰਣ ਦੀ ਸੂਝ-ਬੂਝ ਪੈਦਾ ਕਰਨੀ ਬੜੀ ਜ਼ਰੂਰੀ ਹੈ। ਬੋਲੀਆਂ ਦੇ ਇਸ ਵਿਸ਼ਾਲ ਬਗ਼ੀਚੇ ਵਿਚ ਭਿੰਨ-ਭਿੰਨ ਪ੍ਰਦੇਸ਼ ਇਕ ਦੂਜੇ ਵਿਚ ਘੁਲਦੇ-ਮਿਲਦੇ ਹਨ, ਜਾਤੀ ਅਤੇ ਵਰਣ-ਭੇਦ ਖੁਰਦੇ ਹਨ ਅਤੇ ਭਾਰਤ ਦੀ ਸਿਆਸੀ ਤੌਰ 'ਤੇ ਖੇਰੂੰ ਖੇਰੂੰ ਹੋਈ ਤੇ ਭੂਗੋਲਿਕ ਤੌਰ 'ਤੇ ਇਕ ਦੂਜੇ ਤੋਂ ਅਲੱਗ-ਥਲੱਗ ਹੋਈ ਧਰਤੀ ਨੂੰ ਇਕ ਇਕਾਗਰ, ਬੌਧਿਕ ਅਤੇ ਸਭਿਆਚਾਰਕ ਇਕਾਈ ਵਿਚ ਪ੍ਰੋਣ ਦਾ ਕੰਮ ਇਹ ਪਾਵਨ ਬਾਣੀਆਂ ਕਰਦੀਆਂ ਹਨ। ਇਹਨਾਂ ਨੂੰ ਇੱਕੋ ਇਕ ਗੁਰਮੁਖੀ ਲਿੱਪੀ ਵਿਚ ਉਤਾਰਨ ਦੀ ਸਿਆਣਪ ਨੇ ਭਾਰਤ ਦੀ ਸਮੁੱਚੀ ਸਭਿਆਚਾਰਕ ਵੰਨ-ਸੁਵੰਨਤਾ ਨੂੰ ਇਕ ਮੰਚ ਉਪਰ ਲਿਆ ਖੜਾ ਕੀਤਾ ਹੈ। ਇਸ ਦੀ ਹੁਣ ਸੁਯੋਗ ਪਛਾਣ ਗੁਰਬਾਣੀ ਵਿਆਕਰਣ ਦੀ ਵਿੱਦਿਆ ਦੁਆਰਾ ਕੀਤੀ ਜਾ ਸਕਦੀ ਹੈ।

ਤਲਵਾੜਾ ਜੀ ਨੇ ਇਸ ਪੁਸਤਕ ਵਿਚ 23 ਅਧਿਆਵਾਂ ਰਾਹੀਂ ਗੁਰਬਾਣੀ ਦੀ ਵਿਆਕਰਣਿਕ ਬਣਤਰ ਦਾ ਪੂਰੇ ਵਿਸਥਾਰ ਨਾਲ ਵਰਣਨ ਪੇਸ਼ ਕੀਤਾ ਹੈ। ਪਹਿਲੇ ਪੰਜ ਅਧਿਆਏ ਵਿਆਕਰਣ, ਭਾਸ਼ਾ, ਧੁਨੀ, ਲਿੱਪੀ ਅਤੇ ਸ਼ਬਦ-ਬੋਧ ਦੀਆਂ

ਸਮੱਸਿਆਵਾਂ ਉਪਰ ਕੇਂਦ੍ਰਿਤ ਹਨ। ਅਗਲੇ ਪੰਜ ਅਧਿਆਵਾਂ ਵਿਚ ਨਾਂਵ, ਕਾਰਕ ਅਤੇ ਇਹਨਾਂ ਦੀਆਂ ਕਿਸਮਾਂ ਦਾ ਸਣੇ-ਉਦਾਹਰਣ ਵੇਰਵਾ ਦਿੱਤਾ ਗਿਆ ਹੈ। ਫੇਰ ਤਿੰਨ ਅੰਤਿਕਾਵਾਂ 'ੳ', 'ਅ', 'ੲ' ਵਿਚ ਕ੍ਰਮਵਾਰ ਸਮੁੱਚੀ ਗੁਰਬਾਣੀ ਵਿੱਚੋਂ ਉਹਨਾਂ ਪੰਗਤੀਆਂ ਨੂੰ ਦਿੱਤਾ ਗਿਆ ਹੈ, ਜਿਨ੍ਹਾਂ ਵਿਚ ਜੁੜਤ ਪਦਾਂ ਦੇ ਨਿਖੜਵੇਂ ਸ਼ਬਦ-ਜੋੜ ਅਤੇ ਉਹਨਾਂ ਦੇ ਅਰਥ, ਗੁਰਬਾਣੀ ਵਿਚ ਅਰਬੀ-ਫ਼ਾਰਸੀ ਦੇ ਸ਼ਬਦ ਅਤੇ ਉਹਨਾਂ ਦੇ ਅਰਥ ਅਤੇ ਕੁਝ ਅੱਖਰਾਂ ਦੇ ਕਿਸੇ ਹੋਰ ਅੱਖਰ ਨਾਲ ਵਟਾਂਦਰੇ ਦੀ ਸੂਚੀ ਦਿੱਤੀ ਹੈ। ਇਸ ਤੋਂ ਪਿੱਛੋਂ ਪੜਨਾਂਵ, ਵਿਸ਼ੇਸ਼ਣ, ਕ੍ਰਿਆ, ਕ੍ਰਿਆ-ਵਿਸ਼ੇਸ਼ਣ, ਸੰਬੰਧਕ, ਯੋਜਕ, ਵਿਸਮਿਕ ਅਤੇ ਅੰਤ ਵਿਚ ਗੁਰਬਾਣੀ ਦੀ ਭਾਸ਼ਾ ਦੇ ਵਿਆਕਰਣਿਕ ਨੇਮ ਦਿੱਤੇ ਗਏ ਹਨ। ਇਸ ਸਾਰੇ ਕਾਰਜ ਵਿਚ ਵਿਸਤ੍ਰਿਤ ਸੂਚਨਾ ਨੂੰ ਤਰਤੀਬ ਅਤੇ ਜੁਗਤ ਵਿਚ ਬੰਨ੍ਹ ਕੇ ਪੇਸ਼ ਕੀਤਾ ਹੈ। ਆਪਣੇ ਇਸ ਕਾਰਜ ਲਈ ਉਹਨਾਂ ਨੇ ਜਿਸ ਮਾਡਲ ਨੂੰ ਚੁਣਿਆ ਹੈ, ਉਹ ਪੰਜਾਬੀ ਦੀ ਰਵਾਇਤੀ ਵਿਆਕਰਣ ਵਾਲਾ ਹੈ, ਕਿਉਂਕਿ ਭਾਈ ਤਲਵਾੜਾ ਜੀ ਇਸ ਮਾਡਲ ਨਾਲ ਚੰਗੀ ਤਰ੍ਹਾਂ ਵਾਕਫ਼ੀਅਤ ਰੱਖਦੇ ਸਨ। ਆਧੁਨਿਕ ਪੱਛਮੀ ਭਾਸ਼ਾ ਵਿਗਿਆਨ ਦੇ ਅਧਿਐਨ-ਮਾਡਲਾਂ ਨਾਲ ਉਹਨਾਂ ਦੀ ਕੋਈ ਪ੍ਰਮਾਣਿਕ ਸਾਂਝ ਨਾ ਹੋਣ ਕਰਕੇ ਉਸ ਦ੍ਰਿਸ਼ਟੀ ਤੋਂ ਇਸ ਕਾਰਜ ਨੂੰ ਵੇਖਣਾ ਯੋਗ ਨਹੀਂ ਹੋਵੇਗਾ। ਪਰ ਫੇਰ ਵੀ ਉਹਨਾਂ ਦੀ ਇਸ ਦੇਣ ਪਿੱਛੇ ਉਹਨਾਂ ਦੀ ਅਣਥੱਕ ਮਿਹਨਤ ਅਤੇ ਲਗਨ ਦੀ ਝਲਕ ਸਹਿਜੇ ਹੀ ਮਿਲਦੀ ਹੈ। ਇਹ ਅੱਗੋਂ ਆਉਣ ਵਾਲੀ ਵਿਦਵਤਾ ਲਈ ਵੰਗਾਰ ਦਾ ਕੰਮ ਕਰਦੀ ਹੈ ਅਤੇ ਇਸ ਕਾਰਜ ਨੂੰ ਵਿਆਕਰਣਿਕ ਵਿੱਦਿਆ ਦੇ ਨਵੇਂ ਪਰਿਪੇਖਾਂ ਵਿਚ ਬਿਆਨ ਕਰਨ ਲਈ ਪ੍ਰੇਰਣਾ ਦੇਂਦੀ ਹੈ।

ਦੇਸ-ਬਦੇਸ ਵਿਚ ਸਿੱਖ ਅਧਿਐਨ ਪ੍ਰੋਗਰਾਮ ਗੁਰਬਾਣੀ ਦੇ ਵਿਆਕਰਣਿਕ ਅਧਿਐਨ ਵਿਚ ਕਿਸੇ ਉਘੜਵੀਂ ਦਿਲਚਸਪੀ ਹੋਣ ਦਾ ਪ੍ਰਮਾਣ ਨਹੀਂ ਦੇਂਦੇ। ਅੱਜ ਤਕ ਰੁਚੀ ਧਰਮ ਸ਼ਾਸਤਰ, ਇਤਿਹਾਸ ਅਤੇ ਦਰਸ਼ਨ ਉੱਤੇ ਕੰਮ ਕਰਨ ਦੀ ਨਜ਼ਰ ਆਉਂਦੀ ਹੈ, ਪਰ ਤਲਵਾੜਾ ਜੀ ਦਾ ਇਹ ਕਾਰਜ ਵਿਦਵਾਨਾਂ ਨੂੰ ਇਸ ਖੇਤਰ ਵਿਚ ਰੁਚਿਤ ਹੋਣ ਦਾ ਮਸ਼ਵਰਾ ਦੇਂਦਾ ਹੈ। ਗੁਰਬਾਣੀ ਦਾ ਸਾਰਥਿਕ ਅਧਿਐਨ ਤਾਂ ਹੀ ਸੰਭਵ ਹੋਵੇਗਾ, ਜਦੋਂ ਬਾਣੀ ਦੇ ਆਪਣੇ ਨਿਖੜਵੇਂ ਵਿਆਕਰਣਿਕ ਸਰੂਪ ਨੂੰ ਨਿਸਚਿਤ ਕੀਤਾ ਜਾਏਗਾ।

•

ਪੰਜਾਬੀ ਫ਼ੋਨੈਟਿਕ ਰੀਡਰ

ਆਧੁਨਿਕ ਭਾਸ਼ਾ-ਸਿੱਖਿਆ ਦੇ ਖੇਤਰ ਵਿਚ ਪੜ੍ਹਾਈ ਜਾ ਰਹੀ ਕਿਸੇ ਭਾਸ਼ਾ ਦੇ ਵਿਲੱਖਣ ਧੁਨੀ-ਮੂਲਕ ਚਰਿੱਤਰ ਨੂੰ ਸਿਖਿਆਰਥੀਆਂ ਦੇ ਹਿਰਦਿਆਂ ਵਿਚ ਵਸਾਉਣਾ ਜ਼ਰੂਰੀ ਮੰਨਿਆ ਜਾਂਦਾ ਹੈ। ਉਚਾਰ ਦੀ ਪੱਧਰ ਉਪਰ ਹਰ ਭਾਸ਼ਾ ਧੁਨੀਆਂ ਦੀ ਇਕ ਅਜਿਹੀ ਲੜੀ ਹੁੰਦੀ ਹੈ, ਜਿਸ ਨੂੰ ਕਿਸੇ ਖ਼ਾਸ ਗਤੀ ਵਿਚ ਵਿਸਰਾਮ ਜਾਂ ਅਰਧ-ਵਿਸਰਾਮ ਦੇ ਕੇ ਉਚਾਰਿਆ ਜਾਂਦਾ ਹੈ। ਇਸੇ ਤਰ੍ਹਾਂ ਭਾਸ਼ਾ ਵਿਹਾਰ ਵਿਚ ਪਏ ਸ੍ਰੋਤੇ ਇਨ੍ਹਾਂ ਧੁਨੀ-ਲੜੀਆਂ ਨੂੰ ਅਰਥ ਇਕਾਈਆਂ ਦੇ ਰੂਪ ਵਿਚ ਗ੍ਰਹਿਣ ਕਰਦੇ ਹਨ ਅਤੇ ਲੋੜ-ਅਨੁਸਾਰ ਇਸ ਪ੍ਰਕਿਰਿਆ ਦੁਆਰਾ ਸੰਚਾਰਿਤ ਪੈਗ਼ਾਮ ਹਾਸਿਲ ਕਰਦੇ ਹਨ। ਹਰ ਭਾਸ਼ਾ, ਇਸ ਦ੍ਰਿਸ਼ਟੀ ਤੋਂ ਉਚਾਰਣੀ ਅਤੇ ਸ੍ਰਵਣੀ, ਦੋਹਾਂ ਪੱਖਾਂ ਤੋਂ ਆਪਣਾ ਵਿਲੱਖਣ ਚਰਿੱਤਰ ਰੱਖਦੀ ਹੈ। ਜਦੋਂ ਦੂਜੀ ਭਾਸ਼ਾ ਦੇ ਤੌਰ 'ਤੇ ਕਿਸੇ ਭਾਸ਼ਾ ਦੀ ਸਿੱਖਿਆ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਉਸ ਸਮੇਂ ਜ਼ਰੂਰੀ ਹੋ ਜਾਂਦਾ ਹੈ ਕਿ ਸਿਖਿਆਰਥੀਆਂ ਨੂੰ ਨਾ ਕੇਵਲ ਭਾਸ਼ਾ-ਧੁਨੀਆਂ ਦੇ ਉਚਾਰਣ ਦਾ ਠੀਕ ਗਿਆਨ ਦਿੱਤਾ ਜਾਏ, ਸਗੋਂ ਉਨ੍ਹਾਂ ਨੂੰ ਇਹ ਧੁਨੀਆਂ ਠੀਕ ਰੂਪ ਵਿਚ ਸੁਨਣ ਅਤੇ ਮਨ ਵਿਚ ਵਸਾਉਣ ਲਈ ਵੀ ਯੋਗ ਸਿਖਲਾਈ ਪ੍ਰਦਾਨ ਕੀਤੀ ਜਾਏ। ਅਜਿਹੀ ਲੋੜ ਨੂੰ ਪੂਰਾ ਕਰਨ ਲਈ ਖੰਡੀ ਧੁਨੀਗ੍ਰਾਮ ਵਿਗਿਆਨ ਸਾਡੀ ਸਹਾਇਤਾ ਕਰਦਾ ਹੈ, ਜੋ ਕਿਸੇ ਵੀ ਭਾਸ਼ਾ ਦੀਆਂ ਸਾਰਥਿਕ ਧੁਨੀ-ਇਕਾਈਆਂ ਨੂੰ ਨਾ ਕੇਵਲ ਨਿਖੇੜ ਕੇ ਦੱਸਦਾ ਹੈ, ਸਗੋਂ ਉਨ੍ਹਾਂ ਧੁਨੀ-ਪ੍ਰਬੰਧਾਂ ਦਾ ਵੀ ਵਰਣਨ ਕਰਦਾ ਹੈ, ਜੋ ਕਿਸੇ ਭਾਸ਼ਾ ਵਿਚ ਸੰਭਵ ਹੋ ਸਕਦੇ ਹਨ। ਦੂਜੀ ਭਾਸ਼ਾ ਦੀ ਪੱਧਰ ਦੇ ਸਿਖਿਆਰਥੀਆਂ ਨੂੰ ਭਾਸ਼ਾ ਦੇ ਆਪਣੇ ਧੁਨੀਗ੍ਰਾਮ ਵਿਗਿਆਨ ਦੇ ਆਧਾਰ ਉਪਰ ਭਾਸ਼ਾ ਦੀਆਂ ਧੁਨੀਆਂ ਦੇ ਨਿਖੜਵੇਂ ਚਰਿੱਤਰ ਅਤੇ ਭਿੰਨ-ਭਿੰਨ ਲੜੀਆਂ ਵਿਚ ਬੱਝ ਸਕਣ ਵਾਲੇ ਪ੍ਰਬੰਧਾਂ ਨਾਲ ਚੰਗੀ ਤਰ੍ਹਾਂ ਵਾਕਫ਼ੀਅਤ ਦੇਣਾ ਅਜਿਹੀ ਭਾਸ਼ਾ-ਸਿੱਖਿਆ ਦੀ ਮੁੱਢਲੀ ਲੋੜ ਹੈ। ਸਿੱਖਿਆਰਥੀ ਆਪਣੇ ਉਚਾਰ-ਅੰਗਾਂ ਵਿਚ ਲੋੜੀਂਦੀ ਲਚਕ ਅਤੇ ਜੁਗਤ ਵਰਤੋਂ ਪੈਦਾ ਕਰ ਕੇ ਅਤੇ ਆਪਣੀ ਮਾਤ-ਬੋਲੀ ਦੀਆਂ ਉਚਾਰਣੀ ਆਦਤਾਂ ਨੂੰ ਤਿਆਗ ਕੇ ਦੂਜੀ ਭਾਸ਼ਾ ਦੇ ਉਚਾਰਣ ਨੂੰ ਠੀਕ ਢੰਗ ਨਾਲ ਗ੍ਰਹਿਣ ਕਰਦੇ ਹਨ। ਆਪਣੀ ਮਾਤ-ਭਾਸ਼ਾ ਵਿਚ ਪੱਕੇ ਹੋਏ ਉਚਾਰਣ ਨੂੰ ਤਿਆਗ ਕੇ ਸਿੱਖੀ ਜਾ ਰਹੀ ਭਾਸ਼ਾ ਦੇ ਆਪਣੇ ਧੁਨੀ-ਵਿਹਾਰ ਨੂੰ ਸਹਿਜ ਭਾਵ ਅਤੇ ਸੌਖ ਨਾਲ ਅਪਨਾਉਣ ਲਈ ਉਨ੍ਹਾਂ ਨੂੰ ਆਪਣੇ ਉਚਾਰਣ ਵਿਚ ਯੋਗ ਹਰਕਤ ਪੈਦਾ ਕਰਨੀ ਪੈਂਦੀ ਹੈ। ਅਜਿਹੇ ਸਿਖਿਆਰਥੀਆਂ ਨੇ ਜੇਕਰ ਇਸ ਭਾਸ਼ਾ ਨੂੰ ਸਿੱਖ ਕੇ ਇਸ ਦੀ ਸਿੱਖਿਆ ਹੋਰਾਂ ਨੂੰ ਦੂਜੀ ਭਾਸ਼ਾ ਦੇ ਪੱਧਰ ਉੱਤੇ ਪ੍ਰਦਾਨ ਕਰਨੀ ਹੋਵੇ ਤਾਂ ਉਸ ਦੀ ਸਿਖਲਾਈ ਏਨੀ ਮੁਕੰਮਲ

ਹੋਣੀ ਚਾਹੀਦੀ ਹੈ ਕਿ ਉਸ ਵਿਚ ਭਾਸ਼ਾ ਦੇ ਸ਼ੁੱਧ ਉਚਾਰਣ ਨੂੰ ਅਸ਼ੁੱਧ ਉਚਾਰਣ ਨਾਲੋਂ ਨਿਖੇੜਨ ਦੀ ਪ੍ਰਤੱਖਣ-ਯੋਗਤਾ ਪੈਦਾ ਹੋਣੀ ਚਾਹੀਦੀ ਹੈ ਤਾਂ ਕਿ ਉਹ ਉਚਾਰ-ਧੁਨੀਆਂ ਨੂੰ ਇਕੱਲੇ-ਇਕੱਲੇ ਤੌਰ 'ਤੇ ਅਤੇ ਲੜੀ-ਪ੍ਰਬੰਧ ਦੋਹਾਂ ਰੂਪਾਂ ਵਿਚ ਸ਼ੁੱਧ ਰੂਪ ਵਿਚ ਉਚਾਰਣ ਸਿਖਾ ਸਕੇ।

ਦੂਜੀ ਭਾਸ਼ਾ ਦੀ ਪੱਧਰ ਉਪਰ ਭਾਸ਼ਾ ਸਿੱਖਿਆ ਦੇ ਕੰਮ ਨੂੰ ਵਧੇਰੇ ਸਾਰਥਿਕ ਬਣਾਉਣ ਲਈ ਭਾਰਤੀ ਭਾਸ਼ਾਵਾਂ ਦੇ ਫ਼ੋਨੈਟਿਕ ਰੀਡਰ ਬਣਾਉਣ ਦਾ ਕੰਮ ਮੈਸੂਰ ਵਿਚ ਭਾਰਤੀ ਭਾਸ਼ਾਵਾਂ ਦੇ ਕੇਂਦਰੀ ਸੰਸਥਾਨ ਨੇ ਕੋਈ ਦਸ ਵਰ੍ਹੇ ਪਹਿਲਾਂ ਆਰੰਭਿਆ ਸੀ। ਹੱਥਲੀ ਪੁਸਤਕ ਇਸੇ ਲੜੀ ਵਿਚ ਤਿਆਰ ਕੀਤੀ ਗਈ ਹੈ। ਇਸ ਤੋਂ ਪਹਿਲਾਂ ਇਸ ਪ੍ਰਕਾਸ਼ਨ-ਲੜੀ ਵਿਚ 21 ਰੀਡਰ ਪ੍ਰਕਾਸ਼ਿਤ ਕੀਤੇ ਜਾ ਚੁੱਕੇ ਹਨ। ਇਨ੍ਹਾਂ ਰੀਡਰਾਂ ਦੀ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਲਿਖਿਤ ਨਾਲੋਂ ਭਾਸ਼ਾ ਦੇ ਉਚਾਰ ਪੱਖ ਉਪਰ ਵਧੇਰੇ ਬਲ ਦੇਂਦੇ ਹਨ ਅਤੇ ਭਾਸ਼ਾ ਸਿੱਖਿਆ ਪ੍ਰਕਿਰਿਆ ਵਿਚ ਕਲਾਸੀਕਲ ਭਾਸ਼ਾਵਾਂ ਅਤੇ ਆਧੁਨਿਕ ਭਾਸ਼ਾਵਾਂ ਵਿਚਕਾਰ ਗ਼ੈਰ ਤਸੱਲੀਬਖ਼ਸ਼ ਤੁਲਨਾ-ਵਿਧੀ ਨੂੰ ਤਿਆਗ ਕੇ ਹਰ ਭਾਸ਼ਾ ਦੇ ਆਪਣੇ ਮੌਲਿਕ ਧੁਨੀ-ਮੂਲਕ ਚਰਿੱਤਰ ਦਾ ਵਿਧੀਵਤ ਵਰਣਨ ਪੇਸ਼ ਕਰਦੇ ਹਨ। ਇਸ ਲੜੀ ਵਿਚ ਛਪੇ ਭਾਰਤੀ ਭਾਸ਼ਾਵਾਂ ਦੇ ਫ਼ੋਨੈਟਿਕ ਰੀਡਰ ਪੁਰਾਣੇ ਲਿਖਿਤ ਭਾਸ਼ਾ ਨੂੰ ਆਧਾਰ ਬਣਾ ਕੇ ਸਿੱਖਿਆ ਪ੍ਰਦਾਨ ਕਰਨ ਵਾਲੇ ਮਾਰਗ ਨੂੰ ਤਿਆਗ ਕੇ ਸਾਡੀਆਂ ਭਾਸ਼ਾਵਾਂ ਵਿਚ ਮਿਲਦੇ ਧੁਨੀ-ਮੂਲਕ ਵੰਨਗੀ ਦੇ ਘੇਰੇ ਨੂੰ ਦਰਸਾਉਂਦੇ ਹਨ ਅਤੇ ਧੁਨੀ-ਮੂਲਕ ਪੈਟਰਨਿੰਗ (phonetic patterning) ਦੇ ਆਧਾਰ ਉਪਰ ਇਨ੍ਹਾਂ ਭਾਸ਼ਾਵਾਂ ਦੀ ਪਰਸਪਰ ਨੇੜਤਾ ਨੂੰ ਵੀ ਰੂਪਮਾਨ ਕਰਦੇ ਹਨ।

ਹੱਥਲਾ ਰੀਡਰ ਵੀ ਪੰਜਾਬੀ ਭਾਸ਼ਾ ਦੀ ਸਿੱਖਿਆ ਦੂਜੀ ਭਾਸ਼ਾ ਦੀ ਪੱਧਰ ਉਪਰ ਲੈਣ ਵਾਲੇ ਸਿਖਿਆਰਥੀਆਂ ਦੀਆਂ ਲੋੜਾਂ ਨੂੰ ਮੁੱਖ ਰੱਖ ਕੇ ਤਿਆਰ ਕੀਤਾ ਗਿਆ ਹੈ। ਭਾਰਤੀ ਭਾਸ਼ਾਵਾਂ ਦੇ ਕੇਂਦਰੀ ਸੰਸਥਾਨ ਅਤੇ ਇਸ ਦੇ ਪ੍ਰਾਦੇਸ਼ਿਕ ਭਾਸ਼ਾ ਸਿੱਖਿਆ ਕੇਂਦਰਾਂ ਵਿਚ ਆਪਣੀ ਮਾਤ-ਬੋਲੀ ਤੋਂ ਵੱਖਰੀ ਕਿਸੇ ਹੋਰ ਭਾਸ਼ਾ ਸਿੱਖਣ ਵਾਲਿਆਂ ਲਈ ਇਹ ਇਕ ਪ੍ਰਕਾਰ ਦੀ ਪਾਠ-ਪੁਸਤਕ ਹੈ, ਜਿਸ ਦੀ ਸਹਾਇਤਾ ਨਾਲ ਉਹ ਸ਼ੁੱਧ ਭਾਸ਼ਾ ਉਚਾਰਣ ਵਿਚ ਲੋੜੀਂਦੀ ਪ੍ਰਬੀਣਤਾ ਹਾਸਲ ਕਰ ਸਕਦੇ ਹਨ।

ਇਸ ਰੀਡਰ ਵਿਚ ਪੰਜ ਅਧਿਆਏ ਹਨ। ਪਹਿਲੇ ਅਧਿਆਏ ਵਿਚ ਉਚਾਰ-ਅੰਗਾਂ ਅਤੇ ਉਨ੍ਹਾਂ ਦੇ ਪ੍ਰਕਾਰਜਾਂ ਦਾ ਸੰਖੇਪ ਖਾਕਾ ਪੇਸ਼ ਕੀਤਾ ਗਿਆ ਹੈ। ਇਸ ਦੇ ਨਾਲ ਉਚਾਰ-ਧੁਨੀਆਂ ਦਾ ਸੰਖੇਪ ਵਰਗੀਕਰਣ ਦਿੱਤਾ ਗਿਆ ਹੈ। ਇਸ ਦੀ ਵੱਡੀ ਵਿਸ਼ੇਸ਼ਤਾ ਇਸ ਗੱਲ ਵਿਚ ਹੈ ਕਿ ਇਹ ਵਰਣਨ ਅਤਿ ਸੰਖੇਪ, ਸਰਲ ਅਤੇ ਗ਼ੈਰ- ਤਕਨੀਕੀ ਭਾਸ਼ਾ ਵਿਚ ਕੀਤਾ ਗਿਆ ਹੈ, ਜਿਸ ਨਾਲ ਸਿਖਿਆਰਥੀ ਧੁਨੀਆਂ ਦਾ ਠੀਕ ਪ੍ਰਤੱਖਣ ਕਰ ਕੇ ਨਿਖੇੜਾ ਕਰ ਸਕਣ ਅਤੇ ਇਨ੍ਹਾਂ ਨੂੰ ਆਪ ਠੀਕ ਤਰ੍ਹਾਂ ਉਚਾਰ ਸਕਣ।

ਦੂਜੇ ਅਧਿਆਏ ਵਿਚ ਪੰਜਾਬੀ ਉਚਾਰ ਧੁਨੀਆਂ ਦਾ ਵਰਣਨ ਪੇਸ਼ ਕੀਤਾ ਗਿਆ ਹੈ ਅਤੇ ਇਨ੍ਹਾਂ ਦੇ ਉਚਾਰ ਵਿਚ ਕੰਮ ਕਰਨ ਵਾਲੇ ਭਿੰਨ-ਭਿੰਨ ਅੰਗਾਂ ਦੇ ਕਾਰਜ ਨੂੰ ਸੰਖੇਪ ਵਿਚ ਦਰਸਾਇਆ ਗਿਆ ਹੈ। ਨਾਲ ਹੀ ਉਨ੍ਹਾਂ ਧੁਨੀਆਂ ਦੀ ਵਰਗ-

ਵੰਡ ਵੀ ਕੀਤੀ ਗਈ ਹੈ ਅਤੇ ਲੋੜੀਂਦੀਆਂ ਉਦਾਹਰਣਾਂ ਦੇ ਕੇ ਇਨ੍ਹਾਂ ਦੀ ਬਣਤਰ ਸਮਝਾਈ ਗਈ ਹੈ।

ਤੀਜੇ ਅਧਿਆਏ ਵਿਚ ਕਾਫ਼ੀ ਮਾਤਰਾ ਵਿਚ ਧੁਨੀ-ਮੂਲਕ ਅਭਿਆਸ ਲਈ ਫ਼ੋਨੈਟਿਕ ਡਰਿਲਜ਼ ਦਿੱਤੀਆਂ ਗਈਆਂ ਹਨ। ਇਨ੍ਹਾਂ ਵਿਚ ਤੁਲਨਾ-ਵਿਧੀ ਅਪਨਾਈ ਗਈ ਹੈ ਅਤੇ ਧੁਨੀ-ਮੂਲਕ ਤੌਰ 'ਤੇ ਸਮਾਨ ਧੁਨੀਆਂ ਨੂੰ ਵਿਤਰੇਕੀ ਜੋੜਿਆਂ ਵਿਚ ਰੱਖ ਕੇ ਪੇਸ਼ ਕੀਤਾ ਗਿਆ ਹੈ। ਇਨ੍ਹਾਂ ਰਾਹੀਂ ਨਿਰੰਤਰ ਅਭਿਆਸ ਕਰ ਕੇ ਭਾਸ਼ਾ ਸਿੱਖਣ ਵਾਲੇ ਯੋਗ ਅਭਿਆਸ ਕਰ ਸਕਦੇ ਹਨ ਤਾਂ ਕਿ ਉਹ ਪੰਜਾਬੀ ਧੁਨੀਆ ਨੂੰ ਨਾ ਕੇਵਲ ਚੰਗੀ ਤਰ੍ਹਾਂ ਪਛਾਣ ਸਕਣ, ਸਗੋਂ ਉਨ੍ਹਾਂ ਦਾ ਸ਼ੁੱਧ ਉਚਾਰਣ ਉਨ੍ਹਾਂ ਦੇ ਮਨਾਂ ਵਿਚ ਘਰ ਕਰ ਸਕੇ। ਇਹ ਅਧਿਆਏ ਭਾਸ਼ਾ ਪ੍ਰਯੋਗਸ਼ਾਲਾਂ ਦੀ ਸਹਾਇਤਾ ਨਾਲ ਸਿਖਿਆਰਥੀਆਂ ਲਈ ਮੁੱਲਵਾਨ ਸਿੱਧ ਹੋ ਸਕਦਾ ਹੈ।

ਚੌਥਾ ਅਧਿਆਏ ਪੰਜਾਬੀ ਭਾਸ਼ਾ ਦੇ ਆਪਣੇ ਧੁਨੀ-ਮੂਲਕ ਚਰਿੱਤਰ ਬਾਰੇ ਸੰਖੇਪ ਅਤੇ ਸਾਰਪੂਰਣ ਜਾਣਕਾਰੀ ਦੇਂਦਾ ਹੈ। ਇਸ ਵਿਚ ਪੰਜਾਬੀ ਭਾਸ਼ਾ ਦੀਆਂ ਮੂਲ ਧੁਨੀਆਂ ਨੂੰ ਲੋੜੀਂਦੇ ਧੁਨੀਮਾਂ ਵਿਚ ਵਰਗਬੱਧ ਕੀਤਾ ਗਿਆ ਹੈ ਅਤੇ ਇਸ ਤਰ੍ਹਾਂ ਪੰਜਾਬੀ ਦੇ ਆਪਣੇ ਨਿਖੜਵੇਂ ਧੁਨੀ ਸਿਸਟਮ ਨੂੰ ਪੇਸ਼ ਕੀਤਾ ਗਿਆ ਹੈ। ਸ੍ਵਰ ਅਤੇ ਵਿਅੰਜਨ ਧੁਨੀਮਾਂ ਨੂੰ ਤਾਲਕਾਵਾਂ ਵਿਚ ਦਰਸਾਇਆ ਗਿਆ ਹੈ, ਧੁਨੀਮੀ ਵਿਤਰਨ, ਯੁਗਮੀਕਰਨ (gemination), ਖੁਲ੍ਹੀ ਤਬਦੀਲੀ (free variation) ਅਤੇ ਸਹਿ-ਧੁਨੀਮਿਕ ਵਿਤਰਨ ਵਿਧੀਵਤ ਢੰਗ ਨਾਲ ਦਿੱਤੇ ਗਏ ਹਨ।

ਇਸ ਰੀਡਰ ਦਾ ਪੰਜਵਾਂ ਅਧਿਆਏ ਅੱਖਰ-ਵਿਗਿਆਨ ਨਾਲ ਸੰਬੰਧਿਤ ਹੈ। ਇਸ ਅਧਿਆਏ ਵਿਚ ਗੁਰਮੁਖੀ ਲਿੱਪੀ ਦਾ ਸੰਖੇਪ ਵਰਣਨ ਪੇਸ਼ ਕੀਤਾ ਗਿਆ ਹੈ, ਧੁਨੀਮ ਅਤੇ ਲਿੱਪੀਮ ਦੀ ਅਨੁਰੂਪਤਾ ਨੂੰ ਦਰਸਾਇਆ ਗਿਆ ਹੈ ਅਤੇ ਲੋੜੀਂਦੀਆਂ ਉਦਾਹਰਣਾਂ ਨਾਲ ਲਗਾਂ-ਮਾਤਰਾਂ ਅਤੇ ਜੁੜਵੇਂ ਅੱਖਰਾਂ ਨੂੰ ਸਮਝਾਇਆ ਗਿਆ ਹੈ।

ਇਹ ਰੀਡਰ ਪੰਜਾਬੀ ਭਾਸ਼ਾ ਦੀ ਦੂਜੀ ਭਾਸ਼ਾ ਦੀ ਪੱਧਰ ਉੱਤੇ ਸਿੱਖਿਆ ਪ੍ਰਦਾਨ ਕਰਨ ਵਿਚ ਬੜਾ ਮੁੱਲਵਾਨ ਹਿੱਸਾ ਪਾ ਸਕਦੀ ਹੈ। ਵਿਗਿਆਨਕ ਅਤੇ ਵਿਧੀਵਤ ਰੂਪ ਵਿਚ ਅਜਿਹੀ ਸਿੱਖਿਆ-ਸਾਮਗਰੀ ਦਾ ਤਿਆਰ ਕੀਤੇ ਜਾਣਾ ਬਹੁਤ ਜ਼ਰੂਰੀ ਹੈ। ਪਰ ਇਹ ਕਾਰਜ ਹੋਰ ਮੁੱਲਵਾਨ ਹੋ ਸਕਦਾ ਸੀ, ਜੇਕਰ ਇਸ ਵਿਚ ਪੰਜਾਬੀ ਦੇ ਅਖੰਡੀ ਧੁਨੀਮਾਂ ਬਾਰੇ ਵੀ ਸੂਚਨਾ ਪ੍ਰਦਾਨ ਕੀਤੀ ਜਾਂਦੀ। ਪੰਜਾਬੀ ਵਿਚ ਦਬਾਅ (stress) ਸ਼ਬਦ ਅਤੇ ਵਾਕ ਦੋਹਾਂ ਪੱਧਰਾਂ ਉੱਤੇ ਅਰਥ-ਸਿਰਜਣ ਵਿਚ ਮਹੱਤਵਪੂਰਣ ਰੋਲ ਅਦਾ ਕਰਦਾ ਹੈ। ਇਸੇ ਤਰ੍ਹਾਂ ਪੰਜਾਬੀ ਵਿਚ ਸ੍ਵਰ ਲਹਿਰੀ (intonation) ਪੈਟਰਨ ਵੀ ਦੂਜੀਆਂ ਭਾਸ਼ਾਵਾਂ ਨਾਲੋਂ ਵੱਖਰੇ ਹਨ। ਜਦੋਂ ਵੀ ਇਸ ਰੀਡਰ ਦਾ ਅਗਲਾ ਐਡੀਸ਼ਨ ਛਾਪਿਆ ਜਾਏ, ਪੰਜਾਬੀ ਭਾਸ਼ਾ ਦੇ ਇਨ੍ਹਾਂ ਪੱਖਾਂ ਉਪਰ ਲੋੜੀਂਦੀ ਜਾਣਕਾਰੀ ਵਧਾ ਦਿੱਤੀ ਜਾਏ।

•

ਪੰਜਾਬੀ ਲਿਸਾਨੀਅਤ

ਉਰਦੂ ਅੱਖਰਾਂ ਵਿਚ ਛਪੀ ਪੰਜਾਬੀ ਲਿਸਾਨੀਅਤ ਬਾਰੇ ਇਹ ਕਿਤਾਬ ਪਾਕਿਸਤਾਨ ਦੇ ਪੰਜਾਬੀ ਅਦਬ ਵਿਚ ਪ੍ਰਸੰਸਾਯੋਗ ਵਾਧਾ ਹੈ। ਕਾਰਨ ਇਹ ਹੈ ਕਿ ਉਥੇ ਪੰਜਾਬੀ ਲਿਸਾਨੀਅਤ ਦੇ ਮੁਤਾਲਿਆ ਲਈ ਅੱਗੇ ਕੋਈ ਪਰੰਪਰਾ ਮੌਜੂਦ ਨਹੀਂ ਹੈ। ਸ਼ਹਬਾਜ਼ ਮਲਿਕ ਹੋਰਾਂ ਇਸ ਪਾਸੇ ਪਹਿਲੀ ਵਾਰੀ ਤਵੱਜੋ ਦਿੱਤੀ ਲਗਦੀ ਹੈ। ਇਹ ਖ਼ੁਸ਼ੀ ਦੀ ਗੱਲ ਹੈ ਕਿ ਇਸ ਵਿਚ ਲਿਸਾਨੀਅਤ ਦੇ ਕੁਝ ਬੁਨਿਆਦੀ ਮਸਲਿਆਂ ਬਾਰੇ ਵਿਚਾਰ ਕਰਨ ਦਾ ਯਤਨ ਕੀਤਾ ਗਿਆ ਹੈ। ਭਾਰਤੀ ਪੰਜਾਬ ਵਿਚ ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਿਖੇ ਪੰਜਾਬੀ ਭਾਸ਼ਾ ਦੇ ਉਚੇਰੇ ਅਧਿਐਨ ਲਈ ਇਕ ਪੂਰਾ ਵਿਭਾਗ ਸਥਾਪਤ ਹੋਇਆ ਹੋਇਆ ਹੈ, ਜਿਸ ਵਿਚ ਪੰਜਾਬੀ ਪੜ੍ਹਾਈ ਤੇ ਖੋਜ ਬਾਰੇ ਉਚੇਚਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਮੁਖੀ ਲਿਸਾਨੀਅਤ ਦੀ ਨਜ਼ਰੀ ਤੇ ਫ਼ਿਕਰੀ ਸੋਚ-ਵਿਚਾਰ ਲਈ ਵਿਦੇਸ਼ ਤੋਂ ਸਿਖਲਾਈ ਹਾਸਲ ਕਰਕੇ ਆਏ ਹਨ। ਪਰ ਇਸ ਵਿਭਾਗ ਨੇ ਵੀ ਪੰਜਾਬੀ ਜ਼ਬਾਨ ਬਾਰੇ ਪੰਜਾਬੀ ਵਿਚ ਨਜ਼ਰੀ ਤੇ ਅਮਲੀ ਨੁਕਤਾ-ਨਿਗਾਹ ਤੋਂ ਕੋਈ ਠੋਸ ਕੰਮ ਨਹੀਂ ਕੀਤਾ। ਫਲਸਰੂਪ ਪੰਜਾਬੀ ਜ਼ਬਾਨ ਬਾਰੇ ਜੋ ਥੋੜ੍ਹਾ ਬਹੁਤ ਕੰਮ ਹੋਇਆ ਹੈ, ਉਹ ਅਜਿਹੇ ਵਿਅਕਤੀਆਂ ਨੇ ਕੀਤਾ ਹੈ, ਜਿਨ੍ਹਾਂ ਨੂੰ ਜਦੀਦ ਲਿਸਾਨੀਅਤ ਦੇ ਅਸੂਲਾਂ ਅਤੇ ਵਿਹਾਰ ਵਿਚ ਕੋਈ ਰਸਮੀ ਸਿਖਲਾਈ ਪ੍ਰਾਪਤ ਨਹੀਂ। ਇਸ ਕਾਰਨ ਸਾਡਾ ਇਸ ਖੇਤਰ ਵਿਚ ਬਹੁਤਾ ਕੰਮ ਗ਼ੈਰ-ਮਾਹਿਰਾਂ ਦੁਆਰਾ ਹੀ ਹੋਇਆ ਹੈ, ਜਿਨ੍ਹਾਂ ਨੇ ਅਜੋਕੇ ਭਾਸ਼ਾ-ਵਿਗਿਆਨ ਨੂੰ ਆਧਾਰ ਬਣਾ ਕੇ ਕੰਮ ਕਰਨ ਦੀ ਬਜਾਏ ਪੁਰਾਣੇ ਇਤਿਹਾਸਕ ਨਜ਼ਰੀਏ ਉਪਰ ਹੀ ਆਪਣੀ ਸੋਚ ਟਿਕਾਈ ਹੈ।

ਸ਼ਹਬਾਜ਼ ਮਲਿਕ ਦੀ ਹੱਥਲੀ ਪੁਸਤਕ ਵੀ ਗ਼ੈਰ-ਮਾਹਿਰਾਂ ਦੇ ਪਹਿਲਾਂ ਕੀਤੇ ਹੋਏ ਕੰਮ ਤੋਂ ਕੋਈ ਅੱਗੇ ਕਦਮ ਨਹੀਂ ਪੁੱਟਦੀ, ਚਾਹੇ ਇਸ ਵਿਚ ਜਦੀਦ ਲਿਸਾਨੀਅਤ ਦੇ ਮੋਟੇ-ਮੋਟੇ ਅਸੂਲਾਂ ਨੂੰ ਸਮਝਣ ਸਮਝਾਣ ਦੀ ਰੁਚੀ ਨਜ਼ਰ ਆਉਂਦੀ ਹੈ। ਇਸ ਪੁਸਤਕ ਦਾ ਮੁਹਾਂਦਰਾ ਮੁੱਖ ਰੂਪ ਵਿਚ ਫ਼ਿਲਾਲੋਜੀ ਅਤੇ ਜ਼ਬਾਨ ਦੀ ਸ਼ਜਰਾਬੰਦੀ ਦੇ ਆਧਾਰ ਉਪਰ ਕੀਤੇ ਕੰਮਾਂ ਨਾਲ ਹੀ ਰਲਦਾ ਹੈ। ਸਾਰੀ ਪੁਸਤਕ ਚਾਰ ਹਿੱਸਿਆਂ ਵਿਚ ਵੰਡੀ ਹੋਈ ਹੈ। ਪਹਿਲੇ ਹਿੱਸੇ ਵਿਚ ਮਲਿਕ ਹੋਰਾਂ ਲਿਸਾਨੀਅਤ ਦੇ ਨਜ਼ਰੀ ਅੰਗਾਂ (ਸਿਧਾਂਤਕ ਪੱਖ) ਦਾ ਵੇਰਵਾ ਦਿੱਤਾ ਹੈ। ਇਸ ਵਿਚ ਉਨ੍ਹਾਂ ਨੇ ਲਿਸਾਨੀਅਤ ਕੀ ਹੈ, ਲਿਸਾਨੀ ਮੁਤਾਅਲੇ ਦੇ ਅੱਡੋ-ਅੱਡ ਢੰਗ ਅਤੇ ਲਿਸਾਨੀ ਮੁਤਾਅਲੇ ਦਾ ਇਤਿਹਾਸ ਬਿਆਨ ਕੀਤਾ ਹੈ। ਦੂਜੇ ਭਾਗ ਵਿਚ ਉਨ੍ਹਾਂ ਨੇ ਪੰਜਾਬੀ ਸੋਤਿਆਤ (ਧੁਨੀ-ਵਿਗਿਆਨ) ਉਪਰ ਚਾਨਣ ਪਾਇਆ ਹੈ। ਇਸ ਦਾ ਅੱਗੋਂ ਵਿਸਥਾਰ ਵੇਖਿਆਂ ਪਤਾ ਲਗਦਾ ਹੈ ਕਿ

ਇਸ ਹਿੱਸੇ ਵਿਚ ਉਨ੍ਹਾਂ ਨੇ ਪੰਜਾਬ ਦੇ ਭਾਸ਼ਾ ਪਰਿਵਾਰ, ਪੰਜਾਬੀ ਦੀ ਸੌਤੀ ਬਣਤਰ, ਪੰਜਾਬੀ ਜ਼ਬਾਨ ਦੇ ਲਿਸਾਨੀ ਢਾਂਚੇ ਆਦਿ ਬਾਰੇ ਗੱਲ ਕੀਤੀ ਹੈ। ਤੀਜੇ ਭਾਗ ਵਿਚ ਉਨ੍ਹਾਂ ਨੇ ਪੰਜਾਬੀ ਜ਼ਬਾਨ ਦੇ ਇਲਾਕਾਈ ਰੂਪਾਂ (dialects) ਦਾ ਉਲੇਖ ਕੀਤਾ ਹੈ ਅਤੇ ਚੌਥੇ ਭਾਗ ਵਿਚ ਪੰਜਾਬੀ ਜ਼ਬਾਨ ਦੇ ਅਦਬੀ ਰੂਪ ਦਾ ਨਿਰੀਖਣ ਮਿਲਦਾ ਹੈ। ਸਫ਼ਾ 61 ਤੋਂ ਲੈ ਕੇ 78 ਤਕ ਮੁੱਢਲੇ ਦੌਰ ਤੋਂ ਆਰੰਭ ਕਰਕੇ ਅਜੋਕੇ ਦੌਰ ਦੇ ਲਿਸਾਨੀਅਤ ਦੇ ਸਿਆਣਿਆਂ ਦੀ ਸੰਖੇਪ ਜਿਹੀ ਜਾਣ-ਪਛਾਣ ਦਿੱਤੀ ਗਈ ਹੈ, ਪਰ ਉਨ੍ਹਾਂ ਵਿਚ ਅਜੋਕੇ ਯੁੱਗ ਦੇ ਚੋਟੀ ਦੇ ਵਿਦਵਾਨ, ਜਿਨ੍ਹਾਂ ਨੇ ਆਧੁਨਿਕ ਭਾਸ਼ਾ-ਵਿਗਿਆਨ ਨੂੰ ਨਵੀਂ ਦਿਸ਼ਾ ਦਿੱਤੀ ਹੈ, ਦਾ ਕੋਈ ਜ਼ਿਕਰ ਨਹੀਂ। ਉਦਾਹਰਣ ਵਜੋਂ ਜਦੀਦ ਲਿਸਾਨੀਅਤ ਦਾ ਮੋਢੀ ਸਸਯੂਰ (Sasurre) ਹੈ, ਪਰ ਨਜ਼ਰੀ ਪੱਖ ਵਾਲੇ ਹਿੱਸੇ ਵਿਚ ਉਸ ਦਾ ਕਿਤੇ ਨਾਂ ਤਕ ਵੀ ਨਹੀਂ ਮਿਲਦਾ। ਜਿਵੇਂ ਕਿ ਮਲਿਕ ਹੋਰਾਂ ਲੇ ਆਪ ਤਸਲੀਮ ਕੀਤਾ ਹੈ, ਨਜ਼ਰੀ ਮਸਲਿਆਂ ਉਪਰ ਵਿਚਾਰ ਕਰਨ ਲਈ ਉਨ੍ਹਾਂ ਨੇ ਅੰਗਰੇਜ਼ੀ ਤੇ ਉਰਦੂ ਵਿਚ ਕੀਤੇ ਕੰਮ ਤੋਂ ਲਾਭ ਉਠਾਇਆ ਹੈ। ਇਸ ਸਿਲਸਿਲੇ ਵਿਚ ਉਨ੍ਹਾਂ ਨੇ ਬਲੂਮਫੀਲਡ ਦੀ 'Language' ਅਤੇ ਖ਼ਲੀਲ ਸਿਦੀਕੀ ਦੀ 'ਜ਼ਬਾਨ ਕਾ ਮੁਤਾਅਲਿਆ' ਦੇ ਹਵਾਲੇ ਦਿੱਤੇ ਹਨ। ਪਰ ਜਦੀਦ ਲਿਸਾਨੀਆਤ ਬਲੂਮਫ਼ੀਲਡ ਤੋਂ ਕਿਤੇ ਅੱਗੇ ਨਿਕਲ ਚੁੱਕੀ ਹੈ। ਉਨ੍ਹਾਂ ਦੀ ਪੁਸਤਕ ਦੇ ਅਖ਼ੀਰ ਵਿਚ ਦਿੱਤੀ 'ਕਿਤਾਬ-ਵਾਕਫ਼ੀ' ਉਪਰ ਵੀ ਇਕ ਨਜ਼ਰ ਮਾਰਿਆਂ ਪਤਾ ਲੱਗ ਜਾਂਦਾ ਹੈ ਕਿ ਉਨ੍ਹਾਂ ਨੇ ਪੱਛਮ ਵਿਚ ਜਦੀਦ ਲਿਸਾਨੀਅਤ ਦੇ ਖੇਤਰ ਵਿਚ ਹੋ ਰਹੇ ਅਜੋਕੇ ਕੰਮ ਨੂੰ ਆਪਣੀ ਪੁਸਤਕ ਲਈ ਨਹੀਂ ਵਰਤਿਆ। ਜਿੰਹੜੇ ਇਕ ਅੱਧੇ ਜਦੀਦ ਭਾਸ਼ਾ-ਵਿਗਿਆਨੀ ਦਾ ਜ਼ਿਕਰ ਮਿਲਦਾ ਹੈ, ਉਸ ਦੇ ਨਾਵਾਂ ਦੇ ਹਿਜੇ ਤਕ ਠੀਕ ਨਹੀਂ ਦਿੱਤੇ। ਸਫ਼ਾ 217 ਉਪਰ Halliday ਨੂੰ Holliday ਲਿਖਿਆ ਹੈ ਅਤੇ McIntosh ਦਾ Melntosh ਬਣਿਆ ਹੋਇਆ ਹੈ। ਜਦੀਦ ਲਿਸਾਨੀਅਤ ਵਿਚ ਮਹੱਤਵਪੂਰਣ ਕੰਮ ਕਰਨ ਵਾਲੇ ਆਲਿਮਾਂ ਵਿਚ ਜਿਵੇਂ ਕਿ ਬਰਗ਼ਾਦਤ (Burghadt), ਬਰਲਿੰਗ (Burling), ਫ਼ਿਸ਼ਮੈਨ (Fishman), ਗਲੀਸਨ (Glesson), ਗੁੰਪਰਜ਼ (Gumperz), ਹਾਈਮਜ਼ (Hymes), ਮਿਲਰ (Miller), ਪਰਾਈਡ (Pride), ਸਿਵਰਸਟੈਨ (Siversten), ਵ੍ਹੋਰਫ਼ (Whorf) ਆਦਿ ਵਿੱਚੋਂ ਕਿੱਸੇ ਦੇ ਕੰਮ ਬਾਰੇ ਕੋਈ ਜ਼ਿਕਰ ਨਹੀਂ ਹੈ। ਜਦੀਦ ਲਿਸਾਨੀਅਤ ਦੇ ਪ੍ਰਸਿੱਧ ਸਕੂਲਾਂ ਅਤੇ ਉਨ੍ਹਾਂ ਦੀ ਆਪੋ ਆਪਣੇ ਖੇਤਰਾਂ ਵਿਚ ਦੇਣ ਦਾ ਵੀ ਕੋਈ ਸਿਲਸਿਲੇਵਾਰ ਵਰਣਨ ਨਹੀਂ ਕੀਤਾ ਗਿਆ।

ਪੁਸਤਕ ਦੇ ਦੂਜੇ ਹਿੱਸੇ ਵਿਚ ਮਲਿਕ ਹੋਰਾਂ ਨੇ ਪੰਜਾਬੀ ਦੇ 'ਜ਼ਬਾਨ-ਕੁਨਬੇ' ਬਾਰੇ ਨੁਕਤਾ ਉਠਾਇਆ ਹੈ। ਉਨ੍ਹਾਂ ਨੇ ਪੰਜਾਬੀ ਨੂੰ ਜਿਨ੍ਹਾਂ ਦੋ ਕੁਨਬਿਆਂ ਨਾਲ ਹੁਣ ਤਕ ਸੰਬੰਧਿਤ ਕੀਤਾ ਜਾਂਦਾ ਹੈ, ਦਾ ਜ਼ਿਕਰ ਕਰਦਿਆਂ ਇਹ ਕਥਨ ਕੀਤਾ ਹੈ ਕਿ ਪੰਜਾਬੀ ਜ਼ਬਾਨ ਦਾ ਰਿਸ਼ਤਾ ਆਰਿਆਈ ਕੁਨਬੇ ਨਾਲ ਨਹੀਂ, ਸਗੋਂ ਇਹ ਗ਼ੈਰ-ਆਰਿਆਈ ਜਾਂ ਦ੍ਰਾਵੜੀ ਕੁਨਬੇ ਨਾਲ ਹੈ। ਆਰਿਆਈ ਕੁਨਬੇ ਨਾਲ ਪੰਜਾਬੀ ਦਾ ਸੰਬੰਧ ਜੋੜਨ ਵਾਲੇ ਵਿਦਵਾਨਾਂ ਨੂੰ ਲੇਖਕ ਭਾਰਤੀ ਨਜ਼ਰੀਏ ਦੇ ਪ੍ਰਤਿਨਿਧ ਦੱਸਦਾ ਹੈ ਅਤੇ ਗ਼ੈਰ-ਆਰਿਆਈ ਕੁਨਬੇ ਨਾਲ ਰਿਸ਼ਤਾ ਜੋੜਨ ਵਾਲੇ ਆਲਿਮਾਂ ਨੂੰ

ਪਾਕਿਸਤਾਨੀ ਨਜ਼ਰੀਏ ਦੀ ਨੁਮਾਇੰਦਗੀ ਕਰਨ ਵਾਲੇ ਦੱਸਦਾ ਹੈ। ਜਿਥੋਂ ਤਕ ਪੰਜਾਬੀ ਦੇ ਮੁੰਡਾ-ਗਰੋਹ ਦੀਆਂ ਸਿੰਧ-ਘਾਟੀ ਦੀਆਂ ਜ਼ਬਾਨਾਂ ਨਾਲ ਸੰਬੰਧ ਜੋੜਨ ਦਾ ਸੁਆਲ ਹੈ, ਇਹ ਪਾਕਿਸਤਾਨੀ ਪੰਜਾਬ ਨੂੰ ਪੁਰਾਣੇ ਵਿਰਸੇ ਨਾਲੋਂ ਤੋੜ ਕੇ ਨਵਾਂ ਤਸ਼ੱਖ਼ੁਸ਼ (identity) ਦੇਣ ਦਾ ਇਕ ਤਰਲਾ ਹੈ। ਪਰੰਤੂ ਵੇਖਣਾ ਇਹ ਹੈ ਕਿ ਇਸ ਦਾ ਆਧਾਰ ਕਿੰਨਾ ਕੁ ਸਾਇੰਟਿਫ਼ਿਕ ਹੈ। ਇਸ ਮਸਲੇ ਦਾ ਹੱਲ ਪੰਜਾਬੀ ਭਾਸ਼ਾ ਦੇ ਸੋਤਿਆਂ ਦੀ ਭਾਲ ਤੋਂ ਹੋ ਸਕਦਾ ਹੈ। ਪਰੰਤੂ ਸਾਡੇ ਪਾਕਿਸਤਾਨੀ ਵਿਦਵਾਨ ਜ਼ਬਾਨ ਦੇ ਇਸ ਪੱਖ ਨੂੰ ਸਤਹੀ ਜੇਹੀ ਨਜ਼ਰ ਨਾਲ ਵੇਖ ਕੇ ਝਟ ਹੀ ਇਹ ਫ਼ਤਵਾ ਦੇ ਦੇਂਦੇ ਹਨ ਕਿ ਪੰਜਾਬੀ ਇਕ ਗ਼ੈਰ-ਆਰਿਆਈ ਭਾਸ਼ਾ ਹੈ। ਭਾਰਤ ਵਿਚ ਵੀ ਕੁਝ ਲੋਕ ਇਸ ਸੋਚਣੀ ਦੇ ਹਨ, ਜੋ ਪੰਜਾਬੀ ਨੂੰ ਆਰਿਆਈ ਪਰਿਵਾਰ ਵਿੱਚੋਂ ਕੱਢ ਕੇ ਖ਼ੁਸ਼ ਹੁੰਦੇ ਹਨ। ਪਰੰਤੂ ਇਹ ਇਕ ਜਜ਼ਬਾਤੀ ਸੋਚਣੀ ਹੈ ਤੇ ਇਸ ਦੇ ਪਿੱਛੇ ਸਾਡੀਆਂ ਰਾਜਨੀਤਕ ਭਾਵਨਾਵਾਂ ਕੰਮ ਕਰਦੀਆਂ ਦਿਸ ਆਉਂਦੀਆਂ ਹਨ। ਇਸ ਲਈ ਇਸ ਪ੍ਰਸ਼ਨ ਨੂੰ ਭਾਰਤੀ ਅਤੇ ਪਾਕਿਸਤਾਨੀ ਨਜ਼ਰੀਆ, ਜਾਂ ਫੇਰ ਪੁਰਾਣੇ ਅਤੇ ਨਵੇਂ ਨਜ਼ਰੀਆਂ ਵਿਚ ਵੰਡ ਕੇ ਵੇਖਣਾ ਇਸ ਨੂੰ ਤੰਗ ਨਜ਼ਰ ਵਾਲੀ ਸਿਆਸੀ ਉਲਝਣ ਵਿਚ ਫਸਾਉਣ ਵੱਲ ਕਦਮ ਹੋਵੇਗਾ। ਭਾਰਤੀ ਅਤੇ ਪਾਕਿਸਤਾਨੀ ਨਜ਼ਰੀਏ ਦੇ ਆਪਸੀ ਤਣਾਉ ਨੂੰ ਤਿਆਗ ਕੇ ਇਸ ਮਸਲੇ ਉੱਤੇ ਨਿਰੋਲ ਇਲਮੀ ਪੱਧਰ ਉਪਰ ਵਿਚਾਰਨ ਨਾਲ ਹੀ ਕੁਝ ਚੰਗੇ ਸਿੱਟੇ ਨਿਕਲਣ ਦੀ ਆਸ ਕੀਤੀ ਜਾ ਸਕਦੀ ਹੈ।

ਸ਼ਹਬਾਜ਼ ਮਲਿਕ ਦਾ ਫ਼ਾਰਸੀ ਅੱਖਰਾਂ ਵਿਚ ਪੰਜਾਬੀ ਲਿਸਾਨੀਅਤ ਵਿਸ਼ੈ ਸੰਬੰਧੀ ਕੀਤਾ ਇਹ ਕੰਮ ਇਕ ਮੁੱਢਲਾ ਜਤਨ ਹੈ ਅਤੇ ਇਸ ਵਿਚ ਉਠਾਏ ਗਏ ਮਸਲਿਆਂ ਉਪਰ ਜ਼ਬਾਨ ਦੇ ਮਾਹਿਰਾਂ ਵੱਲੋਂ ਡੂੰਘੀ ਘੋਖ ਅਤੇ ਪੜਤਾਲ ਦੀ ਲੋੜ ਹੈ। ਦੋਹਾਂ ਪੰਜਾਬਾਂ ਵਿਚ ਭਾਸ਼ਾ-ਵਿਗਿਆਨ ਦੀ ਰਿਵਾਇਤ ਨੂੰ ਧਿਆਨ ਵਿਚ ਰਖਦਿਆਂ, ਕਈ ਖ਼ਾਮੀਆਂ ਹੁੰਦਿਆਂ ਹੋਇਆਂ ਵੀ, ਇਹ ਇਕ ਲਾਹੇਵੰਦ ਪੁਸਤਕ ਕਹੀ ਜਾ ਸਕਦੀ ਹੈ।

•



ਸਮਾਜਿਕ ਜੀਵ ਹੋਣ ਦੇ ਨਾਤੇ ਮਨੁੱਖ ਭਾਸ਼ਾ ਵਿਚ ਜਿਊਂਦਾ ਹੈ। ਭਾਸ਼ਾ ਦੀ ਸਤਰ ਜਿੰਨੀ ਸੰਚਾਰ ਮੁਖ ਹੈ ਓਨੀ ਹੀ ਇਹਦੀ ਸੰਰਚਨਾ ਗੁੰਝਲਦਾਰ ਹੈ। ਭਾਸ਼ਾ ਦੇ ਮਰਮ ਨੂੰ ਜਾਣਨ ਲਈ ਅੱਜ ਕਈ ਭਾਸ਼ਾ ਪ੍ਰਣਾਲੀਆਂ ਵਿਕਸਤ ਹੋ ਚੁੱਕੀਆਂ ਹਨ। ਇਨ੍ਹਾਂ ਵਿਚੋਂ ਸ਼ੈਲੀ ਵਿਗਿਆਨ ਬੜੀ ਪ੍ਰਮੁੱਖ ਹੈ। ਸ਼ੈਲੀ ਵਿਗਿਆਨ ਰਚਨਾਵਾਂ ਦੀ ਅਰਥ ਸੱਤਾ ਅਤੇ ਸੁਹਜ ਨੂੰ ਪਛਾਣਨ ਲਈ ਬਡੀ ਕਾਰਗਰ ਵਿਧੀ ਹੈ। ਇਸ ਦੇ ਨਾਲ ਹੀ ਭਾਸ਼ਾ ਦੇ ਵਿਭਿੰਨ ਪਹਿਲੂਆਂ ਦੀ ਜਾਣਕਾਰੀ ਵੀ ਗਿਆਨ ਦੀ ਯਾਤਰਾ ਵਿਚ ਬੜੀ ਲਾਹੇਵੰਦੀ ਹੈ। ਡਾ. ਆਤਮਜੀਤ ਸਿੰਘ ਪੰਜਾਬੀ ਚਿੰਤਨ ਵਿਚ ਸ਼ੈਲੀ ਵਿਗਿਆਲ ਦੇ ਮੋਢੀਆਂ ਵਿਚ ਹਨ। ਉਨ੍ਹਾਂ ਨੇ ਇਸਦੇ ਸਿਧਾਂਤਕ ਤੇ ਵਿਹਾਰਕ ਪਹਿਲੂਆਂ ਅਤੇ ਵਿਭਿੰਨ ਸੰਕਲਪਾਂ ਨੂੰ ਬੜੀ ਗਿਆਨ ਮੂਲਕ ਸ਼ੈਲੀ ਵਿਚ ਅਗਰਭੂਮਤ ਕੀਤਾ ਹੈ। ਇਸ ਭਾਗ ਵਿਚ ਭਾਸ਼ਾ ਵਿਗਿਆਨ ਅਤੇ ਸ਼ੈਲੀ ਵਿਗਿਆਨ ਦੇ ਚਿੰਤਨ ਨੂੰ ਪੇਸ਼ ਕੀਤਾ ਗਿਆ ਹੈ ਜਦ ਕਿ ਇਸਦੇ ਪਹਿਲੇ ਭਾਗ ਵਿਚ ਸਾਹਿਤ ਚਿੰਤਨ ਦੀ ਗੱਲ ਕੀਤੀ ਗਈ ਹੈ।

ਡਾ. ਆਤਮਜੀਤ ਸਿੰਘ ਦਾ ਜਨਮ 7 ਅਗਸਤ 1934 ਨੂੰ ਮੁਕਤਸਰ ਵਿਖੇ ਪ੍ਰੋ. ਕੇਸਰ ਸਿੰਘ ਓਬਰਾਏ ਤੇ ਮਾਤਾ ਬਲਬੀਰ ਕੌਰ ਦੀ ਕੁੱਖੋਂ ਹੋਇਆ। ਮੁੱਢਲੀ ਸਿੱਖਿਆ ਉਨ੍ਹਾਂ ਨੇ ਲਾਹੌਰ ਵਿਚੋਂ ਪ੍ਰਾਪਤ ਕੀਤੀ ਤੇ ਉੱਚ ਸਿੱਖਿਆ ਅੰਬਾਲੇ, ਲੁਧਿਆਣੇ ਤੇ ਪਟਿਆਲੇ ਦੇ ਕਾਲਜਾਂ ਤੋਂ ਗ੍ਰਹਿਣ ਕੀਤੀ। ਫਿਰ ਦਿੱਲੀ ਯੂਨੀਵਰਸਿਟੀ ਵਿਚ ਅਧਿਆਪਕ ਲੱਗ ਗਏ। 1978 ਵਿਚ ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ ਵਿਚ ਆ ਗਏ ਤੇ ਇੱਥੋਂ ਹੀ ਬਤੌਰ ਪ੍ਰੋਫੈਸਰ ਤੇ ਮੁਖੀ 1993 ਤੱਕ ਰਹੇ। ਆਪ ਟੋਕੀਓ, ਓਸਾਕਾ, ਬਰਕਲੇ ਆਦਿ ਦੇਸ਼ਾਂ ਵਿਚ ਪੰਜਾਬੀ ਪੜ੍ਹਾਉਂਦੇ ਰਹੇ। ਕੁਝ ਸਮਾਂ ਪੰਜਾਬ ਸਟੇਟ ਯੂਨੀਵਰਸਿਟੀ ਟੈਕਸਟ ਬੁੱਕ ਬੋਰਡ ਦੇ ਡਾਇਰੈਕਟਰ ਵੀ ਰਹੇ। 12 ਨਵੰਬਰ 2010 ਨੂੰ ਇਸ ਦੁਨੀਆਂ ਤੋਂ ਅਲਵਿਦਾ ਹੋ ਗਏ।

ISBN 81-7143-599-8

ਰਵੀ ਸਾਹਿਤ ਪ੍ਰਕਾਸ਼ਨ
ਅੰਮ੍ਰਿਤਸਰ
e-mail : ravisahitparkashan@yahoo.co.in

₹ 250/-